

# ਸਿੱਖ ਇਤਿਹਾਸ

## (1469-1765)

ਲੇਖਕ

ਪ੍ਰਿੰਸੀਪਲ ਤੇਜਾ ਸਿੰਘ

ਡਾ. ਗੰਡਾ ਸਿੰਘ

ਅਨੁਵਾਦਕ

ਡਾ. ਭਗਤ ਸਿੰਘ

ਪਬਲੀਕੇਸ਼ਨ ਬਿਊਰੋ

ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਸਿੱਖ ਇਤਿਹਾਸ
(1469-1765)

# ਸਿੱਖ ਇਤਿਹਾਸ

(1469-1765)

ਲੇਖਕ
ਪ੍ਰਿੰਸੀਪਲ ਤੇਜਾ ਸਿੰਘ
ਅਤੇ
ਡਾ. ਗੰਡਾ ਸਿੰਘ

ਅਨੁਵਾਦਕ
ਡਾ. ਭਗਤ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

©
ਪੰਜਾਬੀ ਭਾਸ਼ਾ ਵਿਕਾਸ ਵਿਭਾਗ
ਪੰਜਾਬੀ ਯੂਨੀਵਰਸਿਟੀ ਪਟਿਆਲਾ

SIKH ITIHAS (1469-1765) (*Punjabi*)
a translation of English version originally written by
*Principal Teja Singh* and *Dr. Ganda Singh*

ISBN 81-7380-483-4

2006
ਕਾਪੀਆਂ : 1100
ਮੁੱਲ . 110-00

ਡਾ. ਪਰਮ ਬਖ਼ਸ਼ੀਸ਼ ਸਿੰਘ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪਰਕਾਸ਼ਿਤ ਕੀਤੀ
ਅਤੇ ਮੈ/ਸ ਅਨੰਦ ਸੰਨਜ਼ (ਇੰਡੀਆ), ਦਿੱਲੀ ਵਿਖੇ ਛਪੀ।

# ਦੋ ਸ਼ਬਦ

*(ਪਹਿਲਾ ਸੰਸਕਰਣ)*

ਡਾ. ਗੰਡਾ ਸਿੰਘ ਜੀ ਸਾਡੇ ਲਈ ਕੇਵਲ ਇਕ ਵਿਅਕਤੀ ਹੀ ਨਹੀਂ ਸਗੋਂ ਇਕ ਸੰਸਥਾ ਹਨ। ਉਨ੍ਹਾਂ ਤੋਂ ਪੰਜਾਬ ਦੇ ਇਤਿਹਾਸਕਾਰ ਹਮੇਸ਼ਾਂ ਹੀ ਉਤਸ਼ਾਹਿਤ ਹੁੰਦੇ ਰਹੇ ਹਨ। ਉਨ੍ਹਾਂ ਨੇ ਕਈ ਨਿਰਸਵਾਰਥ ਲੀਹਾਂ ਪਾਈਆਂ ਹਨ। ਇਥੋਂ ਤੱਕ ਕਿ ਉਨ੍ਹਾਂ ਨੇ ਆਪਣੀ ਨਿੱਜੀ ਲਾਇਬ੍ਰੇਰੀ ਵੀ ਪੰਜਾਬੀ ਯੂਨੀਵਰਸਿਟੀ ਨੂੰ ਸੌਂਪੀ ਹੋਈ ਹੈ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਉਨ੍ਹਾਂ ਦੀਆਂ ਇਤਿਹਾਸਕ ਲਿਖਤਾਂ ਨੂੰ ਪੰਜਾਬੀ ਜ਼ਬਾਨ ਵਿਚ ਉਲਥਾਕੇ ਪੇਸ਼ ਕਰੀਏ।

ਇਹ ਹੱਥਲੀ ਪੁਸਤਕ ਡਾ. ਗੰਡਾ ਸਿੰਘ ਅਤੇ ਪ੍ਰਿੰਸੀਪਲ ਤੇਜਾ ਸਿੰਘ ਵੱਲੋਂ ਅੰਗ੍ਰੇਜ਼ੀ ਵਿਚ ਲਿਖੀ ਹੋਈ ਸਿੱਖ ਇਤਿਹਾਸ ਦੀ ਇਕ ਮੂਲ ਪੁਸਤਕ ਦਾ ਪੰਜਾਬੀ ਅਨੁਵਾਦ ਹੈ। ਇਸ ਪੁਸਤਕ ਵਿਚ ਡਾ. ਗੰਡਾ ਸਿੰਘ ਜੀ ਨੇ ਸਿੱਖਾਂ ਦੇ ਇਤਿਹਾਸ ਵਿਚ ਪਾਏ ਜਾਂਦੇ ਕਾਫ਼ੀ ਭੁਲੇਖਿਆਂ ਨੂੰ ਦੂਰ ਕੀਤਾ ਹੈ ਅਤੇ ਇੰਜ ਕਰਨ ਵਾਸਤੇ ਉਨ੍ਹਾਂ ਨੇ ਫ਼ਾਰਸੀ ਆਦਿ ਦੇ ਮੂਲ ਸੋਮਿਆਂ ਦੀ ਸਹੀ ਰੂਪ ਵਿਚ ਵਿਆਖਿਆ ਕੀਤੀ ਹੈ। ਇਸ ਦੇ ਅਨੁਵਾਦਕ ਡਾ. ਭਗਤ ਸਿੰਘ ਹਨ ਜਿਨ੍ਹਾਂ ਨੇ ਡਾ. ਗੰਡਾ ਸਿੰਘ ਜੀ ਦੀ ਰਹਿਨੁਮਾਈ ਵਿਚ ਹੀ ਅਨੁਵਾਦ ਦਾ ਕੰਮ ਸਿਰੇ ਚੜ੍ਹਾਇਆ ਹੈ। ਇਸ ਵਾਸਤੇ ਅਸੀਂ ਡਾ. ਸਾਹਿਬ ਦੇ ਰਿਣੀ ਹਾਂ। ਪੂਰੀ ਉਮੀਦ ਹੈ ਕਿ ਇਹ ਪੁਸਤਕ ਪੰਜਾਬੀ ਵਿਚ ਲਿਖੀਆਂ ਇਤਿਹਾਸਕ ਪੁਸਤਕਾਂ ਵਿਚੋਂ ਇਕ ਸਰੋਤ ਪੁਸਤਕ ਗਿਣੀ ਜਾਵੇਗੀ।

ਪੰਜਾਬੀ ਯੂਨੀਵਰਸਿਟੀ,
ਪਟਿਆਲਾ

**ਐਸ. ਐਸ. ਜੌਹਲ**
ਵਾਈਸ-ਚਾਂਸਲਰ

# ਭੂਮਿਕਾ

ਇਕ ਤਰ੍ਹਾਂ ਅਸੰਪ੍ਰਦਾਇਕ ਨੁਕਤੇ ਤੋਂ ਸਿੱਖਾਂ ਦਾ ਇਤਿਹਾਸ ਲਿਖਣ ਦਾ ਇਹ ਪਹਿਲਾ ਯਤਨ ਹੈ। ਇਸ ਵਿਚ ਇਹ ਦੱਸਿਆ ਗਿਆ ਹੈ ਕਿ ਸਿੱਖਾਂ ਦੇ ਗੁਰੂਆਂ ਨੇ, ਜੋ ਉਨ੍ਹਾਂ ਦੇ ਸੰਸਾਰਕ ਅਤੇ ਅਧਿਆਤਮਿਕ ਪਥ-ਪ੍ਰਦਰਸ਼ਕ ਸਨ, ਉਨ੍ਹਾਂ ਦੇ ਚਰਿੱਤਰ ਦੀਆਂ ਨੀਹਾਂ ਕਿਵੇਂ ਰੱਖੀਆਂ, ਉਨ੍ਹਾਂ ਦੇ ਧਾਰਮਿਕ ਮੁੱਢ ਅਤੇ ਕੌਮੀ ਲੋੜਾਂ ਵਿਚੋਂ ਉਨ੍ਹਾਂ ਦੀਆਂ ਰਾਜਸੀ ਸੰਸਥਾਵਾਂ ਨੇ ਕਿਵੇਂ ਵਿਕਾਸ ਕੀਤਾ; ਉਨ੍ਹਾਂ ਤੇ ਆਏ ਕਸ਼ਟਾਂ ਨੇ ਉਨ੍ਹਾਂ ਦੇ ਚਰਿੱਤਰ ਨੂੰ ਕਿਵੇਂ ਸੰਵਾਰਿਆ ਅਤੇ ਉਨ੍ਹਾਂ ਦੇ ਕੌਮੀ ਮਨੋਰਥ ਨੂੰ ਕਿਵੇਂ ਢਾਲਿਆ ਜਿਸ ਦੁਆਰਾ ਉਨ੍ਹਾਂ ਨੇ ਵਿਦੇਸ਼ੀਆਂ ਦੇ ਪੰਜੇ ਤੋਂ ਮੁਲਕ ਨੂੰ ਮੁਕਤ ਕਰਾਉਣਾ ਸੀ। ਇਥੇ ਇਹ ਦੱਸਣ ਦਾ ਵੀ ਯਤਨ ਕੀਤਾ ਗਿਆ ਹੈ ਕਿ ਸਿੱਖਾਂ ਦੇ ਹਿਤਾਂ ਨੂੰ, ਜੋ ਮੁਲਕ ਦੇ ਹੀ ਹਿਤ ਸਨ, ਇਕ ਸਖ਼ਤ ਅਤੇ ਧੀਰਜਮਈ ਸੰਘਰਸ਼ ਤੋਂ ਪਿਛੋਂ ਸਫਲਤਾ ਮਿਲੀ। ਇਹ ਸੰਘਰਸ਼ ਇਕ ਸਦੀ ਤਕ ਚਲਦਾ ਗਿਆ ਅਤੇ ਆਖ਼ਰਕਾਰ ਸਿੱਖਾਂ ਨੂੰ ਪੰਜਾਬ ਦੀ ਬਾਦਸ਼ਾਹੀ ਪ੍ਰਾਪਤ ਹੋ ਗਈ। ਇਹ ਸਾਰੀ ਲਹਿਰ ਹੌਲੀ ਹੌਲੀ ਚਲਦੀ ਰਹੀ ਅਤੇ ਕਿਸੇ ਮੌਕੇ ਵੀ ਉਹ ਆਪਣੇ ਮੁੱਢਲੇ ਨਿਸ਼ਾਨੇ ਤੋਂ ਫੌਰੀ ਤੌਰ ਤੇ ਜਾਂ ਬੇਮੌਕਾ ਪਾਸੇ ਨਹੀਂ ਹਟੇ। ਇਸ ਤਰ੍ਹਾਂ ਉੱਨਤ ਹੋਇਆ ਚਰਿੱਤਰ ਵੀ ਇਕ ਪਾਸੀਆ ਨਹੀਂ ਸੀ। ਜਿਵੇਂ ਕਿਹਾ ਜਾਂਦਾ ਰਿਹਾ ਹੈ ਕਿ ਸ਼ਾਂਤਮਈ ਅਤੇ ਸੰਤ ਸੁਭਾ ਲੋਕ 'ਜੁਨਿਆਵੀ' ਜਿਹੇ ਬਣ ਗਏ ਸਨ ਜਾਂ ਕੁਝ ਪ੍ਰਚਾਰਕ ਕਿਸਮ ਦੇ ਲੋਕ ਪੱਛਮੀ ਲਿਖਾਰੀਆਂ ਤੋਂ ਇਸ਼ਾਰਾ ਲੈ ਕੇ ਸਿੱਖਾਂ ਨੂੰ 'ਸੈਨਿਕ' ਬਣ ਗਏ ਸਮਝਦੇ ਹਨ। ਪਰ ਇਹ ਉੱਨਤੀ ਇਕਸਾਰ ਅਤੇ ਬਹੁਪੱਖੀ ਸੀ ਜਿਸ ਦੇ ਸਖ਼ਤ ਆਬੋ-ਹਵਾਵਾਂ ਦੀ ਚੰਗੀ ਅਦਲਾ-ਬਦਲੀ, ਉਪਜਾਊ ਧਰਤੀ ਅਤੇ ਚੋਖਾ ਪਾਣੀ, ਬਹੁਤ ਸਾਰੀਆਂ ਨਸਲਾਂ ਦੀ ਯੋਗ ਮਿਲਾਵਟ ਅਤੇ ਉਨ੍ਹਾਂ ਦੇ ਅਮੀਰ ਸਭਿਆਚਾਰ ਕਈ ਕਾਰਣ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਿੱਖ ਬਹੁਤ ਚੰਗੇ ਲੜਾਕੇ ਸਿੱਧ ਹੋਏ ਹਨ ਪਰ ਉਹ ਕਿਸਾਨ, ਤਰਖਾਣ, ਕਾਰੀਗਰ, ਇੰਜੀਨੀਅਰ, ਡਾਕਟਰ, ਵਪਾਰੀ, ਕਵੀ ਅਤੇ ਚਿੱਤਰਕਾਰ ਵਜੋਂ ਵੀ ਉਤਨੇ ਹੀ ਚਮਕੇ ਹਨ। ਰਹੱਸਾਤਮਕ ਜੋਸ਼ ਜਾਂ ਧਾਰਮਿਕ ਹਨੇਰ-ਬਿਰਤੀ ਨਾਲੋਂ ਆਮ ਸੂਝ ਅਤੇ ਡੂੰਘੀ ਸੋਚ-ਵਿਚਾਰ ਉਨ੍ਹਾਂ ਦਾ ਵਿਸ਼ੇਸ਼ ਲੱਛਣ ਰਿਹਾ ਹੈ।

ਜੋ ਸਾਮੱਗਰੀ ਅਸੀਂ ਵਰਤੀ ਹੈ ਉਹ ਵਿਸ਼ੇਸ਼ ਕਰਕੇ ਮੁੱਢਲੇ ਸਰੋਤਾਂ ਵਿਚੋਂ ਲਈ ਹੈ ਅਤੇ ਪਿਛਲੇਰੇ ਸਰੋਤ ਮੁੱਢਲਿਆਂ ਦੀ ਪੁਸ਼ਟੀ ਵਿਚ ਵਰਤੇ ਗਏ ਹਨ। ਉਦਾਹਰਣ ਵਜੋਂ, ਗੁਰੂ ਗ੍ਰੰਥ ਸਾਹਿਬ ਨੂੰ ਇਸ ਵਿਚ ਇਕ ਸਰੋਤ ਪੁਸਤਕ ਵਜੋਂ ਪਹਿਲਾਂ ਨਾਲੋਂ ਵਧੇਰੇ ਵਰਤਿਆ ਗਿਆ ਹੈ ਅਤੇ ਇਸ ਬਾਣੀ ਦੇ ਆਸ਼ੇ ਨੂੰ ਵਧੇਰੇ ਸਪੱਸ਼ਟ ਰੂਪ ਵਿਚ ਪ੍ਰਗਟਾਇਆ ਗਿਆ ਹੈ। ਇਸ ਸਪੱਸ਼ਟਤਾ ਦੀ ਆਸ ਉਨ੍ਹਾਂ ਲਿਖਾਰੀਆਂ ਤੋਂ ਨਹੀਂ ਰੱਖੀ ਜਾ ਸਕਦੀ ਜਿਨ੍ਹਾਂ ਨੂੰ ਮੂਲ ਰੂਪ ਵਿਚ ਸਿੱਖ ਬਾਣੀ ਦਾ ਗਿਆਨ ਨਹੀਂ ਹੈ।

ਸਿੱਖ-ਮੁਸਲਿਮ ਸੰਘਰਸ਼ ਦੇ ਸਮੇਂ ਬਾਰੇ ਮੁੱਖ ਸਰੋਤ ਸਾਮੱਗਰੀ ਫ਼ਾਰਸੀ ਦੀਆਂ ਪੁਸਤਕਾਂ ਵਿਚੋਂ ਪ੍ਰਾਪਤ ਹੁੰਦੀ ਹੈ ਜਿਨ੍ਹਾਂ ਵਿਚ ਬਹੁਤ ਸਾਰੀਆਂ ਜਾਹਰੀ ਤੌਰ ਤੇ ਮੁਸਲਮਾਨ ਪੱਖਪਾਤੀਆਂ ਦੇ ਕਹਿਣ ਤੇ ਲਿਖੀਆਂ ਗਈਆਂ ਸਨ ਜਿਸ ਦਾ ਮਨੋਰਥ ਪੰਜਾਬ ਦੇ ਸੁਤੰਤਰਤਾ ਸੰਗਰਾਮੀਆਂ ਨੂੰ ਨਿਰੇ ਲੁਟੇਰੇ ਅਤੇ ਲੜਾਈ ਝਗੜਾ ਭੜਕਾਉਣ ਵਾਲੇ ਦੱਸਣਾ ਸੀ। ਉਨ੍ਹਾਂ ਦਾ ਜਨੂਨ ਉਨ੍ਹਾਂ ਦੇ ਹਤਕ-ਭਰੇ ਅਤੇ

ਨਿੰਦਿਆ ਵਾਲੇ ਸ਼ਬਦਾਂ ਦੀ ਆਮ ਵਰਤੋਂ ਕਰਨ ਤੋਂ ਸਾਫ਼ ਜਾਹਰ ਹੁੰਦਾ ਹੈ ਜੋ ਮੰਦੇ ਭਾਗਾਂ ਨੂੰ ਕੁਝ ਹਿੰਦੂ ਲਿਖਾਰੀਆਂ ਜਿਵੇਂ ਕਿ 'ਹਕੀਕਤਿ ਬਿਲਾਸ' ਦੇ ਕਰਤਾ ਬੁੱਧ ਸਿੰਘ ਆਦਿ ਦੀ ਲਿਖਤ ਵਿਚੋਂ ਵੀ ਦਬੀ ਆਵਾਜ ਵਿਚ ਪ੍ਰਗਟ ਹੁੰਦਾ ਹੈ। ਭਾਵੇਂ ਇਹ ਸਰੋਤ ਪੁਸਤਕਾ ਕਿਸੇ ਹੋਰ ਅਸਲੀ ਅਤੇ ਨਿਰਪੱਖ ਰਿਕਾਰਡ ਦੀ ਅਣਹੋਂਦ ਵਿਚ ਬਹੁਮੁੱਲੀਆਂ ਹਨ ਪਰ ਫਿਰ ਵੀ ਇਹ ਪੁਸਤਕਾ ਬੜੀ ਸੂਝ-ਬੂਝ ਵਾਲੀ ਪਰਖ ਨਾਲ ਵਰਤੀਆਂ ਜਾਣੀਆਂ ਚਾਹੀਦੀਆਂ ਹਨ।

ਇਨ੍ਹਾਂ ਕਿਤਾਬਾਂ ਦੇ ਅੰਗ੍ਰੇਜ਼ੀ ਵਿਚ ਅਨੁਵਾਦ ਕਰਨ ਵਾਲਿਆਂ ਨੇ ਕਈ ਥਾਈਂ ਸੱਚਾਈ ਨੂੰ ਚੋਖਾ ਮਰੋੜ ਤਰੋੜ ਕੇ ਪੇਸ਼ ਕੀਤਾ ਹੈ। ਭਰਪੂਰ ਅਸ਼ੁੱਧਤਾ ਨਾਲ, ਜੋ ਕਈ ਵਾਰ ਲਗਭਗ ਉਦੇਸ਼ਪੂਰਣ ਜਾਪਦੀ ਹੈ, ਉਨ੍ਹਾਂ ਨੇ ਮੂਲ ਪਾਠ ਨੂੰ ਮਰੋੜਿਆ ਤਰੋੜਿਆ ਹੈ ਜਾਂ ਅਨੁਵਾਦ ਵਿਚ ਵਾਧੂ ਪੈਰ੍ਹੇ ਪਾ ਲਏ ਹਨ ਜਿਸ ਦੀ ਅਸਲ ਵਿਚੋਂ ਪੁਸ਼ਟੀ ਨਹੀਂ ਹੁੰਦੀ। ਅਸੀਂ ਇਸ ਪੁਸਤਕ ਵਿਚ ਇਨ੍ਹਾਂ ਵਿਚੋਂ ਕੁਝ ਗ਼ਲਤੀਆਂ ਦੱਸੀਆਂ ਹਨ ਜੋ ਠੀਕ ਤਰ੍ਹਾਂ ਸੋਧੀਆਂ ਜਾਣੀਆਂ ਚਾਹੀਦੀਆਂ ਹਨ ਜਾਂ ਇਹ ਕੰਮ ਮੁੜ ਕਿਸੇ ਅਜਿਹੇ ਆਦਮੀ ਤੋਂ ਕਰਵਾਇਆ ਜਾਣਾ ਚਾਹੀਦਾ ਹੈ ਜੋ ਵਧੇਰੇ ਨਿਰਪੱਖ ਅਤੇ ਫ਼ਾਰਸੀ ਮੂਲ ਪਾਠ ਤੋਂ ਚੰਗੀ ਤਰ੍ਹਾਂ ਜਾਣੂ ਹੋਵੇ।

ਸਿੱਖ ਲਿਖਾਰੀਆਂ ਵੱਲੋਂ ਲਿਖੇ ਗਏ ਇਤਿਹਾਸਾਂ ਵਿਚੋਂ ਅਸੀਂ ਪੁਰਾਣੀਆਂ ਪੁਸਤਕਾਂ ਨੂੰ ਤਰਜੀਹ ਦਿੱਤੀ ਹੈ ਜੋ ਕਿ ਕੇਸਰ ਸਿੰਘ ਤੇ ਰਤਨ ਸਿੰਘ ਵਰਗੇ ਲਿਖਾਰੀਆਂ ਦੀਆਂ ਹਨ। ਸੰਤੋਖ ਸਿੰਘ ਤੇ ਗਿਆਨ ਸਿੰਘ ਨੂੰ ਕਿਤੇ ਕਿਤੇ ਹੀ ਵਰਤਿਆ ਹੈ। ਪਟਿਆਲੇ ਨਾਲ ਸਬੰਧਿਤ ਗੱਲਾਂ ਲਈ ਅਸੀਂ ਸਰਦਾਰ ਕਰਮ ਸਿੰਘ ਵੱਲੋਂ ਮਿਲੀ ਬਹੁਤ ਹੀ ਭਰੋਸੇਯੋਗ ਸਾਮੱਗਰੀ ਨੂੰ ਅੱਖੋਂ ਉਹਲੇ ਨਹੀਂ ਕੀਤਾ।

ਸਮਾਜਿਕ ਤੇ ਰਾਜਸੀ ਜਬਰ ਵਿਰੁੱਧ ਸਿੱਖਾਂ ਦੀ ਸਾਰੀ ਕਹਾਣੀ ਅਤੇ ਉਨ੍ਹਾਂ ਦੇ ਜ਼ਿੰਦਗੀ-ਮੌਤ ਦੇ ਸੰਘਰਸ਼ ਬਾਰੇ ਲਿਖਣ ਸਮੇਂ ਅਸੀਂ ਕੋਈ ਗੱਲ ਅਧਿਕ ਉਸਤਤ ਜਾਂ ਈਰਖਾ ਨਾਲ ਨਹੀਂ ਲਿਖੀ। ਅਸੀਂ ਨਿਆਂਪੂਰਣ ਅਤੇ ਨਿਰਪੱਖ ਰਹਿਣ ਦਾ ਯਤਨ ਕੀਤਾ ਹੈ ਅਤੇ ਆਪਣੇ ਇਸ ਉੱਦਮ ਨੂੰ ਨਿਆਂਇਕ ਅਤੇ ਨਿਰਪੱਖ ਪਾਠਕ ਦੇ ਫ਼ੈਸਲੇ ਤੇ ਛੱਡਦੇ ਹਾਂ।

**ਤੇਜਾ ਸਿੰਘ**
**ਗੰਡਾ ਸਿੰਘ**

# ਵਿਸ਼ਾ-ਸੂਚੀ


ਦੋ ਸ਼ਬਦ (v)
ਭੂਮਿਕਾ (vii)

## ਭਾਗ ਪਹਿਲਾ : ਸਿੱਖ ਧਰਮ ਦੇ ਮੂਲ ਸਿਧਾਂਤ

**ਸਿੱਖ ਗੁਰੂ ਸਾਹਿਬਾਨ** (1469-1708) 1
1. ਗੁਰੂ ਨਾਨਕ ਦੇਵ ਜੀ (1469-1539) 2
2. ਗੁਰੂ ਅੰਗਦ ਦੇਵ ਜੀ (1504-1552) 17
3. ਗੁਰੂ ਅਮਰਦਸ ਜੀ (1479-1574) 19
4. ਗੁਰੂ ਰਾਮਦਾਸ ਜੀ (1534-1581) 24
5. ਗੁਰੂ ਅਰਜਨ ਦੇਵ ਜੀ (1563-1606) 26
6. ਗੁਰੂ ਹਰਿਗੋਬਿੰਦ ਜੀ (1595-1644) 35
7. ਗੁਰੂ ਹਰਿ ਰਾਏ ਜੀ (1630-1661) 46
8. ਗੁਰੂ ਹਰਿ ਕ੍ਰਿਸ਼ਨ ਜੀ (1656-1664) 48
9. ਗੁਰੂ ਤੇਗ਼ ਬਹਾਦਰ ਜੀ (1621-1675) 49
10. ਗੁਰੂ ਗੋਬਿੰਦ ਸਿੰਘ ਜੀ (1666-1708) 61

## ਭਾਗ ਦੂਜਾ : ਸਿੱਖਾਂ ਦੀਆਂ ਰਾਜਸੀ ਨੀਹਾਂ

**ਸਿੱਖ ਬੰਦਾ ਸਿੰਘ ਦੀ ਅਗਵਾਈ ਵਿਚ** (1708-1716) 81
1. ਸਰਹਿੰਦ ਤਕ ਪੁੱਜਣ ਦੇ ਹਾਲਾਤ 81
2. ਸਰਹਿੰਦ ਦੀ ਜਿੱਤ 83
3. ਗੰਗਾ ਦੁਆਬ ਉੱਤੇ ਹਮਲਾ 89
4. ਜਲੰਧਰ ਦੁਆਬ ਉੱਤੇ ਕਬਜ਼ਾ 90
5. ਹੈਦਰੀ ਝੰਡੇ ਦਾ ਧਰਮ-ਯੁੱਧ 91
6. ਸ਼ਾਹੀ ਫ਼ੌਜਾਂ ਨਾਲ ਟੱਕਰ 92
7. ਬੰਦਾ ਸਿੰਘ ਪਹਾੜੀਆਂ ਵਿਚ 93
8. ਗੁਰਦਾਸ ਨੰਗਲ ਦੇ ਸਥਾਨ ਤੇ ਅੰਤਮ ਟੇਕ 96
9. ਦਿੱਲੀ ਵਿਚ ਕਤਲ 98
10. ਬੰਦਾ ਸਿੰਘ ਦਾ ਵਿਅਕਤਿਤਵ ਅਤੇ ਉਸ ਦੀਆਂ ਪ੍ਰਾਪਤੀਆਂ 102

## ਭਾਗ ਤੀਜਾ : ਅਤਿਆਚਾਰ ਝੱਲ ਕੇ ਸ਼ਕਤੀ ਦੀ ਪ੍ਰਾਪਤੀ

1. **ਸਿੱਖਾਂ ਵਿਚ ਦੁਫੇੜ** (1716-1721) 107

ਖਾਲਸਾ 109
ਦੂਜੀਆਂ ਸੰਪਰਦਾਵਾਂ 110
ਧੜੇਬਾਜੀ ਕਾਰਣ ਲੜਾਈ ਅਤੇ ਅਮਨ 112
2. **ਅਤਿਆਚਾਰ ਅਤੇ ਸ਼ਹੀਦੀਆਂ** (1721-1748) 113
ਅੰਮ੍ਰਿਤਸਰ ਕਾਰਜ-ਖੇਤਰ ਬਣ ਗਿਆ 113
ਸਿੱਖ ਜੰਗਲਾਂ ਵਿਚ ਚਲੇ ਗਏ 115
ਵਾਂ ਪਿੰਡ ਦਾ ਤਾਰਾ ਸਿੰਘ ਮਾਰਿਆ ਗਿਆ 116
ਸਿੱਖਾਂ ਨੇ ਬਦਲਾ ਲੈ ਲਿਆ 117
ਸਿੱਖਾਂ ਨੂੰ ਖੁਸ਼ ਕਰਨ ਦੀ ਨੀਤੀ 118
ਦਲਾਂ ਦੀ ਜੱਥੇਬੰਦੀ 118
ਸਰਕਾਰ ਨਾਲ ਝੜਪਾਂ 120
ਭਾਈ ਮਨੀ ਸਿੰਘ ਦੀ ਸ਼ਹੀਦੀ 120
ਸਿੱਖਾਂ ਦਾ ਨਾਦਰ ਨੂੰ ਤੰਗ ਕਰਨਾ 121
ਸਿੱਖਾਂ ਦੇ ਸਿਰਾਂ ਦੇ ਮੁੱਲ ਰਖੇ ਗਏ 122
ਮਹਿਤਾਬ ਸਿੰਘ ਨੇ ਮਸੇ ਨੂੰ ਸ਼ਜਾ ਦਿੱਤੀ 122
ਮਹਿਤਾਬ ਸਿੰਘ ਦਾ ਪਿੱਛਾ ਕੀਤਾ 123
ਸਿੱਖ ਸਿਰਲੱਥ ਬਾਗ਼ੀ ਬਣ ਗਏ 124
ਭਾਈ ਤਾਰੂ ਸਿੰਘ ਦੀ ਸ਼ਹੀਦੀ 125
ਸੁਬੇਗ ਸਿੰਘ ਅਤੇ ਸ਼ਾਹਬਾਜ ਸਿੰਘ 125
ਲਖਪਤ ਰਾਏ ਅਤੇ ਸਿੱਖ 126
ਪਹਿਲਾ ਘੱਲੂਘਾਰਾ ਤੇ ਦੁਰਾਨੀ ਦਾ ਪਹਿਲਾ ਹਮਲਾ 128
3. **ਕਸ਼ਟਾਂ ਵਿਚੋਂ ਸੱਤਾ ਉਤਪੰਨ ਹੋਈ** (1748-1758) 130
ਸਿੱਖ ਬਾਹਰ ਨਿਕਲ ਆਏ 130
ਖ਼ਾਲਸੇ ਨੇ ਆਪਣੇ ਰਾਜ ਦਾ ਐਲਾਨ ਕਰ ਦਿੱਤਾ 131
ਖ਼ਾਲਸੇ ਨੇ ਕਿਲ੍ਹੇ ਬਣਾਏ 132
ਰਾਮਰੌਣੀ ਦਾ ਘੇਰਾ 134
ਦੂਜਾ ਅਫ਼ਗਾਨ ਹਮਲਾ 134
ਸ਼ਾਹ ਨਿਵਾਜ ਵਿਰੁੱਧ ਮੁਹਿੰਮ 135
ਸਿੱਖਾਂ ਨੂੰ ਚੈਨ ਮਿਲਣ ਦਾ ਸਮਾਂ 137
ਅਹਿਮਦ ਸ਼ਾਹ ਦਾ ਤੀਜਾ ਹਮਲਾ 138
ਅਤਿਆਚਾਰ ਮੁੜ ਸ਼ੁਰੂ 141
ਲਾਹੌਰ ਸਰਕਾਰ ਦਾ ਕਮਜ਼ੋਰ ਹੋਣਾ 144
ਦੁਰਾਨੀ ਦਾ ਚੌਥਾ ਹਮਲਾ 145
ਸਿੱਖ ਆਪਣਾ ਹੱਕ ਜਿਤਲਾਉਣ ਲੱਗੇ 147
ਤੈਮੂਰ ਸ਼ਾਹ ਅਤੇ ਸਿੱਖ 148
ਸਿੱਖਾਂ ਦਾ ਅਦੀਨਾ ਬੇਗ ਨਾਲ ਗੱਠ-ਜੋੜ 150

ਅਦੀਨਾ ਬੇਗ ਨੇ ਮਰਾਠਿਆਂ ਨੂੰ ਬੁਲਾਇਆ 151
4. **ਸਿੱਖ ਰਾਜ-ਸਤਾਧਾਰੀ ਬਣ ਗਏ** (1758-1765) 153
ਸਿੱਖਾਂ ਨੇ ਪੰਜਾਬ ਵਿਚ ਦੂਜਿਆਂ ਲਈ ਰਾਜ ਕਰਨਾ ਅਸੰਭਵ ਬਣਾ ਦਿੱਤਾ 153
ਅਦੀਨਾ ਬੇਗ ਨਾਲ ਅੰਤਮ ਸੰਘਰਸ਼ 154
ਦੁੱਰਾਨੀ ਦਾ ਪੰਜਵਾਂ ਹਮਲਾ 155
ਸਿੱਖ ਸੱਤਾ ਲਈ ਯਤਨਸ਼ੀਲ 158
ਲਾਹੌਰ ਉੱਤੇ ਸਿੱਖਾਂ ਦਾ ਕਬਜਾ 159
ਦੁੱਰਾਨੀ ਦਾ ਛੇਵਾਂ ਹਮਲਾ ਅਤੇ ਦੂਜਾ ਘਲੂਘਾਰਾ 160
ਦਰਬਾਰ ਸਾਹਿਬ (ਅੰਮ੍ਰਿਤਸਰ) ਦਾ ਅਪਮਾਨ 162
ਸਿੱਖਾਂ ਨੇ ਬਦਲਾ ਲਿਆ ਅਤੇ ਦੁੱਰਾਨੀ ਨੂੰ ਹਾਰ ਦਿੱਤੀ 163
ਸਿੱਖਾਂ ਦੀਆਂ ਜਿੱਤਾਂ 165
ਦੁੱਰਾਨੀ ਦਾ ਸੱਤਵਾਂ ਹਮਲਾ 169
ਸਿੱਖਾਂ ਦਾ ਲਾਹੌਰ ਉਪਰ ਕਬਜ਼ਾ 174
**ਪੁਸਤਕ ਸੂਚੀ** 175

*ਭਾਗ ਪਹਿਲਾ*

# *ਸਿੱਖ ਧਰਮ ਦੇ ਮੂਲ ਸਿੱਧਾਂਤ*

## *ਸਿੱਖ ਗੁਰੂ*

'ਸਿੱਖ' (ਸੰਸਕ੍ਰਿਤ ਵਿਚ 'ਸ਼ਿਸ਼') ਦਾ ਅਰਥ ਚੇਲਾ ਹੈ। ਇਸ ਦੇ ਧਰਮ ਨੂੰ ਸਹੀ ਰੂਪ ਵਿਚ ਤਾਂ ਹੀ ਸਮਝਿਆ ਜਾ ਸਕਦਾ ਹੈ ਜੇ ਇਸ ਨੂੰ ਫ਼ਲਸਫ਼ੇ ਦੇ ਤੌਰ ਤੇ ਨਹੀਂ ਬਲਕਿ ਇਕ ਜੀਵਨ ਜਾਚ ਅਤੇ ਅਨੁਸ਼ਾਸਨ ਦੇ ਭਾਵ ਵਿਚ ਲਿਆ ਜਾਏ। ਸਿੱਖ ਇਤਿਹਾਸ ਸਿਲਸਿਲੇਵਾਰ ਦਸ ਆਗੂਆਂ ਦੇ ਹੱਥਾਂ ਵਿਚ, ਜਿਨ੍ਹਾਂ ਨੂੰ ਗੁਰੂ ਕਹਿੰਦੇ ਸਨ, ਇਕ ਕੌਮ ਦੇ ਹੌਲੀ ਹੌਲੀ ਬਣਨ ਅਤੇ ਉੱਨਤ ਹੋਣ ਨੂੰ ਪ੍ਰਗਟ ਕਰਦਾ ਹੈ। ਸਿੱਖ ਗੁਰੂ ਦੂਜੇ ਸਮਕਾਲੀ ਸੁਧਾਰਕਾਂ ਨਾਲ ਕਈ ਗੱਲਾਂ ਵਿਚ ਮਿਲਦੇ ਸਨ ਜਿਹੜੇ ਧਰਮ ਨੂੰ ਸ਼ੁਧ ਕਰਨ ਅਤੇ ਦੇਸੀ ਸਾਹਿਤ ਦਾ ਭੰਡਾਰ ਭਰਨ ਸੰਬੰਧੀ ਬਹੁਤ ਕੁਝ ਕਰ ਰਹੇ ਸਨ। ਪਰ ਉਹ ਸੁਧਾਰਕ ਇਸ ਜੀਵਨ ਦੇ ਮਿਥਿਆ ਹੋਣ ਜਾਂ ਇਸ ਦੀ ਤੁੱਛਤਾ ਤੋਂ ਇਤਨੇ ਪ੍ਰਭਾਵਿਤ ਹੋਏ ਜਾਪਦੇ ਹਨ ਕਿ ਉਨ੍ਹਾਂ ਨੇ ਸਮਾਜ ਦੀ ਇਕ ਨਵੀਂ ਪਰੰਪਰਾ ਸਥਾਪਿਤ ਕਰਨ ਬਾਰੇ ਸੋਚਣ ਨੂੰ ਹੀ ਅਯੋਗ ਸਮਝਿਆ। ਜੋਜ਼ਿਫ ਕਨਿੰਘਮ ਦੇ ਸ਼ਬਦਾਂ ਵਿਚ : 'ਉਨ੍ਹਾਂ ਸੁਧਾਰਕਾਂ ਨੇ ਪੁਜਾਰੀਆਂ ਦੀ ਚਲਾਕੀ ਜਾਂ ਮੂਰਤੀ ਪੂਜਾ ਅਤੇ ਅਨੇਕਈਸ਼ਵਰਵਾਦ ਦੀ ਖੁਭਣ ਤੋਂ ਮਨੁੱਖਾਂ ਦਾ ਛੁਟਕਾਰਾ ਕਰਾਉਣ ਨੂੰ ਹੀ ਆਪਣਾ ਮੁੱਖ ਨਿਸ਼ਾਨਾ ਸਮਝਿਆ। ਉਨ੍ਹਾਂ ਨੇ ਕੌਮਾਂ ਦਾ ਮੁੱਢ ਬੰਨ੍ਹਣ ਨਾਲੋਂ ਮਤ-ਭੇਦ ਤੇ ਵਿਤਕਰਿਆਂ ਨੂੰ ਵਧੇਰੇ ਸਪੱਸ਼ਟ ਰੂਪ ਦਿੱਤਾ। ਉਨ੍ਹਾਂ ਸੁਧਾਰਕਾਂ ਦੇ ਫ਼ਿਰਕੇ ਅੱਜ ਤਕ ਉਸੇ ਸ਼ਕਲ ਵਿਚ ਹੀ ਹਨ ਜਿਸ ਵਿਚ ਉਹ ਉਨ੍ਹਾਂ ਨੂੰ ਛੱਡ ਗਏ ਸਨ। ਸੁਧਾਰ ਦੇ ਸੱਚੇ ਅਸੂਲਾਂ ਨੂੰ ਭਾਂਪਣਾ ਅਤੇ ਉਹ ਸਿਧਾਂਤ ਸਥਾਪਿਤ ਕਰਨੇ ਜਿਨ੍ਹਾਂ ਨੇ ਗੁਰੂ ਨਾਨਕ ਜੀ ਦੇ ਨੌਵੇਂ ਉੱਤਰਾਧਿਕਾਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਿੱਖਾਂ ਦੇ ਮਨਾਂ ਵਿਚ ਕੌਮੀਅਤ ਦਾ ਜਜ਼ਬਾ ਭਰਨ ਦੇ ਯੋਗ ਬਣਾਇਆ ਅਤੇ ਇਸ ਸਿਧਾਂਤ ਨੂੰ ਅਮਲੀ ਰੂਪ ਦੇਣਾ, ਕਿ ਨਸਲ ਅਤੇ ਫ਼ਿਰਕੇ ਵਿਚ ਰਾਜਸੀ ਹੱਕਾਂ ਅਤੇ ਧਾਰਮਿਕ ਆਸ਼ਾਵਾਂ ਵਿਚ ਸਭ ਤੋਂ ਨੀਵਾਂ ਮਨੁੱਖ ਸਭ ਤੋਂ ਉੱਚੇ ਮਨੁੱਖ ਦੇ ਬਰਾਬਰ ਹੈ, ਗੁਰੂ ਨਾਨਕ ਜੀ ਦੇ ਹਿੱਸੇ ਆਇਆ।'[1] ਇਹ ਸਿੱਖ ਇਤਿਹਾਸ ਦੀ ਮਹਾਨਤਾ ਹੈ ਕਿ ਸਿੱਖ ਗੁਰੂਆਂ ਦੇ ਮਨ ਵਿਚ ਇਕ

---

1. ਕੁਝ ਹੋਰ ਲੱਛਣ ਜਿਹੜੇ ਸਿੱਖ ਮਤ ਨੂੰ ਮੁਲਕ ਵਿਚ ਪ੍ਰਚਲਿਤ ਆਮ ਵੈਸ਼ਨਵ ਲਹਿਰ ਤੋਂ ਨਖੇੜਦੇ ਹਨ ਉਹ ਇਹ ਹਨ: (ੳ) ਸਪੱਸ਼ਟ ਇਕਈਸ਼ਵਰਵਾਦ ਅਤੇ ਪਰਮਾਤਮਾ ਦੇ ਅਵਤਾਰ ਧਾਰਨ ਦੇ ਸਿਧਾਂਤ ਵੱਲ ਕਿਸੇ ਤਰਾਂ ਦੀ ਕਮਜ਼ੋਰੀ ਨਾ ਵਿਖਾਉਣਾ (ਭਾਵ ਇਸ ਸਿਧਾਂਤ ਨੂੰ ਖਿਲਕੁਲ ਨਾ ਮੰਨਣਾ), (ਅ) ਮਾਸਾਹਾਰੀ ਹੋਣਾ; (ੲ) ਇਕੱਠਿਆਂ ਬੈਠ ਕੇ ਭੋਜਨ ਛਕਣਾ; (ਸ) ਆਰੀਆਂ ਤੋਂ ਪਹਿਲੇ ਮਿਥਿਹਾਸ ਜਾਂ ਹੋਰ ਅੰਧ ਵਿਸ਼ਵਾਸੀ ਰੀਤਾਂ ਰਿਵਾਜਾਂ ਉੱਤੇ ਆਧਾਰਿਤ ਕਲਾ ਅਤੇ ਸਭਿਆਚਾਰ ਨੂੰ ਨਾ ਮੰਨਣਾ ਜਿਸ ਦੁਆਰਾ ਭਗਤੀ ਮਾਰਗ ਦੇ ਸਮਰਥਕ ਜਨਤਾ ਤਕ ਪੁਜਣ ਦਾ ਯਤਨ ਕਰਦੇ ਰਹੇ ਹਨ . ਜਿਵੇਂ ਨਾਚ ਕਰਨਾ, ਤਸਵੀਰਾਂ ਬਣਾਉਣੀਆਂ, ਲਕੜੀ ਤਰਾਸ਼ਣੀ ਅਤੇ ਚੀਜ਼ਾਂ ਦੇ ਨਮੂਨੇ ਬਣਾਉਣੇ। ਕੇਵਲ ਸੰਗੀਤ ਵਿਚ ਕੁਝ ਰੂਪਾਂਤਰ ਲਿਆਂਦੇ ਗਏ ਜਿਵੇਂ ਕਿ 'ਬਾਰਾ ਮਾਹਾ', 'ਅਲਾਹੁਣੀਆਂ', 'ਵਾਰਾਂ', 'ਘੋੜੀਆਂ' ਆਦਿ ਦੀ ਹਾਲਤ ਵਿਚ ਕੀਤਾ ਗਿਆ। ਗੋਕਲ ਚੰਦ ਨਾਰੰਗ ਦੀ ਪੁਸਤਕ *'Transformation of Sikhism'* ਦੇ ਪੰਨੇ 32-35 ਅਤੇ ਆਰ. ਐਨ. ਕੱਸਟ ਦੀ ਪੁਸਤਕ *'Linguistic and Oriental Essays'* pp. 34-35 ਵੀ ਦੇਖੋ।

ਸ਼ਖ਼ਸੀ ਮਨੁੱਖ ਦੇ ਫਰਜਾਂ ਦੀ ਤਰ੍ਹਾਂ ਕੌਮੀ ਫਰਜ ਵੀ ਉਤਨੇ ਹੀ ਪ੍ਰਬਲ ਸਨ।

ਜੇ ਇਸ ਪੱਖੋਂ ਵਿਚਾਰੀਏ ਤਾਂ ਸਿੱਖ ਇਤਿਹਾਸ ਦੇ ਸਭ ਜਾਹਰਾ ਖੰਡਨ ਅਲੋਪ ਹੋ ਜਾਣਗੇ ਜਿਸ ਕਰਕੇ ਸਿੱਖੀ ਜੀਵਨ ਦੇ ਪ੍ਰੋਗਰਾਮ ਵਿਚ ਨਾ ਕੋਈ ਬੇ-ਨੇਮੀ ਤੇ ਨਾ ਕੋਈ ਉਲੰਘਣਾ ਦਿਸੇਗੀ। ਇਹ ਉਸ ਜੀਵ ਦੀ ਤਰ੍ਹਾਂ ਸੀ ਜਿਹੜਾ ਆਪਣਾ ਕੰਮ ਕਰਦਿਆਂ ਅਤੇ ਨਵੇਂ ਅੰਗਾਂ ਅਤੇ ਕੰਮਾ ਦੇ ਵਿਕਸਿਤ ਹੁੰਦਿਆਂ ਹੋਇਆਂ ਵੀ ਤਬਦੀਲੀ ਅਨੁਭਵ ਕਰਦਾ ਹੈ ਕਿਉਂਕਿ ਸਿੱਖੀ ਜੀਵਨ ਨੂੰ ਨਵੀਆਂ ਸ਼ਕਤੀਆਂ ਦੀ ਵਰਤੋਂ ਕਰਨ ਲਈ ਨਿਤ ਚਣੌਤੀ ਸੀ। ਸਿੱਖੀ ਜੀਵਨ ਦਾ ਅਸੂਲ ਉਹੀ ਰਿਹਾ ਭਾਵੇਂ ਇਹ ਲਗਾਤਾਰ ਆਪਣੇ ਆਪ ਨੂੰ ਚੰਗੇਰਾ ਬਣਾਉਣ ਲਈ (ਨਿਰਾ ਰੂਪ ਬਦਲਣ ਲਈ ਨਹੀਂ ਜਿਵੇਂ ਕੁਝ ਲਿਖਾਰੀ ਕਹਿੰਦੇ ਹਨ) ਇਕ ਅਮਲ ਵਿੱਚੋਂ ਦੀ ਲੰਘਿਆ ਅਤੇ ਨਿਰੋਲ ਸਥਾਨਕ ਤੇ ਕਦੇ ਕਦਾਈਂ ਵਾਪਰਨ ਵਾਲੇ ਹਾਲਾਤ ਕਾਰਣ ਇਸ (ਸਿੱਖੀ ਜੀਵਨ) ਨੇ ਕਈ ਪ੍ਰਕਾਰ ਦੇ ਸਰੂਪ ਧਾਰਨ ਕੀਤੇ।

## 1. ਗੁਰੂ ਨਾਨਕ (1469-1539)

ਸਿੱਖ ਲਹਿਰ ਗੁਰੂ ਨਾਨਕ ਸਾਹਿਬ ਤੋਂ ਆਰੰਭ ਹੋਈ। ਉਨ੍ਹਾਂ ਦਾ ਜਨਮ 15 ਅਪ੍ਰੈਲ[2] 1469 (ਵਿਸਾਖ ਸੁਦੀ 3, 1526 ਬਿਕਰਮੀ) ਨੂੰ ਇਕ ਖੱਤਰੀ ਘਰਾਣੇ ਵਿਚ ਰਾਇ ਭੋਇ ਦੀ ਤਲਵੰਡੀ ਦੇ ਸਥਾਨ ਤੇ ਹੋਇਆ, ਜਿਸ ਨੂੰ ਹੁਣ ਨਨਕਾਣਾ ਸਾਹਿਬ ਕਹਿੰਦੇ ਹਨ। ਇਹ ਨਗਰ ਲਾਹੌਰ ਤੋਂ ਦੱਖਣ-ਪੱਛਮ ਵੱਲ ਕੋਈ 40 ਮੀਲਾਂ ਦੀ ਵਿੱਥ ਤੇ ਹੈ। ਗੁਰੂ ਨਾਨਕ ਜੀ ਦੇ ਪਿਤਾ ਮਹਿਤਾ ਕਾਲੂ ਜੀ ਇਕ ਭੱਟੀ ਜਾਗੀਰਦਾਰ ਰਾਇ ਬੁਲਾਰ ਦੇ ਪਟਵਾਰੀ ਜਾਂ ਪਿੰਡ ਦੇ ਲੇਖਾਕਾਰ ਸਨ। ਸੱਤ ਸਾਲ ਦੀ ਉਮਰ ਵਿਚ ਨਾਨਕ ਜੀ ਨੂੰ ਪਿੰਡ ਦੇ ਸਕੂਲ ਵਿਚ ਬ੍ਰਾਹਮਣ ਅਧਿਆਪਕ ਪਾਸ ਪੜ੍ਹਨ ਭੇਜਿਆ ਜਿਸ ਤੋਂ ਉਨ੍ਹਾਂ ਨੇ ਦੇਵਨਾਗਰੀ ਲਿਪੀ ਪੜ੍ਹਨੀ ਅਤੇ ਲਿਖਣੀ ਸਿਖਣ ਤੋਂ ਇਲਾਵਾ ਗਣਿਤ ਅਤੇ ਵਹੀਖਾਤੇ ਬਾਰੇ ਵੀ ਗਿਆਨ ਪ੍ਰਾਪਤ ਕੀਤਾ। ਗੁਰੂ ਜੀ ਨੇ ਛੇਤੀ ਹੀ ਉਹ ਸਭ ਕੁਝ ਸਿੱਖ ਲਿਆ ਜੋ ਪਿੰਡ ਦੇ ਬ੍ਰਾਹਮਣ ਅਧਿਆਪਕ ਨੂੰ ਆਉਂਦਾ ਸੀ ਅਤੇ ਫਾਰਸੀ ਤੇ ਇਸਲਾਮੀ ਸਾਹਿੱਤ ਦੇ ਅਧਿਐਨ ਲਈ ਉਹ ਸਥਾਨਕ ਮੌਲਵੀ[3] ਪਾਸ ਗਏ। ਜਦੋਂ ਉਹ ਵੱਡੇ ਹੋਏ ਤਾਂ ਉਨ੍ਹਾਂ ਨੇ ਲਾਗਲੇ ਜੰਗਲਾਂ ਵਿਚ ਰਹਿੰਦੇ ਸੰਤਾਂ ਅਤੇ ਮਹਾਤਮਾਂ ਦੀ ਸੰਗਤ ਨਾਲ ਆਪਣੇ ਗਿਆਨ ਵਿਚ ਵਾਧਾ ਕੀਤਾ। ਉਹ ਭਾਰਤੀ ਗਿਆਨ ਵਿਚ ਆਮ ਕਰਕੇ ਅਤੇ ਆਪਣੇ ਸਮਕਾਲੀ ਭਗਤਾਂ ਦੀਆਂ ਰਚਨਾਵਾਂ ਵਿਚ ਵਿਸ਼ੇਸ਼ ਕਰਕੇ ਬੜੀ ਡੂੰਘੀ ਦਿਲਚਸਪੀ ਰਖਦੇ ਸਨ। ਗੁਰੂ ਜੀ ਉਨ੍ਹਾਂ ਭਗਤਾਂ ਦੀਆਂ ਸਿਖਿਆਵਾਂ ਨਾਲ ਆਪਣੀਆਂ ਸਿਖਿਆਵਾਂ ਦੀ ਤੁਲਨਾ ਕਰਦੇ ਸਨ ਅਤੇ ਉਨ੍ਹਾਂ ਦੇ ਵਿਚਾਰਾਂ ਦੀ ਉਹ ਚੋਖੀ ਆਲੋਚਨਾ ਵੀ ਕਰਦੇ ਸਨ। ਜਪੁਜੀ, ਆਸਾ ਦੀ ਵਾਰ, ਸਿਧ ਗੋਸ਼ਟ ਅਤੇ ਓਅੰਕਾਰ ਉਨ੍ਹਾਂ ਦੀਆਂ ਵਿਦਵਤਾ ਭਰਪੂਰ

---

2. ਗੁਰੂ ਨਾਨਕ ਜੀ ਦੀਆਂ ਕੁਝ ਪਿਛਲੇਰੀਆਂ ਜੀਵਨੀਆਂ 1526 ਬਿਕਰਮੀ ਦੀ ਕੱਤਕ ਦੀ ਪੂਰਨਮਾਸ਼ੀ ਨੂੰ ਗੁਰੂ ਜੀ ਦੀ ਜਨਮ ਦੀ ਮਿਤੀ ਦਸਦੀਆਂ ਹਨ। ਪਰ ਗੁਰੂ ਜੀ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਦੀਆ ਸਭ ਤੋਂ ਪਹਿਲੀਆਂ ਜੀਵਨ ਕਥਾਵਾਂ ਜਿਵੇਂ *ਪੁਰਾਤਨ ਜਨਮ ਸਾਖੀ* , ਮਿਹਰਬਾਨ ਲਈ ਤਿਆਰ ਕੀਤੀ ਸਾਖੀ, ਭਾਈ ਮਨੀ ਸਿੰਘ ਦੀ ਜਨਮ ਸਾਖੀ, *ਮਹਿਮਾਂ ਪ੍ਰਕਾਸ਼*, ਆਦਿ 1526 ਬਿਕਰਮੀ ਦੀ ਵਿਸਾਖ ਸੁਦੀ 3 ਦਾ ਜ਼ਿਕਰ ਕਰਦੀਆਂ ਹਨ। *ਨਾਨਕ ਪ੍ਰਕਾਸ਼* ਵਰਗੀਆਂ ਪੁਸਤਕਾਂ ਜਿਹੜੀਆਂ ਕੱਤਕ ਪੂਰਨਮਾਂ ਨੂੰ ਮੰਨਦੀਆਂ ਹਨ ਉਹ ਵੀ ਗੁਰੂ ਜੀ ਦੇ ਪੂਰੇ ਹੋਣ ਸਮੇਂ ਉਨ੍ਹਾਂ ਦੀ ਉਮਰ 70 ਸਾਲ, ਪੰਜ ਮਹੀਨੇ ਅਤੇ 7 ਦਿਨ ਦੱਸਦੀਆਂ ਹਨ ਜਿਸ ਅਨੁਸਾਰ ਵੀ ਹਿਸਾਬ ਲਾਉਣ ਤੇ ਜਨਮ ਦੀ ਮਿਤੀ 1526 ਬਿਕਰਮੀ ਦਾ ਵਿਸਾਖ ਮਹੀਨਾ ਹੀ ਬਣਦੀ ਹੈ।
3. *ਸੀਅਰ-ਉਲ ਮੁਤਾਖਰੀਨ* ਦਾ ਲੇਖਕ ਲਿਖਦਾ ਹੈ ਕਿ ਗੁਰੂ ਨਾਨਕ ਜੀ ਨੇ ਇਸਲਾਮੀ ਸਾਹਿਤ ਇਕ ਦਰਵੇਸ਼ ਸੱਯਦ ਹਸਨ ਤੋਂ ਪੜ੍ਹਿਆ।

ਰਚਨਾਵਾਂ ਹਨ। ਆਪਣੇ ਲੰਮੇ ਸਫਰਾਂ ਸਮੇਂ ਉਨ੍ਹਾਂ ਨੇ ਹਿੰਦੂ ਅਤੇ ਮੁਸਲਮਾਨ ਧਰਮ ਦੇ ਵੱਖ-ਵੱਖ ਕੇਂਦਰਾਂ ਦੀ ਯਾਤਰਾ ਕੀਤੀ ਅਤੇ ਉਨ੍ਹਾਂ ਦੇ ਸਿਧਾਂਤਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਨੇ ਅਕਸਰ ਪੁਰਾਤਨ ਲਿਖਾਰੀਆਂ[4] ਵੱਲ ਇਸ਼ਾਰੇ ਕੀਤੇ ਹਨ, ਪੁਰਾਤਨ ਕਥਾਵਾਂ ਦੀ ਯੋਗ ਵਰਤੋਂ ਕੀਤੀ ਹੈ[5] ਅਤੇ ਵਿਦਵਾਨ ਜੋਗੀਆਂ, ਪੰਡਿਤਾਂ ਅਤੇ ਸੂਫ਼ੀਆਂ ਨਾਲ, ਜਿਨ੍ਹਾਂ ਨੂੰ ਉਨ੍ਹਾਂ ਨੇ ਆਪਣੀ ਡੂੰਘੀ ਵਿਦਵਤਾ ਅਤੇ ਨਰੋਈ ਅਕਲ ਨਾਲ ਸਦਾ ਆਪਣੀ ਰਾਏ ਦਾ ਹਾਮੀ ਬਣਾਇਆ ਸੀ, ਦਾਰਸ਼ਨਿਕ ਵਿਚਾਰ ਵਟਾਂਦਰੇ ਕੀਤੇ ਸਨ। ਉਨ੍ਹਾਂ ਦੀਆਂ ਰਚਨਾਵਾਂ ਦਾ ਉਸਾਰੀ-ਢੰਗ ਅਤੇ ਉਨ੍ਹਾਂ ਦੀ ਵਿਅੰਗਾਤਮਕ ਸ਼ੈਲੀ, ਜਿਨ੍ਹਾਂ ਵਿਚ ਜੀਵਨ ਦੇ ਮਸਲਿਆਂ ਬਾਰੇ ਡੂੰਘੇ ਵਿਚਾਰ ਕੁੱਟ ਕੁੱਟ ਕੇ ਭਰੇ ਹੋਏ ਹਨ, ਉਨ੍ਹਾਂ ਦੇ ਇਕ ਵਿਦਵਾਨ ਲਿਖਾਰੀ[6] ਹੋਣ ਦੀ ਚੋਖੀ ਸ਼ਾਹਦੀ ਭਰਦੇ ਹਨ। ਆਰੰਭ ਤੋਂ ਹੀ ਉਹ ਰੋਸ ਪ੍ਰਗਟਾਊ ਅਤੇ ਆਲੋਚਨਾਤਮਿਕ ਰੁਚੀਆਂ ਵਾਲੇ ਸਨ। ਨੌਂ ਸਾਲਾਂ ਦੀ ਉਮਰ ਵਿਚ ਹੀ ਜਦੋਂ ਉਨ੍ਹਾਂ ਨੂੰ ਯਜਨੋਪਵੀਤਮ (ਜਨੇਊ ਪਹਿਨਣ) ਦੀ ਰਸਮ ਪੂਰੀ ਕਰਨ ਲਈ ਕਿਹਾ ਗਿਆ ਤਾਂ ਉਨ੍ਹਾਂ ਨੇ ਇਹ ਕਹਿ ਕੇ ਪਵਿੱਤਰ ਜਨੇਊ ਨੂੰ ਪਹਿਨਣ ਤੋਂ ਨਾ ਕਰ ਦਿੱਤੀ ਕਿ ਉਹ ਅਜਿਹਾ ਜਨੇਊ ਪਹਿਨਣ ਲਈ ਤਿਆਰ ਹੋਣਗੇ ਜਿਹੜਾ "ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ ॥" (ਵਾਰ ਆਸਾ 471)।

ਉਨ੍ਹਾਂ ਦਾ ਮਨ ਪਰਮਾਤਮਾ ਵਿਚ ਇਵੇਂ ਲੀਨ ਹੋਇਆ ਸੀ ਕਿ ਉਨ੍ਹਾਂ ਕੁਝ ਸਮੇਂ ਲਈ ਅਕਾਲ ਪੁਰਖ ਦੀ ਉਸਤਤ ਵਿਚ ਸੋਹਲੇ ਗਾਉਣ ਅਤੇ ਵਾਹਿਗੁਰੂ ਦੇ ਨਾਮ ਵਿਚ ਲੀਨ ਹੋਏ ਰਹਿਣ ਦੇ ਸਿਵਾਏ ਹੋਰ ਕੁਝ ਨਹੀਂ ਕੀਤਾ। ਉਨ੍ਹਾਂ ਦੇ ਪਿਤਾ ਜੀ ਨੂੰ ਸ਼ੱਕ ਹੋਇਆ ਕਿ ਉਨ੍ਹਾਂ ਦੇ ਪੁੱਤਰ ਨੂੰ ਜਰੂਰ ਕੋਈ ਸਰੀਰਕ ਰੋਗ ਹੈ ਜਿਸ ਕਰਕੇ ਉਨ੍ਹਾਂ ਦੇ ਇਲਾਜ ਲਈ ਉਹ ਵੈਦ ਬੁਲਾ ਲਿਆਏ। ਇਸ ਗ਼ਲਤ-ਫਹਿਮੀ ਉੱਤੇ ਨਾਨਕ ਜੀ ਹੱਸ ਪਏ ਤੇ ਆਖਿਆ :

*'ਜਾਹਿ ਵੈਦ ਘਰ ਆਪਣੇ ਤੈਨੂੰ ਨਹੀਂ ਪਛਾਣੁ।*
*ਹਮ ਰਤੇ ਸਹੁ ਆਪਣੇ ਤੂੰ ਕਿਸ ਦਾਰੂ ਦੇਹਿ।*
*ਨਾਨਕ ਪ੍ਰੀਤਮ ਜੇ ਮਿਲੈ ਤਾਂ ਦੁਖ ਜਾਵੀ ਏਹ'।*

ਉਨ੍ਹਾਂ ਦੇ ਪਿਤਾ ਜੀ ਉਨ੍ਹਾਂ ਨੂੰ ਕਿਸੇ ਨਾ ਕਿਸੇ ਧੰਧੇ ਜਾਂ ਵਪਾਰ ਵਿਚ ਲਾਉਣਾ ਚਾਹੁੰਦੇ ਸਨ ਪਰ ਉਨ੍ਹਾਂ ਦੇ ਸਾਰੇ ਯਤਨ ਗੁਰੂ ਜੀ ਨੂੰ ਉਨ੍ਹਾਂ ਦੀ ਅਧਿਆਤਮਿਕ ਦਸ਼ਾ ਵਿੱਚੋਂ ਨਾ ਕੱਢ ਸਕੇ। ਇਹ ਦਸ਼ਾ ਦਿਨ ਪ੍ਰਤੀ ਦਿਨ ਤੀਖਣ ਰੂਪ ਧਾਰਦੀ ਗਈ। ਉਨ੍ਹਾਂ ਨੂੰ ਕੁਝ ਪੈਸੇ ਦੇ ਕੇ ਇਕ ਲਾਗਲੇ ਨਗਰ ਚੂਹੜਕਾਣੇ ਭੇਜਿਆ ਗਿਆ ਤਾਂ ਜੋ ਉਹ ਕੁਝ ਆਮ ਵਰਤੋਂ ਦੀਆਂ ਚੀਜ਼ਾਂ ਖਰੀਦ ਲਿਆਉਣ ਤੇ

---

4. ਵੇਖੋ 'ਆਸਾ ਦੀ ਵਾਰ' ਪਉੜੀ ੧੩, ਸਲੋਕ ੧, ਪੰਗਤੀ 2; 13, 2.1, ਜਪੁਜੀ ੨੨, ੨੩; ਸ੍ਰੀ ਰਾਗ ਅਸਟਪਦੀ ੭,੬; ਗਉੜੀ ਗੁਆਰੇਰੀ ੧੨, ੧; ਬਸੰਤ ਅਸਟਪਦੀ ੩, ੨.
5. ਉਦਾਹਰਣ ਵਜੋਂ ਦੇਖੋ, ਗਉੜੀ ਅਸਟਪਦੀ ੯, ਵਾਰ ਰਾਮਕਲੀ,੧ ੪.੧; ਪ੍ਰਭਾਤੀ ਅਸਟਪਦੀ ੪.
6. ਉਨ੍ਹਾਂ ਨੇ ਅਮਲ ਵਿੱਚੋਂ ਦੀ ਲੰਘ ਕੇ ਡੂੰਘੀ ਸਿਆਣਪ ਪ੍ਰਾਪਤ ਕੀਤੀ ਸੀ। ਉਹ ਸਿਆਣਪ ਮੁੱਖ ਤੌਰ ਤੇ ਜੀਵਨ ਦੇ ਅਸਲ ਤਜਰਬੇ ਵਿੱਚੋਂ ਮਿਲੀ ਸੀ ਜਿਵੇਂ ਉਨ੍ਹਾਂ ਦੀਆਂ ਲਿਖਤਾਂ ਵਿਚ ਥਾਂ ਥਾਂ ਮਿਲਦੀਆਂ ਕਹਾਵਤਾਂ ਤੋਂ ਦੇਖਿਆ ਜਾ ਸਕਦਾ ਹੈ। 'ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤ'। 'ਸਾਡੀ ਇੱਛਾ ਦੀ ਸੁਤੰਤਰਤਾ ਤੋਂ ਸਾਡੀ ਸ਼ਖਸੀਅਤ ਬਣਦੀ ਹੈ ਅਤੇ ਸਾਨੂੰ ਕੰਮ ਵੱਲ ਪ੍ਰੇਰਦੀ ਹੈ'। 'ਹਉਮੈ ਵਡਾ ਰੋਗੁ ਹੈ ਦਾਰੂ ਭੀ ਇਸ ਮਾਹਿ।' 'ਕਲਾ-ਰਹਿਤ ਕਲਾ ਰਾਹੀਂ ਪਰਮਾਤਮਾ ਸਾਰੀ ਕੁਦਰਤ ਵਿਚ ਪ੍ਰਵੇਸ਼ ਕਰਦਾ ਹੈ।' (ਵਾਰ ਆਸਾ)। 'ਰੱਬ ਦੀ ਤਰਸ ਭਰੀ ਅੱਖ ਉਨ੍ਹਾਂ ਉੱਤੇ ਪੈਂਦੀ ਹੈ ਜਿਹੜੇ ਨੀਵਿਆਂ ਅਤੇ ਗੁਮਰਾਹਾਂ ਦਾ ਖਿਆਲ ਕਰਦੇ ਹਨ (ਸ੍ਰੀ ਰਾਗ), 'ਕੋਈ ਵਿਅਕਤੀ ਵੀ ਗੁਣ-ਰਹਿਤ ਨਹੀਂ ਹੁੰਦਾ (ਰਾਮਕਲੀ), 'ਸਚ ਕਦੇ ਪੁਰਾਣਾ ਨਹੀਂ ਹੁੰਦਾ' (ਰਾਮਕਲੀ), 'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ' (ਸ੍ਰੀ ਰਾਗ)।

ਉਨ੍ਹਾਂ ਨੂੰ ਲਿਆ ਕੇ ਮੁਨਾਫ਼ੇ ਤੇ ਵੇਚ ਦੇਣ ਪਰ ਉਨ੍ਹਾਂ ਨੇ ਉਹ ਪੈਸੇ ਭਲੇ ਪੁਰਸ਼ਾਂ ਦੀ ਇਕ ਟੋਲੀ ਨੂੰ, ਜਿਹੜੀ ਬਾਜ਼ਾਰ ਵੱਲ ਜਾਂਦਿਆਂ ਉਨ੍ਹਾ ਨੂੰ ਰਾਹ ਵਿਚ ਮਿਲੀ ਸੀ, ਭੋਜਨ ਛਕਾਉਣ ਵਿਚ ਖਰਚ ਕਰ ਦਿੱਤੇ। ਉਨ੍ਹਾਂ ਨੇ ਇਸ ਨੂੰ ਇਕ 'ਲਾਹੇਵੰਦ ਸੌਦਾ' ਸਮਝਿਆ ਤੇ ਘਰ ਵਾਪਸ ਚਲੇ ਗਏ। ਉਸ ਥਾਂ ਨੂੰ ਹੁਣ ਵੀ 'ਸੱਚਾ ਸੌਦਾ' ਕਿਹਾ ਜਾਂਦਾ ਹੈ। ਅਜਿਹੀਆਂ ਬਹੁਤ ਸਾਰੀਆਂ ਸਾਖੀਆਂ ਹਨ ਜਿਹੜੀਆਂ ਗੁਰੂ ਨਾਨਕ ਜੀ ਦੀ ਅਲੌਕਿਕਤਾ ਦਰਸਾਉਣ ਲਈ ਰਚੀਆਂ ਗਈਆਂ ਜਾਪਦੀਆਂ ਹਨ ਪਰ ਉਨ੍ਹਾਂ ਵਿੱਚੋਂ ਬਹੁਤ ਸਾਰੀਆਂ ਉਨ੍ਹਾਂ ਸ਼ਬਦ-ਚਿਤ੍ਰਾਂ ਦੇ ਵਾਤਾਵਰਣ ਦੀ ਸਥਾਪਨਾ ਵਜੋਂ, ਜਿਹੜੇ ਉਨ੍ਹਾਂ ਆਪਣੀ ਬਾਣੀ ਵਿਚ ਖਿੱਚੇ ਹਨ, ਰਚੀਆਂ ਗਈਆਂ ਹਨ।

ਮਹਿਤਾ ਕਾਲੂ ਜੀ ਨੇ ਆਪਣੇ ਪੁੱਤਰ ਦੇ ਵਿਹਾਰ ਤੋਂ ਅਸੰਤੁਸ਼ਟ ਹੋ ਕੇ ਉਨ੍ਹਾਂ ਨੂੰ ਸੁਲਤਾਨਪੁਰ ਲੈ ਜਾਣ ਦੀ ਆਗਿਆ ਦੇ ਦਿੱਤੀ ਜਿੱਥੇ ਉਨ੍ਹਾਂ ਦੀ ਭੈਣ ਬੀਬੀ ਨਾਨਕੀ ਵਿਆਹੀ ਹੋਈ ਸੀ। ਬੀਬੀ ਨਾਨਕੀ ਦੇ ਪਤੀ ਜੈ ਰਾਮ ਦੀ ਸੁਲਤਾਨਪੁਰ ਦੇ ਸਥਾਨਕ ਗਵਰਨਰ ਦੌਲਤ ਖ਼ਾਂ ਲੋਧੀ ਤਕ ਪਹੁੰਚ ਸੀ ਅਤੇ ਉਸ ਨੇ ਦੌਲਤ ਖ਼ਾਂ ਨੂੰ ਇਹ ਕਹਿ ਕੇ ਕਿ ਨਾਨਕ ਜੀ ਪੜ੍ਹੇ ਲਿਖੇ ਵਿਅਕਤੀ ਹਨ ਇਕ ਆਦਰ-ਯੋਗ ਨੌਕਰੀ ਦੁਆ ਦਿੱਤੀ। ਗੁਰੂ ਜੀ ਨੂੰ ਮੋਦੀ-ਖਾਨੇ ਵਿਚ ਲਾ ਦਿੱਤਾ ਗਿਆ ਜਿੱਥੇ ਸਰਕਾਰੀ ਭੂਮੀ ਕਰ ਵਜੋਂ ਲਿਆ ਅਨਾਜ ਜਮ੍ਹਾ ਕੀਤਾ ਜਾਂਦਾ ਸੀ ਤੇ ਫਿਰ ਲੋਕਾਂ ਨੂੰ ਵੇਚਿਆ ਜਾਂਦਾ ਸੀ। ਨਾਨਕ ਜੀ ਨੇ ਇਕ ਮੋਦੀ ਵਜੋਂ ਆਪਣੇ ਫਰਜ਼ਾਂ ਨੂੰ ਬੜੀ ਸੁਯੋਗਤਾ ਨਾਲ ਨਿਭਾਇਆ ਅਤੇ ਉਸ ਗ਼ਲਤ ਵਿਚਾਰ ਨੂੰ, ਜਿਹੜਾ ਉਨ੍ਹਾਂ ਦੇ ਮਾਪਿਆਂ ਨੇ ਉਨ੍ਹਾਂ ਦੇ ਪਹਿਲੇ ਰਵੱਈਏ ਤੋਂ ਬਣਾ ਲਿਆ ਸੀ, ਦੂਰ ਕਰ ਦਿੱਤਾ। ਉਨ੍ਹਾਂ ਨੇ ਅਠਾਰਾਂ ਸਾਲ ਦੀ ਉਮਰ ਵਿਚ ਵਿਆਹ ਵੀ ਕਰਵਾ ਲਿਆ ਅਤੇ ਉਨ੍ਹਾਂ ਦੇ ਘਰ ਦੋ ਪੁੱਤਰ ਸ੍ਰੀ ਚੰਦ ਅਤੇ ਲਛਮੀ ਦਾਸ ਪੈਦਾ ਹੋਏ। ਆਪਣੇ ਕਾਰੋਬਾਰ ਦਾ ਬਹੁਤ ਵਧੀਆ ਪ੍ਰਬੰਧ ਚਲਾਉਣ ਦੇ ਨਾਲ ਨਾਲ ਉਨ੍ਹਾਂ ਦਾ ਅਕਾਲ ਪੁਰਖ ਨਾਲ ਪਿਆਰ ਸਦਾ ਦੀ ਤਰ੍ਹਾਂ ਬੜਾ ਤੀਬਰ ਰਿਹਾ। ਜਦੋਂ ਗਾਹਕਾਂ ਲਈ ਅਨਾਜ ਤੋਲ ਕੇ ਦੇਣ ਸਮੇਂ ਉਹ 'ਤੇਰਾਂ' ਦੀ ਗਿਣਤੀ ਤੇ ਪੁੱਜਦੇ ਜਿਸ ਸ਼ਬਦ ਦਾ ਉਚਾਰਨ 'ਤੇਰਾ' ਦੀ ਤਰ੍ਹਾਂ ਹੀ ਹੁੰਦਾ ਹੈ ਤਾਂ ਉਹ ਅੰਤਰਲੀਨ ਹੋ ਜਾਂਦੇ ਅਤੇ 'ਤੇਰਾ ਤੇਰਾ' ਨੂੰ ਹੀ ਦੁਹਰਾਉਂਦੇ ਰਹਿੰਦੇ ਜਦ ਤਕ ਕਿ ਉਨ੍ਹਾਂ ਦਾ ਧਿਆਨ ਮੁੜ ਤੇਰਾ ਦੀ ਗਿਣਤੀ ਵੱਲ ਨਾ ਦੁਆਇਆ ਜਾਂਦਾ। ਰਾਤ ਨੂੰ ਗੁਰੂ ਜੀ ਰੱਬ ਦੀ ਉਸਤਤ ਵਿਚ ਸੋਹਲੇ ਗਾਉਂਦੇ ਅਤੇ ਇਕ ਮੁਸਲਮਾਨ ਭਾਈ ਮਰਦਾਨਾ ਉਨ੍ਹਾਂ ਦੇ ਗਾਉਣ ਸਮੇਂ ਰਬਾਬ ਵਜਾ ਕੇ ਉਨ੍ਹਾਂ ਦਾ ਸਾਥ ਦਿੰਦਾ।

**ਗੁਰੂ ਜੀ ਨੇ ਆਪਣਾ ਮਿਸ਼ਨ ਅਖਤਿਆਰ ਕੀਤਾ**

ਇਕ ਦਿਨ ਸਵੇਰੇ ਹੀ ਨਿਤ ਦੀ ਤਰ੍ਹਾਂ ਉਹ [ਸੁਲਤਾਨ ਪੁਰ ਦੇ] ਲਾਗੇ ਵਗਦੀ ਵੇਈਂ ਨਦੀ ਤੇ ਇਸ਼ਨਾਨ ਕਰਨ ਗਏ। ਆਲੇ-ਦੁਆਲੇ ਦੇ ਦ੍ਰਿਸ਼ ਨੇ ਉਨ੍ਹਾਂ ਦੇ ਕਵੀ ਮਨ ਉੱਤੇ ਅਜਿਹਾ ਪ੍ਰਭਾਵ ਪਾਇਆ ਕਿ ਉਹ ਲਿਵਲੀਨਤਾ ਵਿਚ ਚਲੇ ਗਏ ਅਤੇ ਸਰਵਵਿਆਪੀ ਪਰਮਾਤਮਾ ਨਾਲ ਇਕ ਸੁਰ ਹੋ ਗਏ। ਗੁਰੂ ਜੀ ਨੂੰ ਇਉਂ ਅਨੁਭਵ ਹੋਇਆ ਕਿ ਉਹ ਸਰਵ-ਸ਼ਕਤੀਮਾਨ ਪਰਮਾਤਮਾ ਦੀ ਹਜ਼ੂਰੀ

7. ਜਿਹੜੇ ਵੱਟੇ ਗੁਰੂ ਜੀ ਨੇ ਵਰਤੇ ਸਨ ਉਹ ਹੁਣ ਵੀ ਗੁਰਦੁਆਰਾ ਹਟ ਸਾਹਿਬ ਵਿਚ ਸੰਭਾਲ ਕੇ ਰਖੇ ਹੋਏ ਹਨ। ਕੁਝ ਲਿਖਾਰੀਆਂ ਅਨੁਸਾਰ ਗੁਰੂ ਜੀ ਬਿਨਾਂ ਸੋਚੇ ਸਮਝੇ ਗਵਰਨਰ ਦੀ ਜਾਇਦਾਦ ਲੁਟਾ ਰਹੇ ਸਨ ਅਤੇ ਜਿਹੜੇ ਵਧੇਰੇ ਹਮਦਰਦ ਹਨ ਉਹ ਇਹ ਦਸਣ ਲਈ ਕਰਾਮਾਤਾਂ ਦੀ ਸਹਾਇਤਾ ਲੈਂਦੇ ਹਨ ਕਿ ਗੁਰੂ ਜੀ ਦੇ ਖੁਲ੍ਹਾ ਦਾਨ ਕਰਨ ਤੇ ਵੀ ਉਨ੍ਹਾਂ ਦੇ ਖਾਤੇ ਵਿਚ ਪੂਰੇ ਅਨਾਜ ਤੋਂ ਵਾਧੂ ਅਨਾਜ ਬਚਿਆ ਹੁੰਦਾ ਸੀ। ਗਲ ਇਹ ਜਾਪਦੀ ਹੈ ਕਿ ਗੁਰੂ ਜੀ ਨੂੰ ਉਨ੍ਹਾਂ ਦੀ ਤਨਖਾਹ ਜਿਨਸ ਦੇ ਰੂਪ ਵਿਚ ਮਿਲਦੀ ਸੀ ਅਤੇ ਕਿਉਂਕਿ ਉਹ ਆਪਣੇ ਉੱਤੇ ਬਹੁਤ ਘੱਟ ਖਰਚ ਕਰਦੇ ਸਨ ਇਸ ਲਈ ਉਹ ਆਪਣੇ ਹਿਸੇ ਵਿੱਚੋ ਬਹੁਤਾ ਕੁਝ ਦਾਨ ਵਜੋਂ ਦੇਣ ਦੇ ਯੋਗ ਸਨ ਤੇ ਫਿਰ ਵੀ ਉਨ੍ਹਾਂ ਦਾ ਕੁਝ ਹਿੱਸਾ ਮੋਦੀਖਾਨੇ ਵਿਚ ਪਿਆ ਰਹਿੰਦਾ ਸੀ।

ਵਿਚ ਖੜੋਤੇ ਹਨ ਅਤੇ ਉਨ੍ਹਾਂ ਨੂੰ ਆਪਣੇ ਜੀਵਨ ਉੱਦੇਸ਼ ਦੀ ਪੂਰਤੀ ਲਈ ਪਰਮਾਤਮਾ ਤੋਂ ਸੁਨੇਹਾ ਪ੍ਰਾਪਤ ਹੋਇਆ ਹੈ। ਜਦੋਂ ਉਹ ਤਿੰਨ ਦਿਨਾਂ ਬਾਅਦ ਮੁੜ ਲੋਕਾਂ ਵਿਚ ਪ੍ਰਗਟ ਹੋਏ ਤਾਂ ਉਹ ਬਿਲਕੁਲ ਬਦਲੇ ਹੋਏ ਸਨ। ਉਨ੍ਹਾਂ ਪਾਸ ਜੋ ਕੁਝ ਵੀ ਸੀ ਉਨ੍ਹਾਂ ਨੇ ਉਹ ਗਰੀਬਾਂ ਵਿਚ ਵੰਡ ਦਿੱਤਾ ਅਤੇ ਆਪ ਚੁੱਪ ਰਹੇ। ਜਦ ਕਦੇ ਉਨ੍ਹਾਂ ਨੂੰ ਕੋਈ ਕੁਝ ਕਹਿਣ ਲਈ ਜੋਰ ਪਾਉਂਦਾ ਤਾਂ ਉਹ ਕੇਵਲ ਇਹੀ ਕਹਿੰਦੇ : 'ਨਾ ਕੋਈ ਹਿੰਦੂ ਨਾ ਮੁਸਲਮਾਨ।' ਆਪਣੇ ਜੀਵਨ ਉੱਦੇਸ਼ ਨੂੰ ਸ਼ੁਰੂ ਕਰਨ ਲਈ ਇਹ ਵਾਕ ਇਕ ਸਹੀ ਕਾਇਦਾ ਸੀ ਜਿਸ ਰਾਹੀਂ ਉਹ ਭਾਰਤ ਦੇ ਦੋ ਵਿਰੋਧੀ ਫ਼ਿਰਕਿਆਂ ਨੂੰ ਇਹ ਦੱਸ ਕੇ, ਕਿ ਕਿਵੇਂ ਉਹ ਦੋਨੋਂ ਆਪਣੇ ਉੱਚੇ ਆਦਰਸ਼ਾਂ ਤੋਂ ਡਿਗ ਪਏ ਹਨ ਅਤੇ ਆਪਣੇ ਸਾਂਝੇ ਪਿਤਾ ਪਰਮਾਤਮਾ ਨੂੰ ਭੁੱਲ ਗਏ ਹਨ, ਇਕ ਭਾਈਚਾਰੇ ਵਿਚ ਸੁਮੇਲ ਕਰਾਉਣਾ ਚਾਹੁੰਦੇ ਸਨ।

ਉਨ੍ਹਾਂ ਦੇ ਇਸ ਵਾਕ ਨੇ ਸ਼ਹਿਰ ਵਿਚ ਹਲਚਲ ਮਚਾ ਦਿੱਤੀ ਅਤੇ ਸ਼ਹਿਰ ਦੇ ਕਾਜ਼ੀ ਦੀ ਸ਼ਿਕਾਇਤ ਤੇ ਉਨ੍ਹਾਂ ਨੂੰ ਗਵਰਨਰ ਦੇ ਸਾਹਮਣੇ ਸੱਦਿਆ ਗਿਆ ਜਿਸ ਨੇ ਉਨ੍ਹਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਲਈ ਕਿਹਾ। ਆਪਣੇ ਵਿਚਾਰਾਂ ਨੂੰ ਸਪੱਸ਼ਟ ਕਰਨ ਲਈ ਨਾਨਕ ਜੀ ਆਪਣੇ ਆਲੋਚਕਾਂ ਨਾਲ ਉਨ੍ਹਾਂ ਦੀ ਮਸਜਿਦ ਵਿਚ ਚਲੇ ਗਏ ਜਿੱਥੇ ਕਾਜੀ ਨੇ ਨਿਮਾਜ਼ ਪੜ੍ਹਨ ਲਈ ਮੋਮਨਾਂ ਦੀ ਅਗਵਾਈ ਕੀਤੀ। ਗੁਰੂ ਜੀ ਨੇ ਕਾਜੀ ਅਤੇ ਗਵਰਨਰ ਨੂੰ ਕਿਹਾ ਕਿ ਉਨ੍ਹਾਂ ਦੀਆਂ ਨਿਮਾਜ਼ਾਂ ਰੱਬ ਦੀ ਦਰਗਾਹ ਵਿਚ ਪ੍ਰਵਾਨ ਨਹੀਂ ਹੋਈਆਂ ਕਿਉਂਕਿ ਜਦੋਂ ਉਹ ਰੱਬ ਦੀ ਹਜ਼ੂਰੀ ਵਿਚ ਮਨ ਟਿਕਾਉਣ ਦੀ ਥਾਂ ਰਸਮੀ ਤੌਰ ਤੇ ਹੀ ਨਿਮਾਜ਼ ਪੜ੍ਹ ਰਹੇ ਸਨ ਤਾਂ ਉਨ੍ਹਾਂ ਦੇ ਮਨ ਇਧਰ ਉਧਰ ਭਟਕਦੇ ਫਿਰਦੇ ਸਨ। ਉਨ੍ਹਾਂ ਵਿੱਚੋਂ ਇਕ [ਭਾਵ ਕਾਜ਼ੀ] ਆਪਣੇ ਘਰ ਨਵੀਂ ਜੰਮੀ ਵਛੇਰੀ ਦੀ ਚਿੰਤਾ ਵਿਚ ਸੀ ਅਤੇ ਦੂਜਾ (ਭਾਵ ਨਵਾਬ ਦੌਲਤ ਖਾਂ) ਕਾਬਲ ਵਿਚ ਘੋੜੇ ਖਰੀਦਣ ਪਿੱਛੇ ਲਗਾ ਫਿਰਦਾ ਸੀ। ਇੰਞ ਤਰ੍ਹਾਂ ਉਹ ਦੋਨੋਂ ਹੀ ਚੰਗੇ ਮੁਸਲਮਾਨ ਨਹੀਂ ਸਨ। ਗੁਰੂ ਨਾਨਕ ਜੀ ਨੇ ਆਪਣੀ ਰਚਨਾ ਵਿੱਚੋਂ ਸ਼ਬਦ[8] ਗਾਇਆ ਜਿਸ ਵਿਚ ਉਨ੍ਹਾਂ ਦੱਸਿਆ ਕਿ ਇਕ ਸੱਚੇ ਮੁਸਲਮਾਨ ਤੋਂ ਕਿਸ ਗੱਲ ਦੀ ਆਸ ਰੱਖੀ ਜਾਂਦੀ ਹੈ। ਜਿਸ ਕਿਸੇ ਨੇ ਵੀ ਉਨ੍ਹਾਂ ਦਾ ਸ਼ਬਦ ਸੁਣਿਆ ਉਸ ਨੇ ਹੀ ਇਉਂ ਕਿਹਾ : 'ਨਾਨਕ ਜੀ ਦੇ ਮੁੱਖ ਵਿੱਚੋਂ ਦੀ ਰੱਬ ਬੋਲ ਰਿਹਾ ਹੈ।'

ਗੁਰੂ ਨਾਨਕ ਜੀ ਦੇ ਜੀਵਨ ਵਿਚ ਇਹ ਇਕ ਨਿਰਣੈ-ਜਨਕ ਘਟਨਾ ਸੀ। ਉਨ੍ਹਾਂ ਨੇ ਦੌਲਤ ਖ਼ਾਂ ਦੀ ਨੌਕਰੀ ਛੱਡ ਦਿੱਤੀ ਅਤੇ ਇਕ ਜਗਤ-ਗੁਰੂ ਵਜੋਂ ਆਪਣਾ ਜੀਵਨ ਉੱਦੇਸ਼ ਆਰੰਭ ਕੀਤਾ। ਇਹ ਘਟਨਾ 1496 ਈਸਵੀ ਵਿਚ ਵਾਪਰੀ ਜਦੋਂ ਉਨ੍ਹਾਂ ਦੀ ਉਮਰ 27 ਸਾਲ ਸੀ। ਉਨ੍ਹਾਂ ਨੇ ਆਪਣੇ ਰਬਾਬੀ ਅਤੇ ਸ਼ਰਧਾਲੂ ਚੇਲੇ[9] ਭਾਈ ਮਰਦਾਨੇ ਨੂੰ ਆਪਣੇ ਨਾਲ ਲੈ ਲਿਆ। ਗੁਰੂ ਜੀ ਸੰਗੀਤ ਦੇ ਬਹੁਤ ਸ਼ੌਕੀਨ ਸਨ ਅਤੇ ਉਨ੍ਹਾਂ ਦੇ ਬਹੁਤ ਸਾਰੇ ਸੰਦੇਸ਼ ਛੇ-ਤਾਰੀ ਰਬਾਬ, ਜੋ ਕਿ ਉਨ੍ਹਾਂ ਦੀ ਆਪਣੀ ਹੀ ਕਾਢ ਸੀ,[10] ਨਾਲ ਸੰਗਤਾਂ ਦੇ ਸਾਹਮਣੇ ਗਾਏ ਜਾਂਦੇ ਸਨ। ਪਹਿਲੇ ਉਨ੍ਹਾਂ ਨੇ ਕੁਝ ਸਮਾਂ ਪੰਜਾਬ ਵਿਚ ਹੀ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਆਪਣੇ ਵਿਚਾਰ ਨਾਲ ਸਹਿਮਤ ਕਰਨ ਵਿਚ ਲੰਘਾਇਆ ਅਤੇ ਜਿੱਥੇ ਵੀ ਗਏ ਉਥੇ ਹੀ ਉਹ ਮੰਜੀਆਂ ਜਾਂ ਪ੍ਰਚਾਰ-ਕੇਂਦਰ ਸਥਾਪਿਤ ਕਰਦੇ ਗਏ। ਸੈਦਪੁਰ (ਜਿਸ ਨੂੰ ਹੁਣ ਐਮਨਾਬਾਦ ਕਹਿੰਦੇ ਹਨ) ਦੇ ਸਥਾਨ ਤੇ ਉਹ ਭਾਈ ਲਾਲੋ ਨਾਮੀ ਇਕ ਤਰਖਾਣ ਦੇ ਘਰ ਠਹਿਰੇ। ਇਹ ਇਕ ਅਜੀਬ ਹੀ ਮੇਲ ਸੀ ਕਿ ਇਕ ਖੱਤਰੀ ਸੰਤ ਇਕ ਨੀਵੀਂ ਜਾਤ ਦੇ ਮੁਸਲਮਾਨ ਭੱਟ ਨੂੰ ਨਾਲ ਲੈ ਕੇ ਇਕ ਹਿੰਦੂ ਸ਼ੂਦਰ ਦੇ ਪਾਸ ਰਹਿ ਰਿਹਾ ਸੀ ਤੇ ਉਥੇ ਹੀ ਭੋਜਨ

8. ਇਹ ਸ਼ਬਦ Macauliffe, *The Sikh Religion*, Vol. 1, pp 38-39 ਤੇ ਦਿੱਤੇ ਗਏ ਹਨ।
9. Forster's Travels, I, p. 256; ਭਾਈ ਗੁਰਦਾਸ, *ਵਾਰ ਗਿਆਰਵੀਂ*।
10. ਸਦੀਕ ਅਲੀ ਖ਼ਾਂ ਦੀ ਪੁਸਤਕ *ਸਰਮਾਇਆ-ਇ-ਇਸ਼ਰਤ* ਦੇਖੋ। ਉਸੇ ਪੁਸਤਕ ਅਨੁਸਾਰ ਸਾਰੰਦਾ ਦੀ ਕਾਢ, ਜਿਹੜਾ ਤਾਰ ਵਾਲਾ ਇਕ ਹੋਰ ਸਾਜ਼ ਹੈ, ਗੁਰੂ ਅਮਰਦਾਸ ਜੀ ਨੇ ਕੱਢੀ ਸੀ।

ਛਕ ਰਿਹਾ ਸੀ। ਇਹ ਗੱਲ ਆਮ ਚਰਚਾ ਦਾ ਵਿਸ਼ਾ ਬਣ ਗਈ। ਜਦੋਂ ਗੁਰੂ ਨਾਨਕ ਜੀ ਨੇ ਸਥਾਨਕ ਪਠਾਣ ਫ਼ੌਜਦਾਰ ਦੇ ਇਕ ਹਿੰਦੂ ਮੁਲਾਜ਼ਮ ਮਲਕ ਭਾਗੋ ਦੇ ਇਕ ਮਹਾਨ ਭੋਜ ਵਿਚ ਸ਼ਰੀਕ ਹੋਣ ਤੋਂ ਨਾ ਕੀਤੀ ਤਾਂ ਨਿਰੋਲ ਚਰਚਾ ਇਕ ਕਰੜੀ ਆਲੋਚਨਾ ਦਾ ਰੂਪ ਧਾਰਨ ਕਰ ਗਈ। ਮਲਕ ਨੇ ਗੁਰੂ ਜੀ ਨੂੰ ਸੱਦ ਕੇ ਉਨ੍ਹਾਂ ਵੱਲੋਂ ਉਸ ਨਾਲੋਂ ਇਕ ਨੀਵੀਂ ਜਾਤ ਦੇ ਤਰਖਾਣ ਦੇ ਘਰ ਭੋਜਨ ਛਕਣ ਨੂੰ ਤਰਜੀਹ ਦੇਣ ਅਤੇ ਉਨ੍ਹਾਂ ਵਰਗੇ ਇਕ ਉੱਚੀ ਕੁੱਲ ਦੇ ਆਦਮੀ ਦੇ ਸੱਦੇ ਨੂੰ ਪਰਵਾਨ ਨਾ ਕਰਨ ਤੇ ਉਨ੍ਹਾਂ ਦੀ ਵਿਰੋਧਤਾ ਕੀਤੀ। ਗੁਰੂ ਜੀ ਨੇ ਮਲਕ ਭਾਗੋ ਦੇ ਬਹੁਤ ਉੱਚੇ ਦਰਜੇ ਦੇ ਭੋਜ ਵਿੱਚੋਂ ਖਾਣੇ ਦੀ ਇਕ ਥਾਲੀ ਮੰਗਵਾਈ ਅਤੇ ਆਪਣੇ ਗਰੀਬ ਮੇਜ਼ਬਾਨ [ਭਾਈ ਲਾਲੋ] ਦੇ ਘਰੋਂ ਵੀ ਬਹੁਤ ਹੀ ਸਾਧਾਰਨ ਰੋਟੀ ਦਾ ਟੁੱਕੜਾ ਮੰਗਵਾਇਆ। ਇਨ੍ਹਾਂ ਦੋਨਾਂ ਨੂੰ ਆਪਣੇ ਹੱਥਾ ਵਿਚ ਫੜਕੇ ਗੁਰੂ ਜੀ ਨੇ ਕਿਹਾ ਕਿ ਉਨ੍ਹਾਂ ਨੂੰ ਭਾਈ ਲਾਲੋ ਦੀ ਹੱਕ ਹਲਾਲ ਦੀ ਕਮਾਈ ਹੋਈ ਰੋਟੀ ਵਿੱਚੋਂ ਪੌਸ਼ਟਿਕ ਦੁੱਧ ਨਿਕਲਦਾ ਦਿਸਦਾ ਹੈ ਅਤੇ ਮਲਕ ਭਾਗੋ ਦੇ ਸ਼ਾਹੀ ਖਰਚੇ ਵਾਲੇ ਸਵਾਦਿਸ਼ਟ ਭੋਜਨ ਵਿੱਚੋਂ ਸਤਾਈ ਹੋਈ ਮਨੁੱਖਤਾ ਦਾ ਲਾਲ ਖ਼ੂਨ ਚੋਂਦਾ ਦਿਸਦਾ ਹੈ। ਉਨ੍ਹਾਂ ਨੇ ਕਿਹਾ, "ਮੇਰੀ ਨਜ਼ਰ ਵਿਚ ਕੋਈ ਜਾਤ ਪਾਤ ਨਹੀਂ ਹੈ ਕਿਉਂਕਿ ਮਨੁੱਖਤਾ ਵਿਚ ਕੇਵਲ ਇਕੋ ਭਾਈਚਾਰਾ ਹੈ ਅਤੇ ਅਲਹਿਦਗੀ ਅਪਵਿੱਤਰ ਹੈ।' ਭਾਈ ਲਾਲੋ ਨੂੰ ਉੱਤਰੀ ਪੰਜਾਬ ਵਿਚ ਸਿੱਖੀ ਦਾ ਪ੍ਰਚਾਰ ਕਰਨ ਲਈ ਪਹਿਲਾ ਮੰਜੀਦਾਰ (ਪ੍ਰਚਾਰਕ) ਸਥਾਪਿਤ ਕੀਤਾ ਗਿਆ।

ਇਸ ਤੋਂ ਪਿੱਛੋਂ ਗੁਰੂ ਜੀ ਮੁਲਤਾਨ ਦੇ ਲਾਗੇ ਤੁਲੰਬਾ ਨਗਰ ਵਿਚ ਗਏ ਜਿੱਥੇ ਉਨ੍ਹਾਂ ਨੇ ਸੱਜਣ ਨਾਮੀਂ ਇਕ ਪੇਸ਼ਾਵਰ ਠੱਗ ਨੂੰ ਸੁਧਾਰਿਆ। ਦੇਖਣ ਨੂੰ ਉਹ ਇਕ ਪਵਿੱਤਰ ਵਿਅਕਤੀ ਪ੍ਰਤੀਤ ਹੁੰਦਾ ਸੀ ਅਤੇ ਆਪਣੇ ਆਪ ਨੂੰ ਸ਼ੇਖ ਕਹਿੰਦਾ ਸੀ। ਉਸ ਨੇ ਹਿੰਦੂਆਂ ਲਈ ਮੰਦਰ ਅਤੇ ਮੁਸਲਮਾਨਾਂ ਲਈ ਮਸਜਿਦ ਬਣਾ ਰੱਖੀ ਸੀ। ਉਸ ਨੇ ਯਾਤਰੂਆਂ ਦੀ ਰਿਹਾਇਸ਼ ਅਤੇ ਉਨ੍ਹਾਂ ਦੇ ਭੋਜਨ ਦਾ ਪ੍ਰਬੰਧ ਕੀਤਾ ਹੋਇਆ ਸੀ ਅਤੇ ਸਾਧੂ ਦੇ ਭੇਸ ਵਿਚ ਠੱਗੀ ਕਰਦਾ ਸੀ। ਉਹ ਰਾਤ ਨੂੰ ਆਪਣੇ ਭੋਲੇ ਭਾਲੇ ਅਤੇ ਸ਼ੱਕ ਨਾ ਕਰਨ ਵਾਲੇ ਮਹਿਮਾਨਾਂ ਉੱਤੇ ਟੁੱਟ ਪੈਂਦਾ ਅਤੇ ਉਨ੍ਹਾਂ ਦਾ ਸਾਰਾ ਸਾਮਾਨ ਖੋਹ ਕੇ ਉਨ੍ਹਾਂ ਨੂੰ ਇਕ ਗੁਪਤ ਖੂਹ ਵਿਚ ਸੁੱਟ ਦਿੰਦਾ। ਉਹ ਗੁਰੂ ਨਾਨਕ ਜੀ ਅਤੇ ਉਨ੍ਹਾਂ ਦੇ ਸਾਥੀ ਨਾਲ ਵੀ ਉਹੀ ਫਰੇਬ ਖੇਡਣਾ ਚਾਹੁੰਦਾ ਸੀ ਪਰ ਗੁਰੂ ਨਾਨਕ ਜੀ ਸੌਖਿਆਂ ਹੀ ਉਸ ਦੀ ਚਾਲ ਵਿਚ ਫਸਣ ਵਾਲੇ ਨਹੀਂ ਸਨ। ਰਾਤ ਨੂੰ ਸੌਣ ਤੋਂ ਪਹਿਲਾਂ ਗੁਰੂ ਨਾਨਕ ਜੀ ਨੇ ਇਕ ਸ਼ਬਦ[11] ਗਾਇਆ ਜਿਹੜਾ ਸੱਜਣ ਵਰਗੇ ਮਨੁੱਖ ਨਾਲ ਨਜਿੱਠਣ ਲਈ ਵਿਸ਼ੇਸ਼ ਤੌਰ ਤੇ ਰਚਿਆ ਗਿਆ ਸੀ। ਗੁਰੂ ਜੀ ਦੇ ਉਸ ਧੁਰ ਦਿਲ ਵਿਚ ਉਤਰ ਜਾਣ ਵਾਲੇ ਸ਼ਬਦ ਨੇ ਪੱਥਰ-ਦਿਲ ਸੱਜਣ ਠੱਗ ਦੇ ਦਿਲ ਅੰਦਰ ਦੀਆਂ ਕੋਮਲ ਤਾਰਾਂ ਨੂੰ ਜਾ ਟੁਣਕਾਇਆ ਅਤੇ ਉਹ ਬਦਲ ਗਿਆ। ਸੱਜਣ ਦਾ ਘਰ ਜਿਹੜਾ ਇਕ ਦੋਸ਼ੀ ਦਾ ਅੱਡਾ ਸੀ ਉਹ ਹੁਣ ਰੱਬ ਦੀ ਪੂਜਾ ਲਈ ਇਕ ਮੰਦਰ ਬਣ ਗਿਆ। ਇਹ ਪਹਿਲੀ ਧਰਮਸ਼ਾਲਾ ਜਾਂ ਸਿੱਖ ਗੁਰਦੁਆਰਾ ਸੀ ਜਿਹੜਾ ਗੁਰੂ ਜੀ ਨੇ ਸਥਾਪਿਤ ਕੀਤਾ ਅਤੇ ਜਿੱਥੇ ਸੱਜਣ ਨੂੰ ਦੱਖਣੀ ਅਤੇ ਪੱਛਮੀ ਪੰਜਾਬ ਵਿਚ ਗੁਰੂ ਜੀ ਦੇ ਧਰਮ ਦਾ ਪ੍ਰਚਾਰ ਕਰਨ ਲਈ ਪ੍ਰਚਾਰਕ ਮੁਕੱਰਰ ਕੀਤਾ।

### ਗੁਰੂ ਜੀ ਦੀਆਂ ਉਦਾਸੀਆਂ

ਇਸ ਤੋਂ ਬਾਅਦ ਗੁਰੂ ਨਾਨਕ ਜੀ ਆਪਣੀਆਂ ਲੰਮੀਆਂ ਉਦਾਸੀਆਂ ਤੇ ਚਲ ਪਏ। ਉਨ੍ਹਾਂ ਦੀ ਪਹਿਲੀ ਯਾਤਰਾ ਪੂਰਬ ਵੱਲ ਸੀ ਜਿਸ ਵਿਚ ਹਿੰਦੂ ਧਰਮ ਦੇ ਪ੍ਰਸਿੱਧ ਕੇਂਦਰ ਸ਼ਾਮਿਲ ਸਨ। ਉਹ ਪਵਿੱਤਰ ਅਸਥਾਨਾਂ ਉੱਤੇ ਤਿਉਹਾਰਾਂ ਦੇ ਮੌਕਿਆ ਤੇ ਗਏ ਤਾਂ ਜੋ ਉਥੇ ਭਾਰੀ ਗਿਣਤੀ ਵਿਚ ਲੋਕਾਂ ਨੂੰ ਮਿਲ ਸਕਣ। ਉਨ੍ਹਾਂ ਦਾ ਲੋਕਾਂ ਨੂੰ ਮਿਲਣ ਦਾ ਢੰਗ ਵਾਦ-ਵਿਵਾਦੀ ਹੋਣ ਨਾਲੋਂ ਵਧੇਰੇ ਨਾਟਕੀ

11 Macauliffe, Vol, I, p. 146.

ਸੀ। ਉਹ ਭਗਵੇਂ ਰੰਗ ਦਾ ਲੰਮਾ ਚੋਗਾ, ਲੱਕ ਦੁਆਲੇ ਚਿੱਟੇ ਰੰਗ ਦੀ ਪੇਟੀ, ਸਿਰ ਉੱਤੇ ਨੋਕਦਾਰ ਟੋਪੀ, ਗੱਲ ਵਿਚ ਹੱਡੀਆਂ ਦੀ ਮਾਲਾ, ਪੈਰੀਂ ਅੱਡ-ਅੱਡ ਨਮੂਨੇ ਦੀਆਂ ਜੁੱਤੀਆਂ ਦਾ ਜੋੜਾ ਅਤੇ ਮੱਥੇ ਉੱਤੇ ਕੇਸਰ ਦਾ ਤਿਲਕ ਲਗਾ ਕੇ ਅਜੀਬ ਤਰ੍ਹਾਂ ਦਾ ਰੰਗ-ਬਰੰਗਾ ਲਿਬਾਸ[12] ਅਖਤਿਆਰ ਕਰਦੇ। ਅਜਿਹਾ ਪਹਿਰਾਵਾ ਪਹਿਨ ਕੇ ਗੁਰੂ ਸਾਹਿਬ ਨੂੰ ਆਪਣੇ ਪੁੱਜਣ ਦੀ ਘੋਸ਼ਣਾ ਕਰਨ ਦੀ ਲੋੜ ਨਹੀਂ ਪੈਂਦੀ ਸੀ।

ਇਕ ਸੂਰਜ ਗ੍ਰਹਿਣ ਸਮੇਂ ਕੁਰਕਸ਼ੇਤਰ ਦੇ ਸਥਾਨ ਤੇ ਗੁਰੂ ਜੀ ਨੇ ਹਿਰਨ ਦਾ ਮਾਸ ਪਕਾਉਣਾ ਸ਼ੁਰੂ ਕਰ ਦਿੱਤਾ ਜਿਹੜਾ ਉਨ੍ਹਾਂ ਦੇ ਇਕ ਸ਼ਰਧਾਲੂ ਨੇ ਉਨ੍ਹਾਂ ਨੂੰ ਭੇਟ ਕੀਤਾ ਸੀ। ਇਸ ਤੋਂ ਪੁਜਾਰੀ ਤੇ ਯਾਤਰੀ ਭੈ-ਭੀਤ ਹੋ ਗਏ ਅਤੇ ਉਹ ਗੁਰੂ ਜੀ ਨੂੰ ਕੁੱਟਣ-ਮਾਰਨ ਲਈ ਉਨ੍ਹਾਂ ਵੱਲ ਨੂੰ ਭੱਜੇ ਪਰ ਗੁਰੂ ਜੀ ਬਿਲਕੁਲ ਨਾ ਘਬਰਾਏ। ਉਨ੍ਹਾਂ ਨੇ ਇਕ ਸ਼ਬਦ[13] ਉਚਾਰਿਆ ਜਿਸ ਦੁਆਰਾ ਉਨ੍ਹਾਂ ਨੇ ਆਪਣੇ ਸਰੋਤਿਆਂ ਨੂੰ ਯਾਦ ਕਰਾਇਆ ਕਿ ਉਨ੍ਹਾਂ ਦੇ ਬਜ਼ੁਰਗ ਜਾਨਵਰਾਂ ਨੂੰ ਮਾਰ ਕੇ ਦੇਵੀ ਦੇਵਤਿਆਂ ਦੀ ਭੇਟ ਚੜ੍ਹਾਉਂਦੇ ਸਨ। ਉਨ੍ਹਾਂ ਕਿਹਾ ਕਿ ਕੋਈ ਆਦਮੀ ਮਾਸ ਦੀ ਵਰਤੋਂ ਤੋਂ ਬਚ ਨਹੀਂ ਸਕਦਾ ਜਦੋਂ ਤਕ ਉਹ ਸਭ ਜੀਵਾਂ ਦੇ ਸਰੋਤ ਪਾਣੀ ਦੀ ਵਰਤੋਂ ਕਰਦਾ ਹੈ।

ਦਿੱਲੀ ਅਤੇ ਪਾਨੀਪਤ ਵਿੱਚੋਂ ਦੀ ਲੰਘ ਕੇ ਗੁਰੂ ਜੀ ਉੱਤਰ-ਪੂਰਬੀ ਦਿਸ਼ਾ ਰਾਹੀਂ ਹਰਦੁਆਰ ਪੁੱਜ ਗਏ ਜਿੱਥੇ ਬਹੁਤ ਸਾਰੇ ਹਿੰਦੂ ਗੰਗਾ ਦੇ ਪਵਿੱਤਰ ਪਾਣੀ ਵਿਚ ਇਸ਼ਨਾਨ ਕਰਕੇ ਆਪਣੇ ਪਾਪਾਂ ਤੋਂ ਮੁਕਤ ਹੋਣ ਲਈ ਇਕੱਠੇ ਹੋਏ ਹੋਏ ਸਨ। ਦਰਿਆ ਵਿਚ ਖੜੋ ਕੇ ਉਹ ਆਪਣੇ ਚਲਾਣਾ ਕਰ ਚੁੱਕੇ ਬਜ਼ੁਰਗਾਂ ਲਈ ਭੇਟਾ ਵਜੋਂ ਪਾਣੀ ਦੇ ਬੁੱਕ ਭਰ ਭਰ ਕੇ ਸੂਰਜ ਵੱਲ ਨੂੰ ਸੁੱਟ ਰਹੇ ਸਨ। ਗੁਰੂ ਜੀ ਉਨ੍ਹਾਂ ਵਿਚ ਜਾ ਖੜੇ ਹੋਏ ਅਤੇ ਉਨ੍ਹਾਂ ਪੱਛਮ ਵੱਲ ਨੂੰ ਪਾਣੀ ਸੁੱਟਣਾ ਸ਼ੁਰੂ ਕਰ ਦਿੱਤਾ। ਇਹ ਦੇਖ ਕੇ ਯਾਤਰੀਆਂ ਦੀ ਇਕ ਭੀੜ ਉਨ੍ਹਾਂ ਦੇ ਲਾਗੇ ਇਕੱਠੀ ਹੋ ਗਈ ਤੇ ਉਨ੍ਹਾਂ ਦੀ ਇਸ ਹਰਕਤ ਬਾਰੇ ਉਨ੍ਹਾਂ ਤੋਂ ਪ੍ਰਸ਼ਨ ਪੁੱਛਣ ਲੱਗੇ। ਉਨ੍ਹਾਂ ਉੱਤਰ ਦਿੱਤਾ ਕਿ ਉਹ ਪੰਜਾਬ ਵਿਚ ਆਪਣੇ ਤਾਜ਼ਾ ਬੀਜੇ ਖੇਤਾਂ ਨੂੰ ਪਾਣੀ ਦੇ ਰਹੇ ਹਨ। ਯਾਤਰੀਆਂ ਨੇ ਗੁਰੂ ਜੀ ਦੇ ਇਸ ਉੱਤਰ ਦਾ ਮਖੌਲ ਉਡਾਇਆ ਤੇ ਕਿਹਾ, "ਤੁਹਾਡੇ ਸੁੱਟੇ ਪਾਣੀ ਦੇ ਇਹ ਬੁੱਕ ਦੋ ਸੌ ਮੀਲਾਂ ਤੋਂ ਵੀ ਦੂਰ ਤੁਹਾਡੇ ਖੇਤਾਂ ਵਿਚ ਕਿਵੇਂ ਪੁੱਜ ਸਕਦੇ ਹਨ?" ਗੁਰੂ ਜੀ ਨੇ ਉੱਤਰ ਦਿੱਤਾ, "ਜੇ ਮੇਰਾ ਪਾਣੀ ਇਸ ਧਰਤੀ ਉੱਤੇ ਹੀ ਸਥਿਤ ਕੁਝ ਸੌ ਮੀਲ ਦੂਰ ਮੇਰੀ ਜ਼ਮੀਨ ਤਕ ਨਹੀਂ ਪੁੱਜ ਸਕਦਾ ਤਾਂ ਤੁਹਾਡਾ ਸੁੱਟਿਆ ਹੋਇਆ ਪਾਣੀ ਅਗਲੀ ਦੁਨੀਆਂ ਵਿਚ ਤੁਹਾਡੇ ਬਜ਼ੁਰਗਾਂ ਤਕ ਕਿਵੇਂ ਪੁੱਜ ਸਕਦਾ ਹੈ?"

ਉਥੋਂ ਚਲ ਕੇ ਗੁਰੂ ਜੀ ਬਨਾਰਸ ਪੁੱਜੇ ਜਿੱਥੇ ਉਨ੍ਹਾਂ ਦਾ ਮੂਰਤੀ ਪੂਜਾ ਅਤੇ ਪ੍ਰਤੀਕਵਾਦ[14] ਦੇ ਮਸਲੇ ਉੱਤੇ ਇਕ ਪ੍ਰਸਿੱਧ ਪੰਡਿਤ ਚਤਰ ਦਾਸ ਨਾਲ ਲੰਮਾਂ ਵਿਚਾਰ ਵਟਾਂਦਰਾ ਹੋਇਆ। ਉਨ੍ਹਾਂ ਵਿਚਾਰਾਂ ਵਿੱਚੋਂ ਬਹੁਤੇ ਕੁਝ ਨੂੰ 'ਓਅੰਕਾਰ' ਨਾਮ ਦੀ ਬਾਣੀ ਵਿਚ ਕਵਿਤਾ ਦਾ ਰੂਪ ਦਿੱਤਾ ਗਿਆ। ਪੰਡਿਤ ਨੂੰ ਇਸ ਗੱਲ ਦਾ ਅਹਿਸਾਸ ਕਰਾਇਆ ਗਿਆ ਕਿ ਪਰਮਾਤਮਾ ਹਰ ਮਨੁੱਖੀ ਹਿਰਦੇ ਵਿਚ ਵਸਦਾ ਹੈ ਅਤੇ ਪਵਿੱਤਰ ਨਾਮ ਦੇ ਰੂਪ ਵਿਚ ਉਸ ਪਰਮਾਤਮਾ ਦੀ ਪੂਜਾ ਕੀਤੀ ਜਾ ਸਕਦੀ ਹੈ। ਚਤਰ ਦਾਸ ਕਈ ਹੋਰਨਾਂ ਸਮੇਤ ਗੁਰੂ ਜੀ ਦਾ ਸਿੱਖ ਬਣ ਗਿਆ ਅਤੇ ਇਕ ਪ੍ਰਚਾਰਕ ਵਜੋਂ ਬਨਾਰਸ ਵਿਚ ਸਿੱਖ ਧਰਮ ਦੇ ਪ੍ਰਚਾਰ ਲਈ ਉਸ ਨੇ ਬਹੁਤ ਕੁਝ ਕੀਤਾ। ਜਿੱਥੇ ਗੁਰੂ ਜੀ ਚਤਰ ਦਾਸ ਨੂੰ ਮਿਲੇ ਸਨ, ਉਸ ਥਾਂ ਹੁਣ ਗੁਰਦੁਆਰਾ ਹੈ ਜਿਸ ਨੂੰ 'ਗੁਰੂ ਕਾ ਬਾਗ' ਕਿਹਾ ਜਾਂਦਾ ਹੈ। ਬਨਾਰਸ ਤੋਂ ਚਲ ਕੇ ਗੁਰੂ ਜੀ ਗਯਾ ਵਿੱਚੋਂ ਦੀ ਲੰਘੇ ਤੇ ਫਿਰ ਪਟਨੇ ਪੁੱਜੇ ਜਿੱਥੇ ਸਾਲਸ ਰਾਇ ਜੌਹਰੀ ਨੂੰ

12. *ਪੁਰਾਤਨ ਜਨਮ ਸਾਖੀ*, ਪੰਨਾ 43.
13. Macauliffe, Vol I, pp, 48-49.
14. Macauliffe, Vol. I, p. 61.

ਉਨ੍ਹਾਂ ਸਿੱਖ ਬਣਾਇਆ। ਗੁਰੂ ਜੀ ਨੇ ਉਸ ਨੂੰ ਆਪਣਾ ਪ੍ਰਚਾਰਕ ਨਿਯੁਕਤ ਕੀਤਾ ਤੇ ਮੰਜੀ[15] ਦੀ ਬਖ਼ਸ਼ਿਸ਼ ਕੀਤੀ। ਫਿਰ ਗੁਰੂ ਜੀ ਕਾਮਰੂਪ (ਆਸਾਮ) ਵਿਚ ਪੁੱਜੇ ਜਿੱਥੇ ਕੁਝ ਇਸਤਰੀਆਂ ਨੇ ਆਪਣੀ ਸੁੰਦਰਤਾ, ਦੌਲਤ ਅਤੇ ਜਾਦੂ ਨਾਲ ਗੁਰੂ ਜੀ ਨੂੰ ਮੋਹਿਤ ਕਰਨ ਦਾ ਯਤਨ ਕੀਤਾ। ਗੁਰੂ ਜੀ ਨੇ ਉਨ੍ਹਾਂ ਨੂੰ ਨਿਸਚਾ ਕਰਾ ਦਿੱਤਾ ਕਿ ਸੁੰਦਰਤਾ ਕੇਵਲ ਇੰਦਰਿਆਵੀ ਭੋਗਾਂ ਲਈ ਨਹੀਂ ਹੈ ਸਗੋਂ ਦੰਪਤੀ ਪਿਆਰ ਉਤੇਜਿਤ ਕਰਨ ਲਈ ਹੈ ਅਤੇ ਸੱਚੀ ਦੌਲਤ ਤੇ ਸੱਚੀ ਸੁੰਦਰਤਾ ਆਪਣੇ ਆਚਰਣ ਵਿਚ ਸ੍ਰੇਸ਼ਠਤਾਵਾਂ ਭਰਨ ਵਿਚ ਹੈ।

ਇਨ੍ਹਾਂ ਉਦਾਸੀਆਂ ਸਮੇਂ ਗੁਰੂ ਨਾਨਕ ਅਤੇ ਮਰਦਾਨਾ ਨੇ ਇਕ ਅਜਿਹੇ ਪਿੰਡ ਵਿਚ ਪ੍ਰਵੇਸ਼ ਕੀਤਾ ਜਿੱਥੇ ਉਨ੍ਹਾਂ ਦਾ ਯੋਗ ਸੁਆਗਤ ਨਾ ਕੀਤਾ ਗਿਆ। ਗੁਰੂ ਜੀ ਨੇ ਉਨ੍ਹਾਂ ਲੋਕਾਂ ਨੂੰ ਇਨ੍ਹਾਂ ਸ਼ਬਦਾਂ ਵਿਚ ਅਸੀਸ ਦਿੱਤੀ, "ਰੱਬ ਕਰੇ ਤੁਹਾਡਾ ਪਿੰਡ ਵਧਦਾ ਫੁੱਲਦਾ ਰਹੇ।" ਅਗਲੇ ਦਿਨ ਉਹ ਇਕ ਹੋਰ ਪਿੰਡ ਵਿਚ ਗਏ ਜਿੱਥੇ ਉਨ੍ਹਾਂ ਦਾ ਨਿੱਘਾ ਸੁਆਗਤ ਕੀਤਾ ਗਿਆ। ਉਥੋਂ ਚਲਣ ਲੱਗਿਆਂ ਗੁਰੂ ਜੀ ਨੇ ਕਿਹਾ, "ਰੱਬ ਕਰੇ ਇਹ ਵਸੋਂ ਉਜੜ ਜਾਏ।" ਮਰਦਾਨਾ ਗੁਰੂ ਜੀ ਦੇ ਇਸ ਜ਼ਾਹਰਾ ਬੇ-ਇਨਸਾਫ਼ੀ ਵਾਲੇ ਬਚਨਾਂ ਤੇ ਬੜਾ ਹੈਰਾਨ ਹੋਇਆ ਅਤੇ ਗੁਰੂ ਜੀ ਤੋਂ ਇਸ ਦਾ ਭਾਵ ਪੁੱਛਿਆ। ਗੁਰੂ ਜੀ ਨੇ ਥੋੜ੍ਹੀ ਦੇਰ ਬਾਅਦ ਉੱਤਰ ਦਿੱਤਾ, 'ਪਹਿਲੇ ਪਿੰਡ ਦੇ ਉਜੱਡ ਵਸਨੀਕ ਜਿੱਥੇ ਵੀ ਜਾਣਗੇ ਆਪਣੇ ਨਾਲ ਭੈੜਾ ਅਸਰ ਲਿਜਾਣਗੇ। ਇਸ ਲਈ ਉਹ ਜਿੱਥੇ ਹਨ ਉਥੇ ਹੀ ਰਹਿਣ ਤਾਂ ਚੰਗਾ ਹੈ। ਦੂਜੇ ਪਾਸੇ ਦੂਜੇ ਪਿੰਡ ਦੇ ਵਸਨੀਕ ਜੇ ਖਿੰਡ ਪੁੰਡ ਜਾਣ ਤਾਂ ਉਹ ਦੂਰ ਪਾਰ ਆਪਣੇ ਨੇਕ ਗੁਣ ਫੈਲਾ ਦੇਣਗੇ।'

ਗੁਰੂ ਜੀ ਆਸਾਮ ਅਤੇ ਢਾਕੇ[16] ਤੋਂ 24 ਪਰਗਨੇ ਦੇ ਰਸਤੇ ਵਾਪਸ ਆ ਗਏ ਅਤੇ ਸਮੁੰਦਰੀ ਤੱਟ ਦੇ ਨਾਲ ਨਾਲ ਚਲਦੇ ਹੋਏ ਉਹ ਕਟਕ ਪੁੱਜੇ ਜਿੱਥੇ ਉਨ੍ਹਾਂ ਦੀ ਯਾਤਰਾ ਦੀ ਯਾਦ ਵਿਚ 'ਦਾਤਣ ਸਾਹਿਬ'[17] ਗੁਰਦੁਆਰਾ ਬਣਿਆ ਹੋਇਆ ਹੈ। ਪੁਰੀ ਦੇ ਸਥਾਨ ਤੇ ਗੁਰੂ ਜੀ ਨੇ ਜਗਨਨਾਥ ਦੇ ਪ੍ਰਸਿੱਧ ਮੰਦਰ ਦੀ ਯਾਤਰਾ ਕੀਤੀ ਜਿੱਥੇ ਉਸ ਵੇਲੇ ਮੂਰਤੀ ਦੇ ਸਾਹਮਣੇ ਆਰਤੀ ਕੀਤੀ ਜਾ ਰਹੀ ਸੀ। ਗੁਰੂ ਜੀ ਆਰਤੀ ਵਿਚ ਸ਼ਾਮਿਲ ਨਹੀਂ ਹੋਏ ਅਤੇ ਉਨ੍ਹਾਂ ਤੋਂ ਇਸ ਦਾ ਕਾਰਣ ਪੁੱਛਣ ਤੇ ਉਨ੍ਹਾਂ ਨੇ ਆਪਣਾ[18] ਇਕ ਸ਼ਬਦ ਗਾਇਆ ਜਿਸ ਵਿਚ ਉਨ੍ਹਾਂ ਨੇ ਸਰੋਤਿਆਂ ਨੂੰ ਦੱਸਿਆ ਕਿ ਰੱਬ ਦੇ ਅਣਦਿਸਦੇ ਪੂਜਾ ਅਸਥਾਨ ਦੇ ਸਾਹਮਣੇ ਕੁਦਰਤ ਇਕ ਅਦਭੁਤ ਆਥਣ ਦਾ ਗੀਤ ਗਾਉਂਦੀ ਹੈ :

*ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ*
*ਤਾਰਿਕਾ ਮੰਡਲ ਜਨਕ ਮੋਤੀ ॥*
*ਧੂਪੁ ਮਲਿਆਨਲੋ ਪਵਣੁ ਚਵਰੋ ਕਰੇ*
*ਸਗਲ ਬਨਰਾਇ ਫੂਲੰਤ ਜੋਤੀ ॥ ੧ ॥*

ਉਨ੍ਹਾਂ ਨੇ ਕਿਹਾ ਕਿ ਪਰਮਾਤਮਾ ਦੇ ਸਨਮੁਖ ਬਣਾਉਟੀ ਆਰਤੀ ਕਰਨ ਦੀ ਲੋੜ ਨਹੀਂ ਹੈ। ਇਸ ਤੋਂ ਉਪਰੰਤ ਗੁਰੂ ਜੀ ਪੰਜਾਬ ਨੂੰ ਵਾਪਸ ਆ ਗਏ ਅਤੇ ਕੇਂਦਰੀ ਭਾਰਤ ਵਿੱਚੋਂ ਦੀ ਲੰਘਦਿਆਂ ਉਨ੍ਹਾਂ ਨੇ ਉਥੋਂ ਦੇ ਆਦਿਵਾਸੀਆਂ ਵਿਚ, ਜਿਹੜੇ ਆਦਮ-ਖੋਰੀ ਦਾ ਜੀਵਨ ਬਤੀਤ ਕਰ ਰਹੇ ਸਨ,.

---

15. *ਨਾਨਕ ਪ੍ਰਕਾਸ਼*, ਪੂਰਬਾਰਧ, ਛੰਦ ੫੧.
16. ਜਫਰਾਬਾਦ ਦੇ ਲਾਗੇ ਥੋੜ੍ਹਾ ਬਾਹਰ ਉਜਾੜ ਵਿਚ ਇਕ ਖੂਹ ਅਤੇ ਇਕ ਗੁਰਦੁਆਰੇ ਦੇ ਖੰਡਰ ਹਨ ਜਿਹੜੇ ਗੁਰੂ ਨਾਨਕ ਦੀ ਯਾਤਰਾ ਨੂੰ ਦਰਸਾਉਂਦੇ ਹਨ। ਵੇਖੋ *ਸਿੱਖ ਰੀਵੀਊ*, ਜੁਲਾਈ 1915.
17. ਇਹ ਉਹ ਥਾਂ ਹੈ ਜਿੱਥੇ ਗੁਰੂ ਜੀ ਨੇ ਦਾਤਣ ਸੁੱਟੀ ਸੀ ਜਿਹੜੀ ਉਗ ਕੇ ਸਦੀਆਂ ਬੀਤਣ ਨਾਲ ਇਕ ਭਾਰੀ ਬ੍ਰਿਛ ਬਣ ਗਈ ਹੈ।
18. Macauliffe, Vol. I, pp. 82-83.

ਇਨਸਾਨੀਅਤ ਸਿਖਾਉਣ ਵਾਲੇ ਧਰਮ ਦਾ ਪ੍ਰਚਾਰ ਕੀਤਾ।

ਗੁਰੂ ਜੀ ਨੇ ਕੁਝ ਸਮਾਂ ਪੰਜਾਬ ਵਿਚ ਲੰਘਾਇਆ ਤੇ ਫਿਰ ਦਰਿਆ ਰਾਵੀ ਪਾਰ ਕਰਕੇ ਉਹ ਪਾਕਪਟਨ ਵੱਲ ਗਏ ਜਿਹੜਾ ਸੂਫ਼ੀ ਫ਼ਕੀਰਾਂ ਦਾ ਇਕ ਕੇਂਦਰ ਸੀ। ਉਥੇ ਉਹ ਪ੍ਰਸਿੱਧ ਫਰੀਦ ਦੇ ਜਾਨਸ਼ੀਨ ਸ਼ੇਖ ਇਬਰਾਹੀਮ ਨੂੰ, ਜਿਹੜੇ ਸ਼ੇਖ ਬ੍ਰਹਮ ਦੇ ਨਾਂ ਨਾਲ ਮਸ਼ਹੂਰ ਸਨ, ਮਿਲੇ। ਫਿਰ ਉਹ ਦਰਿਆ ਸਤਲੁਜ ਦੇ ਨਾਲ ਨਾਲ ਆਏ ਅਤੇ ਦੀਪਾਲਪੁਰ, ਕੰਗਣਪੁਰ, ਕ਼ਸੂਰ, ਪੱਟੀ, ਸੁਲਤਾਨਪੁਰ, ਵੈਰੋਵਾਲ, ਜਲਾਲਾਬਾਦ, ਆਦਿ ਥਾਵਾਂ ਵਿੱਚੋਂ ਦੀ ਲੰਘਦੇ ਹੋਏ ਕੁਝ ਸਮੇਂ ਲਈ ਪਿੰਡ ਕੀੜੀ ਪਠਾਣਾਂ ਵਿਚ ਠਹਿਰੇ ਜਿੱਥੇ ਮੁਸਲਮਾਨਾਂ ਵਿੱਚੋਂ ਕਈ ਆਦਮੀ ਉਨ੍ਹਾਂ ਦੇ ਸਿੱਖ ਬਣ ਗਏ। ਜਦੋਂ ਉਹ ਲਾਹੌਰ ਪੁੱਜੇ ਤਾਂ ਉਥੋਂ ਦੇ ਇਕ ਕਰੋੜਪਤੀ ਖੱਤਰੀ ਨੇ, ਜਿਸ ਦਾ ਨਾਂ ਦੂਨੀ ਚੰਦ ਸੀ, ਉਨ੍ਹਾਂ ਨੂੰ ਆਪਣੇ ਪਿਤਾ ਦੇ ਸ਼ਰਾਧ ਦੀ ਰਸਮ ਦੇ ਮੌਕੇ ਦਿੱਤੀ ਜਾ ਰਹੀ ਸ਼ਾਹੀ ਦਾਅਵਤ ਤੇ ਸੱਦਿਆ। ਉਨ੍ਹਾਂ ਨੇ ਬੜੇ ਮਖੌਲੀ ਢੰਗ ਨਾਲ ਇਸ ਰਸਮ ਨੂੰ ਬੇਲੋੜਾ ਪ੍ਰਗਟ ਕਰਨ ਲਈ ਇਹ ਪੁੱਛਿਆ, "ਜੇ ਤੇਰੇ ਪਿਤਾ ਦੀ ਰੂਹ ਬਘਿਆੜ ਦੇ ਸਰੀਰ ਵਿਚ ਚਲੀ ਗਈ ਹੋਵੇ ਤਾਂ ਫਿਰ ਉਹ ਤੇਰੇ ਹਲਵੇ ਅਤੇ ਪੂਰੀਆਂ ਨੂੰ ਕਿੰਨਾ ਕੁ ਪਸੰਦ ਕਰੇਗਾ?'

ਹੁਣ ਗੁਰੂ ਜੀ ਨੇ ਪੰਜਾਬ ਤੋਂ ਬਾਹਰ ਇਕ ਹੋਰ ਲੰਮੀ ਉਦਾਸੀ ਤੇ ਜਾਣ ਦਾ ਵਿਚਾਰ ਬਣਾਇਆ ਪਰ ਜਾਣ ਤੋਂ ਪਹਿਲਾਂ ਉਹ ਆਪਣੇ ਪਰਿਵਾਰ ਲਈ, ਜਿਹੜਾ ਉਨ੍ਹਾਂ ਦੇ ਸਹੁਰੇ ਦੇ ਨਾਲ ਪਖੋਕੇ ਪਿੰਡ ਵਿਚ ਰਹਿ ਰਿਹਾ ਸੀ, ਇਕ ਘਰ ਦਾ ਪ੍ਰਬੰਧ ਕਰਨਾ ਚਾਹੁੰਦੇ ਸਨ। ਰਾਵੀ ਦਰਿਆ ਦੇ ਸੱਜੇ ਕੰਢੇ ਉੱਤੇ ਪਖੋਕੇ ਤੋਂ ਬਿਲਕੁਲ ਸਾਹਮਣੇ ਉਨ੍ਹਾਂ ਨੇ ਇਕ ਨਵੇਂ ਨਗਰ ਦੀ ਨੀਂਹ ਰਖੀ। ਇਹ ਥਾਂ ਉਨ੍ਹਾਂ ਦੇ ਇਕ ਲਾਹੌਰ ਨਿਵਾਸੀ ਚੇਲੇ ਕਰੋੜੀ ਨੇ ਭੇਂਟ ਕੀਤੀ ਸੀ। ਇਸ ਥਾਂ ਦਾ ਨਾਂ ਕਰਤਾਰਪੁਰ ਅਰਥਾਤ ਕਰਤਾਰ (ਵਾਹਿਗੁਰੂ) ਦਾ ਨਗਰ ਰਖਿਆ ਗਿਆ।

ਗੁਰੂ ਨਾਨਕ ਜੀ ਦੀ ਦੂਜੀ ਯਾਤਰਾ ਉਨ੍ਹਾਂ ਦੇ ਦੋ ਜੱਟ ਸਾਥੀਆਂ ਸੈਦੋ ਅਤੇ ਘੀਉ ਸਮੇਤ ਦੱਖਣ ਵੱਲ ਨੂੰ ਸੀ। ਇਸ ਯਾਤਰਾ ਉੱਤੇ ਇਸ ਦੀਪ ਤੋਂ ਲੰਕਾ[19] ਤਕ ਸਾਰੇ ਰਾਹ ਉੱਤੇ ਥਾਂ ਥਾਂ ਗੁਰਦੁਆਰਿਆਂ ਦੀ ਇਕ ਲੰਮੀ ਲਾਈਨ ਲੱਗੀ ਹੋਈ ਹੈ। ਗੁਰੂ ਜੀ ਦੇ, ਮਨਸੁਖ ਨਾਮੀਂ, ਇਕ ਵਪਾਰੀ ਸਿੱਖ ਦੁਆਰਾ ਉਨ੍ਹਾਂ ਦਾ ਧਰਮ ਲੰਕਾ ਵਿਚ ਜਫਨਾਂ ਦੇ ਰਾਜਾ ਸ਼ਿਵਨਾਭ ਤਕ ਪਹਿਲੇ ਹੀ ਪੁੱਜ ਚੁੱਕਾ ਸੀ ਅਤੇ ਉਹ ਗੁਰੂ ਜੀ ਦੇ ਦਰਸ਼ਨਾਂ ਲਈ ਬੜਾ ਉਤਾਵਲਾ ਸੀ। ਸਮਾਂ ਆਉਣ ਤੇ ਗੁਰੂ ਨਾਨਕ ਜੀ ਰਾਜੇ ਨੂੰ ਜਾ ਮਿਲੇ ਅਤੇ ਉਸ ਪਾਸ ਆਪਣੇ ਨਵੇਂ ਬਣੇ ਸਿੱਖਾਂ ਦੀ ਇਕ ਭਾਰੀ ਸੰਗਤ ਛੱਡ ਆਏ। ਗੁਰੂ ਜੀ ਪੱਛਮੀ ਤੱਟ ਦੇ ਨਾਲ ਨਾਲ ਚਲਦੇ ਹੋਏ ਪੰਜਾਬ ਪੁੱਜ ਗਏ।

ਅਣਥੱਕ ਗੁਰੂ ਜੀ ਨੇ ਹੁਣ ਉੱਤਰੀ ਭਾਰਤ ਵੱਲ, ਜਿਹੜਾ ਜੋਗੀਆਂ ਦਾ ਘਰ ਸੀ, ਆਪਣਾ

---

19. ਗੁਰੂ ਨਾਨਕ ਜੀ ਦੀ ਦਖਣ ਦੀ ਉਦਾਸੀ ਬਾਰੇ ਡਾ. ਟਰੰਪ ਦੇ ਅਸ਼ਰਧਕ ਹੋਣ ਦੇ ਬਾਵਜੂਦ ਅਕਬਰ ਦੇ ਸਮੇਂ ਦੀ ਇਕ ਹਥ ਲਿਖਤ ਦੇ ਲੱਭਣ ਨਾਲ ਇਹ ਯਾਤਰਾ ਨਿਸਚਤ ਹੋ ਗਈ ਹੈ । ਉਸ ਹੱਥ-ਲਿਖਤ ਵਿਚ ਇਕ ਯਾਤਰੀ ਦੇ ਸਫਰ ਦਾ ਹਾਲ ਹੈ ਜਿਸ ਨੇ ਦਖਣੀ ਭਾਰਤ ਅਤੇ ਲੰਕਾ ਵਿਚ ਸਿੱਖ ਗੁਰਦੁਆਰਿਆਂ ਦੀ ਯਾਤਰਾ ਕੀਤੀ ਸੀ। *ਹਕੀਕਤ ਰਾਹ ਮੁਕਾਮ* ਨੂੰ ਦੇਖੋ ਜੋ ਗੁਰੂ ਗ੍ਰੰਥ ਸਾਹਿਬ ਦੀ ਉਸ ਹੱਥ ਲਿਖੀ ਬੀੜ ਦੇ ਨਾਲ ਲਗੀ ਹੋਈ ਹੈ ਜਿਹੜੀ 1849 ਵਿਚ ਹੈਨਰੀ ਅਰਸਕਾਈਨ ਨੂੰ ਗੁਜਰਾਤ ਦੀ ਰਣ-ਭੂਮੀ ਵਿੱਚੋਂ ਮਿਲੀ ਸੀ ਅਤੇ ਹੁਣ ਉਹ ਬ੍ਰਿਟਿਸ਼ ਮਿਊਜ਼ੀਅਮ ਵਿਚ ਉ. ਆਰ 1125 ਅਧੀਨ ਸਾਂਭੀ ਪਈ ਹੈ। *Glossary of Punjab Tribes and Castes*, I, pp. 687 ਨੂੰ ਵੀ ਵੇਖੋ ।

ਮਦਰਾਸ ਰਾਜ ਵਿਚ ਹਾਲੇ ਵੀ ਸਿੱਖ ਗੁਰਦੁਆਰੇ ਰਾਮੇਸ਼ਵਰ, ਸਾਲੌਰ, ਭੱਕੜ, ਅਤੇ ਸ਼ਿਵਕਾਂਜੀ ਵਿਚ ਅਤੇ ਲੰਕਾ ਵਿਚ ਕੋਲੰਬੋ ਦੇ ਸਥਾਨ ਤੇ ਕਾਇਮ ਹਨ। ਪੁਰਾਣੇ ਗੁਰਦੁਆਰੇ ਜਿਨਾਂ ਵਿੱਚੋਂ ਕੁਝ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਵੀ ਹਨ ਬੁਰਹਾਨਪੁਰ, ਸੂਰਤ, ਬੰਬਈ (ਮਹਾਲਕਸ਼ਮੀ, ਗਰਾਂਟ ਰੋਡ), ਅਮਰਾਵਤੀ, ਅਤੇ ਨਿਰਮਲ ਵਿਚ (ਹੈਦਰਾਬਾਦ ਦੇ ਰਾਜ ਵਿਚ) ਹਾਲੇ ਵੀ ਮਿਲਦੇ ਹਨ।

ਮੂੰਹ ਮੋੜਿਆ। ਉਨ੍ਹਾ ਨੇ ਮੁੱਖ ਤੌਰ ਤੇ ਖਲਾਂ ਦਾ ਬਣਿਆ ਹੋਇਆ ਇਕ ਅਨੋਖਾ ਲਿਬਾਸ ਪਹਿਨਿਆ ਹੋਇਆ ਸੀ। ਉਨ੍ਹਾ ਦੇ ਨਾਲ ਹੱਸੂ ਲੁਹਾਰ ਤੇ ਸੀਹਾਂ ਧੋਬੀ ਵੀ ਗਏ ਸਨ। ਹਿਮਾਲੀਆ ਦੇ ਨਿਚਲੇ ਪਹਾੜੀ ਇਲਾਕਿਆਂ ਵਿੱਚੋਂ ਦੀ ਲੰਘਦੇ ਹੋਏ ਅਤੇ ਕਈ ਥਾਵੀਂ ਰੁਕਦੇ ਹੋਏ ਉਹ ਗੋਰਖਮਤੇ ਪੁੱਜੇ ਜਿੱਥੇ ਉਹ ਗੋਰਖਮਤ ਦੇ ਜੋਗੀਆਂ ਨੂੰ ਮਿਲੇ। ਗੁਰੂ ਜੀ ਨੇ ਸ਼ੁਧ ਅਤੇ ਅਧਿਆਤਮਕ ਜੀਵਨ ਤੋਂ ਸਖਣੇ ਨਿਰੇ ਭੇਖ ਧਾਰਨ ਕਰਨ ਦੇ ਖੋਖਲੇਪਨ ਦੀ ਜੋਗੀਆਂ ਦੇ ਸਾਹਮਣੇ ਆਲੋਚਨਾ ਕਰਦਿਆਂ ਹੋਇਆਂ ਕਿਹਾ :

*ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥*
*ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ ॥*
*ਅੰਜਨ ਮਾਹਿ ਨਿਰੰਜਨਿ ਰਹੀਐ ਜੋਗੁ ਜੁਗਤਿ ਇਵ ਪਾਈਐ ॥ ੧ ॥*
*ਗਲੀ ਜੋਗੁ ਨ ਹੋਈ ॥*
*ਏਕ ਦ੍ਰਿਸਟਿ ਕਰਿ ਸਮਸਰਿ ਜਾਣੈ*
*ਜੋਗੀ ਰਹੀਐ ਸੋਈ ॥ ੧ ॥ ਰਹਾਉ*
*ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥*
*ਜੋਗੁ ਨ ਦੇਸਿ ਦਿਸੰਤਰਿ ਭਵਿਐ*
*ਜੋਗੁ ਨ ਤੀਰਥਿ ਨਾਈਐ ॥*
*ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵੁ ਪਾਈਐ ॥*

*(ਸੂਹੀ ਮਹਲਾ ੧)*

ਕੁਝ ਹੋਰ ਵਿਚਾਰ ਵਟਾਂਦਰੇ ਤੋਂ ਬਾਅਦ ਜੋਗੀ ਪੂਰੀ ਤਰ੍ਹਾਂ ਹਾਰ ਗਏ ਅਤੇ ਉਹ ਸਥਾਨ ਸਿੱਖ ਮਿਸ਼ਨ ਦਾ ਇਕ ਕੇਂਦਰ ਬਣ ਗਿਆ ਜਿਸ ਦਾ ਨਾਂ ਨਾਨਕਮਤਾ[20] ਰਖਿਆ ਗਿਆ।

ਉਥੋਂ ਫਿਰ ਗੁਰੂ ਜੀ ਉੱਤਰ ਵੱਲੋਂ ਹਿਮਾਲੀਆ[21] ਪਹਾੜ ਵੱਲ ਗਏ ਅਤੇ ਨੇਪਾਲ ਤੇ ਪੱਛਮੀ ਤਿੱਬਤ ਦੇ ਕੁਝ ਹਿੱਸੇ ਨੂੰ ਪਾਰ ਕਰਕੇ ਉਹ ਬਹੁਤ ਚਰਚਿਤ ਥਾਵਾਂ ਕੈਲਾਸ਼ ਪਰਬਤ ਅਤੇ ਮਾਨਸਰੋਵਰ ਝੀਲ ਤੇ ਪੁੱਜੇ। ਇਥੇ ਗੁਰੂ ਜੀ ਜੋਗੀ ਸਾਧੂਆਂ[22] ਨੂੰ ਮਿਲੇ ਜਿਹੜੇ ਕੰਦਰਾਂ ਵਿਚ ਰਹਿੰਦੇ ਸਨ। ਉਹ ਗੁਰੂ ਜੀ ਨੂੰ ਉਥੇ ਦੇਖ ਕੇ ਬੜੇ ਹੈਰਾਨ ਹੋਏ ਅਤੇ ਉਨ੍ਹਾ ਨੇ ਪੁੱਛਿਆ ਕਿ ਥਲੇ ਮੈਦਾਨਾਂ ਵਿਚ ਕਿਸ ਤਰ੍ਹਾਂ ਦੇ ਹਾਲਾਤ ਹਨ। ਗੁਰੂ ਜੀ ਨੇ ਉੱਤਰ ਦਿੱਤਾ :

*'ਬਾਬੇ ਕਹਿਆ ਨਾਥ ਜੀ ਸਚ ਚੰਦਰਮਾ ਕੂੜ ਅੰਧਾਰਾ ॥*
*ਕੂੜ ਅਮਾਵਸ ਵਰਤਿਆ ਤਉ ਭਾਲਣ ਚੜਿਆ ਸੰਸਾਰਾ ॥*
*ਪਾਪ ਗਿਰਾਸੀ ਪ੍ਰਿਥਮੀ ਧੌਲ ਖੜਾ ਧਰ ਹੈਨ ਪੁਕਾਰਾ ॥*

---

20. ਗੁਰੂ ਨਾਨਕ ਤੋਂ ਬਾਅਦ ਇਸ ਥਾਂ ਦਾ ਪੰਜਾਬ ਨਾਲ ਨਾਤਾ ਟੁੱਟਾ ਰਿਹਾ ਅਤੇ ਪਿੱਛੋਂ ਉਥੋਂ ਦੇ ਜੋਗੀ ਉਥੋਂ ਦੇ ਗੁਰਦੁਆਰੇ ਦੇ ਸਿੱਖ ਪ੍ਰਬੰਧਕਾ ਨੂੰ ਦੁੱਖ ਦੇਣ ਲੱਗ ਪਏ। ਨਾਜਾਇਜ਼ ਕਬਜਾ ਕਰਨ ਵਾਲੇ ਜੋਗੀਆਂ ਤੋਂ ਉਹ ਥਾਂ ਮੁੜ ਪ੍ਰਾਪਤ ਕਰਨ ਲਈ ਗੁਰੂ ਹਰਿ ਗੋਬਿੰਦ ਜੀ ਨੂੰ ਖੁਦ ਉਥੇ ਜਾਣਾ ਪਿਆ।
21. ਇਨ੍ਹਾਂ ਉੱਚੇ ਇਲਾਕਿਆਂ ਤੇ ਗੁਰੂ ਜੀ ਦੀ ਯਾਤਰਾ ਬਾਰੇ ਬਹੁਤ ਸਾਰੇ ਯਾਤਰੀਆ ਨੂੰ ਨਿਸ਼ਾਨ ਮਿਲੇ ਹਨ। ਸੇਵਾ ਰਾਮ ਸਿੰਘ ਦੀ ਪੁਸਤਕ *Divine Master*, pp. 139-141 ਅਤੇ *ਨਾਨਕ ਪ੍ਰਕਾਸ਼* ਭਾਗ ਤੀਜਾ ਪੰਨਾ 691-692 ਵੇਖੋ।
22. ਕਿਹਾ ਜਾਂਦਾ ਹੈ ਕਿ ਗੁਰੂ ਜੀ ਗੋਰਖ ਨਾਥ, ਮਛੰਦਰ ਨਾਥ ਆਦਿ ਪ੍ਰਸਿੱਧ ਜੋਗੀ ਆਗੂਆ ਨੂੰ ਮਿਲੇ। ਪਰ ਇਹ ਸੰਤ 12 ਵੀਂ ਸਦੀ ਤੋਂ ਵੀ ਪਹਿਲਾਂ ਦੇ ਹਨ। George W. Briggs ਦੀ ਪੁਸਤਕ *Gorakhnath and Kanphata Yogis* ਦਾ ਅਧਿਆਇ ਗਿਆਰਵਾ ਵੇਖੋ। ਗੁਰੂ ਜੀ ਉਹੀ ਨਾਂ ਰਖਣ ਵਾਲੇ ਕੁਝ ਬਾਅਦ ਦੇ ਜੋਗੀਆਂ ਨੂੰ ਮਿਲੇ ਹੋਣਗੇ। ਉਹੀ ਨਾਂ ਰਖਣ ਦਾ ਜੋਗੀਆਂ ਵਿਚ ਆਮ ਰਿਵਾਜ ਹੈ।

*ਸਿਧ ਛਪ ਬੈਠੇ ਪਰਬਤੀ ਕੌਣ ਜਗਤ ਕੋ ਪਾਰ ਉਤਾਰਾ ॥*
*ਜੋਗੀ ਗਿਆਨ ਵਿਹੂਣਿਆਂ ਨਿਸਦਿਨ ਅੰਗ ਲਗਾਇਨ ਛਾਰਾ ॥*
*ਬਾਝ ਗੁਰੂ ਡੁਬਾ ਜਗੁ ਸਾਰਾ' ।*[23]

ਗੁਰੂ ਜੀ ਨੇ ਉਨ੍ਹਾਂ ਨੂੰ ਇਸ ਗੱਲ ਤੇ ਰਾਜ਼ੀ ਕਰਨ ਲਈ ਯਤਨ ਕੀਤਾ ਕਿ ਉਹ ਦੁਨੀਆਂ ਵਿਚ ਰਹਿ ਕੇ ਅਤੇ ਇਸ ਨਾਲ ਸਮਾਜਕ ਸਬੰਧ ਸਥਾਪਿਤ ਕਰਕੇ ਇਸ ਦੀ ਵਧੇਰੇ ਸਹਾਇਤਾ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਚਾਹੀਦਾ ਹੈ ਕਿ ਖੋਖਲੇ ਭੇਖ ਧਾਰਨ ਕਰਨ ਅਤੇ ਸਖ਼ਤ ਤਪੱਸਿਆ ਕਰਨ ਦੀ ਥਾਂ ਉਹ ਆਪਣੇ ਆਪ ਨੂੰ ਮਨੁੱਖਤਾ ਦੀ ਸੇਵਾ ਵਿਚ ਲਾਉਣ। ਜੋਗੀਆਂ ਦੇ ਕਰਾਮਾਤਾਂ ਨਾਲ ਪਿਆਰ ਕਰਨ ਨੂੰ ਗੁਰੂ ਜੀ ਨੇ ਜਪੁਜੀ ਸਾਹਿਬ ਦੀ ਪਉੜੀ ੨੯ਵੀਂ ਵਿਚ ਅਯੋਗ ਸੁਆਦ 'ਰਿਧਿ ਸਿਧਿ ਅਵਰਾ ਸਾਦ' ਕਿਹਾ ਹੈ ਅਤੇ ਦੱਸਿਆ ਕਿ ਇਸ ਦਾ ਧਰਮ ਨਾਲ ਕੋਈ ਵਾਸਤਾ ਨਹੀਂ। ਜਦੋਂ ਗੁਰੂ ਜੀ ਨੂੰ ਕਰਾਮਾਤ ਦਿਖਾਉਣ ਲਈ ਕਿਹਾ ਗਿਆ ਤਾਂ ਉਨ੍ਹਾਂ ਉੱਤਰ ਦਿੱਤਾ ਕਿ ਉਨ੍ਹਾਂ ਨੂੰ 'ਗੁਰੂ ਸੰਗਤ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਕਾਈ'[24]। ਗੁਰੂ ਜੀ ਨੇ ਜੋ ਵਿਚਾਰ ਉਥੇ ਸਿਧਾਂ ਜਾਂ ਜੋਗੀਆਂ ਦੇ ਆਗੂਆ ਨਾਲ ਜਾਂ ਪਿੱਛੋਂ ਅਚਲ ਬਟਾਲੇ ਦੇ ਸਥਾਨ ਤੇ ਕੀਤੇ ਉਨ੍ਹਾਂ ਨੂੰ 'ਸਿਧ ਗੋਸ਼ਟ' ਦੇ ਨਾਂ ਥੱਲੇ ਕਵਿਤਾ ਦਾ ਰੂਪ ਦਿੱਤਾ। ਗੁਰੂ ਜੀ ਲਦਾਖ, ਸ੍ਰੀ ਨਗਰ, ਜੰਮੂ ਅਤੇ ਸਿਆਲਕੋਟ ਰਾਹੀਂ ਵਾਪਸ ਆ ਗਏ।

ਗੁਰੂ ਨਾਨਕ ਜੀ ਦੀ ਚੋਥੀ ਯਾਤਰਾ ਪੱਛਮ ਵੱਲ ਸੀ। ਉਨ੍ਹਾਂ ਦੇ ਨਾਲ ਮਰਦਾਨਾ ਜੀ ਗਏ ਸਨ। ਉਹ ਸਮੁੰਦਰ ਰਾਹੀਂ ਸਫਰ ਕਰਕੇ ਮੱਕੇ ਪੁੱਜੇ। ਉਨ੍ਹਾਂ ਦੀ ਇਕ ਬਗਲ ਵਿਚ ਮੁਸੱਲਾ (ਪ੍ਰਾਰਥਨਾ ਕਰਨ ਲਈ ਦਰੀ) ਤੇ ਦੂਜੀ ਬਗਲ ਵਿਚ ਇਕ ਕਿਤਾਬ ਸੀ। ਉਨ੍ਹਾਂ ਨੇ ਆਪਣੇ ਹੱਥਾਂ ਵਿਚ ਆਸਾ ਮੂੰਹ ਧੋਣ ਲਈ ਕੂੰਜਾ ਅਤੇ ਇਕ ਸੋਟਾ ਫੜਕੇ ਇਕ ਹਾਜੀ ਦੀ ਪੂਰੀ ਸ਼ਕਲ ਧਾਰੀ ਹੋਈ ਸੀ। [ਭਾਈ ਗੁਰਦਾਸ ਦੇ ਸ਼ਬਦਾਂ ਵਿਚ 'ਆਸਾ ਹੱਥ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ'] ਰਸਤੇ ਵਿਚ ਜਿੱਥੇ ਕਿਤੇ ਵੀ ਉਨ੍ਹਾਂ ਨੂੰ ਬੱਚੇ ਮਿਲਦੇ ਉਹ ਉਨ੍ਹਾਂ ਦੀਆਂ ਖੇਲਾਂ ਵਿਚ ਸ਼ਾਮਿਲ ਹੋ ਜਾਂਦੇ ਤੇ ਉਨ੍ਹਾਂ ਦੀਆਂ ਖੁਸ਼ੀਆਂ ਵਿਚ ਸ਼ਰੀਕ ਹੁੰਦੇ। ਪਵਿੱਤਰ ਸ਼ਹਿਰ ਵਿਚ ਪੁੱਜਣ ਤੇ, ਥਕਾਵਟ ਅਤੇ ਪੈਰੀਂ ਛਾਲੇ ਪਏ ਹੋਣ ਕਰਕੇ, ਉਹ ਚੁਪ ਚਾਪ ਕਾਅਬੇ ਵੱਲ ਨੂੰ ਪੈਰ ਪਸਾਰ ਕੇ ਮਸਜਿਦ ਵਿਚ ਲੇਟ ਗਏ ਅਤੇ ਸੌਂ ਗਏ। ਇਹ ਦੇਖ ਕੇ ਲੋਕਾਂ ਨੂੰ ਬੜਾ ਕ੍ਰੋਧ ਚੜ੍ਹਿਆ ਤੇ ਉਨ੍ਹਾਂ ਨੇ ਗੁਰੂ ਜੀ ਦੀ ਆਪੱਤੀ ਕੀਤੀ। ਉਨ੍ਹਾਂ ਵਿੱਚੋਂ ਇਕ ਨੇ ਗੁਰੂ ਜੀ ਦੇ ਲੱਤ ਕੱਢ ਮਾਰੀ ਅਤੇ ਕਿਹਾ, "ਤੂੰ ਕੌਣ ਹੈਂ? ਤੂੰ ਰੱਬ ਦੇ ਘਰ ਵੱਲ ਪੈਰ ਪਸਾਰਨ ਜਿਡਾ ਕੁਫਰ ਕਿਉਂ ਕੀਤਾ ਹੈ?" ਗੁਰੂ ਜੀ ਨੇ ਉੱਤਰ ਦਿੱਤਾ, 'ਰੱਬ ਕਰਕੇ ਇਤਨੇ ਕ੍ਰੋਧਵਾਨ ਨਾ ਹੋਵੋ। ਮੇਰੇ ਪੈਰ ਚੁੱਕ ਕੇ ਉਸ ਪਾਸੇ ਨੂੰ ਘੁਮਾ ਦਿਉ ਜਿਸ ਪਾਸੇ ਰੱਬ ਨਹੀਂ ਹੈ"। ਲੋਕਾਂ ਨੂੰ ਉਨ੍ਹਾਂ ਦੇ ਵਚਨ ਵਿਚ ਦਲੀਲ ਜਾਪੀ ਕਿਉਂਕਿ ਉਨ੍ਹਾਂ ਦੇ ਪੈਗੰਬਰ ਸਾਹਿਬ ਨੇ ਖ਼ੁਦ ਕੁਰਾਨ ਵਿਚ ਫਰਮਾਇਆ ਸੀ : 'ਅਲ੍ਹਾ' ਪੂਰਬ ਵਿਚ ਵੀ ਤੇ ਪੱਛਮ ਵਿਚ ਵੀ ਹੈ। ਸੋ ਜਿਸ ਪਾਸੇ ਨੂੰ ਵੀ ਤੁਸੀਂ ਘੁੰਮੋ ਉਸ ਪਾਸੇ ਅਲ੍ਹਾ ਦਾ ਮੂੰਹ ਹੈ (ਅਧਿਆਇ II, ਬੰਦ 116)। ਉਨ੍ਹਾਂ ਨੇ ਗੁਰੂ ਜੀ ਨੂੰ ਪੁੱਛਿਆ ਕਿ ਕੀ ਉਹ ਮੁਸਲਮਾਨ ਹਨ ਜਾਂ ਹਿੰਦੂ। ਉਨ੍ਹਾਂ ਨੇ ਉੱਤਰ ਦਿੱਤਾ, "ਮੈਂ

---

23. ਭਾਈ ਗੁਰਦਾਸ, *ਵਾਰ ਪਹਿਲੀ*, ਸ਼ਲੋਕ ੨੯.
24. ਭਾਈ ਗੁਰਦਾਸ, *ਵਾਰ ਪਹਿਲੀ*, ਸ਼ਲੋਕ ੪੨. ਇਹ ਅਜੀਬ ਗੱਲ ਹੈ ਕਿ ਇੰਦੂਭੂਸ਼ਨ ਬੈਨਰਜੀ ਆਪਣੀ ਪੁਸਤਕ *Evolution of the Khalsa*, I. p. 90, f.n. 3 ਅਨੁਸਾਰ ਇਸ ਪੰਗਤੀ ਦੀ ਹੋਂਦ ਤੋਂ ਇਨਕਾਰੀ ਹੈ। ਜੋ ਇਸ ਤਰ੍ਹਾਂ ਹੈ : 'ਗੁਰੂ ਸੰਗਤ ਬਾਣੀ ਬਿਨਾਂ ਦੂਜੀ ਉਟ ਨਾਹੀ ਹੈ ਰਾਈ'। ਇਸ ਦਾ ਕਾਰਣ ਮੂਲ ਪਾਠ ਬਾਰੇ ਜਾਣਕਾਰੀ ਪਿਛਲੇਰੀਆ ਜਾਂ ਅਪ੍ਰਥਮਲਿਖਤਾਂ ਰਾਹੀਂ ਪ੍ਰਾਪਤ ਕਰਨੀ ਹੈ।

ਦੋਨਾਂ ਵਿੱਚੋਂ ਕੋਈ ਵੀ ਨਹੀਂ। ਮੈਂ ਕੇਵਲ ਪੰਜ ਤੱਤਾਂ ਦਾ ਪੁਤਲਾ ਹਾਂ।" ਉਨ੍ਹਾਂ ਨੇ ਫਿਰ ਪੁੱਛਿਆ ਕਿ ਦੋਨਾਂ [ਮੁਸਲਮਾਨਾਂ ਅਤੇ ਹਿੰਦੂਆਂ] ਵਿੱਚੋਂ ਕਿਹੜਾ ਚੰਗਾ ਹੈ? ਗੁਰੂ ਜੀ ਨੇ ਉੱਤਰ ਦਿੱਤਾ ਕਿ, 'ਨਿਰਾ ਮੁਸਲਮਾਨ ਜਾਂ ਹਿੰਦੂ ਹੋਣ ਕਰਕੇ ਹੀ ਕੋਈ ਵਿਅਕਤੀ ਰੱਬ ਨੂੰ ਪ੍ਰਵਾਨ ਨਹੀਂ ਹੋ ਸਕਦਾ। ਜੇ ਉਨ੍ਹਾਂ ਨੇਕ ਕਰਮ ਨਹੀਂ ਕੀਤੇ ਹੋਣਗੇ ਤਾਂ ਦੋਨੋਂ ਹੀ ਸਜਾ ਭੁਗਤਣਗੇ। [ਭਾਈ ਗੁਰਦਾਸ ਦੇ ਸ਼ਬਦਾਂ ਵਿਚ : 'ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ। ਬਾਬਾ ਆਖੇ ਹਾਜੀਆ ਸ਼ੁਭ ਅਮਲਾਂ ਬਾਝਹੁ ਦੋਵੇਂ ਰੋਈ। ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਨਿ ਨ ਢੋਈ।]।

ਆਪਣੀ ਵਾਪਸੀ ਯਾਤਰਾ ਦੇ ਦੌਰਾਨ ਗੁਰੂ ਜੀ ਬਗ਼ਦਾਦ ਵਿਚ ਠਹਿਰੇ। ਗੁਰੂ ਜੀ ਦੀ ਯਾਦ ਵਿਚ ਉਥੇ ਇਕ ਥੜਾ ਬਣਿਆ ਹੋਇਆ ਹੈ ਜਿੱਥੇ ਉਨ੍ਹਾਂ ਨੇ ਬੈਠ ਕੇ ਇਕ ਸਥਾਨਕ ਫ਼ਕੀਰ ਸ਼ਾਹ ਬਹਿਲੋਲ ਨਾਲ ਗੱਲ-ਬਾਤ ਕੀਤੀ ਸੀ। ਉਸੇ ਥੜੇ ਦੇ ਪਿਛਲੇ ਪਾਸੇ ਬਣੀ ਦੀਵਾਰ ਤੇ ਇਹ ਲਿਖਤ[25] ਉਕਰੀ ਹੋਈ ਹੈ :

ਇਸ ਦਾ ਅਨੁਵਾਦ[26] ਇਉਂ ਹੋਵੇਗਾ : ਗੁਰੂ, ਭਾਵ ਰੱਬੀ ਪੁਰਸ਼ ਬਾਬਾ ਨਾਨਕ ਫਕੀਰ ਔਲੀਆ, ਦੀ ਯਾਦ ਵਿਚ ਇਹ ਇਮਾਰਤ ਸੱਤ ਸੰਤਾਂ ਦੀ ਸਹਾਇਤਾ ਨਾਲ ਨਵੇਂ ਸਿਰਿਉਂ ਬਣਾਈ ਗਈ ਹੈ ਅਤੇ ਇਸ ਕਥਨ ਵਿੱਚੋਂ ਜਿਹੜੀ ਮਿਤੀ ਲੱਭਦੀ ਹੈ ਉਹ ਹੈ : 'ਪਵਿੱਤਰ ਚੇਲੇ ਨੇ ਰੱਬੀ ਮਿਹਰ ਦਾ ਚਸ਼ਮਾ ਉਤਪੰਨ ਕੀਤਾ ਹੈ' 927 ਹਿਜਰੀ"।

ਸ਼ਿਲਾਲੇਖ ਉਪਰ ਦਿੱਤੀ ਮਿਤੀ ਅਨੁਸਾਰ ਗੁਰੂ ਜੀ ਨੇ 927 ਹਿਜਰੀ ਨੂੰ ਬਗ਼ਦਾਦ ਦੀ ਯਾਤਰਾ ਕੀਤੀ ਜਿਹੜੀ 1520-21 ਈਸਵੀ ਬਣਦੀ ਹੈ। ਇਸ ਦੇ ਛੇਤੀ ਬਾਅਦ ਗੁਰੂ ਜੀ ਭਾਰਤ ਪਰਤ ਆਏ ਅਤੇ ਮੁੜਦੇ ਹੋਏ ਹਸਨ ਅਬਦਾਲ, ਜਿਸ ਨੂੰ ਅੱਜ-ਕੱਲ ਪੰਜਾ ਸਾਹਿਬ ਕਹਿੰਦੇ ਹਨ, ਦੇ ਸਥਾਨ ਤੇ ਵਲੀ ਕੰਧਾਰੀ ਨੂੰ ਮਿਲੇ। ਇਸ ਸਮੇਂ ਬਾਬਰ ਨੇ ਪੰਜਾਬ ਉੱਤੇ ਆਪਣਾ ਤੀਸਰਾ ਹਮਲਾ

25. ਵੇਖੋ *Gurdwara Reform Movement*, pp., 1-2, f.n ਸੁਆਮੀ ਅਨੰਦਾਚਾਰੀਆ ਆਪਣੀ ਪੁਸਤਕ *Snow Birds* ਵਿਚ ਅਰਬੀ ਦੀ ਇਕ ਹੋਰ ਲਿਖਤ ਦਾ ਜਿਕਰ ਕਰਦਾ ਹੈ ਜਿਹੜੀ ਉਸ ਨੇ ਬਗਦਾਦ ਵਿਚ ਦੇਖੀ ਸੀ। ਉਹ ਇਉਂ ਹੈ: ਇਥੇ ਹਿੰਦੂ ਗੁਰੂ ਨਾਨਕ ਨੇ ਫਕੀਰ ਬਹਿਲੋਲ ਨਾਲ ਵਚਨ ਕੀਤੇ ਸਨ ਅਤੇ ਇਨ੍ਹਾਂ ਸਠ ਵਰ੍ਹਿਆਂ ਵਿਚ ਜਦ ਤੋਂ ਗੁਰੂ ਜੀ ਈਰਾਨ ਤੋਂ ਗਏ ਹਨ ਬਹਿਲੋਲ ਦੀ ਆਤਮਾ ਆਪਣੇ ਗੁਰੂ ਦੇ ਸ਼ਬਦ ਉੱਤੇ ਟਿਕੀ ਰਹੀ ਹੈ ਜਿਵੇਂ ਸ਼ਹਿਦ ਦੀ ਮੱਖੀ ਦਿਨ ਦੇ ਚੜ੍ਹਾ ਸਮੇ ਸਹਿਦ ਨਾਲ ਭਰੇ ਹੋਏ ਗੁਲਾਬ ਦੇ ਫੁੱਲ ਉੱਤੇ ਟਿਕੀ ਹੁੰਦੀ ਹੈ'।

26. ਬੈਨਰਜੀ ਦੀ ਪੁਸਤਕ *Evolution of the Khalsa* ਵਿਚ ਦਿੱਤਾ ਉਲਥਾ ਗਲਤ ਹੈ ਜੋ ਇਹ ਸਾਬਤ ਕਰਨ ਦੇ **ਖਿਆਲ ਨਾਲ** ਕੀਤਾ ਗਿਆ ਹੈ ਕਿ ਗੁਰੂ ਜੀ ਇਕ ਮੁਸਲਿਮ ਫਕੀਰ ਦੇ ਚੇਲੇ ਸਨ। ਗੁਰੂ ਜੀ ਉੱਤੇ ਭਾਵੇਂ **ਕਈ ਮੁਸਲਮਾਨ** ਅਤੇ ਹਿੰਦੂ ਫਕੀਰਾ ਦਾ ਪ੍ਰਭਾਵ ਪਿਆ ਹੋਵੇਗਾ ਪਰ ਜਿਵੇਂ ਕਿ ਉਹ ਖ਼ੁਦ ਕਹਿੰਦੇ ਹਨ **ਉਨ੍ਹਾਂ ਦਾ ਗੁਰੂ** ਰੱਬ ਆਪ ਸੀ। ਦੇਖੋ ਸੋਰਠ ੧੧, : *ਭਾਈ ਗੁਰਦਾਸ*, ਵਾਰ ੧੩ ਪਉੜੀ ੨੫, ਆਪ**ਣੇ ਆਤਮਿਕ** ਆਗੂਆਂ ਦੇ ਨਾਂ ਲੁਕਾਣਾ ਗੁਰੂਆਂ ਦੀ ਆਦਤ ਨਹੀਂ ਸੀ : 'ਜਿਹੜਾ ਆਪਣੇ ਗੁਰੂ ਨੂੰ ਮਾਨਤਾ **ਨਹੀਂ ਦਿੰਦਾ** ਉਹ ਘਟੀਆ ਹੈ' (ਵਾਰ ਗਉੜੀ ਮਹਲਾ ੪)। ਵੇਖੋ Macauliffe 11, p. 302.

ਕੀਤਾ ਸੀ। ਗੁਰੂ ਨਾਨਕ ਜੀ ਦੇ ਆਪਣੇ ਸ਼ਬਦਾਂ[27] ਵਿਚ ਇਹ ਹਮਲਾ 1578 ਬਿਕਰਮੀ ਭਾਵ 1521 ਈਸਵੀ ਨੂੰ ਹੋਇਆ। ਸੈਦਪੁਰ ਦੀ ਲੁੱਟ ਖਸੁੱਟ ਅਤੇ ਇਥੋਂ ਦੇ ਵਸਨੀਕਾਂ ਦਾ ਅੰਨ੍ਹੇਵਾਹ ਕੀਤਾ ਕਤਲੇਆਮ ਗੁਰੂ ਜੀ ਨੇ ਆਪਣੀ ਅੱਖੀਂ ਦੇਖਿਆ। 'ਤੁਜਕੇ ਬਾਬਰੀ' ਅਨੁਸਾਰ ਸੈਦਪੁਰ ਦੇ ਜਿਹੜੇ ਵਸਨੀਕ ਅੱਗੋਂ ਅੜੇ ਉਨ੍ਹਾਂ ਨੂੰ ਤਲਵਾਰ ਦੇ ਘਾਟ ਉਤਾਰ ਦਿੱਤਾ ਗਿਆ; ਉਨ੍ਹਾਂ ਦੀਆ ਪਤਨੀਆਂ ਅਤੇ ਬੱਚਿਆਂ ਨੂੰ ਕੈਦੀ ਬਣਾ ਲਿਆ ਗਿਆ ਅਤੇ ਉਨ੍ਹਾਂ ਦੀ ਸਾਰੀ ਸੰਪਤੀ ਲੁੱਟ ਲਈ ਗਈ[28]। ਇਸ ਮੌਕੇ ਤੇ ਗੁਰੂ ਜੀ ਨੇ ਦਿਲ ਹਿਲਾ ਦੇਣ ਵਾਲੇ ਕੁਝ ਸ਼ਬਦ ਉਚਾਰੇ ਜਿਨ੍ਹਾਂ ਨੂੰ ਉਹ 'ਖ਼ੂਨ ਦੇ ਸੋਹਲੇ' ਕਹਿੰਦੇ ਹਨ :

*ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ ॥*
*ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥*
*ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ ॥*
*ਕਰਤਾ ਤੂੰ ਸਭਨਾ ਕਾ ਸੋਈ ॥*
*ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥ ਰਹਾਉ ॥*
*ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥*[29]

ਕਿਹਾ ਜਾਂਦਾ ਹੈ ਕਿ ਲੋਕਾਂ ਦੇ ਕਸ਼ਟਾਂ ਦੀ ਝਾਕੀ ਨੇ ਗੁਰੂ ਨਾਨਕ ਜੀ ਦੇ ਮਨ ਉੱਤੇ ਇਤਨਾ ਡੂੰਘਾ ਅਸਰ ਕੀਤਾ ਕਿ ਉਹ ਮਾਨਸਿਕ ਦੁੱਖ ਨਾਲ ਗ੍ਰਸੇ ਹੋਏ ਸਮਾਧੀ ਵਿਚ ਲੀਨ ਹੋ ਗਏ। ਜੇ ਉਹ ਗੁਰੂ ਗੋਬਿੰਦ ਸਿੰਘ ਜੀ ਦੀ ਸਥਿਤੀ ਵਿਚ ਹੁੰਦੇ ਤਾਂ ਇਕ ਉੱਮਤ ਦੇ ਮਾਲਕ ਹੋਣ ਦੇ ਨਾਤੇ ਕਿਹੜੀ ਗੱਲ ਹੈ ਜਿਹੜੀ ਉਹ ਨਾ ਕਰ ਗੁਜ਼ਰਦੇ? ਪਰ ਉਸ ਵੇਲੇ ਗੁਰੂ ਜੀ ਕੇਵਲ ਇਹੀ ਨਾਹਰਾ ਦੇ ਸਕਦੇ ਸਨ ਤੇ ਆਪਣੇ ਮਨ ਵਿਚ ਇਹੀ ਇੱਛਾ ਕਰ ਸਕਦੇ ਸਨ ਕਿ ਇਹ ਗਊਆਂ [ਵਿਚਾਰੇ ਆਮ ਲੋਕ] ਸ਼ੇਰ ਬਣ ਜਾਣ ਪਰ ਉਹ ਆਪ ਕੀ ਨਾ ਕਰਦੇ ਜੇ ਉਨ੍ਹਾਂ ਦੀ ਪਿੱਠ ਪਿੱਛੇ ਇਕ ਕੌਮ ਹੁੰਦੀ ? ਅਫਸੋਸ ! ਉਨ੍ਹਾਂ ਦੀ ਪਿੱਠ ਪਿੱਛੇ ਕੋਈ ਕੌਮ ਨਹੀਂ ਸੀ। ਉਨ੍ਹਾਂ ਨੇ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਨੇ ਹਾਲੇ ਕੌਮ ਸਾਜਣੀ ਸੀ। ਫਿਰ ਵੀ ਉਹ ਨਿਰੇ ਗੁੱਸੇ ਵਿਚ ਹੀ ਨਹੀਂ ਬੈਠੇ ਰਹੇ ਅਤੇ ਵਿਅਰਥ ਵਿਰਲਾਪ ਨਹੀਂ ਕਰਦੇ ਰਹੇ। ਉਨ੍ਹਾਂ ਹਾਲਾਤ ਵਿਚ ਜੋ ਕੁਝ ਵੀ ਸੰਭਵ ਸੀ ਉਨ੍ਹਾਂ ਕੀਤਾ।

### ਉਨ੍ਹਾਂ ਦੇ ਕੰਮਾਂ ਦਾ ਅਨੁਮਾਨ

ਇਹ ਆਮ ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਜੀ ਡੂੰਘੀ ਲਗਨ ਵਾਲੇ ਅਤੇ ਅਮਨ ਪਸੰਦ ਵਿਅਕਤੀ ਸਨ ਅਤੇ ਉਹ ਲੋਕਾਂ ਦੀਆਂ ਸੰਸਾਰਕ ਲੋੜਾਂ ਬਾਰੇ ਨਹੀਂ ਸਨ ਸੋਚਦੇ। ਇਹ ਬਿਲਕੁਲ ਗਲਤ ਵਿਚਾਰ ਹੈ। ਗੁਰੂ ਜੀ ਨੇ ਲੋਕਾਂ ਉੱਤੇ ਲਗੀਆਂ ਸਮਾਜਕ ਅਤੇ ਰਾਜਸੀ ਪਾਬੰਦੀਆਂ ਬਾਰੇ

---

27. ਮੁਗਲਾਂ ਦੇ ਆਉਣ ਸਬੰਧੀ ਗੁਰੂ ਜੀ 'ਰਾਗ ਤਿਲੰਗ' ਵਿਚ ਕਹਿੰਦੇ ਹਨ, "ਉਹ' 78 ਵਿਚ ਆ ਕੇ '97 ਵਿਚ ਚਲੇ ਜਾਣਗੇ ਅਤੇ ਫਿਰ ਇਕ ਬਹਾਦੁਰ ਆਦਮੀ ਉਠੇਗਾ"। (ਗੁਰੂ ਜੀ ਦੇ ਆਪਣੇ ਸ਼ਬਦਾਂ ਵਿਚ 'ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ')।

ਪਿਛਲੀ ਮਿਤੀ ਹਮਾਯੂੰ ਦੇ ਭਾਰਤ ਵਿੱਚੋਂ 1540 ਈ. ਵਿਚ ਚਲੇ ਜਾਣ ਦਾ ਹਵਾਲਾ ਦੇਂਦੀ ਹੈ ਅਤੇ 'ਮਰਦ ਕਾ ਚੇਲਾ' ਤੋਂ ਭਾਵ ਸ਼ੇਰ ਸ਼ਾਹ ਸੂਰੀ ਹੈ ਜਿਸ ਨੇ ਹਮਾਯੂੰ ਨੂੰ ਭਾਰਤ ਵਿੱਚੋਂ ਕੱਢ ਦਿੱਤਾ ਸੀ ਅਤੇ ਸ਼ੇਰ ਸ਼ਾਹ ਆਪਣੀ ਨਿਰਪਖਤਾ ਕਾਰਣ ਗੁਰੂ ਨਾਨਕ ਜੀ ਨੂੰ ਬਹੁਤ ਪਸੰਦ ਸੀ।

28. Leyden and Erskine's translation (O. U. P; 121), 11, p. 149.

29. ਰਾਗ ਆਸਾ, ਏਸੇ ਮੌਕੇ ਤੇ ਰਚੇ ਹੋਰ ਸ਼ਬਦ ਵੀ ਮੈਕਾਲਿਫ ਦੀ ਜਿਲਦ ਪਹਿਲੀ, ਪੰਨੇ 112-115 ਤੇ ਦੇਖੋ, *Growth of Responsibility in Sikhism*, pp. 2-3 ਵੀ ਦੇਖੋ।

ਅਵਸ਼ ਹੀ ਸੋਚਿਆ; ਨਹੀਂ ਤਾਂ ਉਹ ਇਉਂ ਨਾ ਕਹਿੰਦੇ :

*ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥*
*ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਵੀਚਾਰੁ ॥*
*ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥*

*(ਆਸਾ ਦੀ ਵਾਰ, ਪਉੜੀ ੧੧)*

ਉਨ੍ਹਾਂ ਨੇ ਲੋਧੀ ਪਠਾਣਾਂ ਨੂੰ ਭਾਰਤ ਦੀ ਖਾਤਰ ਸਖ਼ਤ ਮੁਕਾਬਲਾ ਨਾ ਕਰਨ ਲਈ ਅਤੇ ਇਨ੍ਹਾਂ ਤੋਂ ਵਿਦੇਸ਼ੀਆਂ ਦੇ ਭਾਰਤ ਵਰਗਾ ਅਣਮੁੱਲਾ ਹੀਰਾ ਖੋਹ ਲੈਣ ਤੇ ਇਨ੍ਹਾਂ ਨੂੰ ਸਖ਼ਤ ਨਿੰਦਿਆ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ :

*'ਰਤਨ ਵਿਗਾੜਿ ਵਿਗੋਏ ਕੁਤੀਂ ਮੁਇਆ ਸਾਰ ਨ ਕਾਈ' ॥*

*(ਆਸਾ)*

ਗੁਰੂ ਜੀ ਨੇ ਸ਼ਿਕਾਇਤ ਕੀਤੀ ਕਿ ਲੋਕ ਇਤਨੇ ਡਰੇ ਹੋਏ ਸਨ ਕਿ ਉਹ ਮੁਸਲਮਾਨੀ ਵਰਤਾਰੇ ਦੀ ਨਕਲ ਕਰਦੇ, ਮੁਸਲਮਾਨੀ ਢੰਗ ਨਾਲ ਤਿਆਰ ਕੀਤਾ ਮਾਸ ਖਾਂਦੇ ਅਤੇ ਹਾਕਮ ਸ਼੍ਰੇਣੀ ਨੂੰ ਖ਼ੁਸ਼ ਕਰਨ ਲਈ ਨੀਲੇ ਬਸਤਰ ਪਹਿਨਦੇ। ਜਿਵੇਂ ਗੁਰੂ ਜੀ ਦੇ ਆਪਣੇ ਸ਼ਬਦਾਂ ਵਿਚ : ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥.....ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ (ਵਾਰ ਆਸਾ) 'ਹਰ ਘਰ ਵਿਚ ਲੋਕ ਆਪਣੇ ਆਪ ਨੂੰ ਵਿਦੇਸ਼ੀ ਨਾਵਾਂ ਨਾਲ ਪੁਕਾਰਦੇ ਸਨ। ਇਥੋਂ ਤਕ ਕਿ ਉਨ੍ਹਾਂ ਦੀ ਭਾਸ਼ਾ ਵੀ ਬਦਲ ਗਈ ਸੀ (ਬਸੰਤ)।

ਆਪਣੇ ਦੇਸ਼-ਵਾਸੀਆਂ ਦੀ ਬੇਬਸੀ ਨੂੰ ਦੇਖਦੇ ਹੋਏ ਉਹ ਇਸ ਸਿੱਟੇ ਤੇ ਪੁੱਜੇ ਕਿ ਇਖਲਾਕੀ ਗਿਰਾਵਟ ਇਸ ਦਾ ਮੂਲ ਕਾਰਣ ਸੀ। ਜਦੋਂ ਉਨ੍ਹਾਂ ਦੇ ਸਾਥੀ ਮਰਦਾਨਾ ਨੇ ਉਨ੍ਹਾਂ ਨੂੰ ਪੁੱਛਿਆ ਕਿ ਵਿਦੇਸ਼ੀ ਹਮਲੇ ਸਮੇਂ ਲੋਕਾ ਨੂੰ ਇੰਨਾ ਕਸ਼ਟ ਕਿਉਂ ਝਲਣਾ ਪਿਆ ਤਾਂ ਉਨ੍ਹਾਂ ਉੱਤਰ ਦਿੱਤਾ, "ਇਹ ਕੁਦਰਤ ਦਾ ਨੇਮ ਹੈ ਕਿ ਪਤਨ ਤੋਂ ਪਹਿਲੇ ਕਰਤਾ ਮਨੁੱਖ ਵਿੱਚੋਂ ਚੰਗਿਆਈ ਖੋਹ ਲੈਂਦਾ ਹੈ।" ਗੁਰੂ ਸਾਹਿਬ ਦੇ ਆਪਣੇ ਸ਼ਬਦਾਂ ਵਿਚ 'ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ' (ਆਸਾ)। ਉਨ੍ਹਾਂ ਨੂੰ ਇਹ ਨਿਸਚਾ ਸੀ ਕਿ ਜਦ ਤਕ ਮਨੁੱਖ ਅਗਿਆਨਤਾ ਅਤੇ ਬਦਚਲਨੀ ਵਿਚ ਫਸੇ ਹੋਏ ਸਨ ਉਨਾਂ ਚਿਰ ਉਨ੍ਹਾਂ ਲਈ ਕੁਝ ਨਹੀਂ ਕੀਤਾ ਜਾ ਸਕਦਾ। ਗੁਰੂ ਜੀ ਨੇ ਉਨ੍ਹਾਂ ਨੂੰ ਕਈ ਸਾਰੇ ਦੇਵਤੇ ਅਤੇ ਦੇਵੀਆਂ ਦੀ ਜਕੜ ਤੋਂ ਸੁਤੰਤਰ ਕਰਾ ਦਿੱਤਾ ਅਤੇ ਇਕ ਪਰਮਾਤਮਾ ਦੇ ਹੀ ਸਭ ਦਾ ਪਾਲਕ ਅਤੇ ਰਾਜਕ ਹੋਣ ਦਾ ਨਿਸਚਾ ਕਰਵਾਇਆ; ਭਾਵੇਂ ਉਹ ਉਸ ਰੱਬ ਨੂੰ ਕਿਸੇ ਨਾਂ ਨਾਲ ਵੀ ਪੁਕਾਰਨ। ਉਸ ਰੱਬ ਦੀ ਪੂਜਾ ਮੂਰਤੀ ਦੇ ਰੂਪ ਵਿਚ ਨਹੀਂ ਸੀ ਕੀਤੀ ਜਾ ਸਕਦੀ; ਸ਼ਰਧਾਲੂ ਨੇ ਰੱਬ ਦੇ ਨਾਂ ਉੱਤੇ ਜੋਰ ਦੇ ਕੇ ਹੀ ਉਸ ਦੀ ਹੋਂਦ ਦਾ ਅਭਿਆਸ ਕਰਨਾ ਸੀ। ਇਥੇ ਨਾ ਕੋਈ ਰੱਬ ਦੇ ਅਵਤਾਰ ਤੇ ਨਾ ਰੱਬ ਦੇ ਵਿਸ਼ੇਸ਼ ਦੈਵੀ ਸੰਦੇਸ਼ ਸਨ। ਮਨੁੱਖ ਹੀ ਰੱਬ ਦਾ ਸਭ ਤੋਂ ਉੱਤਮ ਪ੍ਰਕਾਸ਼ ਸੀ ਜੋ ਕਿ ਧਾਰਮਿਕ ਗ੍ਰੰਥਾਂ ਰਾਹੀਂ ਬੋਲਣ ਨਾਲੋਂ ਵਧੇਰੇ ਕਰਕੇ ਮਨੁੱਖ ਦੇ ਹਿਰਦੇ ਵਿੱਚੋਂ ਦੀ ਬੋਲਦਾ ਹੈ। ਮਨੁੱਖ ਦੇ ਉੱਚਾ ਹੋਣ ਨਾਲ ਇਸਤਰੀ ਨੂੰ ਵੀ ਉਸ ਦਾ ਹਿੱਸਾ ਮਿਲਿਆ। ਇਸਤਰੀ ਦੇ ਨਾ ਕੇਵਲ ਆਦਮੀ ਨਾਲੋਂ ਨੀਵਾਂ ਤੇ ਘਟੀਆ ਨਾ ਹੋਣ ਦਾ ਹੀ ਐਲਾਨ ਕੀਤਾ ਗਿਆ ਸਗੋਂ ਰੱਬ ਦੇ ਸਨਮੁਖ ਉਸ ਨੂੰ ਵੀ ਆਪਣੇ ਅਮਲਾਂ ਲਈ ਬਰਾਬਰ ਦਾ ਜ਼ਿੰਮੇਵਾਰ ਸਮਝਿਆ ਗਿਆ। (ਵਾਰ ਆਸਾ, ਪਉੜੀ ੧੯) ਬਰਾਬਰੀ ਦੇ ਵਿਚਾਰ ਨੂੰ ਅਮਲੀ ਰੂਪ ਦੇਣ ਲਈ ਗੁਰੂ ਜੀ ਨੇ ਹਰ ਧਰਮਸਾਲ ਨਾਲ ਲੱਗੇ ਸਾਂਝੇ ਲੰਗਰ ਵਿੱਚੋਂ ਇਕੱਠਿਆਂ ਬੈਠ ਕੇ ਭੋਜਨ ਛਕਣ ਦੀ ਮਰਯਾਦਾ ਚਲਾਈ। ਕੋਈ ਵੀ ਉਪਾਸਨਾ ਜਾਂ ਜੀਵਨ ਪ੍ਰੋਗਰਾਮ ਸਹੀ ਨਹੀਂ ਸੀ ਸਮਝਿਆ ਜਾਂਦਾ ਜਿਹੜਾ ਮਨੁੱਖਤਾ ਵਿਚ ਪਿਆਰ ਨਾ ਵਧਾਉਂਦਾ ਹੋਵੇ ਅਤੇ ਜਿਸ ਵਿੱਚੋਂ ਅਮਲੀ ਰੂਪ ਵਿਚ ਸਮਾਜਕ ਸੇਵਾ ਦਾ ਭਾਵ ਨਾ ਨਿਕਲਦਾ

ਹੋਵੇ। ਗੁਰੂ ਜੀ ਨੇ ਮਨੁੱਖੀ ਵਿਵਹਾਰ ਦੇ ਬੜੇ ਸਾਦੇ ਨਿਯਮ ਨਿਰਧਾਰਿਤ ਕੀਤੇ ਜਿਨ੍ਹਾਂ ਦੁਆਰਾ ਪੁਰਾਣੀਆਂ ਪਾਬੰਦੀਆਂ ਦੀ ਥਾਂ ਕੋਈ ਨਵੀਆਂ ਪਾਬੰਦੀਆਂ ਨਹੀਂ ਘੜੀਆਂ ਗਈਆਂ ਅਤੇ ਲੋਕਾਂ ਨੂੰ ਆਪਣੇ ਅੰਦਰ ਸਮਾਜਕ ਅੰਤਹਕਰਣ ਪੈਦਾ ਕਰਨ ਲਈ ਖੁਲ੍ਹ ਦੇ ਦਿੱਤੀ। ਰਾਗ ਵਡਹੰਸ ਵਿਚ ਉਨ੍ਹਾਂ ਕਿਹਾ ਕਿ ਉਹ ਰੀਤ ਰਿਵਾਜ ਛੱਡ ਦਿਉ ਜਿਨ੍ਹਾਂ ਕਾਰਣ ਤੁਹਾਡਾ ਪਿਆਰ (ਪਰਮਾਤਮਾ) ਭੁੱਲ ਜਾਂਦਾ ਹੈ। ਸ੍ਰੀ ਰਾਗ ਵਿਚ ਉਨ੍ਹਾਂ ਕਿਹਾ :

*ਬਾਬਾ ਹੋਰੁ ਖਾਣਾ ਖੁਸੀ ਖੁਆਰ ॥*
*ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥*

ਧਾਰਮਿਕ ਮਨੋਰਥਾਂ ਲਈ ਮੁਲਕ ਦੀ ਦੇਸੀ ਭਾਖਾ[30] ਧਾਰਨ ਕਰਕੇ ਉਨ੍ਹਾਂ ਨੇ ਇਕ ਤਰ੍ਹਾਂ ਲੋਕਾਂ ਦੇ ਅੰਦਰ ਕੌਮੀ ਜਜ਼ਬੇ ਨੂੰ ਉਤੇਜਿਤ ਕਰ ਦਿੱਤਾ। ਇਸ ਜਜ਼ਬੇ ਨੂੰ ਬਹੁਤ ਸਾਰੇ ਵਿਚਾਰਾਂ ਅਤੇ ਆਦਰਸ਼ਾਂ ਦੁਆਰਾ, ਜਿਹੜੇ ਹਰ ਰੋਜ਼ ਸੰਗਤ ਵਿਚ ਮੁੜ ਮੁੜ ਉਨ੍ਹਾਂ ਹੀ ਧਾਰਮਿਕ ਸ਼ਬਦਾਂ ਦੇ ਗਾਉਣ ਨਾਲ ਅਨੁਭਵ ਕੀਤੇ ਜਾਂਦੇ ਸਨ, ਪੁਸ਼ਟੀ ਮਿਲੀ। ਇਸ ਨਾਲ ਲੋਕਾਂ ਦੀ ਸੂਝ ਵਿਚ ਵਾਧਾ ਹੋਇਆ। ਉਨ੍ਹਾਂ ਪਰਮ ਸਚਿਆਈਆਂ ਨੇ, ਜਿਹੜੀਆਂ ਉਨ੍ਹਾਂ ਦੀ ਆਪਣੀ ਬੋਲੀ ਵਿਚ ਉਨ੍ਹਾਂ ਤਕ ਪੁਚਾਈਆਂ ਗਈਆਂ ਸਨ, ਉਨ੍ਹਾਂ ਅੰਦਰ ਵਿਚਾਰ ਦੀਆਂ ਨਵੀਆਂ ਸ਼ਕਤੀਆਂ ਦਾ ਇਹਸਾਸ ਪੈਦਾ ਕੀਤਾ। ਇਸ ਸਭ ਕੁਝ ਦੇ ਨਾਲ ਨਾਲ ਅਕਲ ਦੀ ਰੋਸ਼ਨੀ ਦਾ ਵੀ ਵਾਧਾ ਹੋਇਆ ਜਿਹੜੀ ਨਵੇਂ ਬਣੇ ਧਰਮ ਪ੍ਰਤੀ ਨਿਸ਼ਕਪਟਤਾ ਅਤੇ ਜੋਸ਼ ਦੇ ਨਾਲ ਨਾਲ ਆਉਂਦੀ ਹੈ।

ਆਪਣੇ ਵਿਚਾਰਾਂ ਨੂੰ ਅਮਲੀ ਰੂਪ ਦੇਣ ਲਈ ਗੁਰੂ ਨਾਨਕ ਜੀ ਨੇ ਸੰਸਾਰ ਵਿਚ ਰਹਿੰਦਿਆਂ ਸ਼ੁੱਧ ਜੀਵਨ ਜਿਉਣ ਦੀ ਨਿਜੀ ਮਿਸਾਲ ਕਾਇਮ ਕੀਤੀ। ਜਵਾਨੀ ਦੇ ਦਿਨਾਂ ਵਿਚ ਉਹ ਸਰਕਾਰੀ ਨੌਕਰੀ ਵਿਚ ਇਕ ਮੋਦੀ ਜਾਂ ਸਟੋਰ ਕੀਪਰ ਰਹੇ। ਉਹ ਇਕ ਚੰਗੇ ਗ੍ਰਹਿਸਤੀ ਅਤੇ ਪਿਆਰੇ ਭਰਾ ਸਨ। ਕਈ ਸਾਲਾਂ ਤਕ ਸਫਰ ਅਤੇ ਪ੍ਰਚਾਰ ਕਰਨ ਤੋਂ ਬਾਅਦ ਬੁਢਾਪੇ ਵਿਚ ਉਹ ਇਕ ਕਿਸਾਨ ਵਜੋਂ ਕਰਤਾਰਪੁਰ ਵਿਚ ਟਿਕ ਗਏ।

ਉਨ੍ਹਾਂ ਦੇ ਇਹ ਸਭ ਕੁਝ ਕਰਨ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਕਰਨ ਵਾਲਾ ਸੀ ਜਿਸ ਦੇ ਫਲਸਰੂਪ ਇਖਲਾਕੀ ਅਤੇ ਸਰੀਰਕ ਤੌਰ ਤੇ ਢੱਠੀ ਹੋਈ ਕੌਮ ਮੁੜ ਸਿਰ ਚੁੱਕ ਸਕਦੀ ਅਤੇ ਆਪਣੇ ਪੈਰਾਂ ਤੇ ਖੜੀ ਹੋ ਸਕਦੀ ਸੀ। ਜਿਸ ਧਰਮ ਦੀ ਨੀਂਹ ਗੁਰੂ ਨਾਨਕ ਜੀ ਨੇ ਰੱਖੀ ਉਹ ਧਰਮ ਕੁਝ ਵਿਅਕਤੀਆਂ ਦੀ ਮੁਕਤੀ ਨਾਲ ਹੀ ਸੰਤੁਸ਼ਟ ਨਹੀਂ ਸੀ ਰਹਿ ਸਕਦਾ। ਇਸ ਧਰਮ ਵਿਚ ਕਿਤੇ ਵਡੇਰੀ ਸਮਰਥਾ ਸੀ। ਇਸ ਨੇ ਆਪਣੇ ਆਪ ਨੂੰ ਇਕ ਸੰਸਾਰ-ਸ਼ਕਤੀ ਵਜੋਂ ਜੱਥੇਬੰਦ ਕਰਨਾ ਸੀ ਅਤੇ ਮਨੁੱਖਤਾ ਦੀ ਉੱਨਤੀ ਲਈ ਇਕ ਜਿਉਂਦਾ ਅਤੇ ਸ਼ਕਤੀਸ਼ਾਲੀ ਸਮਾਜ ਉਸਾਰਨਾ ਸੀ। ਗੁਰੂ

30. ਇਹ ਕਹਿਣਾ ਗਲਤ ਹੈ, ਜਿਵੇਂ ਇਕ ਲਿਖਾਰੀ ਨੇ ਮਾਡਰਨ ਰੀਵੀਊ (ਜੁਲਾਈ 1944, ਪੰਨਾ 62) ਵਿਚ ਲਿਖਿਆ ਹੈ, ਕਿ ਸਥਾਨਕ ਭਾਸ਼ਾ ਦੀ ਵਰਤੋਂ ਨੇ ਸਿੱਖ ਮਤ ਦੇ ਪਰਸਾਰ ਨੂੰ ਪੰਜਾਬ ਤਕ ਹੀ ਸੀਮਿਤ ਕਰ ਦਿੱਤਾ। ਦਰ ਅਸਲ ਗੁਰੂਆਂ ਦੀਆਂ ਰਚਨਾਵਾਂ ਵਿਚ ਨਿਰੀ ਸਥਾਨਕ ਭਾਸ਼ਾ ਪੰਜਾਬੀ ਹੀ ਨਹੀਂ ਵਰਤੀ ਗਈ ਸਗੋਂ ਹਿੰਦੀ ਵਧੇਰੇ ਖੁਲ੍ਹੇ ਤੌਰ ਤੇ ਵਰਤੀ ਗਈ ਹੈ ਅਤੇ ਉਹ ਸਾਰੇ ਉੱਤਰੀ ਅਤੇ ਕੇਂਦਰੀ ਭਾਰਤ ਵਿਚ ਸਮਝੀ ਜਾਂਦੀ ਸੀ। ਇਸ ਤੋਂ ਇਲਾਵਾ ਸਿੱਖ ਮਤ ਪੰਜਾਬ ਤੋਂ ਬਹੁਤ ਦੂਰ ਬਾਹਰ ਤਕ ਫੈਲਿਆ ਜਿਵੇਂ ਕਿ ਸਿੱਖਾਂ ਦੇ ਨਾਵਾਂ ਅਤੇ ਉਨ੍ਹਾਂ ਦੇ ਥਾਵਾਂ ਤੋਂ ਪ੍ਰਗਟ ਹੁੰਦਾ ਹੈ ਜਿਨ੍ਹਾ ਦਾ ਜਿਕਰ ਭਾਈ ਗੁਰਦਾਸ ਨੇ *ਗਿਆਰਵੀਂ ਵਾਰ* ਵਿਚ ਕੀਤਾ ਹੈ। ਇਹ ਗੱਲ ਨੌਵੇਂ ਅਤੇ ਦਸਵੇਂ ਗੁਰੂਆਂ ਦੇ *ਹੁਕਮਨਾਮਿਆਂ* ਅਤੇ ਪੂਰਬ ਅਤੇ ਦੱਖਣ ਵਿਚ ਸਥਾਪਤ ਸੰਗਤਾਂ ਦੇ ਨਿਸ਼ਾਨਾਂ ਤੋਂ ਵੀ ਸਿੱਧ ਹੁੰਦੀ ਹੈ। ਜੇ ਪਿੱਛੋ ਜਾ ਕੇ ਇਸ ਦਾ ਘੇਰਾ ਸੀਮਤ ਹੋ ਗਿਆ ਤਾਂ ਇਸ ਦਾ ਕਾਰਣ ਉਹ ਰਾਜਸੀ ਜੱਦੋ ਜਹਿਦ ਸੀ ਜਿਹੜੀ ਸਿੱਖਾਂ ਦੇ ਧਿਆਨ ਗੋਚਰ ਸੀ ਅਤੇ ਜਿਸ ਨੇ ਸਿੱਖਾਂ ਦੀਆਂ ਸਰਗਰਮੀਆਂ ਉਨ੍ਹਾਂ ਦੇ ਇਲਾਕੇ ਤਕ ਹੀ ਸੀਮਿਤ ਰਖੀਆਂ।

ਨਾਨਕ ਜੀ ਨਾ ਕੇਵਲ ਸੁਧਾਰਕ ਹੀ ਸਨ ਸਗੋਂ ਇਕ ਨਵੇ ਧਰਮ ਦੇ ਬਾਨੀ[31] ਵੀ ਸਨ। ਇਹ ਗੱਲ ਇਸ ਤੱਥ ਤੋਂ ਸਪਸ਼ਟ ਹੁੰਦੀ ਹੈ ਕਿ ਉਨ੍ਹਾ ਨੇ ਭਾਰਤ ਤੋਂ ਬਾਹਰ ਗੈਰ-ਹਿੰਦੂ ਦੇਸ਼ਾਂ ਦੀ ਯਾਤਰਾ ਕੀਤੀ ਅਤੇ ਮੰਜੀਦਾਰਾਂ ਦੇ ਅਧੀਨ ਜੁਦੇ ਜੁਦੇ ਪ੍ਰਚਾਰ ਕੇਂਦਰਾਂ ਵਿਚ ਸੰਗਤਾਂ[32] ਜਾਂ ਸਿੱਖ ਜੱਥੇਬੰਦੀਆਂ ਸਥਾਪਿਤ ਕੀਤੀਆਂ। ਉਨ੍ਹਾਂ ਨੇ ਵਿਸ਼ੇਸ਼ ਧਿਆਨ ਨਾਲ ਆਪਣੇ ਅਜਿਹੇ ਉੱਤਰਾਧਿਕਾਰੀ ਦੀ ਪਰਖ ਕਰਕੇ ਉਸ ਦੀ ਨਿਯੁਕਤੀ ਕੀਤੀ[33] ਜਿਹੜਾ ਉਨ੍ਹਾਂ ਦੇ ਪਿੱਛੇ ਉਨ੍ਹਾਂ ਦਾ ਕੰਮ ਜਾਰੀ ਰੱਖ ਸਕੇ :

*ਸਿਖਾਂ ਪੁਤ੍ਰਾ ਘੋਖਿਕੈ ਸਭ ਉਮਤਿ ਵੇਖਹੁ ਜਿਕਿਓਨੁ ॥*
*ਜਾਂ ਸੁਧੋਸੁ ਤਾਂ ਲਹਣਾ ਟਿਕਿਓਨੁ ॥*[34]

---

31 'ਨਾਨਕ ਜੀ ਨੇ ਇਕ ਸ਼ੁੱਧ ਧਰਮ ਦੀ ਨੀਂਹ ਰੱਖੀ ਅਤੇ ਸੰਸਾਰ ਵਿਚ ਆਪਣਾ ਸਿੱਕਾ ਚਲਾਇਆ' (*ਭਾਈ ਗੁਰਦਾਸ ਵਾਰ ੧, ਪਉੜੀ ੪੫*) ਕਾਜ਼ੀ ਨੂਰ ਮੁੱਹਮਦ ਦਾ *ਜੰਗਨਾਮਾ*, ਪੰਨਾ 159 ਅਤੇ Payne's *Short History of the Sikhs*, p. 25 ਵੀ ਦੇਖੋ।

32. *ਸੀਅਰ ਉਲ ਮੁਤਾਖਰੀਨ*, ਪੰਨਾ 401 *ਭਾਈ ਗੁਰਦਾਸ, ਵਾਰ ਪਹਿਲੀ*, ਪਉੜੀ ੨੭, ਪੰਗਤੀ ੪ ਵੀ ਵੇਖੋ।

33. J.C. Archer ਨੇ ਆਪਣੀ ਪੁਸਤਕ *The Sikhs* ਵਿਚ ਲਿਖਿਆ ਹੈ: 'ਗੁਰੂ ਨਾਨਕ ਜੇ ਨਿਰਾ ਇਕੋ ਇਕ ਨਹੀਂ ਤਾਂ ਸਭ ਤੋਂ ਵੱਧ ਸਿਰ ਕੱਢ ਭਾਰਤੀ ਸੁਧਾਰਕ ਹੈ ਜਿਸ ਨੇ ਆਪਣੇ ਉੱਤਰਾਧਿਕਾਰੀਆਂ ਲਈ ਵਿਸ਼ੇਸ਼ ਪ੍ਰਬੰਧ ਕੀਤੇ, ਜਿਨ੍ਹਾਂ ਦੀ ਮੁੱਢਲੀ ਜ਼ਿਮੇਵਾਰੀ ਇਹ ਸੀ ਕਿ ਉਹ ਗੁਰੂ ਜੀ ਦੀ ਸਿਖਿਆ ਨੂੰ ਸੰਭਾਲ ਕੇ ਰਖਣ ਤੇ ਇਸ ਦਾ ਪਰਸਾਰ ਕਰਨ।

34. ਇਹ ਤੁਕਾਂ ਸੱਤਾ ਅਤੇ ਬਲਵੰਡ ਦੀ *ਵਾਰ ਰਾਮਕਲੀ* ਵਿੱਚੋਂ ਹਨ। ਇਸ ਤਰਾਂ ਦੀ ਹੀ ਪਰਖ ਦੂਜੇ ਗੁਰੂ ਨੇ ਆਪਣਾ ਉੱਤਰਾਧਿਕਾਰੀ ਚੁਣਨ ਲਈ ਕੀਤੀ ਸੀ। *ਵਾਰ ਬਿਲਾਵਲ* ਵਿਚ ਗੁਰੂ ਰਾਮ ਦਾਸ ਜੀ ਕਹਿੰਦੇ ਹਨ : ਉਪਰੋਂ ਹੋਏ ਇਸ਼ਾਰੇ ਅਨੁਸਾਰ ਹੀ ਗੁਰੂ ਅੰਗਦ ਜੀ ਨੇ ਮਹਾਨ ਗੁਰਿਆਈ ਅਮਰ ਦਾਸ ਜੀ ਨੂੰ ਦਿੱਤੀ। ਉਨ੍ਹਾਂ ਨੇ ਆਪਣੇ ਭਰਾ ਦੇ ਪੁੱਤਰਾਂ, ਆਪਣੇ ਜੁਆਈਆਂ, ਆਪਣੇ ਰਿਸ਼ਤੇਦਾਰਾਂ ਅਤੇ ਆਪਣੇ ਪਾਸ ਰਹਿਣ ਵਾਲੇ ਲੋਕਾਂ ਨੂੰ ਪਰਖਿਆ ਅਤੇ ਉਨ੍ਹਾਂ ਦੀ ਪ੍ਰਸਿੱਧੀ ਦਾ ਪਾਜ ਖੋਲਿਆ। ਤੀਜੇ ਗੁਰੂ ਨੇ ਵੀ ਆਪਣੇ ਪੁੱਤਰਾਂ ਨੂੰ ਰਦ ਕਰ ਦਿੱਤਾ ਅਤੇ ਆਪਣੇ ਜਿਉਂਦੇ ਜੀ ਹੀ ਰਾਮ ਦਾਸ ਜੀ ਨੂੰ ਆਪਣਾ ਉੱਤਰਾਧਿਕਾਰੀ ਇਸ ਲਈ ਨਿਯੁਕਤ ਨਹੀਂ ਕੀਤਾ ਕਿ ਉਹ ਉਨ੍ਹਾਂ ਦੇ ਦਾਮਾਦ ਸਨ ਸਗੋਂ ਇਸ ਲਈ ਕਿ ਉਨ੍ਹਾਂ ਨੇ ਆਪਣੀ ਲਗਾਤਾਰ ਸੇਵਾ ਅਤੇ ਆਮ ਯੋਗਤਾ ਕਾਰਣ ਆਪਣੇ ਆਪ ਨੂੰ ਅਜਿਹਾ ਵਿਅਕਤੀ ਸਿੱਧ ਕੀਤਾ ਜੋ ਗੁਰੂ ਨਿਯੁਕਤ ਹੋਣ ਦੇ ਯੋਗ ਸੀ। ਚੌਥੇ ਗੁਰੂ ਦੇ ਸਮੇਂ ਤਕ ਗੁਰੂ ਜੀ ਦੇ ਪੁੱਤਰਾਂ ਨੂੰ ਇਹ ਸਬਕ ਦ੍ਰਿੜ੍ਹ ਕਰਾਇਆ ਜਾ ਚੁੱਕਾ ਸੀ ਕਿ ਗੁਰਿਆਈ ਲਈ ਕੇਵਲ ਯੋਗਤਾ ਹੀ ਗਿਣੀ ਜਾਏਗੀ, ਇਸ ਲਈ ਉਸ ਤੋਂ ਬਾਅਦ ਉਨ੍ਹਾਂ ਨੇ ਕਰੜੇ ਫਰਜ਼ ਨਿਭਾਉਣ ਦੇ ਯੋਗ ਹੋਣ ਦੀ ਕੋਸ਼ਿਸ਼ ਕੀਤੀ। ਯਾਦ ਰਖਣ ਵਾਲੀ ਗਲ ਇਹ ਹੈ ਕਿ ਚੋਣ ਲਈ ਸਿੱਖਾਂ ਅਤੇ ਗੁਰੂ ਦੇ ਪੁੱਤਰਾਂ ਵਿੱਚੋਂ ਪਰਖ ਇਕੋ ਕਸੌਟੀ ਤੇ ਕੀਤੀ ਜਾਂਦੀ ਸੀ। ਇਸ ਪਰਖ ਵਿੱਚੋਂ ਸ਼ਾਮਿਲ ਅਤੇ ਯੋਗਤਾ ਰੱਖਣ ਵਾਲੇ ਪੁੱਤਰਾਂ ਨੂੰ ਪੁੱਤਰ ਹੋਣ ਕਰਕੇ ਹੀ ਕਿਉਂ ਖਾਰਜ ਕੀਤਾ ਜਾਏ? ਭਾਈ ਗੁਰਦਾਸ ਛੇਵੇਂ ਗੁਰੂ ਦੇ ਸਮੇਂ ਵੀ ਬਾਦਸ਼ਾਹਾਂ ਅਤੇ ਸਿੱਖ ਗੁਰੂ ਆਂ ਦੇ ਉੱਤਰਾਧਿਕਾਰੀ ਚੁਣਨ ਦੇ ਫਰਕ ਨੂੰ ਧਿਆਨ ਗੋਚਰ ਲਿਆਉਂਦੇ ਹਨ। ਇਕ ਹਾਲਤ ਵਿਚ (ਭਾਵ ਬਾਦਸ਼ਾਹ ਦਾ ਉੱਤਰਾਧਿਕਾਰੀ ਚੁਣਨ ਵਿਚ) ਵੱਡੇ ਦੇ ਹੱਕ ਨੂੰ ਪਹਿਲ ਦੇਣ ਦੇ ਅਸੂਲ ਨੂੰ ਮੰਨਿਆ ਜਾਦਾ ਸੀ ਅਤੇ ਦੂਜੀ ਹਾਲਤ ਵਿਚ (ਗੁਰਿਆਈ ਦੇਣ ਸਮੇਂ) ਕੇਵਲ ਯੋਗਤਾ ਹੀ ਦੇਖੀ ਜਾਂਦੀ ਸੀ। (ਵਾਰ *੨੬, ਪਉੜੀ ੩੧*)। ਤਜਰਬੇ ਦੇ ਤੌਰ ਤੇ ਇਸ ਯੋਗਤਾ ਵਾਲੇ ਅਸੂਲ ਨੂੰ ਉੱਨਤ ਕਰਨ ਲਈ ਇਹ ਜ਼ਰੂਰੀ ਸਮਝਿਆ ਗਿਆ ਕਿ ਉੱਤਰਾਧਿਕਾਰੀ ਦੀ ਚੋਣ ਗੁਰੂ ਜੀ ਦੇ ਅੰਤਮ ਸਮੇਂ ਤਕ ਮੁਲਤਵੀ ਨਾ ਕੀਤੀ ਜਾਏ ਸਗੋਂ ਚੋਖੀ ਪਹਿਲੇ ਕਰ ਲਈ ਜਾਏ ਤਾਂ ਜੋ ਉੱਤਰਾਧਿਕਾਰੀ ਨੂੰ ਆਪਣੀ ਯੋਗਤਾ ਸਿੱਧ ਕਰਨ ਲਈ ਕੁਝ ਸਿਖਲਾਈ ਪ੍ਰਾਪਤ ਕਰਨ ਦਾ ਮੌਕਾ ਮਿਲ ਸਕੇ। ਚੋਣ ਸਦਾ ਵਧੀਆ ਹੁੰਦੀ ਰਹੀ। ਗੁਰੂ ਹਰਿ ਕ੍ਰਿਸ਼ਨ ਵੀ ਬੜੇ ਹੋਣਹਾਰ ਸਨ। ਜੇ ਛੋਟੀ ਆਯੂ ਵਾਲੇ ਗੁਰੂ ਛੇਤੀ ਜੋਤੀ-ਜੋਤਿ ਸਮਾ ਗਏ ਤਾਂ ਇਸ ਵਿਚ ਚੋਣ ਕਰਨ ਵਾਲੇ ਦਾ ਕੋਈ ਦੋਸ਼ ਨਹੀਂ ਸੀ। 'ਇਸ ਅੱਠ ਸਾਲਾਂ ਦੀ ਉਮਰ ਦੇ ਬੱਚੇ (ਗੁਰੂ) ਨੇ ਵੀ ਆਪਣੇ ਭਰਾ ਅਤੇ ਚਾਚੇ ਨੂੰ ਨਜ਼ਰ ਅੰਦਾਜ਼ ਕਰਕੇ ਬਿਲਕੁਲ ਸਹੀ ਚੋਣ ਕੀਤੀ' (*ਗੋਕਲ ਚੰਦ ਨਾਰੰਗ*, ਪੰਨਾ 119, ਫੁਟ ਨੋਟ 1)।

ਗੁਰੂ ਨਾਨਕ ਜੀ ਭਾਈ ਲਹਿਣਾ ਜੀ ਨੂੰ ਆਪਣੇ ਆਸਣ ਤਕ ਲੈ ਗਏ ਅਤੇ ਉਨ੍ਹਾਂ ਨੂੰ 'ਅੰਗਦ' ਭਾਵ ਆਪਣੇ ਸਰੀਰ ਦਾ ਅੰਗ ਜਾਂ ਹਿੱਸਾ ਸਮਝਦੇ ਹੋਏ ਆਪਣਾ ਉੱਤਰਾਧਿਕਾਰੀ ਥਾਪ ਕੇ ਉਨ੍ਹਾਂ ਨੂੰ ਪ੍ਰਨਾਮ ਕੀਤਾ। ਗੁਰੂ ਨਾਨਕ ਜੀ ਛੇਤੀ ਪਿੱਛੋਂ 22 ਸਤੰਬਰ, 1539 ਨੂੰ ਜੋਤੀ-ਜੋਤਿ ਸਮਾ ਗਏ।

ਜਦੋਂ ਉਹ ਅੰਤਮ ਸਮੇਂ ਕਰਤਾਰਪੁਰ ਵਿਚ ਆਪਣੇ ਬਿਸਤਰੇ ਉਪਰ ਲੇਟੇ ਹੋਏ ਸਨ ਤਾਂ ਆਪਣੇ 'ਬਾਰ' ਦੇ ਇਲਾਕੇ ਤਲਵੰਡੀ ਦੇ ਵੱਖ-ਵੱਖ ਦ੍ਰਿਸ਼ ਇਕ ਇਕ ਕਰਕੇ ਉਨ੍ਹਾਂ ਦੀਆਂ ਮਨ ਦੀਆਂ ਅੱਖਾਂ ਸਾਹਮਣੋਂ ਦੀ ਲੰਘੇ ਅਤੇ ਉਨ੍ਹਾਂ ਨੂੰ ਆਪਣਾ ਮੁੱਢਲਾ ਜਾਂ ਬਚਪਨ ਦਾ ਵਾਤਾਵਰਣ ਯਾਦ ਆ ਗਿਆ। ਉਨ੍ਹਾਂ ਨੇ ਕਦੇ ਪਹਿਲਾਂ ਲਿਖੀ ਆਪਣੀ ਰਚਨਾ ਦੇ ਆਖਰੀ ਹਿੱਸੇ[35] ਵਿਚ ਕਿਹਾ ਸੀ, 'ਆਹ' ! ਹੁਣ 'ਬਾਰ' ਵਿਚ ਵਣ ਦੇ ਬ੍ਰਿਛ ਮੌਲ ਰਹੇ ਹੋਣਗੇ। ਉੱਚਾ ਘਾਹ ਵੀ ਪ੍ਰਫੁਲਿਤ ਹੋ ਰਿਹਾ ਹੋਵੇਗਾ ਅਤੇ ਜੰਗਲ ਦੀ ਸੁੰਨਸਾਨ ਵਿਚ ਬੀਂਡੇ ਦੀ ਟੈਂ ਟੈਂ ਸੁਣਾਈ ਦੇ ਰਹੀ ਹੋਵੇਗੀ'। ਗੁਰੂ ਨਾਨਕ ਸਾਰੀ ਦੁਨੀਆਂ ਦੇ ਸਾਂਝੇ ਸਨ ਪਰ ਉਹ ਪੰਜਾਬੀ ਵੀ ਸਨ ਤੇ ਉਨ੍ਹਾਂ ਨੂੰ ਵਿਸ਼ੇਸ਼ ਕਰਕੇ ਪੰਜਾਬ ਦੇ ਉਸ ਭਾਗ ਨਾਲ ਲਗਾਉ ਸੀ ਜਿਸ ਨੂੰ ਬਾਰ ਕਹਿੰਦੇ ਹਨ।

## 2. ਗੁਰੂ ਅੰਗਦ ਸਾਹਿਬ (1504-1552 ਈ.)

ਗੁਰੂ ਅੰਗਦ ਸਾਹਿਬ ਨੇ ਆਪਣਾ ਕੰਮ ਤੇਰਾਂ ਵਰ੍ਹਿਆਂ ਤਕ ਜਾਰੀ ਰਖਿਆ। ਗੁਰੂ ਜੀ ਦਾ ਜਨਮ 31 ਮਾਰਚ, 1504 ਈਸਵੀ ਨੂੰ ਹੋਇਆ ਸੀ। ਉਨ੍ਹਾਂ ਦੇ ਪਿਤਾ ਜੀ ਦਾ ਨਾਂ ਫੇਰੂ ਸੀ ਜਿਹੜੇ ਇਕ ਛੋਟੇ ਵਪਾਰੀ ਸਨ ਅਤੇ ਅਜੋਕੇ ਜਿਲਾ ਫੀਰੋਜਪੁਰ ਵਿਚ ਪਿੰਡ ਮਤੇ ਦੀ ਸਰਾਏ (ਸਰਾਏ ਨਾਗਾ) ਵਿਚ ਰਹਿੰਦੇ ਸਨ। ਗ਼ਰੀਬੀ ਕਾਰਣ ਫੇਰੂ ਜੀ ਆਪਣਾ ਜੱਦੀ ਪਿੰਡ ਛੱਡ ਕੇ ਹਰੀਕੇ ਚਲੇ ਗਏ ਤੇ ਫਿਰ ਉਥੋਂ ਖਡੂਰ ਪੁੱਜ ਗਏ, ਜਿਹੜਾ ਕਿ ਪ੍ਰਸਿੱਧ ਨਗਰ ਤਰਨ ਤਾਰਨ ਦੇ ਨੇੜੇ ਹੈ। ਉੱਥੇ ਹੀ ਪੰਦਰਾਂ ਸਾਲਾਂ ਦੀ ਉਮਰ ਵਿਚ ਲਹਿਣਾ ਜੀ (ਗੁਰੂ ਅੰਗਦ ਸਾਹਿਬ) ਦਾ ਵਿਆਹ ਉਥੋਂ ਦੀ ਵਸਨੀਕ ਬੀਬੀ ਖੀਵੀ ਨਾਲ ਹੋ ਗਿਆ। ਉਨ੍ਹਾਂ ਦੇ ਘਰ ਦੋ ਸਪੁੱਤਰ ਅਤੇ ਦੋ ਸਪੁੱਤਰੀਆਂ ਪੈਦਾ ਹੋਈਆਂ। ਲਹਿਣਾ ਜੀ ਦੁਰਗਾ ਦੇਵੀ ਦੇ ਅਨਿੰਨ ਭਗਤ ਸਨ ਅਤੇ ਹਰ ਸਾਲ ਯਾਤਰੂਆਂ ਦਾ ਇਕ ਜੱਥਾ ਨਾਲ ਲੈ ਕੇ ਜਵਾਲਾਮੁਖੀ ਜਾਇਆ ਕਰਦੇ ਸਨ। ਸ਼ਿਵਾਲਿਕ ਦੀਆਂ ਪਹਾੜੀਆਂ (ਨਿਚਲੇ ਹਿਮਾਲਿਆ) ਵਿਚ ਦੇਵੀ ਦਾ ਇਹ ਇਕ ਪਵਿੱਤਰ ਅਸਥਾਨ ਹੈ ਜਿੱਥੇ ਪਹਾੜ ਵਿੱਚੋਂ ਅੱਗ ਨਿਕਲਦੀ ਹੈ। ਇਕ ਜੋਧਾ ਨਾਮੀ ਸਿੱਖ ਨੇ ਲਹਿਣਾ ਜੀ ਦੀ ਗੁਰੂ ਨਾਨਕ ਸਾਹਿਬ ਦੀ ਬਾਣੀ ਨਾਲ ਵਾਕਫੀਅਤ ਕਰਾਈ। ਇਕ ਵਾਰ ਜਦੋਂ ਲਹਿਣਾ ਜੀ ਜਵਾਲਾਮੁਖੀ ਨੂੰ ਜਾ ਰਹੇ ਸਨ ਤਾਂ ਉਹ ਕਰਤਾਰਪੁਰ ਦੇ ਸਥਾਨ ਤੇ ਅਟਕ ਗਏ ਅਤੇ ਗੁਰੂ ਜੀ ਨੂੰ ਮਿਲੇ। ਉਨ੍ਹਾਂ ਉੱਤੇ ਗੁਰੂ ਨਾਨਕ ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੀਆਂ ਸ਼ੁਭ ਗੁਣਾਂ ਵਾਲੀਆਂ ਸਿਖਿਆਵਾਂ ਦਾ ਇਤਨਾ ਡੂੰਘਾ ਪ੍ਰਭਾਵ ਪਿਆ ਕਿ ਉਨ੍ਹਾਂ ਨੇ ਦੇਵੀ ਦੀ ਪੂਜਾ ਛੱਡ ਦਿੱਤੀ ਅਤੇ ਗੁਰੂ ਜੀ ਦੇ ਅਨੁਯਾਈ ਬਣ ਗਏ। ਉਨ੍ਹਾਂ ਨੇ ਮਹਾਨ ਸ਼ਰਧਾ ਨਾਲ ਆਪਣੇ ਗੁਰੂ ਜੀ ਦੀ ਸੇਵਾ ਕੀਤੀ ਅਤੇ ਕਈ ਸਾਰੀਆਂ ਪਰਖਾਂ ਵਿੱਚੋਂ ਦੀ ਲੰਘ ਕੇ ਉਹ ਗੁਰੂ ਨਿਯੁਕਤ ਹੋਏ।

ਉਨ੍ਹਾਂ ਨੇ ਕੁਝ ਸਮਾਂ ਖਡੂਰ ਤੋਂ ਬਾਹਰ ਵਿਰਕਤੀ ਰੂਪ ਵਿਚ ਲੰਘਾਇਆ ਪਰ ਕਿਸੇ ਵੀ ਤਰ੍ਹਾਂ ਭਾਈ ਬੁੱਢਾ ਜੀ ਵਰਗੇ ਉੱਘੇ ਸਿੱਖਾਂ ਦੀ ਬੇਨਤੀ ਤੇ ਉਹ ਆਪਣੇ ਸਿੱਖਾਂ ਨੂੰ ਉੱਦਮੀ ਅਗਵਾਈ ਦੇਣ ਲਈ ਫਿਰ ਅੱਗੇ ਆਏ। ਉਨ੍ਹਾਂ ਦੇ ਆਦੇਸ਼ ਅਨੁਸਾਰ ਸਿੱਖ ਸੰਗਤ ਦੇ ਰੂਪ ਵਿਚ ਨੇਮਪੂਰਵਕ ਇਕੱਤਰ ਹੁੰਦੇ ਅਤੇ ਉਹ ਉਨ੍ਹਾਂ ਸਾਹਮਣੇ ਗੁਰੂ ਨਾਨਕ ਜੀ ਦੇ ਮਿਸ਼ਨ ਦੀ ਵਿਆਖਿਆ ਕਰਦੇ।

---

35. ਤੁਖਾਰੀ ਛੰਦ

ਉਨ੍ਹਾਂ ਨੇ ਲੰਗਰ ਦੀ ਪ੍ਰਥਾ ਚਾਲੂ ਰੱਖੀ ਜਿਸ ਦੀ ਦੇਖ ਭਾਲ ਮਾਤਾ ਖੀਵੀ ਜੀ ਕਰਦੇ ਸਨ। ਲੰਗਰ ਵਿਚ ਦੁੱਧ ਅਤੇ ਘਿਉ ਵਿਚ ਬਣੀ ਹੋਈ ਖੀਰ ਖਾਣ ਨੂੰ ਮਿਲਦੀ ਸੀ (ਵਾਰ ਸਤਾ, ਪਉੜੀ 3) ਪਰ ਗੁਰੂ ਜੀ ਆਪ ਸਾਦੀ ਖੁਰਾਕ ਹੀ ਖਾਂਦੇ ਸਨ ਜਿਸ ਲਈ ਉਹ ਮੁੰਜ ਵੱਟਣ ਦਾ ਕੰਮ ਕਰਦੇ ਸਨ। ਉਹ ਬੱਚਿਆਂ ਨੂੰ ਖੇਡਦਿਆਂ ਦੇਖਣ ਦੇ ਬੜੇ ਚਾਹਵਾਨ ਸਨ ਅਤੇ ਕਦੇ ਕਦੇ ਉਸ ਥਾਂ ਉੱਤੇ ਨੌਜਵਾਨਾਂ ਦੀਆਂ ਕੁਸ਼ਤੀਆਂ ਵੀ ਕਰਵਾਉਂਦੇ ਸਨ ਜਿਸ ਥਾਂ ਨੂੰ ਹੁਣ 'ਮੱਲ ਅਖਾੜਾ' ਕਹਿੰਦੇ ਹਨ।

ਇਕ ਸਿੱਖ ਵਜੋਂ ਉਨ੍ਹਾਂ ਦਾ ਸਭ ਤੋਂ ਵੱਡਾ ਗੁਣ ਉਨ੍ਹਾ ਦੀ ਨਿਸਚਿਤ ਆਗਿਆਕਾਰੀ ਸੀ ਅਤੇ ਇਹੀ ਗੁਣ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਪ੍ਰਦਾਨ ਕੀਤਾ। ਉਨ੍ਹਾ ਦੀ ਬਾਣੀ, ਜਿਹੜੀ ਦੂਜੇ ਗੁਰੂਆਂ ਦੇ ਮੁਕਾਬਲੇ ਵਿਚ ਥੋੜ੍ਹੀ ਹੈ, ਇਸੇ ਵਿਸ਼ੇ ਦੀ ਰੂਪਾਂਤਰ ਹੈ। ਉੱਘੇ ਰਾਗੀ ਸਤਾ ਅਤੇ ਬਲਵੰਡ[36] ਨੇ, ਜਿਹੜੇ ਹਰ ਰੋਜ਼ ਸਿੱਖਾਂ ਦੇ ਜੋੜ ਮੇਲੇ ਵਿਚ ਕੀਰਤਨ ਕਰਦੇ ਸ਼ਨ, ਜਦੋਂ ਹੰਕਾਰੀ ਹੋ ਕੇ ਕੀਰਤਨ ਕਰਨਾ ਬੰਦ ਕਰ ਦਿੱਤਾ ਤਾਂ ਉਨ੍ਹਾਂ ਨੂੰ ਵੀ ਆਗਿਆਕਾਰੀ ਬਣਨ ਦੀ ਸਿੱਖਿਆ ਦਿੱਤੀ ਗਈ। ਅਮਰ ਦਾਸ ਜੀ ਖ਼ੁਦ ਵੀ, ਜਦੋਂ ਹਾਲੇ ਉਨ੍ਹਾਂ ਨੇ ਆਪਣੇ ਅਸਲੀ ਕਰਤੱਵ ਬਾਰੇ ਸਿੱਖਿਆ ਪ੍ਰਾਪਤ ਕਰਨੀ ਸੀ, ਸਦਾ ਇਸ ਗੱਲ ਲਈ ਸੁਚੇਤ ਰਹੇ ਕਿ ਉਹ ਆਗਿਆਕਾਰੀ ਦਾ ਇਹ ਸਬਕ ਨਾ ਭੁਲਾ ਬੈਠਣ। ਇਕ ਭੇਖੀ ਸਾਧ, ਜਿਸ ਨੂੰ ਖਡੂਰ ਦਾ ਤੁਪਾ ਕਹਿੰਦੇ ਸਨ, ਨੂੰ, ਗੁਰੂ ਜੀ ਵੱਲ ਨਿਰਦਈਪੁਣੇ ਕਾਰਣ ਪਿੰਡ ਦੇ ਲੋਕਾਂ ਨੇ ਸਖ਼ਤ ਸਜਾ ਦਿੱਤੀ ਅਤੇ ਅਮਰ ਦਾਸ ਜੀ ਨੇ ਗੁਰੂ ਸਾਹਿਬ ਦੇ ਆਦੇਸ਼ ਭੁੱਲ ਕੇ ਪਿੰਡ ਦੇ ਵਸਨੀਕਾਂ ਦੀ ਤਪੇ ਵੱਲ ਹਿੰਸਾ ਪ੍ਰਤੀ ਹਮਾਇਤ ਕੀਤੀ। ਇਸ ਗੱਲ ਦਾ ਪਤਾ ਲਗਣ ਤੇ ਗੁਰੂ ਅੰਗਦ ਸਾਹਿਬ ਦੇ ਮਨ ਨੂੰ ਬੜਾ ਦੁੱਖ ਹੋਇਆ ਅਤੇ ਉਨ੍ਹਾਂ ਕਿਹਾ, "ਤੁਸੀਂ ਔਖੀਆਂ ਗੱਲਾਂ ਨੂੰ ਨਹੀਂ ਝਲ ਸਕਦੇ। ਜੋ ਕੁਝ ਵੀ ਤੁਸੀਂ ਕੀਤਾ ਹੈ ਇਹ ਲੋਕਾਂ ਨੂੰ ਖ਼ੁਸ਼ ਕਰਨ ਲਈ ਕੀਤਾ ਹੈ। ਤੁਹਾਡੇ ਵਿਚ ਧਰਤੀ ਦੀ ਤਰ੍ਹਾਂ ਸਹਿਣਸ਼ੀਲਤਾ, ਅਤੇ ਦੁੱਖ-ਸੁੱਖ ਵਿਚ ਪਰਬਤ ਦੀ ਤਰ੍ਹਾਂ ਸਥਿਰਤਾ ਹੋਣੀ ਚਾਹੀਦੀ ਹੈ। ਤੁਹਾਡੇ ਮਨ ਵਿਚ ਦਿਆਲਤਾ ਹੋਣੀ ਚਾਹੀਦੀ ਹੈ ਅਤੇ ਹਰ ਕਿਸੇ ਦੇ ਅਮਲਾਂ ਦਾ ਖਿਆਲ ਕਰਨ ਦੀ ਬਜਾਇ ਸਰਬਤ ਦਾ ਭਲਾ ਕਰੋ।"

ਸਿੱਖ ਲਹਿਰ ਦੀ ਉੱਨਤੀ ਵਿਚ ਜੋ ਗੁਰੂ ਅੰਗਦ ਸਾਹਿਬ ਨੇ ਹਿੱਸਾ ਪਾਇਆ ਉਹ ਇਹ ਸੀ ਕਿ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੇ ਦਰਸਾਏ ਆਮ ਆਦਰਸ਼ਾਂ ਨੂੰ ਨਿਸ਼ਚਿਤਤਾ ਅਤੇ ਵਿਸ਼ੇਸ਼ਤਾ ਪ੍ਰਦਾਨ ਕੀਤੀ। ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੀ ਬਾਣੀ ਇਕੱਠੀ ਕਰਕੇ ਇਕ ਵਿਸ਼ੇਸ਼ ਲਿਪੀ ਗੁਰਮੁਖੀ[37] ਵਿਚ ਲਿਖਵਾਈ। ਇਸ ਤਰ੍ਹਾਂ ਸਿੱਖ ਧਰਮ ਦੀ ਪੁਸਤਕ (ਗੁਰੂ ਗ੍ਰੰਥ ਸਾਹਿਬ) ਦਾ ਮੁੱਢ

36. ਸਤਾ ਤਾਂ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤਕ ਜਿਉਂਦਾ ਰਿਹਾ। ਇਨ੍ਹਾਂ ਭੱਟਾਂ ਨੇ ਹਰ ਇਕ ਗੁਰੂ ਜੀ ਦੀ ਗੱਦੀ-ਨਸ਼ੀਨੀ ਸਮੇਂ ਉਨ੍ਹਾਂ ਦੇ ਸਨਮਾਨ ਵਿਚ ਕਾਵਿਕ ਬਾਣੀ ਰਚੀ, ਗੁਰੂ ਗ੍ਰੰਥ ਸਾਹਿਬ ਵਿਚ ਦਰਜ, *ਵਾਰ ਸਤਾ ਬਲਵੰਡ* ਵਿਚ ਇਹ ਤੁਕਾਂ ਸਾਂਭੀਆਂ ਹੋਈਆਂ ਹਨ। ਗੁਰੂ ਗ੍ਰੰਥ ਸਾਹਿਬ ਦੀ ਇਕ ਹੱਥ ਲਿਖਤੀ ਬੀੜ ਵਿਚ, ਜਿਹੜੀ ਰਾਵਲਪਿੰਡੀ ਦੇ ਸਥਾਨ ਤੇ ਬੂਟਾ ਸਿੰਘ ਦੀ ਧਰਮਸਾਲਾ ਵਿਚ ਰੱਖੀ ਹੋਈ ਹੈ, ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਉਸਤਤ ਵਿਚ ਵੀ ਦੋ ਪਉੜੀਆਂ ਦਰਜ ਹਨ। ਇਹ ਗੱਲ ਕਿ ਇਹ ਸਾਖੀ ਗੁਰੂ ਅੰਗਦ ਸਾਹਿਬ ਦੇ ਸਮੇਂ ਨਾਲ ਸਬੰਧਿਤ ਹੈ, ਵਾਰ ਦੀ ਅੰਦਰੂਨੀ ਗਵਾਹੀ ਤੋਂ ਸਪਸ਼ਟ ਹੈ। ਇਸ ਵਾਰ ਵਿਚ ਅੱਠ ਪਉੜੀਆਂ ਹਨ ਜਿਨ੍ਹਾਂ ਵਿੱਚੋਂ ਪੰਜ ਗੁਰੂ ਅੰਗਦ ਸਾਹਿਬ ਦੀ ਉਸਤਤ ਵਿਚ ਹਨ। ਭੱਟਾਂ ਨੇ ਸਵੈ-ਨਿੰਦਿਆ ਅਤੇ ਪਛਤਾਵੇ ਦਾ ਪ੍ਰਗਟਾਵਾ ਪੰਜਵੀਂ ਪਉੜੀ ਵਿਚ ਕੀਤਾ ਹੈ ਜਿਹੜੀ ਗੁਰੂ ਅੰਗਦ ਸਾਹਿਬ ਨੂੰ ਸੰਬੋਧਨ ਕੀਤੀ ਗਈ।

37. ਇਹ ਆਮ ਮੰਨਿਆ ਜਾਂਦਾ ਹੈ ਕਿ ਇਸ ਲਿਪੀ ਜਾਂ ਵਰਣਮਾਲਾ ਦਾ ਗੁਰੂ ਅੰਗਦ ਸਾਹਿਬ ਨੇ ਆਵਿਸ਼ਕਾਰ ਕੀਤਾ ਸੀ ਪਰ ਇਸ ਤੱਥ ਤੋਂ, ਕਿ ਗੁਰ-ਗੱਦੀ ਉੱਤੇ ਬੈਠਣ ਸਮੇਂ ਗੁਰੂ ਅੰਗਦ ਜੀ ਨੇ ਸੁਲਤਾਨਪੁਰ ਨਿਵਾਸੀ ਭਾਈ ਪੈੜਾ ਮੋਖਾ ਨੂੰ ਕਿਹਾ ਸੀ ਕਿ ਉਹ ਗੁਰੂ ਨਾਨਕ ਸਾਹਿਬ ਦੇ ਜਨਮ-ਪੱਤਰੇ ਦਾ ਦੇਵਨਾਗਰੀ ਵਿੱਚੋਂ ਗੁਰਮੁਖੀ ਅੱਖਰਾਂ ਵਿਚ ਉਤਾਰਾ ਕਰੇ, ਇਹ ਪ੍ਰਗਟ ਹੁੰਦਾ ਹੈ ਕਿ ਇਹ ਅੱਖਰ

*(ਅਗਲੇ ਪੰਨੇ ਤੇ ਚਲਦਾ)*

ਬੱਝਣਾ ਸ਼ੁਰੂ ਹੋ ਗਿਆ ਅਤੇ ਇਸ ਵਿਚ ਯਕੀਨ ਰੱਖਣ ਵਾਲੇ ਅਨੁਯਾਈਆਂ ਨੂੰ ਵਿਸ਼ੇਸ਼ ਸੇਧ ਮਿਲ ਗਈ। 'ਜਿਨ੍ਹਾਂ ਨੇ ਇਸ ਨੂੰ ਪੜ੍ਹਿਆ ਉਨ੍ਹਾਂ ਨੂੰ ਇਸ ਦੁਆਰਾ ਇਸ ਗੱਲ ਦੀ ਯਾਦ ਦਿਵਾਈ ਗਈ ਕਿ ਉਨ੍ਹਾਂ ਦੇ ਆਪਣੇ ਗੁਰੂ ਵੱਲ ਕੀ ਫਰਜ ਹਨ ਅਤੇ ਉਨ੍ਹਾਂ ਦੇ ਮਨ ਵਿਚ ਇਹ ਗੱਲ ਸਦਾ ਸੁਚੇਤ ਰੱਖੀ ਗਈ ਕਿ ਉਹ ਆਮ ਹਿੰਦੂ ਜਨਤਾ ਨਾਲੋਂ ਕੁਝ ਹੱਦ ਤਕ ਭਿੰਨ ਹਨ।'[38] ਗੁਰਮੁਖੀ ਲਿਪੀ ਦੀ ਵਰਤੋਂ ਨੇ ਉਸ ਹਿੰਦੂ ਪੁਜਾਰੀ ਸ਼੍ਰੇਣੀ ਦੀ ਪ੍ਰਮੁੱਖਤਾ ਨੂੰ ਵੀ ਕਰਾਰੀ ਸੱਟ ਮਾਰੀ ਜਿਨ੍ਹਾਂ ਦੀ ਮਹੱਤਤਾ ਉਨ੍ਹਾਂ ਦੀ ਸੰਸਕ੍ਰਿਤ ਦੇ ਗਿਆਨ ਉੱਤੇ ਆਧਾਰਿਤ ਸੀ ਜਿਹੜੀ ਉਸ ਸਮੇਂ ਤਕ ਧਰਮ ਦੀ ਭਾਸ਼ਾ ਰਹੀ ਸੀ। ਇਕ ਦੋ ਪੀੜ੍ਹੀਆਂ ਵਿਚ ਅਨੁਭਵ ਕੀਤੇ ਇਸ ਦੇ ਪ੍ਰਭਾਵ ਬਾਰੇ ਮੋਹਸਿਨ ਫਾਨੀ ਆਪਣੀ ਪੁਸਤਕ *ਦਬਿਸਤਾਨ* ਦੇ ਪੰਨਾ 233 ਤੇ ਲਿਖਦਾ ਹੈ ਕਿ, "ਗੁਰੂ ਨਾਨਕ ਜੀ ਦੇ ਸਿੱਖ ਹਿੰਦੂਆਂ ਦੇ ਮੰਤਰਾ ਦਾ ਪਾਠ ਨਹੀਂ ਕਰਦੇ। ਉਹ ਉਨ੍ਹਾਂ (ਹਿੰਦੂਆਂ) ਦੇ ਮੂਰਤੀਆਂ ਵਾਲੇ ਮੰਦਰਾਂ ਦਾ ਸਤਿਕਾਰ ਨਹੀ ਕਰਦੇ ਅਤੇ ਨਾ ਹੀ ਉਨ੍ਹਾਂ ਦੇ ਅਵਤਾਰਾਂ ਨੂੰ ਮਾਨਤਾ ਦਿੰਦੇ ਹਨ। ਉਹ ਸੰਸਕ੍ਰਿਤ ਭਾਸ਼ਾ ਦਾ ਕੋਈ ਆਦਰ ਨਹੀਂ ਕਰਦੇ ਜਿਹੜੀ ਹਿੰਦੂਆਂ ਅਨੁਸਾਰ ਦੇਵਤਿਆਂ ਦੀ ਭਾਸ਼ਾ ਹੈ।"

ਗੁਰੂ ਅੰਗਦ ਜੀ ਨੇ ਆਪਣਾ ਉੱਤਰਾਧਿਕਾਰੀ ਚੁਣਨ ਤੋਂ ਪਹਿਲਾਂ ਆਪਣੇ ਪੂਰਵਧਿਕਾਰੀ (ਗੁਰੂ ਨਾਨਕ ਜੀ) ਦੀ ਤਰ੍ਹਾਂ ਆਪਣੇ ਪੁੱਤਰਾਂ ਅਤੇ ਸਿੱਖਾਂ ਨੂੰ ਬੜੀ ਕਰੜੀ ਪਰਖ ਵਿੱਚੋਂ ਦੀ ਲੰਘਾਇਆ ਅਤੇ ਅਮਰ ਦਾਸ ਜੀ ਨੂੰ ਆਪਣੀ ਥਾਂ ਦੇਣ ਲਈ ਸਭ ਤੋਂ ਯੋਗ ਪੁਰਸ਼ ਸਮਝਿਆ। ਗੁਰੂ ਅੰਗਦ ਜੀ 48 ਵਰ੍ਹਿਆਂ ਦੀ ਆਯੂ ਭੋਗ ਕੇ 29 ਮਾਰਚ 1552 ਨੂੰ ਪੂਰੇ ਹੋ ਗਏ।

## 3. **ਗੁਰੂ ਅਮਰ ਦਾਸ ਜੀ** (1479-1574 ਈ.)

ਗੁਰੂ ਅਮਰ ਦਾਸ ਜੀ ਸਭ ਗੁਰੂਆਂ ਤੋਂ ਲੰਮੇਰੀ ਉਮਰ ਭੋਗਣ ਵਾਲੇ ਅਤੇ ਗੁਰੂ ਨਾਨਕ ਜੀ ਤੋਂ ਕੇਵਲ ਦਸ ਵਰ੍ਹੇ ਹੀ ਛੋਟੇ ਸਨ। ਉਨ੍ਹਾਂ ਦਾ ਜਨਮ ਅਜੋਕੇ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਬਾਸਰਕੇ ਵਿਚ 5 ਮਈ 1479 ਨੂੰ ਹੋਇਆ ਸੀ। ਉਹ ਖੇਤੀ ਅਤੇ ਵਪਾਰ ਤੇ ਨਿਰਬਾਹ ਕਰਦੇ ਸਨ। 24 ਸਾਲਾਂ ਦੀ ਉਮਰ ਵਿਚ ਉਨ੍ਹਾਂ ਦਾ ਵਿਆਹ ਹੋ ਗਿਆ। ਉਨ੍ਹਾਂ ਦੇ ਘਰ ਦੋ ਪੁੱਤਰ, ਮੋਹਨ ਤੇ ਮੋਹਰੀ ਅਤੇ ਦੋ ਧੀਆਂ, ਬੀਬੀ ਦਾਨੀ ਤੇ ਬੀਬੀ ਭਾਨੀ ਪੈਦਾ ਹੋਈਆਂ। ਉਹ ਪੱਕੇ ਵੈਸ਼ਨੂੰ ਸਨ ਅਤੇ ਹਰ ਸਾਲ ਗੰਗਾ ਦੇ ਇਸ਼ਨਾਨ ਲਈ ਜਾਇਆ ਕਰਦੇ ਸਨ। ਉਹ ਆਪਣੇ ਮਨ ਨੂੰ ਕਾਬੂ ਕਰਨ ਲਈ ਘੋਰ ਤਪੱਸਿਆ ਵੀ ਸਾਧਦੇ ਸਨ। ਜਦੋਂ ਉਹ ਗੰਗਾ ਤੋਂ ਆਪਣੀ ਵੀਹਵੀਂ ਯਾਤਰਾ ਸਮੇਂ ਵਾਪਸ ਮੁੜ

---

*(ਪਿਛਲੇ ਪੰਨੇ ਤੋਂ ਚਲਦਾ)*

ਗੁਰੂ ਅੰਗਦ ਸਾਹਿਬ ਤੋਂ ਪਹਿਲਾਂ ਹੀ ਮੌਜੂਦ ਸਨ। ਗੁਰੂ ਨਾਨਕ ਜੀ ਦੀ ਰਚਨਾ *ਆਸਾ ਪੱਟੀ* ਵਿਚ ਠੀਕ 35 ਅੱਖਰ ਹਨ ਜਿਸ ਵਿਚ 'ੜੇ' ਵੀ ਸ਼ਾਮਿਲ ਹੈ ਜੋ ਕੇਵਲ ਗੁਰਮੁਖੀ ਵਰਣਮਾਲਾ ਵਿਚ ਹੀ ਹੈ। ਉਸ ਵੇਲੇ ਪੰਜਾਬ ਵਿਚ ਤਿੰਨ ਕਿਸਮ ਦੀ ਲਿਪੀ ਪ੍ਰਚਲਿਤ ਸੀ : ਸ਼ਾਰਦਾ (ਕਸ਼ਮੀਰ ਵਿਚ), ਠਾਕਰੀ (ਪੂਰਬੀ ਪਹਾੜੀ ਇਲਾਕੇ ਵਿਚ), ਅਤੇ ਭਟਅਕਸ਼ਰੀ (ਮੈਦਾਨੀ ਇਲਾਕੇ ਵਿਚ)। ਗੁਰੂ ਨਾਨਕ ਜੀ ਨੇ ਭਟਅਕਸ਼ਰੀ ਨੂੰ ਸੋਧੇ ਹੋਏ ਰੂਪ ਵਿਚ ਧਾਰਨ ਕੀਤਾ ਅਤੇ ਗੁਰੂ ਅੰਗਦ ਜੀ ਨੇ ਗੁਰਮੁਖੀ ਦੇ ਨਾਉਂ ਨਾਲ ਇਸ ਲਿਪੀ ਨੂੰ ਸਿੱਖਾਂ ਵਿਚ ਪ੍ਰਚਲਿਤ ਕੀਤਾ। ਇਸ ਲਿਪੀ ਦਾ ਨਾਂ ਗੁਰਮੁਖੀ ਇਸ ਲਈ ਪਿਆ ਕਿ ਇਸ ਨੂੰ ਗੁਰੂ ਦੇ ਮੂੰਹੋ ਨਿਕਲੇ ਸ਼ਬਦਾਂ ਨੂੰ ਲਿਖਤੀ ਰੂਪ ਵਿਚ ਲਿਆਉਣ ਲਈ ਵਰਤਿਆ ਗਿਆ। ਅਹਿਮਦ ਬਿਨ ਮੁਹੰਮਦ ਅਲੀ (1810) ਨੇ ਆਪਣੀ ਪੁਸਤਕ *ਮਿਰਾਤ-ਉਲ-ਅਹਵਾਲਿ-ਏ-ਜਹਾਂ-ਨੁਮਾ* ਵਿਚ ਲਿਖਿਆ ਹੈ ਕਿ ਗੁਰੂ ਨਾਨਕ ਜੀ ਨੇ ਗੁਰਮੁਖੀ ਲਿਪੀ ਪ੍ਰਚਲਿਤ ਕੀਤੀ ਸੀ। Forster ਵੀ ਆਪਣੀ ਪੁਸਤਕ *Journey, I* p. 257 ਤੇ ਇਹੀ ਗੱਲ ਲਿਖਦਾ ਹੈ।

38. ਗੋਕਲ ਚੰਦ ਨਾਰੰਗ ਦੀ ਰਚਨਾ, *Transformation of Sikhism*, p. 48.

ਰਹੇ ਸਨ ਤਾ ਉਨ੍ਹਾਂ ਨੂੰ ਇਕ ਸਾਧੂ ਨੇ ਦੱਸਿਆ ਕਿ ਜਦ ਤਕ ਉਹ ਗੁਰੂ ਨਹੀਂ ਧਾਰਦੇ ਉਹ ਆਤਮਿਕ ਸੁੱਖ ਦੀ ਆਸ ਨਹੀਂ ਰਖ ਸਕਦੇ। ਇਸ ਗੱਲ ਨੇ ਉਨ੍ਹਾਂ ਦੇ ਵਿਚਾਰਵਾਨ ਮਨ ਵਿਚ ਇਕ ਨਵੀਂ ਇੱਛਾ ਪ੍ਰਜਵਲਤ ਕਰ ਦਿੱਤੀ ਜਿਸ ਦੀ ਪੂਰਤੀ ਉਨ੍ਹਾਂ ਦੇ ਆਪਣੇ ਭਰਾ ਦੇ ਘਰ ਵਿੱਚੋਂ ਹੋਈ। ਇਕ ਸਵੇਰ ਨੂੰ ਉਸ ਘਰ ਵਿੱਚੋਂ ਨਿਕਲਦੀਆਂ ਸੰਗੀਤ ਦੀਆਂ ਮਿੱਠੀਆਂ ਧੁਨਾਂ ਉਨ੍ਹਾਂ ਦੇ ਕੰਨੀਂ ਪਈਆਂ। ਗੁਰੂ ਅੰਗਦ ਸਾਹਿਬ ਦੀ ਸਪੁੱਤਰੀ ਬੀਬੀ ਅਮਰੋ, ਜਿਹੜੀ ਉਨ੍ਹਾਂ ਦੇ ਭਰਾ ਦੇ ਪੁੱਤਰ ਨਾਲ ਵਿਆਹੀ ਹੋਈ ਸੀ, ਗੁਰੂ ਨਾਨਕ ਜੀ ਦੇ ਸ਼ਬਦ ਗਾ ਰਹੀ ਸੀ। ਉਨ੍ਹਾਂ ਬੀਬੀ ਅਮਰੋ ਨੂੰ ਕਿਹਾ ਕਿ ਉਹ ਇਨ੍ਹਾਂ ਨੂੰ ਆਪਣੇ ਪਿਤਾ ਜੀ ਪਾਸ ਲੈ ਚਲੇ। ਬੀਬੀ ਅਮਰੋ ਦੇ ਉਨ੍ਹਾਂ ਨੂੰ ਉਥੇ ਲਿਜਾਣ ਤੇ ਅਮਰ ਦਾਸ ਜੀ ਗੁਰੂ ਅੰਗਦ ਜੀ ਦੇ ਬਹੁਤ ਹੀ ਸ਼ਰਧਾਲੂ ਬਣ ਗਏ। ਗੁਰੂ ਅੰਗਦ ਜੀ ਨੇ ਮਾਸ ਦੀ ਵਰਤੋਂ ਪ੍ਰਤੀ ਉਨ੍ਹਾਂ ਦੇ ਵੈਸ਼ਨਵ ਪ੍ਰਤਿਭਾਵ ਨੂੰ ਦੂਰ ਕੀਤਾ ਅਤੇ ਜੀਵਨ ਵਿਚ ਅਸਲੀ ਪਰਿਵਰਤਨ ਤੋਂ ਬਿਨਾਂ ਤਪੱਸਿਆ ਦੀ ਵਿਅਰਥਤਾ ਦਾ ਗਿਆਨ ਕਰਵਾਇਆ। ਉਨ੍ਹਾਂ ਨੂੰ ਦੱਸਿਆ ਗਿਆ ਕਿ ਸਭ ਤੋਂ ਉੱਤਮ ਤਪੱਸਿਆ ਆਪਣੇ ਆਪ ਨੂੰ ਮਨੁੱਖਤਾ ਦੀ ਸੇਵਾ ਵਿਚ ਲਾਉਣਾ ਹੈ। ਉਹ ਸਾਂਝੇ ਲੰਗਰ ਲਈ ਪਾਣੀ ਅਤੇ ਬਾਲਣ ਲਿਆਉਣ ਲੱਗ ਪਏ। ਬੁਢਾਪੇ ਅਤੇ ਗੁਰੂ ਜੀ ਨਾਲ ਬੜਾ ਨਜਦੀਕੀ ਤੇ ਕੋਮਲ ਰਿਸ਼ਤਾ ਹੋਣ ਦੇ ਬਾਵਜੂਦ ਉਨ੍ਹਾਂ ਨੇ ਗੁਰੂ ਜੀ ਅਤੇ ਸਿੱਖਾਂ ਲਈ ਸਭ ਤੋਂ ਨਿਮਾਨੜੀ ਕਿਸਮ ਦਾ ਕੰਮ ਆਪਣੇ ਜਿੰਮੇਂ ਲਿਆ। ਉਹ ਹਰ ਰੋਜ ਦਰਿਆ ਬਿਆਸ ਤੋਂ, ਜਿਹੜਾ (ਖਡੂਰ ਸਾਹਿਬ ਤੋਂ) ਤਿੰਨ ਮੀਲਾਂ ਤੋਂ ਵੱਧ ਦੂਰ ਸੀ, ਗੁਰੂ ਜੀ ਦੇ ਸਵੇਰ ਦੇ ਇਸ਼ਨਾਨ ਲਈ ਪਾਣੀ ਲਿਆਉਂਦੇ। ਉਨ੍ਹਾਂ ਦੀ ਸ਼ਰਧਾ, ਸੇਵਾ ਤੇ ਯੋਗਤਾ ਨੇ ਉਨ੍ਹਾਂ ਨੂੰ ਸਿੱਖ ਧਰਮ ਦੀ ਅਗਵਾਈ ਦੇ ਮਹੱਤਵਪੂਰਣ ਫਰਜਾਂ ਦੇ ਯੋਗ ਬਣਾ ਦਿੱਤਾ ਅਤੇ ਗੁਰੂ ਅੰਗਦ ਸਾਹਿਬ ਦੇ ਪੁੱਤਰਾਂ ਦੇ ਸਖ਼ਤ ਵਿਰੋਧ ਦੇ ਬਾਵਜੂਦ ਉਨ੍ਹਾਂ ਨੂੰ ਗੁਰਿਆਈ ਦੇ ਉੱਚੇ ਅਹੁਦੇ ਤੇ ਨਿਯੁਕਤ ਕੀਤਾ ਗਿਆ।

ਸ਼ੁਰੂ ਵਿਚ ਉਨ੍ਹਾਂ ਨੂੰ ਕਈ ਔਕੜਾਂ ਦਾ ਸਾਹਮਣਾ ਕਰਨਾ ਪਿਆ। ਗੁਰੂ ਅੰਗਦ ਸਾਹਿਬ ਦੇ ਵੱਡੇ ਪੁੱਤਰ ਦਾਤੂ ਦੀ ਦੁਸ਼ਮਣੀ ਨੂੰ ਨਿਸਫ਼ਲ ਬਣਾਉਣ ਲਈ ਗੁਰੂ ਅਮਰ ਦਾਸ ਜੀ ਨੂੰ ਆਪਣੀ ਰਿਹਾਇਸ਼ ਗੋਇੰਦਵਾਲ ਵਿਚ ਰਖਣੀ ਪਈ। ਇਸ ਨਗਰ ਦੀ ਨੀਂਹ ਰਖਣ ਵਿਚ ਇਨ੍ਹਾਂ ਦਾ ਆਪਣਾ ਹੱਥ ਵੀ ਸੀ। ਉਥੇ ਵੀ ਦਾਤੂ ਨੇ ਉਨ੍ਹਾਂ ਦਾ ਪਿੱਛਾ ਨਾ ਛੱਡਿਆ ਅਤੇ ਉਹ ਕੁਝ ਸਮੇਂ ਲਈ ਆਪਣੇ ਜੱਦੀ ਪਿੰਡ ਬਾਸਰਕੇ ਚਲੇ ਗਏ ਪਰ ਭਾਈ ਬੁੱਢਾ ਜੀ ਵਰਗੇ ਪ੍ਰਸਿੱਧ ਸਿੱਖਾਂ ਨੇ ਗੁਰੂ ਜੀ ਨੂੰ ਗੋਇੰਦਵਾਲ ਮੁੜ ਆਉਣ ਅਤੇ ਆਪਣਾ ਕੰਮ ਮੁੜ ਸ਼ੁਰੂ ਕਰਨ ਲਈ ਮਨਾ ਲਿਆ।

ਗੁਰੂ ਨਾਨਕ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਹਾਲੇ ਤਕ ਜਿਉਂਦੇ ਸਨ ਅਤੇ ਉਨ੍ਹਾਂ ਦੇ ਥੋੜ੍ਹੇ ਜਿਹੇ ਸ਼ਰਧਾਲੂ ਵੀ ਸਨ, ਜਿਨ੍ਹਾਂ ਨੂੰ ਉਦਾਸੀ ਕਹਿੰਦੇ ਸਨ। ਇਕ ਸੱਚੇ ਤਿਆਗੀ ਦੀ ਤਰ੍ਹਾਂ ਸ੍ਰੀ ਚੰਦ ਜੀ ਨੇ ਆਪਣੇ ਪਿਤਾ ਜੀ ਦੇ ਉੱਤਰਾਧਿਕਾਰੀਆਂ ਦਾ ਕੋਈ ਵਿਰੋਧ ਨਹੀਂ ਕੀਤਾ ਪਰੰਤੂ ਉਨ੍ਹਾਂ ਦੀ ਮਹਾਨ ਸ਼ਖ਼ਸੀਅਤ ਅਤੇ ਲੋਕਾਂ ਵਿਚ ਜਤ-ਸਤ ਅਤੇ ਘਰ-ਤਿਆਗ ਨੂੰ ਵਾਧੂ ਗੁਣ ਸਮਝਣ ਦੀ ਰੁਚੀ ਕਰਕੇ ਲੋਕ ਉਨ੍ਹਾਂ ਵੱਲ ਖਿਚੇ ਆਉਂਦੇ ਸਨ। ਇਸ ਹਾਲਤ ਵਿਚ ਇਹ ਜ਼ਰੂਰੀ ਸੀ ਕਿ ਇਸ ਮਾਮਲੇ ਵਿਚ ਲੋਕਾਂ ਨੂੰ ਵਿਸ਼ੇਸ਼ ਅਗਵਾਈ ਦਿੱਤੀ ਜਾਵੇ। ਗੁਰੂ ਅਮਰ ਦਾਸ ਜੀ ਨੇ ਆਪਣੇ ਸਿੱਖਾਂ ਨੂੰ ਕਿਹਾ ਕਿ ਉਹ ਘਰ-ਤਿਆਗ ਦਾ ਮਾਰਗ ਨਾ ਅਪਣਾਉਣ ਅਤੇ ਧਰਮ ਦੀ ਪਾਲਣਾ ਕਰਨ ਲਈ ਕੇਵਲ ਗ੍ਰਹਿਸਤੀ ਜੀਵਨ ਨੂੰ ਹੀ ਪ੍ਰਵਾਨਿਤ ਮੰਨਣ। ਉਨ੍ਹਾਂ ਨੇ ਇਸ ਗੱਲ ਉੱਤੇ ਵਿਸ਼ਵਾਸ ਰਖਣ ਦੀ ਲੋੜ ਤੇ ਜ਼ੋਰ ਦਿੱਤਾ ਕਿ 'ਇਕਾ ਬਾਣੀ ਇਕੁ ਗੁਰੂ ਇਕੋ ਸਬਦੁ ਵੀਚਾਰਿ' (ਵਾਰ ਸੋਰਠ)। ਉਨ੍ਹਾਂ ਨੇ ਕਿਹਾ, 'ਸਤਿਗੁਰੂ ਬਾਝਹੁ ਗੁਰੁ ਨਹੀਂ ਕੋਈ ਨਿਗੁਰੇ ਕਾ ਹੈ ਨਾਉ ਬੁਰਾ' (ਆਸਾ ਪੱਟੀ)।

ਇਸੇ ਤਰ੍ਹਾਂ ਹੀ ਸਥਾਨਕ ਤਪੇ ਦੇ ਤੀਖਣ ਵਿਰੋਧ ਦਾ ਮਾਮਲਾ ਨਜਿੱਠਿਆ। ਮੌਕੇ ਸਿਰ

ਕੀਤੀਆਂ ਇਨ੍ਹਾਂ ਕਾਰਵਾਈਆਂ[39] ਨਾਲ ਗੁਰੂ ਜੀ ਨੇ ਸਿੱਖ ਮਤ ਨੂੰ ਖੇਰੂੰ ਖੇਰੂੰ ਹੋਣ ਤੋਂ ਅਤੇ ਸਿੱਖਾਂ ਦੀ ਕਬੀਰ ਅਤੇ ਦੂਜੇ ਮੱਧ-ਕਾਲੀਨ ਸੰਤਾਂ ਦੇ ਪੈਰੋਕਾਰਾਂ ਵਾਲੀ ਹਾਲਤ ਹੋਣ ਤੋਂ ਬਚਾ ਲਿਆ।

ਆਪਣੇ ਵਿਰੋਧੀਆਂ ਨਾਲ ਨਿਪਟਣ ਲਈ ਗੁਰੂ ਜੀ ਨੇ ਬੜੇ ਸਬਰ ਤੋਂ ਕੰਮ ਲਿਆ। ਗੁਰੂ ਅੰਗਦ ਜੀ ਦੇ ਪੁੱਤਰ ਦਾਤੂ ਨੇ ਜਦੋਂ ਗੋਇੰਦਵਾਲ ਵਿਚ ਗੁਰੂ ਅਮਰ ਦਾਸ ਜੀ ਤੇ ਹਮਲਾ ਕੀਤਾ ਅਤੇ ਠੁੱਡਾ ਮਾਰ ਕੇ ਉਨ੍ਹਾਂ ਨੂੰ ਆਪਣੇ ਆਸਣ ਤੋਂ ਥੱਲੇ ਸੁੱਟ ਦਿੱਤਾ ਤਾਂ ਗੁਰੂ ਜੀ ਨੇ ਉੱਤਰ ਵਿਚ ਕੇਵਲ ਇਹੀ ਕਿਹਾ, "ਸ੍ਰੀਮਾਨ ਜੀ, ਮੈਨੂੰ ਮਾਫ਼ ਕਰੋ; ਮੇਰੀਆਂ ਪੁਰਾਣੀਆਂ ਹੱਡੀਆਂ ਤੋਂ ਤੁਹਾਡੇ ਨਾਜ਼ਕ ਚਰਨ ਕਮਲਾਂ ਨੂੰ ਸੱਟ ਵੱਜੀ ਹੋਵੇਗੀ।" ਗੋਇੰਦਵਾਲ ਦੇ ਮੁਸਲਮਾਨ ਵਸਨੀਕ ਸਿੱਖਾਂ ਨੂੰ ਅਕਸਰ ਤੰਗ ਕਰਦੇ ਰਹਿੰਦੇ ਸਨ। ਜਦੋਂ ਸਿੱਖ ਖੂਹ ਤੋਂ ਪਾਣੀ ਲੈਣ ਜਾਂਦੇ ਤਾਂ ਮੁਸਲਮਾਨ ਉਨ੍ਹਾਂ ਦੇ ਘੜੇ ਤੋੜਨ ਲਈ ਪੱਥਰ ਮਾਰਦੇ। ਸਿੱਖ ਗੁਰੂ ਜੀ ਪਾਸ ਸ਼ਿਕਾਇਤ ਕਰਦੇ ਪਰ ਉਹ ਉਨ੍ਹਾਂ ਨੂੰ ਬਦਲੇ ਦੀ ਕਾਰਵਾਈ ਕਰਨ ਦੀ ਆਗਿਆ ਨਾ ਦਿੰਦੇ। ਉਸ ਸਮੇਂ ਸਬਰ ਇਕ ਨਿਯਮ ਬਣ ਗਿਆ ਸੀ। ਗੁਰੂ ਜੀ ਨੇ ਇਕ ਵਾਰ ਪਿੰਡ ਦੇ ਨੰਬਰਦਾਰ ਨੂੰ ਕਿਹਾ, "ਪਰਮਾਤਮਾ ਸਬਰ ਵਾਲਾ ਹੈ ਅਤੇ ਸਬਰ ਦਾ ਉਹ ਮੁੱਲ ਪਾਉਂਦਾ ਹੈ। ਜੇ ਤੁਹਾਡੇ ਨਾਲ ਕੋਈ ਭੈੜਾ ਵਰਤਾਉ ਕਰੇ ਤਾਂ ਇਹ ਝੱਲ ਲਵੋ। ਜੇ ਤੁਸੀਂ ਇਸ ਨੂੰ ਤਿੰਨ ਵਾਰ ਝੱਲ ਲਵੋਗੇ ਤਾਂ ਚੌਥੀ ਵਾਰ ਰੱਬ ਖੁਦ ਤੁਹਾਡੀ ਖਾਤਰ ਲੜੇਗਾ ਅਤੇ ਤੁਹਾਡੇ ਵੈਰੀਆਂ ਨੂੰ ਨਸ਼ਟ ਕਰ ਦੇਵੇਗਾ।'[40]

ਇਸ ਦਾ ਭਾਵ ਇਹ ਨਹੀਂ ਸਮਝਣਾ ਚਾਹੀਦਾ ਕਿ ਗੁਰੂ ਜੀ ਨੂੰ ਸੌਖਿਆਂ ਹੀ ਆਪਣੇ ਅਸੂਲਾਂ ਤੋਂ ਪਾਸੇ ਕੀਤਾ ਜਾ ਸਕਦਾ ਸੀ। ਸਤਾ ਭੱਟ ਨੇ ਉਨ੍ਹਾਂ ਬਾਰੇ ਇਉਂ ਉਚਾਰਿਆ ਸੀ, 'ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ' (*ਆਦਿ ਗੁਰੂ ਗ੍ਰੰਥ ਸਾਹਿਬ*, ਪੰਨਾ ੯੬੮)। ਇਸ ਲਈ ਇਹ ਕਹਿਣਾ ਗ਼ਲਤ ਹੈ, ਜਿਵੇਂ ਮੈਕਾਲਿਫ ਅਤੇ ਦੂਜਿਆਂ ਨੇ ਕਿਹਾ ਹੈ, ਕਿ ਗੁਰੂ ਜੀ ਅਕਬਰ ਦੇ ਕਹਿਣ ਤੇ ਆਪਣੇ ਹਿੰਦੂ ਨਿੰਦਕਾਂ ਨੂੰ ਖੁਸ਼ ਕਰਨ ਲਈ ਜਮਨਾ ਅਤੇ ਗੰਗਾ ਦੀ ਯਾਤਰਾ ਤੇ ਗਏ। ਅਸਲ ਤੱਥ, ਜਿਵੇਂ ਉਨ੍ਹਾਂ ਦੇ ਉੱਤਰਾਧਿਕਾਰੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਹੈ, ਇਹ ਸੀ ਕਿ "ਗੁਰੂ ਜੀ ਨੇ ਸਭ ਲੋਕਾਂ ਨੂੰ ਬਚਾਉਣ ਲਈ ਪਵਿੱਤਰ ਅਸਥਾਨਾਂ ਦੀ ਯਾਤਰਾ ਕੀਤੀ।"[41] ਉਨ੍ਹਾਂ ਨੇ ਪ੍ਰਚਲਤ ਰਸਮਾਂ ਰਿਵਾਜਾਂ ਦੀ ਪਾਲਣਾ ਨਹੀਂ ਕੀਤੀ। ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖਾਂ ਨੂੰ ਯਾਤਰਾ ਟੈਕਸ ਦੀ ਅਦਾਇਗੀ ਤੋਂ ਛੋਟ ਵੀ ਇਹ ਪ੍ਰਗਟ ਕਰਦੀ ਹੈ ਕਿ ਸਿੱਖਾਂ ਨਾਲ ਹਿੰਦੂ ਯਾਤਰੂਆਂ ਤੋਂ ਵੱਖਰੀ ਕਿਸਮ ਦਾ ਵਰਤਾਉ ਕੀਤਾ ਜਾਂਦਾ ਸੀ।

ਗੁਰੂ ਜੀ ਦੇ ਸਾਦਾ ਅਤੇ ਭਗਤੀ-ਭਾਵ ਵਾਲੇ ਜੀਵਨ ਨੇ ਭਾਰੀ ਸੰਖਿਆ ਵਿਚ ਲੋਕਾਂ ਨੂੰ ਦੂਰੋਂ

---

39. Malcolm, *Sketch of the Sikhs*, p. 27. ਇਸ ਜਿਲਦ ਦੇ ਫੁਟ ਨੋਟ 2 ਪੰਨਾ 30 ਤੇ ਦੱਸੀ ਪੁਸਤਕ ਵਿਚ ਪੰਨਾ 83 ਤੇ ਵਾਰਤਕ ਵਿਚ ਇਕ ਪੈਰ੍ਹਾ ਹੈ ਜਿਸ ਵਿਚ ਗੁਰੂ ਅਮਰ ਦਾਸ ਜੀ ਨੇ ਆਪਣੇ ਸਿੱਖਾਂ ਨੂੰ ਦਿੱਤੀਆਂ ਹਦਾਇਤਾਂ ਅਨੁਸਾਰ ਉਨ੍ਹਾਂ ਨੂੰ ਕਿਹਾ ਹੈ ਕਿ 'ਜੇ ਕੋਈ ਸਿੱਖ ਉਦਾਸੀ ਜਾਂ ਘਰ-ਤਿਆਗੀ ਬਣ ਗਿਆ ਤਾਂ ਉਹ ਸਰਾਪੀ ਹੋਵੇਗਾ।' ਤਪੇ ਦੀ ਸਾਖੀ ਲਈ ਦੇਖੋ *ਗਉੜੀ ਕੀ ਵਾਰ*, ਪਉੜੀ ੩੦ ਅਤੇ Macauliffe, Vol. II. pp. 98-100.
40. Macauliffe II, p. 70.
41. *ਤੁਖਾਰੀ, ਛੰਦ 2, ਮਹਿਮਾ ਪ੍ਰਕਾਸ਼* (ਵਾਰਤਕ) ਅਕਬਰ ਵੱਲੋਂ ਗੁਰੂ ਸਾਹਿਬ ਨੂੰ ਯਾਤਰਾ ਲਈ ਜਾਣ ਤੇ ਰਾਜ਼ੀ ਕਰਨ ਵਾਲੀ ਕੋਈ ਗੱਲ ਨਹੀਂ ਕਰਦਾ। *ਸੂਰਜ ਪ੍ਰਕਾਸ਼* ਵਿਚ ਇਸ ਦਾ ਜ਼ਿਕਰ ਆਉਂਦਾ ਹੈ ਪਰ ਇਸ ਅਨੁਸਾਰ ਅਕਬਰ ਨੇ ਗੁਰੂ ਜੀ ਨੂੰ ਇਹ ਕਿਹਾ ਕਿ ਆਪਣੇ ਨਿੰਦਕਾਂ ਦੀ ਮੂਰਖਤਾ ਵੱਲ ਨਰਮ ਰਵੱਈਏ ਦੇ ਪ੍ਰਗਟਾਵੇ ਵਜੋਂ ਉਨ੍ਹਾਂ ਦੇ ਤੀਰਥਾਂ ਦੀ ਯਾਤਰਾ ਕੀਤੀ ਜਾਵੇ ਅਤੇ ਇਸ ਤੋਂ ਇਲਾਵਾ 'ਉਨ੍ਹਾਂ ਦੀ ਯਾਤਰਾ ਤੀਰਥਾਂ ਨੂੰ ਪਵਿੱਤਰ ਕਰ ਦੇਵੇਗੀ' (ਰਾਸ ਪਹਿਲੀ, ਛੰਦ 44)।

ਪਾਰੋਂ ਆਕਰਸ਼ਿਤ ਕੀਤਾ। ਹਿੰਦੂਆਂ ਤੋਂ ਇਲਾਵਾ ਕੁਝ ਬੜੇ ਉੱਘੇ ਮੁਸਲਮਾਨ[42] ਵੀ ਸਿੱਖ ਧਰਮ ਵਿਚ ਸ਼ਾਮਿਲ ਹੋ ਗਏ ਅਤੇ ਗੋਇੰਦਵਾਲ ਇਕ ਬੜਾ ਵੱਡਾ ਧਰਮ-ਕੇਂਦਰ ਬਣ ਗਿਆ। ਯਾਤਰੂਆਂ ਦੀ ਵਰਤੋਂ ਲਈ 1559 ਈ. ਵਿਚ 84 ਪੌੜੀਆਂ ਵਾਲੀ ਇਕ ਬਾਉਲੀ ਬਣਾਈ ਗਈ। ਇਹ ਕਿਹਾ ਜਾਂਦਾ ਹੈ ਕਿ ਅਕਬਰ ਬਾਦਸ਼ਾਹ ਪੰਜਾਬ ਵਿਚ ਆਪਣੀ ਇਕ ਯਾਤਰਾ ਸਮੇਂ ਗੁਰੂ ਸਾਹਿਬ ਨੂੰ ਗੋਇੰਦਵਾਲ ਵਿਚ ਜਾ ਕੇ ਮਿਲਿਆ ਅਤੇ ਲੰਗਰ ਚਲਦਾ ਰਖਣ ਲਈ ਇਕ ਜਾਗੀਰ ਲਾ ਦੇਣ ਦੀ ਪੇਸ਼ਕਸ਼ ਕੀਤੀ ਜੋ ਗੁਰੂ ਜੀ ਨੇ ਅਪ੍ਰਵਾਨ ਕਰ ਦਿੱਤੀ।

ਗੁਰੂ ਜੀ ਦਾ ਲੰਗਰ ਇਕ ਮਹਾਨ ਸੰਸਥਾ ਬਣਦੀ ਜਾ ਰਹੀ ਸੀ। ਗੁਰੂ ਜੀ ਆਪ ਬਹੁਤ ਸਾਦੀ ਖ਼ੁਰਾਕ ਖਾਂਦੇ ਜੋ ਉਨ੍ਹਾਂ ਦੀ ਮਾਮੂਲੀ ਜਿਹੀ ਆਮਦਨ ਨਾਲ ਖਰੀਦੀਆਂ ਚੀਜ਼ਾਂ ਤੋਂ ਤਿਆਰ ਹੁੰਦੀ ਸੀ ਪਰ ਉਨ੍ਹਾਂ ਦੇ ਲੰਗਰ ਬਾਰੇ ਸਤਾ ਆਪਣੀ ਵਾਰ ਵਿਚ ਲਿਖਦਾ ਹੈ :

*ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ॥*

(ਭਾਵ ਗੁਰੂ ਜੀ ਦੇ ਲੰਗਰ ਵਿੱਚ ਹਰ ਰੋਜ਼ ਘਿਉ, ਮੈਦਾ ਆਦਿ ਦੇ ਬਣੇ ਹੋਏ ਭੋਜਨ ਖਾਣ ਨੂੰ ਮਿਲਦੇ ਹਨ)।

ਲੰਗਰ ਵਿਚ ਜੋ ਕੁਝ ਰੋਜ਼ ਆਉਂਦਾ ਉਹ ਰੋਜ਼ ਦੀ ਰੋਜ਼ ਲੰਗਰ ਵਿਚ ਖੁਆ ਪਿਆ ਦਿੱਤਾ ਜਾਂਦਾ ਅਤੇ ਉਸ ਵਿੱਚੋਂ ਅਗਲੇ ਦਿਨ ਲਈ ਕੁਝ ਵੀ ਬਾਕੀ ਨਹੀਂ ਸੀ ਰੱਖਿਆ ਜਾਂਦਾ। ਹਰ ਹਿੰਦੂ ਅਤੇ ਮੁਸਲਮਾਨ ਯਾਤਰੀ ਨੂੰ ਕਿਹਾ ਜਾਂਦਾ ਸੀ ਕਿ ਗੁਰੂ ਜੀ ਨੂੰ ਮਿਲਣ ਤੋਂ ਪਹਿਲਾਂ ਲੰਗਰ ਵਿੱਚੋਂ ਭੋਜਨ ਛਕੇ। ਅਕਬਰ ਬਾਦਸ਼ਾਹ ਅਤੇ ਹਰੀਪੁਰ ਦੇ ਰਾਜੇ ਨੂੰ ਵੀ (ਗੁਰੂ ਜੀ ਨੂੰ ਮਿਲਣ ਤੋਂ ਪਹਿਲਾਂ) ਅਜਿਹਾ ਹੀ ਕਰਨਾ ਪਿਆ ਸੀ। ਸਾਰਿਆਂ ਨੂੰ ਪੰਗਤ ਵਿਚ ਬੈਠ ਕੇ ਇਕੱਠਿਆਂ ਖਾਣਾ ਪੈਂਦਾ ਸੀ।[43] ਜ਼ਾਤ-ਪਾਤ ਜਾਂ ਫ਼ਿਰਕੇ ਦੀ ਅਤੇ ਉੱਚੇ ਜਾਂ ਨੀਵੇਂ ਦਾ ਕੋਈ ਵਿਤਕਰਾ ਨਹੀਂ ਸੀ ਕੀਤਾ ਜਾਂਦਾ। ਗੁਰੂ ਅਮਰ ਦਾਸ ਜੀ ਕਹਿੰਦੇ ਹਨ ਕਿ ਭਾਵੇਂ ਕੋਈ ਵਿਦਵਾਨ ਪੰਡਿਤ ਵੀ ਕਿਉਂ ਨਾ ਹੋਵੇ ਉਸ ਨੂੰ ਯਾਦ ਰਖਣਾ ਚਾਹੀਦਾ ਹੈ ਕਿ :

*ਮਤੁ ਸਚਾ ਅਖਰੁ ਭੁਲਿ ਜਾਇ ਚਉਕੈ ਭਿਟੈ ਨਾ ਕੋਇ ॥*
*ਝੂਠੇ ਚਉਕੇ ਨਾਨਕਾ ਸਚਾ ਏਕੋ ਸੋਇ ॥*

*(ਮਾਰੂ ਕੀ ਵਾਰ)*

ਇਸ ਤਰ੍ਹਾਂ ਲੋਕਾਂ ਤੋਂ ਸਮਾਜਕ ਪੱਖਪਾਤ ਛੁਡਾਇਆ ਅਤੇ ਇਕ ਦੂਜੇ ਨੂੰ ਭਰਾ-ਭਰਾ ਸਮਝਣ ਦੀ ਸਿੱਖਿਆ ਦਿੱਤੀ।

ਉਨ੍ਹਾਂ ਨੇ ਆਪਣੇ ਚੇਲਿਆਂ ਦੇ ਮਨਾਂ ਵਿਚ ਮਨੁੱਖੀ ਜੀਵਨ ਦੀ ਸੱਚੀ ਕੀਮਤ ਅਤੇ ਪਵਿੱਤਰਤਾ ਅੰਕਤ ਕੀਤੀ। ਉਨ੍ਹਾਂ ਨੇ ਆਨੰਦ ਸਾਹਿਬ ਦੀ ਬਾਣੀ ਵਿਚ ਲਿਖਿਆ ਹੈ :

*ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ*
*ਹਰਿ ਰੂਪੁ ਨਦਰੀ ਆਇਆ ॥*

*(ਰਾਮਕਲੀ ਮਹਲਾ ੩, ਅਨੰਦ, ਪਉੜੀ ੩੬)*

*ਹਰਿ ਕਾ ਮੰਦਰੁ ਆਖੀਐ ਕਾਇਆ ਕੋਟੁਗੜੁ ॥*

*(ਵਾਰ ਰਾਮਕਲੀ)*

ਜਦੋਂ ਇਕ ਵਾਰੀ ਉਹ ਇਕ ਭੁਰਦੀ ਹੋਈ ਦੀਵਾਰ ਦੇ ਲਾਗੋਂ ਦੀ ਬੜੀ ਤੇਜ਼ੀ ਨਾਲ ਲੰਘ ਗਏ ਤਾਂ ਸਿੱਖਾਂ ਨੇ ਇਸ ਦਾ ਕਾਰਣ ਪੁੱਛਿਆ। ਉਨ੍ਹਾਂ ਉੱਤਰ ਦਿੱਤਾ ਕਿ ਉਹ ਆਪਣੇ ਸਿੱਖਾਂ ਨੂੰ

42. Macauliffe, II, pp. 66, 77-78.
43. *ਸੂਰਜ ਪ੍ਰਕਾਸ਼*, ਰਾਸ ਪਹਿਲੀ, ਛੰਦ 30.

ਇਹ ਸਿਖਾਉਣਾ ਚਾਹੁੰਦੇ ਸਨ ਕਿ ਇਸ ਸਰੀਰ ਨੂੰ ਅੰਤ ਤਕ ਸੰਭਾਲ ਕੇ ਰਖਣਾ ਉਨ੍ਹਾਂ ਦਾ ਫਰਜ਼ ਹੈ। ਇਹ ਸਰੀਰ ਪ੍ਰਮਾਤਮਾ ਦੀ ਬੜੀ ਕੀਮਤੀ ਅਮਾਨਤ ਹੈ। ਇਸ ਨੂੰ ਸੰਜਮੀ ਆਦਤਾਂ ਨਾਲ ਸ਼ੁਧ ਅਤੇ ਨਰੋਆ ਰਖਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ :

*'ਝੂਠਾ ਮਦੁ ਮੂਲਿ ਨ ਪੀਚਈ' (ਬਿਹਾਗੜਾ)।*

ਉਨ੍ਹਾਂ ਨੇ ਉਸੇ ਮਾਨਵਵਾਦੀ ਪੱਖੋਂ ਸਤੀ ਦੀ ਰਸਮ ਦੀ ਮਨਾਹੀ ਦਾ ਹੁਕਮ ਦਿੱਤਾ ਸੀ :

*ਸਤੀਆ ਏਹਿ ਨ ਆਖੀਅਨਿ ਜੋ ਮੜੀਆ ਲਗਿ ਜਲੰਨਿ ॥*
*ਨਾਨਕ ਸਤੀਆ ਜਾਣਿਅਨਿ ਜਿ ਬਿਰਹੇ ਚੋਟ ਮਰੰਨਿ ॥*

*(ਵਾਰ ਸੂਹੀ)*

ਉਹ ਇਸਤਰੀਆਂ ਵਿਚ ਪਰਦੇ ਦੇ ਰਿਵਾਜ ਦੇ ਵੀ ਵਿਰੁੱਧ ਸਨ।[44]

ਸਿੱਖਾਂ ਦੀ ਗਿਣਤੀ ਕਾਫ਼ੀ ਵਧ ਜਾਣ ਕਾਰਣ ਗੁਰੂ ਜੀ ਨੇ ਇਹ ਜ਼ਰੂਰੀ ਸਮਝਿਆ ਕਿ ਖਿੰਡੀਆਂ ਹੋਈਆਂ 'ਸੰਗਤਾਂ' ਨੂੰ ਤਰਤੀਬ ਅਨੁਸਾਰ ਜਥੇਬੰਦ ਕੀਤਾ ਜਾਏ। ਉਨ੍ਹਾਂ ਨੇ ਸ਼ਾਇਦ ਅਕਬਰ ਦੇ ਰਾਜ ਦੀ ਵੰਡ ਤੋਂ ਇਸ਼ਾਰਾ ਲੈ ਕੇ ਆਪਣੀ ਆਤਮਿਕ ਜਾਗੀਰ ਨੂੰ 22 ਪ੍ਰਾਂਤਾਂ ਵਿਚ ਵੰਡ ਦਿੱਤਾ ਜਿਨ੍ਹਾਂ ਦਾ ਨਾਂ ਮੰਜੀਆਂ ਰਖਿਆ ਗਿਆ। ਹਰ ਮੰਜੀ ਇਕ ਸ਼ਰਧਾਲੂ ਸਿੱਖ ਦੀ ਦੇਖ-ਭਾਲ ਵਿਚ ਰਖੀ ਗਈ ਜਿਸ ਦਾ ਇਹ ਫਰਜ਼ ਸੀ ਕਿ ਗੁਰੂ ਜੀ ਦੇ ਮਿਸ਼ਨ ਦਾ ਪ੍ਰਚਾਰ ਕਰੇ ਅਤੇ ਸਥਾਨਕ ਸੰਗਤ ਨੂੰ ਕੇਂਦਰ ਨਾਲ ਜੋੜੀ ਰਖੇ।

ਉਨ੍ਹਾਂ ਨੂੰ ਪਿਛਲੇ ਗੁਰੂ ਸਾਹਿਬਾਨ ਅਤੇ ਕੁਝ ਭਗਤਾਂ ਦੀ ਬਾਣੀ ਗੁਰੂ ਅੰਗਦ ਜੀ ਤੋਂ ਮਿਲੀ ਸੀ[45] ਅਤੇ ਉਨ੍ਹਾਂ ਦੀ ਆਪਣੀ ਬਾਣੀ ਉਨ੍ਹਾਂ ਦੇ ਪੋਤਰੇ ਸਹੰਸਰ ਰਾਮ, ਜੋ ਮੋਹਨ ਦਾ ਪੁੱਤਰ ਸੀ, ਨੇ ਇਕੱਠੀ ਕੀਤੀ ਸੀ। ਉਨ੍ਹਾਂ ਨੇ ਆਪ ਵੀ ਭਗਤਾਂ ਦੇ ਭਜਨਾਂ (ਬਾਣੀ) ਵਿੱਚੋਂ ਕੁਝ ਭਜਨਾਂ ਦੀ ਚੋਣ ਕੀਤੀ ਜਿਨ੍ਹਾਂ ਦੀ ਉਹ ਆਪਣੇ ਵੈਸ਼ਨਵ ਹੋਣ ਦੇ ਦਿਨਾਂ ਵਿਚ ਪ੍ਰਸੰਸਾ ਕਰਿਆ ਕਰਦੇ ਸਨ, ਉਨ੍ਹਾਂ ਪ੍ਰਤੀ ਕਿਤੇ ਕਿਤੇ ਆਪਣੇ ਵਿਚਾਰ ਵੀ ਦਿੱਤੇ ਅਤੇ ਆਉਣ ਵਾਲੀ ਪੀੜ੍ਹੀ ਲਈ ਪਿੱਛੇ ਛੱਡ ਗਏ। ਇਹ ਸੈਂਚੀਆਂ ਪਿੱਛੋਂ ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਵਰਤੀਆਂ। ਗੁਰੂ ਅਮਰ ਦਾਸ ਜੀ ਨੇ ਫਰਮਾਇਆ :

44. Macauliffe, II, pp. 61-62.
45. ਇਹ ਤੱਥ ਕਿ ਗੁਰੂ ਅੰਗਦ ਸਾਹਿਬ ਦੇ ਪੂਰਵਾਧਿਕਾਰੀ ਦੀ ਬਾਣੀ ਉਨ੍ਹਾਂ ਪਾਸ ਸੀ ਇਸ ਗਲ ਤੋਂ ਸਿੱਧ ਹੁੰਦੀ ਹੈ ਕਿ ਉਨ੍ਹਾਂ ਦੀ ਬਹੁਤ ਸਾਰੀ ਬਾਣੀ ਦਾ ਧੁਨੀ ਬਿਆਨ ਗੁਰੂ ਨਾਨਕ ਸਾਹਿਬ ਦੀ ਬਾਣੀ ਵਾਲਾ ਹੀ ਹੈ। (ਵੇਖੋ ਗੁਰੂ ਅੰਗਦ ਸਾਹਿਬ ਦੇ ਸਲੋਕ ਜੋ ਗੁਰੂ ਨਾਨਕ ਜੀ ਦੀ 'ਆਸਾ ਦੀ ਵਾਰ' ਦੀ ੨੨ਵੀਂ ਪਉੜੀ ਨਾਲ ਲੱਗੇ ਹੋਏ ਹਨ; 'ਵਾਰ ਮਾਝ' ਦੀ ੧੭ਵੀਂ ਪਉੜੀ ਦੇ ਸ਼ਲੋਕਾਂ ਨੂੰ ਵੀ ਮਿਲਾ ਕੇ ਵੇਖੋ)। ਇਹ ਗੱਲ ਵੀ ਕਈ ਤੱਥਾਂ ਤੋਂ ਸਿੱਧ ਹੁੰਦੀ ਹੈ ਕਿ ਗੁਰੂ ਅਮਰ ਦਾਸ ਜੀ ਨੇ ਜਦੋਂ ਆਪਣੀ ਬਾਣੀ ਰਚੀ ਤਾਂ ਉਸ ਵੇਲੇ ਗੁਰੂ ਨਾਨਕ ਜੀ ਦੀ ਬਾਣੀ ਉਨ੍ਹਾਂ ਪਾਸ ਸੀ ਜਿਵੇਂ ਕਿ (ੳ) ਗੁਰੂ ਅਮਰ ਦਾਸ ਜੀ ਨੇ ਸੰਗੀਤ ਦੀਆਂ ਲਗਪਗ ਉਹੀ ਧਾਰਨਾਂ ਵਰਤੀਆਂ ਜਿਹੜੀਆਂ ਗੁਰੂ ਨਾਨਕ ਜੀ ਨੇ ਵਰਤੀਆਂ ਹੋਈਆਂ ਸਨ (19 ਵਿੱਚੋਂ 17 ਧਾਰਨਾਂ ਉਹੀ ਸਨ); (ਅ) ਉਨ੍ਹਾਂ ਨੇ ਗੁਰੂ ਨਾਨਕ ਜੀ ਦੀ ਤਰ੍ਹਾਂ ਅੱਖਰਬਧ 'ਪੱਟੀ' ਰਚੀ ਅਤੇ 'ਆਸਾ' ਰਾਗ ਦੀ ਵਰਤੋਂ ਕੀਤੀ; (ੲ) ਉਨ੍ਹਾਂ ਨੇ ਗੁਰੂ ਨਾਨਕ ਜੀ ਦੀ ਤਰ੍ਹਾਂ ਹੀ 'ਅਲਾਹਣੀਆਂ' ਵੀ ਰਚੀਆਂ ਅਤੇ ਉਹ 'ਵਡਹੰਸ' ਦੀ ਲੈ ਤੇ ਹੀ ਗਾਈਆਂ ਗਈਆਂ; (ਸ) ਉਨ੍ਹਾਂ ਨੇ ਗੁਰੂ ਨਾਨਕ ਜੀ ਦੇ ਸੋਹਲਿਆਂ ਦੀ ਤਰ੍ਹਾਂ ਮਾਰੂ ਰਾਗ ਵਿਚ ਵੀ ਸੋਹਲੇ ਰਚੇ; (ਹ) ਉਨ੍ਹਾਂ ਨੇ ਲਾਹੌਰ ਬਾਰੇ ਸ਼ਲੋਕ ਰਚਿਆ (ਲਾਹੌਰ ਸ਼ਹਿਰ ਅੰਮ੍ਰਿਤਸਰ ਸਿਫਤੀ ਦਾ ਘਰ)। ਉਨ੍ਹਾਂ ਨੇ ਇਹ ਸ਼ਲੋਕ ਉਸ ਸ਼ਹਿਰ ਬਾਰੇ ਗੁਰੂ ਨਾਨਕ ਸਾਹਿਬ ਦੇ ਇਸ ਸ਼ਲੋਕ ਦੇ ਜਵਾਬ ਵਿਚ ਲਿਖਿਆ ਸੀ ਕਿ 'ਲਾਹੌਰ ਸ਼ਹਿਰ ਜ਼ਹਿਰ ਕਹਿਰ ਸਵਾ ਪਹਿਰ'। ਗੁਰੂ ਅਮਰ ਦਾਸ ਜੀ ਦੇ ਹੋਰ ਵੀ ਸ਼ਲੋਕ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਅਧਿਐਨ ਕੀਤਾ ਹੋਇਆ ਸੀ।

*ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥*
*ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥*

*(ਅਨੰਦ, ਪਉੜੀ 24)*

ਉਨ੍ਹਾਂ ਨੇ ਹਿੰਦੂ ਫ਼ਿਲਾਸਫ਼ੀ ਦੇ ਛੇ ਦਰਸ਼ਨਾਂ ਨੂੰ ਗੁਰੂ ਜੀ ਦੀ ਧਾਰਮਿਕ ਪ੍ਰਣਾਲੀ ਦੇ ਮੁਕਾਬਲੇ ਵਿਚ ਰਦ ਕਰ ਦਿੱਤਾ। ਉਨ੍ਹਾਂ ਕਿਹਾ :

*ਹਰਿ ਦਰਸਨ ਪਾਵੈ ਵਡਭਾਗਿ ॥*
*ਗੁਰ ਕੈ ਸਬਦਿ ਸਚੈ ਬੈਰਾਗਿ ॥*
*ਖਟ ਦਰਸਨ ਵਰਤੈ ਵਰਤਾਰਾ ॥*
*ਗੁਰ ਕਾ ਦਰਸਨੁ ਅਗਮ ਅਪਾਰਾ ॥*
*ਗੁਰ ਕੈ ਦਰਸਨਿ ਮੁਕਤਿ ਗਤਿ ਹੋਇ ॥*
*ਸਾਚਾ ਆਪਿ ਵਸੈ ਮਨਿ ਸੋਇ ॥ ਰਹਾਉ ॥*
*ਗੁਰ ਦਰਸਨਿ ਉਧਰੈ ਸੰਸਾਰਾ ॥*
*ਜੇ ਕੋ ਲਾਏ ਭਾਉ ਪਿਆਰਾ ॥*

*(ਆਸਾ)*

ਸਿੱਖ ਸਿਧਾਂਤ ਦੇ ਏਕੀਕਰਣ ਦੇ ਸਿੱਟੇ ਵਜੋਂ ਸਿੱਖ ਸਮਾਜਿਕ ਮਾਮਲਿਆਂ ਵਿਚ ਵੱਧ ਤੋਂ ਵੱਧ ਸੰਪੂਰਨ ਹੁੰਦੇ ਜਾ ਰਹੇ ਸਨ। ਗੁਰੂ ਅਮਰ ਦਾਸ ਜੀ ਦੇ ਸਮੇਂ ਹੀ ਵਿਆਹ ਅਤੇ ਮੌਤ ਦੀਆਂ ਰਸਮਾਂ ਦੇ ਸੁਧਾਰ ਦਾ ਕੰਮ ਵੀ ਹੱਥ ਵਿਚ ਲਿਆ ਗਿਆ ਸੀ।[46] ਉਨ੍ਹਾਂ ਨੇ ਗੁਰਬਾਣੀ ਦੀ ਸਹਾਇਤਾ ਨਾਲ ਸਾਰੀਆਂ ਰਸਮਾਂ ਰੀਤਾਂ ਅਦਾ ਕਰਨ ਦੀ ਮਰਿਆਦਾ ਚਲਾਈ।[47] ਆਪਣੇ ਮਰਨ ਸਮੇਂ ਉਨ੍ਹਾਂ ਨੇ ਆਪਣੇ ਪੁੱਤਰਾਂ, ਰਿਸ਼ਤੇਦਾਰਾਂ ਤੇ ਸਿੱਖਾਂ ਨੂੰ ਆਦੇਸ਼ ਦਿੱਤਾ ਕਿ ਉਹ ਉਨ੍ਹਾਂ ਦੇ ਮਰਨ ਉਪਰੰਤ ਅਕਾਲਪੁਰਖ ਦੀ ਉਸਤਤ ਵਿਚ ਸ਼ਬਦ ਗਾਉਣ ਅਤੇ ਪੁਰਾਣ ਪੜ੍ਹਨ ਲਈ ਪੰਡਿਤ ਨੂੰ ਬੁਲਾਉਣ ਦੀ ਪੁਰਾਣੀ ਰੀਤੀ ਉੱਤੇ ਅਮਲ ਨਾ ਕਰਨ, ਨਾ ਹੀ ਜੌਂ ਭੇਟ ਕਰਨ ਅਤੇ ਨਾ ਹੀ ਦੀਵੇ ਬਾਲਣ।[48]

ਆਪਣੇ ਜੁਆਈ ਰਾਮ ਦਾਸ ਜੀ ਨੂੰ ਗੁਰਿਆਈ ਦੇਣ ਪਿੱਛੋਂ ਪਹਿਲੀ ਸਤੰਬਰ 1574 ਈ. ਨੂੰ ਉਹ ਜੋਤੀ ਜੋਤ ਸਮਾ ਗਏ।

## 4. **ਗੁਰੂ ਰਾਮ ਦਾਸ ਜੀ** (1534-1581 ਈ.)

ਰਾਮ ਦਾਸ ਜੀ, ਜਿਨ੍ਹਾਂ ਦਾ ਪਹਿਲਾ ਨਾਂ ਜੇਠਾ ਜੀ ਸੀ, ਲਾਹੌਰ ਵਿਚ ਚੂੰਨਾ ਮੰਡੀ ਮਹੱਲੇ ਵਿਚ 24 ਸਤੰਬਰ 1534 ਈ. ਨੂੰ ਸੋਢੀ ਖਾਨਦਾਨ ਵਿਚ ਪੈਦਾ ਹੋਏ। ਜਦੋਂ ਉਹ ਬਾਕੀ ਸਿੱਖਾਂ ਨਾਲ ਮਿਲ ਕੇ ਗੋਇੰਦਵਾਲ ਵਿਚ ਬਾਉਲੀ ਬਣਵਾ ਰਹੇ ਸਨ ਤਾਂ ਉਹ ਗੁਰੂ ਅਮਰ ਦਾਸ ਜੀ ਦੀਆਂ ਨਜ਼ਰਾਂ ਵਿਚ ਆਏ। ਗੁਰੂ ਜੀ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਦਾ ਉਨ੍ਹਾਂ ਨਾਲ ਵਿਆਹ ਕਰ ਦਿੱਤਾ। ਇਸ ਤੋਂ ਬਾਅਦ ਭਾਈ ਜੇਠਾ ਜੀ ਆਪਣੇ ਸੌਹਰਾ ਜੀ ਦੇ ਪਾਸ ਹੀ ਰਹੇ ਅਤੇ ਉਨ੍ਹਾਂ ਦੀ ਗੁਰਿਆਈ ਦੇ ਕਾਰਜਾਂ ਨਾਲ ਉਨ੍ਹਾਂ ਦੇ ਬੜੇ ਨਿਕਟਵਰਤੀ ਸਬੰਧ ਪੈਦਾ ਹੋ ਗਏ। ਰਾਮ ਦਾਸ ਜੀ ਨੇ ਉਨ੍ਹਾਂ ਬਹੁਤ ਸਾਰੀਆਂ ਘਟਨਾਵਾਂ ਨੂੰ ਲਿਖਤੀ ਰੂਪ ਦਿੱਤਾ[49] ਜਿਹੜੀਆਂ ਉਨ੍ਹਾਂ ਦੇ ਆਪਣੇ ਵਿਰੋਧੀਆਂ ਨਾਲ ਹੋਏ ਸੰਘਰਸ਼ ਨਾਲ ਸਬੰਧਿਤ ਸਨ। ਇਸ ਤਰ੍ਹਾਂ ਉਨ੍ਹਾਂ ਦੀਆਂ ਰਚਨਾਵਾਂ ਆਪਣੇ ਸਮੇਂ ਬਾਰੇ

46. Banerjee, *Evolution of the Khalsa,* Vol. I, pp. 178-183. ਵੇਖੋ,
47. Rose's *Glossary,* p. 719.
48. *ਸੁੰਦਰ ਦੀ ਸਦ*, ਪਉੜੀ ੫; Macauliffe, II, p. 153, ਵੀ ਵੇਖੋ।
49. ਵਿਸ਼ੇਸ਼ ਕਰਕੇ 'ਵਾਰ ਗਉੜੀ, ਪਉੜੀ ੮, ੯, ੧੨, ੩੦, ਅਤੇ ੩੩ ਵੇਖੋ

ਜਾਣਕਾਰੀ ਦਾ ਤਕੜਾ ਭੰਡਾਰਾ ਹਨ। ਉਹ ਗੁਰੂ-ਘਰ ਵਿਚ ਇਤਨੇ ਪਰਪੱਕ ਬਣ ਗਏ ਸਨ ਕਿ ਗੱਦੀ ਲਈ ਉਨ੍ਹਾਂ ਦੀ ਚੋਣ ਮੰਨੀ ਪ੍ਰਮੰਨੀ ਗੱਲ ਸੀ।

ਉਨ੍ਹਾਂ ਨੇ ਆਪਣੀ ਨਿਯੁਕਤੀ ਉਪਰੰਤ ਪਿਛਲੇ ਗੁਰੂ ਜੀ ਦੇ ਰਿਸ਼ਤੇਦਾਰਾਂ ਨਾਲ ਕਿਸੇ ਤਰ੍ਹਾਂ ਦੀ ਸੰਭਾਵੀ ਬੇਸੁਆਦੀ ਤੋਂ ਬਚਣ ਲਈ ਗੋਇੰਦਵਾਲ ਤੋਂ ਆਪਣੀ ਰਿਹਾਇਸ਼ ਅੰਮ੍ਰਿਤਸਰ ਬਦਲ ਲਈ। 'ਅੰਮ੍ਰਿਤਸਰ ਗੈਜ਼ਟੀਅਰ' ਅਨੁਸਾਰ '1577 ਈ. ਨੂੰ ਗੁਰੂ ਜੀ ਨੇ ਅੰਮ੍ਰਿਤਸਰ ਵਾਲੀ ਥਾਂ ਅਤੇ ਨਾਲ ਲਗਦੀ 500 ਵਿਘੇ ਜ਼ਮੀਨ ਅਕਬਰ ਤੋਂ ਜਾਗੀਰ ਵਿਚ ਲਈ ਤੇ ਉਸ ਦੇ ਬਦਲੇ ਤੁੰਗ ਪਿੰਡ ਦੇ ਜ਼ਿਮੀਦਾਰਾਂ ਨੂੰ, ਜੋ ਉਸ ਜ਼ਮੀਨ ਦੇ ਮਾਲਕ ਸਨ, 700 ਅਕਬਰੀ ਰੁਪਏ ਦਿੱਤੇ'। ਗੁਰੂ ਜੀ ਨੇ ਸਰੋਵਰ ਪੁਟਵਾਇਆ ਅਤੇ ਅੰਮ੍ਰਿਤਸਰ ਸ਼ਹਿਰ ਦੀ ਨੀਂਹ ਰਖੀ ਜਿਸ ਨੂੰ ਉਸ ਵੇਲੇ 'ਚੱਕ ਗੁਰੂ', 'ਚੱਕ ਰਾਮਦਾਸ' ਜਾਂ 'ਰਾਮਦਾਸਪੁਰਾ' ਕਹਿੰਦੇ ਸਨ। ਉਨ੍ਹਾਂ ਨੇ 52 ਜੁਦੇ ਜੁਦੇ ਕੰਮ ਧੰਧਿਆਂ ਵਾਲੇ ਲੋਕਾਂ ਨੂੰ ਉਥੇ ਰਹਿਣ ਲਈ ਅਤੇ ਗੁਰੂ ਜੀ ਦੀ ਮੰਡੀ ਵਿਚ, ਜਿਸ ਨੂੰ 'ਗੁਰੂ ਕਾ ਬਾਜ਼ਾਰ' ਕਹਿੰਦੇ ਸਨ, ਆਪਣੇ ਕਾਰੋਬਾਰ ਖੋਲ੍ਹਣ ਲਈ ਸਦਿਆ। ਸਮੇਂ ਨਾਲ ਇਹ ਸ਼ਹਿਰ ਉੱਤਰੀ ਭਾਰਤ ਵਿਚ ਵਪਾਰ ਦਾ ਸਭ ਤੋਂ ਵੱਡਾ ਕੇਂਦਰ ਬਣ ਗਿਆ।

ਨਿਰੋਲ਼ ਧਾਰਮਿਕ ਮਾਮਲਿਆਂ ਦੀ ਖੋਜ ਵਿਚ ਅਸੀਂ ਕਈ ਵਾਰੀ ਇਹ ਗੱਲ ਭੁਲ ਜਾਂਦੇ ਹਾਂ ਕਿ ਪੰਜਾਬ ਮੁਲਕ ਵਿਚ ਵਪਾਰ ਅਤੇ ਉਤਪਾਦਨ ਨੂੰ ਵਾਧਾ ਦੇਣ ਲਈ ਕਿਸ ਹੱਦ ਤਕ ਸਿੱਖ ਗੁਰੂਆਂ ਦਾ ਰਿਣੀ ਹੈ। ਜੇਕਰ ਮੁਗ਼ਲ ਬਾਦਸ਼ਾਹ ਮਹਾਨ ਉਸਰਈਏ ਸਨ ਤਾਂ ਸਿੱਖ ਗੁਰੂ ਸਾਹਿਬਾਨ ਇਸ ਪੱਖੋਂ ਕੋਈ ਘੱਟ ਨਹੀਂ ਸਨ। ਗੁਰੂ ਸਾਹਿਬਾਨ ਦੇ ਤੰਗ ਮਾਇਕ ਸਾਧਨਾਂ ਤੋਂ ਅਨੁਮਾਨ ਲਾਉਂਦਿਆਂ ਹੋਇਆਂ ਇਹ ਮੰਨਣਾ ਪਵੇਗਾ ਕਿ ਕਈ ਸ਼ਹਿਰ ਆਬਾਦ ਕਰਨ, ਤਲਾਬ ਬਣਾਉਣ ਅਤੇ ਖੂਹ ਪੁੱਟਣ ਦਾ ਕੰਮ ਅਦਭੁਤ ਕਾਰਨਾਮੇਂ ਤੋਂ ਘੱਟ ਨਹੀਂ। ਉਨ੍ਹਾਂ ਦੀ ਇਸ ਸਿੱਖਿਆ ਦਾ ਫੌਰੀ ਪ੍ਰਭਾਵ ਕਿ ਧਰਮ ਦਾ ਜੀਵਨ ਦੇ ਸੰਸਾਰਕ ਕੰਮਾਂ-ਕਾਜਾਂ ਦੇ ਅੰਦਰ ਸਭ ਤੋਂ ਵਧੀਆ ਅਭਿਆਸ ਕੀਤਾ ਜਾ ਸਕਦਾ ਹੈ, ਇਹ ਸੀ ਕਿ ਕਿਰਤ ਅਤੇ ਵਪਾਰ ਪ੍ਰਤੀ ਸਾਰੇ ਪੱਖਪਾਤ ਜਾਂ ਮਨੋਵਿਰੋਧ ਦੂਰ ਹੋ ਗਏ ਅਤੇ ਖ਼ਾਸ ਕਰਕੇ ਧਾਰਮਿਕ ਰੁਚੀਆਂ ਵਾਲੇ ਲੋਕ ਵੀ ਦੁਨਿਆਵੀ ਮਾਮਲਿਆਂ ਵਿਚ ਤਕੜਾ ਭਾਗ ਲੈਣ ਲੱਗ ਪਏ। ਬਾਸੀ ਕਬੀਲੇ ਦਾ ਇਕ ਖੱਤਰੀ ਗੰਗੂ ਗੁਰੂ ਅਮਰ ਦਾਸ ਜੀ ਪਾਸ ਆਇਆ ਅਤੇ ਬੇਨਤੀ ਕੀਤੀ ਕਿ, 'ਮੇਰੇ ਮਾਲਕ, ਮੈਂ ਆਪਣੇ ਆਪ ਦੀ ਰੱਖਿਆ ਲਈ ਕੀ ਕਰਾਂ? ਗੁਰੂ ਜੀ ਨੇ ਕਿਹਾ, 'ਦਿੱਲੀ ਵਿਚ ਇਕ ਬੈਂਕ ਖੋਲ੍ਹ ਲੈ।'[50] ਦੌਲਤ ਦੀ ਮਾਲਕੀ ਨੂੰ ਮਾਇਆ ਨਾ ਸਮਝਣ ਦੀ ਸਿੱਖਿਆ ਦਿੱਤੀ ਅਤੇ ਇਸ ਨੂੰ ਮਨੁੱਖੀ ਮਾਮਲਿਆਂ ਨੂੰ ਚਲਾਉਣ ਵਿਚ ਇਕ ਚੰਗੀ ਤੇ ਸਹਾਇਕ ਚੀਜ਼ ਵਜੋਂ ਸਮਝਣ ਦਾ ਉਪਦੇਸ਼ ਦਿੱਤਾ।

*ਗੁਰਮੁਖਿ ਸਭ ਪਵਿਤੁ ਹੈ ਧਨ ਸੰਪੈ ਮਾਇਆ ॥*
*ਹਰ ਅਰਥਿ ਜੋ ਖਰਚਦੇ ਦੇਂਦੇ ਸੁਖੁ ਪਾਇਆ ॥*

*(ਵਾਰ ਸਾਰੰਗ)*

ਇਕ ਵਾਰ ਗੁਰੂ ਰਾਮ ਦਾਸ ਜੀ ਨੇ ਆਪਣੇ ਸਿੱਖਾਂ ਨੂੰ ਕਿਹਾ, "ਜਦੋਂ ਕਿਸੇ ਸਿੱਖ ਦੇ ਹੱਥ ਵਿਚ ਕੋਈ ਵਿਸ਼ੇਸ਼ ਧੰਧਾ ਹੋਵੇ ਤਾਂ ਉਸ ਨੂੰ ਨੇਪਰੇ ਚਾੜ੍ਹਨ ਵਿਚ ਉਸ ਨਾਲ ਸ਼ਾਮਿਲ ਹੋਵੋ ਅਤੇ ਉਸ ਲਈ ਅਰਦਾਸ ਕਰੋ। ਜੇ ਤੁਸੀਂ ਵੇਖੋ ਕਿ ਇਹ ਧੰਧਾ ਪੈਸੇ ਤੋਂ ਬਿਨਾਂ ਨੇਪਰੇ ਨਹੀਂ ਚੜ੍ਹ ਸਕਦਾ ਤਾਂ ਉਸ ਲਈ ਹਰ ਪਾਸਿਉਂ ਚੰਦਾ ਇਕੱਠਾ ਕਰੋ ਅਤੇ ਨਾਲ ਹੀ ਆਪ ਵੀ ਕੁਝ ਦਿਉ।"[51] ਇਸ ਤੋਂ ਬਾਅਦ ਅਸੀਂ ਸਿੱਖਾਂ ਵਿਚ ਘੋੜਿਆਂ ਦੇ ਵਪਾਰ, ਸ਼ਾਹੂਕਾਰਾ, ਕਢਾਈ ਦੇ ਕੰਮ ਅਤੇ ਤਰਖਾਣਾ ਕੰਮ

50. Macauliffe, II, p. 115 ਗੰਗੂ ਦਾ ਮੰਦਰ ਜ਼ਿਲ੍ਹਾ ਰੋਪੜ ਵਿਚ ਖਰੜ ਦੇ ਲਾਗੇ ਪਿੰਡ ਦਉ ਵਿਚ ਹੈ।

51. Macauliffe, II, p. 275.

ਬਾਰੇ ਅਕਸਰ ਸੁਣਦੇ ਹਾਂ।

ਆਪਣਾ ਅੰਤ ਪੁੱਜ ਰਿਹਾ ਅਨੁਭਵ ਕਰਕੇ ਗੁਰੂ ਰਾਮ ਦਾਸ ਜੀ ਗੋਇੰਦਵਾਲ ਚਲੇ ਗਏ ਜਿੱਥੇ ਉਨ੍ਹਾਂ ਨੇ ਪਹਿਲੀ ਸਤੰਬਰ 1581 ਨੂੰ ਆਪਣੇ ਪ੍ਰਾਣ ਤਿਆਗ ਦਿੱਤੇ। ਉਹ ਆਪਣੇ ਪਿੱਛੇ ਤਿੰਨ ਪੁੱਤਰ ਛੱਡ ਗਏ ਜਿਨ੍ਹਾਂ ਵਿੱਚੋਂ ਸਭ ਤੋਂ ਛੋਟੇ, ਅਰਜਨ ਦੇਵ ਜੀ, ਗੁਰੂ ਸਥਾਪਿਤ ਹੋਏ।

## 5. **ਗੁਰੂ ਅਰਜਨ ਦੇਵ ਜੀ** (1563-1606 ਈ.)

ਗੁਰੂ ਰਾਮ ਦਾਸ ਜੀ ਦੇ ਸਭ ਤੋਂ ਵੱਡੇ ਪੁੱਤਰ ਪ੍ਰਿਥੀ ਚੰਦ ਦੇ ਨਿਰਾ ਸਾਜ਼ਸ਼ੀ ਹੋਣ ਕਰਕੇ ਗੁਰੂ ਜੀ ਨੇ ਉਸ ਦਾ ਨਾਂ ਮੀਣਾ[52] (ਘਿਰਣਾ ਯੋਗ ਮਨੁੱਖ) ਰਖ ਦਿੱਤਾ ਸੀ। ਉਨ੍ਹਾਂ ਦਾ ਦੂਜਾ ਪੁੱਤਰ ਮਹਾਦਿਉ ਵੈਰਾਗੀ ਮਨ ਵਾਲਾ ਸੀ। ਇਸ ਲਈ ਸਭ ਤੋਂ ਛੋਟੇ ਪੁੱਤਰ ਅਰਜਨ ਮਲ ਨੂੰ ਗੁਰਿਆਈ ਲਈ ਚੁਣਿਆ ਗਿਆ ਜਿਨ੍ਹਾਂ ਨੇ ਆਪਣੀ ਯੋਗਤਾ, ਸ਼ਰਧਾ, ਵਿਦਵਤਾ ਅਤੇ ਸਿੱਖ ਸਿਧਾਂਤਾਂ ਨੂੰ ਸਮਝਣ ਵਿਚ ਆਪਣੀ ਸਮਰਥਾ ਪਹਿਲੇ ਹੀ ਵਿਖਾ ਦਿੱਤੀ ਸੀ। ਉਨ੍ਹਾਂ ਦਾ ਜਨਮ 15 ਅਪ੍ਰੈਲ 1563 ਨੂੰ ਹੋਇਆ। ਉਹ ਆਪਣੇ ਨਾਨਾ ਗੁਰੂ ਅਮਰ ਦਾਸ ਜੀ ਦੇ ਬੜੇ ਲਾਡਲੇ ਸਨ ਜਿਨ੍ਹਾਂ ਨੇ ਉਨ੍ਹਾਂ (ਅਰਜਨ ਜੀ ਨੂੰ) 'ਬਾਣੀ ਕਾ ਬੋਹਥਾ' ਕਿਹਾ ਸੀ। ਉਹ ਆਪਣੇ ਪਿਤਾ ਜੀ ਦੇ ਕੰਮਾਂ ਵਿਚ ਵੀ ਪੂਰੀ ਤਰ੍ਹਾਂ ਹੱਥ ਵਟਾਉਂਦੇ ਸਨ। ਜਦੋਂ ਗੁਰੂ ਅਰਜਨ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲੀ ਤਾਂ ਉਹ ਰਾਮਦਾਸਪੁਰ (ਅੰਮ੍ਰਿਤਸਰ) ਰਹਿਣ ਲੱਗ ਪਏ ਤੇ ਉਨ੍ਹਾਂ ਨੇ ਸਰੋਵਰ ਬਣਵਾਉਣ ਅਤੇ ਨਗਰ ਉਸਾਰਨ ਦਾ ਕਾਰਜ ਸੰਪੂਰਨ ਕੀਤਾ। ਸਿੱਖਾਂ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਸ਼ਰੀਰਕ ਅਤੇ ਪਦਾਰਥਕ ਸਹਾਇਤਾ ਦਿੱਤੀ ਪਰ ਜਿਹੜੀ ਮਾਇਕ ਸਹਾਇਤਾ ਦੂਰ ਦੁਰਾਡੀਆਂ ਥਾਵਾਂ ਤੋਂ ਭੇਜੀ ਜਾਂਦੀ ਸੀ ਉਹ ਅਕਸਰ ਗੁਰੂ-ਘਰ ਤਕ ਨਹੀਂ ਸੀ ਪੁੱਜਦੀ। ਇਸ ਦਾ ਕਾਰਣ ਉਨ੍ਹਾਂ ਦੇ ਭਰਾ ਪ੍ਰਿਥੀਏ ਦਾ ਰੁਕਾਵਟ ਪਾਉਣਾ ਸੀ। ਗੁਰੂ ਅਰਜਨ ਜੀ ਨੇ ਆਪਣੇ ਭਰਾਵਾਂ ਨੂੰ ਹੀ ਆਪਣੇ ਘਰ ਦੀ ਸਾਰੀ ਜਾਇਦਾਦ ਦੇ ਛੱਡੀ ਸੀ ਅਤੇ ਲੰਗਰ ਤੇ ਦੂਜੀਆਂ ਸੰਸਥਾਵਾਂ ਦਾ ਖਰਚਾ ਸ਼ਰਧਾਲੂਆਂ ਦੀ ਮਨ-ਮਰਜ਼ੀ ਨਾਲ ਦਿੱਤੀ ਭੇਟਾ ਨਾਲ ਪੂਰਾ ਕੀਤਾ ਜਾਂਦਾ ਸੀ। ਫਿਰ ਵੀ ਪ੍ਰਿਥੀਆ ਰਾਜ਼ੀ ਨਾ ਹੋਇਆ ਅਤੇ ਉਹ ਅਵੇਸਲਿਆਂ ਹੀ ਸਿੱਖ ਯਾਤਰੂਆਂ ਨੂੰ ਰਾਹ ਵਿਚ ਘੇਰ ਲੈਂਦਾ ਅਤੇ ਗੁਰੂ ਜੀ ਲਈ ਲਿਆਂਦੀ ਜਾ ਰਹੀ ਭੇਟਾ ਨੂੰ ਲੁੱਟ ਲੈਂਦਾ। ਭਾਈ ਗੁਰਦਾਸ,[53] ਜਿਹੜੇ ਇਕ ਪ੍ਰਚਾਰਕ ਵਜੋਂ ਆਗਰੇ ਵਿਚ ਕੰਮ ਕਰ ਰਹੇ ਸੀ, ਇਸ ਸਮੇਂ ਨਵੇਂ ਗੁਰੂ ਜੀ ਨੂੰ ਆਪਣੀ ਸ਼ਰਧਾਂਜਲੀ ਭੇਂਟ ਕਰਨ ਲਈ ਰਾਮਦਾਸਪੁਰ (ਅੰਮ੍ਰਿਤਸਰ) ਵਾਪਸ ਆਏ। ਉਨ੍ਹਾਂ ਨੇ ਇਥੇ ਹਾਲਾਤ ਵਿਗੜੇ ਹੋਏ ਦੇਖ ਕੇ ਗੁਰੂ ਜੀ ਦੇ ਕੰਮਾਂ ਕਾਰਾਂ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ।

ਹੁਣ ਸਿੱਖਾਂ ਦੀ ਸੰਖਿਆ ਬਹੁਤ ਵੱਧ ਗਈ ਸੀ। ਪੰਜਾਬ ਵਿਚ ਜਾਂ ਬਾਹਰ ਸ਼ਾਇਦ ਹੀ ਕੋਈ ਅਜਿਹਾ ਸ਼ਹਿਰ ਸੀ ਜਿੱਥੇ ਕੁਝ ਨਾ ਕੁਝ ਸਿੱਖ ਨਹੀਂ ਸਨ ਰਹਿੰਦੇ। ਉਹ ਸਮਾਜਿਕ ਵਰਤ-ਵਰਤਾਰੇ ਨਾਲ ਬੱਝੇ ਹੋਏ ਸਨ ਅਤੇ ਸਨਮਾਨ ਪੂਰਵਕ ਭਾਵਨਾਵਾਂ ਸਦਕੇ ਆਪਣੇ ਆਤਮਿਕ ਆਗੂ ਨੂੰ ਭੇਟਾ ਪੇਸ਼ ਕਰਨ ਲਈ ਪ੍ਰੇਰਿਤ ਹੁੰਦੇ ਸਨ। ਗੁਰੂ ਜੀ ਦੇ ਦਰਸ਼ਨਾਂ ਲਈ ਆਉਣ ਵਾਲਿਆਂ ਦੇ ਹੱਥੀਂ ਉਹ ਇਹ ਭੇਟਾ ਭੇਜ ਦਿਆ ਕਰਦੇ ਸਨ। ਗੁਰੂ ਰਾਮ ਦਾਸ ਜੀ ਦੇ ਦਿਨਾਂ ਤੋਂ ਹੀ ਮਾਇਕ ਭੇਟ

52. ਭਾਈ ਗੁਰਦਾਸ, ਵਾਰ ੨੬ ਪਉੜੀ ੩੩; ੩੬ਵੀਂ ਵਾਰ ਵੀ ਵੇਖੋ; *ਦਬਿਸਤਾਨ*, ਪੰਨਾ 234.

53. ਉਹ ਗੁਰੂ ਅਰਜਨ ਸਾਹਿਬ ਦੇ ਮਾਤਾ ਜੀ ਦੇ ਚਾਚੇ ਦਾ ਪੁੱਤਰ ਸੀ ਅਤੇ 1579 ਵਿਚ ਗੁਰੂ ਰਾਮ ਦਾਸ ਜੀ ਦੇ ਸਮੇਂ ਸਿੱਖ ਧਰਮ ਵਿਚ ਸ਼ਾਮਿਲ ਹੋ ਗਿਆ ਸੀ। ਬਹੁਤ ਵੱਡਾ ਵਿਦਵਾਨ ਅਤੇ ਲਿਖਾਰੀ ਹੋਣ ਤੋਂ ਇਲਾਵਾ ਉਹ ਇਕ ਉਤਸ਼ਾਹੀ ਪ੍ਰਚਾਰਕ ਅਤੇ ਸਿੱਖੀ ਦਾ ਵਿਆਖਿਆਕਾਰ ਸੀ। ਉਸ ਨੇ ਪੰਜਾਬੀ ਵਿਚ 40 ਵਾਰਾਂ ਅਤੇ ਹਿੰਦੀ ਵਿਚ 556 ਕਬਿਤ ਰਚੇ ਸਨ। 1637 ਵਿਚ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਉਸ ਦੀ ਮੌਤ ਹੋ ਗਈ ਸੀ।

ਲਿਆਉਣ ਦਾ ਕੰਮ ਉੱਘੇ ਪ੍ਰਚਾਰਕਾਂ ਨੂੰ ਸੌਂਪਿਆ ਹੋਇਆ ਸੀ ਜਿਨ੍ਹਾਂ ਨੂੰ ਮਸੰਦ ਕਹਿੰਦੇ ਸਨ।[54] ਗੁਰੂ ਅਰਜਨ ਜੀ ਦੇ ਸਮੇਂ ਤਕ ਇਹ ਕੰਮ ਬਹੁਤ ਵੱਧ ਗਿਆ ਸੀ ਅਤੇ ਉਨ੍ਹਾਂ ਦੇ ਭਰਾ (ਪ੍ਰਿਥੀਆ) ਦੀ ਰੁਕਾਵਟ ਨੇ ਇਹ ਜ਼ਰੂਰੀ ਬਣਾ ਦਿੱਤਾ ਸੀ ਕਿ ਪੈਸੇ ਦੀ ਮੁਨਾਸਬ ਸੰਭਾਲ ਲਈ ਕੁਝ ਵਧੇਰੇ ਚੰਗਾ ਪ੍ਰਬੰਧ ਕੀਤਾ ਜਾਵੇ। ਜੇ ਕਿਸੇ ਨੇ ਬਹੁਤ ਵੱਡਾ ਕੰਮ ਕਰਨ ਦਾ ਬੀੜਾ ਚੁਕਿਆ ਹੋਵੇ ਜਿਸ ਨੂੰ ਨੇਪਰੇ ਚਾੜ੍ਹਨ ਲਈ ਨਿਸਚੇ ਹੀ ਬਹੁਤ ਧਨ ਦੀ ਲੋੜ ਹੋਵੇ ਤੇ ਉਸ ਕਾਰਜ ਲਈ ਧਨ ਆ ਵੀ ਰਿਹਾ ਹੋਵੇ ਤਾਂ ਜੇ ਉਹ ਵਿਅਕਤੀ ਧਨ ਨੂੰ ਦਿਆਨਤਦਾਰੀ ਨਾਲ ਇਕੱਠਾ ਕਰਨ ਅਤੇ ਯੋਗ ਹੱਥਾਂ ਤਕ ਪਹੁੰਚਾਉਣ ਦਾ ਮੁਨਾਸਬ ਪ੍ਰਬੰਧ ਕਰਨ ਵੱਲ ਅਣਗਹਿਲੀ ਕਰੇ ਤਾਂ ਇਹ ਇਕ ਚੰਗੀ ਗੱਲ ਨਹੀਂ। ਜੋ ਕੁਝ ਗੁਰੂ ਅਰਜਨ ਸਾਹਿਬ ਨੇ ਇਸ ਸਬੰਧ ਵਿਚ ਕੀਤਾ ਉਹ ਇਹ ਸੀ ਕਿ ਉਨ੍ਹਾਂ ਨੇ ਆਦੇਸ਼ ਦਿੱਤਾ ਕਿ ਅਗਾਂਹ ਲਈ ਹਰ ਸਿੱਖ ਆਪਣੀ ਆਮਦਨੀ ਵਿੱਚੋਂ ਦਸਵੰਧ (ਦਸਵਾਂ ਹਿੱਸਾ) ਗੁਰੂ ਜੀ ਦੇ ਫੰਡ ਲਈ ਵੱਖਰਾ ਰਖੇ ਅਤੇ ਉਹ ਪੈਸਾ ਪ੍ਰਵਾਨਿਤ ਮਸੰਦ ਰਾਹੀਂ ਭੇਜੇ। ਉਨ੍ਹਾਂ ਨੇ ਕਿਹਾ ਕਿ ਉਹ ਮਸੰਦ ਬਾਕਾਇਦਾ ਹਰ ਸਾਲ ਵਿਸਾਖੀ ਦੇ ਮੌਕੇ ਤੇ ਸੰਗਤ ਦੇ ਨਾਲ ਗੁਰੂ ਜੀ ਪਾਸ ਹਾਜ਼ਰ ਹੋਵੇਗਾ ਅਤੇ ਇਕੱਠਾ ਕੀਤਾ ਪੈਸਾ ਖ਼ੁਦ ਗੁਰੂ ਜੀ ਦੇ ਸਾਹਮਣੇ ਪੇਸ਼ ਕਰੇਗਾ। ਕਿਸੇ ਥਾਂ ਰਤਾ ਜਿਨਾ ਵੀ ਇਸ ਗੱਲ ਦਾ ਸਬੂਤ ਨਹੀਂ ਸੀ ਕਿ ਸਿੱਖਾਂ ਵੱਲੋਂ ਇਹ ਭੇਟਾ ਆਪਣੀ ਮਨ-ਮਰਜ਼ੀ ਤੋਂ ਬਿਨਾਂ ਦਿੱਤੀ ਗਈ ਸੀ। ਮੋਹਸਿਨ ਫ਼ਾਨੀ ਨੇ ਆਪਣੀ ਪੁਸਤਕ *ਦਬਿਸਤਾਨ* ਵਿਚ ਉਸ ਭੇਟਾ ਲਈ ਸਹੀ ਸ਼ਬਦ 'ਭੇਂਟ' ਅਤੇ 'ਨਜ਼ਰ' ਵਰਤੇ ਹਨ ਪਰ ਹੈਰਾਨੀ ਦੀ ਗੱਲ ਹੈ ਕਿ ਉਸ ਨੇ ਇਸ ਲਈ ਇਕ ਗ਼ਲਤ ਸਮਾਨਾਰਥ ਸ਼ਬਦ 'ਬਾਜ' (ਕਰ) ਵੀ ਦਿੱਤਾ ਹੈ। ਇਸ ਗ਼ਲਤ ਸ਼ਬਦ ਨੂੰ ਸਿਧਾਤਕਾਰਾਂ ਨੇ ਪੱਕੀ ਤਰ੍ਹਾਂ ਫੜ ਲਿਆ ਹੈ ਜਿਹੜੇ ਪਿਛਲੇਰੇ ਗੁਰੂਆਂ ਦੇ ਧਾਰਮਿਕ ਕੰਮ ਵਿਚ ਵੀ ਰਾਜਸੀ ਮਨੋਰਥਾਂ ਦੀ ਹੋਂਦ ਸਾਬਤ ਕਰਨ ਵਿਚ ਜੁਟੇ ਹੋਏ ਹਨ। ਕਈ ਇਹ ਕਹਿਣ ਤਕ ਗਏ ਹਨ ਕਿ 'ਸਿੱਖ, ਜਿਵੇਂ ਲਗਪਗ ਸਮਕਾਲੀ ਮੋਹਸਿਨ ਫ਼ਾਨੀ ਕਹਿੰਦਾ ਹੈ, ਬਾਕਾਇਦਾ ਸਰਕਾਰ ਚਲਾਉਣ ਦੇ ਆਦੀ ਹੋ ਗਏ ਸਨ'[55] ਪਰ ਮੋਹਸਿਨ ਫਾਨੀ ਦੀ ਲਿਖਤ ਵਿਚ ਕੁਝ ਵੀ ਅਜਿਹਾ ਨਹੀਂ ਸੀ ਜੋ ਇਸ ਕਥਨ ਦੀ

---

54. 'ਮਸੰਦ' ਸ਼ਬਦ ਫ਼ਾਰਸੀ ਦੇ ਸ਼ਬਦ 'ਮਸਨਦ' ਤੋਂ ਬਣਿਆ ਹੋਇਆ ਹੈ ਜਿਸ ਦਾ ਭਾਵ ਉੱਚੀ ਥਾਂ ਹੈ ਅਤੇ ਇਸ ਲਈ 'ਗੱਦੀ' ਸ਼ਬਦ ਵੀ ਵਰਤਿਆ ਜਾਂਦਾ ਸੀ। ਸਿੱਖ ਪ੍ਰਚਾਰਕ ਜੋ ਗੁਰੂ ਸਾਹਿਬਾਨ ਦੇ ਪ੍ਰਤੀਨਿਧ ਸਨ ਉਨ੍ਹਾਂ ਨੂੰ ਸੰਗਤ ਵਿਚ ਉੱਚੇ ਆਸਣਾਂ ਜਾਂ ਗੱਦੀ ਉੱਤੇ ਬਿਠਾਇਆ ਜਾਂਦਾ ਸੀ ਉਨ੍ਹਾਂ ਨੂੰ ਮਸਨਦ ਜਾਂ ਮਸੰਦ ਕਿਹਾ ਜਾਂਦਾ ਸੀ। ਉਨ੍ਹਾਂ ਨੂੰ ਗੁਰੂ ਜੀ ਦੇ ਨਾਂ ਤੇ, ਜਿਨ੍ਹਾਂ ਨੇ ਇਹ ਸੰਸਥਾ ਚਲਾਈ ਸੀ ਅਤੇ ਜਿਨ੍ਹਾਂ ਦੀ ਉਹ ਪ੍ਰਤੀਨਿਧਤਾ ਕਰਦੇ ਸਨ, ਰਾਮ ਦਾਸ ਵੀ ਕਿਹਾ ਜਾਂਦਾ ਸੀ।

    ਸਿੱਖ ਸੰਗਤਾਂ ਦੇ ਪੰਜਾਬ ਤੋਂ ਬਾਹਰ ਵੀ ਫੈਲ ਜਾਣ ਨਾਲ ਮਸੰਦ ਪ੍ਰਥਾ ਨੇ ਗੁਰੂ ਅਮਰ ਦਾਸ ਜੀ ਦੀਆਂ ਮੰਜੀਆਂ ਦੀ ਥਾਂ ਲੈ ਲਈ ਜੋ ਕਿ ਕੇਵਲ ਪੰਜਾਬ ਤਕ ਹੀ ਸੀਮਿਤ ਸਨ। ਇਹ ਗੱਲ, ਕਿ ਮਸੰਦ ਨਿਰੇ ਭੇਟ ਇਕਠੀ ਕਰਨ ਵਾਲੇ ਹੀ ਨਹੀਂ ਸਨ ਸਗੋਂ ਧਰਮ ਦੇ ਪ੍ਰਚਾਰਕ ਵੀ ਸਨ, *ਦਬਿਸਤਾਨ* ਦੇ ਪੰਨਾ 233 ਤੋਂ ਪ੍ਰਗਟ ਹੁੰਦੀ ਹੈ ਅਤੇ ਇਸ ਗੱਲ ਤੋਂ ਵੀ ਸਪਸ਼ਟ ਹੈ ਕਿ ਉਨ੍ਹਾਂ ਨੂੰ ਗੁਰੂ ਦਾ ਹੀ ਪ੍ਰਤਿਰੂਪ ਸਮਝਕੇ ਰਾਮ ਦਾਸ ਦਾ ਨਾਂ ਦਿੱਤਾ ਗਿਆ ਸੀ।

55. Cunningham, *History of the Sikhs,* (1918), p. 52. ਪਿਛਲੇਰੇ ਲਿਖਾਰੀਆਂ ਨੇ ਕੰਨਿਘਮ ਦੇ ਵਿਚਾਰ ਤੋਂ ਅਗਾਂਹ ਵੱਧ ਕੇ ਲਿਖਿਆ ਹੈ ਕਿ 'ਸਿੱਖ ਇਕ ਕਿਸਮ ਦੀ ਆਪਣੀ ਸਰਕਾਰ ਚਲਾਉਣ ਦੇ ਹੌਲੀ ਹੌਲੀ ਆਦੀ ਹੋ ਗਏ ਸਨ ਅਤੇ ਰਾਜ ਦੇ ਅੰਦਰ ਆਪਣੇ ਆਪ ਨੂੰ ਨਰੋਈ ਤਰ੍ਹਾਂ ਸਥਾਪਿਤ ਇਕ ਪਾਰਟੀ ਸਮਝਦੇ ਸਨ।' (Trumpp. 1xxxi; ਦੇ ਹਵਾਲੇ ਨਾਲ ਇਹੀ ਗੱਲ ਬੈਨਰਜੀ ਨੇ ਵੀ ਆਪਣੀ ਪੁਸਤਕ *Evolution of the Khalsa,* pp. 195-196 ਤੇ ਦਿੱਤੀ ਹੈ। ਗੋਕਲ ਚੰਦ ਨਾਰੰਗ ਅਨੁਸਾਰ ਸਿੱਖ ਭਾਰਤੀ ਸਾਮਰਾਜ ਵਿਚ ਸਵੈ-ਸਰਕਾਰ ਬਣਾਉਣ ਦੇ ਪਹਿਲਾਂ ਹੀ ਆਦੀ ਹੋ ਚੁੱਕੇ ਸਨ (ਨਾਰੰਗ, ਪੰਨਾ 76)। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਸਭ ਲਿਖਾਰੀ *ਦਬਿਸਤਾਨ* ਨੂੰ ਆਪਣਾ ਆਧਾਰ

*(ਅਗਲੇ ਪੰਨੇ ਤੇ ਚਲਦਾ)*

ਪੁਸ਼ਟੀ ਕਰਦਾ ਹੋਵੇ। ਇਹ ਵਿਚਾਰ ਮਸੰਦਾਂ ਬਾਰੇ ਲਿਖੇ ਪੈਰ੍ਹੇ ਦੇ ਸ਼ੀਆ ਅਤੇ ਟਰੋਇਰ ਦੁਆਰਾ ਕੀਤੇ ਗਲਤ ਉਲਥੇ ਤੋਂ ਉਤਪੰਨ ਹੋਇਆ ਹੈ।

1589 ਵਿਚ ਗੁਰੂ ਅਰਜਨ ਜੀ ਨੇ ਕੇਂਦਰੀ ਮੰਦਰ ਦੀ, 'ਜਿਸ ਨੂੰ ਹੁਣ ਗੋਲਡਨ ਟੈਂਪਲ ਜਾਂ ਹਰਿਮੰਦਰ ਸਾਹਿਬ' ਕਿਹਾ ਜਾਂਦਾ ਹੈ, ਅੰਮ੍ਰਿਤਸਰ ਦੇ ਸਰੋਵਰ ਦੇ ਵਿਚਕਾਰ ਨੀਂਹ ਰਖੀ। ਇਸ ਦੇ ਦਰਵਾਜ਼ੇ ਸਭ ਪਾਸਿਆਂ ਨੂੰ ਖੁਲ੍ਹਦੇ ਸਨ ਜਿਸ ਦਾ ਭਾਵ ਇਹ ਸੀ ਕਿ ਸਿੱਖ ਪੂਜਾ ਅਸਥਾਨ ਸਭ ਲਈ ਇਕ ਸਮਾਨ ਖੁਲ੍ਹਾ ਹੈ।

ਗੁਰੂ ਜੀ ਇਰਦ-ਗਿਰਦ ਦੇ ਇਲਾਕਿਆਂ ਵਿਚ ਧਰਮ ਪ੍ਰਚਾਰ ਅਤੇ ਸੰਗਤਾਂ ਸਥਾਪਿਤ ਕਰਨ ਲਈ ਯਾਤਰਾ ਤੇ ਨਿਕਲ ਤੁਰੇ। ਉਨ੍ਹਾਂ ਨੇ ਇਕੱਠਿਆਂ ਬੈਠ ਕੇ ਪੂਜਾ ਕਰਨ ਦੀ ਵਿਸ਼ੇਸ਼ਤਾ ਅਤੇ ਗੁਰੂ ਜੀ ਦੇ ਸਾਂਝੇ ਫੰਡ ਲਈ ਕੁਝ ਨਾ ਕੁਝ ਬਚਾਉਣ ਉੱਤੇ ਜ਼ੋਰ ਦਿੱਤਾ। ਉਨ੍ਹਾਂ ਨੇ ਪੰਜਾਬ ਵਿਚ ਸਖੀ ਸਰਵਰ ਦੇ ਵੱਧ ਰਹੇ ਪ੍ਰਭਾਵ ਨੂੰ ਰੋਕਣ ਲਈ ਬਹੁਤ ਕੁਝ ਕੀਤਾ। ਸਮਾਜਕ ਸੁਧਾਰ ਵਜੋਂ ਉਨ੍ਹਾਂ ਨੇ ਬਾਹੜਵਾਲ ਦੇ ਚੌਧਰੀ ਹੇਮਾ ਦਾ ਇਕ ਵਿਧਵਾ ਨਾਲ ਵਿਆਹ ਕੀਤਾ। ਉਨ੍ਹਾਂ ਨੇ ਸਿੱਖਾਂ ਨੂੰ ਕਾਰੋਬਾਰ ਵਿਚ ਲਗਣ ਅਤੇ ਖੁਸ਼ਹਾਲੀ ਵਿਚ ਵਾਧਾ ਕਰਨ ਲਈ ਉਤਸਾਹਿਤ ਕੀਤਾ। ਬਹੁਤ ਸਾਰੇ ਸਿੱਖਾਂ ਨੇ ਘੋੜਿਆਂ ਦਾ, ਬਹਾਦਰੀ ਅਤੇ ਹਿੰਮਤ ਵਾਲਾ, ਵਪਾਰ ਸ਼ੁਰੂ ਕੀਤਾ ਜਿਸ ਲਈ ਉਨ੍ਹਾਂ ਨੂੰ ਕਾਬਲ ਅਤੇ ਤੁਰਕਸਤਾਨ ਵੱਲ ਲੰਮੇ ਸਫ਼ਰ ਕਰਨੇ ਪੈਂਦੇ ਸਨ। ਗੁਰੂ ਜੀ ਨੇ 1590 ਵਿਚ ਤਰਨਤਾਰਨ ਦੀ ਨੀਂਹ ਰਖੀ ਅਤੇ ਜਲੰਧਰ ਦੁਆਬ ਵਿਚ 1594 ਵਿਚ ਕਰਤਾਰਪੁਰ ਵਸਾਇਆ। ਇਹ ਨਗਰ ਵਪਾਰ ਦੇ ਕੇਂਦਰ ਬਣ ਗਏ ਅਤੇ ਇਨ੍ਹਾਂ ਨੇ ਆਲੇ-ਦੁਆਲੇ ਦੇ ਇਲਾਕੇ ਦੀ ਖ਼ੁਸ਼ਹਾਲੀ ਵਿਚ ਮਦਦ ਕੀਤੀ। ਤਰਨਤਾਰਨ ਵਿਚ ਉਨ੍ਹਾਂ ਨੇ ਕੋੜ੍ਹੀਆਂ ਲਈ ਇਕ ਆਸ਼ਰਮ ਖੋਲ੍ਹਿਆ। ਉਨ੍ਹਾਂ ਨੇ ਲਾਹੌਰ ਵਿਖੇ ਡੱਬੀ ਬਾਜ਼ਾਰ ਵਿਚ ਬਾਉਲੀ[56] ਬਣਵਾਈ। ਉਨ੍ਹਾਂ ਨੇ ਆਪਣੇ ਸਪੁੱਤਰ ਦੇ ਜਨਮ ਦੀ ਖ਼ੁਸ਼ੀ ਵਿਚ ਬਿਆਸ ਦਰਿਆ ਦੇ ਕੰਢੇ ਸ੍ਰੀ ਹਰਿ ਗੋਬਿੰਦਪੁਰ ਨਗਰ ਵਸਾਇਆ।

ਉਨ੍ਹਾਂ ਦਾ ਇਕਲੌਤਾ ਪੁੱਤਰ ਹਰਿਗੋਬਿੰਦ ਜੀ 14 ਜੂਨ, 1595 ਨੂੰ ਅੰਮ੍ਰਿਤਸਰ ਦੇ ਨੇੜੇ ਵਡਾਲੀ ਪਿੰਡ ਵਿਚ ਪੈਦਾ ਹੋਇਆ ਜਿੱਥੇ ਗੁਰੂ ਜੀ ਆਪਣੇ ਭਰਾ ਪ੍ਰਿਥੀਏ ਨਾਲ ਟਕਰਾ ਹੋ ਜਾਣ ਤੋਂ

---

*(ਪਿਛਲੇ ਪੰਨੇ ਤੋਂ ਚਲਦਾ)*

ਮੰਨਦੇ ਹਨ ਜਦ ਕਿ *ਦਬਿਸਤਾਨ* ਵਿਚ ਇਸ ਗੱਲ ਦੀ ਪੁਸ਼ਟੀ ਲਈ ਕੋਈ ਗੱਲ ਨਹੀਂ ਕਹੀ ਹੋਈ। *ਦਬਿਸਤਾਨ* ਦੇ ਅਸਲ ਸ਼ਬਦਾਂ ਦੇ, ਜੋ ਪੰਨਾ 233 ਤੇ ਹਨ, ਇਹ ਅਰਥ ਹਨ : ਉਸ ਮਸੰਦ ਦੁਆਰਾ ਲੋਕ ਗੁਰੂ ਜੀ ਦੇ ਸਿੱਖ ਬਣ ਗਏ। ਖੜੇ ਮਸੰਦਾਂ ਨੇ, ਜਿਨ੍ਹਾਂ ਸਦਕੇ ਬਹੁਤ ਸਾਰੇ ਲੋਕ ਗੁਰੂ ਜੀ ਦੇ ਸਿੱਖ ਬਣੇ ਸਨ ਆਪਣੇ ਨਾਇਬ ਨਿਯੁਕਤ ਕਰ ਦਿੱਤੇ। ਹਰ ਥਾਂ ਅਤੇ ਜ਼ਿਲ੍ਹੇ ਵਿਚ ਮਸੰਦ ਦੇ ਸਾਥੀ ਉਸ ਦੇ ਨਾਇਬ ਰਾਹੀਂ ਗੁਰੂ ਦੇ ਸਿੱਖ ਬਣ ਗਏ। (ਅਸਲ : *ਮਰਦਮ ਬਤਵਸਤਿ ਆਂ ਮਸੰਦ ਸਿਖਿ ਗੁਰੂ ਸ਼ਦਨ ਗ੍ਰਿਫਤੰਦ ਵਾ ਮਸੰਦਾਨਿ ਬਜ਼ੁਰਗ ਕਿ ਜਮਏ ਕਸੀਰ ਬਤਵਸਤਿ ਏਸ਼ਾਂ ਸਿੱਖਿ ਗੁਰੂ ਬੁਦੰਦ। ਅਜ਼ ਜਾਨਬਿ ਖੁਦ ਨਾਇਬਾਂ ਤੁਇਯਨ ਨਮੂਦੰਦ ਤਾ ਦਰ ਹਰ ਜਾਏ ਵਾ ਮਹਲੇ ਬਤਵਸਤੇ ਗੁਮਾਸ਼ਤਾਇ ਮਸੰਦ ਮੇਲੀਏ ਆਂ ਮਸੰਦ ਸ਼ੁਦਾ ਸਿੱਖਿ ਗੁਰੂ ਗਰਦੰਦ।)*

ਇਸ ਪੈਰੇ ਦੇ ਸ਼ੀਆ ਅਤੇ ਟਰੋਇਰ ਦੀ ਜਿਲਦ ਦੂਜੀ, ਪੰਨਾ 271 ਤੇ ਦਿੱਤੇ ਗਲਤ ਅਨੁਵਾਦ ਤੋਂ ਅਸਲ ਗਲਤੀ ਸ਼ੁਰੂ ਹੋਈ। ਇਸ ਅਨੁਵਾਦ ਨੂੰ ਕਨਿੰਘਮ ਅਤੇ ਦੂਜਿਆਂ ਨੇ ਅੰਨ੍ਹੇਵਾਹ ਨਕਲ ਕੀਤਾ ਅਤੇ ਉਦੋਂ ਤੋਂ ਇਸ ਗੱਲ ਦੀ ਪੜਤਾਲ ਕੀਤੇ ਬਿਨਾਂ ਹਰ ਕੋਈ ਇਹੀ ਗੱਲ ਦੁਹਰਾਂਦਾ ਰਿਹਾ। ਇਸ ਤਰ੍ਹਾਂ ਰਾਜਸੀ ਜੱਥੇਬੰਦੀ ਦਾ ਆਧਾਰ ਕਾਇਮ ਕਰ ਦੇਣ ਨਾਲ ਕੁਦਰਤੀ ਤੌਰ ਤੇ 'ਕਰ' ਅਤੇ ਬਜਟ ਆਦਿ ਦੀਆਂ ਗੱਲਾਂ ਵੀ ਚਲ ਪਈਆਂ।

56. ਸ਼ਾਹ ਜਹਾਨ ਦੇ ਹੁਕਮ ਨਾਲ ਇਹ ਬਾਉਲੀ 1628 ਵਿਚ ਪੂਰ ਦਿੱਤੀ ਗਈ ਸੀ ਅਤੇ ਉਸ ਥਾਂ ਤੇ ਮਸਜਿਦ ਬਣਾ ਦਿੱਤੀ ਸੀ। 1834 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਮਸਜਿਦ ਗਿਰਵਾ ਕੇ ਮੁੜ ਬਾਉਲੀ ਕਾਇਮ ਕਰ ਦਿੱਤੀ। 1947 ਦੇ ਫਸਾਦਾਂ ਸਮੇਂ ਬਾਉਲੀ ਮੁੜ ਢਾਹ ਦਿੱਤੀ ਗਈ।

ਬਚਣ ਲਈ ਕੁਝ ਸਮੇਂ ਲਈ ਚਲੇ ਗਏ ਸਨ। ਪਰ ਉਨ੍ਹਾਂ ਦੇ ਘਰ ਪੁੱਤਰ ਦੇ ਪੈਦਾ ਹੋਣ ਨੇ ਪ੍ਰਿਥੀਏ ਦੀ ਦੁਸ਼ਮਣੀ ਵਿਚ ਵਾਧਾ ਕੀਤਾ ਜਿਸ ਨੂੰ ਹੁਣ ਆਪਣੇ ਪੁੱਤਰ ਮਿਹਰਬਾਨ ਦੇ ਗੁਰ-ਗੱਦੀ ਉੱਤੇ ਬੈਠਣ ਦੀ ਕੋਈ ਆਸ ਨਹੀਂ ਸੀ ਰਹੀ। ਗੁਰੂ ਅਰਜਨ ਸਾਹਿਬ ਦੀ ਰਚਨਾ ਵਿਚ ਬਹੁਤ ਸਾਰੇ ਸ਼ਬਦ ਅਜਿਹੇ ਹਨ ਜਿਹੜੇ ਪ੍ਰਗਟ ਕਰਦੇ ਹਨ ਕਿ ਉਨ੍ਹਾਂ ਦੇ ਪੁੱਤਰ ਨੂੰ ਮਾਰਨ ਲਈ ਕਈ ਯਤਨ ਕੀਤੇ ਗਏ ਸਨ ਪਰ ਉਨ੍ਹਾਂ ਨੂੰ ਵੱਡੇ ਹੋਕੇ ਆਪਣੇ ਪਿਤਾ ਜੀ ਦੇ ਯੋਗ ਉੱਤਰਾਧਿਕਾਰੀ ਬਣਨ ਲਈ ਪਰਮਾਤਮਾ ਨੇ ਬਚਾਈ ਰਖਿਆ। ਪ੍ਰਿਥੀਏ ਨੇ ਫਿਰ ਇਕ ਸਰਕਾਰੀ ਮੁਲਾਜ਼ਮ ਸੁਲਹੀ ਖ਼ਾਂ ਨਾਲ ਗਠਜੋੜ ਕਰ ਲਿਆ ਅਤੇ ਉਸ ਰਾਹੀਂ ਗੁਰੂ ਜੀ ਨੂੰ ਪ੍ਰੇਸ਼ਾਨ ਕਰਨ ਦਾ ਯਤਨ ਕੀਤਾ ਪਰ ਉਹ ਮੁਲਾਜ਼ਮ ਤਪਦੇ ਭੱਠੇ[57] ਵਿਚ ਡਿਗ ਕੇ ਦੁਰਗਤੀ ਵਾਲੀ ਮੌਤ ਮਰਿਆ ਅਤੇ ਇਸ ਦੁਰਘਟਨਾ ਨਾਲ ਪ੍ਰਿਥੀਏ ਨੇ ਵੀ ਬੜੀ ਖੁਆਰੀ ਮਹਿਸੂਸ ਕੀਤੀ।

ਇਸ ਨਾਲ ਗੁਰੂ ਅਰਜਨ ਸਾਹਿਬ ਨੂੰ ਲੋੜੀਂਦਾ ਸੁਖ ਪ੍ਰਾਪਤ ਹੋਇਆ ਤੇ ਉਨ੍ਹਾਂ ਨੇ ਆਪਣੇ ਜੀਵਨ ਦੇ ਮਹਾਨ ਕੰਮ ਵੱਲ ਧਿਆਨ ਦੇਣਾ ਸ਼ੁਰੂ ਕੀਤਾ। ਇਹ ਕਾਰਜ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਦਾ ਸੀ।

ਸਿੱਖ ਧਰਮ ਮੁੱਖ ਤੌਰ ਤੇ (ਸੱਚੇ) ਨਾਮ ਦਾ ਧਰਮ ਹੈ। ਇਸ ਧਰਮ ਵਿਚ ਸਭ ਤੋਂ ਪ੍ਰਤੱਖ ਧਾਰਮਿਕ ਰੀਤੀ ਗੁਰੂ ਦੇ ਸ਼ਬਦ[58] ਦਾ ਕੀਰਤਨ ਕਰਨਾ ਸੀ। ਇਸ ਤੋਂ ਇਲਾਵਾ ਕਿਸੇ ਹੋਰ ਰਸਮਾਂ ਰੀਤਾਂ ਦੀ ਪਾਲਣਾ ਨਹੀਂ ਸੀ ਕੀਤੀ ਜਾਂਦੀ। ਇਸ ਮਰਿਆਦਾ ਦੀ ਮਹੱਤਤਾ ਦੇਖ ਕੇ ਪ੍ਰਿਥੀਏ ਵਰਗੇ ਕਈ ਚਲਾਕ ਆਦਮੀਆਂ ਨੇ ਝੂਠੀਆਂ ਲਿਖਤਾਂ ਗੁਰੂ ਸਾਹਿਬਾਨ ਦੀ ਬਾਣੀ ਵਿਚ ਮਿਲਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਉਨ੍ਹਾਂ ਨੂੰ ਸਿੱਖਾਂ ਵਿਚ ਚਾਲੂ ਕਰ ਦਿੱਤਾ ਸੀ। ਇਸ ਨਾਲ ਧਰਮ ਅਤੇ ਮਰਿਆਦਾ ਵਿਚ ਗੜਬੜੀ ਪੈਦਾ ਹੋਣ ਦਾ ਡਰ ਸੀ ਅਤੇ ਗੁਰੂ ਜੀ ਲਈ, ਜਿਹੜੇ ਸਿੱਖ ਮਤ ਨੂੰ ਨਰੋਈਆਂ ਨੀਂਹਾਂ ਉੱਤੇ ਜਥੇਬੰਦ ਕਰਨ ਲਈ ਜ਼ਿੰਮੇਵਾਰ ਸਨ, ਧਰਮ ਅਤੇ ਮਰਿਆਦਾ ਦੀ ਏਕਤਾ ਨਿਸ਼ਚਿਤ ਕਰਨਾ ਜ਼ਰੂਰੀ ਸੀ। ਇਸ ਲਈ ਉਨ੍ਹਾਂ ਨੇ ਆਪਣੇ ਪੂਰਵਧਿਕਾਰੀਆਂ ਦੀਆਂ ਸਹੀ ਰਚਨਾਵਾਂ ਇਕੱਠੀਆਂ ਕਰਨ ਅਤੇ ਉਨ੍ਹਾਂ ਵਿਚ ਆਪਣੀ ਬਾਣੀ ਸ਼ਾਮਿਲ ਕਰਕੇ ਇਕ ਮਹਾਨ ਗ੍ਰੰਥ ਤਿਆਰ ਕਰਨ ਦਾ ਕੰਮ ਹੱਥ ਵਿਚ ਲਿਆ। ਜਿਵੇਂ ਕਿ ਅਸੀਂ ਵੇਖਿਆ ਹੈ, ਇਸ ਸਬੰਧੀ ਕੁਝ ਕੰਮ ਪਹਿਲੇ ਹੀ ਦੂਜੇ ਅਤੇ ਤੀਜੇ ਗੁਰੂ ਸਾਹਿਬਾਨ ਨੇ ਕੀਤਾ ਹੋਇਆ ਸੀ ਅਤੇ ਹੱਥ-ਲਿਖਤ ਖੋਥੀਆ ਗੋਇੰਦਵਾਲ ਵਿਚ ਬਾਬਾ ਮੋਹਨ ਜੀ ਪਾਸ ਸਨ।[59] ਗੁਰੂ ਅਰਜਨ ਸਾਹਿਬ ਆਪ ਉਥੇ ਗਏ ਅਤੇ

---

57. ਗੁਰੂ ਅਰਜਨ ਸਾਹਿਬ ਇਸ ਘਟਨਾ ਦਾ ਬਿਲਾਵਲ ਦੇ ਇਕ ਸ਼ਬਦ ਵਿਚ ਜ਼ਿਕਰ ਕਰਦੇ ਹਨ।

58. 'ਵਾਰ ਆਸਾ', ੬. ੧; ਭਾਈ ਗੁਰਦਾਸ ਦੀ ਵਾਰ ੧੩ਵੀਂ ਵੇਖੋ ਜਿੱਥੇ ਉਹ ਲਿਖਦੇ ਹਨ, "ਗੁਰੂ ਸਾਹਿਬ ਦੀ ਬਾਣੀ ਜੋ ਸਾਡੇ ਸਾਹਮਣੇ ਹੈ ਵੇਦਾਂ ਅਤੇ ਕੁਰਾਨ ਨਾਲੋਂ ਉਚੇਰੀ ਹੈ।" ਗੁਰੂ ਨਾਨਕ ਜੀ *ਪਰਭਾਤੀ* ਵਿਚ ਕਹਿੰਦੇ ਹਨ ਕਿ 'ਇਸ ਸੰਸਾਰ ਵਿਚ ਸਭ ਤੋਂ ਵਧੀਆ ਕਮਾਈ ਰੱਬੀ ਸ਼ਬਦ ਦੀ ਕਮਾਈ ਹੈ।' ਗੁਰੂ ਅਰਜਨ ਸਾਹਿਬ *ਆਸਾ* ਵਿਚ ਕਹਿੰਦੇ ਹਨ, 'ਜੋਗ ਬਨਿਆ ਤੇਰਾ ਕੀਰਤਨ ਗਾਈ।' 1697 ਵਿਚ ਬਟਾਲੇ ਦਾ ਸੁਜਾਨ ਰਾਏ ਸਿੱਖਾਂ ਬਾਰੇ ਲਿਖਦਿਆਂ ਕਹਿੰਦਾ ਹੈ, "ਉਨ੍ਹਾਂ ਦੀ ਪੂਜਾ ਦਾ ਕੇਵਲ ਇਕੋ ਤਰੀਕਾ ਹੈ ਕਿ ਉਹ ਗੁਰੂ ਸਾਹਿਬਾਨ ਦੀ ਰਚਿਤ ਬਾਣੀ ਪੜ੍ਹਦੇ ਹਨ ਅਤੇ ਉਸ ਨੂੰ ਸੰਗੀਤ ਦੇ ਸਾਜ਼ਾਂ ਨਾਲ ਬਹੁਤ ਸੁਰੀਲੀ ਲੈਅ ਵਿਚ ਗਾਉਂਦੇ ਹਨ।" ਹਰਿਮੰਦਰ ਸਾਹਿਬ (ਅੰਮ੍ਰਿਤਸਰ) ਵਿਚ ਹੁਣ ਤਕ ਜੋ ਰਾਗੀ ਰਾਤ ਦਿਨ ਲਗਾਤਾਰ ਵਾਰੀ ਵਾਰੀ ਗਾਉਂਦੇ ਹਨ ਉਨ੍ਹਾਂ ਨੂੰ ਬਾਣੀ ਦੇ ਗਾਇਨ ਤੋਂ ਬਿਨਾਂ ਹੋਰ ਕੁਝ ਗਾਉਣ ਦੀ ਆਗਿਆ ਨਹੀਂ ਹੈ।

59. ਇਹ ਹੱਥ-ਲਿਖਤ ਖਰੜੇ ਦੋ ਸੈਂਚੀਆਂ ਵਿਚ ਸਨ ਜੋ ਥੋੜ੍ਹਾ ਸਮਾਂ ਪਹਿਲਾਂ ਤਕ ਗੋਇੰਦਵਾਲ ਵਿਚ ਬਾਬਾ ਮੋਹਨ ਜੀ ਦੇ ਉੱਤਰਾਧਿਕਾਰੀਆਂ ਪਾਸ ਪਈਆਂ ਹੋਈਆਂ ਸਨ ਪਰ ਹੁਣ ਉਹ ਦੋਨੋਂ ਗਾਇਬ ਹੋ ਗਈਆਂ ਹਨ। ਉਨ੍ਹਾਂ ਵਿਚ ਇਕ ਜਿਸ ਉੱਤੇ ਮਿਤੀ 1652 ਬਿਕਰਮੀ (1595 ਈ.) ਪਈ ਹੋਈ ਹੈ, ਜ਼ਿਲਾ ਹੁਸ਼ਿਆਰਪੁਰ ਦੇ ਪਿੰਡ ਅਹੀਆਪੁਰ ਵਿਚ ਲਭੀ ਹੈ ਅਤੇ ਦੂਜੀ ਦੀ ਸੂਹ ਬਾਬਾ ਭਗਤ ਸਿੰਘ ਨਾਂ ਦੇ ਇਕ ਸਿੱਖ ਪਾਸੋਂ ਮਿਲੀ ਸੀ ਜੋ ਸਰਹੱਦੀ ਸੂਬੇ ਵਿਚ ਰਹਿੰਦਾ ਹੈ।

ਬੜੇ ਆਦਰ ਸਹਿਤ ਉਹ ਪੋਥੀਆਂ ਅੰਮ੍ਰਿਤਸਰ ਲਿਆਏ ਕਿਉਂਕਿ ਗੋਇੰਦਵਾਲ ਵਾਲੀਆਂ ਪੋਥੀਆਂ ਵਿਚ ਉਹ ਸਾਰੀ ਬਾਣੀ ਨਹੀਂ ਹੈ ਜੋ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤੀ ਗਈ ਹੈ। ਗੁਰੂ ਸਾਹਿਬ ਨੇ ਲੋੜੀਂਦੀਆਂ ਸੰਪੂਰਨ ਰਚਨਾਵਾਂ ਪ੍ਰਾਪਤ ਕਰਨ ਲਈ ਜ਼ਰੂਰ ਹੀ ਹੋਰ ਸਰੋਤ ਵੀ ਵਾਚੇ ਹੋਣਗੇ।[60] ਗੁਰੂ ਜੀ ਨੇ ਅੰਮ੍ਰਿਤਸਰ ਦੇ ਦੱਖਣ ਵੱਲ ਰਾਮਸਰ ਦੇ ਇਕ ਸੁੰਦਰ ਤੇ ਇਕਾਂਤ ਥਾਂ ਨੂੰ ਚੁਣਿਆ ਜਿੱਥੇ ਬੈਠ ਕੇ ਉਨ੍ਹਾਂ ਨੇ ਆਪਣੀ ਰਚਨਾ ਅਤੇ ਸੰਪਾਦਨਾ ਦਾ ਕੰਮ ਆਰੰਭ ਕੀਤਾ।

ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਦੁਆਰਾ ਉਨ੍ਹਾਂ ਵੱਲੋਂ ਪਾਇਆ ਹਿੱਸਾ ਸਭ ਤੋਂ ਵੱਧ ਹੈ। ਉਸ ਵਿਚ ਸੁਖਮਨੀ ਸਾਹਿਬ[61] ਵਰਗੀਆਂ ਅਤਿ ਉੱਤਮ ਕ੍ਰਿਤਾਂ ਸ਼ਾਮਿਲ ਹਨ ਜਿਹੜੀਆਂ ਕਿਸੇ ਵੀ ਸੰਪਰਦਾਈ ਰੰਗ ਤੋਂ ਸੁਤੰਤਰ ਹਨ। ਉਨ੍ਹਾਂ ਰਚਨਾਵਾਂ ਨੂੰ ਗੈਰ-ਸਿੱਖ ਅਤੇ ਸਿੱਖ ਦੋਵੇਂ ਹੀ ਸਿੰਧ ਵਿਚ ਵੀ ਤੇ ਪੰਜਾਬ ਵਿਚ ਵੀ ਬੜੀ ਸ਼ਰਧਾ ਨਾਲ ਪੜ੍ਹਦੇ ਹਨ। ਗੁਰੂ ਅਰਜਨ ਸਾਹਿਬ ਦੇ ਲੇਖਕ ਵਜੋਂ ਮੁੱਖ ਗੁਣ ਉਨ੍ਹਾਂ ਦਾ ਬੋਧਿਕ ਬਲ, ਪੁਰਾਣੇ ਢੰਗ ਦਾ ਬੰਧੇਜ ਅਤੇ ਜਜਬੇ ਦੀ ਨਿਰਮਲਤਾ ਹਨ। ਇਹ ਗੁਣ ਜੀਵਨ ਦੀਆਂ ਅਮਲੀ ਲੋੜਾਂ ਵਿੱਚੋਂ ਉਤਪੰਨ ਹੋਏ ਹਨ। ਉਨ੍ਹਾਂ ਦੀਆਂ ਰਚਨਾਵਾਂ ਵਿਚ ਮਨੁੱਖਤਾ ਦਾ ਇਕ ਉਦਾਸ ਸੰਗੀਤ ਹੈ, ਇਕ ਸਰੋਦੀ ਪੁਕਾਰ ਹੈ ਜਿਹੜੀ ਧੁਰ ਉਸ ਦਿਲ ਵਿੱਚੋਂ ਉਠ ਕੇ ਆਉਂਦੀ ਹੈ ਜਿਸ ਨੇ ਪੀੜਾ ਵੇਖੀ ਹੈ ਅਤੇ ਜਿਸ ਨੂੰ ਫਿਰ ਸੁੱਖ ਪ੍ਰਾਪਤ ਹੋਇਆ ਹੈ। ਉਨ੍ਹਾਂ ਨੂੰ ਮਿਲੇ ਇਸ ਸੁੱਖ ਦੇ ਪਿੱਛੇ ਦੁੱਖ ਨਾਲ ਇਕ ਮਹਾਨ ਸੰਘਰਸ਼ ਹੋਇਆ ਪ੍ਰਗਟ ਹੁੰਦਾ ਹੈ ਜਿਹੜਾ ਸਿਖਰ ਤੇ ਪੁੱਜ ਕੇ ਵਿਜੈ ਵਿਚ ਬਦਲਦਾ ਹੈ ਜਿਵੇਂ ਕਿ ਮਿੱਟੀ ਘੱਟੇ ਤੇ ਤੇਜ਼ ਤੂਫ਼ਾਨ ਤੋਂ ਪਿੱਛੋਂ ਆਈ ਬਾਰਸ਼ ਮੌਸਮ ਵਿਚ ਇਕ ਤਰ੍ਹਾਂ ਦੀ ਸ਼ਾਂਤੀ ਉਤਪੰਨ ਕਰਦੀ ਹੈ।

ਉਨ੍ਹਾਂ ਦੀਆਂ ਆਪਣੀਆਂ ਅਤੇ ਪਹਿਲੇ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਤੋਂ ਇਲਾਵਾ ਉਨ੍ਹਾਂ ਨੇ ਪੰਦਰਾਂ ਹਿੰਦੂ ਤੇ ਮੁਸਲਮਾਨ ਸੰਤਾਂ—ਕਬੀਰ, ਫ਼ਰੀਦ, ਨਾਮ ਦੇਵ, ਰਵੀ ਦਾਸ, ਭੀਖਣ ਆਦਿ ਦੀਆਂ ਰਚਨਾਵਾਂ ਵਿੱਚੋਂ ਚੋਣਵੀਆਂ ਲਿਖਤਾਂ ਦਿੱਤੀਆਂ ਹਨ। ਉਨ੍ਹਾਂ ਵਿੱਚੋਂ ਬਹੁਤੇ ਤਾਂ ਅਖੌਤੀ ਦਲਿਤ ਜਾਂ ਅਛੂਤ ਸ਼੍ਰੇਣੀਆਂ ਵਿੱਚੋਂ ਸਨ। ਘੱਟੋ ਘੱਟ ਪੰਜ ਭਗਤ (ਫ਼ਰੀਦ, ਭੀਖਣ, ਸਤਾ, ਬਲਵੰਡ ਅਤੇ ਮਰਦਾਨਾ) ਮੁਸਲਮਾਨ ਸਨ। ਭਗਤਾਂ ਦੀ ਬਾਣੀ ਵਿੱਚੋਂ ਚੋਣ ਸਿਧਾਂਤਾਂ ਉੱਤੇ ਆਧਾਰਿਤ ਨਾ ਕਰਕੇ ਉਨ੍ਹਾਂ ਦੀਆਂ ਰਚਨਾਵਾਂ ਦੇ ਸਰੋਦੀ ਅਤੇ ਸਜੀਵ ਗੁਣਾਂ ਨੂੰ ਮੁੱਖ ਰੱਖ ਕੇ ਕੀਤੀ ਗਈ ਸੀ।

ਇਸ ਚੋਣ ਦਾ ਖਿਆਲ ਨਵਾਂ ਨਹੀਂ ਸੀ। ਇਹ ਵਿਚਾਰ ਸਿੱਖ ਧਰਮ ਦੇ ਸਰਵ-ਸਾਂਝਾ ਹੋਣ ਦੇ

60. ਇਕ ਅਜਿਹਾ ਸਰੋਤ, ਜੋ ਵੱਡੀ ਸੈਂਚੀ ਮੰਨਿਆ ਗਿਆ ਹੈ, ਭਾਈ ਬੂਟਾ ਸਿੰਘ ਦੀ ਧਰਮਸਾਲਾ ਵਿਚ ਰਾਵਲਪਿੰਡੀ ਵਿਚ ਰਖਿਆ ਪਿਆ ਹੈ। ਹੋਰ ਬਹੁਤ ਸਾਰੀਆਂ ਚੀਜਾਂ ਤੋਂ ਇਲਾਵਾ ਦੋ ਪੈਰ੍ਹੇ ਵੀ ਹਨ ਜੋ ਸੱਤਾ ਅਤੇ ਬਲਵੰਡ ਦੀ 'ਵਾਰਾਂ' ਦੇ ਨਾਲ ਹੀ ਲਗਦੇ ਹਨ ਜਿਨ੍ਹਾਂ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੀ ਉਸਤਤ ਕੀਤੀ ਹੋਈ ਹੈ ਪਰ ਇਹ ਵਾਧੂ ਪੈਰ੍ਹੇ ਨਕਲੀ ਲਗਦੇ ਹਨ। ਇਸ ਸੈਂਚੀ ਨੂੰ ਜਦੋਂ ਗੁਰ ਅਰਜਨ ਸਾਹਿਬ ਨੇ ਵਰਤਿਆ ਸੀ ਤਾਂ ਇਹ ਇਕ ਛੋਟੇ ਜਿਹੇ ਮੋਢੀ ਸਰੋਤ ਦੇ ਰੂਪ ਵਿਚ ਹੋਵੇਗੀ ਪਰ ਹੁਣ ਜਿਸ ਸ਼ਕਲ ਵਿਚ ਇਹ ਹੈ ਇਸ ਵਿਚ ਗੁਰੂ ਅਰਜਨ ਸਾਹਿਬ ਦੇ ਸ਼ਬਦਾਂ ਤੋਂ ਬਿਨਾਂ ਗੁਰੂ ਤੇਗ ਬਹਾਦਰ ਜੀ ਦੇ ਵੀ ਬਹੁਤ ਸਾਰੇ ਸ਼ਬਦ ਹਨ ਜਿਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇਹ ਇਸ ਵਿਚ ਪਿੱਛੋਂ ਦਰਜ ਕੀਤੇ ਗਏ ਹਨ। ਜਿਨ੍ਹਾਂ ਨੂੰ ਕੁਝ ਗੁਰੂ ਸਾਹਿਬਾਨ ਦੇ ਦਸਤਖਤ ਸਮਝਿਆ ਜਾਂਦਾ ਹੈ ਉਹ ਅਸਲ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਹੈ ਜੋ ਉਨ੍ਹਾ ਦੇ ਆਪਣੇ ਹੀ ਵਿਸ਼ੇਸ਼ ਲਿਖਣ-ਢੰਗ ਵਿਚ ਲਿਖੀ ਗਈ ਸੀ। ਇਹ ਹੱਥ-ਲਿਖਤ ਕਈ ਹੱਥਾਂ ਦੀ ਲਿਖੀ ਹੋਈ ਹੈ ਜਿਸ ਤੋਂ ਗੁਰਮੁਖੀ ਰਸਮ-ਉਲ-ਖਤ (ਲਿਖਣ ਢੰਗ) ਦੀਆਂ ਬਹੁਤ ਸਾਰੀਆਂ ਸ਼ੈਲੀਆਂ ਦਾ ਪਤਾ ਲਗਦਾ ਹੈ ਜੋ ਇਸ ਲਿਖਣ ਢੰਗ ਦੀ ਉੱਨਤੀ ਦੇ ਵੱਖ-ਵੱਖ ਪੜਾਵਾਂ ਉੱਤੇ ਵਰਤੀਆਂ ਗਈਆਂ ਸਨ। ਇਕ ਭਾਗ ਜੋ ਸੰਸਕ੍ਰਿਤ ਵਿਚ ਲਿਖਿਆ ਹੋਇਆ ਹੈ, 1693 ਬਿਕਰਮੀ (ਅਰਥਾਤ 1636 ਈ.) ਦਾ ਜ਼ਿਕਰ ਕਰਦਾ ਹੈ।

61 ਵੇਖੋ *In the Sikh Sanctuary*, by T.L. Vasvani and *The Psalm of Peace* by Teja Singh

ਗੁਣ ਦੇ ਅੰਦਰ ਸਮਾਇਆ ਹੋਇਆ ਸੀ ਅਤੇ ਇਸ ਧਰਮ ਦੇ ਬਾਨੀ ਦੇ ਨਾਲ ਹੀ ਸ਼ੁਰੂ ਹੋ ਗਿਆ ਸੀ। ਇਹ ਗੱਲ, ਕਿ ਗੁਰੂ ਨਾਨਕ ਜੀ ਪਾਸ ਕਬੀਰ ਜੀ ਦੀ ਬਾਣੀ ਹੈ ਸੀ, ਇਸ ਤੋਂ ਸਿਧ ਹੁੰਦਾ ਹੈ ਕਿ ਕਬੀਰ ਜੀ ਦੇ ਬਹੁਤ ਸਾਰੇ ਵਾਕੰਸ਼ ਉਨ੍ਹਾਂ (ਗੁਰੂ ਨਾਨਕ ਜੀ) ਦੀ ਬਾਣੀ ਵਿਚ ਜੜੇ ਹੋਏ ਹਨ ਜਿਵੇਂ ਕਿ : 'ਜੇ ਕਰਿ ਸੂਤਕ ਮੰਨੀਐ ਸਭ ਤੇ ਸੂਤਕੁ ਹੋਇ' *(ਵਾਰ ਆਸਾ)*। ਇਹੀ ਵਿਚਾਰ ਕਬੀਰ ਜੀ ਦੇ ਗਉੜੀ ਰਾਗ ਵਿਚ ਮਿਲਦਾ ਹੈ। 'ਇਹ ਮਨੁ ਪੰਚ ਤਤੁ ਤੇ ਜਨਮਾ' (ਗੁਰੂ ਨਾਨਕ, *ਆਸਾ*) ਵਾਲਾ ਵਿਚਾਰ ਕਬੀਰ ਨੇ ਵੀ ਦਿੱਤਾ ਹੈ, 'ਇਹ ਮਨੁ ਪੰਚ ਤਤੁ ਕੋ ਜੀਉ' (ਕਬੀਰ, *ਗਉੜੀ*)। 'ਅੰਜਨੁ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ' (ਗੁਰੂ ਨਾਨਕ, *ਸੂਹੀ*); ਇਹੀ ਵਿਚਾਰ ਕਬੀਰ ਨੇ ਪ੍ਰਗਟ ਕੀਤਾ ਹੈ 'ਅੰਜਨੁ ਮਾਹਿ ਨਿਰੰਜਨਿ ਰਹੀਐ, ਬਹੁੜਿ ਨ ਭਵ ਜਲਿ ਪਾਇਐ। (ਕਬੀਰ, *ਗਉੜੀ*) 'ਮਨਿ ਜੀਤੈ ਜਗੁ ਜੀਤੁ' (ਗੁਰੂ ਨਾਨਕ, *ਜਪੁਜੀ*) ਵਾਲਾ ਇਹੀ ਵਿਚਾਰ ਕਬੀਰ ਨੇ ਦਿੱਤਾ ਹੈ, ਮਨੁ ਜੀਤੇ ਜਗੁ ਜੀਤਿਆ' (ਕਬੀਰ, *ਮਾਰੂ*)। 'ਵਿਣੁ ਸਤਿਗੁਰ ਵਾਟ ਨਾ ਪਾਵੈ' (ਗੁਰੂ ਨਾਨਕ, *ਵਾਰ ਆਸਾ*) ਵਾਲਾ ਵਿਚਾਰ ਭਗਤ ਬੇਣੀ ਨੇ 'ਕਹੁ ਬੇਣੀ ਗੁਰਮੁਖਿ ਧਿਆਵੈ ਬਿਨ ਸਤਿਗੁਰ ਬਾਟ ਨਾ ਪਾਵੈ' ਤੁਕ ਹੇਠ ਪ੍ਰਭਾਤੀ ਰਾਗ ਵਿਚ ਅਤੇ ਕਬੀਰ ਨੇ ਬਸੰਤ ਰਾਗ ਵਿਚ ਦਿੱਤਾ ਹੈ। ਗੁਰੂ ਨਾਨਕ ਸਾਹਿਬ ਦੀ ਰਾਮਕਲੀ ਦੀ ਪਹਿਲੀ ਵਾਰ ਦੀ ੧੨ਵੀਂ ਪਉੜੀ ਦੇ ਪਵੇਂ ਸ਼ਲੋਕ ਵਿਚ ਕਈ ਤੁਕਾਂ ਅਜਿਹੀਆਂ ਹਨ ਜਿਸ ਤਰ੍ਹਾਂ ਦੀਆਂ ਕਬੀਰ ਜੀ ਦੀਆਂ ਭੈਰੋਂ ਰਾਗ ਵਿਚ ਕਾਜ਼ੀ ਬਾਰੇ ਹਨ। ਫਰੀਦ ਜੀ ਦੀਆਂ ਕੁਝ ਪੰਗਤੀਆਂ (ਜਿਵੇਂ ਸ਼ਲੋਕ ੧੧੩ ਅਤੇ ੧੧੪) ਗੁਰੂ ਨਾਨਕ ਜੀ ਦੀ ਬਾਣੀ ਵਿਚ ਦਰਜ ਕੀਤੀਆਂ ਗਈਆਂ ਹਨ। ਕਦੇ ਕਦੇ ਗੁਰੂ ਜੀ ਫਰੀਦ ਦੇ ਵਿਚਾਰਾਂ ਦੀ ਆਲੋਚਨਾ ਵੀ ਕਰਦੇ ਹਨ ਅਤੇ ਉਸ ਦੇ ਸ਼ਲੋਕਾਂ ਤੋਂ ਬਾਅਦ ਆਪਣੇ ਸ਼ਲੋਕ ਦਰਜ ਕਰਦੇ ਹਨ (ਜਿਵੇਂ ਕਿ ਸ਼ਲੋਕ ੧੧੯-੧੨੦ ਅਤੇ ੧੨੩-੨੪ ਤੋਂ ਬਾਅਦ)। ਫਰੀਦ ਜੀ ਦੀ ਸੂਹੀ (੨) ਅਤੇ ਗੁਰੂ ਨਾਨਕ ਜੀ ਦਾ ਉਸੇ ਰਾਗ ਵਿਚ ਉੱਤਰ, ਘਰ ੬ (੨) ਵੀ ਦੇਖੋ।

ਇਸੇ ਤਰ੍ਹਾਂ ਦੀ ਏਕਤਾ ਜਾਂ ਵਾਕਾਂ ਵਿਚ ਅਨੁਸਾਰਤਾ ਇਕ ਪਾਸੇ ਦੂਜੇ, ਤੀਜੇ ਅਤੇ ਚੌਥੇ ਗੁਰੂਆਂ ਦੀ ਬਾਣੀ ਵਿਚ ਅਤੇ ਦੂਜੇ ਪਾਸੇ ਫਰੀਦ ਅਤੇ ਕਬੀਰ ਦੀ ਬਾਣੀ ਵਿਚ ਮਿਲਦੀ ਹੈ। ਇਹ ਗੱਲ ਇਸ ਤਰ੍ਹਾਂ ਹੀ ਸਮਝੀ ਜਾ ਸਕਦੀ ਹੈ ਕਿ ਗੁਰੂ ਅਰਜਨ ਸਾਹਿਬ ਦੇ ਪੂਰਵਧਿਕਾਰੀਆਂ ਦੇ ਪਾਸ ਇਨ੍ਹਾਂ ਭਗਤਾਂ ਦੀਆਂ ਰਚਨਾਵਾਂ ਸਨ ਅਤੇ ਗੁਰੂ ਅਰਜਨ ਜੀ ਇਨ੍ਹਾਂ ਸ਼ਬਦਾਂ ਨੂੰ ਇਕੱਠਿਆਂ ਕਰਨ ਦੀ ਗੱਲ ਸੋਚਣ ਵਾਲੇ ਪਹਿਲੇ ਪੁਰਸ਼ ਨਹੀਂ ਸਨ।

ਗੁਰੂ ਅਰਜਨ ਸਾਹਿਬ ਨੇ ਉਨ੍ਹਾਂ ਰਚਨਾਵਾਂ ਨੂੰ ਧਰਮ-ਗ੍ਰੰਥ ਦੀ ਪ੍ਰਤਿਸ਼ਠਾ ਪ੍ਰਦਾਨ ਕੀਤੀ ਅਤੇ ਆਪਣੇ ਪੂਰਵਧਿਕਾਰੀਆਂ ਦੇ ਕੰਮਾਂ ਅਨੁਸਾਰ ਉਨ੍ਹਾਂ ਦੀਆਂ ਲਿਖਤਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕਰਨ ਦੀ ਗੁੰਜਾਇਸ਼ ਵਿਚ ਵਾਧਾ ਕੀਤਾ। ਗੁਰੂ ਜੀ ਉਨ੍ਹਾਂ ਦੀਆਂ ਅਸਲੀ ਰਚਨਾਵਾਂ ਨੂੰ ਪ੍ਰਾਪਤ ਕਰਨ ਤੋਂ ਅਸਮਰਥ ਸਨ ਇਸ ਲਈ ਉਨ੍ਹਾਂ ਨੂੰ ਗੋਇੰਦਵਾਲ ਵਾਲੇ ਖਰੜਿਆਂ ਉੱਤੇ ਅਤੇ ਪੰਜਾਬ ਵਿਚ ਉਨ੍ਹਾਂ ਸੰਤਾਂ ਦੇ ਪੈਰੋਕਾਰਾਂ ਤੋਂ ਜੋ ਕੁਝ ਮਿਲਿਆ ਉਸ ਉੱਤੇ ਹੀ ਨਿਰਭਰ ਕਰਨਾ ਪਿਆ। ਪੰਜਾਬ ਵਿਚ ਉਨ੍ਹਾਂ ਰਚਨਾਵਾਂ ਦੀ ਭਾਸ਼ਾ ਨੂੰ ਕੁਝ ਹੱਦ ਤਕ ਪੰਜਾਬੀ ਰੰਗ ਚੜ੍ਹਿਆ ਹੋਇਆ ਸੀ। ਇਸੇ ਕਰਕੇ ਹੀ ਭਗਤਾਂ ਦੀ ਬਾਣੀ ਵਿਚ, ਜਿਹੜੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ ਗਈ ਸੀ, ਬਹੁਤ ਸਾਰੇ ਪੰਜਾਬੀ ਸ਼ਬਦ ਅਤੇ ਸ਼ਬਦ-ਭੇਦ ਮਿਲਦੇ ਹਨ।

ਗੁਰੂ ਜੀ ਨੂੰ ਕਾਨ੍ਹਾ, ਛਜੂ, ਸ਼ਾਹ ਹੁਸੈਨ ਅਤੇ ਪੀਲੂ ਵਰਗੇ ਬਹੁਤ ਸਾਰੇ ਆਦਮੀਆਂ ਦੀਆਂ ਲਿਖਤਾਂ ਰੱਦ ਕਰਨੀਆਂ ਪਈਆਂ ਜਿਨ੍ਹਾਂ ਨੇ ਕਿ ਗੁਰੂ ਜੀ ਨੂੰ ਬੇਨਤੀ ਕੀਤੀ ਸੀ ਕਿ ਉਨ੍ਹਾਂ ਦੀਆਂ ਰਚਨਾਵਾਂ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾ ਲਈਆਂ ਜਾਣ। ਉਨ੍ਹਾਂ ਵਿੱਚੋਂ ਕੁਝ ਦਾ ਵੇਦਾਂਤ ਵੱਲ ਝੁਕਾ ਹੋਣ ਕਰਕੇ ਅਤੇ ਕੁਝ ਕੁ ਵਿਚ ਸੰਸਾਰ ਅਤੇ ਨਾਰੀ ਪ੍ਰਤੀ ਘਿਰਣਾ ਹੋਣ ਕਰਕੇ ਰਚਨਾਵਾਂ ਦਰਜ ਕਰਨ

ਲਈ ਅਯੋਗ ਸਮਝੀਆਂ ਗਈਆਂ ਸਨ। ਗੁਰੂ ਸਾਹਿਬ ਕੇਵਲ ਸੁਅਸਥ ਆਸ਼ਾਵਾਦ ਅਤੇ ਸੰਸਾਰਕ ਫਰਜ਼ਾਂ ਅਤੇ ਜ਼ਿੰਮੇਵਾਰੀਆਂ ਵਿਚ ਖੁਸ਼ੀ ਅਨੁਭਵ ਕਰਨ ਨੂੰ ਪਸੰਦ ਕਰਦੇ ਸਨ। ਉਹ ਨਿਰੇ ਰੋਣਹਾਕੇ ਵਿਸਮਾਦ ਜਾਂ ਅਗਲੀ ਦੁਨੀਆਂ ਦੀ ਚਿੰਤਾ ਵਿਚ ਰਹਿਣ ਨੂੰ ਚੰਗਾ ਨਹੀਂ ਸਮਝਦੇ ਸਨ।

ਇਸ ਤਰ੍ਹਾਂ ਬਹੁਤ ਸਾਰੀ ਇਕੱਠੀ ਕੀਤੀ ਸਮਗਰੀ ਨੂੰ ਗੁਰੂ ਅਰਜਨ ਜੀ ਦੇ ਲਿਖਾਉਣ ਤੇ ਭਾਈ ਗੁਰਦਾਸ ਨੇ ਲਿਖਤੀ ਰੂਪ ਦਿੱਤਾ। ਇਸ ਬਾਣੀ ਨੂੰ 31 ਰਾਗਾਂ ਅਨੁਸਾਰ ਤਰਤੀਬ ਦਿੱਤੀ ਗਈ। ਉਹ ਰਾਗ ਰੱਦ.ਕਰ ਦਿੱਤੇ ਗਏ ਜਿਹੜੇ ਮਨ ਦੀ ਅਵਸਥਾ ਨੂੰ ਖੁਸ਼ੀ ਜਾਂ ਗਮੀ ਦੀਆਂ ਸਿਰੇ ਦੀਆਂ ਹਾਲਤਾਂ ਵਿਚ ਲੈ ਜਾਣ ਜਿਵੇਂ ਮੇਘ ਅਤੇ ਹਿੰਡੋਲ, ਯੋਗ ਅਤੇ ਦੀਪਕ ਰਾਗ ਹਨ। ਵਾਰਾਂ ਸਹੀ ਦੇਸੀ ਢੰਗ ਨਾਲ ਲਿਖੀਆ ਗਈਆਂ ਹਨ। 22 ਵਿੱਚੋਂ 9 ਵਾਰਾਂ ਪ੍ਰਸਿੱਧ ਬੀਰ-ਰਸ ਦੀਆਂ ਜੰਗੀ ਧੁਨਾਂ ਉੱਤੇ ਚੜ੍ਹਾਈਆਂ ਗਈਆਂ ਸਨ। ਹਰ ਰਾਗ ਵਿਚ ਸ਼ਬਦਾਂ ਨੂੰ ਵਿਸ਼ੇ ਜਾਂ ਵਿਚਾਰ ਅਨੁਸਾਰ ਤਰਤੀਬ ਦਿੱਤੀ ਗਈ ਹੈ ਅਤੇ ਇਕੋ ਪੈਰ੍ਹੇ ਵਿਚ ਬਝ ਸਕਣ ਵਾਲੇ ਸ਼ਬਦ ਸਦਾ ਹੀ ਪਰਮਾਤਮਾ ਦੀ ਪ੍ਰਾਰਥਨਾ ਨਾਲ ਸ਼ੁਰੂ ਹੁੰਦੇ ਹਨ। ਸਭ ਤੋਂ ਪਹਿਲਾਂ ਤਰਤੀਬਵਾਰ ਗੁਰੂਆਂ ਦੀ ਬਾਣੀ ਆਉਂਦੀ ਹੈ। ਸਾਰੇ ਗੁਰੂ ਆਪਣੇ ਲਈ ਨਾਨਕ ਨਾਂ ਵਰਤਦੇ ਹਨ। ਗੁਰੂਆਂ ਦੇ ਸ਼ਬਦਾਂ ਤੋਂ ਪਿੱਛੋਂ ਸੰਤਾਂ ਦੀ ਬਾਣੀ ਆਉਂਦੀ ਹੈ ਜਿਹੜੀ ਕਬੀਰ ਜੀ ਨਾਲ ਸ਼ੁਰੂ ਹੋ ਕੇ ਫ਼ਰੀਦ ਜੀ ਦੀ ਬਾਣੀ ਨਾਲ ਜਾ ਕੇ ਮੁੱਕਦੀ ਹੈ। ਆਖ਼ਰ ਵਿਚ ਕਬੀਰ ਜੀ ਅਤੇ ਫ਼ਰੀਦ ਜੀ ਦੇ ਸ਼ਲੋਕਾਂ ਤੋਂ ਬਾਅਦ ਗਿਆਰਾਂ ਸਮਕਾਲੀ ਭੱਟਾਂ[62] ਦੇ ਸਵੱਯੇ ਹਨ ਜਿਨ੍ਹਾਂ ਨੇ ਵੱਖ ਵੱਖ ਗੁਰੂ ਸਾਹਿਬਾਨ ਦੇ ਵਿਸ਼ੇਸ਼ ਗੁਣਾਂ ਨੂੰ ਬੜੇ ਹੀ ਉਸਤਤਮਈ ਢੰਗ ਨਾਲ ਸੰਖਿਪਤ ਰੂਪ ਵਿਚ ਅੰਕਿਤ ਕੀਤਾ ਹੈ। ਵਾਰਾਂ ਵਿਚ ਸ਼ਾਮਿਲ ਨਾ ਕੀਤੇ ਜਾਣ ਤੋਂ ਬਚੇ ਸ਼ਲੋਕਾਂ ਨੂੰ ਸੰਗ੍ਰਿਹਤ ਕਰਨ ਤੋਂ ਪਿੱਛੋਂ ਅੰਤਿਕਾ ਨਾਲ, ਜਿਸ ਨੂੰ ਮੁੰਦਾਵਣੀ ਕਹਿੰਦੇ ਹਨ, ਗੁਰੂ ਗ੍ਰੰਥ ਸਾਹਿਬ ਜੀ ਦੀ ਸਮਾਪਤੀ ਹੁੰਦੀ ਹੈ। ਮੁੰਦਾਵਣੀ ਵਿਚ ਕਿਹਾ ਗਿਆ ਹੈ :

*ਥਾਲ ਵਿਚਿ ਤਿਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ ॥*
*ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ ॥*
*ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥*

ਅਤੇ ਫਿਰ ਗੁਰੂ ਸਾਹਿਬ ਮਨੁੱਖਤਾ ਦੇ ਪੁਨਰ ਉਧਾਰ ਲਈ ਮੁਕੰਮਲ ਕੀਤੇ ਆਪਣੇ ਕੰਮ ਗੁਰੂ ਗ੍ਰੰਥ ਸਾਹਿਬ ਵਿਚ ਯੋਗ ਗੌਰਵ ਨਾਲ ਲਿਖਦੇ ਹਨ :

*ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿਧਾਰੋ ॥*

ਇਕ ਮਹਾਨ *ਗੁਰੂ ਗ੍ਰੰਥ ਸਾਹਿਬ* ਦਾ ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਵਿਚ ਉਲਥਾ ਹੋਣਾ ਸੀ ਤਾਂ ਜੋ ਇਸ ਦਾ ਸਾਰੇ ਸੰਸਾਰ ਵਿਚ ਇਵੇਂ ਪਰਸਾਰ ਹੋ ਜਾਵੇ ਜਿਵੇਂ 'ਪਾਣੀ ਉੱਤੇ ਤੇਲ ਫੈਲ ਜਾਂਦਾ ਹੈ।'[63] *ਗੁਰੂ ਗ੍ਰੰਥ ਸਾਹਿਬ* 1604 ਈ: ਵਿਚ ਸੰਪੂਰਨ ਹੋਇਆ[64] ਅਤੇ ਉਸੇ ਸਾਲ ਅੰਮ੍ਰਿਤਸਰ ਦੇ

62. ਇਨ੍ਹਾਂ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿਚ ਮਰਦਾਨੇ ਦੀਆਂ ਵੀ ਕੁਝ ਪੰਗਤੀਆਂ ਹਨ ਅਤੇ ਗੁਰੂ ਅਮਰ ਦਾਸ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਸੁੰਦਰ ਦੀ ਲਿਖੀ ਹੋਈ ਸਦ ਤੇ ਸਤੇ ਤੇ ਬਲਵੰਡ ਦੀ ਰਚੀ ਹੋਈ ਵਾਰ ਵੀ ਦਰਜ ਹੈ।

63. *ਸੂਰਜ ਪ੍ਰਕਾਸ਼*, ਜਿਲਦ ਤੀਜੀ ਪੰਨਾ 41.

64. ਇਸ ਨੂੰ ਅਜੋਕਾ ਅੰਤਮ ਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤਾ ਸੀ ਜਿਨ੍ਹਾਂ ਨੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੱਖ-ਵੱਖ ਰਾਗਾਂ ਥਲੇ ਦਰਜ ਕੀਤੀ ਅਤੇ ਉਨ੍ਹਾਂ ਦੇ ਸ਼ਲੋਕ ਆਖ਼ੀਰ ਵਿਚ ਚੜ੍ਹਾਏ। ਅਜੋਕੇ ਰੂਪ ਵਿਚ *ਗੁਰੂ ਗ੍ਰੰਥ ਸਾਹਿਬ* ਵਿਚ ਵੱਖ-ਵੱਖ ਗੁਰੂਆਂ ਤੇ ਭਗਤਾਂ ਦੀ ਬਾਣੀ ਇਉਂ ਹੈ : ਗੁਰੂ ਨਾਨਕ ਜੀ—੯੭੬ ਸ਼ਬਦ; ਗੁਰੂ ਅੰਗਦ ਜੀ—੬੧; ਗੁਰੂ ਅਮਰ ਦਾਸ ਜੀ—੯੦੭; ਗੁਰੂ ਰਾਮ ਦਾਸ ਜੀ—੬੭੯; ਗੁਰੂ ਅਰਜਨ ਦੀ—੨੨੧੬; ਗੁਰੂ ਤੇਗ਼ ਬਹਾਦਰ ਜੀ—੧੧੮; ਅਤੇ ਭਗਤ, ਭੱਟ, ਆਦਿ—੯੩੭. ਇਸ ਪ੍ਰਕਾਰ ਕੁਲ ਸ਼ਬਦ ੫੮੯੪ ਹਨ।

ਸਥਾਨ ਤੇ ਕੇਂਦਰੀ ਮੰਦਰ ਵਿਚ ਸਸ਼ੋਭਿਤ ਕੀਤਾ ਗਿਆ ਅਤੇ ਬਾਬਾ ਬੁੱਢਾ ਜੀ ਨੂੰ ਇਸ ਦਾ ਪਹਿਲਾ ਗ੍ਰੰਥੀ ਸਥਾਪਿਤ ਕੀਤਾ ਗਿਆ।

ਜਦੋਂ ਗੁਰੂ ਗ੍ਰੰਥ ਸਾਹਿਬ ਨੂੰ ਹਾਲੇ ਤਿਆਰ ਹੀ ਕੀਤਾ ਜਾ ਰਿਹਾ ਸੀ ਤਾਂ ਗੁਰੂ ਜੀ ਦੇ ਦੁਸ਼ਮਣਾਂ ਨੇ ਅਕਬਰ ਪਾਸ ਸ਼ਿਕਾਇਤ ਕੀਤੀ ਕਿ ਗੁਰੂ ਸਾਹਿਬ ਇਕ ਅਜਿਹਾ ਗ੍ਰੰਥ ਤਿਆਰ ਕਰ ਰਹੇ ਹਨ ਜਿਸ ਵਿਚ ਮੁਸਲਮਾਨ ਅਤੇ ਹਿੰਦੂ ਅਵਤਾਰਾਂ ਦੀ ਨਿੰਦਾ ਕੀਤੀ ਗਈ ਹੈ। 1598 ਦੇ ਅਖ਼ੀਰ ਵਿਚ ਬਾਦਸ਼ਾਹ (ਅਕਬਰ) ਗੁਰੂ ਸਾਹਿਬ ਨੂੰ ਗੋਇੰਦਵਾਲ ਵਿਚ ਮਿਲਿਆ[65] ਅਤੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਪੜ੍ਹ ਕੇ ਸੁਣਾਏ ਗਏ ਕੁਝ ਸ਼ਬਦਾਂ ਨੂੰ ਸੁਣ ਕੇ ਬਹੁਤ ਪ੍ਰਸੰਨ ਹੋਇਆ। ਉਸ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਵੀ ਇਤਰਾਜ਼ ਯੋਗ ਨਾ ਲਭਾ ਅਤੇ ਉਸ ਨੇ ਇਸ ਮਹਾਨ ਗ੍ਰੰਥ ਲਈ ਡੂੰਘੀ ਪ੍ਰਸੰਸ਼ਾ ਦਾ ਪ੍ਰਗਟਾਵਾ ਕੀਤਾ ਜਿਹੜਾ ਕਿ ਸਾਂਝੇ ਮੇਲ ਮਿਲਾਪ ਦਾ ਇਕ ਪਹਿਲਾ ਮਹਾਨ ਧਾਰਮਿਕ ਗ੍ਰੰਥ ਹੈ।[66] ਇਹ ਮਹਾਨ ਗ੍ਰੰਥ ਦੁਨੀਆਂ ਦੇ ਪਹਿਲੇ ਸੰਜੋਗਾਤਮਕ ਧਰਮ ਦੇ ਬਾਨੀ (ਅਕਬਰ) ਨੂੰ ਬਹੁਤ ਚੰਗਾ ਲੱਗਾ। ਗੁਰੂ ਜੀ ਨੇ ਜ਼ਿਮੀਂਦਾਰਾਂ ਦੀਆਂ ਔਕੜਾਂ ਤੋਂ ਬਾਦਸ਼ਾਹ ਨੂੰ ਜਾਣੂ ਕਰਾਇਆ ਜਿਸ ਦੇ ਫਲਸਰੂਪ ਬਾਦਸ਼ਾਹ ਨੇ ਸਾਲ ਦੇ ਬਣਦੇ ਉਨ੍ਹਾਂ ਦੇ ਮਾਮਲੇ ਵਿੱਚੋਂ ਕੁਝ ਹਿੱਸਾ ਮਾਫ਼ ਕਰ ਦਿੱਤਾ।[67]

ਜਦ ਤਕ ਇਹ ਹਮਦਰਦ ਬਾਦਸ਼ਾਹ ਜਿਊਂਦਾ ਰਿਹਾ ਉਦੋਂ ਤਕ ਉਸ ਨੇ ਕਿਸੇ ਨੂੰ ਵੀ ਗੁਰੂ ਸਾਹਿਬ ਨੂੰ ਹਾਨੀ ਨਹੀਂ ਪਹੁੰਚਾਉਣ ਦਿੱਤੀ ਪਰ ਗੁਰੂ ਅਰਜਨ ਸਾਹਿਬ ਦੇ ਵੈਰੀਆਂ ਨੂੰ ਇਸ ਬਾਦਸ਼ਾਹ ਦੇ ਉੱਤਰਾਧਿਕਾਰੀ ਸਮੇਂ ਵਧੇਰੇ ਚੰਗਾ ਮੌਕਾ ਮਿਲ ਗਿਆ। 1605 ਈ. ਵਿਚ ਅਕਬਰ ਦੀ ਮੌਤ ਤੋਂ ਬਾਅਦ ਉਸ ਦੀ ਥਾਂ ਉਸ ਦਾ ਪੁੱਤਰ ਜਹਾਂਗੀਰ ਗੱਦੀ ਤੇ ਬੈਠਾ। ਧਾਰਮਿਕ ਵਿਚਾਰਾਂ ਦੇ ਮਾਮਲੇ ਵਿਚ ਇਹ ਆਦਮੀ ਆਪਣੇ ਪਿਤਾ ਜਿਤਨੀ ਖੁਲ੍ਹ-ਦਿਲੀ ਨਹੀਂ ਰਖਦਾ ਸੀ ਅਤੇ ਜਦੋਂ ਉਹ ਗੱਦੀ ਉੱਤੇ ਬੈਠਾ ਤਾਂ ਉਸ ਨੇ ਆਪਣੇ ਪੈਰੋਕਾਰਾਂ ਨਾਲ ਇਕਰਾਰ ਕੀਤਾ ਕਿ ਉਹ ਇਸਲਾਮ ਦੀ ਪੂਰੀ ਪੂਰੀ ਰੱਖਿਆ ਕਰੇਗਾ।[68] ਭਾਵੇਂ ਉਸ ਨੇ ਆਮ ਧਾਰਮਿਕ ਪੁਰਸ਼ਾਂ ਦੇ ਜੀਵਨ ਵਿਚ ਦਖ਼ਲ ਨਹੀਂ ਦਿੱਤਾ ਪਰ ਆਪਣੇ ਇਕਰਾਰ ਤੇ ਪੂਰਾ ਉੱਤਰਨ ਲਈ ਉਹ ਕਿਸੇ ਸ਼ਕਤੀਸ਼ਾਲੀ ਧਾਰਮਿਕ ਕੇਂਦਰ ਨੂੰ ਆਪਣੇ ਰਾਜ ਵਿਚ ਜ਼ੋਰ ਫੜਨ ਨਹੀਂ ਸੀ ਦੇਣਾ ਚਾਹੁੰਦਾ ਕਿਉਂਕਿ ਉਸ ਦੇ ਵਿਚਾਰ ਵਿਚ ਅਜਿਹੇ ਕੇਂਦਰ ਸ਼ਾਂਤੀ ਭੰਗ ਕਰਨ ਵਾਲੇ ਅੱਡੇ ਬਣ ਸਕਦੇ ਸਨ। ਉਹ ਮੁਸਲਮਾਨਾਂ ਦੇ ਦੂਜੇ ਧਰਮਾਂ ਵਿਚ ਚਲੇ ਜਾਣ ਨੂੰ ਵੀ ਬਰਦਾਸ਼ਤ ਨਹੀਂ ਸੀ ਕਰਦਾ।

ਉਸ ਦੀ ਆਪਣੀ ਪੁਸਤਕ *ਤੁਜ਼ਕ* ਵਿੱਚੋਂ ਇਹ ਜਾਪਦਾ ਹੈ ਕਿ ਉਸ ਨੇ ਪਹਿਲੇ ਹੀ ਸਿੱਖ ਲਹਿਰ ਵਿਰੁੱਧ ਆਪਣਾ ਮਨ ਬਣਾਇਆ ਹੋਇਆ ਸੀ। ਉਹ ਗੁਰੂ ਅਰਜਨ ਸਾਹਿਬ ਬਾਰੇ ਲਿਖਦਾ ਹੈ :

> "ਉਸ ਦੇ ਤੌਰ ਤਰੀਕਿਆਂ ਅਤੇ ਸਿਖਿਆਵਾਂ ਨਾਲ ਕਈ ਸਿੱਧੇ ਸਾਧੇ ਹਿੰਦੂ ਅਤੇ ਮੂਰਖ ਤੇ ਬੇਸਮਝ ਮੁਸਲਮਾਨ ਉਸੇ ਦੀ ਰਹੁ-ਰੀਤੀ ਦੇ ਜਾਲ ਵਿਚ ਫਸ ਚੁੱਕੇ ਸਨ। ਉਸ ਨੇ

---

65. ਕਿਹਾ ਜਾਂਦਾ ਹੈ ਕਿ ਅਕਬਰ ਨੇ *ਗੁਰੂ ਗ੍ਰੰਥ ਸਾਹਿਬ* ਦੇ ਸੰਪੂਰਨ ਹੋਣ ਤੋਂ ਬਾਅਦ 1604 ਵਿਚ ਬਟਾਲੇ ਵਿਚ ਇਸ ਦੇ ਦਰਸ਼ਨ ਕੀਤੇ ਸਨ (ਵੇਖੋ ਗਿਆਨ ਸਿੰਘ—*ਤਵਾਰੀਖ ਖ਼ਾਲਸਾ*; p. 81) ਪਰ ਫ਼ਾਰਸੀ ਲਿਖਤਾਂ ਵਿੱਚੋਂ ਇਸ ਗੱਲ ਦੀ ਪੁਸ਼ਟੀ ਨਹੀਂ ਹੁੰਦੀ। ਬਦਾਯੂਨੀ ਅਤੇ ਸੁਜਾਨ ਰਾਏ ਅਨੁਸਾਰ ਗੁਰੂ ਸਾਹਿਬ ਅਤੇ ਬਾਦਸ਼ਾਹ ਵਿਚਕਾਰ ਮੁਲਾਕਾਤ ਗੋਇੰਦਵਾਲ ਦੇ ਸਥਾਨ ਤੇ ਹੋਈ ਸੀ (ਦੇਖੋ *ਖ਼ੁਲਾਸਾਤੁਤ ਤਵਾਰੀਖ*, ਪੰਨਾ 425; ਅਤੇ *ਅਕਬਰਨਾਮਾ*, ਪੰਨਾ 514).
66. T.L. Vasvani, *In the Sikh Sanctuary*, p. 5.
67. *ਖ਼ੁਲਾਸਾਤੁਤ ਤਵਾਰੀਖ*, ਪੰਨਾ 425.
68. V. A. Smith's *Akbar*, p. 322; Sri Ram Sharma, *Religious Policy of the Mughal Emperors*, p. 71. ਵੀ ਵੇਖੋ।

ਆਪਣੇ ਪੀਰ ਅਤੇ ਵਲੀ ਹੋਣ ਦਾ ਉੱਚਾ ਡੰਕਾ ਵਜਾਇਆ ਹੋਇਆ ਸੀ। ਲੋਕ ਉਸ ਨੂੰ ਗੁਰੂ ਕਹਿੰਦੇ ਸਨ। ਸਭ ਪਾਸਿਆਂ ਤੋਂ ਭੋਲੇ ਭਾਲੇ ਅਤੇ ਅਣਜਾਣ ਲੋਕ ਉਸ ਪਾਸ ਆ ਕੇ ਉਸ ਪ੍ਰਤੀ ਪੂਰਨ ਸ਼ਰਧਾ ਪ੍ਰਗਟ ਕਰਦੇ ਸਨ। ਤਿੰਨ ਚਾਰ ਪੁਸ਼ਤਾਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਗਰਮ ਕਰ ਰਖਿਆ ਹੋਇਆ ਸੀ। ਕਿਤਨੇ ਚਿਰਾਂ ਤੋਂ ਮੇਰੇ ਮਨ ਵਿਚ ਇਹ ਖਿਆਲ ਆਪਣੇ ਆਪ ਆਉਂਦਾ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਨਾ ਚਾਹੀਦਾ ਹੈ ਜਾਂ ਉਸ (ਗੁਰੂ ਅਰਜਨ ਦੇਵ ਜੀ) ਨੂੰ ਮੁਸਲਮਾਨ ਬਣਾ ਲੈਣਾ ਚਾਹੀਦਾ ਹੈ।" (ਪੰਨਾ 35)।

ਚਿਰਾਂ ਤੋਂ ਉਡੀਕਿਆ ਜਾ ਰਿਹਾ ਮੌਕਾ ਜਹਾਂਗੀਰ ਨੂੰ ਆਪਣੇ ਪੁੱਤਰ ਖ਼ੁਸਰੋ ਦੀ ਬਗ਼ਾਵਤ ਸਮੇਂ ਹੱਥ ਆਇਆ ਅਤੇ ਉਸ ਨੇ ਇਸ ਮੌਕੇ ਨੂੰ ਹੱਥੋਂ ਨਹੀਂ ਜਾਣ ਦਿੱਤਾ। ਉਸ ਦੇ ਕੰਨਾਂ ਵਿਚ ਪਾਇਆ ਗਿਆ ਕਿ ਸ਼ਹਿਜ਼ਾਦਾ ਖ਼ੁਸਰੋ ਦੇ ਭਗੌੜਾ ਹੋਣ ਸਮੇਂ ਗੁਰੂ ਅਰਜਨ ਸਾਹਿਬ ਉਸ ਨੂੰ ਮਿਲੇ ਸਨ ਅਤੇ ਉਨ੍ਹਾਂ ਨੇ ਕੁਝ ਪਿਛਲੀਆਂ ਗੱਲਾਂ ਸਬੰਧੀ ਉਸ ਨਾਲ ਵਿਚਾਰ ਕੀਤੀ ਸੀ ਅਤੇ ਉਸ ਦੇ ਮੱਥੇ ਉੱਤੇ ਕੇਸਰ ਦਾ ਟਿੱਕਾ ਲਾਇਆ ਸੀ। ਇਸ ਗੱਲ ਦਾ ਇਹ ਅਰਥ ਕੱਢਿਆ ਗਿਆ ਕਿ ਗੁਰੂ ਸਾਹਿਬ ਨੇ ਬਾਗ਼ੀ ਸ਼ਹਿਜ਼ਾਦੇ ਨੂੰ ਆਸ਼ੀਰਵਾਦ ਦਿੱਤੀ ਸੀ। ਇਸ ਤੇ ਗੁਰੂ ਸਾਹਿਬ ਨੂੰ ਗਰਿਫ਼ਤਾਰ ਕਰਨ ਦਾ ਹੁਕਮ ਦਿੱਤਾ ਗਿਆ। ਇਸ ਮਾਮਲੇ ਦੀ ਪੜਤਾਲ ਨਹੀਂ ਕੀਤੀ ਗਈ ਅਤੇ ਨਾ ਹੀ ਕੋਈ ਸੁਣਵਾਈ ਹੋਈ। ਜਹਾਂਗੀਰ ਇਸ ਬਾਰੇ ਕੇਵਲ ਇਤਨਾ ਹੀ ਲਿਖਦਾ ਹੈ, "ਮੈਂ ਉਸ ਦੇ ਫਰੇਬ ਨੂੰ ਪੂਰੀ ਤਰ੍ਹਾਂ ਜਾਣਦਾ ਸੀ, ਸੋ ਮੈਂ ਹੁਕਮ ਦਿੱਤਾ ਕਿ ਉਸ ਨੂੰ ਮੇਰੇ ਸਾਹਮਣੇ ਪੇਸ਼ ਕੀਤਾ ਜਾਵੇ ਅਤੇ ਉਸ ਦੇ ਘਰ ਘਾਟ ਤੇ ਬੱਚਿਆਂ ਨੂੰ ਮੁਰਤਜ਼ਾ ਖ਼ਾਂ ਦੇ ਸਪੁਰਦ ਕੀਤਾ ਜਾਵੇ। ਉਸ ਦੀ ਸਾਰੀ ਜਾਇਦਾਦ ਨੂੰ ਜ਼ਬਤ ਕਰ ਲਿਆ ਜਾਏ ਅਤੇ ਉਸ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਜਾਏ।"

ਇਸ ਕਥਨ ਦੀ ਪੜਤਾਲ ਦੀ ਕੋਈ ਜ਼ਰੂਰਤ ਨਹੀਂ। ਜਹਾਂਗੀਰ ਜਦੋਂ ਆਪਣੇ ਬਾਗ਼ੀ ਪੁੱਤਰ ਦਾ ਪਿੱਛਾ ਕਰਦਾ ਹੋਇਆ ਆਗਰੇ ਤੋਂ ਲਾਹੌਰ ਪੁੱਜਾ ਸੀ ਤਾਂ ਰਸਤੇ ਵਿਚ ਉਨ੍ਹਾਂ ਸਭ ਨੂੰ ਸਜ਼ਾ ਦਿੱਤੀ ਗਈ[69] ਜਿਨ੍ਹਾਂ ਬਾਰੇ ਉਸ ਨੂੰ ਖ਼ੁਸਰੋ ਦੀ ਸਹਾਇਤਾ ਕਰਨ ਜਾਂ ਉਸ ਦੇ ਕਾਰਜ ਵਿਚ ਕੋਈ ਦਿਲਚਸਪੀ ਰਖਣ ਦੀ ਖ਼ਬਰ ਮਿਲੀ ਸੀ। ਇਹ ਹੈਰਾਨੀ ਦੀ ਗੱਲ ਹੈ ਕਿ ਉਹ ਮਾਝੇ ਦੇ ਸਾਰੇ ਇਲਾਕੇ ਵਿੱਚੋਂ ਦੀ ਲੰਘਿਆ ਹੋਵੇ ਅਤੇ ਗੋਇੰਦਵਾਲ ਵਿਚ ਰੁਕਿਆ ਹੋਵੇ ਜਿੱਥੇ ਗੁਰੂ ਸਾਹਿਬ ਉਸ ਵੇਲੇ ਰਹਿੰਦੇ ਦਸੇ ਜਾਂਦੇ ਸਨ ਪਰ ਉਨ੍ਹਾਂ ਦੇ ਸਾਜ਼ਿਸ਼ ਵਿਚ ਸ਼ਾਮਿਲ ਹੋਣ ਬਾਰੇ ਕੋਈ ਖ਼ਬਰ ਉਸ ਦੇ ਕੰਨਾਂ ਤਕ ਨਾ ਪੁੱਜੀ ਹੋਵੇ। ਦਰਿਆ ਚਨਾਬ ਦੇ ਕੰਢੇ ਤੋਂ ਖੁਸਰੋ ਦੇ ਫੜੇ ਜਾਣ ਤੇ ਲਾਹੌਰ ਲਿਆਂਦੇ ਜਾਣ ਅਤੇ ਸਜ਼ਾ ਦਿੱਤੇ ਜਾਣ ਤੋਂ ਬਾਅਦ ਗੁਰੂ ਸਾਹਿਬ ਵਿਰੁੱਧ ਬਾਦਸ਼ਾਹ ਪਾਸ ਪਹਿਲੀ ਸ਼ਿਕਾਇਤ ਕੀਤੀ ਗਈ ਸੀ। ਇਹ ਗੱਲ ਬੜੀ ਅਜੀਬ ਜਾਪਦੀ ਹੈ। ਇਹ ਕਿਵੇਂ ਹੋ ਸਕਦਾ ਸੀ ਕਿ ਬਾਦਸ਼ਾਹ ਦੇ ਬਿਆਸ ਤੋਂ ਲਾਹੌਰ ਤਕ ਪੁੱਜਣ ਦੇ ਸਾਰੇ ਸਫ਼ਰ ਸਮੇਂ ਕਿਸੇ ਵੀ ਸਰਕਾਰੀ ਜਾਂ ਗੈਰ-ਸਰਕਾਰੀ ਸਰੋਤ ਤੋਂ ਬਾਦਸ਼ਾਹ ਨੂੰ ਇਸ ਮਾਮਲੇ ਬਾਰੇ ਕੁਝ ਵੀ ਪਤਾ ਨਾ ਲੱਗਾ ਹੋਵੇ ਜਦ ਕਿ ਗੁਰੂ ਸਾਹਿਬ ਦੇ ਵਿਰੋਧੀਆਂ ਦੀ ਕੋਈ ਕਮੀ ਨਹੀਂ ਸੀ। ਇਹ ਕਹਾਣੀ ਗੁਰੂ ਸਾਹਿਬ ਨੂੰ ਫਸਾਉਣ ਵਾਲਿਆਂ ਨੇ ਪਿੱਛੋਂ ਘੜ ਲਈ ਜਾਪਦੀ ਹੈ ਜਦੋਂ ਕਿ ਬਾਦਸ਼ਾਹ ਲਾਹੌਰ ਤੋਂ ਜਾ ਰਿਹਾ ਸੀ ਤਾਂ ਜੋ ਕੋਈ ਪੁੱਛ-ਪੜਤਾਲ ਨਾ ਹੋ ਸਕੇ ਅਤੇ ਇਸ ਘਾੜਤ ਦਾ ਪੋਲ ਨਾ ਖੁਲ੍ਹ ਸਕੇ। ਕੁਝ ਕਹਾਣੀਆਂ ਵੀ ਸਨ ਜੋ ਗੁਰੂ ਸਾਹਿਬ ਦੀ ਕਾਰਵਾਈ ਨੂੰ ਸਿਆਸੀ ਰੰਗ ਦੇਣ ਲਈ ਨਾਲ ਨਾਲ ਘੜੀਆਂ ਗਈਆਂ ਸਨ ਤਾਂ ਜੋ ਉਨ੍ਹਾਂ ਵਿਰੁੱਧ ਸਪੱਸ਼ਟ ਕਾਰਵਾਈ ਕਰਨ ਨੂੰ ਸਹੀ ਸਿੱਧ ਕੀਤਾ ਜਾ ਸਕੇ। ਉਨ੍ਹਾਂ ਵਿਚੋਂ ਇਕ ਇਹ ਸੀ ਕਿ ਗੁਰੂ

69. ਥਾਨੇਸਰ ਦੇ ਸ਼ੇਖ ਨਜ਼ਾਮ ਨੂੰ ਜਿਸ ਨੇ ਖੁਸਰੋ ਦੀ ਭਲਾਈ ਲਈ ਪ੍ਰਾਰਥਨਾ ਕੀਤੀ ਸੀ ਸਰਕਾਰੀ ਖਰਚੇ ਤੇ ਮੱਕੇ ਭੇਜ ਦਿੱਤਾ ਗਿਆ ਸੀ, ਜਦ ਕਿ ਸਿੱਖ ਗੁਰੂ ਜੀ ਨੂੰ ਤਸੀਹੇ ਦੇ ਕੇ ਮਾਰਨ ਦਾ ਫੈਸਲਾ ਕੀਤਾ ਗਿਆ ਸੀ।

ਸਾਹਿਬ ਨੇ ਖੁਸਰੋ ਦੀ ਸਫ਼ਲਤਾ ਲਈ ਪ੍ਰਾਰਥਨਾ ਕੀਤੀ ਸੀ।[70] ਦੂਜੇ ਇਹ ਕਿ ਉਨ੍ਹਾਂ ਦੇ ਬਾਗ਼ੀ ਸ਼ਹਿਜਾਦੇ ਨੂੰ ਕਾਫੀ ਰਕਮ ਭੇਟ ਕੀਤੀ ਸੀ। ਪਰ ਜਹਾਂਗੀਰ ਨੇ ਆਪਣੀ *ਤੁਜਕ* ਵਿਚ ਉਨ੍ਹਾਂ ਦਾ ਜ਼ਿਕਰ ਨਹੀਂ ਕੀਤਾ। ਅਸਲ ਗੱਲ ਇਹ ਹੈ ਕਿ ਗੁਰੂ ਸਾਹਿਬ ਨੂੰ ਤਖ਼ਤ ਦੇ ਕਿਸੇ ਦਾਅਵੇਦਾਰ ਹੋਣ ਵਿਚ ਕੋਈ ਦਿਲਚਸਪੀ ਨਹੀਂ ਸੀ ਅਤੇ ਜੇ ਖ਼ੁਸਰੋ ਕਦੇ ਗੁਰੂ ਸਾਹਿਬ ਨੂੰ ਮਿਲਿਆ ਹੋਵੇਗਾ ਤਾਂ ਉਹ ਉਨ੍ਹਾਂ ਸਭ ਆਦਮੀਆਂ ਦੀ ਤਰ੍ਹਾਂ ਹੀ ਉਨ੍ਹਾਂ ਪਾਸ ਗਿਆ ਹੋਵੇਗਾ ਜੋ ਐਥੇ ਸਮੇਂ ਮਹਾਂਪੁਰਖਾਂ ਪਾਸ ਜਾਂਦੇ ਹਨ।

'ਉਹ ਸਾਇਦ ਇਹ ਆਸ ਲੈ ਕੇ ਗਿਆ ਹੋਵੇ ਕਿ ਇਸ ਯਾਤਰਾ ਨਾਲ ਉਸ ਦੀ ਤਕਦੀਰ ਸੰਵਰ ਜਾਵੇਗੀ।'[71]

ਗੁਰੂ ਸਾਹਿਬ ਨੂੰ ਚੰਦੂ ਸ਼ਾਹ ਦੇ ਸਪੁਰਦ ਕੀਤਾ ਗਿਆ ਜਿਸ ਨੂੰ ਸਿੱਖ ਲਿਖ਼ਤਾਂ ਅਨੁਸਾਰ ਉਨ੍ਹਾਂ ਨਾਲ ਨਿੱਜੀ ਦੁਸ਼ਮਣੀ ਸੀ। ਗੁਰੂ ਸਾਹਿਬ ਨੂੰ ਲਾਹੌਰ ਦੀ ਸਖ਼ਤ ਗਰਮੀ ਵਿਚ ਸਭ ਤਰ੍ਹਾਂ ਦੇ ਤਸੀਹੇ ਦਿੱਤੇ ਗਏ ਅਤੇ ਆਖ਼ਰ ਉਨ੍ਹਾਂ ਦੀਆਂ ਪੀੜਾਂ ਵਿਚ ਹੋਰ ਵਾਧਾ ਕਰਨ ਲਈ ਉਨ੍ਹਾਂ ਦੇ ਛਾਲਿਆਂ ਭਰੇ ਸਰੀਰ ਨੂੰ ਰਾਵੀ ਦੇ ਠੰਡੇ ਪਾਣੀ ਵਿਚ ਸੁੱਟ ਦਿੱਤਾ ਗਿਆ ਜਿਸ ਨਾਲ ਉਨ੍ਹਾਂ ਦੇ ਸਰੀਰ ਦਾ ਅੰਤ ਹੋ ਗਿਆ। ਇਹ ਘਟਨਾ 30 ਮਈ, 1606 ਨੂੰ ਵਾਪਰੀ ਸੀ।

## 6. ਗੁਰੂ ਹਰਿਗੋਬਿੰਦ ਜੀ (1595-1644 ਈ.)

ਇਤਿਹਾਸਕਾਰ ਆਮ ਤੌਰ ਤੇ ਸਿੱਖ ਇਤਿਹਾਸ ਦੇ ਇਸ ਪੜਾਅ ਤੇ ਗੁਰਿਆਈ ਦੇ ਸਵਰੂਪ ਵਿਚ ਅਚਾਨਕ ਹੋਇਆ ਪਰਿਵਰਤਨ ਵੇਖਦੇ ਹਨ। ਉਨ੍ਹਾਂ ਇਤਿਹਾਸਕਾਰਾਂ ਅਨੁਸਾਰ ਗੁਰੂ ਸਾਹਿਬਾਨ ਨੇ, ਜਿਹੜੇ ਕਿ ਇਸ ਤੋਂ ਪਹਿਲਾਂ ਫ਼ਕੀਰੀ ਵੇਸ ਵਿਚ ਰਹਿੰਦੇ ਸਨ, ਹੁਣ 'ਸਚਾ ਪਾਤਸ਼ਾਹ' ਦਾ ਪਦ ਧਾਰਨ ਕਰ ਲਿਆ। ਉਨ੍ਹਾਂ ਦੀ ਧਰਮ ਸੰਸਥਾ, ਧਰਮ ਦੇ ਅਸੂਲਾਂ ਉੱਤੇ ਆਧਾਰਿਤ ਇਕ ਰਾਜ ਬਣ ਗਿਆ। ਉਨ੍ਹਾਂ ਦੇ ਮਸੰਦ ਉਨ੍ਹਾਂ ਦੇ ਵਾਇਸਰਾਏ ਅਤੇ ਰਾਜਪਾਲ ਬਣ ਗਏ।[72] ਸਿੱਖਾਂ ਦਾ ਦਸਵੰਧ ਇਕ ਲਾਜ਼ਮੀ ਕਰ ਵਿਚ ਬਦਲ ਗਿਆ ਜਿਹੜਾ ਗੁਰੂ ਜੀ ਦੇ ਕੇਂਦਰੀ

---

70. *ਦਬਿਸਤਾਨ*, ਪੰਨਾ 234.
71. *Jahangir and the Jesuits*, p. 11. ਜਿਸ ਦਾ ਸੀ. ਐਚ. ਪੇਨ ਨੇ *Father Ferno Guerreiro* ਦੀ ਪੁਸਤਕ *Relations* ਵਿੱਚੋਂ ਅਨੁਵਾਦ ਕੀਤਾ। ਗੁਰੇਰੋ ਨੇ ਆਪਣੀ ਲਿਖਤ ਦਾ ਆਧਾਰ ਉਸ ਪੱਤਰ ਨੂੰ ਮੰਨਿਆ ਸੀ ਜੋ *Father Jerome Xavier* ਨੇ ਗੋਆ ਦੇ ਪ੍ਰੋਵਿਨਸ਼ਲ ਨੂੰ 25 ਸਤੰਬਰ, 1606 ਨੂੰ ਲਿਖਿਆ ਸੀ। ਗੁਰੇਰੋ ਅਨੁਸਾਰ ਗੁਰੂ ਅਰਜਨ ਸਾਹਿਬ ਨੂੰ ਇਕ ਲੱਖ ਕਰੂਸੇਡੋ (ਪੁਰਤਗਾਲੀ ਸਿੱਕਾ ਜਿਸ ਉੱਤੇ ਕਰਾਸ ਬਣਿਆ ਹੋਇਆ ਹੁੰਦਾ ਸੀ) ਦੇ ਬਦਲੇ ਰਿਹਾਅ ਕਰ ਦਿੱਤਾ ਸੀ। ਇਸ ਰਕਮ ਲਈ ਇਕ ਅਮੀਰ ਹਿੰਦੂ ਨੇ ਜ਼ਾਮਨੀ ਭਰੀ ਸੀ। ਇਸ ਆਦਮੀ ਨੇ ਜੁਰਮਾਨੇ ਦੀ ਰਕਮ ਵਸੂਲ ਕਰਨ ਲਈ ਗੁਰੂ ਜੀ ਨਾਲ ਹਰ ਪ੍ਰਕਾਰ ਦਾ ਬੁਰਾ ਵਰਤਾਉ ਕੀਤਾ ਜਿਸ ਨਾਲ ਉਨ੍ਹਾਂ ਦੀ ਮੌਤ ਹੋ ਗਈ।
72. *ਗੋਕਲ ਚੰਦ ਨਾਰੰਗ*, ਪੰਨਾ 73 ਫੁਟਨੋਟ। ਇਹ ਲਿਖਾਰੀ ਹਰ ਗੱਲ ਨੂੰ ਰਾਜਨੀਤੀ ਦੇ ਪੱਖ ਤੋਂ ਦੇਖਦਾ ਹੈ। ਗੁਰੂ ਦਾ ਲੰਗਰ ਵੀ ਸਿੱਖੀ ਦੇ ਪ੍ਰਚਾਰ ਜਾਂ ਵਿਗਿਆਪਨ ਦਾ ਸਾਧਨ ਸਮਝਿਆ ਗਿਆ ਹੈ (ਪੰਨੇ 49-50)। ਅੰਮ੍ਰਿਤਸਰ ਦੀ ਉਸਾਰੀ ਨੂੰ ਫ਼ੌਜੀ ਪਖੋਂ ਮਹੱਤਵਪੂਰਣ ਸਮਝਿਆ ਗਿਆ ਅਤੇ ਇਸ ਨੂੰ ਸਿੱਖ ਭਾਈਚਾਰੇ ਦੀ ਇਕ ਕਿਸਮ ਦੀ ਰਾਜਧਾਨੀ ਜਾਂ ਇਕ ਕੌਮਾਂਤਰੀ ਨਗਰ ਅਤੇ ਸੈਨਿਕ ਕਾਰਵਾਈਆਂ ਕਰਨ ਲਈ ਇਕ ਕੇਂਦਰੀ ਸਥਾਨ ਸਮਝਿਆ ਗਿਆ (ਪੰਨੇ 70-71)। ਇਮਾਰਤ ਉਸਾਰੀ ਦੇ ਕੰਮ ਵਿਚ ਗੁਰੂ ਜੀ ਦੇ ਮੁੱਖ ਸਹਾਇਕ ਨੂੰ ਇਸ ਬਸਤੀ ਦਾ ਮੁੱਖ ਪ੍ਰਬੰਧਕ ਕਿਹਾ ਗਿਆ (ਪੰਨਾ 70)। *ਗੁਰੂ ਗ੍ਰੰਥ ਸਾਹਿਬ* ਨੂੰ ਧਾਰਮਿਕ ਅਤੇ ਸੰਸਾਰਕ ਕਾਨੂੰਨ ਦਾ ਨਿਆਇ-ਸ਼ਾਸਤ੍ਰ ਸਮਝਿਆ ਗਿਆ (ਪੰਨਾ 72)। Banerjee, ਆਪਣੀ ਪੁਸਤਕ *Evolution of the Khalsa* ਵਿਚ ਮੁਸਲਮਾਨਾਂ ਦੇ ਜਬਰ ਤੇ ਜ਼ੁਲਮ ਦੇ ਪ੍ਰਤਿਕਰਮ ਨੂੰ 'ਸੈਨਿਕਵਾਦ ਵੱਲ ਇਕ ਅਚਨਚੇਤ ਪਰਿਵਰਤਨ ਸਮਝਦਾ ਹੈ' (ਜਿਲਦ ਪਹਿਲੀ, ਪੰਨਾ 2)

ਖਜ਼ਾਨੇ ਵਿਚ ਆਕੇ ਜਮ੍ਹਾ ਹੁੰਦਾ ਸੀ। ਦਰਅਸਲ ਸਾਰੀ ਸਿੱਖ ਲਹਿਰ ਨੂੰ ਇਵੇਂ ਦਰਸਾਇਆ ਗਿਆ ਜਿਵੇਂ ਕਿ ਇਹ ਸ਼ਾਂਤਮਈ ਅਤੇ ਆਤਮਿਕ ਲਹਿਰ ਨਿਰੋਲ ਸੈਨਿਕ ਕੈਂਪ ਵਿਚ ਬਦਲ ਗਈ ਸੀ।

ਅਸੀਂ ਵੇਖ ਲਿਆ ਹੈ ਕਿ ਕਿਵੇਂ ਗੁਰੂ ਅਰਜਨ ਸਾਹਿਬ ਉੱਤੇ ਸ਼ਾਹੀ ਸੱਤਾ ਧਾਰਨ ਕਰਨ ਦੇ ਦੋਸ਼ *ਦਬਿਸਤਾਨ-ਏ-ਮਜ਼ਾਹਿਬ* ਵਿਚ ਦਰਜ ਇਕ ਪੈਰ੍ਹੇ ਦੇ ਗਲਤ ਉਲਥੇ ਉੱਤੇ ਆਧਾਰਿਤ ਹੈ। ਪਹਿਲੇ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਅਤੇ ਖ਼ਾਸ ਤੌਰ ਤੇ ਉਨ੍ਹਾਂ ਭੱਟਾਂ ਦੀਆਂ ਰਚਨਾਵਾਂ ਤੋਂ ਜਿਨ੍ਹਾਂ ਨੇ ਦੂਜੇ ਗੁਰੂ ਜੀ ਦੇ ਸਮੇਂ ਵਿਚ ਲਿਖਣਾ ਸ਼ੁਰੂ ਕੀਤਾ ਸੀ, ਪਤਾ ਲਗੇਗਾ ਕਿ 'ਸੱਚਾ ਪਾਤਸ਼ਾਹ', 'ਰਾਜ', 'ਤਖ਼ਤ', 'ਦਰਬਾਰ' ਆਦਿ ਸ਼ਬਦ ਸ਼ੁਰੂ ਤੋਂ ਹੀ ਵਰਤੇ ਜਾਂਦੇ ਸਨ ਤੇ ਇਹ ਪਿੱਛੋਂ ਦੀਆਂ ਕਾਢਾਂ ਨਹੀਂ ਸਨ। ਇਹ ਪੂਰਬੀ ਦੇਸ਼ਾਂ ਦੇ ਮੰਗਲ-ਭਾਸ਼ਨ ਹਨ ਜਿਹੜੇ ਸਭ ਸਨਮਾਨ ਯੋਗ ਸੰਤਾਂ ਲਈ ਵਰਤੇ ਜਾਂਦੇ ਹਨ। ਇਹ ਮੰਨਣਾ ਵੀ ਅਣ-ਵਿਗਿਆਨਕ ਹੋਵੇਗਾ ਕਿ ਪਹਿਲੇ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਪੁਰਾਣੀ ਕਾਰਜ-ਵਿਧੀ ਤੋਂ ਵਖਰੇਵਾਂ ਹੋ ਸਕਦਾ ਸੀ। ਸਿੱਖ ਧਰਮ ਦੀ ਪ੍ਰਗਤੀ ਹੌਲੀ ਹੌਲੀ ਹੋਈ ਸੀ। ਕੁਝ ਇਤਫ਼ਾਕ ਅਜਿਹਾ ਹੋਇਆ ਕਿ ਸ਼ੁਰੂ ਵਿਚ ਮੁਗ਼ਲ ਬਾਦਸ਼ਾਹਾਂ ਵਿਚ ਅਸਹਿਨਸ਼ੀਲਤਾ ਨਹੀਂ ਸੀ। ਇਹ ਵੀ ਇਕ ਸੰਜੋਗ ਦੀ ਗੱਲ ਸੀ ਕਿ ਸਿੱਖ ਧਰਮ ਦਾ ਆਰੰਭ ਮੁਗ਼ਲਾਂ ਦਾ ਰਾਜ ਸਥਾਪਿਤ ਹੋਣ ਦੇ ਨਾਲ ਹੀ ਹੋਇਆ। ਇਹ ਦੋਨੋਂ ਹਾਲੇ ਆਪਣੀ ਆਰੰਭਕ ਅਵਸਥਾ ਵਿਚ ਹੀ ਸਨ। ਇਕ ਪਾਸੇ ਮੁਗ਼ਲ ਬਾਦਸ਼ਾਹਾਂ ਦਾ ਆਪਣੇ ਰਾਜ ਉੱਤੇ ਉਹ ਦਬਦਬਾ ਨਹੀਂ ਸੀ ਬੈਠਾ ਜਿਹੜਾ ਅਕਬਰ ਜਾਂ ਉਸ ਦੇ ਉੱਤਰਾਧਿਕਾਰੀਆਂ ਦੇ ਵੇਲੇ ਸੀ। ਦੂਜੇ ਪਾਸੇ ਸਿੱਖ ਧਰਮ ਨੇ ਵੀ ਆਮ ਲੋਕਾਂ ਵਿਚ ਬਹੁਤ ਵਡੇਰੀ ਥਾਂ ਨਹੀਂ ਸੀ ਪ੍ਰਾਪਤ ਕੀਤੀ। ਅਜਿਹੇ ਕਈ ਕਾਰਣਾਂ ਕਰਕੇ ਆਰੰਭ ਵਿਚ ਸਿੱਖ ਧਰਮ ਦੀ ਉੱਨਤੀ ਕੁਝ ਹੱਦ ਤਕ ਨਿਰਵਿਘਨ ਰਹੀ। ਅਕਬਰ ਦੇ ਸਮੇਂ ਵਿਚ ਇਸਲਾਮੀ ਅਸੂਲਾਂ ਵਿਚ ਕੁਝ ਢਿੱਲ ਕੀਤੀ ਗਈ ਸੀ। ਇਸ ਲਈ ਅਕਬਰ ਤੋਂ ਬਾਅਦ ਇਸਲਾਮ ਦੇ ਹਿਤ ਵਿਚ ਗੈਰ-ਮੁਸਲਮਾਨਾਂ ਦੇ ਪ੍ਰਤੀ ਸਰਕਾਰ ਦੀ ਨੀਤੀ ਵਿਚ ਤਬਦੀਲੀ ਕਰਨੀ ਜ਼ਰੂਰੀ ਸਮਝੀ ਗਈ। ਇਸ ਕਰਕੇ ਅਕਬਰ ਤੋਂ ਬਾਅਦ ਅਸੀਂ ਗੈਰ-ਮੁਸਲਮਾਨਾਂ ਨੂੰ ਵਧੇਰੇ ਤਸੀਹੇ ਦੇਣ ਬਾਰੇ ਪੜ੍ਹਦੇ ਹਾਂ। ਇਕ ਨਵੇਂ ਧਰਮ ਨੂੰ, ਜਿਸ ਦੇ ਬੜੇ ਉਤਸਾਹੀ ਪੈਰੋਕਾਰ ਹੋਣ, ਸਦਾ ਹਾਕਮ ਸ਼੍ਰੇਣੀ ਲਈ ਇਕ ਚਿੰਤਾ ਦਾ ਕਾਰਣ ਸਮਝਿਆ ਜਾਂਦਾ ਹੈ ਕਿਉਂਕਿ ਮਹਾਨ ਧਰਮ ਨਾ ਕੇਵਲ ਆਪਣੇ ਨਾਲ ਨਵੇਂ ਸਿਧਾਂਤ ਹੀ ਲੈ ਕੇ ਆਉਂਦੇ ਹਨ ਸਗੋਂ ਉਹ ਕੌਮ ਨੂੰ ਇਕ ਨਵੀਨ ਅਤੇ ਸ਼ਕਤੀਸ਼ਾਲੀ ਜੀਵਨ ਵੀ ਪ੍ਰਦਾਨ ਕਰਦੇ ਹਨ ਜਿਸ ਦਾ ਇਹਸਾਸ ਕੌਮ ਨੂੰ ਆਪਣੇ ਹਰ ਅੰਗ ਵਿਚ ਅਨੁਭਵ ਹੁੰਦਾ ਹੈ। ਨਵੇਂ ਧਰਮ ਨਾਲ ਕੌਮ ਨੂੰ ਸਮਾਜਕ, ਆਰਥਿਕ, ਰਾਜਸੀ ਅਤੇ ਨਾਲ ਹੀ ਆਤਮਕ ਹਲੂਣਾ ਮਿਲਦਾ ਹੈ।

ਅਸੀਂ ਦੇਖ ਲਿਆ ਹੈ ਕਿ ਜਦੋਂ ਗੁਰੂ ਨਾਨਕ ਜੀ ਨੇ ਆਪਣਾ ਕੰਮ ਸ਼ੁਰੂ ਕੀਤਾ ਤਾਂ ਉਨ੍ਹਾਂ ਨੇ ਕਿਵੇਂ ਆਪਣੇ ਲੋਕਾਂ ਵਿਚ ਰਾਜਸੀ ਅਤੇ ਧਾਰਮਿਕ ਅਧੋਗਤੀ ਨੂੰ ਅਨੁਭਵ ਕੀਤਾ ਸੀ। ਉਹ ਉਨ੍ਹਾਂ ਨੂੰ ਵਿਦੇਸ਼ੀ ਜੂਲੇ ਅਤੇ ਪੁਜਾਰੀ ਸ਼੍ਰੇਣੀ ਦੀਆਂ ਜਕੜਾਂ ਅਤੇ ਪਾਬੰਦੀਆਂ ਤੋਂ ਹਰ ਪੱਖੋਂ ਸੁਤੰਤਰ ਵੇਖਣਾ ਚਾਹੁੰਦੇ ਸਨ। ਗੁਰੂ ਨਾਨਕ ਜੀ ਅਨੁਸਾਰ 'ਕੇਵਲ ਮੂਰਖ ਅਤੇ ਮੂੜ ਲੋਕ ਹੀ ਦੂਜਿਆਂ ਉਪਰ ਰਾਜ ਕਰਨ ਦੀ ਕੋਸ਼ਿਸ਼ ਕਰਦੇ ਹਨ' *(ਬਸੰਤ)*। ਉਨ੍ਹਾਂ ਨੇ ਲੋਧੀਆਂ ਨੂੰ ਉਨ੍ਹਾਂ ਦੀ ਬੁਜ਼ਦਿਲੀ ਲਈ ਨਿੰਦਿਆ ਅਤੇ ਮੁਗਲ ਆਕਰਮਣਕਾਰੀਆਂ ਨੂੰ ਉਨ੍ਹਾਂ ਦੇ ਜ਼ੁਲਮ ਲਈ ਫਿਟਕਾਰਿਆ। ਉਨ੍ਹਾਂ ਨੇ ਲੋਕਾਂ ਅੰਦਰੋਂ ਘਟਦੀ ਜਾ ਰਹੀ ਦੇਸ਼-ਭਗਤੀ ਨੂੰ ਉਤੇਜਿਤ ਕੀਤਾ ਜਿਹੜੇ ਹੀਣਤਾ ਨਾਲ ਵਿਦੇਸ਼ੀ ਹਾਕਮਾਂ ਨੂੰ ਵਫ਼ਾਦਾਰੀ ਪੇਸ਼ ਕਰ ਰਹੇ ਸਨ ਅਤੇ ਉਨ੍ਹਾਂ ਦੇ ਸਾਹਮਣੇ ਪ੍ਰਵਾਨ ਹੋਣ ਲਈ ਉਨ੍ਹਾਂ ਦੇ ਫ਼ੈਸ਼ਨਾਂ ਅਤੇ ਅਦਬ-ਆਦਾਬ ਦੀ ਨਕਲ ਕਰ ਰਹੇ ਸਨ *(ਵਾਰ ਆਸਾ*, ਪਉੜੀ ੧੯)। ਜਪੁਜੀ ਸਾਹਿਬ ਦੀ ਬਾਣੀ ਵਿਚ ਜਿੱਥੇ ਗੁਰੂ ਨਾਨਕ ਜੀ ਮਨੁੱਖ ਦੀ ਉੱਨਤੀ ਦੇ ਪੜਾਵਾਂ ਬਾਰੇ ਲਿਖਦੇ ਹਨ ਉਥੇ ਉਹ ਯੋਧਿਆਂ, ਸ਼ਕਤੀਸ਼ਾਲੀ ਅਤੇ ਬਹਾਦੁਰ ਆਦਮੀਆਂ ਨੂੰ ਸਭ ਤੋਂ ਉੱਚੇ ਖੰਡ ਵਿਚ ਰੱਖਦੇ

ਹਨ। ਇਹ ਖੰਡ ਕੇਵਲ ਉਸ ਖੰਡ ਤੋਂ ਹੀ ਦੂਜੇ ਦਰਜੇ ਤੇ ਹੈ ਜਿੱਥੇ ਖ਼ੁਦ ਅਕਾਲਪੁਰਖ ਦਾ ਨਿਵਾਸ ਹੈ (*ਜਪੁਜੀ*, ਪਉੜੀ ੩੭)। ਉਹ ਲੋਕਾਂ ਦਾ ਆਪਣੀ ਮਾਤ-ਬੋਲੀ ਛੱਡ ਕੇ ਵਿਦੇਸ਼ੀ ਬੋਲੀ ਦੀ ਵਰਤੋਂ ਤੇ ਬੜਾ ਹਿਰਖ ਕਰਦੇ ਹਨ (ਬਸੰਤ)। ਇਹ ਸਾਰੀਆਂ ਗੱਲਾਂ ਆਤਮਕ ਨਾ ਹੋਕੇ ਨਿਰੋਲ ਸੰਸਾਰਕ ਸਨ ਪਰ ਫਿਰ ਵੀ ਇਹ ਇਕ ਭਗਤ ਦੇ ਹਿਰਦੇ ਵਿੱਚੋਂ ਨਿਕਲੀਆਂ ਸਨ ਜਿਸ ਨੇ ਇਹ ਮਹਿਸੂਸ ਕੀਤਾ ਕਿ ਆਤਮਕ ਸੁਤੰਤਰਤਾ ਦੇ ਵਿਚ ਹੀ ਸੰਸਾਰਕ ਸੁਤੰਤਰਤਾ ਦੀਆਂ ਜੜ੍ਹਾਂ ਹਨ ਅਤੇ ਉਸ ਨਾਲੋਂ ਸੰਸਾਰਕ ਸੁਤੰਤਰਤਾ ਨੂੰ ਵੱਖ ਨਹੀਂ ਕੀਤਾ ਜਾ ਸਕਦਾ। ਇਹ ਗੱਲ ਉਨ੍ਹਾਂ ਨੂੰ ਅਜੀਬ ਜਾਪੇਗੀ ਜਿਹੜੇ ਸੰਤਾਂ ਨੂੰ ਨਿਰੇ ਤਿਆਗੀ ਅਤੇ ਹੱਥ ਜੋੜ ਕੇ ਤੇ ਅੱਖਾਂ ਮੁੰਦ ਕੇ ਮੰਤਰਾਂ ਨੂੰ ਬੁੜਬੁੜਾਣ ਵਾਲੇ ਹੀ ਸਮਝਣ ਦੇ ਆਦੀ ਹਨ। ਪਰ ਸਿੱਖ ਗੁਰੂ ਇਕ ਵੱਖਰੀ ਹੀ ਕਿਸਮ ਦੇ ਸਨ। ਉਹ ਅਮਲੀ ਆਗੂ ਅਤੇ ਨਾਲ ਹੀ ਭਗਤੀ ਕਰਨ ਵਾਲੇ ਸੰਤ ਸਨ। ਉਹ ਮਨੁੱਖਤਾ ਦੀ ਸੇਵਾ ਦੇ ਉਤਸਾਹੀ ਸਾਧਨਾਂ ਨੂੰ ਆਪਣੇ ਧਾਰਮਿਕ ਆਦਰਸ਼ਾਂ ਨਾਲ ਅਢੁਕਵੇਂ ਨਹੀਂ ਸਨ ਸਮਝਦੇ। ਉਹ ਵਪਾਰ, ਕਲਾ ਅਤੇ ਵਿਦਿਆ ਦੇ ਵਾਧੇ ਰਾਹੀਂ ਮਨੁਖਤਾ ਦੀ ਸੇਵਾ ਨੂੰ ਪਵਿੱਤਰ ਇਕਮਿਕਤਾ, ਉੱਚੇ ਵਿਚਾਰ ਅਤੇ ਉੱਤਮ ਰਹਿਣੀ ਜਿਤਨਾ ਹੀ ਜ਼ਰੂਰੀ ਸਮਝਦੇ ਸਨ।

ਗੁਰੂ ਸਾਹਿਬਾਨ ਬੜੇ ਸਾਊ ਅਤੇ ਨਿਮਰਤਾ ਵਾਲੇ ਮਹਾਂਪੁਰਖ ਸਨ ਪਰ ਫਿਰ ਵੀ ਅਜਿਹੇ ਮੌਕਿਆਂ ਤੇ, ਜਦੋਂ ਉਨ੍ਹਾਂ ਦੇ ਗੌਰਵ ਜਾਂ ਸਵੈ-ਸਨਮਾਨ ਨੂੰ ਠੇਸ ਪੁੱਜਦੀ ਸੀ ਤਾਂ ਉਨ੍ਹਾਂ ਨੂੰ ਸਖ਼ਤ ਹੋਣ ਦਾ ਵੀ ਪਤਾ ਸੀ। ਜਿਵੇਂ ਕਿ ਗੁਰੂ ਅੰਗਦ ਸਾਹਿਬ ਨੂੰ ਹੁਮਾਯੂੰ ਵੱਲੋਂ ਧਮਕੀਆਂ ਦੇਣ ਸਮੇਂ ਗੁਰੂ ਜੀ ਨੇ ਕੀਤਾ ਸੀ।[73] ਤੀਜੇ ਅਤੇ ਚੌਥੇ ਗੁਰੂ ਸਾਹਿਬਾਨ ਦੇ ਸਮੇਂ ਤਕ ਸਿੱਖ ਕੌਮ ਇਤਨੀ ਵੱਡੀ ਹੋ ਚੁੱਕੀ ਸੀ ਕਿ ਜਿਨ੍ਹਾਂ ਲੋਕਾਂ ਦੇ ਹਿਤਾਂ ਤੇ ਇਨ੍ਹਾਂ ਦੀ ਉੱਨਤੀ ਨਾਲ ਪ੍ਰਭਾਵ ਪਿਆ ਸੀ ਉਹ ਇਨ੍ਹਾਂ ਨਾਲ ਦੁਸ਼ਮਣੀ ਕਰਨ ਲੱਗ ਪਏ। ਗੁਰੂ ਰਾਮ ਦਾਸ ਜੀ ਨੇ ਆਪਣੀ ਵਾਰ ਗਉੜੀ ਦੀ ਪਉੜੀ 14 ਵਿਚ ਆਪਣੇ ਸਮੇਂ ਦੀ ਸਿੱਖ ਲਹਿਰ ਨੂੰ ਵਿਰੋਧੀ ਸ਼ਕਤੀਆਂ ਦੇ ਅਖਾੜੇ ਦੇ ਰੂਪ ਵਿਚ ਬਿਆਨ ਕੀਤਾ ਹੈ ਜਿੱਥੇ ਗੁਰੂ ਜੀ ਨੂੰ ਬੜੀ ਬਹਾਦਰੀ ਨਾਲ ਵਿਰੋਧੀਆਂ ਨਾਲ ਟੱਕਰ ਲੈਣੀ ਪਈ ਸੀ। ਸਫ਼ਲਤਾ ਦੇ ਪਿੱਛੇ ਪਿੱਛੇ ਮਹਾਨਤਾ ਅਤੇ ਸੰਸਾਰਕ ਮਹਾਨਤਾ ਵੀ ਤੁਰਦੀ ਆਈ। ਗੁਰੂ ਜੀ ਨੇ ਸਭ ਕੁਝ ਸੁਯੋਗਤਾ ਨਾਲ ਪ੍ਰਵਾਨ ਕੀਤਾ। ਉਨ੍ਹਾਂ ਕਿਹਾ, "ਸਾਨੂੰ ਇਸ ਮਹਾਨਤਾ ਤੋਂ ਡਰਨਾ ਨਹੀਂ ਚਾਹੀਦਾ। ਇਹ ਅਕਾਲਪੁਰਖ ਦੀ ਆਪਣੀ ਸ਼ਾਨ ਹੈ ਜੋ ਇਵੇਂ ਵਧਦੀ ਹੈ। ਐ ਭਰਾਵੋ ਸੱਚੇ ਅਤੇ ਪਿਆਰੇ ਵਾਹਿਗੁਰੂ ਦੇ ਇਸ ਅਖਾੜੇ (ਭਾਵ ਸਿੱਖ ਧਰਮ ਸੰਸਥਾ) ਨੂੰ ਤੱਕੋ ਜਿਸ ਅਕਾਲਪੁਰਖ ਨੇ ਆਪਣੀ ਸ਼ਕਤੀ ਨਾਲ ਮੁਕਾਬਲੇ ਵਿਚ ਆਏ ਸਭ ਲੋਕਾਂ ਨੂੰ ਨਿਵਾ ਦਿੱਤਾ ਹੈ।" ਗੁਰੂ ਅਰਜਨ ਸਾਹਿਬ ਨੇ ਵੀ ਇਸ ਸੰਘਰਸ਼ ਦਾ ਜ਼ਿਕਰ ਕੁਸ਼ਤੀਆਂ ਦੀ ਸ਼ਬਦਾਵਲੀ ਵਿਚ ਦਿੱਤਾ ਹੈ (*ਸ੍ਰੀ ਰਾਗ*)। ਉਨ੍ਹਾਂ ਦੀ ਉਤਸਾਹਿਤ ਕਰਨ ਵਾਲੀ ਅਗਵਾਈ ਵਿਚ ਸਿੱਖਾਂ ਨੇ ਸੁਭਾ ਦੀ ਉਹ ਤੀਬਰਤਾ ਪ੍ਰਾਪਤ ਕਰ ਲਈ ਜਿਸ ਨੇ ਉਨ੍ਹਾਂ ਨੂੰ ਸਭ ਪ੍ਰਕਾਰ ਦੇ ਜ਼ੁਲਮ ਅਤੇ ਬੁਰਾਈ ਦਾ ਟਾਕਰਾ ਕਰਨ ਲਈ ਨਰੋਆ ਬਣਾ ਦਿੱਤਾ। ਸਿੱਖਾਂ ਵਿਚ ਜਥੇਬੰਦੀ ਦੇ ਕੀਤੇ ਕਾਰਜ ਦੀ ਵਿਆਖਿਆ ਕਰਨ ਤੋਂ ਪਿੱਛੋਂ ਉਹ ਕਹਿੰਦੇ ਹਨ ਕਿ 'ਹੁਣ ਰੱਬੀ ਹੁਕਮ ਹੋ ਗਿਆ ਹੈ ਕਿ ਕੋਈ ਆਦਮੀ ਦੂਸਰੇ ਨੂੰ ਤੰਗ ਨਹੀਂ ਕਰੇਗਾ। ਸਿੱਖ ਇਹ ਗੱਲ ਪੂਰੀ ਤਰ੍ਹਾਂ ਸਮਝਣ ਲਈ ਤਿਆਰ ਸਨ ਕਿ ਉਨ੍ਹਾਂ ਲਈ ਉਸ ਆਦੇਸ਼ ਦਾ ਕੀ ਭਾਵ ਹੈ। ਅਕਬਰ ਦੇ ਇਕ ਮੰਤਰੀ ਬੀਰਬਲ ਨੇ ਅੰਮ੍ਰਿਤਸਰ ਦੇ ਖੱਤਰੀਆਂ ਤੇ ਜੀਅ-ਪ੍ਰਤੀ ਕਰ ਲਾ ਦਿੱਤਾ ਪਰ ਉਨ੍ਹਾਂ ਨੇ ਗੁਰੂ ਅਰਜਨ ਸਾਹਿਬ ਦੀ ਅਗਵਾਈ ਵਿਚ ਉਹ ਕਰ ਭਰਨ ਤੋਂ ਨਾਂਹ ਕਰ ਦਿੱਤੀ। ਬੀਰਬਲ ਨੇ ਸੈਨਾ ਲਿਆ ਕੇ ਗੁਰੂ ਜੀ ਨੂੰ ਸਜ਼ਾ ਦੇਣ ਦੀ ਧਮਕੀ ਦਿੱਤੀ ਪਰ ਉਸ ਨੂੰ ਸਰਹੱਦੀ ਇਲਾਕਿਆਂ ਵਿਚ ਜਾਣਾ ਪੈ ਗਿਆ ਜਿੱਥੇ ਉਹ ਮਾਰਿਆ ਗਿਆ ਅਤੇ ਉਸ ਦੀ ਧਮਕੀ ਦਾ ਕੋਈ

73. Macauliffe, II, pp. 19-20.

ਨਤੀਜਾ ਨਾ ਨਿਕਲਿਆ।[74] ਇਸ ਤਰ੍ਹਾਂ ਯੁੱਧ ਟਲ ਗਿਆ ਪਰ ਇਸ ਘਟਨਾ ਤੋਂ ਇਹ ਸਪੱਸ਼ਟ ਹੈ ਕਿ ਜਿਹੜਾ ਟਾਕਰਾ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਵਿਚ ਹੋਇਆ ਉਹ ਕਾਫੀ ਪਹਿਲਾਂ ਹੀ ਹੋ ਜਾਣਾ ਸੀ। ਕੇਵਲ ਇਕ ਦੁਰਘਟਨਾ ਨੇ ਉਸ ਲੜਾਈ ਨੂੰ ਅੱਗੇ ਪਾ ਦਿੱਤਾ। ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਤੋਂ ਸਿੱਖਾਂ ਨੂੰ ਇਹ ਨਿਸ਼ਚਾ ਹੋ ਗਿਆ ਕਿ ਜੇ ਉਹ ਜਿਉਣਾ ਚਾਹੁੰਦੇ ਹਨ ਤਾਂ ਉਹ ਆਪਣੇ ਆਪ ਨੂੰ ਹਥਿਆਰਬੰਦ ਕਰਨ ਅਤੇ ਲੜਾਈ ਲਈ ਤਿਆਰ ਰਹਿਣ।

ਗੁਰੂ ਹਰਿਗੋਬਿੰਦ ਜੀ ਕੇਵਲ ਗਿਆਰਾਂ ਸਾਲਾਂ ਦੇ ਹੀ ਸਨ ਜਦੋਂ ਉਹ ਆਪਣੇ ਸ਼ਹੀਦ ਹੋਏ ਪਿਤਾ ਜੀ ਦੀ ਗੱਦੀ ਤੇ ਬੈਠੇ। ਉਨ੍ਹਾਂ ਨੂੰ ਗੁਰਿਆਈ ਦੇ ਉੱਚੇ ਅਹੁਦੇ ਲਈ ਬੜੀ ਸਾਵਧਾਨੀ ਨਾਲ ਸਿਖਿਆ ਦਿੱਤੀ ਗਈ ਸੀ। ਇਹ ਗੱਦੀ ਬਦਲੇ ਹੋਏ ਹਾਲਾਤ ਵਿਚ ਨਾ ਕੇਵਲ ਮਾਣ ਵਾਲੀ ਥਾਂ ਹੀ ਸੀ ਸਗੋਂ ਮਹਾਨ ਖ਼ਤਰੇ ਵਾਲੀ ਵੀ ਸੀ ਅਤੇ ਕੋਈ ਸਾਧਾਰਣ ਵਿਅਕਤੀ ਇਸ ਤੇ ਪੂਰਾ ਨਹੀਂ ਸੀ ਉੱਤਰ ਸਕਦਾ। ਸਮੇਂ ਦੀ ਲੋੜ ਨੂੰ ਦੇਖਦਿਆਂ ਹੋਇਆਂ ਉਨ੍ਹਾਂ ਦੇ ਪਿਤਾ ਜੀ ਨੇ ਉਨ੍ਹਾਂ ਨੂੰ ਬਾਬਾ ਬੁੱਢਾ ਜੀ ਦੇ ਸਪੁਰਦ ਕਰ ਦਿੱਤਾ ਸੀ। ਬਾਬਾ ਬੁੱਢਾ ਜੀ ਇਕ ਤਜਰਬੇਕਾਰ ਸਿੱਖ ਸੀ। ਉਨ੍ਹਾਂ ਨੂੰ ਕਿਹਾ ਗਿਆ ਕਿ ਹਰਿਗੋਬਿੰਦ ਜੀ ਨੂੰ ਇਕ ਸੰਤ-ਸਿਪਾਹੀ ਬਣਾ ਦਿੱਤਾ ਜਾਵੇ। ਬੁੱਢਾ ਜੀ ਨੇ ਉਨ੍ਹਾਂ ਨੂੰ ਪਵਿੱਤਰ ਗਾਥਾ ਦੀ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਘੋੜ-ਸਵਾਰੀ, ਸ਼ਿਕਾਰ ਖੇਡਣ, ਕੁਸ਼ਤੀਆਂ ਲੜਨ ਅਤੇ ਕਈ ਹੋਰ ਬਹਾਦੁਰੀ ਦੀਆਂ ਖੇਡਾਂ ਤੋਂ ਇਲਾਵਾ ਆਕਰਮਣਕਾਰੀ ਅਤੇ ਰਖਿਅਕ ਸ਼ਸਤਰਾਂ ਦੀ ਵਰਤੋਂ ਵੀ ਸਿਖਾਈ। ਸੋ ਇਵੇਂ ਉਹ ਇਕ ਸਰਵ-ਪੱਖੀ ਪੁਰਸ਼ ਦੇ ਰੂਪ ਵਿਚ ਜੁਆਨ ਹੋਏ ਜਿਹੜੇ ਸਰੀਰਕ ਪੱਖੋਂ ਤੰਦਰੁਸਤ ਅਤੇ ਤਕੜੇ ਅਤੇ ਨਾਲ ਹੀ ਸੰਤ ਪੁਰਸ਼ ਅਤੇ ਬ੍ਰਹਮ ਗਿਆਨੀ ਸਨ।[75]

ਗੱਦੀ ਉੱਤੇ ਬੈਠਣ ਸਮੇਂ ਉਨ੍ਹਾਂ ਨੇ ਦੋ ਤਲਵਾਰਾਂ ਪਹਿਨੀਆਂ ਜਿਨ੍ਹਾਂ ਵਿੱਚੋਂ ਇਕ ਆਤਮਕ ਪੱਖ ਅਤੇ ਦੂਜੀ ਸੰਸਾਰਕ ਪੱਖ ਨੂੰ ਦਰਸਾਉਂਦੀ ਸੀ। ਗੁਰੂ ਸਾਹਿਬ ਨੇ ਆਪਦੇ ਮਸੰਦਾਂ ਦੇ ਨਾਂ ਇਕ ਗਸ਼ਤੀ-ਪੱਤਰ ਭੇਜਿਆ ਕਿ ਉਹ ਸਿੱਖਾਂ ਨੂੰ ਕਹਿਣ ਕਿ ਅਗਾਂਹ ਨੂੰ ਆਪਣੀ ਭੇਟਾ ਵਜੋਂ ਹਥਿਆਰ ਅਤੇ ਘੋੜੇ ਲਿਆਉਣ। ਉਨ੍ਹਾਂ ਨੇ ਅੰਮ੍ਰਿਤਸਰ ਸ਼ਹਿਰ ਦੀ ਛੋਟੀ ਜਿਹੀ ਕਿਲ੍ਹਾਬੰਦੀ ਕਰਕੇ, ਜਿਸ ਨੂੰ ਲੋਹਗੜ੍ਹ ਕਹਿੰਦੇ ਸਨ, ਸ਼ਹਿਰ ਨੂੰ ਮਜ਼ਬੂਤ ਬਣਾਇਆ। 1609 ਈ. ਵਿਚ ਉਨ੍ਹਾਂ ਨੇ ਸਿੱਖਾਂ ਦੇ ਜੁੜ ਬੈਠਣ ਲਈ ਇਕ ਅਸਥਾਨ ਬਣਵਾਇਆ ਜਿਸ ਦਾ ਨਾਂ ਅਕਾਲ ਤਖ਼ਤ (ਅਕਾਲ ਬੁੰਗਾ) ਰਖਿਆ। ਇਸ ਅਸਥਾਨ ਤੇ ਪ੍ਰਾਰਥਨਾ ਅਤੇ ਪ੍ਰਚਾਰ ਕਰਨ ਤੋਂ ਇਲਾਵਾ ਕੌਮ ਦੀ ਭਲਾਈ ਨਾਲ ਸਬੰਧਿਤ ਪ੍ਰਸ਼ਨਾਂ ਉੱਤੇ ਵਿਚਾਰਾਂ ਹੁੰਦੀਆਂ ਸਨ। ਉਨ੍ਹਾਂ ਨੇ ਬੜੇ ਤਕੜੇ 52 ਸਿੱਖਾਂ ਨੂੰ ਅੰਗ ਰਖਿਅਕ ਦਲ ਵਜੋਂ ਭਰਤੀ ਕੀਤਾ। ਇਹ ਦਲ ਉਨ੍ਹਾਂ ਦੀ ਅਗਾਂਹ ਬਣਨ ਵਾਲੀ ਸੈਨਾ ਦਾ ਮੁੱਢ ਸਨ। ਮਾਝੇ, ਮਾਲਵੇ ਅਤੇ ਦੁਆਬੇ ਦੇ ਪੰਜ ਸੌ ਨੌਜਵਾਨ ਸਿੱਖਾਂ ਨੇ ਆਪਣੇ ਧਰਮ ਦੀ ਖ਼ਾਤਰ ਮਰ ਮਿਟਣ ਲਈ ਆਪਣੀਆਂ ਸੇਵਾਵਾਂ ਭੇਟ ਕੀਤੀਆਂ। ਉਨ੍ਹਾਂ ਨੂੰ ਤਨਖ਼ਾਹ ਨਹੀਂ ਸੀ ਚਾਹੀਦੀ। ਗੁਰੂ ਜੀ ਨੇ ਉਨ੍ਹਾਂ ਵਿਚੋਂ ਹਰ ਇਕ ਨੂੰ ਘੋੜਾ ਅਤੇ ਯੁੱਧ ਦੇ ਸਾਧਾਰਣ ਹਥਿਆਰ ਦਿੱਤੇ ਅਤੇ ਉਨ੍ਹਾਂ ਦੀ ਇਕ ਸੈਨਾ ਬਣਾ ਦਿੱਤੀ। ਉਨ੍ਹਾਂ ਨੇ ਸਿੱਖਾਂ ਨੂੰ ਬਾਹਰ ਸ਼ਿਕਾਰ ਤੇ ਲਿਜਾ.ਕੇ ਇਨ੍ਹਾਂ ਲਈ ਖੇਡਾਂ ਤੇ ਕੁਸ਼ਤੀਆਂ ਦਾ ਪ੍ਰਬੰਧ ਕਰਕੇ ਅਤੇ ਜੰਗੀ ਸੰਗੀਤ ਦੇ ਮੁਕਾਬਲੇ ਕਰਵਾ ਕੇ ਉਨ੍ਹਾਂ ਦੇ ਹੌਸਲੇ ਬਰਕਰਾਰ ਰਖੇ। ਸਵੇਰ ਦਾ ਧਾਰਮਿਕ ਨਿਤਨੇਮ ਪਹਿਲੇ ਦੀ ਤਰ੍ਹਾਂ ਹੀ ਹਰਿਮੰਦਰ ਸਾਹਿਬ ਦੇ ਅੰਦਰ ਹੁੰਦਾ ਸੀ ਜਿੱਥੇ ਹੋਰ ਸ਼ਬਦਾਂ ਤੋਂ ਬਿਨਾਂ ਕੁਝ ਵਾਰਾਂ ਜਿਨ੍ਹਾਂ ਨੂੰ ਗੁਰੂ ਅਰਜਨ ਸਾਹਿਬ ਨੇ ਬੀਰ-ਰਸੀ ਧੁਨਾਂ ਉੱਤੇ ਬੰਨ੍ਹਿਆ ਹੋਇਆ

74. See V.A. Smith's *Akbar;* Macauliffe, III, pp, 16-17; Archer's *Sikhs.* pp. 169-170.

75. ਭਾਈ ਗੁਰਦਾਸ ਉਨ੍ਹਾਂ ਬਾਰੇ ਕਹਿੰਦਾ ਹੈ "ਬਡ ਜੋਧਾ ਗੁਰ ਸੂਰਮਾ ਦਲ ਭੰਜਨ ਹੈ ਪਰਉਪਕਾਰੀ।" (ਵਾਰ ਪਹਿਲੀ, ਪਉੜੀ 48).

ਸੀ, ਗਾਈਆਂ ਜਾਂਦੀਆਂ ਸਨ। ਗੁਰੂ ਜੀ ਪ੍ਰਚਾਰ ਵੀ ਕਰਦੇ ਅਤੇ ਸੰਗਤਾਂ ਦੀਆਂ ਪ੍ਰਾਰਥਨਾਵਾਂ ਵਿਚ ਅਗਵਾਈ ਵੀ ਕਰਦੇ ਸਨ। ਦੁਪਹਿਰ ਤੋਂ ਬਾਅਦ ਅਕਾਲ ਤਖ਼ਤ ਦੇ ਸਾਹਮਣੇ ਵਿਹੜੇ ਵਿਚ ਸਿੱਖਾਂ ਵੱਲੋਂ ਸਰੀਰਕ ਕਰਤਵ ਦਿਖਾਏ ਜਾਂਦੇ ਸਨ, ਜਾਂ ਯਾਤਰੂਆਂ ਨੂੰ ਮਿਲਿਆ ਜਾਂਦਾ ਸੀ ਅਤੇ ਸਿੱਖਾਂ ਦੀਆਂ ਸ਼ਿਕਾਇਤਾਂ ਦੂਰ ਕੀਤੀਆਂ ਜਾਂਦੀਆਂ ਸਨ। ਇਸ ਤਰ੍ਹਾਂ ਸਿੱਖਾਂ ਨੂੰ ਆਪਸੀ ਝਗੜੇ ਆਪੇ ਹੀ ਨਜਿੱਠ ਲੈਣ ਲਈ ਉਤਸਾਹ ਦਿੱਤਾ ਜਾਂਦਾ ਸੀ। ਗੁਰੂ ਹਰਿਗੋਬਿੰਦ ਜੀ ਦੇ ਸਮੇਂ ਇਕ ਅਜਿਹੀ ਮਰਿਆਦਾ ਸਥਾਪਿਤ ਕੀਤੀ ਗਈ, ਜਿਹੜੀ ਹੁਣ ਵੀ-ਜਾਰੀ ਹੈ, ਕਿ ਰਾਤ ਦੇ ਵਕਤ ਹਰਿਮੰਦਰ ਸਾਹਿਬ ਦੇ ਚੁਗਿਰਦੇ ਬਿਗਲਾਂ ਦੀ ਗੂੰਜ, ਜੋਤਾਂ ਦੀ ਚਮਕ ਅਤੇ ਉਤੇਜਿਤ ਕਰਨ ਵਾਲੀਆਂ ਧੁਨਾਂ ਵਿਚ ਸ਼ਬਦਾਂ ਦਾ ਗਾਇਨ ਕਰਨ ਵਾਲੀ ਕੀਰਤਨੀ ਚੌਕੀ ਨਿਕਲਦੀ ਸੀ। ਇਨ੍ਹਾਂ ਸਾਰੇ ਪ੍ਰੋਗਰਾਮਾਂ ਨੇ ਸਿੱਖਾਂ ਦੀਆਂ ਢਹਿੰਦੀਆਂ ਕਲਾਂ ਵਿਚ ਨਵੀਂ ਰੂਹ ਭਰ ਦਿੱਤੀ ਅਤੇ ਸਿੱਖ, ਜਿਵੇਂ ਕਿ ਸਿੱਖ ਲਿਖਤਾਂ ਵਿਚ ਆਉਂਦਾ ਹੈ, ਇਵੇਂ ਉਭਰਨ ਲੱਗ ਪਏ ਜਿਵੇਂ ਬਰਸਾਤ ਦੇ ਮੌਸਮ ਵਿਚ ਸਬਜ਼ੀਆਂ ਵਧਦੀਆਂ ਫੁੱਲਦੀਆਂ ਹਨ।

ਪ੍ਰਤੱਖ ਤੌਰ ਤੇ ਮੁਗ਼ਲ ਬਾਦਸ਼ਾਹ ਇਨ੍ਹਾਂ ਤਿਆਰੀਆਂ ਤੋਂ ਡਰ ਗਿਆ ਅਤੇ ਗੁਰੂ ਜੀ ਨੂੰ ਆਪਣੇ ਪਾਸ ਬੁਲਾਇਆ। ਗੁਰੂ ਜੀ ਬਾਦਸ਼ਾਹ ਦੇ ਪਾਸ ਗਏ ਪਰ ਉਨ੍ਹਾਂ ਨੂੰ ਸ਼ਾਹੀ ਕੈਦੀ ਦੀ ਹੈਸੀਅਤ ਵਿਚ ਗਵਾਲੀਅਰ ਦੇ ਕਿਲੇ[76] ਵਿਚ ਭੇਜ ਦਿੱਤਾ ਗਿਆ ਜਿੱਥੇ ਕੁਝ ਹੋਰ ਰਾਜੇ ਵੀ ਆਪਣੀਆਂ ਸਜ਼ਾਵਾਂ ਦੀਆਂ ਮਿਆਦਾਂ ਭੁਗਤ ਰਹੇ ਸਨ। ਗੁਰੂ ਜੀ ਨੇ ਉਹ ਚੰਗਾ ਭੋਜਨ, ਜਿਹੜਾ ਉਨ੍ਹਾਂ ਨੂੰ ਜੇਲ੍ਹ ਵਿਚ ਦਿੱਤਾ ਗਿਆ, ਛਕਣ ਤੋਂ ਨਾਂਹ ਕਰ ਦਿੱਤੀ ਅਤੇ ਉਸ ਸਾਧਾਰਣ ਖ਼ੁਰਾਕ ਉੱਤੇ ਗੁਜ਼ਾਰਾ ਕਰਨਾ ਪਸੰਦ ਕੀਤਾ ਜਿਹੜੀ ਉਹ ਸਿੱਖ ਲਿਆਉਂਦੇ ਸਨ ਜਿਹੜੇ ਕਿਲ੍ਹੇ ਤੋਂ ਬਾਹਰ ਸਖ਼ਤ ਘਾਲ ਕਰਦੇ ਸਨ। ਗੁਰੂ ਜੀ ਦੇ ਕਸ਼ਟਾਂ ਤੋਂ ਉਨ੍ਹਾਂ ਦੇ ਸਿੱਖਾਂ ਦੇ ਮਨਾਂ ਵਿਚ ਉਨ੍ਹਾਂ ਪ੍ਰਤੀ ਸਤਿਕਾਰ ਵਿਚ ਬਹੁਤ ਵਾਧਾ ਹੋਇਆ। ਸਿੱਖ ਲੰਮੀਆਂ ਮੰਜ਼ਲਾਂ ਮਾਰ ਕੇ, ਜੱਥੇ ਬੰਨ੍ਹ ਕੇ ਗਵਾਲੀਅਰ ਪੁਜਦੇ ਅਤੇ ਬਾਹਰੋਂ ਹੀ ਕਿਲ੍ਹੇ ਦੀਆਂ ਦੀਵਾਰਾਂ ਨੂੰ ਚੁੰਮ ਕੇ ਆਪਣੇ ਘਰਾਂ ਨੂੰ ਮੁੜ ਜਾਂਦੇ। ਕੁਝ ਚੰਗੇ ਮੁਸਲਮਾਨਾਂ ਨੇ ਵੀ ਗੁਰੂ ਜੀ ਪ੍ਰਤੀ ਹਮਦਰਦੀ ਵਿਚ ਆਵਾਜ਼ ਉਠਾਈ ਅਤੇ ਗੁਰੂ ਜੀ ਨੂੰ ਛੱਡਣ ਲਈ ਬਾਦਸ਼ਾਹ ਦਾ ਮਨ ਵੀ ਪਿਘਲ ਪਿਆ ਪਰ ਗੁਰੂ ਜੀ ਨੇ ਰਿਹਾਈ ਦੀ ਪੇਸ਼ਕਸ਼ ਉਦੋਂ ਤਕ

76. ਮੋਹਸਿਨ ਫ਼ਾਨੀ ਅਨੁਸਾਰ ਗੁਰੂ ਸਾਹਿਬ ਕਿਲ੍ਹੇ ਵਿਚ 12 ਸਾਲ ਰਹੇ ਪਰ ਇਹ ਗੱਲ ਬਿਲਕੁਲ ਅਣਹੋਣੀ ਹੈ ਕਿਉਂਕਿ ਇਨ੍ਹਾਂ ਸਾਲਾਂ ਵਿਚ ਹੀ ਉਨ੍ਹਾਂ ਦੇ ਘਰ ਕਈ ਬੱਚੇ ਪੈਦਾ ਹੋਏ ਸਨ : ਗੁਰਦਿੱਤਾ 1613 ਵਿਚ, ਵੀਰੋ 1615 ਵਿਚ, ਸੂਰਜਮਲ 1617 ਵਿਚ, ਅਣੀ ਰਾਏ 1618 ਵਿਚ, ਅਟੱਲ ਜੀ 1619 ਅਤੇ ਤੇਗ਼ ਬਹਾਦੁਰ ਜੀ 1621 ਵਿਚ। ਗੁਰੂ ਸਾਹਿਬ ਨੇ ਗਵਾਲੀਅਰ ਵਿਚ ਦੋ ਸਾਲਾਂ ਤੋਂ ਵੱਧ ਨਹੀਂ ਲੰਘਾਏ ਜਾਪਦੇ ਅਤੇ 1614 ਵਿਚ ਕਿਸੇ ਸਮੇਂ ਵਾਪਿਸ ਮੁੜ ਆਏ ਹੋਣਗੇ। ਫੌਰਸਟਰ ਇਸ ਨੂੰ 'ਛੋਟੇ ਸਮੇਂ ਦੀ ਨਜ਼ਰਬੰਦੀ ਕਹਿੰਦਾ ਹੈ' (ਪੰਨਾ 259)। ਹੋ ਸਕਦਾ ਹੈ ਕਿ ਗੁਰੂ ਸਾਹਿਬ ਨੂੰ 12 ਸਾਲਾਂ ਦਾ ਜੇਲ੍ਹਖ਼ਾਨਾ ਹੋਇਆ ਹੋਵੇ ਪਰ ਉਨ੍ਹਾਂ ਦੇ ਹੱਕ ਵਿਚ ਮੀਆਂ ਮੀਰ ਅਤੇ ਦੂਜੇ ਕਈ ਲੋਕਾਂ ਦੀਆਂ ਬੇਨਤੀਆਂ ਤੇ ਉਨ੍ਹਾਂ ਨੂੰ ਪਹਿਲਾਂ ਹੀ ਛੱਡ ਦਿੱਤਾ ਗਿਆ ਹੋਵੇ।

ਗੁਰੂ ਸਾਹਿਬ ਨੂੰ ਕੈਦ ਕਰਨ ਲਈ ਲਿਖਾਰੀਆਂ ਨੇ ਵੱਖ-ਵੱਖ ਕਾਰਨ ਦਸੇ ਹਨ। *ਦਬਿਸਤਾਨ* ਵਿਚ ਦਿੱਤਾ ਕਾਰਣ ਇਹ ਹੈ ਕਿ ਗੁਰੂ ਜੀ ਆਪਣੇ ਪਿਤਾ ਜੀ ਨੂੰ ਕੀਤਾ ਜੁਰਮਾਨਾ ਅਦਾ ਨਹੀਂ ਸੀ ਕਰ ਸਕੇ ਜਿਸ ਕਰਕੇ ਉਨ੍ਹਾਂ ਨੂੰ ਕੈਦ ਕਰ ਦਿੱਤਾ ਗਿਆ ਪਰ ਇਹ ਕਾਰਣ ਇਸ ਕਰਕੇ ਪ੍ਰਵਾਨ ਨਹੀਂ ਕੀਤਾ ਜਾ ਸਕਦਾ ਕਿ ਅਜਿਹਾ ਕੋਈ ਜੁਰਮਾਨਾ ਹੀ ਨਹੀਂ ਸੀ ਕੀਤਾ ਗਿਆ। ਘੱਟੋ ਘੱਟ *ਤੁਜ਼ਕ* ਵਿਚ ਤਾਂ ਇਸ ਦਾ ਕੋਈ ਜ਼ਿਕਰ ਨਹੀਂ ਹੈ। ਇਹ ਵੀ ਇਕ ਅਜੀਬ ਇਲਜ਼ਾਮ ਹੈ ਕਿ ਗੁਰੂ ਜੀ ਨੇ ਉਹ ਪੈਸਾ ਗਬਨ ਕਰ ਲਿਆ ਸੀ ਜੋ ਫ਼ੌਜਾਂ ਨੂੰ ਤਨਖਾਹ ਤਾਰਨ ਲਈ ਉਨ੍ਹਾਂ ਨੂੰ ਦਿੱਤਾ ਗਿਆ ਸੀ। ਇਹ ਗੱਲ ਵੀ *ਦਬਿਸਤਾਨ* ਦੇ ਸ਼ੀਆ ਅਤੇ ਟਰੋਇਰ ਵੱਲੋਂ ਕੀਤੇ ਗਲਤ ਅਨੁਵਾਦ ਉੱਤੇ ਆਧਾਰਿਤ ਹੈ ਜਿਸ ਨੂੰ ਕਨਿੰਘਮ, ਗੋਕਲ ਚੰਦ ਨਾਰੰਗ ਆਦਿ ਨੇ ਵਰਤਿਆ ਸੀ ਅਤੇ ਜਿਨ੍ਹਾਂ ਨੇ ਅਸਲ ਇਬਾਰਤ ਨੂੰ ਦੇਖਿਆ ਤਕ ਨਹੀਂ। ਉਸ ਵਿਚ ਇਹ ਵਾਕ ਹੈ : 'ਵਜ਼ਹ-ਏ-ਸਿਪਾਹੀਆਂ ਪੇਸ਼ ਗ੍ਰਿਫ਼ਤ'। ਇਸ ਦਾ ਭਾਵ ਇਹ ਹੈ ਕਿ ਗੁਰੂ ਜੀ ਨੇ ਸੈਨਿਕਾਂ ਦਾ ਢੰਗ ਤਰੀਕਾ ਧਾਰਨ ਕਰ ਲਿਆ।

ਪ੍ਰਵਾਨ ਨਾ ਕੀਤੀ ਜਦੋਂ ਤਕ ਕਿ ਉਨ੍ਹਾਂ ਦੇ ਨਾਲ ਹੀ ਕੈਦ ਸਾਰੇ 52 ਰਾਜਿਆਂ ਨੂੰ ਵੀ ਛੱਡਣ ਲਈ ਬਾਦਸ਼ਾਹ ਤਿਆਰ ਨਹੀਂ ਹੋਇਆ। ਉਥੋਂ ਨਿਕਲਣ ਸਮੇਂ ਹਰ ਕੈਦੀ ਰਾਜੇ ਨੇ ਗੁਰੂ ਜੀ ਦੇ ਚੋਗੇ ਦਾ ਕੋਈ ਨਾ ਕੋਈ ਹਿੱਸਾ ਫੜਿਆ ਹੋਇਆ ਸੀ। ਇਸ ਤਰ੍ਹਾਂ ਬਾਕੀ ਕੈਦੀਆਂ ਨੂੰ ਵੀ ਰਿਹਾ ਕਰਾਉਣ ਕਰਕੇ ਗੁਰੂ ਜੀ ਨੂੰ 'ਬੰਦੀ ਛੋੜ'[77] ਵਜੋਂ ਯਾਦ ਕੀਤਾ ਜਾਂਦਾ ਹੈ।

ਜਹਾਂਗੀਰ ਬਾਦਸ਼ਾਹ ਇਸ ਘਟਨਾ ਤੋਂ ਕਈ ਸਾਲ ਪਿੱਛੋਂ ਤਕ ਜਿਉਂਦਾ ਰਿਹਾ ਪਰ ਉਸ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਮੁੜ ਕੋਈ ਹੋਰ ਵਧੇਰੇ ਤਕਲੀਫ਼ ਨਹੀਂ ਦਿੱਤੀ ਸਗੋਂ ਬਾਦਸ਼ਾਹ ਨੇ ਗੁਰੂ ਜੀ ਨਾਲ ਮਿੱਤਰਤਾ ਪਾਉਣ ਦਾ ਯਤਨ ਕੀਤਾ। ਉਸ ਨੂੰ ਇਹ ਅਨੁਭਵ ਹੋ ਗਿਆ ਮਲੂਮ ਹੁੰਦਾ ਸੀ ਕਿ ਗੁਰੂ ਅਰਜਨ ਸਾਹਿਬ ਦੇ ਮਾਮਲੇ ਨੂੰ ਨਜਿਠਣ ਵਿਚ ਉਸ ਨੂੰ ਗੁਮਰਾਹ ਕੀਤਾ ਗਿਆ ਸੀ ਅਤੇ ਚੰਦੂ ਸ਼ਾਹ ਉੱਤੇ ਇਲਜ਼ਾਮ ਮੜ੍ਹਨ ਲਈ ਚੰਦੂ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੇ ਸਪੁਰਦ ਕੀਤਾ ਗਿਆ ਸੀ। ਚੰਦੂ ਨੂੰ ਲਾਹੌਰ ਦੀਆਂ ਗਲੀਆਂ ਵਿਚ ਫੇਰਿਆ ਗਿਆ ਜਿੱਥੇ ਇਕ ਦਾਣੇ ਭੁਨਣਵਾਲੇ (ਭਠਿਆਰੇ) ਨੇ ਕੜਛੀ ਮਾਰ ਕੇ ਚੰਦੂ ਨੂੰ ਥਾਂ ਹੀ ਮਾਰ ਦਿੱਤਾ। ਜਹਾਂਗੀਰ ਗੁਰੂ ਜੀ ਨਾਲ ਸ਼ਿਕਾਰ ਖੇਡਣ ਜਾਂਦਾ ਅਤੇ ਉਨ੍ਹਾਂ ਦੀ ਸੰਗਤ ਤੋਂ ਬਹੁਤ ਲਾਭ ਉਠਾਉਂਦਾ।[78] ਬਾਦਸ਼ਾਹ ਨੇ ਅੰਮ੍ਰਿਤਸਰ ਦੀ ਵੀ ਯਾਤਰਾ ਕੀਤੀ ਅਤੇ ਆਪਣੇ ਖ਼ਰਚੇ ਤੇ ਅਕਾਲ ਤਖ਼ਤ ਦੀ ਇਮਾਰਤ ਨੂੰ ਮੁਕੰਮਲ ਕਰਨ ਦੀ ਪੇਸ਼ਕਸ਼ ਕੀਤੀ ਪਰ ਗੁਰੂ ਜੀ ਨੇ ਇਹ ਕਹਿ ਕੇ ਪੇਸ਼ਕਸ਼ ਪ੍ਰਵਾਨ ਕਰਨ ਤੋਂ ਨਾਂਹ ਕਰ ਦਿੱਤੀ ਕਿ, "ਮੈਨੂੰ ਅਤੇ ਮੇਰੇ ਸਿੱਖਾਂ ਨੂੰ ਆਪਣੇ ਸਰੀਰਾਂ ਦੀ ਮਿਹਨਤ ਸਦਕੇ ਅਤੇ ਆਪਣੇ ਸੀਮਤ ਅਤੇ ਤੰਗ ਸਾਧਨਾਂ ਵਿੱਚੋਂ ਹਿੱਸਾ ਪਾ ਕੇ ਅਕਾਲ ਤਖ਼ਤ ਬਣਾਉਣ ਦਿਉ। ਮੈਂ ਇਸ ਨੂੰ ਆਪਣੇ ਸਿੱਖਾਂ ਦੀ ਸੇਵਾ ਅਤੇ ਕੁਰਬਾਨੀ ਦਾ ਚਿੰਨ੍ਹ ਬਣਾਉਣਾ ਚਾਹੁੰਦਾ ਹਾਂ ਨਾ ਕਿ ਬਾਦਸ਼ਾਹ ਦੀ ਖੁਲ੍ਹਦਿਲੀ ਦੀ ਯਾਦਗਾਰ।"

ਗੁਰੂ ਜੀ ਅਮਨ ਸ਼ਾਂਤੀ ਦਾ ਮੌਕਾ ਮਿਲਣ ਤੇ ਪ੍ਰਚਾਰ ਦੇ ਕੰਮ ਵਿਚ ਜੁੱਟ ਗਏ। ਗੁਰੂ ਨਾਨਕ ਜੀ ਤੋਂ ਬਾਅਦ ਉਹ ਪਹਿਲੇ ਗੁਰੂ ਸਨ ਜਿਹੜੇ ਆਪਣੇ ਧਰਮ ਦਾ ਪ੍ਰਸਾਰ ਕਰਨ ਲਈ ਪੰਜਾਬੋਂ ਬਾਹਰ ਗਏ। ਉਹ ਗੁਰੂ ਨਾਨਕ ਜੀ ਦੀ ਤਰ੍ਹਾਂ ਥਾਂ ਥਾਂ ਘੁੰਮੇ ਅਤੇ ਉੱਤਰ ਵਿਚ ਕਸ਼ਮੀਰ ਤਕ ਗਏ ਅਤੇ ਪੂਰਬ ਵਿਚ ਪੀਲੀਭੀਤ ਦੇ ਲਾਗੇ ਨਾਨਕਮਤੇ ਤਕ ਗਏ। ਉਨ੍ਹਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਵਿੱਚੋਂ ਬਹੁਤ ਸਾਰਿਆਂ ਨੂੰ ਸਿੱਖ ਬਣਾਇਆ। ਕਸ਼ਮੀਰ[79] ਵਿਚ ਤਾਂ ਖ਼ਾਸ ਕਰਕੇ ਉਨ੍ਹਾਂ ਨੇ ਹਜ਼ਾਰਾਂ ਨੂੰ

77. ਕਿਲ੍ਹੇ ਵਿਚ ਉਸ ਥਾਂ ਉੱਤੇ ਇਸ ਉਪਨਾਮ ਵਾਲਾ ਸ਼ਿਲਾਲੇਖ ਹਾਲੇ ਵੀ ਲਗਾ ਹੋਇਆ ਹੈ। ਸਿੱਖਾਂ ਲਈ ਇਹ ਯਾਤਰਾ-ਸਥਾਨ ਹੈ।

78. ਕੁਝ ਲਿਖਾਰੀਆਂ ਜਿਵੇਂ ਕਿ ਗੋਕਲ ਚੰਦ ਨਾਰੰਗ, ਬੈਨਰਜੀ, ਰੋਜ਼ ਆਦਿ ਨੂੰ *ਦਬਿਸਤਾਨ* ਦੇ ਗਲਤ ਅਨੁਵਾਦ ਤੋਂ ਗਲਤੀ ਲਗੀ ਹੈ ਕਿ ਗੁਰੂ ਜੀ ਨੇ ਜਹਾਂਗੀਰ ਦੇ ਅਧੀਨ ਨੌਕਰੀ ਕਰ ਲਈ ਸੀ। ਸ਼ੀਆ ਅਤੇ ਟਰੋਇਰ ਲਿਖਦੇ ਹਨ ਕਿ ਗੁਰੂ ਜੀ ਸ਼ਾਹਜਹਾਨ ਦੀ ਨੌਕਰੀ ਵਿਚ ਭਰਤੀ ਹੋ ਗਏ ਸਨ (ਪੰਨਾ 274), ਪਰ ਅਸਲ ਲਿਖਤ ਉੱਤੇ ਨਜ਼ਰ ਮਾਰਨੇ ਨਾਲ ਇਕ ਵੱਖਰੀ ਹੀ ਕਹਾਣੀ ਮਿਲਦੀ ਹੈ।

79. ਗੁਰੂ ਨਾਨਕ ਸਾਹਿਬ ਦੀ ਕਸ਼ਮੀਰ ਯਾਤਰਾ ਦੇ ਸਮੇਂ ਤੋਂ ਲੈ ਕੇ ਬ੍ਰਹਮ ਦਾਸ ਅਤੇ ਉਸ ਦੇ ਉੱਤਰਾਧਿਕਾਰੀ ਕਸ਼ਮੀਰ ਵਾਦੀ ਵਿਚ ਸਿੱਖ ਸੰਗਤਾਂ ਦੀ ਦੇਖ ਭਾਲ ਕਰਦੇ ਆਏ ਸਨ। ਗੁਰੂ ਅਰਜਨ ਸਾਹਿਬ ਨੇ ਮਾਧੋ ਸੋਢੀ ਨੂੰ ਨਿਯੁਕਤ ਕੀਤਾ ਹੋਇਆ ਸੀ (ਦੇਖੋ ਭਾਈ ਗੁਰਦਾਸ, *'ਵਾਰ'* ੧੧, *ਮਹਿਮਾਂ ਪ੍ਰਕਾਸ਼* ਅਤੇ *ਗੁਰ ਸਿੱਖ ਭਗਤ ਰਤਨਾਵਲੀ*)। ਗੁਰੂ ਹਰਿਗੋਬਿੰਦ ਸਾਹਿਬ ਨੇ ਭਾਈ ਗੜ੍ਹੀਏ ਨੂੰ ਭੇਜਿਆ ਜੋ ਗੁਰੂ ਤੇਗ ਬਹਾਦੁਰ ਜੀ ਦੇ ਸਮੇਂ ਤਕ ਕਸ਼ਮੀਰ ਵਿਚ ਰਿਹਾ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਭਾਈ ਅਮੋਲਕ ਸਿੰਘ, ਭਾਈ ਫੇਰੂ ਸਿੰਘ, ਭਾਈ ਪੰਜਾਬ ਸਿੰਘ ਆਦਿ ਨੇ ਖਾਲਸੇ ਦੇ ਮਿਸ਼ਨ ਦਾ ਵਾਦੀ ਵਿਚ ਪ੍ਰਚਾਰ ਕੀਤਾ। (ਵੇਖੋ *ਗੁਝੇ ਹੀਰੇ* ਕ੍ਰਿਤ ਬੁਧ ਸਿੰਘ ਪੁੰਛ ਵਾਲੇ, 1927)। ਸਿੱਖੀ ਦੇ ਪ੍ਰਚਾਰ ਦੇ ਸਿੱਟੇ ਵਜੋਂ ਉਥੇ ਬਹੁਤ ਸਾਰੇ ਗੁਰਦੁਆਰੇ ਸ੍ਰੀਨਗਰ, ਬਾਰਾਮੂਲਾ, ਮਟਨ, ਵੈਰੀਨਾਗ, ਅਨੰਤਨਾਗ, ਇਸਲਾਮਾਬਾਦ ਅਤੇ ਨਾਲੂਛੀ ਦੇ ਸਥਾਨਾਂ ਤੇ ਬਣ ਗਏ। ਬਹੁਤ ਸਾਰੇ ਸਿੱਖ ਬਣੇ ਲੋਕ, ਵਿਸ਼ੇਸ਼ ਕਰਕੇ ਉਨ੍ਹਾਂ ਦੇ ਪ੍ਰਚਾਰਕ, ਬ੍ਰਾਹਮਣ ਪਰਿਵਾਰਾਂ ਵਿੱਚੋਂ ਸਨ।

ਸਿੱਖ ਬਣਾਇਆ ਜਿਹੜੇ ਹਿੰਦੂਆਂ ਤੋਂ ਮੁਸਲਮਾਨ ਬਣੇ ਹੋਏ ਸਨ। ਮੈਦਾਨਾਂ ਵਿਚ ਆਉਣ ਤੇ ਗੁਜਰਾਤ ਵਿਖੇ ਇਕ ਘਟਨਾ ਵਾਪਰੀ ਜਿਸ ਤੋਂ ਗੁਰੂ ਜੀ ਦੀ ਅਨੋਖੀ ਆਤਮਾ ਦਾ ਪਤਾ ਲਗਦਾ ਹੈ। ਸ਼ਾਹ ਦੋਲਾ ਨੇ, ਜਿਸ ਦੇ ਮੰਦਰ ਦਾ ਹੁਣ ਵੀ ਹਜਾਰਾਂ ਆਦਮੀ ਸਤਿਕਾਰ ਕਰਦੇ ਹਨ, ਗੁਰੂ ਜੀ ਸਾਹਮਣੇ ਗਿਲਾ ਕੀਤਾ ਅਤੇ ਕਿਹਾ :

*ਹਿੰਦੂ ਕੀ ਤੇ ਪੀਰੀ ਕੀ?*
*ਔਰਤ ਕੀ ਤੇ ਫ਼ਕੀਰੀ ਕੀ?*
*ਪੁੱਤਰ ਕੀ ਤੇ ਵੈਰਾਗ ਕੀ?*
*ਦੌਲਤ ਕੀ ਤੇ ਤਿਆਗ ਕੀ?*

ਗੁਰੂ ਜੀ ਨੇ ਉੱਤਰ ਦਿੱਤਾ :

*ਔਰਤ ਈਮਾਨ।*
*ਪੁੱਤਰ ਨਿਸ਼ਾਨ।*
*ਦੌਲਤ ਗੁਜ਼ਰਾਨ।*
*ਫ਼ਕੀਰ ਨਾ ਹਿੰਦੂ ਨਾ ਮੁਸਲਮਾਨ।*

ਉਨ੍ਹਾਂ ਨੇ ਪਿਛਲੇ ਗੁਰੂ ਸਾਹਿਬਾਨ ਨਾਲ ਸਬੰਧਿਤ ਥਾਵਾਂ ਦੀ ਯਾਤਰਾ ਕੀਤੀ ਅਤੇ ਉਥੇ ਯਾਦਗਾਰਾਂ ਸਥਾਪਿਤ ਕੀਤੀਆਂ। ਉਨ੍ਹਾਂ ਨੇ ਗੁਰਦੁਆਰਿਆਂ ਵਿਚ ਬਾਕਾਇਦਾ ਪੂਜਾ ਪਾਠ ਕਰਨ ਦੇ ਪ੍ਰਬੰਧ ਕੀਤੇ। ਉਨ੍ਹਾਂ ਨੇ ਪਹਾੜਾਂ ਵਿਚ ਕੀਰਤਪੁਰ ਦਾ ਨਗਰ ਵੀ ਆਬਾਦ ਕੀਤਾ ਅਤੇ ਗੁਰਦੁਆਰਿਆਂ ਤੋਂ ਇਲਾਵਾ ਉਥੇ ਆਪਣੇ ਖਰਚ ਤੇ ਮੰਦਰ ਅਤੇ ਮਸਜਿਦਾਂ ਵੀ ਬਣਵਾਈਆਂ।

ਗੁਰੂ ਜੀ ਨੂੰ ਬਹੁਤ ਸਮਾਂ ਅਮਨ ਚੈਨ ਵਿਚ ਨਹੀਂ ਰਹਿਣ ਦਿੱਤਾ ਗਿਆ। 1627 ਈ. ਵਿਚ ਜਹਾਂਗੀਰ ਦੀ ਮੌਤ ਹੋ ਗਈ ਅਤੇ ਉਸ ਤੋਂ ਬਾਅਦ ਸ਼ਾਹ ਜਹਾਨ ਗੱਦੀ ਤੇ ਬੈਠਾ। ਨਵੇਂ ਬਾਦਸ਼ਾਹ ਨੇ ਗੈਰ-ਮੁਸਲਮਾਨਾਂ ਵੱਲ ਆਪਣੀ ਨੀਤੀ ਵਿਚ ਤਬਦੀਲੀ ਕੀਤੀ। ਉਸ ਨੇ ਮੁਸਲਮਾਨਾਂ ਦੇ ਆਪਣਾ ਧਰਮ ਬਦਲਣ ਉੱਤੇ ਪਾਬੰਦੀ ਲਾ ਦਿੱਤੀ[80] ਅਤੇ ਬਹੁਤ ਸਾਰੇ ਮੰਦਰਾਂ ਦੇ ਗਿਰਾ ਦੇਣ ਦਾ ਹੁਕਮ ਦਿੱਤਾ। ਆਪਣੀ ਅਜਿਹੀ ਨੀਤੀ ਕਰਕੇ ਉਸ ਦੀ ਸਿੱਖਾਂ ਨਾਲ ਟੱਕਰ ਹੋ ਗਈ। ਸਿੱਖ ਦੂਜੇ ਮਤਾਂ ਦੇ ਲੋਕਾਂ ਨੂੰ ਸਿੱਖ ਮਤ ਦੇ ਅਨੁਯਾਈ ਬਣਾਉਣ ਦੇ ਹੱਕ ਉੱਤੇ ਜ਼ੋਰ ਦੇਣ ਲਈ ਦ੍ਰਿੜ੍ਹ ਸਨ। ਉਹ ਲਾਹੌਰ ਵਿਚ ਆਪਣੀ ਪ੍ਰਸਿੱਧ ਬਾਉਲੀ ਦੀ ਨਿਰਾਦਰੀ ਉੱਤੇ, ਜਿਹੜੀ ਪੂਰ ਦਿੱਤੀ ਗਈ ਸੀ ਅਤੇ ਬਾਉਲੀ ਦੇ ਨਾਲ ਲਗਦੇ ਲੰਗਰ ਦੀ ਥਾਂ ਤੇ ਮਸਜਿਦ ਬਣਾਉਣ[81] ਉੱਤੇ, ਖ਼ਾਸ ਤੌਰ ਤੇ ਚਿੜੇ ਹੋਏ ਸਨ। ਦੋਨੋਂ ਧਿਰਾਂ ਲੜਾਈ ਲਈ ਤਿਆਰ ਸਨ ਅਤੇ ਛੋਟੇ ਤੋਂ ਛੋਟਾ ਕਾਰਣ ਵੀ ਇਕ ਦੂਜੇ ਤੇ ਹੱਲਾ ਬੋਲਣ ਲਈ ਕਾਫ਼ੀ ਸੀ।

1628 ਈ. ਵਿਚ ਇਕ ਦਿਨ ਸ਼ਾਹ ਜਹਾਨ ਅੰਮ੍ਰਿਤਸਰ ਦੇ ਨੇੜੇ ਸ਼ਿਕਾਰ ਖੇਡ ਰਿਹਾ ਸੀ।

---

80. ਵੇਖੋ Sri Ram Sharma's *Religious Policy of the Mughal Emperors*, p.107. ਗੁਰੂ ਜੀ ਨੇ ਕਸ਼ਮੀਰ ਵਿਚ ਬਹੁਤ ਸਾਰੇ ਮੁਸਲਮਾਨਾਂ ਨੂੰ ਸਿੱਖ ਬਣਾਇਆ ਸੀ ਪਰ ਲਾਹੌਰ ਦੇ ਕਾਜ਼ੀ ਦੀ ਧੀ ਕੌਲਾਂ ਦੇ ਸਿੱਖ ਬਣਨ ਤੋਂ ਮੁਸਲਮਾਨ ਬਹੁਤ ਭੜਕੇ। ਕੌਲਾਂ ਨੇ ਆਪਣਾ ਧਰਮ ਬਦਲ ਲਿਆ ਸੀ ਅਤੇ ਅਜਿਹੀ ਹਾਲਤ ਵਿਚ ਆਪਣੇ ਮਾਤਾ ਪਿਤਾ ਨਾਲ ਰਹਿਣਾ ਔਖਾ ਦੇਖ ਕੇ ਉਹ ਅੰਮ੍ਰਿਤਸਰ ਆ ਗਈ ਜਿੱਥੇ ਰਹਿਣ ਲਈ ਉਸ ਨੂੰ ਇਕ ਵੱਖਰਾ ਘਰ ਦੇ ਦਿੱਤਾ ਗਿਆ। ਪਿੱਛੋਂ ਉਸ ਦੇ ਸਨਮਾਨ ਵਿਚ ਹਰਿਮੰਦਰ ਸਾਹਿਬ ਦੇ ਦੱਖਣ ਵੱਲ ਸਰੋਵਰ ਪੁਟਵਾਇਆ ਗਿਆ ਜਿਸ ਦਾ ਨਾਂ 'ਕੌਲਸਰ' ਰਖਿਆ ਗਿਆ।
81. ਵੇਖੋ ਕਾਹਨ ਸਿੰਘ ਦਾ *ਮਹਾਨ ਕੋਸ਼*, ਪੰਨਾ 2573.

ਗੁਮਟਾਲਾ ਦੇ ਸਥਾਨ ਤੇ ਉਸ ਦਾ ਇਕ ਮਨ-ਪਸੰਦ ਬਾਜ਼ ਭੁੱਲ ਕੇ ਦੂਰ ਚਲਾ ਗਿਆ ਅਤੇ ਸਿੱਖਾਂ ਦੀ ਸ਼ਿਕਾਰ ਖੇਡਣ ਵਾਲੀ ਇਕ ਟੋਲੀ ਦੇ ਹੱਥ ਆ ਗਿਆ। ਉਨ੍ਹਾਂ ਨੇ ਇਹ ਬਾਜ਼ ਦੇਣ ਤੋਂ ਨਾਂਹ ਕਰ ਦਿੱਤੀ ਕਿਉਂਕਿ ਜਿਹੜੇ ਇਹ ਬਾਜ਼ ਲੈਣ ਆਏ ਸਨ ਸਿੱਖ ਉਨ੍ਹਾਂ ਨੂੰ ਪਛਾਣਦੇ ਨਹੀਂ ਸਨ। ਉਹ ਆਪਸ ਵਿਚ ਖਹਿਬੜਨ ਤੋਂ ਬਾਅਦ ਹੱਥੋ ਪਾਈ ਹੋ ਗਏ ਜਿਸ ਕਾਰਣ ਸ਼ਾਹੀ ਦਲ ਮਾਰ ਖਾ ਕੇ ਵਾਪਿਸ ਚਲਾ ਗਿਆ ਅਤੇ ਉਨ੍ਹਾਂ ਨੇ ਬਾਦਸ਼ਾਹ ਨੂੰ ਸਾਰੀ ਵਿਥਿਆ ਜਾ ਸੁਣਾਈ। ਮੁਖ਼ਲਿਸ ਖ਼ਾਂ ਦੀ ਕਮਾਨ ਵਿਚ ਇਕ ਫ਼ੌਜੀ ਟੋਲੀ ਗੁਰੂ ਜੀ ਨੂੰ ਫੜਨ ਅਤੇ ਲਾਹੌਰ ਲਿਆਉਣ ਲਈ ਭੇਜੀ ਗਈ। ਇਹ ਯੁੱਧ ਦਾ ਆਰੰਭ ਸੀ।

ਲਾਹੌਰ ਤੋਂ ਅਚਾਨਕ ਅਤੇ ਅਵੇਸਲਾ ਹਮਲਾ ਕੀਤਾ ਗਿਆ ਸੀ। ਇਸ ਦੀ ਪੁਸ਼ਟੀ ਇਸ ਗੱਲ ਤੋਂ ਹੁੰਦੀ ਹੈ ਕਿ ਗੁਰੂ ਜੀ ਉਸ ਵੇਲੇ ਆਪਣੀ ਧੀ ਦੇ ਵਿਆਹ ਦੀ ਤਿਆਰੀ ਵਿਚ ਰੁੱਝੇ ਹੋਏ ਸਨ ਅਤੇ ਉਨ੍ਹਾਂ ਪਾਸ ਲੜਾਈ ਲਈ ਕੋਈ ਦਾਰੂ-ਸਿੱਕਾ ਨਹੀਂ ਸੀ। ਇਕ ਡਿੱਗੇ ਹੋਏ ਦਰੱਖ਼ਤ ਦੇ ਤਣੇ ਵਿਚਲੇ ਖੋੜ ਤੋਂ ਆਰਜ਼ੀ ਤੌਰ ਤੇ ਇਕ ਤੋਪ ਬਣਾਉਣੀ ਪਈ ਸੀ।[82] ਇਹ ਲੜਾਈ, ਜਿਹੜੀ ਨਿਰੀ ਮੁੱਠ-ਭੇੜ ਹੀ ਸੀ, ਉਸ ਥਾਂ ਤੇ ਹੋਈ ਜਿੱਥੇ ਅਜ ਕਲ ਖਾਲਸਾ ਕਾਲਜ ਬਣਿਆ ਹੋਇਆ ਹੈ। ਗੁਰੂ ਜੀ ਦਾ ਸਾਮਾਨ ਅਤੇ ਉਨ੍ਹਾਂ ਦੀ ਜਾਇਦਾਦ ਲੁੱਟ ਲਈ ਗਈ[83] ਪਰ ਜਦੋਂ ਝੜਪ ਵਿਚ ਮੁਖ਼ਲਿਸ ਖ਼ਾਂ ਮਾਰਿਆ ਗਿਆ ਤਾਂ ਮੁਗ਼ਲ ਸੈਨਾ ਦੁਰਗਤੀ ਦੀ ਹਾਲਤ ਵਿਚ ਮੁੜ ਗਈ। ਗੁਰੂ ਜੀ ਝੱਬਾਲ ਨੂੰ ਚਲੇ ਗਏ ਜਿਹੜਾ ਅੰਮ੍ਰਿਤਸਰ ਦੇ ਦੱਖਣ-ਪੱਛਮ ਵਿਚ ਕੋਈ ਅੱਠ ਮੀਲਾਂ ਦੀ ਦੂਰੀ ਤੇ ਹੈ। ਉਥੇ ਜਾ ਕੇ ਉਹ ਆਪਣੀ ਸਪੁੱਤਰੀ ਦੇ ਵਿਆਹ ਦੀ ਰਸਮ ਅਦਾ ਕਰ ਸਕੇ।

ਕਿਸੇ ਹੋਰ ਝੜਪ ਤੋਂ ਬਚਣ ਲਈ ਗੁਰੂ ਜੀ ਜ਼ਿਲ੍ਹਾ ਜਲੰਧਰ ਵਿਚ ਕਰਤਾਰਪੁਰ ਜਾ ਕੇ ਰਹਿਣ ਲੱਗ ਪਏ। ਉਥੇ ਉਨ੍ਹਾਂ ਨੇ ਆਪਣੇ ਸਾਧਨਾਂ ਨੂੰ ਸੰਯੋਜਿਤ ਕੀਤਾ। ਉਨ੍ਹਾਂ ਨੇ ਆਪਣੇ ਪਿਤਾ ਜੀ ਦੇ ਨਗਰ ਸ੍ਰੀ ਹਰਿਗੋਬਿੰਦਪੁਰ ਨੂੰ ਵਿਸਤਾਰ ਦਿੱਤਾ ਅਤੇ ਚੰਗੇਰਾ ਬਣਾਇਆ। ਉਨ੍ਹਾਂ ਨੇ ਆਪਣੇ ਮੁਸਲਮਾਨ ਸੈਨਿਕਾਂ ਅਤੇ ਦੂਜੇ ਮੁਸਲਮਾਨ ਵਸਨੀਕਾਂ ਲਈ ਆਪਣੇ ਖਰਚ ਤੇ ਇਕ ਮਸੀਤ ਬਣਵਾ ਦਿੱਤੀ। ਸੁਧਾਰਵਾਦੀ ਗੁਰੂ ਜੀ ਦੇ ਉਥੇ ਹੋਣ ਤੋਂ ਇਕ ਤੁਅੱਸਬੀ ਹਿੰਦੂ ਭਗਵਾਨ ਦਾਸ ਘਿਰੜ ਬਹੁਤ ਖਿਝ ਗਿਆ। ਉਸ ਨੇ 1630 ਈ. ਵਿਚ ਗੁਰੂ ਜੀ ਨਾਲ ਝਗੜਾ ਛੇੜ ਲਿਆ ਅਤੇ ਫਸਾਦ ਵਿਚ ਮਾਰਿਆ ਗਿਆ। ਉਸ ਦੇ ਪੁੱਤਰ ਰਤਨ ਚੰਦ ਨੇ ਜਲੰਧਰ ਦੇ ਫ਼ੌਜਦਾਰ ਅਬਦੁੱਲਾ ਖ਼ਾਂ ਪਾਸੋਂ ਸਹਾਇਤਾ ਮੰਗੀ ਜਿਸ ਨੇ ਗੁਰੂ ਜੀ ਉੱਤੇ ਹਮਲਾ ਕਰ ਦਿੱਤਾ। ਤਿੰਨ ਦਿਨਾਂ ਦੀ ਸਖ਼ਤ ਲੜਾਈ ਤੋਂ ਬਾਅਦ ਜਲੰਧਰ ਦੀਆਂ ਫ਼ੌਜਾਂ ਹਾਰ ਗਈਆਂ ਅਤੇ ਅਬਦੁਲਾ ਖ਼ਾਂ ਤੇ ਰਤਨ ਚੰਦ ਲੜਾਈ ਵਿਚ ਮਾਰੇ ਗਏ। ਅਬਦੁਲਾ ਦੇ ਪੁੱਤਰ ਨੇ ਮਦਦ ਲਈ ਬਾਦਸ਼ਾਹ ਪਾਸ ਬੇਨਤੀ ਕੀਤੀ ਪਰ ਉਸ ਨੂੰ ਦੱਸਿਆ ਗਿਆ ਕਿ ਉਸ ਦੇ ਪਿਤਾ ਦੀ ਮੁਹਿੰਮ ਬਿਨਾ ਆਗਿਆ ਦੇ ਸੀ ਇਸ ਲਈ ਉਸ ਸਬੰਧ ਵਿਚ ਕੁਝ ਵੀ ਨਹੀਂ ਕੀਤਾ ਜਾ ਸਕਦਾ।

ਇਸ ਤੋਂ ਬਾਅਦ ਗੁਰੂ ਜੀ ਆਪਣੇ ਧਰਮ ਦੇ ਪ੍ਰਚਾਰ ਅਤੇ ਲੋਕਾਂ ਨੂੰ ਸਿੱਖ ਬਣਾਉਣ ਲਈ ਦੌਰੇ ਕਰਨ ਲੱਗੇ ਪਰ ਉਨ੍ਹਾਂ ਨੂੰ ਬਹੁਤ ਦੇਰ ਤਕ ਅਜਿਹਾ ਕਰਨ ਦੀ ਆਗਿਆ ਨਹੀਂ ਦਿੱਤੀ ਗਈ। ਅਗਲੇ ਸਾਲ ਸ਼ਾਹੀ ਫ਼ੌਜਾਂ ਨਾਲ ਇਕ ਹੋਰ ਕਸ਼ਮਕਸ਼ ਸ਼ੁਰੂ ਹੋ ਗਈ। ਇਸ ਵਾਰ ਇਹ ਘੋੜਿਆਂ ਉੱਤੇ ਕਬਜ਼ਾ ਕਰਨ ਦੇ ਸਬੰਧ ਵਿਚ ਸੀ। ਕਾਬਲ ਤੋਂ ਇਕ ਮਸੰਦ ਗੁਰੂ ਜੀ ਲਈ ਦੋ ਸੁੰਦਰ ਘੋੜੇ ਲਿਆਇਆ ਸੀ। ਉਹ ਰਸਤੇ ਵਿਚ ਇਕ ਮੁਗ਼ਲ ਕਰਮਚਾਰੀ ਨੇ ਖੋਹ ਲਏ ਅਤੇ ਸ਼ਾਹੀ ਅਸਤਬਲ

82. Macauliffe, IV, p. 82.

83. *ਦਬਿਸਤਾਨ*, ਪੰਨਾ 235.

ਵਿਚ ਭੇਜ ਦਿੱਤੇ। ਉਹ ਘੋੜੇ ਇਕ ਸਾਹਸੀ ਸਿੱਖ, ਭਾਈ ਬਿਧੀ ਚੰਦ[84] ਨੇ ਮੁੜ ਪ੍ਰਾਪਤ ਕਰ ਲਏ। ਬਿਧੀ ਚੰਦ ਦੀਆਂ ਮਨੋਰੰਜਕ ਮੁਹਿੰਮਾਂ ਇਤਨੇ ਮਖੌਲੀਏ ਢੰਗ ਨਾਲ ਵਿਉਂਤੀਆਂ ਹੁੰਦੀਆਂ ਸਨ ਅਤੇ ਇਤਨੇ ਰੁਮਾਂਟਿਕ ਤਰੀਕੇ ਨਾਲ ਅਮਲ ਵਿਚ ਲਿਆਂਦੀਆਂ ਜਾਂਦੀਆਂ ਸਨ ਕਿ ਮੈਕਾਲਿਫ਼ ਵਰਗਾ ਨੀਰਸ ਲੇਖਕ ਵੀ ਥੋੜ੍ਹੀ ਜਿਹੀ ਤਬਦੀਲੀ ਲਈ ਉਸ ਦੀ ਗੱਲ ਕਰਨ ਲਈ ਰੁਕਣ ਤੇ ਮਜਬੂਰ ਹੁੰਦਾ ਹੈ। ਬਿਧੀ ਚੰਦ ਭੇਸ ਵਟਾ ਕੇ ਪਹਿਲੇ ਘਾਹੀ ਦੇ ਰੂਪ ਵਿਚ ਤੇ ਫਿਰ ਨਜ਼ੂਮੀ ਸੂਹੀਏ ਦੇ ਰੂਪ ਵਿਚ ਇਕ ਇਕ ਕਰਕੇ ਦੋਨੋਂ ਘੋੜੇ ਲਾਹੌਰ ਦੇ ਕਿਲ੍ਹੇ ਵਿੱਚੋਂ ਕੱਢ ਕੇ ਲੈ ਗਿਆ ਅਤੇ ਉਹ ਉਨ੍ਹਾਂ ਦੇ ਅਸਲੀ ਮਾਲਕ ਦੇ ਪਾਸ ਪਹੁੰਚਾ ਦਿੱਤੇ ਜਿਸ ਕਾਰਣ ਲੜਾਈ ਛਿੜ ਗਈ। ਗੁਰੂ ਜੀ ਉਸ ਵੇਲੇ ਮਾਲਵੇ ਵਿਚ ਘੁੰਮ ਰਹੇ ਸਨ ਜਦੋਂ ਲੱਲਾ ਬੇਗ ਅਤੇ ਕਮਰ ਬੇਗ਼ ਦੀ ਅਗਵਾਈ ਵਿਚ ਇਕ ਸ਼ਕਤੀਸ਼ਾਲੀ ਸੈਨਾ ਨੇ ਉਨ੍ਹਾਂ ਤੇ ਹੱਲਾ ਬੋਲ ਦਿੱਤਾ। ਲੜਾਈ ਨਥਾਣਾ ਅਤੇ ਮਹਿਰਾਜ ਦੇ ਲਾਗੇ ਲੜੀ ਗਈ ਸੀ। 1200 ਤੋਂ ਵੱਧ ਸਿੱਖ ਮਾਰੇ ਗਏ ਜਾਂ ਜ਼ਖ਼ਮੀ ਹੋਏ ਸਨ। ਦੂਜੇ ਪਾਸੇ ਵੀ ਕਮਾਂਡਰਾਂ ਸਮੇਤ ਮਰਨ ਜਾਂ ਜ਼ਖ਼ਮੀ ਹੋਣ ਵਾਲਿਆਂ ਦੀ ਗਿਣਤੀ ਕਿਤੇ ਵੱਧ ਸੀ। ਗੁਰੂ ਜੀ ਨੇ ਆਪਣੀ ਜਿੱਤ ਦੀ ਯਾਦਗਾਰ ਵਜੋਂ ਉਥੇ ਇਕ ਸਰੋਵਰ ਬਣਵਾਇਆ ਜਿਸ ਦਾ ਨਾਂ ਗੁਰੂਸਰ ਰਖਿਆ ਗਿਆ।

1632 ਈ. ਵਿਚ ਗੁਰੂ ਜੀ ਕਰਤਾਰਪੁਰ ਚਲੇ ਗਏ ਜਿੱਥੇ ਉਹ ਕੁਝ ਸਮਾਂ ਰਹੇ। ਇਕ ਪਠਾਣ ਸੈਨਿਕ ਆਗੂ ਪੈਂਦੇ ਖ਼ਾਂ ਵੱਲੋਂ, ਜਿਹੜਾ ਕਦੇ ਗੁਰੂ ਜੀ ਦਾ ਲਾਡਲਾ ਸੀ, ਕੁਝ ਸਮੇਂ ਤੋਂ ਵਿਰੋਧ ਦੀਆਂ ਨਿਸ਼ਾਨੀਆਂ ਦਿਸ ਰਹੀਆਂ ਸਨ। ਉਸ ਦੇ ਕਸੂਰ ਦੇ ਕਾਰਣ ਉਸ ਨੂੰ ਗੁਰੂ ਜੀ ਨੇ ਆਪਣੀ ਸੇਵਾ ਤੋਂ ਵੱਖ ਕਰ ਦਿੱਤਾ ਸੀ। ਉਹ ਬਾਦਸ਼ਾਹ ਦੇ ਪਾਸ ਚਲਾ ਗਿਆ ਅਤੇ ਉਸ ਨੂੰ ਗੁਰੂ ਜੀ ਦੇ ਖ਼ਿਲਾਫ਼ ਤਕੜੀ ਸੈਨਾ ਭੇਜਣ ਲਈ ਉਕਸਾਇਆ। ਮੁਖ਼ਲਿਸ ਖਾਂ, ਜਿਹੜਾ ਆਪ ਅੰਮ੍ਰਿਤਸਰ ਦੀ ਲੜਾਈ ਵਿਚ ਮਾਰਿਆ ਗਿਆ ਸੀ, ਦਾ ਭਰਾ ਕਾਲੇ ਖ਼ਾਂ ਫ਼ੌਜ ਲੈ ਕੇ ਗੁਰੂ ਜੀ ਦੇ ਖ਼ਿਲਾਫ਼ ਲੜਾਈ ਲੜਨ ਲਈ ਆਇਆ। ਉਸ ਦੀ ਸਹਾਇਤਾ ਲਈ ਉਸ ਦੇ ਨਾਲ ਪੈਂਦੇ ਖ਼ਾਂ ਅਤੇ ਜਲੰਧਰ ਦਾ ਫ਼ੌਜਦਾਰ ਕੁਤਬ ਖ਼ਾਂ ਵੀ ਆਏ। 1634 ਈ. ਵਿਚ ਕਰਤਾਰਪੁਰ ਵਿਚ ਗੁਰੂ ਜੀ ਨੂੰ ਘੇਰਾ ਪਾ ਲਿਆ। ਗੁਰੂ ਜੀ ਦੇ ਸਿੱਖ, ਜਿਹੜੇ ਆਪਣੇ ਧਰਮ ਦੀ ਖ਼ਾਤਰ ਲੜੇ ਸਨ ਉਨ੍ਹਾਂ ਸ਼ਾਹੀ ਫ਼ੌਜਾਂ ਦੇ ਮੁਕਾਬਲੇ ਵਿਚ ਤਕੜੇ ਸਨ ਜਿਹੜੀਆਂ ਕੇਵਲ ਤਨਖਾਹ ਅਤੇ ਲੁੱਟ ਮਾਰ ਲਈ ਲੜਦੀਆਂ ਸਨ। ਬਿਧੀ ਚੰਦ ਅਤੇ ਗੁਰੂ ਜੀ ਦੇ ਸਭ ਤੋਂ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਨੇ ਸਿੱਖਾਂ ਦੀ ਯੋਗ ਅਗਵਾਈ ਕੀਤੀ। ਤੇਗ਼ ਬਹਾਦਰ ਜੀ ਦਾ ਵੀ, ਜਿਹੜੇ ਉਸ ਵੇਲੇ ਕੇਵਲ 14 ਸਾਲਾਂ ਦੇ ਹੀ ਸਨ, ਇਸ ਲੜਾਈ ਵਿਚ ਭਾਗ ਲੈਣ ਦਾ ਜ਼ਿਕਰ ਆਉਂਦਾ ਹੈ। ਹੱਥੋ-ਹੱਥੀ ਲੜਾਈ ਵਿਚ ਪੈਂਦੇਂ ਖ਼ਾਂ ਨੇ ਆਪਣੇ ਪਿਛਲੇ ਮਾਲਕ ਗੁਰੂ ਹਰਿਗੋਬਿੰਦ ਜੀ ਤੇ ਹੱਲਾ ਬੋਲ ਦਿੱਤਾ ਪਰ ਗੁਰੂ ਜੀ ਵੱਲੋਂ ਇਕ ਮਾਰੂ ਵਾਰ ਹੋਣ ਤੇ ਉਹ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ। ਗੁਰੂ ਜੀ ਨੇ ਕਿਹਾ, "ਪੈਂਦੇ ਖ਼ਾਂ ਤੂੰ ਇਕ ਮੁਸਲਮਾਨ ਹੈਂ। ਹੁਣ ਤੇਰੇ ਕਲਮਾ ਪੜ੍ਹਨ ਦਾ ਵੇਲਾ ਹੈ।" ਪੈਂਦੇ ਖ਼ਾਂ ਨੇ ਆਪਣੀ ਕਰਤੂਤ ਤੇ ਪਛੋਤਾਵਾ ਕਰਦਿਆਂ ਉੱਤਰ ਦਿੱਤਾ, "ਹੇ ਗੁਰੂ ਜੀ, ਤੁਹਾਡੀ ਤਲਵਾਰ ਮੇਰਾ ਕਲਮਾ ਹੈ ਅਤੇ ਇਹ ਮੇਰੀ ਮੁਕਤੀ ਦਾ ਸਾਧਨ ਹੈ।" ਗੁਰੂ ਜੀ ਆਪਣੇ ਪਿਛਲੇ ਲਾਡਲੇ ਨੂੰ ਮਰਦਿਆਂ ਦੇਖ ਕੇ ਤਰਸ ਵਿਚ ਆ ਗਏ। ਉਨ੍ਹਾਂ ਨੇ ਪੈਂਦੇ ਖ਼ਾਂ ਨੂੰ ਸੂਰਜ ਦੀਆਂ ਝੁਲਸ ਦੇਣ ਵਾਲੀਆਂ ਕਿਰਨਾਂ ਤੋਂ ਬਚਾਉਣ ਲਈ ਆਪਣੀ ਢਾਲ

84. ਉਹ ਆਪਣੇ ਮੁੱਢਲੇ ਜੀਵਨ ਵਿਚ ਲੁਟੇਰਾ ਸੀ ਪਰ ਗੁਰੂ ਅਰਜਨ ਸਾਹਿਬ ਦੇ ਹੱਥੋਂ ਸਿੱਖ ਬਣ ਜਾਣ ਪਿੱਛੋਂ ਉਹ ਇਕ ਬਹੁਤ ਚੰਗਾ ਆਦਮੀ ਬਣ ਗਿਆ। ਹੁਣ ਉਸ ਦੀ ਸਾਰੀ ਸ਼ਕਤੀ ਇਕ ਵੱਖਰੇ ਪਾਸੇ ਵੱਲ ਲੱਗ ਗਈ ਪਰ ਉਸ ਦੇ ਕਦੇ ਡਾਕੂ ਹੋਣ ਨੂੰ ਬਹੁਤ ਸਾਰੇ ਲਿਖਾਰੀਆਂ ਨੇ ਗੁਰੂ ਹਰਿਗੋਬਿੰਦ ਸਾਹਿਬ ਉੱਤੇ ਇਹ ਦੋਸ਼ ਲਾਉਣ ਲਈ ਵਰਤਿਆ ਹੈ ਕਿ ਉਨ੍ਹਾਂ ਨੇ ਆਪਣੀ ਫ਼ੌਜ ਵਿਚ ਡਾਕੂ ਅਤੇ ਲੁਟੇਰੇ ਭਰਤੀ ਕੀਤੇ ਹੋਏ ਸਨ।

ਨਾਲ ਛਾਂ ਕੀਤੀ ਅਤੇ ਭਰੀਆਂ ਅੱਖਾਂ ਨਾਲ ਪੈਂਦੇ ਖ਼ਾਂ ਨੂੰ ਅੰਤਮ ਵਿਦਾਇਗੀ ਦਿੱਤੀ। ਪੈਂਦੇ ਖ਼ਾਂ ਅਤੇ ਉਸ ਤੋਂ ਛੇਤੀ ਹੀ ਪਿੱਛੋਂ ਹੋਈ ਕਮਾਂਡਰ ਕਾਲੇ ਖ਼ਾਂ ਦੀ ਮੌਤ ਨਾਲ ਸ਼ਾਹੀ ਫ਼ੌਜ ਦਿਲ ਛੱਡ ਗਈ ਅਤੇ ਉਨ੍ਹਾਂ ਵਿਚ ਭਾਜੜ ਪੈ ਗਈ।

ਗੁਰੂ ਹਰਿਗੋਬਿੰਦ ਜੀ ਨੇ ਚਾਰ ਲੜਾਈਆਂ ਜਿੱਤੀਆਂ ਪਰ ਕਿਉਂਕਿ ਉਨ੍ਹਾਂ ਦਾ ਮਨੋਰਥ ਸਦਾ ਆਪਣੇ ਬਚਾਅ ਵਿਚ ਲੜਨ ਦਾ ਰਿਹਾ ਸੀ[85] ਇਸ ਲਈ ਉਨ੍ਹਾਂ ਨੇ ਇਨ੍ਹਾਂ ਜਿੱਤਾਂ ਦੇ ਫਲਸਰੂਪ ਇਕ ਇੰਚ ਭਰ ਵੀ ਇਲਾਕੇ ਉੱਤੇ ਕਬਜ਼ਾ ਨਹੀਂ ਸੀ ਕੀਤਾ। ਇਨ੍ਹਾਂ ਲੜਾਈਆਂ ਦੇ ਪਿੱਛੇ ਨਿਰੇ ਬਾਜ਼ ਜਾਂ ਘੋੜੇ ਦੇ ਝਗੜੇ ਨਾਲੋਂ ਕਿਤੇ ਡੂੰਘਾ ਮਸਲਾ ਸੀ। ਪੰਜਾਬ ਦੀ ਧਰਤੀ ਤੇ ਇਕ ਨਵੀਂ ਬੀਰਤਾ ਦਾ ਜਨਮ ਹੋ ਰਿਹਾ ਸੀ ਜਿਸ ਦਾ ਮਨੋਰਥ, ਜਿਹੜਾ ਉਸ ਵੇਲੇ ਤਾਂ ਬੜਾ ਮਧਮ ਦਿਸਦਾ ਸੀ, ਲੋਕਾਂ ਵਿਚ ਵਿਦੇਸ਼ੀ ਹਮਲਾਵਰ ਤੁਰਕ ਦਾ ਮੁਕਾਬਲਾ ਕਰਨ ਦਾ ਦ੍ਰਿੜ੍ਹ ਸੰਕਲਪ ਪੈਦਾ ਕਰਨਾ ਸੀ।

ਗੁਰੂ ਜੀ ਕੀਰਤਪੁਰ ਚਲੇ ਗਏ ਅਤੇ ਉਨ੍ਹਾਂ ਨੇ ਆਪਣੇ ਧਰਮ ਪ੍ਰਚਾਰ ਦਾ ਕੰਮ ਮੁੜ ਸ਼ੁਰੂ ਕੀਤਾ ਤਾਂ ਜੋ ਲੜਾਈਆਂ ਸਮੇਂ ਪ੍ਰਚਾਰ ਦਾ ਕੰਮ ਨਾ ਰੁਕੇ। ਗੁਰੂ ਜੀ ਨੇ ਬਾਬਾ ਗੁਰਦਿੱਤਾ ਜੀ ਨੂੰ ਉਸ ਪੱਖ ਵੱਲ ਪੂਰਾ ਧਿਆਨ ਦੇਣ ਲਈ ਨਿਯੁਕਤ ਕੀਤਾ। ਗੁਰਦਿੱਤਾ ਜੀ ਵਿਆਹੇ ਹੋਏ ਸਨ ਅਤੇ ਉਹ ਇਕ ਸਿਪਾਹੀ ਸਨ ਪਰ ਨਾਲ ਹੀ ਉਹ ਸੰਤ ਵੀ ਸਨ ਅਤੇ ਐਨ ਉਸੇ ਤਰ੍ਹਾਂ ਦੇ ਦਿਸਦੇ ਸਨ ਜਿਸ ਤਰ੍ਹਾਂ ਦੇ ਬਾਬਾ ਨਾਨਕ ਜੀ ਆਪਣੀਆਂ ਉਦਾਸੀਆਂ ਸਮੇਂ ਦਿਸਦੇ ਸਨ। ਉਨ੍ਹਾਂ ਨੇ ਗੁਰੂ ਨਾਨਕ ਜੀ ਦੇ ਪੁੱਤਰ ਬਾਬਾ ਸ੍ਰੀ ਚੰਦ[86] ਤੋਂ ਅਸ਼ੀਰਵਾਦ ਲਈ ਸੀ ਜਿਨ੍ਹਾਂ ਨੇ ਗੁਰਦਿੱਤਾ ਜੀ ਨੂੰ ਆਪਣੀ ਸ਼ਰਨ ਵਿਚ ਲੈ ਲਿਆ ਸੀ। 1636 ਈ. ਵਿਚ ਉਨ੍ਹਾਂ ਦੇ ਪਿਤਾ ਗੁਰੂ ਹਰਿਗੋਬਿੰਦ ਜੀ ਨੇ ਕਿਹਾ ਕਿ ਉਹ ਚਾਰ ਮੁੱਖ ਪ੍ਰਚਾਰਕ ਨਿਯੁਕਤ ਕਰਨ ਜਿਸ ਤੇ ਉਨ੍ਹਾਂ ਨੇ ਆਪਣੇ ਪਿਤਾ ਦੇ ਹੁਕਮ ਦੀ ਪਾਲਣਾ ਕੀਤੀ। ਉਨ੍ਹਾਂ ਪ੍ਰਚਾਰਕਾਂ ਨੂੰ ਆਪਣਾ ਵਿਸ਼ੇਸ਼ ਪਹਿਰਾਵਾ ਧਾਰਨ ਕਰਵਾਇਆ ਜਿਸ ਪਹਿਰਾਵੇ ਵਿਚ ਉਨ੍ਹਾਂ ਨੇ ਆਪਣੇ ਆਪ ਨੂੰ ਸਿੱਖ ਇਤਿਹਾਸ ਦੇ ਮਹਾਨ ਸਾਈਮਨ, ਪੀਰ ਬੁਢਣ ਸ਼ਾਹ[87], ਦੇ ਸਾਹਮਣੇ ਗੁਰੂ ਨਾਨਕ ਜੀ ਦਾ ਸਰੂਪ ਦਰਸਾਇਆ ਸੀ। ਉਨ੍ਹਾਂ ਚਾਰ ਪ੍ਰਚਾਰਕਾਂ ਦੇ ਨਾਂ ਅਲਮਸਤ,[88] ਫੂਲ, ਗੋਂਦਾ ਅਤੇ ਬਾਲੂ ਹਸਨਾ ਸਨ। ਕਿਹਾ ਜਾਂਦਾ ਹੈ ਕਿ ਪਹਿਨਣ ਲਈ ਅਨੋਖਾ ਲਿਬਾਸ ਮਿਲਣ ਤੇ ਅਲਮਸਤ ਖਿੜ ਖਿੜਾ ਕੇ ਹਸਿਆ ਸੀ। ਉਨ੍ਹਾਂ ਨੇ 'ਧੂਏਂ' ਸਥਾਪਿਤ ਕੀਤੇ ਅਤੇ ਉਹ ਸਿੱਖ ਮਤ ਦੇ ਬੜੇ ਸਰਗਰਮ ਪ੍ਰਚਾਰਕ ਸਨ। ਜਿਵੇਂ ਹੀ ਪਿਛਲੇ ਗੁਰੂ ਸਾਹਿਬਾਨ ਦੇ ਨਿਯੁਕਤ ਕੀਤੇ ਹੋਏ ਕੁਝ

85. ਵੇਖੋ Malcolm's *Sketch of the Sikhs*, p. 44.

86. 1629 ਈ. ਵਿਚ ਆਪਣੀ ਮੌਤ ਤੋਂ ਪਹਿਲਾਂ ਸ੍ਰੀ ਚੰਦ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਕਿਹਾ ਕਿ ਉਹ ਆਪਣਾ ਇਕ ਪੁੱਤਰ ਉਸ ਦੇ ਸਪੁਰਦ ਕਰਨ। ਗੁਰੂ ਜੀ ਨੇ ਗੁਰਦਿੱਤਾ ਜੀ ਨੂੰ ਉਸ ਦੇ ਸਪੁਰਦ ਕਰ ਦਿੱਤਾ ਜਿਸ ਨੂੰ ਸ੍ਰੀ ਚੰਦ ਨੇ ਆਪਣੀ ਸੇਲੀ ਅਤੇ ਟੋਪੀ ਦੇ ਦਿੱਤੀ। ਸ੍ਰੀ ਚੰਦ ਨੇ ਉਸ ਵੇਲੇ ਜੋ ਸ਼ਬਦ ਗੁਰੂ ਸਾਹਿਬ ਨੂੰ ਸੰਬੋਧਨ ਕਰਕੇ ਕਹੇ ਉਹ ਇਸ ਪ੍ਰਕਾਰ ਸਨ : 'ਗੁਰਿਆਈ ਪਹਿਲਾਂ ਹੀ ਤੁਹਾਡੇ ਪਾਸ ਹੈ। ਮੇਰੇ ਪਾਸ ਕੇਵਲ ਫ਼ਕੀਰੀ ਦੀ ਟੋਪੀ ਹੈ ਸੀ। ਹੁਣ ਉਹ ਵੀ ਤੁਹਾਡੇ ਪਰਿਵਾਰ ਦੇ ਹੀ ਸਪੁਰਦ ਕਰ ਦਿੱਤੀ ਹੈ।" (*ਸੂਰਜ ਪ੍ਰਕਾਸ਼*, ਜਿਲਦ ਪੰਜਵੀਂ, ਪੰਨਾ 27 ਅਤੇ *ਪੰਥ ਪ੍ਰਕਾਸ਼*, ਪੰਨਾ 967)। ਇਸ ਘਟਨਾ ਨਾਲ ਨਵੇਂ ਫਿਰਕੇ ਦੀ ਨੀਂਹ ਰਖਣ ਦੀ ਥਾਂ ਤੇ ਵਿਰੋਧੀ ਪਰਿਵਾਰਾਂ ਵਿਚਕਾਰ ਸਮਝੌਤਾ ਹੋ ਗਿਆ ਅਤੇ ਸਿੱਖ ਜਥੇਬੰਦੀ ਦੀ ਇਕ ਇਕਾਈ ਪੱਕੀ ਹੋ ਗਈ ਜਿਸ ਲਈ ਪਿਛਲੇ ਗੁਰੂ ਸਾਹਿਬਾਨ ਨੇ ਬਹੁਤ ਸਖ਼ਤ ਮਿਹਨਤ ਕੀਤੀ ਸੀ।

87. ਵੇਖੋ Macauliffe, IV, pp. 140, 141, 214 and 215.

88. ਇਹ ਆਦਮੀ ਬੜਾ ਸਾਹਸੀ ਸੀ। ਉਸ ਨੂੰ ਨਾਨਕਮਤੇ ਅਤੇ ਢਾਕੇ ਭੇਜਿਆ ਜਿੱਥੇ ਜਮਨਾ ਦੇ ਨੇੜੇ ਸ਼ੁਜਾਤਪੁਰ ਦੇ ਸਥਾਨ ਤੇ ਉਸ ਨੇ ਇਕ ਉੱਨਤੀਸ਼ੀਲ ਸਿੱਖ ਪ੍ਰਚਾਰ ਕੇਂਦਰ ਸਥਾਪਿਤ ਕੀਤਾ। ਉਥੇ ਦੀ ਸੰਗਤ ਦਾ ਨਾਂ ਅਲਮਸਤ ਦੇ ਤੀਜੇ ਉੱਤਰਾਧਿਕਾਰੀ ਨਾਥੇ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ। ਵੇਖੋ *Sikh Review*, July, 1915.

ਮਸੰਦ ਜਾਂ ਪ੍ਰਚਾਰਕ ਵੱਧ ਤੋਂ ਵੱਧ ਕੁਰਾਹੇ ਪੈਂਦੇ ਗਏ ਤਿਵੇਂ ਹੀ ਪ੍ਰਚਾਰਕਾਂ ਦੇ ਇਸ ਨਵੇਂ ਸਿਲਸਿਲੇ ਨੂੰ, ਜਿਸ ਨੂੰ ਉਦਾਸੀ[89] ਕਹਿੰਦੇ ਸਨ, ਵਧੇਰੇ ਪ੍ਰਸਿੱਧੀ ਪ੍ਰਾਪਤ ਹੁੰਦੀ ਗਈ। ਉਹ ਸਿੱਖ ਮਤ ਨੂੰ ਦੁਰਾਡੀਆਂ ਅਤੇ ਔਖੀਆਂ ਥਾਵਾਂ ਤਕ ਫੈਲਾਉਣ ਲਈ ਵਿਸ਼ੇਸ਼ ਤੌਰ ਤੇ ਲਾਭਦਾਇਕ ਸਿਧ ਹੋਏ ਕਿਉਂਕਿ ਉਨ੍ਹਾਂ ਨੂੰ ਰੋਕਣ ਲਈ ਕੋਈ ਪਰਿਵਾਰਕ ਜਾਂ ਘਰੇਲੂ ਬੰਧਨ ਨਹੀਂ ਸਨ। ਇਨ੍ਹਾਂ 'ਧੂਇਆਂ' ਤੋਂ ਇਲਾਵਾ ਸਮੇਂ ਦੇ ਨਾਲ ਨਾਲ ਕਈ ਹੋਰ ਅਜਿਹੇ ਪ੍ਰਚਾਰ ਕੇਂਦਰ ਗੁਰੂ ਹਰਿ ਰਾਏ ਜੀ, ਗੁਰੂ ਤੇਗ ਬਹਾਦਰ ਜੀ, ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਸਥਾਪਿਤ ਕੀਤੇ। ਉਨ੍ਹਾਂ ਕੇਂਦਰਾਂ ਨੂੰ 'ਬਖਸ਼ੀਸ਼ਾਂ' ਕਹਿੰਦੇ ਸਨ। ਸੁਥਰਾ ਸ਼ਾਹ[90] ਨੂੰ, ਜਿਹੜਾ ਇਕ ਹਾਸ-ਰਸੀਆ ਸੀ, ਗੁਰੂ ਨਾਨਕ ਜੀ ਦਾ ਮਿਸ਼ਨ ਆਪਣੇ ਢੰਗ ਨਾਲ ਹੀ ਲੋਕਾਂ ਤਕ ਪਹੁੰਚਾਉਣ ਦਾ ਕੰਮ ਜ਼ਿੰਮੇ ਲਾਇਆ ਗਿਆ ਸੀ।

ਗੁਰੂ ਜੀ ਨੇ ਆਪਣੀ ਜ਼ਿੰਦਗੀ ਦੇ ਆਖ਼ਰੀ ਦਸ ਸਾਲ ਕੀਰਤਪੁਰ ਦੇ ਸਥਾਨ ਤੇ ਭਗਤੀ ਅਤੇ ਪ੍ਰਾਰਥਨਾ ਵਿਚ ਬਿਤਾਏ ਸਨ ਪਰ ਉਨ੍ਹਾਂ ਦੀ ਅੰਤਰ ਆਤਮਾ ਰਹੱਸਵਾਦ ਜਾਂ ਮਾਨਸਿਕ ਛੂ-ਮੰਤਰ ਤੋਂ ਸੁਤੰਤਰ ਸੀ। ਉਨ੍ਹਾਂ ਨੇ ਆਪਣੇ ਪੁੱਤਰਾਂ ਬਾਬਾ ਅਟੱਲ ਅਤੇ ਬਾਬਾ ਗੁਰਦਿੱਤਾ ਜੀ ਦੇ ਵਿਹਾਰ ਨੂੰ, ਜਦੋਂ ਕਿ ਉਨ੍ਹਾਂ ਨੇ ਕਰਾਮਾਤਾਂ ਦਿਖਾਉਣ ਦੀ ਕੋਸ਼ਿਸ਼ ਕੀਤੀ, ਸਖ਼ਤੀ ਨਾਲ ਅਪ੍ਰਵਾਨ ਕੀਤਾ। ਉਹ ਨਿਤ ਦੇ ਜੀਵਨ ਵਿਚ ਉਨ੍ਹਾਂ ਆਮ ਗੁਣਾਂ ਉੱਤੇ ਅਮਲ ਕਰਨ ਦੇ ਹੱਕ ਵਿਚ ਸਨ ਜਿਹੜੇ ਹਰ ਥਾਂ ਰੱਬ ਦੀ ਸਰਵਵਿਆਪਕਤਾ ਦੀ ਭਾਵਨਾ ਵਿੱਚੋਂ ਪੈਦਾ ਹੋਏ ਸਨ। ਉਹ ਇਕ ਸਾਧਾਰਣ ਸੰਤ ਦੀ ਤਰ੍ਹਾਂ ਜੀਵਨ ਬਤੀਤ ਕਰਦੇ ਰਹੇ ਅਤੇ ਉਨ੍ਹਾਂ ਨੇ ਸਰ੍ਹਾਣਿਆਂ ਆਦਿ ਤਕ ਦੀ ਵਰਤੋਂ ਵੀ ਤਿਆਗ ਦਿੱਤੀ ਸੀ। ਉਨ੍ਹਾਂ ਦੇ ਸਿੱਖ ਵੀ ਸ਼ਾਂਤੀਪੂਰਵਕ ਧੰਦਿਆਂ ਵਿਚ ਮੁੜ ਪਰਤਣ ਦੇ ਯੋਗ ਸਨ। ਉਨ੍ਹਾਂ ਵਿੱਚੋਂ ਕੁਝ ਨੂੰ, ਜਿਹੜੇ ਵਧੇਰੇ ਸਾਹਸੀ ਸਨ, ਪਰਚਾਰਕਾਂ ਅਤੇ ਵਪਾਰੀਆਂ ਵਜੋਂ ਦੂਰ ਦੁਰਾਡੀਆਂ ਥਾਵਾਂ ਤੇ ਭੇਜਿਆ ਗਿਆ। ਸਿੱਖ ਮਤ ਦਾ ਪ੍ਰਚਾਰ ਕਰਨ ਲਈ ਬਿਧੀ ਚੰਦ ਨੂੰ ਬੰਗਾਲ ਵਿਚ ਭੇਜਿਆ ਗਿਆ ਅਤੇ ਭਾਈ ਗੁਰਦਾਸ ਜੀ ਨੂੰ ਘੋੜੇ ਖਰੀਦਣ ਲਈ ਕਾਬਲ ਭੇਜਿਆ। ਇਸ ਗੱਲ ਤੋਂ ਸਿੱਖ ਆਚਰਣ ਦੀ ਸਰਵ-ਪੱਖੀ ਉੱਨਤੀ ਦਾ ਪਤਾ ਲਗਦਾ ਹੈ ਕਿ ਛੋਟੀ ਜਿਹੀ ਸੂਚਨਾ ਦੇ ਆਧਾਰ ਤੇ ਹੀ ਇਕ ਸਿਪਾਹੀ ਨੂੰ ਪ੍ਰਚਾਰਕ ਵਜੋਂ ਅਤੇ ਇਕ ਵਿਦਵਾਨ ਨੂੰ ਇਕ ਵਪਾਰੀ ਵਜੋਂ ਭੇਜਿਆ ਜਾ ਸਕਦਾ ਸੀ।

ਉਨ੍ਹਾਂ ਦਾ ਹੋਣਹਾਰ ਪੁੱਤਰ ਗੁਰਦਿੱਤਾ 1638 ਈ. ਵਿਚ ਮਰ ਚੁੱਕਾ ਸੀ ਇਸ ਲਈ ਗੁਰੂ ਜੀ ਲਈ ਜ਼ਰੂਰੀ ਹੋ ਗਿਆ ਸੀ ਕਿ ਉਹ ਕਿਸੇ ਹੋਰ ਨੂੰ ਅਗਲੇ ਗੁਰੂ ਵਜੋਂ ਤਿਆਰ ਕਰਨ। ਉਨ੍ਹਾਂ ਨੇ ਹਰਿ ਰਾਏ ਜੀ ਨੂੰ ਆਪਣਾ ਉੱਤਰਾਧਿਕਾਰੀ ਨਿਯੁਕਤ ਕਰ ਦਿੱਤਾ ਅਤੇ ਆਪ 3 ਮਾਰਚ 1644[91] ਨੂੰ ਜੋਤੀ ਜੋਤਿ ਸਮਾ ਗਏ। 'ਉਨ੍ਹਾਂ ਦੀ ਮੌਤ ਕੌਮ ਲਈ ਇਕ ਦੁਰਘਟਨਾ ਸਮਝੀ ਗਈ। ਉਨ੍ਹਾਂ ਪ੍ਰਤੀ ਸਿੱਖਾਂ ਦੇ ਪਿਆਰ ਦਾ ਅੰਦਾਜ਼ਾ ਇਸ ਗੱਲ ਤੋਂ ਲੱਗ ਸਕਦਾ ਹੈ ਕਿ ਉਨ੍ਹਾਂ ਵਿੱਚੋਂ ਕਈਆਂ ਨੇ ਉਨ੍ਹਾਂ

89. ਅਜ ਕਲ੍ਹ ਦੇ ਵਿਵਾਦਾਂ ਵਿਚ ਉਦਾਸੀਆਂ ਨੂੰ ਗ਼ੈਰ-ਸਿੱਖ ਜਾਂ ਸਿੱਖਾਂ ਤੋਂ ਬਿਲਕੁਲ ਹੀ ਵੱਖ ਇਕ ਸੰਸਥਾ ਸਮਝਿਆ ਜਾਂਦਾ ਹੈ। ਉਦਾਸੀਆਂ ਦੇ ਆਰੰਭ ਵੱਲ ਝਾਤ ਮਾਰਦਿਆਂ ਇਹ ਗੱਲ ਸੋਚਣ ਤੋਂ ਬਾਹਰ ਜਾਪਦੀ ਹੈ ਕਿ ਗੁਰੂ ਸਾਹਿਬਾਨ ਜਿਨ੍ਹਾਂ ਨੇ ਉਨ੍ਹਾਂ ਨੂੰ ਨਿਯੁਕਤ ਕੀਤਾ ਸੀ, ਆਪਣੇ ਤੋਂ ਵੱਖਰੇ ਵਿਚਾਰ ਰਖਣ ਜਾਂ ਪ੍ਰਚਾਰਨ ਦੀ ਆਗਿਆ ਦੇ ਸਕਦੇ ਸਨ। ਵੇਖੋ Teja Singh, *Sikhism*, pp. 66-75.

90. ਵੇਖੋ ਖ਼ੁਸ਼ਵਕਤ ਰਾਏ ਦੀ *ਤਾਰੀਖ-ਇ-ਸਿੱਖਾ*, ਪੰਨੇ 20-21, *ਪੰਥ ਪ੍ਰਕਾਸ਼*, ਪੰਨੇ 476-78; Wilson's *Asiatic Researches*, XVII, p. 236.

91. ਸਾਲ 1055 ਹਿਜਰੀ (1645 ਈ.) ਜੋ ਮੋਹਸਿਨ ਫ਼ਾਨੀ ਨੇ ਦਿੱਤਾ ਹੈ ਗ਼ਲਤ ਹੈ ਕਿਉਂਕਿ ਤਿੰਨ ਮੁਹੱਰਮ ਐਤਵਾਰ ਨੂੰ ਨਹੀਂ ਆਉਂਦਾ ਜਿਵੇਂ ਕਿ ਉਸ ਨੇ ਦਿੱਤਾ ਹੈ। ਇਹ 1054 ਹਿਜਰੀ (1644 ਈ.) ਨਾਲ ਮਿਲਦਾ ਹੈ ਜੋ ਸਿੱਖ ਮਿਤੀਆਂ ਨਾਲ ਵੀ ਮੇਲ ਖਾਂਦਾ ਹੈ। ਮੋਹਸਿਨ ਫਾਨੀ ਪਿੱਛੋਂ ਆਪਣੀ ਹੀ ਗੱਲ ਨੂੰ ਰੱਦ ਕਰ ਜਾਂਦਾ ਹੈ ਜਦੋਂ ਉਹ ਇਹ ਕਹਿੰਦਾ ਹੈ ਕਿ ਗੱਦੀ ਤੇ ਬੈਠਣ ਤੋਂ ਬਾਅਦ ਗੁਰੂ ਹਰਿ ਰਾਏ ਸਾਹਿਬ ਇਕ ਸਾਲ ਤਕ ਕੀਰਤਪੁਰ ਰਹੇ ਅਤੇ ਇਹ ਤਾਰੀਖ 1055 ਹਿਜਰੀ ਹੀ ਸੀ।

ਦੀ ਚਿਤਾ ਉੱਤੇ ਸੜ ਮਰਨ ਦੀ ਤੀਬਰ ਇੱਛਾ ਪ੍ਰਗਟ ਕੀਤੀ। ਉਨ੍ਹਾਂ ਵਿਚੋਂ ਦੋ, ਇਕ ਰਾਜਪੂਤ ਅਤੇ ਇਕ ਜੱਟ, ਨੇ ਜਲਦੀ ਚਿਤਾ ਦੀਆਂ ਲਾਟਾਂ ਵਿਚ ਛਾਲਾਂ ਮਾਰ ਦਿੱਤੀਆਂ ਅਤੇ ਗੁਰੂ ਜੀ ਦੇ ਮ੍ਰਿਤਕ ਸਰੀਰ ਤੋਂ ਵੱਖ ਨਾ ਹੋਏ। ਇਸ ਤਰ੍ਹਾਂ ਉਹ ਗੁਰੂ ਜੀ ਦੇ ਚਰਨਾਂ ਉੱਤੇ ਡਿਗ ਕੇ ਸ਼ਹੀਦ ਹੋ ਗਏ। ਕਈ ਹੋਰ ਵੀ ਅਜਿਹਾ ਹੀ ਕਰਨ ਨੂੰ ਤਿਆਰ ਸਨ ਪਰ ਉਨ੍ਹਾਂ ਨੂੰ ਗੁਰੂ ਹਰਿ ਰਾਏ ਜੀ ਨੇ ਅਜਿਹਾ ਕਰਨ ਤੋਂ ਰੋਕ ਦਿੱਤਾ।'[92]

## 7. ਗੁਰ ਹਰਿ ਰਾਏ ਜੀ (1630-1661 ਈ.)

ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ, ਬਾਬਾ ਗੁਰਦਿੱਤਾ, ਸੂਰਜ ਮੱਲ, ਅਣੀ ਰਾਏ, ਬਾਬਾ ਅਟੱਲ ਅਤੇ ਤੇਗ਼ ਬਹਾਦਰ ਜੀ, ਪੰਜ ਪੁੱਤਰ ਸਨ। ਬਾਬਾ ਅਟੱਲ, ਅਣੀ ਰਾਏ ਅਤੇ ਗੁਰਦਿੱਤਾ ਜੀ ਆਪਣੇ ਪਿਤਾ ਜੀ ਦੇ ਜੀਉਂਦਿਆਂ ਹੀ ਪੂਰੇ ਹੋ ਗਏ ਸਨ। ਸੂਰਜ ਮੱਲ ਲੋੜੋਂ ਵੱਧ ਸੰਸਾਰਕ ਮਾਮਲਿਆਂ ਵਿਚ ਖੱਚਤ ਰਹਿਣ ਵਾਲਾ ਸੀ ਅਤੇ ਤੇਗ਼ ਬਹਾਦਰ ਜੀ ਦੁਨਿਆਵੀ ਮਾਮਲਿਆਂ ਵਿਚ ਲੋੜੀਂਦੀ ਦਿਲਚਸਪੀ ਵੀ ਨਹੀਂ ਸਨ ਲੈਂਦੇ। ਇਸ ਲਈ ਉਨ੍ਹਾਂ ਦੋਨਾਂ ਵਿੱਚੋਂ ਗੁਰਿਆਈ ਦੇ ਯੋਗ ਕਿਸੇ ਨੂੰ ਵੀ ਨਹੀਂ ਸੀ ਸਮਝਿਆ ਗਿਆ। ਬਾਬਾ ਗੁਰਦਿੱਤਾ ਜੀ ਦੇ ਧੀਰ ਮਲ ਅਤੇ ਹਰਿ ਰਾਏ ਜੀ ਦੋ ਪੁੱਤਰ ਸਨ। ਧੀਰ ਮਲ ਭਾਵੇਂ ਉਮਰ ਵਿਚ ਵੱਡਾ ਸੀ, ਪਰ ਉਹ ਵਫ਼ਾਦਾਰ ਨਹੀਂ ਸੀ ਅਤੇ ਵੈਰੀਆਂ ਨਾਲ ਮਿਲ ਕੇ ਸਾਜ਼ਿਸ਼ਾਂ ਕਰਦਾ ਰਹਿੰਦਾ ਸੀ। ਕੇਵਲ ਹਰਿ ਰਾਏ ਜੀ ਨੇ ਹੀ ਉਨ੍ਹਾਂ ਔਖੇ ਦਿਨਾਂ ਵਿਚ ਆਪਣੇ ਆਪ ਨੂੰ ਕੌਮ ਦੀ ਅਗਵਾਈ ਦੇ ਯੋਗ ਸਿੱਧ ਕੀਤਾ ਸੀ।

ਉਨ੍ਹਾਂ ਦਾ ਜਨਮ 30 ਜਨਵਰੀ, 1630[93] ਨੂੰ, ਕੀਰਤਪੁਰ ਵਿਚ ਹੋਇਆ ਸੀ। ਸ਼ੁਰੂ ਤੋਂ ਹੀ ਉਨ੍ਹਾਂ ਨੇ ਆਪਣੇ ਅੰਦਰ ਸ਼ਕਤੀ ਅਤੇ ਕੋਮਲਤਾ ਦਾ ਇਕ ਚੰਗਾ ਮੇਲ ਦਰਸਾਇਆ ਸੀ। ਉਹ ਤਕੜੇ ਸ਼ਿਕਾਰੀ ਸਨ ਅਤੇ ਨਾਲ ਹੀ ਉਹ ਇਤਨੇ ਦਇਆਵਾਨ ਸਨ ਕਿ ਜਿਨ੍ਹਾਂ ਜਾਨਵਰਾਂ ਦਾ ਉਹ ਪਿੱਛਾ ਕਰਦੇ ਸਨ ਜਾਂ ਜਿਨ੍ਹਾਂ ਨੂੰ ਫੜ ਲੈਂਦੇ ਸਨ, ਉਨ੍ਹਾਂ ਨੂੰ ਮਾਰਦੇ ਨਹੀਂ ਸਨ। ਉਹ ਉਨ੍ਹਾਂ ਨੂੰ ਫੜ ਕੇ ਘਰ ਲੈ ਆਉਂਦੇ; ਉਨ੍ਹਾਂ ਨੂੰ ਲੋੜੀਂਦੀ ਖ਼ੁਰਾਕ ਦਿੰਦੇ ਅਤੇ ਆਪਣੇ ਚਿੜੀਆ-ਘਰ ਵਿਚ ਸੰਭਾਲ ਕੇ ਰਖਦੇ। ਉਨ੍ਹਾਂ ਦੇ ਬਚਪਨ ਸਮੇਂ ਇਕ ਦਿਨ ਜਦੋਂ ਉਹ ਬਾਗ਼ ਵਿੱਚੋਂ ਦੀ ਲੰਘ ਰਹੇ ਸਨ ਤਾਂ ਉਨ੍ਹਾਂ ਦੇ ਖੁਲ੍ਹੇ ਚੋਗੇ ਵਿਚ ਫਸ ਕੇ ਫੁੱਲਾਂ ਦੀਆਂ ਕੁਝ ਟਾਹਣੀਆਂ ਟੁੱਟ ਕੇ ਜ਼ਮੀਨ ਤੇ ਡਿਗ ਪਈਆਂ। ਇਹ ਦ੍ਰਿਸ਼ ਉਹ ਝੱਲ ਨਾ ਸਕੇ ਅਤੇ ਉਨ੍ਹਾਂ ਦੀਆਂ ਅੱਖਾਂ ਵਿਚ ਹੰਝੂ ਆ ਗਏ। ਉਹ ਫ਼ਰੀਦ ਜੀ ਦੀਆਂ ਇਹ ਪੰਗਤੀਆਂ ਬੜੇ ਸ਼ੌਕ ਨਾਲ ਗਾਇਆ ਕਰਦੇ ਸਨ :

*ਸਭਨਾ ਮਨੁ ਮਾਣਿਕੁ ਠਾਹਣੁ ਮੂਲਿ ਮਚਾਂਗਵਾ ॥*
*ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀਦਾ ॥*

(ਭਾਵ ਸਭਨਾਂ ਦੇ ਦਿਲ ਅਮੋਲਕ ਹਨ। ਜੇ ਤੈਨੂੰ (ਮਨੁੱਖ ਨੂੰ) ਰੱਬ ਨੂੰ ਮਿਲਣ ਦੀ ਇੱਛਾ ਹੈ ਤਾਂ ਕਿਸੇ ਦਾ ਦਿਲ ਨਾ ਦੁਖਾਈਂ।)

ਉਨ੍ਹਾਂ ਕਿਹਾ, "ਮੰਦਰ ਜਾਂ ਮਸੀਤ ਦੀ ਮੁਰੰਮਤ ਹੋ ਸਕਦੀ ਹੈ ਜਾਂ ਮੁੜ ਬਣਾਏ ਜਾ ਸਕਦੇ ਹਨ ਪਰ ਟੁੱਟਾ ਹੋਇਆ ਦਿਲ ਮੁਰੰਮਤ ਨਹੀਂ ਹੋ ਸਕਦਾ।" ਉਹ ਦਰਸ਼ਨ ਲਈ ਆਉਣ ਵਾਲੇ ਸਿੱਖਾਂ ਨੂੰ ਸਦਾ ਇਹੋ ਹੀ ਪੁਛਦੇ ਕਿ ਕੀ ਉਹ ਲੰਗਰ ਚਲਾਉਂਦੇ ਸਨ ਅਤੇ ਭੋਜਨ ਵੰਡ ਕੇ ਛਕਦੇ ਸਨ? ਦੂਜਿਆਂ ਦਾ ਭਲਾ ਕਰਨ ਦੀ ਗੱਲ ਤੇ ਉਹ ਸਭ ਗੱਲਾਂ ਨਾਲੋਂ ਵੱਧ ਖੁਸ਼ ਹੁੰਦੇ ਸਨ। ਉਨ੍ਹਾਂ ਤੋਂ ਹੀ ਪਟਿਆਲਾ, ਨਾਭਾ ਅਤੇ ਜੀਂਦ ਦੇ ਰਾਜਿਆਂ ਦੇ ਬਜ਼ੁਰਗਾਂ ਨੂੰ ਰਾਜਗੀ ਦੀ ਅਸ਼ੀਰਵਾਦ ਮਿਲੀ

92. Latif's *History of the Punjab*, p. 257, *ਦਬਿਸਤਾਨ*, ਪੰਨਾ 237.

93. ਅਸੀਂ *ਗੁਰਬਿਲਾਸ ਪਾਤਸ਼ਾਹੀ ਛੇਵੀਂ* ਨੂੰ ਮੰਨਿਆ ਹੈ ਜੋ *ਸੂਰਜ ਪ੍ਰਕਾਸ਼* ਨਾਲੋਂ ਪਹਿਲਾਂ ਦੀ ਲਿਖਤ ਹੈ ਅਤੇ ਜੋ ਮਾਘ 1683 (ਜਨਵਰੀ 1627 ਈ.) ਨੂੰ ਗੁਰੂ ਜੀ ਦੀ ਜਨਮ ਮਿਤੀ ਮੰਨਦੀ ਹੈ।

ਸੀ।[94] ਇਸੇ ਤਰ੍ਹਾਂ ਦੀ ਹੀ ਅਸ਼ੀਰਵਾਦ ਮਹਾਰਾਜਾ ਰਣਜੀਤ ਸਿੰਘ ਦੇ ਵਡੇਰੇ ਬੁੱਢਾ ਸਿੰਘ ਨੂੰ ਮਿਲੀ ਸੀ।[95]

ਇਹ ਸਾਰਾ ਕੁਝ ਹੁੰਦਿਆਂ ਹੋਇਆਂ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਗੁਰੂ ਹਰਿ ਰਾਏ ਜੀ ਇਕ ਸਿਪਾਹੀ ਸਨ। ਉਨ੍ਹਾਂ ਨੂੰ 2200 ਘੋੜਸਵਾਰ ਸੈਨਿਕ ਆਪਣੇ ਪਾਸ ਰੱਖੇ ਜਿਨ੍ਹਾਂ ਨੂੰ ਲੋੜ ਪੈਣ ਤੇ ਇਕ ਦਮ ਵਰਤਿਆ ਜਾ ਸਕਦਾ ਸੀ ਪਰ ਗੁਰੂ ਜੀ ਅਮਨ ਦੀ ਨੀਤੀ ਉੱਤੇ ਚਲਣ ਲਈ ਦ੍ਰਿੜ੍ਹ ਸਨ। ਜਦੋਂ ਸ਼ਾਹ ਜਹਾਨ ਦੇ ਪੁੱਤਰ ਦਿੱਲੀ ਦੇ ਤਖ਼ਤ ਲਈ ਲੜ ਰਹੇ ਸਨ ਤਾਂ ਗੁਰੂ ਜੀ ਆਪਣੀ ਸੈਨਾ ਨੂੰ ਮੈਦਾਨ ਵਿਚ ਲਿਆਉਣ ਲਈ ਮਜਬੂਰ ਹੋ ਗਏ ਪਰ ਉਨ੍ਹਾਂ ਇਸ ਗੱਲ ਦਾ ਖ਼ਿਆਲ ਰਖਿਆ ਕਿ ਖ਼ੂਨ ਖ਼ਰਾਬਾ ਨਾ ਕੀਤਾ ਜਾਵੇ। ਦਾਰਾ ਸ਼ਿਕੋਹ ਬਹੁਤ ਸਾਰੇ ਹੋਰ ਸੂਫ਼ੀਆਂ ਦੀ ਤਰ੍ਹਾਂ ਸਿੱਖ ਮਤ ਦਾ ਪ੍ਰਸੰਸਕ ਸੀ ਅਤੇ ਜਾਪਦਾ ਹੈ ਕਿ ਗੁਰੂ ਜੀ ਪ੍ਰਤੀ ਉਸ ਦੇ ਅੰਦਰ ਸਤਿਕਾਰ ਸੀ ਕਿਉਂਕਿ ਉਨ੍ਹਾਂ ਨੇ ਇਕ ਵਾਰ ਉਸ ਨੂੰ ਦੁਰਲੱਭ ਦਵਾਈ ਭੇਜ ਕੇ ਉਸ ਦੀ ਜਾਨ ਬਚਾਈ ਸੀ। ਔਰੰਗਜ਼ੇਬ ਦੀ ਫ਼ੌਜ ਦੇ ਅੱਗੇ ਅੱਗੇ ਭਜਾ ਹੋਇਆ ਦਾਰਾ ਗੋਇੰਦਵਾਲ ਪੁਜਾ ਅਤੇ ਉਸ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਉਸ ਨੂੰ ਫੜੇ ਜਾਣ ਤੋਂ ਬਚਾਉਣ। ਗੁਰੂ ਜੀ ਨੇ ਪਿੱਛਾ ਕਰ ਰਹੀ ਮੁਗ਼ਲ ਫ਼ੌਜ ਦੇ ਵਿਰੁੱਧ ਦਰਿਆ ਬਿਆਸ ਦਾ ਰਾਹ ਰੋਕਣ ਲਈ ਆਪਣੇ ਆਦਮੀ ਭੇਜੇ ਤਾਂ ਜੋ ਸ਼ਰਨਾਰਥੀ ਸ਼ਹਿਜ਼ਾਦਾ ਬਚ ਨਿਕਲਣ ਵਿਚ ਸਫ਼ਲ ਹੋ ਜਾਏ।

ਔਰੰਗਜ਼ੇਬ ਨੂੰ ਇਹ ਗੱਲ ਨਹੀਂ ਭੁੱਲੀ। ਤਖ਼ਤ ਉੱਤੇ ਬੈਠਦਿਆਂ ਹੀ ਉਸ ਨੇ ਗੁਰੂ ਜੀ ਨੂੰ ਆਪਣੇ ਸਾਹਮਣੇ ਹਾਜ਼ਰ ਹੋਣ ਲਈ ਬੁਲਾਵਾ ਭੇਜਿਆ।[96] ਗੁਰੂ ਜੀ ਆਪ ਨਹੀਂ ਗਏ। ਉਨ੍ਹਾਂ ਨੇ ਆਪਣੇ ਪੁੱਤਰ ਰਾਮ ਰਾਏ ਨੂੰ ਭੇਜਿਆ। ਔਰੰਗਜ਼ੇਬ ਇਸ ਗੱਲ ਦੀ ਤਸੱਲੀ ਕਰਨਾ ਚਾਹੁੰਦਾ ਸੀ ਕਿ ਸਿੱਖ ਮਤ ਵਿਚ ਇਸਲਾਮ ਦੇ ਵਿਰੁੱਧ ਤਾਂ ਕੋਈ ਗੱਲ ਨਹੀਂ ਹੈ? ਬਾਦਸ਼ਾਹ ਨੇ ਰਾਮ ਰਾਏ ਨੂੰ ਬਹੁਤ ਸਾਰੇ ਪ੍ਰਸ਼ਨ ਪੁਛੇ। ਉਨ੍ਹਾਂ ਵਿੱਚੋਂ ਇਕ ਪ੍ਰਸ਼ਨ ਗੁਰੂ ਨਾਨਕ ਜੀ ਦੀਆਂ ਰਚਨਾਵਾਂ ਵਿੱਚੋਂ ਇਕ ਤੁਕ ਬਾਰੇ ਸੀ ਜਿਹੜੀ ਮੁਸਲਮਾਨਾਂ ਦੇ ਇਸ ਵਿਸ਼ਵਾਸ ਨਾਲ ਸਬੰਧਿਤ ਸੀ ਕਿ ਜਿਹੜੇ ਮ੍ਰਿਤਕ ਸਰੀਰਾਂ ਨੂੰ ਮੌਤ ਪਿੱਛੋਂ ਸਾੜ ਦਿੱਤਾ ਜਾਂਦਾ ਹੈ ਉਹ ਦੋਜ਼ਖ ਵਿਚ ਜਾਂਦੇ ਹਨ। ਉਹ ਤੁਕ ਇਉਂ ਹੈ :

*ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥*
*ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ॥*

*(ਵਾਰ ਆਸਾ, ਪਉੜੀ ੬, ਤੁਕ ੨)*

ਬਾਦਸ਼ਾਹ ਨੇ ਰਾਮ ਰਾਏ ਨੂੰ ਪੁੱਛਿਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਮੁਸਲਮਾਨਾਂ ਦੀ ਨਿੰਦਿਆ ਕਿਉਂ ਕੀਤੀ ਗਈ ਹੈ? ਰਾਮ ਰਾਏ ਨੇ ਤੁਕ ਵਿਚ ਇਕ ਸ਼ਬਦ ਬਦਲ ਕੇ ਮੌਕਾ ਬਚਾ ਲਿਆ। ਉਸ ਕਿਹਾ ਕਿ 'ਮੁਸਲਮਾਨ' ਸ਼ਬਦ ਕਾਤਬ ਦੀ ਗਲਤੀ ਨਾਲ ਲਿਖਿਆ ਗਿਆ ਹੈ।

---

94. ਫੂਲ ਅਤੇ ਸੰਦਲੀ ਨੂੰ, ਜੋ ਫੂਲਕੀਆਂ ਪਰਿਵਾਰ ਦੇ ਵੱਡੇ ਵਡੇਰੇ ਸਨ, ਗੁਰੂ ਹਰਿਗੋਬਿੰਦ ਸਾਹਿਬ ਨੇ 1627 ਈ. ਵਿਚ ਪਹਿਲਾਂ ਹੀ ਖ਼ੁਸ਼ਹਾਲੀ ਦੇ ਵਚਨਾਂ ਨਾਲ ਅਸ਼ੀਰਵਾਦ ਦਿੱਤੀ ਹੋਈ ਸੀ। ਹੁਣ ਉਨ੍ਹਾਂ ਨੂੰ ਰਾਜਗੀ ਲਈ ਵੀ ਅਸ਼ੀਰਵਾਦ ਮਿਲ ਗਈ (ਦੇਖੋ *ਤਵਾਰੀਖ ਖਾਲਸਾ*, ਕ੍ਰਿਤ ਗਿਆਨ ਸਿੰਘ, 1-2, ਪੰਨਾ 958; ਕਾਹਨ ਸਿੰਘ, *ਮਹਾਨ ਕੋਸ਼*, ਪੰਨਾ 2451; ਕਰਮ ਸਿੰਘ, *ਮਹਾਰਾਜਾ ਆਲਾ ਸਿੰਘ*, ਪੰਨੇ 51-52. ਇਸ ਅਸ਼ੀਰਵਾਦ ਦੀ ਗੁਰੂ ਗੋਬਿੰਦ ਸਿੰਘ ਜੀ ਨੇ ਪੁਸ਼ਟੀ ਕਰ ਦਿੱਤੀ ਸੀ। (ਦੇਖੋ *ਸਾਖੀ 103* ਅਤੇ *Travels*, ਅਨੁਵਾਦਕ ਅਤਰ ਸਿੰਘ)।
95. *ਉਮਦਾਤੁਤ-ਤਵਾਰੀਖ*, ਜਿਲਦ ਦੂਜੀ, ਪੰਨਾ 3.
96. ਬਖਤ ਮਲ ਗੁਰੂ ਸਾਹਿਬ ਨੂੰ ਤਲਬ ਕਰਨ ਦਾ ਹੋਰ ਕਾਰਣ ਦਿੰਦਾ ਹੈ ਕਿ ਬਾਦਸ਼ਾਹ ਗੁਰੂ ਜੀ ਨੂੰ ਕਰਾਮਾਤਾਂ ਕਰਦਿਆਂ ਦੇਖਣਾ ਚਾਹੁੰਦਾ ਸੀ (ਦੇਖੋ *ਖਾਲਸਾਨਾਮਾ*, ਪੰਨਾ 9)।

ਅਸਲ ਵਿਚ ਇਹ ਸ਼ਬਦ 'ਬੇਈਮਾਨ' ਹੈ। ਬਾਦਸ਼ਾਹ ਖ਼ੁਸ਼ ਹੋ ਗਿਆ ਤੇ ਉਸ ਨੇ ਰਾਮ ਰਾਏ ਨੂੰ ਦੂਨ ਦੀ ਵਾਦੀ ਵਿਚ ਜਾਗੀਰ ਦੇ ਦਿੱਤੀ[97] ਪਰ ਗੁਰੂ ਜੀ ਨੂੰ ਆਪਣੇ ਪੁੱਤਰ ਵਿਚ ਸਚਾਈ ਅਤੇ ਹੌਸਲੇ ਦੀ ਘਾਟ ਦੀ ਖ਼ਬਰ ਸੁਣ ਕੇ ਬਹੁਤ ਦੁੱਖ ਹੋਇਆ। ਉਨ੍ਹਾਂ ਨੇ ਉਸ ਨੂੰ ਗੁਰਿਆਈ ਦੇ ਜ਼ਿੰਮੇਵਾਰ ਅਹੁਦੇ ਦੇ ਅਯੋਗ ਘੋਸ਼ਿਤ ਕਰ ਦਿੱਤਾ[98] ਅਤੇ ਇਸ ਗੱਲ ਲਈ ਆਪਣਾ ਮਨ ਬਣਾ ਲਿਆ ਕਿ ਰਾਮ ਰਾਏ ਦੀ ਥਾਂ ਗੁਰਗੱਦੀ ਹਰਿ ਕ੍ਰਿਸ਼ਨ ਜੀ ਨੂੰ ਦਿੱਤੀ ਜਾਏਗੀ।

ਗੁਰੂ ਹਰਿ ਰਾਏ ਜੀ ਦੇ ਸਮੇਂ ਸਿੱਖ ਮਤ ਨੇ ਚੰਗੀ ਉੱਨਤੀ ਕੀਤੀ। ਉਨ੍ਹਾਂ ਨੇ ਇਕ ਸੰਨਿਆਸੀ ਭਗਤ ਭਗਵਾਨ ਨੂੰ ਜਿਹੜਾ ਸਿੱਖ ਹੋ ਗਿਆ ਸੀ, ਪੰਜਾਬ ਤੋਂ ਬਾਹਰ ਪੂਰਬ ਵਿਚ ਸਿੱਖ ਮਤ ਦੇ ਪ੍ਰਚਾਰ ਲਈ ਭੇਜਿਆ। ਕੈਂਥਲ ਅਤੇ ਬਾਗੜੀਆਂ ਦੇ ਭਾਈ ਪਰਿਵਾਰਾਂ ਨੂੰ ਜਮਨਾ ਅਤੇ ਸਤਲੁਜ ਦਰਿਆਵਾਂ ਦੇ ਦਰਮਿਆਨੀ ਇਲਾਕੇ ਵਿਚ ਪ੍ਰਚਾਰ ਦਾ ਕੰਮ ਸੌਂਪਿਆ ਗਿਆ। ਬਿਆਸ ਅਤੇ ਰਾਵੀ ਦੇ ਵਿਚਕਾਰ ਦੇ 'ਲੰਮਾਂ' ਇਲਾਕੇ ਵਿਚ ਭਾਈ ਫੇਰੂ ਗੁਰੂ ਜੀ ਦੇ ਮਸੰਦ ਵਜੋਂ ਕੰਮ ਕਰ ਰਿਹਾ ਸੀ।

ਗੁਰੂ ਹਰਿ ਰਾਏ ਜੀ ਪੂਰੀ ਯੋਗਤਾ ਨਾਲ ਲਗਪਗ ਸਤਾਰਾਂ ਸਾਲਾਂ ਤਕ ਗੁਰਿਆਈ ਦਾ ਕੰਮ ਚਲਾਉਣ ਉਪਰੰਤ 6 ਅਕਤੂਬਰ, 1661 ਨੂੰ ਕੀਰਤਪੁਰ ਦੇ ਸਥਾਨ ਤੇ ਪੂਰੇ ਹੋ ਗਏ।

## 8. **ਗੁਰੂ ਹਰਿ ਕ੍ਰਿਸ਼ਨ ਜੀ** (1656-1664 ਈ.)

ਗੁਰੂ ਹਰਿ ਕ੍ਰਿਸ਼ਨ ਜੀ ਦਾ ਜਨਮ 7 ਜੁਲਾਈ, 1656 ਨੂੰ ਹੋਇਆ ਸੀ। ਉਹ ਗੁਰ-ਗੱਦੀ ਉੱਤੇ ਬੈਠਣ ਸਮੇਂ ਪੰਜ ਸਾਲਾਂ ਤੋਂ ਜ਼ਰਾ ਕੁ ਵੱਧ ਉਮਰ ਦੇ ਸਨ। ਰਾਮ ਰਾਏ ਨੂੰ ਗੱਦੀ ਨਹੀਂ ਸੀ ਦਿੱਤੀ ਗਈ ਪਰ ਉਸ ਨੇ ਗੱਦੀ ਲਈ ਆਸ ਨਹੀਂ ਛੱਡੀ। ਉਸ ਨੇ ਕੁਝ ਮਸੰਦ ਵੀ ਆਪਣੇ ਪੱਖੀ ਬਣਾ ਲਏ ਸਨ ਅਤੇ ਆਪਣੇ ਆਪ ਨੂੰ ਗੁਰੂ ਕਹਾਉਣ ਲੱਗ ਪਿਆ। ਉਸ ਦੇ ਮਸੰਦਾਂ ਨੇ ਸਭ ਪਾਸੀਂ ਜਾ ਕੇ ਉਸ ਦੀ ਗੱਦੀ-ਨਸ਼ੀਨੀ ਦਾ ਐਲਾਨ ਕਰ ਦਿੱਤਾ ਪਰ ਜਿਹੜੇ ਸਿੱਖ ਪਿਛਲੇ ਗੁਰੂ ਜੀ ਦੇ ਫ਼ੈਸਲੇ ਤੋਂ ਜਾਣੂੰ ਸਨ, ਉਨ੍ਹਾਂ ਨੇ ਰਾਮ ਰਾਏ ਨੂੰ ਗੁਰੂ ਮੰਨਣ ਤੋਂ ਨਾਂਹ ਕਰ ਦਿੱਤੀ, ਫਿਰ ਰਾਮ ਰਾਏ ਨੇ ਮੁਗ਼ਲ ਬਾਦਸ਼ਾਹ ਦੇ ਸਾਹਮਣੇ ਆਪਣਾ ਮਾਮਲਾ ਪੇਸ਼ ਕਰਨ ਦਾ ਫੈਸਲਾ ਕੀਤਾ ਕਿਉਂਕਿ ਬਾਦਸ਼ਾਹ ਉਸ ਵੱਲ ਕਾਫ਼ੀ ਨਰਮ ਸੀ। ਬਾਦਸ਼ਾਹ ਨੇ ਦੋਨੋਂ ਧੜਿਆਂ ਨੂੰ ਦਿੱਲੀ ਬੁਲਾਇਆ। ਰਾਮ ਰਾਏ ਦਿੱਲੀ ਗਿਆ ਪਰ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਇਸ ਗੱਲ ਲਈ ਮਨਾਉਣਾ ਔਖਾ ਸੀ ਕਿਉਂਕਿ ਗੁਰੂ ਹਰਿ ਰਾਏ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਹੋਇਆ ਸੀ ਕਿ ਉਹ ਬਾਦਸ਼ਾਹ ਦੇ ਮੱਥੇ ਨਾ ਲਗਣ।

---

97. ਬਖਤ ਮਲ, ਪੰਨਾ 10. ਡੇਹਰਾ ਜਿਸ ਦੇ ਦੁਆਲੇ ਡੇਹਰਾਦੂਨ ਦਾ ਸ਼ਹਿਰ ਬਣਿਆ ਹੈ ਉਸ ਫ਼ਿਰਕੇ ਦਾ ਹੈਡਕੁਆਰਟਰ ਹੈ ਜਿਸ ਦਾ ਰਾਮ ਰਾਏ ਨੇ ਮੁੱਢ ਬੰਨ੍ਹਿਆ ਸੀ। ਉਸ ਦੇ ਪੈਰੋਕਾਰਾਂ ਨੂੰ ਰਾਮ ਰਾਈਏ ਕਹਿੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨਾਲ ਅੰਮ੍ਰਿਤਧਾਰੀ ਸਿੱਖਾਂ ਵੱਲੋਂ ਉਨ੍ਹਾਂ ਦਾ ਸਮਾਜਕ ਬਾਈਕਾਟ ਕੀਤਾ ਹੋਇਆ ਹੈ।

98. ਕੁਝ ਲਿਖਾਰੀ ਕਹਿੰਦੇ ਹਨ ਕਿ ਰਾਮ ਰਾਏ ਦਾ ਇਸ ਲਈ ਬਾਈਕਾਟ ਕੀਤਾ ਗਿਆ ਸੀ ਕਿ ਉਹ ਇਕ ਨੌਕਰਾਣੀ ਤੋਂ ਪੈਦਾ ਹੋਇਆ ਸੀ (ਕੰਨਿਘਮ, ਪੰਨਾ 62)। ਗੋਕਲ ਚੰਦ ਨਾਰੰਗ ਅਨੁਸਾਰ ਜੇ ਉਹ ਇਸ ਤਰ੍ਹਾਂ ਪੈਦਾ ਹੋਇਆ ਹੁੰਦਾ ਤਾਂ ਉਸ ਲਈ ਅਜਿਹਾ ਦਾਅਵਾ ਕਰਨਾ ਬੇਹੂਦਾ ਗੱਲ ਹੁੰਦੀ। ਅਸਲ ਵਿੱਚ ਉਸ ਦੇ ਵੀ ਉਹੀ ਮਾਤਾ ਜੀ ਸਨ ਜੋ ਹਰਿ ਕ੍ਰਿਸ਼ਨ ਜੀ ਦੇ ਸਨ। ਗੁਰੂ ਹਰਿ ਰਾਏ ਸਾਹਿਬ ਦੇ ਸਤ ਔਰਤਾਂ ਨਾਲ ਜੋ ਸਾਰੀਆਂ ਭੈਣਾਂ ਸਨ, ਵਿਆਹ ਕਰਨ ਵਾਲੀ ਕਹਾਣੀ *ਸੂਰਜ ਪ੍ਰਕਾਸ਼* ਦੇ ਇਕੋ ਹੱਥ-ਲਿਖਤੀ ਖਰੜੇ ਵਿਚ ਮਿਲਦੀ ਹੈ ਅਤੇ ਅੰਕਾਂ ਵਾਲੇ ਪੰਨਿਆਂ ਤੋਂ ਬਿਨਾਂ ਪਤਰਿਆਂ ਉੱਤੇ ਲਿਖੀ ਹੋਈ ਹੈ ਜਿਸਤੋਂ ਜ਼ਾਹਿਰ ਹੁੰਦਾ ਹੈ ਕਿ ਇਹ ਪਤਰੇ ਪਿੱਛੋਂ ਪਾਏ ਗਏ ਸਨ। ਮੰਦੇ ਭਾਗਾਂ ਨੂੰ ਅੱਜ-ਕੱਲ੍ਹ ਦੀਆਂ ਪ੍ਰਚਲਿਤ ਛਾਪਾਂ ਦਾ ਉਹੀ ਖਰੜਾ ਆਧਾਰ ਬਣਿਆ। ਦੂਜੇ ਖਰੜਿਆਂ ਵਿਚ ਇਕੋ ਵਿਆਹ ਦਾ ਜਿਕਰ ਹੈ। *ਮਹਿਮਾ ਪ੍ਰਕਾਸ਼* ਵੀ, ਜੋ ਇਸ ਪੁਸਤਕ ਨਾਲੋਂ ਬਹੁਤ ਪੁਰਾਣੀ ਹੈ, ਇਕੋ ਪਤਨੀ ਦਾ ਜ਼ਿਕਰ ਕਰਦੀ ਹੈ। ਇਸ ਗੱਲ ਸਬੰਧੀ *ਸੂਰਜ ਪ੍ਰਕਾਸ਼* ਵਿਚ ਭਾਈ ਵੀਰ ਸਿੰਘ ਦੀ ਟਿੱਪਣੀ ਦੇਖੋ।

ਮਿਰਜਾ ਰਾਜਾ ਜੈ ਸਿੰਘ[99] ਨੇ ਦਿੱਲੀ ਵਿਚ ਹੀ ਰਾਇਸੀਨਾ ਦੇ ਸਥਾਨ ਤੇ ਆਪਣੇ ਬੰਗਲੇ[100] ਵਿਚ ਗੁਰੂ ਜੀ ਨੂੰ ਸਦ ਕੇ ਗੁਰੂ ਜੀ ਦੀ ਔਕੜ ਨੂੰ ਦੂਰ ਕਰ ਦਿੱਤਾ। ਬਾਦਸ਼ਾਹ ਗੁਰੂ ਜੀ ਦੀ ਸੂਝ ਨੂੰ ਪਰਖਣਾ ਚਾਹੁੰਦਾ ਸੀ ਜਿਸ ਦੀ ਹਰ ਕੋਈ ਬੜੀ ਸ਼ਲਾਘਾ ਕਰਦਾ ਸੀ। ਬਾਲਕ ਗੁਰੂ ਜੀ ਨੂੰ ਜੈ ਸਿੰਘ ਦੇ ਪਰਿਵਾਰ ਦੀਆਂ ਇਸਤਰੀਆਂ ਨੇ ਆਪਣੇ ਘੇਰੇ ਵਿਚ ਲੈ ਲਿਆ। ਉਨ੍ਹਾਂ ਵਿਚ ਘਰ ਦੀਆਂ ਨੌਕਰਾਣੀਆਂ ਵੀ ਸਨ ਜਿਨ੍ਹਾਂ ਨੇ ਬਾਕੀ ਦੀਆਂ ਇਸਤਰੀਆਂ ਦੀ ਤਰ੍ਹਾਂ ਹੀ ਵਧੀਆ ਕਪੜੇ ਪਾਏ ਹੋਏ ਸਨ। ਗੁਰੂ ਜੀ ਨੂੰ ਕਿਹਾ ਗਿਆ ਕਿ ਉਨ੍ਹਾਂ ਸਾਰੀਆਂ ਇਸਤਰੀਆਂ ਵਿੱਚੋਂ ਰਾਣੀ ਨੂੰ ਲੱਭਣ। ਗੁਰੂ ਜੀ ਨੇ ਹਰ ਕਿਸੇ ਦੇ ਚਿਹਰੇ ਵੱਲ ਡੂੰਘੀ ਝਾਤ ਮਾਰੀ ਅਤੇ ਰਾਣੀ ਨੂੰ ਪਛਾਣਨ ਵਿਚ ਉਨ੍ਹਾਂ ਨੂੰ ਕੋਈ ਔਖ ਨਾ ਹੋਈ। ਗੁਰੂ ਜੀ ਦੀ ਅਸੁਭਾਵਕ ਸੂਝ ਨੂੰ ਦਰਸਾਉਣ ਵਾਲੀਆਂ ਕਈ ਹੋਰ ਸਾਖੀਆਂ ਵੀ ਹਨ।[101] ਬਾਦਸ਼ਾਹ ਨੂੰ ਇਹ ਨਿਸ਼ਚਾ ਹੋ ਗਿਆ ਕਿ ਪਿਛਲੇ ਗੁਰੂ ਜੀ ਦੀ ਚੋਣ ਗਲਤ ਨਹੀਂ ਸੀ ਅਤੇ ਉਸ ਨੇ ਰਾਮ ਰਾਏ ਦੇ ਦਾਅਵੇ ਨੂੰ ਖ਼ਾਰਜ ਕਰ ਦਿੱਤਾ।[102]

ਦਿੱਲੀ ਤੋਂ ਜਾਣ ਤੋਂ ਪਹਿਲਾਂ ਗੁਰੂ ਜੀ ਨੂੰ ਬਹੁਤ ਜੋਰ ਦਾ ਬੁਖ਼ਾਰ ਹੋ ਗਿਆ। ਇਸ ਦੇ ਪਿੱਛੋਂ ਉਨ੍ਹਾਂ ਨੂੰ ਚੇਚਕ ਨਿਕਲ ਆਈ ਜਿਸ ਨਾਲ ਉਨ੍ਹਾਂ ਦਾ ਦੇਹਾਂਤ ਹੋ ਗਿਆ। ਜਦੋਂ ਉਹ ਆਪਣੇ ਅੰਤਿਮ ਸਮੇਂ ਦੇ ਨੇੜੇ ਪੁਜੇ ਹੋਏ ਸਨ ਤਾਂ ਸਿੱਖਾਂ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਉੱਤਰਾਧਿਕਾਰੀ ਦਾ ਨਾਂ ਦਸਣ ਦੀ ਕਿਰਪਾ ਕਰਨ ਕਿਉਂਕਿ ਰਾਮ ਰਾਏ ਮੁਗ਼ਲ ਦਰਬਾਰ ਵਿਚ ਸਾਜਿਸ਼ਾਂ ਕਰ ਰਿਹਾ ਸੀ ਅਤੇ ਧੀਰ ਮਲ ਅਤੇ ਦੂਜੇ ਸੋਢੀ ਉਨ੍ਹਾਂ ਦੇ ਦੇਹਾਂਤ ਦੀ ਉਡੀਕ ਕਰ ਰਹੇ ਸਨ ਤਾਂ ਜੋ ਉਹ ਆਪਣੇ ਹੱਕ ਜਿਤਲਾ ਸਕਣ। ਗੁਰੂ ਜੀ ਨੇ ਪੰਜ ਪੈਸੇ ਮੰਗਵਾਏ ਅਤੇ ਹਵਾ ਵਿਚ ਤਿੰਨ ਵਾਰ ਆਪਣਾ ਹੱਥ ਹਿਲਾ ਕੇ ਕਿਹਾ 'ਬਾਬਾ ਬਕਾਲੇ'। ਇਸ ਦਾ ਭਾਵ ਇਹ ਸੀ ਕਿ ਉਨ੍ਹਾਂ ਦਾ ਉੱਤਰਾਧਿਕਾਰੀ ਬਕਾਲੇ ਪਿੰਡ ਵਿਚ ਮਿਲੇਗਾ। ਇਸ ਦੇ ਛੇਤੀ ਬਾਅਦ ਉਨ੍ਹਾਂ ਨੇ ਆਪਣੇ ਸੁਆਸ ਛੱਡ ਦਿੱਤੇ ਅਤੇ ਉਨ੍ਹਾਂ ਦੀ ਦੇਹ ਦਾ ਜਮਨਾ ਦੇ ਕੰਢੇ ਸਸਕਾਰ ਕਰ ਦਿੱਤਾ ਗਿਆ ਜਿੱਥੇ ਹੁਣ ਗੁਰਦੁਆਰਾ ਬਾਲਾ ਸਾਹਿਬ ਬਣਿਆ ਹੋਇਆ ਹੈ। ਗੁਰੂ ਜੀ ਦੇ ਦੇਹਾਂਤ ਦੀ ਇਹ ਘਟਨਾ 30 ਮਾਰਚ, 1664 ਨੂੰ ਵਾਪਰੀ ਸੀ।

## 9. **ਗੁਰੂ ਤੇਗ਼ ਬਹਾਦਰ** (1621-1675 ਈ.)

ਗੁਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਛੋਟੇ ਸਾਹਿਬਜ਼ਾਦੇ ਤੇਗ਼ ਬਹਾਦਰ ਜੀ ਸਨ। ਉਹ ਅੰਮ੍ਰਿਤਸਰ ਵਿਚ 'ਗੁਰੂ ਕੇ ਮਹਿਲ' ਵਿਚ ਪਹਿਲੀ ਅਪ੍ਰੈਲ, 1621 ਨੂੰ ਪੈਦਾ ਹੋਏ। ਆਪਣੇ ਪਿਤਾ ਦੇ ਦੇਹਾਂਤ ਤੋਂ ਬਾਅਦ ਉਹ ਆਪਣੇ ਮਾਤਾ ਜੀ ਅਤੇ ਪਤਨੀ ਸਮੇਤ ਬਕਾਲੇ ਚਲੇ ਗਏ ਜਿੱਥੇ ਉਨ੍ਹਾਂ ਨੇ ਆਪਣਾ ਸਮਾਂ ਇਕਾਂਤ ਵਿਚ ਲੰਘਾਇਆ। ਗੁਰਿਆਈ ਲਈ ਉਨ੍ਹਾਂ ਨੂੰ ਦੋ ਵਾਰ ਛੱਡ ਦਿੱਤਾ ਗਿਆ

99. ਕੁਝ ਸਿੱਖ ਲਿਖਾਰੀਆਂ ਨੇ, ਜਿਨ੍ਹਾਂ ਵਿਚ *ਸੂਰਜ ਪ੍ਰਕਾਸ਼* ਦਾ ਕਰਤਾ ਵੀ ਹੈ, ਜੈ ਸਿੰਘ ਨੂੰ ਜੈ ਸਿੰਘ ਸਵਈ ਨਾਲ ਰਲ-ਗਡ ਕਰ ਦਿੱਤਾ ਹੈ ਜੋ ਉਸ ਦਾ ਪੜਪੋਤਾ ਸੀ।
100. ਜਿਸ ਥਾਂ (ਬੰਗਲੇ ਵਿਚ) ਗੁਰੂ ਸਾਹਿਬ ਨੂੰ ਦਿੱਲੀ ਵਿਚ ਰਖਿਆ ਗਿਆ ਸੀ ਉਸ ਨੂੰ ਹੁਣ ਵੀ ਬੰਗਲਾ ਸਾਹਿਬ ਕਿਹਾ ਜਾਂਦਾ ਹੈ।
101. ਵੇਖੋ Macauliffe, IV, pp. 321-22. ਆਪਣੇ ਭਰਾ ਅਤੇ ਚਾਚਾ ਨੂੰ ਛੱਡ ਕੇ ਆਪਣੇ ਉੱਤਰਾਧਿਕਾਰੀ ਦੀ ਚੋਣ ਕਰਨੀ ਉਨ੍ਹਾਂ ਦੇ ਮਨ ਦੀ ਪਕਿਆਈ ਨੂੰ ਪ੍ਰਗਟਾਉਂਦੀ ਹੈ।
102. ਫੌਰਸਟਰ ਲਿਖਦਾ ਹੈ, "ਕਿਹਾ ਜਾਂਦਾ ਹੈ ਇਸ ਝਗੜੇ ਦੇ ਸਿੱਟੇ ਵਜੋਂ ਸਿੱਖਾਂ ਨੂੰ ਆਪਣਾ ਗੁਰੂ ਚੁਣਨ ਦੀ ਆਗਿਆ ਮਿਲ ਗਈ। ਜਦੋਂ ਉਹ ਆਪਣੇ ਝਗੜੇ ਦਾ ਫ਼ੈਸਲਾ ਕਰ ਰਹੇ ਸਨ ਤਾਂ ਉਨ੍ਹਾਂ ਨੇ ਹਰਿ ਕ੍ਰਿਸ਼ਨ ਜੀ ਨੂੰ ਗੁਰੂ ਚੁਣਿਆ (Travels, I, p. 260), Malcolm's *Sketch*, p. 38 ਵੀ ਵੇਖੋ। ਇਸ ਤੋਂ ਬਾਅਦ ਰਾਮ ਰਾਏ ਪੰਜਾਬ ਨੂੰ ਨਹੀਂ ਮੁੜਿਆ ਜਾਪਦਾ। ਉਹ ਦਿੱਲੀ ਹੀ ਰਿਹਾ ਅਤੇ ਹਰ ਜੁਗਤੀ ਅਤੇ ਸਾਜਿਸ਼ ਦੁਆਰਾ ਉਸ ਨੇ ਆਪਣੇ ਵਿਰੋਧੀਆਂ ਨੂੰ ਨਸ਼ਟ ਕਰਨ ਦਾ ਯਤਨ ਕੀਤਾ (Malcolm's *Sketch*, p. 39).

ਸੀ ਕਿਉਂਕਿ ਗੁਰੂ ਬਣਨ ਲਈ ਉਨ੍ਹਾਂ ਦਾ ਸਮਾਂ ਹਾਲੇ ਨਹੀਂ ਸੀ ਆਇਆ। ਉਹ ਹਾਲੇ ਸਮੇਂ ਦੀਆਂ ਔਕੜਾਂ ਤੇ ਵਿਚਾਰ ਕਰ ਰਹੇ ਸਨ ਅਤੇ ਉਨ੍ਹਾਂ ਵਿੱਚੋਂ ਨਿਕਲਣ ਦਾ ਕੋਈ ਵਧੀਆ ਢੰਗ ਟੋਲ ਰਹੇ ਸਨ।

ਗੁਰੂ ਹਰਿ ਕ੍ਰਿਸ਼ਨ ਜੀ ਦੇ ਪੂਰੇ ਹੋਣ ਤੇ ਇਹ ਸਵਾਲ ਉਠਿਆ ਕਿ ਉਨ੍ਹਾਂ ਦਾ ਉੱਤਰਾਧਿਕਾਰੀ ਕੌਣ ਹੋਵੇ। ਉਨ੍ਹਾਂ ਦੇ ਲਾਲਚੀ ਰਿਸ਼ਤੇਦਾਰਾਂ ਨੇ ਉਨ੍ਹਾਂ ਦੇ ਆਖ਼ਰੀ ਸ਼ਬਦਾਂ ਦੀ ਅਸਪਸ਼ਟਤਾ ਤੋਂ ਲਾਭ ਉਠਾਇਆ ਅਤੇ ਗੁਰਿਆਈ ਲਈ ਆਪਣਾ ਆਪਣਾ ਦਾਅਵਾ ਜਿਤਲਾਉਣ ਲਈ ਬਕਾਲਾ ਪਿੰਡ ਵਿਚ ਜਾ ਇਕੱਠੇ ਹੋਏ। ਧੀਰ ਮਲ ਵਰਗੇ ਕਈ ਹੋਰ ਆਪਣੇ ਆਪ ਹੀ ਗੁਰੂ ਬਣ ਬੈਠੇ।[103] ਉਹ ਅਭੋਲ ਸਿੱਖਾਂ ਤੋਂ ਜ਼ਬਰਦਸਤੀ ਭੇਟਾ ਲੈ ਲੈਂਦੇ ਸਨ ਅਤੇ ਉਨ੍ਹਾਂ ਲਈ ਇਹ ਲਭਣਾ ਔਖਾ ਕਰ ਦਿੱਤਾ ਸੀ ਕਿ ਅਸਲ ਗੁਰੂ ਕੌਣ ਸੀ। ਜੋਤੀ ਜੋਤਿ ਸਮਾਉਣ ਸਮੇਂ ਗੁਰੂ ਹਰਿ ਕ੍ਰਿਸ਼ਨ ਜੀ ਨੇ 'ਬਾਬਾ ਬਕਾਲੇ' ਦੇ ਜੋ ਸ਼ਬਦ ਉਚਾਰੇ ਸਨ ਉਨ੍ਹਾਂ ਤੋਂ ਸਾਫ਼ ਤੌਰ ਤੇ ਉਨ੍ਹਾਂ ਦੇ ਬਾਬਾ ਜੀ ਵੱਲ ਇਸ਼ਾਰਾ ਮਿਲਦਾ ਸੀ ਜੋ ਬਕਾਲੇ ਰਹਿ ਰਹੇ ਸਨ। ਇਹ ਤੇਗ਼ ਬਹਾਦਰ ਜੀ ਤੋਂ ਬਿਨਾਂ ਹੋਰ ਕੋਈ ਨਹੀਂ ਸੀ ਹੋ ਸਕਦਾ ਕਿਉਂਕਿ ਉਹੀ ਰਿਸ਼ਤੇ ਵਿਚ ਗੁਰੂ ਹਰਿ ਕ੍ਰਿਸ਼ਨ ਜੀ ਦੇ ਬਾਬਾ ਜੀ ਸਨ। ਅਗਲੀ ਵਿਸਾਖੀ ਦੇ ਮੌਕੇ ਤੇ, ਜੋ ਮਾਰਚ 1665 ਦੇ ਆਖ਼ਰੀ ਹਫ਼ਤੇ ਵਿਚ ਆਉਂਦੀ ਸੀ, ਬਹੁਤ ਭਾਰੀ ਗਿਣਤੀ ਵਿਚ ਸਿੱਖ ਆਪਣੇ ਨਵੇਂ ਗੁਰੂ ਨੂੰ ਮਿਲਣ ਲਈ ਇਕੱਠੇ ਹੋਏ।[104] ਮੱਖਣ ਸ਼ਾਹ ਲੁਬਾਣੇ ਦੀ ਅਗਵਾਈ ਵਿਚ, ਜੋ ਪੇਸ਼ੇ ਵਜੋਂ ਇਕ ਵਪਾਰੀ ਸੀ ਅਤੇ ਗੁਜਰਾਤ (ਕਾਠੀਆਵਾੜ) ਵਿਚ ਮਸੰਦ[105] ਵਜੋਂ ਕੰਮ ਕਰਦਾ ਸੀ, ਸਿੱਖਾਂ ਨੇ ਤੇਗ਼ ਬਹਾਦਰ ਜੀ ਨੂੰ ਲਭ ਲਿਆ ਅਤੇ ਉਨ੍ਹਾਂ ਦੇ ਅਸਲੀ ਗੁਰੂ ਹੋਣ ਦਾ ਐਲਾਨ ਕਰ ਦਿੱਤਾ।

ਗੁਰੂ ਤੇਗ਼ ਬਹਾਦਰ ਜੀ ਗੁਰਿਆਈ ਸੰਭਾਲਣ ਸਮੇਂ 44 ਸਾਲ ਦੇ ਸਨ। ਉਹ ਪ੍ਰਾਰਥਨਾ ਕਰਦੇ ਅਤੇ ਆਪਣੀਆਂ ਇੱਛਾਵਾਂ ਉੱਤੇ ਕਾਬੂ ਪਾਉਣ ਦਾ ਯਤਨ ਕਰਦੇ ਰਹੇ ਸਨ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਮਨ ਵਿਚ ਬਹੁਤ ਸ਼ਾਂਤੀ ਸੀ, ਜਿਸ ਵਿਚ ਕਿਸੇ ਦੁੱਖ ਜਾਂ ਖ਼ੁਸ਼ੀ ਨਾਲ ਵਿਘਨ ਨਹੀਂ ਸੀ ਪੈ ਸਕਦਾ। ਇਕ ਦਿਨ ਧੀਰ ਮਲ ਨੇ, ਜੋ ਗੁਰੂ ਜੀ ਦੀ ਸਫ਼ਲਤਾ ਦੇ ਗੁੱਸੇ ਨਾਲ ਸੜ ਰਿਹਾ ਸੀ, ਆਪਣੇ ਮਸੰਦਾਂ ਵਿੱਚੋਂ ਇਕ ਨੂੰ ਗੁਰੂ ਜੀ ਨੂੰ ਮਾਰਨ ਲਈ ਭੇਜਿਆ। ਮਸੰਦ ਨੇ ਗੁਰੂ ਜੀ ਉੱਤੇ ਗੋਲੀ ਚਲਾਈ ਅਤੇ ਉਨ੍ਹਾਂ ਦਾ ਸਾਰਾ ਸਾਮਾਨ ਲੁੱਟ ਕੇ ਲੈ ਗਿਆ। ਗੁਰੂ ਤੇਗ਼ ਬਹਾਦਰ ਜੀ ਜ਼ਖ਼ਮੀ ਹੋ ਗਏ ਪਰ ਉਨ੍ਹਾਂ ਨੇ ਗੁੱਸਾ ਨਹੀਂ ਪ੍ਰਗਟ ਕੀਤਾ। ਇਸ ਤੇ ਮੱਖਣ ਸ਼ਾਹ ਦੀ ਅਗਵਾਈ ਵਿਚ ਸਿੱਖਾਂ ਨੇ ਧੀਰ ਮਲ ਦੇ ਘਰ ਉੱਤੇ ਹਮਲਾ ਕਰ ਦਿੱਤਾ ਅਤੇ ਉਸ ਦੀ ਸਾਰੀ ਸੰਪਤੀ ਤੇ ਕਬਜ਼ਾ ਕਰ ਲਿਆ

103. ਆਮ ਤੌਰ ਤੇ ਕਈ ਸੋਢੀਆਂ ਨੇ ਬਕਾਲੇ ਵਿਚ 22 ਮੰਜੀਆਂ ਸਥਾਪਿਤ ਕੀਤੀਆਂ ਹੋਈਆਂ ਸਨ (ਸੇਵਾ ਦਾਸ 16 ਮੰਜੀਆਂ ਦਾ ਜ਼ਿਕਰ ਕਰਦਾ ਹੈ)। ਪਰ ਕਰਮ ਸਿੰਘ ਅਨੁਸਾਰ (*ਗੁਰਪੁਰਬ ਨਿਰਣੈ*, ਪੰਨਾ 163 ਫੁਟਨੋਟ) ਇਤਨੇ ਸਾਰੇ ਦਾਅਵੇਦਾਰ ਉਸ ਵੇਲੇ ਜ਼ਿੰਦਾ ਨਹੀਂ ਸਨ ਹੋ ਸਕਦੇ। '22' ਦੀ ਗਿਣਤੀ ਉਨ੍ਹਾਂ ਦਿਨਾਂ ਵਿਚ ਹਰਮਨ ਪਿਆਰੀ ਜਾਪਦੀ ਸੀ। ਗੁਰੂ ਅਮਰ ਦਾਸ ਜੀ ਦੀਆਂ ਮੰਜੀਆਂ ਅਤੇ ਅਕਬਰ ਦੇ ਸੂਬਿਆਂ ਦੀ ਗਿਣਤੀ ਵੀ 22 ਹੀ ਸੀ।

104. ਇਸ ਤੋਂ ਇਹ ਜਾਪਦਾ ਹੈ ਕਿ 1664 ਤੋਂ 1665 ਤਕ ਪੂਰੇ ਇਕ ਸਾਲ ਦਾ ਸਮਾਂ ਗੁਰ-ਗੱਦੀ ਦੇ ਖ਼ਾਲੀ ਰਹਿਣ ਦਾ ਸਮਾਂ ਹੈ। ਅਸਲ ਵਿਚ ਗੁਰੂ ਜੀ ਪਿਛਲੇ ਗੁਰੂ ਜੀ ਦੁਆਰਾ ਨਾਮਜ਼ਦ ਹੁੰਦਿਆਂ ਭਾਵ 30 ਮਾਰਚ, 1664 ਨੂੰ ਹੀ ਗੱਦੀ ਉੱਤੇ ਬਿਰਾਜਮਾਨ ਹੋ ਗਏ ਸਨ।

105. ਵੇਖੋ *ਪਰਚੀਆਂ ਸੇਵਾਦਾਸ*, ਪੰਨਾ 67 ਬੀ-69 ਏ। ਇਸ ਹੱਥ ਲਿਖਤੀ ਖਰੜੇ ਵਿਚ ਮੱਖਣ ਸ਼ਾਹ ਨੂੰ ਲੁਬਾਣਾ ਮੰਨਿਆ ਗਿਆ ਹੈ ਅਤੇ ਉਹ ਇਕ ਮਸੰਦ ਸੀ ਜੋ ਗੁਰੂ ਜੀ ਲਈ 1,000 ਰੁਪਏ ਉਗਰਾਹ ਕੇ ਲਿਆਇਆ ਸੀ। ਸੁਖਾ ਸਿੰਘ ਦੇ *ਗੁਰਬਿਲਾਸ* (ਪੰਨਾ 11) ਅਨੁਸਾਰ ਉਹ ਦੱਖਣ ਦਾ ਇਕ ਵਪਾਰੀ ਸੀ।

ਅਤੇ ਗੁਰੂ ਜੀ ਦਾ ਜੋ ਸਾਮਾਨ ਉਹ ਚੁੱਕ ਕੇ ਲੈ ਗਿਆ ਸੀ, ਉਹ ਵੀ ਵਾਪਿਸ ਲੈ ਲਿਆ। ਉਨ੍ਹਾਂ ਨੇ ਮਸੰਦ ਦੇ ਹੱਥ ਪੈਰ ਬੰਨ੍ਹਕੇ ਉਸ ਨੂੰ ਗੁਰੂ ਜੀ ਦੇ ਅੱਗੇ ਪੇਸ਼ ਕੀਤਾ। ਉਨ੍ਹਾਂ ਨੇ ਉਸ ਨੂੰ ਮਾਫ਼ ਕਰ ਦਿੱਤਾ ਅਤੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਉਨ੍ਹਾਂ ਦੇ ਵਿਰੋਧੀ ਧੀਰ ਮਲ ਦਾ ਸਾਰਾ ਸਾਮਾਨ ਉਸ ਨੂੰ ਮੋੜ ਦੇਣ। ਮੋੜੇ ਜਾਣ ਵਾਲੇ ਸਾਮਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਵੀ ਸੀ ਜੋ ਗੁਰੂ ਅਰਜਨ ਸਾਹਿਬ ਨੇ ਤਿਆਰ ਕਰਵਾਈ ਸੀ। ਸਿੱਖਾਂ ਨੇ ਸਭ ਕੁਝ ਮੋੜ ਦਿੱਤਾ ਪਰ ਉਨ੍ਹਾਂ ਨੇ ਪਵਿੱਤਰ ਗ੍ਰੰਥ ਸਾਹਿਬ ਦੀ ਬੀੜ ਮੋੜਨ ਵਿਚ ਕੁਝ ਸੰਕੋਚ ਕੀਤਾ ਜੋ ਉਨ੍ਹਾਂ ਦੇ ਵਿਚਾਰ ਅਨੁਸਾਰ ਗੁਰੂ-ਘਰ ਵਿਚ ਹੀ ਰਹਿਣੀ ਚਾਹੀਦੀ ਸੀ ਅਤੇ ਜਿਸ ਨੂੰ ਕੋਈ ਆਦਮੀ ਨਿਜੀ ਮਲਕੀਅਤ ਨਹੀਂ ਸੀ ਬਣਾ ਸਕਦਾ। ਇਹ ਬੀੜ ਸਿੱਖਾਂ ਨੇ ਆਪਣੇ ਪਾਸ ਛੁਪਾ ਰਖੀ ਅਤੇ ਗੁਰੂ ਜੀ ਨੂੰ ਇਸ ਦਾ ਉਦੋਂ ਪਤਾ ਲਗਾ ਜਦੋਂ ਉਹ ਕਰਤਾਰਪੁਰ ਨੂੰ ਜਾਂਦੇ ਹੋਏ ਦਰਿਆ ਬਿਆਸ ਪਾਰ ਕਰ ਰਹੇ ਸਨ। ਉਨ੍ਹਾਂ ਨੇ ਇਹ ਬੀੜ ਦਰਿਆ ਦੇ ਖੁਸ਼ਕ ਤਲ ਉੱਤੇ ਰਖ ਦਿੱਤੀ ਤੇ ਧੀਰ ਮਲ ਨੂੰ ਸੁਨੇਹਾ ਭੇਜ ਦਿੱਤਾ ਕਿ ਉਹ ਆਕੇ ਲੈ ਜਾਵੇ। ਉਸ ਦਿਨ ਤੋਂ ਅਜ ਤਕ ਇਹ ਬੀੜ ਕਰਤਾਰਪੁਰ ਵਿਚ ਧੀਰ ਮਲ ਦੇ ਪਰਿਵਾਰ ਪਾਸ ਹੈ।

ਗੁਰੂ ਤੇਗ਼ ਬਹਾਦਰ ਜੀ ਨੂੰ ਸਭ ਸਿੱਖ ਸੰਗਤਾਂ ਨੇ ਪ੍ਰਵਾਨ ਕਰ ਲਿਆ ਪਰ ਕਿਤੇ ਕਿਤੇ ਗੁਰਦੁਆਰਿਆਂ ਦੇ ਕੁਝ ਪੁਜਾਰੀ ਅੜੇ ਰਹੇ। ਉਨ੍ਹਾਂ ਨੂੰ ਇਹ ਡਰ ਸੀ ਕਿ ਉਨ੍ਹਾਂ ਨੂੰ ਕੇਂਦਰੀ ਅਧਿਕਾਰ ਦੇ ਥੱਲੇ ਆਉਣਾ ਪਵੇਗਾ ਅਤੇ ਉਨ੍ਹਾਂ ਤੋਂ ਆਉਣ ਵਾਲੀ ਭੇਟਾ ਖੁੱਸ ਜਾਵੇਗੀ। ਉਦਾਹਰਣ ਵਜੋਂ ਜਦੋਂ ਗੁਰੂ ਸਾਹਿਬ ਆਪਣੇ ਬਜ਼ੁਰਗਾਂ ਦੇ ਗੁਰਦੁਆਰੇ ਵਿਚ ਸ਼ਰਧਾ ਭੇਟ ਕਰਨ ਲਈ ਅੰਮ੍ਰਿਤਸਰ ਗਏ ਤਾਂ ਉਨ੍ਹਾਂ ਲਈ ਗੁਰਦੁਆਰੇ ਦੇ ਦਰਵਾਜ਼ੇ ਬੰਦ ਕਰ ਦਿੱਤੇ ਗਏ ਅਤੇ ਉਨ੍ਹਾਂ ਨੂੰ ਮਾਯੂਸ ਹੋ ਕੇ ਵਾਪਿਸ ਮੁੜਨਾ ਪਿਆ। ਜਦੋਂ ਉਹ ਕੀਰਤਪੁਰ ਗਏ ਤਾਂ ਉਨ੍ਹਾਂ ਨੂੰ ਧੀਰ ਮਲ ਦੀ ਪਾਰਟੀ ਵੱਲੋਂ ਈਰਖਾ ਦਾ ਸਾਹਮਣਾ ਕਰਨਾ ਪਿਆ। ਇਨ੍ਹਾਂ ਝਗੜਿਆਂ ਤੋਂ ਪਰੇ ਰਹਿਣ ਲਈ ਉਹ ਇਕ ਸੁਹਾਵਣੇ ਪਹਾੜੀ ਸਥਾਨ ਤੇ ਚਲੇ ਗਏ ਜੋ ਕੀਰਤਪੁਰ ਦੇ ਉੱਤਰ-ਪੱਛਮ ਵਿਚ ਪੰਜ ਮੀਲਾਂ ਦੀ ਵਿੱਥ ਤੇ ਸੀ। ਉਨ੍ਹਾਂ ਨੇ ਕਹਿਲੂਰ ਦੇ ਰਾਜਾ ਪਾਸੋਂ 500 ਰੁਪਏ ਵਿਚ ਇਕ ਜ਼ਮੀਨ ਦਾ ਟੁਕੜਾ ਖਰੀਦ ਕੇ ਨਵੇਂ ਨਗਰ ਦੀ ਨੀਂਹ ਰਖੀ ਜਿਸ ਦਾ ਨਾਂ ਆਨੰਦਪੁਰ ਰਖਿਆ ਗਿਆ ਪਰੰਤੂ ਉਥੇ ਵੀ ਉਨ੍ਹਾਂ ਨੂੰ ਸ਼ਾਂਤੀ ਨਾਲ ਨਾ ਰਹਿਣ ਦਿੱਤਾ ਗਿਆ ਅਤੇ ਉਹ ਥਾਂ ਛੱਡ ਜਾਣ ਲਈ ਵੀ ਉਨ੍ਹਾਂ ਨੂੰ ਮਜਬੂਰ ਕੀਤਾ ਗਿਆ। ਉਹ ਆਪਣੇ ਪਰਿਵਾਰ ਸਮੇਤ ਇਕ ਲੰਮੇ ਸਫ਼ਰ ਤੇ ਨਿਕਲ ਤੁਰੇ ਅਤੇ ਜਿੱਥੇ ਸਿੱਖ ਧਰਮ ਦੇ ਠਿਕਾਣੇ ਪਹਿਲੇ ਹੀ ਸਥਾਪਿਤ ਸਨ ਉਨ੍ਹਾਂ ਵਿਚ ਪ੍ਰਚਾਰ ਨੂੰ ਹੋਰ ਉਤੇਜਿਤ ਕਰਨ ਦਾ ਪ੍ਰੋਗਰਾਮ ਬਣਾਇਆ। ਉਨ੍ਹਾਂ ਨੇ ਸਿੱਖ ਮਤ ਦੇ ਅਸੂਲਾਂ ਦਾ ਉੱਤਰੀ ਭਾਰਤ ਵਿਚ ਪ੍ਰਚਾਰ ਕਰਨ ਦਾ ਵੀ ਨਿਸ਼ਾਨਾ ਆਪਣੇ ਸਾਹਮਣੇ ਰਖਿਆ। ਉਹ ਮਾਲਵਾ ਅਤੇ ਬਾਂਗਰ ਦੇ ਇਲਾਕੇ ਵਿੱਚੋਂ ਦੀ ਲੰਘੇ ਅਤੇ ਉਨ੍ਹਾਂ ਨੇ ਲੋਕਾਂ ਨੂੰ ਹਿੰਸਾ ਅਤੇ ਚੋਰੀ ਆਦਿ ਛੱਡ ਦੇਣ ਅਤੇ ਆਪਣੇ ਗੁਆਂਢੀਆਂ ਨਾਲ ਅਮਨ-ਸ਼ਾਂਤੀ ਨਾਲ ਰਹਿਣ ਦੀ ਸਿੱਖਿਆ ਦਿੱਤੀ। ਉਨ੍ਹਾਂ ਨੇ ਲੋਕਾਂ ਦੀ ਵਰਤੋਂ ਲਈ ਬਹੁਤ ਸਾਰੇ ਸਰੋਵਰ ਅਤੇ ਖੂਹ ਪੁਟਵਾਏ ਜੋ ਗਰਮੀ ਨਾਲ ਉਸ ਝੁਲਸੇ ਹੋਏ ਇਲਾਕੇ ਲਈ ਅਸਲ ਵਰਦਾਨ ਸਿੱਧ ਹੋਏ। ਮੁਲਕ ਵਿਚ ਦੀ ਉਨ੍ਹਾਂ ਦੇ ਦੌਰੇ ਕਾਰਣ ਮੁਗ਼ਲ ਸਰਕਾਰ ਨੂੰ ਉਨ੍ਹਾਂ ਦੀਆਂ ਕਾਰਵਾਈਆਂ ਉੱਤੇ ਸ਼ੱਕ ਹੋਣ ਲੱਗ ਪਿਆ ਅਤੇ ਉਨ੍ਹਾਂ ਨੂੰ ਫੜਕੇ ਮੁਗ਼ਲ ਬਾਦਸ਼ਾਹ ਦੇ ਸਾਹਮਣੇ ਹਾਜ਼ਰ ਕੀਤਾ ਗਿਆ।[106] ਮਿਰਜ਼ਾ ਰਾਜਾ ਜੈ ਸਿੰਘ

106. ਇਸ ਗੱਲ ਦਾ ਨਿਮਨ ਲਿਖਤ ਲਿਖਾਰੀਆਂ ਨੇ ਜ਼ਿਕਰ ਕੀਤਾ ਹੈ ਕਿ ਗੁਰੂ ਜੀ ਨੂੰ ਗਰਿਫ਼ਤਾਰ ਕਰ ਲਿਆ ਗਿਆ ਤੇ ਨਜ਼ਰਬੰਦ ਕੀਤਾ ਗਿਆ ਅਤੇ ਫਿਰ ਕਛਵਾਹਾ ਰਾਜਾ ਦੀ ਸਿਫ਼ਾਰਸ਼ ਤੇ ਛੱਡ ਦਿੱਤਾ ਗਿਆ। ਵੇਖੋ ਬੂਟੇ ਸ਼ਾਹ, *ਤਾਰੀਖ-ਇ-ਸਿੱਖਾਂ*, 1, ਪੰਨਾ 391; Forster, *Travels*, p. 260; Malcolm's *Sketch*, p. 39 and Assamese *Buranji* quoted in *Shivaji Nibandhavali*, II, p. 1 (English).

ਪੁੱਤਰ ਰਾਜਾ ਰਾਮ ਸਿੰਘ ਨੇ ਬਾਦਸ਼ਾਹ ਨੂੰ ਸਮਝਾਇਆ ਕਿ ਗੁਰੂ ਜੀ ਵੱਲੋਂ ਕਿਸੇ ਤਰ੍ਹਾਂ ਦਾ ਕੋਈ ਖ਼ਤਰਾ ਨਹੀਂ ਅਤੇ ਉਹ ਕੇਵਲ ਇਕ ਸਾਧੂ ਹੀ ਹਨ। ਉਸ ਨੇ ਗੁਰੂ ਜੀ ਲਈ ਜ਼ਾਮਨੀ ਭਰੀ ਜਿਸ ਨਾਲ ਇਹ ਔਕੜ ਖ਼ਤਮ ਹੋ ਗਈ।

ਗੁਰੂ ਸਾਹਿਬ ਪੂਰਬ ਵੱਲ ਰਵਾਨਾ ਹੋ ਗਏ ਅਤੇ ਉਨ੍ਹਾਂ ਨੇ ਆਗਰਾ, ਅਲਾਹਾਬਾਦ, ਬਨਾਰਸ, ਸਸਰਾਮ, ਗਯਾ ਅਤੇ ਪਟਨਾ ਦੀ ਯਾਤਰਾ ਕੀਤੀ। ਆਪਣੀ ਇਸ ਯਾਤਰਾ ਦੇ ਦੌਰਾਨ ਉਹ ਕਰਮਨਾਸ਼ ਨਦੀ ਤੇ ਵੀ ਗਏ। ਲੋਕਾਂ ਨੇ ਗੁਰੂ ਜੀ ਨੂੰ ਦੱਸਿਆ ਕਿ ਜਿਹੜਾ ਆਦਮੀ ਉਥੇ ਇਸ਼ਨਾਨ ਕਰਦਾ ਹੈ ਉਸ ਦੇ ਸਭ ਗੁਣ ਨਸ਼ਟ ਹੋ ਜਾਂਦੇ ਸਨ। ਗੁਰੂ ਜੀ ਨੇ ਲੋਕਾਂ ਦੀਆਂ ਇਨ੍ਹਾਂ ਗੱਲਾਂ ਵੱਲ ਧਿਆਨ ਨਾ ਕਰਦਿਆਂ ਹੋਇਆਂ ਦਰਿਆ ਵਿਚ ਇਸ਼ਨਾਨ ਕੀਤਾ ਅਤੇ ਉਨ੍ਹਾਂ ਨੇ ਕਿਹਾ ਕਿ ਕੋਈ ਵੀ ਪ੍ਰਾਣੀ ਚੰਗੇ ਕਰਮਾਂ ਦੇ ਫਲ ਨੂੰ ਧੋ ਨਹੀਂ ਸਕਦਾ। ਉਨ੍ਹਾਂ ਨੇ ਆਪਣੇ ਪਰਿਵਾਰ ਨੂੰ ਪਟਨੇ ਛੱਡਿਆ ਕਿਉਂਕਿ ਉਨ੍ਹਾਂ ਦੀ ਪਤਨੀ ਦੇ ਬੱਚਾ ਪੈਦਾ ਹੋਣ ਵਾਲਾ ਸੀ। ਉਹ ਆਪ ਮੁੰਘੇਰ ਵਿੱਚੋਂ ਦੀ ਢਾਕੇ ਵੱਲ ਨੂੰ ਚਲੇ ਗਏ ਜੋ 'ਮੁਗਲ ਸਾਮਰਾਜ ਦਾ ਖਜਾਨਾ' ਹੋਣ ਤੋਂ ਇਲਾਵਾ ਸਿੱਖੀ ਦਾ ਵੀ ਇਕ ਪ੍ਰਸਿੱਧ ਕੇਂਦਰ ਸੀ।

'ਉਥੇ ਬਹੁਤ ਸਾਰੀਆਂ ਖ਼ੁਸ਼ਹਾਲ ਸਿੱਖ ਸੰਗਤਾਂ ਅਤੇ ਗੁਰਦੁਆਰਿਆਂ ਦਾ ਜਾਲ ਵਿਛਿਆ ਹੋਇਆ ਸੀ। ਪੱਛਮ ਵਿਚ ਰਾਜਮਹੱਲ ਤੋਂ ਲੈ ਕੇ ਪੂਰਬ ਵਿਚ ਸਿਲਹਟ ਤਕ ਅਤੇ ਉੱਤਰ ਵਿਚ ਧੁਬੜੀ ਤੋਂ ਲੈ ਕੇ ਦੱਖਣ ਵਿਚ ਬੰਸਖਾਲੀ ਅਤੇ ਫਤਹਿਕਚਹਿਰੀ ਤਕ ਮੁਗ਼ਲ ਰਾਜ ਸਮੇਂ ਕੋਈ ਹੀ ਪ੍ਰਸਿੱਧ ਥਾਂ ਹੋਵੇਗੀ ਜਿੱਥੇ ਸਿੱਖ ਗੁਰਦੁਆਰਾ ਨਹੀਂ ਸੀ ਜਾਂ ਕਿਸੇ ਸਿੱਖ ਸਾਧੂ ਨੇ ਆਪਣਾ ਡੇਰਾ ਨਹੀਂ ਸੀ ਸਥਾਪਿਤ ਕੀਤਾ ਹੋਇਆ ਅਤੇ ਬਹੁਤ ਸਾਰੇ ਚੇਲੇ ਆਪਣੇ ਦੁਆਲੇ ਇਕੱਠੇ ਨਹੀਂ ਸੀ ਕਰ ਲਏ। ਸਿੱਖ ਲਹਿਰ ਸ਼ਾਹ ਜਹਾਨ ਦੇ ਸਮੇਂ ਤੋਂ ਹੀ ਸੋਨਦੀਪ ਵਰਗੇ ਕੁਝ ਟਾਪੂਆਂ ਤਕ ਵੀ ਫੈਲ ਗਈ ਸੀ। ਇਹ ਥਾਵਾਂ ਨਾ ਕੇਵਲ ਪੂਜਾ ਅਸਥਾਨ ਹੀ ਸਨ ਸਗੋਂ ਰਾਹ ਤੇ ਲਗਦੀਆਂ ਸਰਾਵਾਂ ਦਾ ਕੰਮ ਵੀ ਦਿੰਦੀਆਂ ਸਨ ਜਿੱਥੇ ਗਰੀਬ, ਮੁਥਾਜ ਅਤੇ ਥੱਕੇ ਮਾਂਦੇ ਪਾਂਧੀਆਂ ਨੂੰ ਭੋਜਨ ਅਤੇ ਰਿਹਾਇਸ਼ ਮਿਲਦੀ ਸੀ।[107] ਇਹ ਸੰਗਤਾਂ ਅਲਮਸਤ ਅਤੇ ਨੱਥੇ ਸਾਹਿਬ ਨੇ ਬੜੇ ਸੁਯੋਗ ਢੰਗ ਨਾਲ ਕਾਇਮ ਕੀਤੀਆਂ ਹੋਈਆਂ ਸਨ। ਇਨ੍ਹਾਂ ਇਲਾਕਿਆਂ ਵਿਚ ਢਾਕੇ ਦੀ ਸੰਗਤ ਨੂੰ ਹਜ਼ੂਰੀ ਸੰਗਤ ਸਮਝਿਆ ਜਾਂਦਾ ਸੀ ਜਿਸ ਦੇ ਅਧੀਨ ਬਹੁਤ ਸਾਰੀਆਂ ਹੋਰ ਸੰਗਤਾਂ ਸਨ ਅਤੇ ਇਸ ਦੀ ਨਿਗਰਾਨੀ ਆਨੰਦਪੁਰ ਸਾਹਿਬ ਤੋਂ ਗੁਰੂ ਜੀ ਕਰਦੇ ਸਨ।[108] ਸਥਾਨਕ ਸੰਗਤਾਂ ਤੋਂ ਇਲਾਵਾ ਉਥੇ ਪੰਜਾਬ ਅਤੇ ਸਿੰਧ ਤੋਂ ਬਹੁਤ ਸਾਰੇ ਸਿੱਖ ਵਪਾਰੀ ਸਦਾ ਆਉਂਦੇ ਜਾਂਦੇ ਰਹਿੰਦੇ ਸਨ। ਜਿਵੇਂ ਗੁਰੂ ਤੇਗ਼ ਬਹਾਦਰ ਜੀ ਦੇ ਉਨ੍ਹਾਂ ਹੁਕਮਨਾਮਿਆਂ ਤੋਂ ਸਪੱਸ਼ਟ ਹੈ ਜੋ ਉਨ੍ਹਾਂ ਨੇ ਉਥੋਂ ਆਪਣੇ ਸਿੱਖਾਂ ਨੂੰ ਲਿਖੇ ਸਨ ਉਹ ਸਦਾ ਆਪਣੇ ਆਪ ਨੂੰ ਆਪਣੇ ਆਤਮਕ ਆਗੂ ਨਾਲ ਜੋੜੀ ਰਖਣ ਲਈ ਉਤਸੁਕ ਸਨ ਅਤੇ ਕਦੇ ਕਦੇ ਉਨ੍ਹਾਂ ਨੂੰ ਭੇਟਾ ਵੀ ਭੇਜਦੇ ਸਨ। ਗੁਰੂ ਤੇਗ਼ ਬਹਾਦਰ ਜੀ ਉਨ੍ਹਾਂ ਪਾਸ ਜਾਣ ਦੇ ਮੌਕੇ ਤੋਂ ਬੜੇ ਖ਼ੁਸ਼ ਹੋਏ ਅਤੇ ਉਨ੍ਹਾਂ ਨੇ ਉਨ੍ਹਾਂ ਸਿੱਖਾਂ ਨਾਲ ਨਿਜੀ ਸਬੰਧ ਸਥਾਪਿਤ ਕੀਤੇ।

ਮੁੰਘੇਰ ਤੋਂ ਰਵਾਨਾ ਹੋਣ ਦੇ ਕੁਝ ਸਮਾਂ ਬਾਅਦ ਉਨ੍ਹਾਂ ਨੇ ਪਟਨਾ ਦੀ ਸੰਗਤ ਨੂੰ ਇਕ ਹੁਕਮਨਾਮਾ[109] ਭੇਜਿਆ ਜਿਸ ਵਿਚ ਉਨ੍ਹਾਂ ਨੂੰ ਇਤਲਾਹ ਦਿੱਤੀ ਕਿ ਉਹ 'ਰਾਜਾ ਜੀ ਨਾਲ ਹੋਰ

107. G. B. Singh, 'Sikh Relics in Eastern Bengal' in the *Sikh Review*, July 1915; *Dacca Review* 1915 (p. 225) and 1916 (p. 377),

108. ਪਿਛੋਂ (ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ) ਇਸ ਦਾ ਪ੍ਰਬੰਧ ਪਟਨਾ ਸਾਹਿਬ ਤੋਂ ਹੀ ਹੁੰਦਾ ਰਿਹਾ ਜੋ ਸਿੱਖਾਂ ਦਾ ਚੋਥਾ ਤਖ਼ਤ ਹੈ।

109. ਅਸਲ ਹੁਕਮਨਾਮਾ, ਨੌਂ ਹੋਰ ਹੁਕਮਨਾਮਿਆਂ ਸਮੇਤ, ਗੁਰਦੁਆਰਾ ਹਰਿਮੰਦਰ ਸਾਹਿਬ, ਪਟਨਾ, ਵਿਚ ਸੰਭਾਲਿਆ ਪਿਆ ਹੈ।

ਅਗਾਂਹ ਜਾ ਰਹੇ ਹਨ ਅਤੇ ਉਹ ਗੁਰੂ ਜੀ ਦੇ ਪਰਿਵਾਰ ਲਈ ਇਕ ਬਹੁਤ ਵਧੀਆ ਖੁਲ੍ਹੀ ਇਮਾਰਤ ਦਾ ਪ੍ਰਬੰਧ ਕਰ ਦੇਣ।' ਇਹ ਰਾਜਾ ਕੌਣ ਸੀ? 'ਸੂਰਜ ਪ੍ਰਕਾਸ਼' ਵਰਗੀਆਂ ਪੁਰਾਣੀਆਂ ਸਿੱਖ ਲਿਖਤਾਂ ਬਿਸ਼ਨ ਸਿੰਘ ਦਾ ਜਿਕਰ ਕਰਦੀਆਂ ਹਨ ਪਰ ਉਹ ਅਜੇ ਪੈਦਾ ਹੀ ਨਹੀਂ ਸੀ ਹੋਇਆ। ਮੈਕਾਲਿਫ਼ ਵਰਗੇ ਪਿਛਲੇਰੇ ਲਿਖਾਰੀਆਂ ਨੇ ਬਿਸ਼ਨ ਸਿੰਘ ਦੀ ਥਾਂ ਮਿਰਜਾ ਰਾਜਾ ਜੈ ਸਿੰਘ ਦੇ ਪੁੱਤਰ ਰਾਮ ਸਿੰਘ ਨੂੰ ਰਖਕੇ ਗਲਤੀ ਨੂੰ ਸੋਧਣ ਦੀ ਕੋਸ਼ਿਸ਼ ਕੀਤੀ ਹੈ ਪਰ ਉਸ ਨੂੰ ਵੀ ਆਸਾਮ ਵੱਲ ਜਾਣ ਲਈ 1667 ਈ. ਦੇ ਆਖ਼ੀਰ ਤੋਂ ਪਹਿਲਾਂ ਹੁਕਮ ਨਹੀਂ ਸੀ ਮਿਲਿਆ ਅਤੇ ਉਹ ਫ਼ਰਵਰੀ 1669 ਵਿਚ ਰੰਗਮਤੀ ਦੇ ਸਥਾਨ ਤੇ ਪੁੱਜ ਸਕਿਆ ਸੀ। ਇਹ ਜਾਹਿਰ ਹੈ ਕਿ ਉਹ ਰਾਜਾ ਜੀ ਨਹੀਂ ਸੀ ਜਿਸ ਦੇ ਨਾਲ ਗੁਰੂ ਤੇਗ਼ ਬਹਾਦਰ ਜੀ ਆਪਣੀ ਪੂਰਬ ਦੀ ਯਾਤਰਾ ਤੇ ਗਏ ਸਨ ਜੋ ਉਨ੍ਹਾਂ ਨੇ ਦਸੰਬਰ 1666 ਭਾਵ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਤੋਂ ਪਹਿਲਾਂ ਕੀਤੀ ਸੀ। ਕੁਝ ਲਿਖਾਰੀ ਕਿਸੇ ਹੋਰ ਮੁਹਿੰਮ ਨੂੰ ਟੋਲਣ ਲੱਗ ਪਏ ਹਨ ਜੋ ਗੁਰੂ ਜੀ ਦੇ ਢਾਕਾ ਵੱਲ ਜਾਣ ਨਾਲ ਮੇਲ ਖਾਂਦੀ ਹੋਵੇ ਅਤੇ ਉਹ ਇਸ ਸੰਭਾਵਨਾ ਵੱਲ ਇਸ਼ਾਰਾ ਕਰਦੇ ਹਨ ਕਿ ਗੁਰੂ ਜੀ ਸਬਲ ਸਿੰਘ ਸਸੋਦੀਆ ਨਾਲ ਗਏ ਹੋਣਗੇ ਜੋ ਸ਼ਾਇਸਤਾ ਖ਼ਾਂ ਦੇ ਪੁੱਤਰ ਬਜ਼ੁਰਗ-ਉਮੇਦ ਖ਼ਾਂ ਦੀ ਮੁਹਿੰਮ ਨਾਲ ਚਟਾਗਾਉਂ ਨੂੰ ਗਿਆ ਸੀ। ਇਸ ਗੱਲ ਨਾਲ ਵੀ ਮਸਲਾ ਹੱਲ ਨਹੀਂ ਹੁੰਦਾ ਕਿਉਂਕਿ ਜੇ. ਐਨ. ਸਰਕਾਰ ਅਨੁਸਾਰ ਇਹ ਮੁਹਿੰਮ 24 ਦਸੰਬਰ, 1665 ਨੂੰ ਭਾਵ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਤੋਂ ਪੂਰਾ ਇਕ ਸਾਲ ਪਹਿਲਾਂ ਢਾਕੇ ਤੋਂ ਰਵਾਨਾ ਹੋਈ ਸੀ। ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਪਰਿਵਾਰ ਨੂੰ ਪਟਨੇ ਛੱਡਿਆ ਸੀ ਅਤੇ ਆਪਣੇ ਪੁੱਤਰ ਦੇ ਪੈਦਾ ਹੋਣ ਦੇ ਕੁਝ ਸਾਲ ਬਾਅਦ ਵੀ ਉਹ ਵਾਪਸ ਨਹੀਂ ਸਨ ਮੁੜੇ। ਇਸ ਔਕੜ ਦਾ ਇਕੋ ਇਕ ਹੱਲ ਇਹ ਮੰਨਣਾ ਹੋਵੇਗਾ ਕਿ ਗੁਰੂ ਜੀ ਇਸ ਸਮੇਂ ਰਾਜਾ ਰਾਮ ਸਿੰਘ ਨਾਲ ਨਹੀਂ ਸਨ ਗਏ ਸਗੋਂ ਉਹ ਕਿਸੇ ਹੋਰ ਰਾਜੇ ਨਾਲ ਗਏ ਸਨ ਜੋ ਪੂਰਬ ਵੱਲ ਜਾ ਰਿਹਾ ਸੀ।

ਉਹ ਹਾਲੇ ਢਾਕਾ ਵਿਚ ਹੀ ਸਨ ਜਦੋਂ ਉਨ੍ਹਾਂ ਨੇ 26 ਦਸੰਬਰ, 1666 ਈ. ਨੂੰ ਪਟਨਾ ਵਿਚ ਪੈਦਾ ਹੋਏ ਆਪਣੇ ਪੁੱਤਰ ਦੀ ਖ਼ੁਸ਼ਖ਼ਬਰੀ ਸੁਣੀ। ਉਨ੍ਹਾਂ ਨੇ ਉਥੋਂ ਦੀ ਸੰਗਤ ਦਾ ਇਕ ਹੁਕਮਨਾਮੇ ਰਾਹੀਂ ਧੰਨਵਾਦ ਕੀਤਾ ਕਿਉਂ ਜੋ ਉਨ੍ਹਾਂ ਨੇ ਉਨ੍ਹਾਂ ਦੇ ਪੁੱਤਰ ਗੋਬਿੰਦ ਦਾਸ ਅਤੇ ਉਨ੍ਹਾਂ ਦੇ ਪਰਿਵਾਰ ਦੀ ਦੇਖ-ਭਾਲ ਕੀਤੀ ਸੀ। ਇਸ ਹੁਕਮਨਾਮੇ ਤੋਂ ਇਹ ਜਾਪਦਾ ਹੈ ਕਿ ਉਹ ਨੇੜ ਭਵਿਖ ਵਿਚ ਹੀ ਵਾਪਿਸ ਨਹੀਂ ਸਨ ਮੁੜ ਰਹੇ ਕਿਉਂਕਿ ਆਪਣੇ ਹੁਕਮਨਾਮੇ ਵਿਚ ਉਨ੍ਹਾਂ ਨੇ ਇਹ ਆਸ ਪ੍ਰਗਟ ਕੀਤੀ ਸੀ ਕਿ ਉਨ੍ਹਾਂ ਦੇ ਪਰਿਵਾਰ ਦੀ ਪਹਿਲਾਂ ਦੀ ਤਰ੍ਹਾਂ ਹੀ ਦੇਖ-ਭਾਲ ਕੀਤੀ ਜਾਂਦੀ ਰਹੇਗੀ। ਢਾਕੇ ਤੋਂ ਉਨ੍ਹਾਂ ਨੇ ਉਸ ਸੂਬੇ ਵਿਚ ਹੋਰ ਵੀ ਬਹੁਤ ਸਾਰੇ ਸਫ਼ਰ ਕੀਤੇ ਅਤੇ ਉਨ੍ਹਾਂ ਦੇ ਸਿਲਹਟ, ਚਟਾਗਾਉਂ, ਸੋਨਦੀਪ, ਲਸ਼ਕਰ ਆਦਿ ਦੀ ਯਾਤਰਾ ਦੇ ਸੰਕੇਤ ਮਿਲਦੇ ਸਨ।[110] ਇਨ੍ਹਾਂ ਇਲਾਕਿਆਂ ਵਿਚ ਉਨ੍ਹਾਂ ਨੇ ਲਗਪਗ ਦੋ ਸਾਲ ਬਿਤਾਏ ਜਾਪਦੇ ਹਨ।

ਫਿਰ ਉਹ ਉੱਤਰ ਵੱਲ ਨੂੰ ਗਏ ਅਤੇ ਉਨ੍ਹਾਂ ਨੇ ਆਸਾਮੀਆਂ ਵਿਚ ਆਪਣੇ ਧਰਮ ਦਾ ਪ੍ਰਚਾਰ ਕੀਤਾ। ਉਸ ਸਮੇਂ ਰਾਜਾ ਰਾਮ ਸਿੰਘ ਦਿੱਲੀ ਤੋਂ ਆਸਾਮ ਵਿਰੁੱਧ ਆਪਣੀ ਮੁਹਿੰਮ ਲੈ ਕੇ ਉਥੇ ਪੁਜ ਗਿਆ ਸੀ। ਉਹ ਫ਼ਰਵਰੀ 1669 ਵਿਚ ਰੰਗਮਤੀ ਦੇ ਸਥਾਨ ਤੇ ਇਕ ਦੂਜੇ ਨੂੰ ਮਿਲੇ। ਉਸ ਤੋਂ ਪਹਿਲਾਂ ਜੋ ਆਦਮੀ ਆਸਾਮ ਵੱਲ ਭੇਜੇ ਗਏ ਸਨ ਅਤੇ ਉਨ੍ਹਾਂ ਨਾਲ ਜੋ ਕੁਝ ਬੀਤੀ ਰਾਜਾ ਰਾਮ ਸਿੰਘ ਉਸ ਤੋਂ ਜਾਣੂੰ ਸੀ। ਉਥੋਂ ਦੇ ਭੈੜੇ ਜਲ-ਵਾਯੂ ਅਤੇ ਆਸਾਮੀਆਂ ਦੇ ਜਾਦੂ ਟੂਣਿਆਂ ਦੀ ਚਰਚਿਤ ਸ਼ਕਤੀ ਦੇ ਸਨਮੁਖ ਉਨ੍ਹਾਂ ਵਿਰੁੱਧ ਕਿਸੇ ਵੀ ਯਤਨ ਵਿਚ ਬਹੁਤੀ ਸਫ਼ਲਤਾ ਦੀ ਆਸ ਨਹੀਂ

110. *Dacca Review*, 1915, 1.225 fn.

ਸੀ। ਉਸ ਦਾ ਇਹ ਵਿਚਾਰ੍ ਬਣਿਆ ਹੋਇਆ ਸੀ ਕਿ ਉਸ ਨੂੰ ਜਾਣ ਬੁਝ ਕੇ ਉਥੇ ਭੇਜਿਆ ਗਿਆ ਸੀ ਤਾਂ ਜੋ ਵਿਰੋਧੀ ਪਰਿਸਥਿਤੀਆਂ ਉਸ ਦਾ ਸਫ਼ਾਇਆ ਕਰ ਦੇਣ। ਇਸ ਲਈ ਕਾਮਰੂਪ (ਆਸਾਮ) ਦੇ ਜਾਦੂ ਟੂਣਿਆਂ ਦੇ ਖਿਲਾਫ਼ ਆਪਣੇ ਆਪ ਨੂੰ ਤਕੜਾ ਕਰਨ ਲਈ ਰਾਜਾ ਰਾਮ ਸਿੰਘ ਸਿੱਖ ਗੁਰੂ ਜੀ ਦੀ ਆਤਮਕ ਸਹਾਇਤਾ ਦਾ ਲੋੜਵੰਦ ਸੀ। ਇਸ ਤੋਂ ਇਲਾਵਾ ਉਹ ਆਪਣੇ ਨਾਲ ਪੰਜ ਮੁਸਲਮਾਨ ਪੀਰਾਂ[111] ਨੂੰ ਵੀ ਲੈ ਗਿਆ ਸੀ। ਇਸ ਯੁੱਧ ਵਿਚ ਜੋ ਭਾਗ ਗੁਰੂ ਜੀ ਨੇ ਲਿਆ ਉਹ ਇਹ ਸੀ ਕਿ 1670 ਵਿਚ ਲੜਾਈ ਮੱਠੀ ਪੈਣ ਤੇ ਉਨ੍ਹਾਂ ਨੇ ਮੁਗ਼ਲਾਂ ਅਤੇ ਆਸਾਮੀਆਂ ਵਿਚਕਾਰ ਅਮਨ-ਸ਼ਾਂਤੀ ਸਥਾਪਿਤ ਕਰਨ ਦਾ ਯਤਨ ਕੀਤਾ। ਬ੍ਰਹਮਪੁੱਤਰ ਦੇ ਸੱਜੇ ਕੰਢੇ ਤੇ ਧੂਬੜੀ ਦੇ ਸਥਾਨ ਤੇ, ਜਿੱਥੇ ਇਕ੍ ਵਾਰ ਗੁਰੂ ਨਾਨਕ ਜੀ ਵੀ ਗਏ ਸਨ, ਗੁਰੂ ਤੇਗ ਬਹਾਦਰ ਜੀ ਨੇ ਦੋਨਾਂ ਫ਼ੌਜਾਂ ਦੇ ਸਿਪਾਹੀਆਂ ਨੂੰ ਇਕੱਠੀਆਂ ਹੋ ਜਾਣ ਅਤੇ ਆਪਣੀਆਂ ਢਾਲਾਂ ਨਾਲ ਮਿੱਟੀ ਢੋਹ ਢੋਹ ਕੇ ਅਮਨ ਦੇ ਬਾਦਸ਼ਾਹ ਗੁਰੂ ਨਾਨਕ ਜੀ ਦੀ ਯਾਦ ਵਿਚ ਇਕ ਉੱਚਾ ਮੀਨਾਰ ਕਾਇਮ ਕੀਤਾ। ਉਸ ਮਿੱਟੀ ਦੇ ਉੱਚੇ ਟਿੱਲੇ ਦੇ ਲਾਗੇ ਅਜ ਕਲ੍ਹ ਇਕ ਗੁਰਦੁਆਰਾ ਹੈ।

ਗੁਰੂ ਜੀ ਨੇ ਦੋ ਕੁ ਸਾਲ ਆਸਾਮ ਵਿਚ ਗੁਜ਼ਾਰੇ ਅਤੇ ਫਿਰ ਪਤਾ ਨਹੀਂ ਕਿਸ ਕਾਰਣ ਕਰਕੇ ਉਹ ਬੜੀ ਛੇਤੀ ਛੇਤੀ ਉਥੋਂ ਵਾਪਿਸ ਆ ਗਏ।[112] ਇਹ ਗੱਲ ਜਾਹਿਰ ਹੈ ਕਿ ਔਰੰਗਜ਼ੇਬ ਦੀ ਨੀਤੀ ਦੇ ਫਲਸਰੂਪ ਹਿੰਦੂ ਅਤੇ ਸਿੱਖ ਉਦੋਂ ਬਹੁਤ ਔਖੇ ਦਿਨਾਂ ਵਿੱਚੋਂ ਦੀ ਲੰਘ ਰਹੇ ਸਨ। ਗੁਰੂ ਜੀ ਆਪਣੇ ਲੋਕਾਂ ਤੋਂ ਦੂਰ ਨਹੀਂ ਸਨ ਰਹਿ ਸਕਦੇ ਜਦੋਂ ਕਿ ਉਹ ਇਸ ਤਰ੍ਹਾਂ ਕਸ਼ਟ ਝਲ ਰਹੇ ਸਨ। ਉਨ੍ਹਾਂ ਨੇ ਅਨੁਭਵ ਕੀਤਾ ਕਿ ਉਨ੍ਹਾਂ ਦੀ ਅਸਲ ਥਾਂ ਆਪਣੇ ਲੋਕਾਂ ਦੇ ਨਾਲ ਸੀ। ਉਹ ਪੰਜਾਬ ਨੂੰ ਵਾਪਿਸ ਮੁੜ ਆਏ। ਉਹ ਆਪਣੇ ਸਪੁੱਤਰ ਨੂੰ ਪਟਨੇ ਵਿਚ ਆਪਣੇ ਪਰਿਵਾਰ ਅਤੇ ਮਿੱਤਰਾਂ ਦੀ ਸੁਰੱਖਿਆ ਵਿਚ ਛੱਡ ਆਏ।

ਵਾਪਸ ਮੁੜਨ ਤੇ ਉਨ੍ਹਾਂ ਦੇਖਿਆ ਕਿ ਔਰੰਗਜੇਬ ਦੀ ਧਾਰਮਿਕ ਅਤਿਆਚਾਰਾਂ ਦੀ ਨੀਤੀ ਤੋਂ ਲੋਕ ਭੈ-ਭੀਤ ਹੋ ਗਏ ਸਨ। ਬਾਦਸ਼ਾਹ ਨੇ 1699 ਵਿਚ ਆਪਣੇ ਗਵਰਨਰਾਂ ਨੂੰ ਇਕ ਫਰਮਾਨ[113] ਭੇਜਿਆ ਕਿ ਹਿੰਦੂਆਂ ਦੇ ਸਭ ਮੰਦਰ ਅਤੇ ਸਕੂਲ ਢਾਹ ਦਿੱਤੇ ਜਾਣ। ਇਸ ਫਰਮਾਨ ਦਾ ਅਸਰ ਹੋਣਾ ਸ਼ੁਰੂ ਹੋ ਗਿਆ ਸੀ। ਜਿਵੇਂ ਖਾਫ਼ੀ ਖ਼ਾਂ ਦਸਦਾ ਹੈ, ਸਿੱਖਾਂ ਨੂੰ ਵੀ ਔਰੰਗਜੇਬ ਦੀ ਅਤਿਆਚਾਰੀ ਨੀਤੀ ਦਾ ਸ਼ਿਕਾਰ ਹੋਣਾ ਪਿਆ। ਉਨ੍ਹਾਂ ਦੇ ਆਗੂਆਂ ਨੂੰ ਬਾਹਰ ਕੱਢਿਆ ਜਾ ਰਿਹਾ ਸੀ ਅਤੇ ਉਨ੍ਹਾਂ ਦੇ ਗੁਰਦੁਆਰੇ ਢਾਹੇ ਜਾ ਰਹੇ ਸਨ।[114] ਗੁਰੂ ਜੀ ਨੇ ਕੁਝ ਸਮਾਂ ਆਪਣੀਆਂ ਅਗਲੀਆਂ ਵਿਉਂਤਾਂ ਬਣਾਉਣ ਵਿਚ ਲੰਘਾ ਦਿੱਤਾ। ਉਹ ਜ਼ਰੂਰ ਕੁਝ ਅਜਿਹੀ ਗੱਲ ਕਰਨੀ ਚਾਹੁੰਦੇ ਸਨ ਜਿਸ ਤੋਂ ਸ਼ਰਮਿੰਦੇ ਹੋ ਕੇ ਮੁਗ਼ਲ ਹਾਕਮ ਕੁਝ ਅਕਲ ਦੀ ਗੱਲ ਕਰਨ ਅਤੇ ਜਿਸ ਤੋਂ ਲੋਕ ਆਪਣੀ ਢਿੱਲ ਤਿਆਗ ਕੇ ਜੋਸ਼ ਵਿਚ ਆ ਸਕਣ।

ਇਸ ਸਮੇਂ ਉਨ੍ਹਾਂ ਨੇ ਪਟਨੇ ਤੋਂ ਆਪਣੇ ਪਰਿਵਾਰ ਨੂੰ ਵਾਪਸ ਬੁਲਾ ਲਿਆ। ਉਨ੍ਹਾਂ ਦਾ ਸਪੁੱਤਰ ਗੋਬਿੰਦ ਦਾਸ ਇਕ ਮਹਾਨ ਹੋਣਹਾਰ ਗਭਰੂ ਬਣ ਨਿਕਲਿਆ ਸੀ। ਗੁਰੂ ਜੀ ਨੇ ਆਪਣੇ ਸਪੁੱਤਰ ਨੂੰ

---

111. ਆਪਣੇ ਲੇਖ ਵਿਚ ਐਸ. ਕੇ. ਭੂਯਾਨ ਨੇ ਆਸਾਮੀ ਬੁਰੰਜੀ ਦੀ ਜੋ ਵਰਤੋਂ ਕੀਤੀ ਹੈ ਉਸ ਵਿਚ *Shivaji Nibandhavali,* II, p. 2 (English) ਵੀ ਸ਼ਾਮਿਲ ਹੈ।
112. ਗੁਰੂ ਸਾਹਿਬ ਦੀ ਇਹ ਕਾਹਲ ਉਨ੍ਹਾਂ ਦੇ ਇਕ ਹੁਕਮਨਾਮੇ ਵਿੱਚੋਂ ਪ੍ਰਗਟ ਹੁੰਦੀ ਹੈ ਜੋ ਪਟਨਾ ਸਾਹਿਬ ਦੇ ਗੁਰਦੁਆਰੇ ਵਿਚ ਸੰਭਾਲ ਕੇ ਰਖਿਆ ਹੋਇਆ ਹੈ।
113. *ਮੁਆਸਰ-ਇ-ਆਲਮਗੀਰੀ* (ਉਰਦੂ, ਪੰਨਾ 54); Orme's *Fragments,* p. 85.
114. *ਮੁੰਤਖਬ-ਉਲ-ਲੁਬਾਬ*, ਜਿਲਦ ਦੂਜੀ, ਪੰਨੇ 651-652 ਅਤੇ Sarkar's *Aurangzeb,* III, p. 354 ਵੀ ਵੇਖੋ।

ਵੱਖ-ਵੱਖ ਕਿਸਮਾਂ ਦੀ ਸਿਖਲਾਈ ਦਿੱਤੀ।[115] ਉਨ੍ਹਾਂ ਨੇ ਵੀ ਆਪਣੇ ਪਿਤਾ ਜੀ ਦੀ ਥਾਂ ਲੈਣ ਲਈ ਆਪਣੇ ਆਪ ਨੂੰ ਪੂਰੀ ਤਰ੍ਹਾਂ ਸੁਯੋਗ ਬਣਾ ਲਿਆ ਸੀ।

ਗੁਰੂ ਸਾਹਿਬ 1673 ਈ. ਵਿਚ ਲੋਕਾਂ ਨੂੰ ਮਿਲਣ ਲਈ ਆਪਣੇ ਦੌਰੇ ਤੇ ਨਿਕਲੇ। ਉਨ੍ਹਾਂ ਨੇ ਹਰ ਥਾਂ ਲੋਕਾਂ ਨੂੰ ਇਹੀ ਪ੍ਰਚਾਰ ਕੀਤਾ ਕਿ ਉਹ ਭੈ ਤਿਆਗ ਦੇਣ ਅਤੇ ਸਰਕਾਰ ਦੇ ਅਤਿਆਚਾਰਾਂ ਦਾ ਟਾਕਰਾ ਪੱਕੀ ਅਡੋਲਤਾ ਨਾਲ ਕਰਨ।

ਉਨ੍ਹਾਂ ਦੇ ਇਨ੍ਹਾਂ ਪ੍ਰਚਾਰ ਦੌਰਿਆਂ ਦੇ ਦੌਰਾਨ, ਜੋ ਕਿ ਦੋ ਵਰ੍ਹੇ ਤਕ ਰਹੇ, ਗੁਰੂ ਸਾਹਿਬ ਦੇ ਇਕ ਥਾਂ ਤੋਂ ਦੂਜੀ ਥਾਂ ਜਾਣ ਸਮੇਂ ਬਹੁਤ ਸਾਰੇ ਲੋਕ ਉਨ੍ਹਾਂ ਦੇ ਨਾਲ ਹੁੰਦੇ ਸਨ। ਲੋਕ ਗੁਰੂ ਜੀ ਨੂੰ ਸ਼ਰਧਾਂਜਲੀ ਪੇਸ਼ ਕਰਨ ਤੋਂ ਇਲਾਵਾ ਭੇਟਾ ਵੀ ਚੜ੍ਹਾਉਂਦੇ ਸਨ। ਇਸ ਭੇਟਾ ਨੂੰ ਸਥਾਨਕ ਖ਼ਬਰ-ਨਵੀਸਾਂ ਨੇ ਗੁਰੂ ਸਾਹਿਬ ਵੱਲੋਂ ਜਬਰੀ ਕਰ ਵਸੂਲ ਕਰਨ ਦਾ ਨਾਂ ਦਿੱਤਾ। ਖ਼ਬਰ-ਨਵੀਸਾਂ ਦੀ ਗ਼ਲਤ ਬਿਆਨੀ ਕਾਰਣ ਸਰਕਾਰੀ ਹਲਕਿਆਂ ਵਿਚ ਇਹ ਸਮਝਿਆ ਜਾਣ ਲੱਗ ਪਿਆ ਕਿ ਗੁਰੂ ਜੀ ਚੋਖੀ ਸ਼ਕਤੀ ਪੈਦਾ ਕਰਕੇ ਰਾਜ ਲਈ ਖ਼ਤਰਾ ਸਿੱਧ ਹੋ ਸਕਦੇ ਸਨ।

ਇਫਤਖ਼ਾਰ ਖ਼ਾਂ (1671-1675 ਈ.) ਕਸ਼ਮੀਰ ਦਾ ਗਵਰਨਰ ਸੀ।[116] ਉਸ ਨੇ ਕਸ਼ਮੀਰ ਦੇ ਬ੍ਰਾਹਮਣਾਂ ਉੱਤੇ ਬਹੁਤ ਅਤਿਆਚਾਰ ਕੀਤੇ ਤੇ ਉਨ੍ਹਾਂ ਨੂੰ ਜ਼ੋਰੀ ਮੁਸਲਮਾਨ ਬਣਾਉਣ ਦਾ ਹਰ ਯਤਨ ਕੀਤਾ। ਤੰਗ ਆ ਕੇ 16 ਕਸ਼ਮੀਰੀ ਬ੍ਰਾਹਮਣਾਂ ਦਾ ਇਕ ਵਫ਼ਦ ਕਿਰਪਾ ਰਾਮ ਦੱਤ, ਮਟਨ ਨਿਵਾਸੀ, ਦੀ ਅਗਵਾਈ ਵਿਚ ਆਨੰਦਪੁਰ ਪੁਜਾ ਤੇ 25 ਮਈ, 1675 ਨੂੰ ਉਨ੍ਹਾਂ ਦੀ ਗੁਰੂ ਤੇਗ਼ ਬਹਾਦਰ ਜੀ ਨਾਲ ਮੁਲਾਕਾਤ ਹੋਈ ਜਿਸ ਬਾਰੇ ਭੱਟ ਵਹੀ ਵਿਚ ਇਉਂ ਲਿਖਿਆ ਹੈ :

> *'ਭਾਈ ਕ੍ਰਿਪਾ ਰਾਮ ਬੇਟਾ ਅੜੂ ਰਾਮ ਕਾ ਪੋਤਾ ਨਰੈਣ ਦਾਸ ਕਾ ਪੜਪੋਤਾ ਬ੍ਰਹਮ ਦਾਸ ਕਾ ਬੰਸ ਠਾਕਰ ਦਾਸ ਕੀ ਦੱਤ ਗੋਤਰਾ ਮੁਞਾਲ ਬ੍ਰਾਹਮਣ ਬਾਸੀ ਮਟਨ ਦੇਸ਼ ਕਸ਼ਮੀਰ ਸੰਮਤ ਸਤਰਾਂ ਸੈ ਬਤੀਸ ਜੇਠ ਮਾਸੇ ਸੁਦੀ ਇਕਾਦਸੀ ਕੇ ਦਿਹੁ ਖੋੜਸ ਬ੍ਰਾਹਮਨੌ ਗੈਲ ਗਰਾਮ ਚੱਕ ਨਾਨਕੀ ਪ੍ਰਗਨਾ ਕਹਿਲੂਰ ਗੁਰੂ ਤੇਗ਼ ਬਹਾਦਰ ਜੀ ਮਹਲ ਨਾਮਾ ਕੇ ਦਰਬਾਰ ਆਇ ਫ਼ਰਿਆਦੀ ਹੂਆ। ਗੁਰੂ ਜੀ ਨੇ ਇਸੇ ਧੀਰਜ ਦਈ, ਬਚਨ ਹੋਆ ਤੁਸਾਂ ਕੀ ਰਖਸ਼ਾ ਬਾਬਾ ਨਾਨਕ ਜੀ ਕਰੇਗਾ।'* *(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬਲਉਤੋਂ ਕਾ)*

ਇਸ ਗੱਲ ਦੀ ਪੁਸ਼ਟੀ ਸੇਵਾ ਸਿੰਘ ਭੱਟ ਨੇ *ਸ਼ਹੀਦ ਬਿਲਾਸ* (ਭਾਈ ਮਨੀ ਸਿੰਘ) ਵਿਚ ਇਉਂ ਕੀਤੀ ਹੈ :

*ਹਾਥ ਜੋਰ ਕਹਿਯੋ ਕਿਰਪਾ ਰਾਮ। ਦੱਤ ਬਰਾਹਮਣ ਮਟਨ ਗ੍ਰਾਮ।*
*ਹਮਰੋ ਬਲ ਅਬ ਰਹਯੋ ਨਹਿ ਕਾਈ। ਹੈ ਗੁਰੂ ਤੇਗ਼ ਬਹਾਦਰ ਰਾਈ।*
*ਸੇਵਾ ਹਰੀ ਇਮ ਅਰਜ਼ ਗੁਜ਼ਾਰੀ। ਤੁਮ ਕਲਯੁਗ ਕੇ ਕ੍ਰਿਸ਼ਨ ਮੁਰਾਰੀ।*

*('ਸ਼ਹੀਦ ਬਿਲਾਸ' ਭਾਈ ਮਨੀ ਸਿੰਘ)*

ਪੰਡਿਤ ਕਿਰਪਾ ਰਾਮ ਦੱਤ ਕੁਝ ਸਮੇਂ ਲਈ ਆਨੰਦਪੁਰ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਅਧਿਆਪਕ ਵੀ ਰਿਹਾ ਸੀ ਤੇ ਗੁਰੂ ਘਰ ਦੀ ਸੁਹਿਰਦਤਾ ਤੇ ਲੋਕ-ਹਿਤਕਾਰੀ ਭਾਵਨਾ ਤੋਂ ਜਾਣੂੰ ਸੀ। ਕਸ਼ਮੀਰੀ ਬ੍ਰਾਹਮਣਾਂ ਨੂੰ ਗੁਰੂ ਤੇਗ਼ ਬਹਾਦਰ ਜੀ ਪਾਸ ਆਉਣ ਲਈ ਸ਼ਾਇਦ ਕਿਰਪਾ ਰਾਮ ਨੇ ਹੀ ਸੁਝਾਉ ਦਿੱਤਾ ਹੋਵੇ। ਜਦੋਂ ਕਸ਼ਮੀਰੀ ਪੰਡਿਤਾਂ ਨੇ ਗੁਰੂ ਤੇਗ਼ ਬਹਾਦਰ ਜੀ ਪਾਸ ਆਪਣੀ ਫ਼ਰਿਆਦ ਕਰਨ ਦਾ ਫੈਸਲਾ ਕੀਤਾ ਤਾਂ ਹੋਰ ਗੱਲਾਂ ਤੋਂ ਇਲਾਵਾ ਸ਼ਾਇਦ ਉਨ੍ਹਾਂ ਨੇ ਕੁਝ ਅਜਿਹਾ

---

115. *ਬਚਿਤ੍ਰ ਨਾਟਕ 7*. ਇਹ ਅਤੇ ਇਕ ਹੋਰ ਯਾਦਗਰ ਜੋ ਗੁਰੂ ਗੋਬਿੰਦ ਸਿੰਘ ਜੀ ਨੇ *ਪਖਿਆਨ ਚਰਿਤ੍ਰ 21.*, ਪੰਨਾ, 51 ਵਿਚ ਦਰਜ ਕੀਤੀ ਤੋਂ ਪਤਾ ਲਗਦਾ ਹੈ ਕਿ ਨੌਜਵਾਨ ਗੋਬਿੰਦ ਦਾਸ ਜੀ ਜ਼ਰੂਰ ਕੁਝ ਵਰ੍ਹੇ ਆਪਣੇ ਪਿਤਾ ਜੀ ਨਾਲ ਰਹੇ ਸਨ।

116. Bamzai, P.N.K., *History of Kashmır*, p. 371.

ਅਨੁਮਾਨ ਵੀ ਲਾਇਆ ਕਿ ਔਰੰਗਜ਼ੇਬ ਗੁਰੂ ਸਾਹਿਬ ਪ੍ਰਤੀ ਨੇਕ ਭਾਵਨਾ ਰਖਦਾ ਹੈ ਕਿਉਂਕਿ ਬਿਨਾਂ ਕਿਸੇ ਸਰਕਾਰੀ ਰੁਕਾਵਟ ਦੇ ਤੇ ਬਿਨਾਂ ਕਿਸੇ ਇਤਰਾਜ਼ ਦੇ ਗੁਰੂ ਸਾਹਿਬ ਬੰਗਾਲ ਅਤੇ ਆਸਾਮ ਵੱਲ ਯਾਤਰਾ ਕਰ ਆਏ ਸਨ ਤੇ ਕਈ ਥਾਈਂ ਲੋਕਾਂ ਨੂੰ ਉਨ੍ਹਾਂ ਨੇ ਪ੍ਰਚਾਰ ਨਾਲ ਆਪਣੇ ਸਿੱਖ ਵੀ ਬਣਾਇਆ ਸੀ। ਦੂਸਰੇ, ਜੈਪੁਰ ਵਾਲੇ ਰਾਜਾ ਰਾਮ ਸਿੰਘ ਨਾਲ ਔਰੰਗਜ਼ੇਬ ਦੇ ਸੰਬੰਧ ਬਹੁਤ ਅੱਛੇ ਸਨ ਅਤੇ ਰਾਮ ਸਿੰਘ ਗੁਰੂ ਸਾਹਿਬ ਦਾ ਬੜਾ ਆਦਰ ਕਰਦਾ ਸੀ। ਤੀਸਰੇ, ਗੁਰੂ ਸਾਹਿਬ ਦੀ ਇਕ ਉੱਚੇ ਰੱਬੀ ਪੁਰਸ਼ ਹੋਣ ਦੀ ਸ਼ੁਹਰਤ ਦੂਰ ਦੂਰ ਤਕ ਫੈਲੀ ਹੋਈ ਸੀ। ਇਨ੍ਹਾਂ ਸਾਰੀਆਂ ਗੱਲਾਂ ਨੂੰ ਸਾਹਮਣੇ ਰਖ ਕੇ ਕਸ਼ਮੀਰੀ ਪੰਡਿਤ ਆਨੰਦਪੁਰ ਦੇ ਵਾਲੀ ਦੇ ਰੂਬਰੂ ਆ ਫ਼ਰਿਆਦੀ ਹੋਏ। ਗੁਰੂ ਸਾਹਿਬ ਨੇ ਕਸ਼ਮੀਰੀਆਂ ਦੇ ਦੁੱਖਾਂ ਨੂੰ ਬੜੀ ਹਮਦਰਦੀ ਨਾਲ ਸੁਣਿਆ ਤੇ ਉਨ੍ਹਾਂ ਨੂੰ ਉਪਦੇਸ਼ ਦਿੱਤਾ ਕਿ ਉਹ ਤਕੜੇ ਹੋ ਕੇ ਆਪਣੇ ਕਸ਼ਟਾਂ ਨੂੰ ਝੱਲਣ ਅਤੇ ਆਪਣੇ ਸਾਹਸ ਨੂੰ ਕਾਇਮ ਰਖਣ। ਸਥਿਤੀ ਜ਼ਰੂਰ ਛੇਤੀ ਹੀ ਮੋੜਾ ਪਾਏਗੀ। ਇਸ ਮੁਲਾਕਾਤ ਅਤੇ ਫ਼ਰਿਆਦ ਦੀਆਂ ਖ਼ਬਰਾਂ ਖ਼ਬਰ-ਨਵੀਸਾਂ ਨੇ ਔਰੰਗਜ਼ੇਬ ਤਕ ਪੁਚਾ ਦਿੱਤੀਆਂ। ਬਾਦਸ਼ਾਹ ਕੱਟੜ ਧਾਰਮਿਕ ਨੀਤੀ ਦਾ ਅਨੁਯਾਈ ਸੀ। ਉਸ ਨੇ ਗੁਰੂ ਸਾਹਿਬ ਦੀ ਕਸ਼ਮੀਰੀਆਂ ਵੱਲ ਹਮਦਰਦੀ ਨੂੰ ਆਪਣੀ ਧਾਰਮਿਕ ਨੀਤੀ ਦੀ ਪੂਰਤੀ ਦੇ ਰਾਹ ਵਿਚ ਰੁਕਾਵਟ ਸਮਝਿਆ। ਬਾਦਸ਼ਾਹ ਨੇ ਹਸਨ ਅਬਦਾਲ ਤੋਂ ਹੁਕਮ ਭੇਜਿਆ ਕਿ 'ਤੇਗ਼ ਬਹਾਦੁਰ ਰਾ ਗ੍ਰਿਫ਼ਤਾਰ ਮੁਕਯਦ ਉ ਮਹਿਬੂਸ ਦਾਰੰਦ। ਚੂਨਾਚਿ ਹਸਬਉਲ ਹੁਕਮ ਬਅਮਲ ਆਮਦ' (*ਸੀਅਰ-ਉਲ-ਮੁਤਾਖ਼ਰੀਨ*, ਗ਼ੁਲਾਮ ਹੁਸੈਨ) ਭਾਵ ਹੁਕਮ ਹੋਇਆ ਕਿ ਗੁਰੂ ਤੇਗ਼ ਬਹਾਦਰ ਜੀ ਨੂੰ ਕੈਦ ਕੀਤਾ ਜਾਏ। ਹੁਕਮ ਅਨੁਸਾਰ ਇਸ ਤਰ੍ਹਾਂ ਹੀ ਕੀਤਾ ਗਿਆ।

ਗੁਰੂ ਜੀ ਦੀ ਗਰਿਫ਼ਤਾਰੀ ਦਾ ਹੁਕਮ ਔਰੰਗਜ਼ੇਬ ਨੇ ਲਾਹੌਰ ਦੇ ਗਵਰਨਰ ਨੂੰ ਭੇਜਿਆ ਤੇ ਉਸ ਨੇ ਉਹ ਹੁਕਮ ਸਰਹਿੰਦ ਦੇ ਫ਼ੌਜਦਾਰ ਦਿਲਾਵਰ ਖ਼ਾਂ ਨੂੰ ਦਿੱਤਾ ਜਿਸ ਨੇ ਰੋਪੜ ਦੇ ਕੋਤਵਾਲ ਮਿਰਜ਼ਾ ਨੂਰ ਮੁਹੰਮਦ ਖ਼ਾਂ ਤਕ ਪੁਚਾਇਆ। ਪਰ ਆਮ ਲੋਕਾਂ ਤੋਂ ਇਹ ਖ਼ੁਫ਼ੀਆ ਰਖਿਆ ਗਿਆ ਤਾਂ ਕਿ ਗੁਰੂ ਜੀ ਨੂੰ ਗਰਿਫ਼ਤਾਰ ਕਰਨ ਦੇ ਰਾਹ ਵਿਚ ਸਿੱਖਾਂ ਵੱਲੋਂ ਕੋਈ ਰੁਕਾਵਟ ਨਾ ਪੈ ਜਾਏ। ਗੁਰੂ ਸਾਹਿਬ ਆਨੰਦਪੁਰ ਤੋਂ ਬਾਹਰ ਕਿਧਰੇ ਜਾਣ ਲਈ ਜਦ ਰੋਪੜ ਦੇ ਲਾਗੇ ਪਿੰਡ ਮਲਕਪੁਰ ਰੰਘੜਾਂ ਵਿਚ ਰਾਤ ਠਹਿਰੇ ਤਾਂ ਸੂਹੀਆਂ ਨੇ ਇਹ ਖ਼ਬਰ ਤੁਰੰਤ ਹੀ ਰੋਪੜ ਦੇ ਕੋਤਵਾਲ ਨੂੰ ਪੁਚਾ ਦਿੱਤੀ। ਇੱਥੇ ਉਨ੍ਹਾਂ ਦੀ ਗਰਿਫ਼ਤਾਰੀ ਸਬੰਧੀ ਭੱਟ ਵਹੀਆਂ ਵਿਚ ਇਉਂ ਆਉਂਦਾ ਹੈ :

> *'ਗੁਰੂ ਤੇਗ਼ ਬਹਾਦਰ ਜੀ ਮਹੱਲ ਨਾਮਾਂ ਕੋ ਨੂਰ ਮੁਹੰਮਦ ਖ਼ਾਨ ਮਿਰਜ਼ਾ ਚੌਕੀ ਰੋਪੜ ਵਾਲੇ ਨੇ ਸਾਲ ਸਤਰਾਂ ਸੈ ਬਤੀਸ ਸਾਵਨ ਪ੍ਰਵਿਸਟੇ ਬਾਰਾਂ ਮਲਕਪੁਰ ਪਰਗਨਾ ਘਨਉਲਾ ਸੇ ਪਕੜ ਕਰ ਸਰੰਹਦ ਪਹੁੰਚਾਇਆ, ਸਾਥ ਸਤੀ ਦਾਸ ਮਤੀ ਦਾਸ ਬੇਟੇ ਹੀਰਾ ਮਲ ਛਿਬੜ ਕੇ, ਸਾਥ ਦਿਆਲ ਦਾਸ ਬੇਟਾ ਮਾਈ ਦਾਸ ਬਲਉਤ ਕਾ ਪਕੜਿਆ ਆਇਆ ਚਾਰ ਮਾਹ ਸਰਹੰਦ ਔਰ ਦਿੱਲੀ ਬੰਦੀ ਖ਼ਾਨੇ ਮੈ ਰਹੇ।'*
>
> *(ਭੱਟ ਵਹੀ ਮੁਲਤਾਨੀ ਸਿੰਧੀ, ਖਾਤਾ ਬਲਉਤੋਂ ਕਾ)*

ਇਸ ਦੀ ਪੁਸ਼ਟੀ ਭੱਟ ਵਹੀ ਪੂਰਬੀ ਦੱਖਣੀ ਤੋਂ ਵੀ ਹੁੰਦੀ ਹੈ ਜਿਸ ਵਿਚ ਬੰਝਰਉਤ ਜਲਹਾਣੇ ਹੇਠਾਂ ਇਹ ਲਿਖਤ ਦਰਜ ਹੈ। ਗੁਰੂ ਸਾਹਿਬ ਦੀ ਰੋਪੜ ਦੇ ਲਾਗਿਉਂ ਗਰਿਫ਼ਤਾਰੀ ਹੋਣ ਵਾਲੀ ਗੱਲ ਦੀ ਪੁਸ਼ਟੀ ਕਈ ਹੋਰ ਸਰੋਤਾਂ ਤੋਂ ਵੀ ਹੁੰਦੀ ਹੈ।[117] ਭੱਟ ਵਹੀ ਦੀ ਉਪਰੋਕਤ ਲਿਖਤ ਵਿਚ

---

117. Muhammad Ahsan Ajad's *Fragment* of the *Furrukh-Siyar-nama*, f. 13; Irvine, *Later Mughals*, Vol. I, p. 79.
ਕੇਸਰ ਸਿੰਘ ਛਿੱਬਰ, *ਬੰਸਾਵਲੀ-ਨਾਮਾ*, ਪੰਨੇ 88-90; ਸਰੂਪ ਸਿੰਘ, *ਗੁਰੂ ਕੀਆਂ ਸਾਖੀਆ*, ਨੰ. 25, 26. Dr. James Burgess, *The Chronology of Modern India 1494-1894*, p. 119 (1913).

ਦਿੱਤੀ ਤਾਰੀਖ 12 ਸਾਵਣ, ਸੰਮਤ 1732 ਬਿਕਰਮੀ ਜਾਂ 12 ਜੁਲਾਈ, ਸੰਨ 1675 ਈ. ਗੁਰੂ ਸਾਹਿਬ ਦੀ ਸ਼ਹੀਦੀ ਤੋਂ ਠੀਕ 4 ਮਹੀਨੇ ਪਹਿਲਾਂ ਬਣਦੀ ਹੈ। ਗੁਰੂ ਜੀ ਨਵੰਬਰ 11, 1675 ਨੂੰ ਸ਼ਹੀਦ ਕੀਤੇ ਗਏ ਸਨ। ਆਮ ਪ੍ਰਚਲਿਤ ਵਿਚਾਰ ਹੈ ਕਿ ਗੁਰੂ ਸਾਹਿਬ ਨੂੰ ਆਗਰੇ ਤੋਂ ਗਰਿਫ਼ਤਾਰ ਕੀਤਾ ਗਿਆ ਪਰ ਉਪਰਲੀ ਲਿਖਤ ਤੋਂ ਇਲਾਵਾ ਕੋਇਰ ਸਿੰਘ ਆਪਣੀ ਪੁਸਤਕ *ਗੁਰਬਲਾਸ ਪਾਤਸ਼ਾਹੀ ਦਸ* (ਰਚਿਤ 1751 ਈ.) ਵਿਚ, ਸਰੂਪ ਦਾਸ, *ਮਹਿਮਾ ਪ੍ਰਕਾਸ਼* (1776 ਈ.) ਵਿਚ, ਬੀਰ ਸਿੰਘ ਬਲ, *ਸਿੰਘ ਸਾਗਰ* (1827 ਈ.) ਵਿਚ, ਅਤੇ ਰਤਨ ਸਿੰਘ ਭੰਗੂ, *ਪ੍ਰਾਚੀਨ ਪੰਥ ਪ੍ਰਕਾਸ਼* (1841 ਈ.) ਵਿਚ, ਲਿਖਦੇ ਹਨ ਕਿ ਗੁਰੂ ਤੇਗ਼ ਬਹਾਦਰ ਜੀ ਆਗਰੇ ਨਹੀਂ ਬਲਕਿ ਸਿੱਧੇ ਦਿੱਲੀ ਗਏ।

ਗੁਰੂ ਸਾਹਿਬ ਨੂੰ ਗਰਿਫ਼ਤਾਰ ਕਰਕੇ ਸਰਹਿੰਦ ਵਿਚ ਕੈਦ ਰਖਿਆ ਗਿਆ ਤੇ ਉਨ੍ਹਾਂ ਬਾਰੇ ਬਾਦਸ਼ਾਹ ਤੋਂ ਅਗਲਾ ਹੁਕਮ ਪ੍ਰਾਪਤ ਕੀਤਾ ਗਿਆ। ਗੁਲਾਮ ਹੁਸੈਨ ਲਿਖਦਾ ਹੈ: ਬਾਅਦ ਚੰਦ ਰੂਜ ਹੁਕਮੇ ਦੀਗਰ ਦਰ ਬਾਰਾਇ ਤੇਗ਼ ਬਹਾਦਰ ਰਸੀਦ ਕਿ ਊ ਰਾ ਕੁਸ਼ਤਾ ਵਾ ਜਿਸਦਸ਼ ਰਾ ਚੰਦ ਹਿੱਸਾ ਨਮੂਦਾ ਅਤਰਾਫ਼ਿ ਸ਼ਹਿਰ ਬਿਆਵੇਜ਼ੰਦ, ਹਸਬਉਲ ਹੁਕਮ ਬਵਕੂਹ ਪੈਵਸਤ।' ਭਾਵ ਕੁਝ ਦਿਨਾਂ ਪਿੱਛੋਂ (ਗੁਰੂ) ਤੇਗ਼ ਬਹਾਦਰ ਜੀ ਬਾਰੇ ਦੂਜਾ ਹੁਕਮ ਆ ਪੁੱਜਾ ਕਿ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਜਾਏ ਅਤੇ ਉਨ੍ਹਾਂ ਦੇ ਜਿਸਮ ਦੇ ਕੁਝ ਟੁਕੜੇ ਕਰਕੇ ਸ਼ਹਿਰ ਦੇ ਆਲੇ ਦੁਆਲੇ ਟੰਗ ਦਿੱਤੇ ਜਾਣ। ਬਾਦਸ਼ਾਹੀ ਹੁਕਮ ਅਨੁਸਾਰ ਕਾਰਵਾਈ ਹੋ ਗਈ। ਪੰਜ ਜਾਂ ਛੇ ਨਵੰਬਰ 1675 ਨੂੰ ਗੁਰੂ ਸਾਹਿਬ ਨੂੰ ਸਰਹਿੰਦ ਤੋਂ ਦਿੱਲੀ ਲੈ ਗਏ। ਉਨ੍ਹਾਂ ਦੇ ਦਿੱਲੀ ਪੁਜਣ ਦੇ ਪੰਜ ਦਿਨਾਂ ਦੇ ਅੰਦਰ ਅੰਦਰ ਹੀ ਦੁਖਾਂਤੀ ਘਟਨਾ ਵਰਤ ਗਈ। ਦਿੱਲੀ ਦੇ ਸੂਬੇਦਾਰ ਅਤੇ ਸ਼ਾਹੀ ਕਾਜ਼ੀ ਨੇ ਗੁਰੂ ਜੀ ਨੂੰ ਮੁਸਲਮਾਨ ਬਣ ਜਾਣ ਦੀ ਪ੍ਰੇਰਨਾ ਦੇਣ ਵਿਚ ਆਪਣੀ ਪੂਰੀ ਵਾਹ ਲਾ ਲਈ ਪਰ ਉਹ ਕਿਸੇ ਕੀਮਤ ਤੇ ਵੀ ਰਾਜ਼ੀ ਨਹੀਂ ਸਨ ਹੋ ਸਕੇ। ਉਨ੍ਹਾਂ ਨੂੰ ਉਹ ਪੰਜ ਦਿਨ ਤਸੀਹੇ ਦਿੰਦੇ ਰਹੇ ਪਰ ਉਹ ਆਪਣੇ ਫ਼ੈਸਲੇ ਵਿਚ ਦ੍ਰਿੜ੍ਹ ਅਤੇ ਅਡੋਲ ਰਹੇ। ਉਹ ਆਪਣੇ ਧਰਮ ਉੱਤੇ ਪਰਪੱਕ ਰਹਿਣ ਦੇ ਮੁਕਾਬਲੇ ਵਿਚ ਆਪਣੀ ਜਾਨ ਨੂੰ ਤੁਛ ਸਮਝਦੇ ਸਨ। 11 ਨਵੰਬਰ, 1675 ਨੂੰ ਗੁਰੂ ਜੀ ਦੇ ਸਾਥੀਆਂ ਨੂੰ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਹੀ ਕਤਲ ਕਰ ਦਿੱਤਾ ਗਿਆ। ਭਾਈ ਮਤੀ ਦਾਸ ਨੂੰ ਦੋ ਥਮਾਂ ਵਿਚਕਾਰ ਬੰਨ੍ਹ ਕੇ ਆਰੇ ਨਾਲ ਚੀਰ ਕੇ ਦੋ ਟੁਕੜੇ ਕਰ ਦਿੱਤੇ। ਦਯਾ ਸਿੰਘ ਨੂੰ ਉਬਲਦੀ ਦੇਗ਼ ਵਿਚ ਉਬਾਲ ਦਿੱਤਾ ਅਤੇ ਸਤੀ ਦਾਸ ਦੇ ਸਰੀਰ ਦੇ ਦੁਆਲੇ ਰੂੰ ਲਪੇਟ ਕੇ ਜਿਉਂਦਿਆਂ ਹੀ ਭੁੰਨ ਦਿੱਤਾ। ਇਨ੍ਹਾਂ ਗੁਰਸਿੱਖਾਂ ਨੇ ਮੂੰਹ ਤੋਂ ਵਾਹਿਗੁਰੂ ਦਾ ਨਾਂ ਉਚਾਰਦਿਆਂ ਉਚਾਰਦਿਆਂ ਆਪਣੇ ਸੁਆਸ ਤਿਆਗ ਦਿੱਤੇ।

ਇਨ੍ਹਾਂ ਤੋਂ ਪਿੱਛੋਂ ਗੁਰੂ ਸਾਹਿਬ ਦੀ ਵਾਰੀ ਆਈ। ਕਿਹਾ ਜਾਂਦਾ ਹੈ ਕਿ ਉਨ੍ਹਾਂ ਨੂੰ ਕਰਾਮਾਤ ਦਿਖਾਉਣ ਲਈ ਕਿਹਾ ਗਿਆ। ਗੁਰੂ ਤੇਗ਼ ਬਹਾਦਰ ਜੀ ਦੀ ਇਹ ਇਕ ਮਹਾਨ ਕਰਾਮਾਤ ਸੀ ਕਿ ਉਨ੍ਹਾਂ ਨੇ ਆਪਣੇ ਧਰਮ ਦੀ ਖ਼ਾਤਰ ਅਤੇ ਜ਼ਬਰ ਦੇ ਸਾਹਮਣੇ ਨਾ ਝੁਕਦਿਆਂ ਹੋਇਆਂ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਵਿਚ :

*ਠੀਕਰਿ ਫੋਰ ਦਿਲੀਸ ਸਿਰ, ਪ੍ਰਭ ਪੁਰ ਕੀਯੋ ਪਯਾਨ ॥*
*ਤੇਗ਼ ਬਹਾਦਰ ਸੀ ਕਿਰਯਾ ਕਰੀ ਨਾ ਕਿਨਹੂੰ ਆਨ ॥*
*ਤੇਗ਼ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਗ ॥*
*ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ ॥*

(*'ਵਚਿਤ੍ਰ ਨਾਟਕ'*)

ਗੁਰੂ ਸਾਹਿਬ ਦੀ ਗਰਿਫ਼ਤਾਰੀ ਤੇ ਸ਼ਹੀਦੀ ਦੇ ਜੁਦੇ ਜੁਦੇ ਕਾਰਣ ਦੱਸੇ ਜਾਂਦੇ ਹਨ। ਗੁਲਾਮ

ਹੁਸੈਨ ਦੀ ਪੁਸਤਕ, *ਸੀਅਰ-ਉਲ-ਮੁਤਾਖ਼ਰੀਨ* ਤੋਂ ਗੁਰੂ ਸਾਹਿਬ ਦੀ ਸ਼ਹੀਦੀ ਦੇ ਕਾਰਣਾਂ ਪ੍ਰਤੀ ਬੜੇ ਭੁਲੇਖੇ ਪਏ ਹਨ। ਕੁਝ ਤਾਂ ਲੇਖਕ ਨੇ ਆਪ ਪਾਏ ਹਨ ਤੇ ਕੁਝ ਉਸ ਦੀ ਪੁਸਤਕ ਦੇ ਉਲਥਾਕਾਰਾਂ-ਜੌਨ ਬ੍ਰਿਗਜ਼ (John Briggs) ਅਤੇ ਐਮ. ਰੇਮੰਡ (M. Raymond) ਨੇ ਪਾਏ ਹਨ।

*ਸੀਅਰ-ਉਲ-ਮੁਤਾਖ਼ਰੀਨ* ਵਿਚ ਗੁਰੂ ਸਾਹਿਬ ਦੀ ਸ਼ਹੀਦੀ ਦੀ ਤਾਰੀਖ਼ 801 ਹਿਜਰੀ ਲਿਖੀ ਹੋਈ ਹੈ ਜਿਹੜੀ 1398 ਈ. ਬਣਦੀ ਹੈ ਜਦ ਕਿ ਸ਼ਹੀਦੀ 1675 ਈ. ਵਿਚ ਹੋਈ। ਸਹੀ ਤਾਰੀਖ਼ 1086 ਹਿਜਰੀ ਹੈ। ਇਹ ਕਾਤਿਬ ਦੀ ਗ਼ਲਤੀ ਹੋ ਸਕਦੀ ਹੈ। ਇਸ ਪੁਸਤਕ ਵਿਚ ਅਗਲੀ ਗ਼ਲਤੀ ਇਹ ਹੈ ਕਿ ਗੁਰੂ ਸਾਹਿਬ ਅਤੇ ਸ਼ੇਖ਼ ਆਦਮ ਹਾਫ਼ਿਜ ਮਿਲ ਕੇ ਪੰਜਾਬ ਵਿਚ ਦੌਰੇ ਕਰਦੇ ਸਨ। ਗੁਲਾਮ ਹੁਸੈਨ ਦੇ ਆਪਣੇ ਸ਼ਬਦਾਂ ਵਿਚ 'ਗੁਰੂ ਨਾਨਕ ਦਾ ਅੱਠਵਾਂ ਗੱਦੀਨਸ਼ੀਨ, ਜਿਸ ਦਾ ਨਾਂ ਤੇਗ਼ ਬਹਾਦਰ ਸੀ, ਬਹੁਤ ਸਾਰੇ ਚੇਲੇ (ਸਿੱਖ) ਇਕੱਠੇ ਕਰਕੇ ਬੜੀ ਸੋਭਾ-ਸੱਤਾ ਵਾਲਾ ਹੋ ਗਿਆ ਅਤੇ ਕਈ ਹਜਾਰ ਆਦਮੀ ਉਸ ਦੇ ਨਾਲ ਆਇਆ ਜਾਇਆ ਕਰਦੇ ਸਨ। ਸ਼ੇਖ਼ ਅਹਿਮਦ ਸਰਹੰਦੀ ਦੇ ਮੁਰੀਦਾਂ (ਚੇਲਿਆਂ) ਦੇ ਫ਼ਿਰਕੇ ਵਿੱਚੋਂ ਉਸ ਦੇ ਸਮਕਾਲੀ ਇਕ ਫ਼ਕੀਰ ਹਾਫ਼ਿਜ਼ ਆਦਮ ਨੇ ਮੁਰੀਦਾਂ ਅਤੇ ਚੇਲ੍ਹਿਆਂ ਦੀ ਇਕ ਤਕੜੀ ਜਮਾਤ ਇਕੱਠੀ ਕਰ ਲਈ। ਇਨ੍ਹਾਂ ਦੋਹਾਂ ਆਦਮੀਆਂ ਨੇ ਜ਼ੋਰ ਅਤੇ ਸਖ਼ਤੀ ਨਾਲ ਰੁਪਿਆ ਉਗਰਾਹੁਣ ਦਾ ਕੰਮ ਫੜ ਲਿਆ। ਇਹ ਪੰਜਾਬ ਦੇਸ਼ ਵਿਚ ਫ਼ਿਰਦੇ ਸਨ। ਤੇਗ਼ ਬਹਾਦਰ ਹਿੰਦੂਆਂ ਤੋਂ ਰੁਪਏ ਲੈਂਦਾ ਸੀ ਅਤੇ ਹਾਫ਼ਿਜ ਆਦਮ ਮੁਸਲਮਾਨਾਂ ਤੋਂ। ਬਾਦਸ਼ਾਹੀ ਵਾਕਿਆ ਨਵੀਸਾਂ ਨੇ ਆਲਮਗੀਰ (ਔਰੰਗਜੇਬ) ਨੂੰ ਲਿਖਿਆ ਕਿ ਇਕ ਹਿੰਦੂ ਅਤੇ ਇਕ ਮੁਸਲਮਾਨ ਫਲਾਣੇ ਫਲਾਣੇ ਦੋ ਫ਼ਕੀਰਾਂ ਨੇ ਇੱਕਠੇ ਹੋ ਕੇ ਇਹ ਕੰਮ ਫੜਿਆ ਹੋਇਆ ਹੈ ਅਤੇ ਕੋਈ ਹੈਰਾਨੀ ਦੀ ਗੱਲ ਨਹੀ ਕਿ ਜੇ ਇਨ੍ਹਾਂ ਦਾ ਰਸੂਖ ਵੱਧ ਗਿਆ ਤਾਂ ਕਾਬੂ ਤੋਂ ਬਾਹਰ ਹੋ ਜਾਣ। ਆਲਮਗੀਰ ਨੇ ਇਹ ਖ਼ਬਰ ਸੁਣ ਕੇ ਲਾਹੌਰ ਦੇ ਹਾਕਮ ਨੂੰ ਲਿਖਿਆ ਕਿ ਦੋਹਾਂ ਨੂੰ ਹੀ ਫੜ ਕੇ ਹਾਫ਼ਿਜ ਆਦਮ ਨੂੰ ਬਾਦਸ਼ਾਹੀ ਮੁਲਕ ਤੋਂ ਬਾਹਰ ਅਟਕ ਅਤੇ ਪਸ਼ੌਰੋਂ ਪਾਰ ਪਠਾਣਾਂ ਦੇ ਇਲਾਕੇ ਵਿਚ ਕੱਢ ਦੇਵੇ ਅਤੇ ਲਿਖ ਦੇਵੇ ਕਿ ਉਹ ਮੁੜ ਇਸ ਪਾਸੇ ਵਾਪਿਸ ਨਾ ਆ ਸਕੇ ਅਤੇ ਤੇਗ਼ ਬਹਾਦਰ ਨੂੰ ਫੜ ਕੇ ਹਵਾਲਾਤ ਵਿਚ ਕੈਦ ਰਖੇ। ਚੁਨਾਂਚਿ ਹੁਕਮ ਅਨੁਸਾਰ ਕਾਰਵਾਈ ਕੀਤੀ ਗਈ।

ਪਰ ਇਹ ਇਤਿਹਾਸਕ ਸਚਾਈ ਹੈ ਕਿ ਹਾਫ਼ਿਜ ਆਦਮ ਬਨੂੜੀ ਗੁਰੂ ਤੇਗ਼ ਬਹਾਦਰ ਜੀ ਦੇ 1664 ਵਿਚ ਗੁਰੂ ਗੱਦੀ ਤੇ ਬੈਠਣ ਤੋਂ 21 ਵਰ੍ਹੇ ਪਹਿਲਾਂ 14-15 ਦਸੰਬਰ ਸੰਨ 1643 ਨੂੰ ਮਰ ਚੁੱਕਾ ਸੀ। ਉਸ ਨੂੰ ਸ਼ਾਹਜਹਾਨ ਬਾਦਸ਼ਾਹ ਦੇ ਹੁਕਮ ਨਾਲ ਲਾਹੌਰ ਤੋਂ ਨਿਕਲ ਜਾਣ ਲਈ ਕਿਹਾ ਗਿਆ ਸੀ ਅਤੇ ਉਹ ਹੱਜ ਨੂੰ ਚਲਾ ਗਿਆ ਸੀ ਜਿੱਥੇ ਉਸ ਦੀ ਮੌਤ ਹੋ ਗਈ। ਉਸ ਦਾ ਮਕਬਰਾ ਮਦੀਨੇ ਵਿਚ ਹਜ਼ਰਤ ਅਸਮਾਨ ਦੇ ਮਕਬਰੇ ਦੇ ਨੇੜੇ ਹੈ।'[118]

*ਸੀਅਰ-ਉਲ-ਮੁਤਾਖ਼ਰੀਨ* ਵਿਚ ਅਗਲੀ ਗੱਲ ਜੋ ਗੁਰੂ ਤੇਗ਼ ਬਹਾਦਰ ਸਾਹਿਬ ਬਾਰੇ ਕਹੀ ਗਈ ਹੈ ਉਹ ਇਹ ਕਿ ਉਹ ਆਪਣੇ ਬਹੁਤ ਸਾਰੇ ਸਿੱਖਾਂ ਸਮੇਤ ਆਲੇ ਦੁਆਲੇ ਫਿਰਦੇ ਸਨ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਸਾਹਿਬ ਦੇ ਇਕ ਤੋਂ ਦੂਜੀ ਥਾਂ ਜਾਣ ਸਮੇਂ ਬਹੁਤ ਸਾਰੇ

118. ਇਨ੍ਹਾਂ ਗੱਲਾਂ ਦੀ ਪੁਸ਼ਟੀ ਨਜੀਰ ਅਹਿਮਦ ਦੀ ਪੁਸਤਕ *ਤਜਕਿਰਾਤ-ਉਲ-ਆਬਿਦੀਨ*, ਪੰਨੇ 124-25; ਕਮਾਲ-ਉਦ-ਦੀਨ ਮੁਹੰਮਦ ਅਹਿਸਾਨ ਦੀ ਪੁਸਤਕ *ਰੋਜ਼ਾ-ਤੁ-ਕੈਯੂਮੀਆ*, ਪੰਨਾ 178; *ਮਿਰਾਤ-ਇ-ਜਹਾਂਨੁਮਾ* (ਰਾਮਪੁਰ) ਪੰਨਾ 606; ਗੁਲਾਬ ਨਬੀ ਦੀ ਪੁਸਤਕ *ਮਿਰਾਤ-ਉ-ਕੌਲੀਨ*, ਪੰਨਾ 417; ਮੁਹੰਮਦ ਅਖ਼ਤਿਰ ਦੀ ਪੁਸਤਕ *ਤਜਕਿਰਾਤ-ਇ-ਔਲੀਆ-ਏ-ਹਿੰਦ-ਉ-ਪਾਕਿਸਤਾਨ*, ਪੰਨਾ 401 ਤੇ ਕੀਤੀ ਗਈ ਹੈ।

ਸਿੱਖ ਉਨ੍ਹਾਂ ਨੂੰ ਵਿਦਾ ਕਰਨ ਲਈ ਅਗਲੇ ਪਿੰਡ ਤਕ ਜਾਂਦੇ ਤੇ ਅਗਲੇ ਪਿੰਡ ਵਾਲੇ ਉਨ੍ਹਾਂ ਨੂੰ ਨਾਲ ਲੈ ਜਾਣ ਲਈ ਆਉਂਦੇ ਸਨ। ਇਸ ਤਰ੍ਹਾਂ ਪ੍ਰਚਾਰ-ਦੌਰਿਆਂ ਸਮੇਂ ਬਹੁਤ ਸਾਰੇ ਲੋਕ ਉਨ੍ਹਾਂ ਦੇ ਨਾਲ ਜੁੜ ਜਾਂਦੇ ਸਨ। ਉਨ੍ਹਾਂ ਵੱਲੋਂ ਸਰਕਾਰ ਨੂੰ ਕੋਈ ਖ਼ਤਰਾ ਨਹੀਂ ਸੀ। ਗ਼ੁਲਾਮ ਹੁਸੈਨ ਖ਼ੁਦ ਲਿਖਦਾ ਹੈ ਕਿ 'ਹਮਾਰਾਹੀਆਨਿ ਤੇਗ਼ ਬਹਾਦੁਰ ਬਤੌਰ ਫ਼ੁਕਰਾ ਮੇਗਰਦੀਦੰਦ ਵਾ ਸਲਾਹੇ-ਯਰਾਕ ਬਸਤਨ ਦਰਮਿਆਨਿ ਸ਼ਾਂ ਮਾਮੂਲ ਨਬੂਦ' (ਭਾਵ ਤੇਗ਼ ਬਹਾਦਰ ਦੇ ਸੰਗੀ ਸਾਥੀ ਫ਼ਕੀਰਾਂ ਦੀ ਤਰ੍ਹਾਂ ਫ਼ਿਰਦੇ ਸਨ ਅਤੇ ਹਥਿਆਰਬੰਦ ਹੋਣ ਦਾ ਉਨ੍ਹਾਂ ਵਿਚ ਰਿਵਾਜ ਨਹੀਂ ਸੀ)।

ਗੁਰੂ ਤੇਗ਼ ਬਹਾਦਰ ਜੀ ਦੇ ਮਿਸ਼ਨ ਅਤੇ ਮਨੋਰਥ ਸਬੰਧੀ ਬਹੁਤ ਸਾਰੇ ਵਿਦਵਾਨਾਂ ਜਿਵੇਂ ਕਨਿੰਘਮ, ਟਰੰਪ, ਮੁਹਮਦ ਲਤੀਫ਼ ਆਦਿ ਜਿਨ੍ਹਾਂ ਨੂੰ 'ਸੀਅਰ-ਉਲ-ਮੁਤਾਖ਼ਰੀਨ' ਦੀ ਅਸਲ ਲਿਖਤ ਤਕ ਪਹੁੰਚ ਨਹੀਂ ਜਾਪਦੀ, ਜੌਨ ਬ੍ਰਿਗਿਜ਼ ਅਤੇ ਐਮ. ਰੇਮੰਡ ਦੇ ਗ਼ਲਤ ਅੰਗ੍ਰੇਜ਼ੀ ਉਲਥਿਆਂ ਤੋਂ ਕੁਝ ਗਲਤ ਫ਼ਹਿਮੀਆਂ ਹੋਈਆਂ ਹਨ। ਇਨ੍ਹਾਂ ਦੋਨਾਂ ਉਲਥਾਕਾਰਾਂ ਨੇ ਕਈ ਗੱਲਾਂ ਆਪਣੇ ਕੋਲੋਂ ਪਾ ਦਿੱਤੀਆਂ ਹਨ। 'ਸੀਅਰ-ਉਲ-ਮੁਤਾਖ਼ਰੀਨ' ਗੁਰੂ ਸਾਹਿਬ ਬਾਰੇ ਲਿਖੇ ਸ਼ਬਦ 'ਸਾਹਿਬ-ਇ-ਇਕਤਦਾਰ ਗਸ਼ਤ' ਦਾ ਭਾਵਾਰਥ ਹੈ ਕਿ ਗੁਰੂ ਸਾਹਿਬ ਉੱਚੇ ਦਰਜੇ ਵਾਲੇ ਜਾਂ ਸ਼ੋਭਾ ਵਾਲੇ ਹੋ ਗਏ। ਪਰ ਰੇਮੰਡ ਦਾ ਉਲਥਾ ਹੈ: he became aspiring (ਉਹ ਪਦ ਅਭਲਾਖੀ ਹੋ ਗਏ) ਅਤੇ ਜੌਨ ਬ੍ਰਿਗਜ਼ ਨੇ ਇਸ ਦੇ ਅਰਥ ਕੀਤੇ ਹਨ : he aspired to sovereignty (ਭਾਵ ਉਹ ਰਾਜ ਅਭਿਲਾਖੀ ਹੋ ਗਏ)। ਅੱਗੇ ਜਾ ਕੇ ਗੁਰੂ ਸਾਹਿਬ ਨਾਲ ਸ਼ਬਦ freebooter (ਲੁਟੇਰਾ) ਆਪਣੇ ਕੋਲੋਂ ਜੋੜ ਲਿਆ। ਇਸ ਤਰ੍ਹਾਂ ਅਜਿਹੇ ਬੇਹੂਦਾ ਉਲਥੇ ਤੋਂ ਪਾਠਕਾਂ ਵਿਚ ਗ਼ਲਤ ਫਹਿਮੀਆਂ ਵਧਦੀਆਂ ਗਈਆਂ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦੇ ਇਸ ਮਹਾਨ ਸਾਕੇ ਦੇ ਪਿੱਛੇ ਕੋਈ ਰਾਜਸੀ ਕਾਰਣ ਨਹੀਂ ਸੀ ਸਗੋਂ ਬਾਦਸ਼ਾਹ ਔਰੰਗਜ਼ੇਬ ਦੀ ਉਹ ਕੱਟੜ ਧਾਰਮਕ ਨੀਤੀ ਸੀ ਜਿਸ ਦੁਆਰਾ ਉਹ ਇਸ 'ਦਰਾਉਲ ਹਰਬ' ('ਕਾਫ਼ਰਾਂ ਦੀ ਧਰਤੀ') ਨੂੰ 'ਦਾਰਉਲ ਇਸਲਾਮ' ('ਮੋਮਨਾਂ ਦੀ ਧਰਤੀ') ਵਿਚ ਬਦਲਣ ਦੇ ਸੁਪਨੇ ਲੈ ਰਿਹਾ ਸੀ। ਉਹ ਆਪਣੇ ਅੰਨ੍ਹੇ ਮਜ਼੍ਹਬੀ ਜੋਸ਼ ਵਿਚ ਮੰਦਰਾਂ ਤੇ ਗੁਰਦੁਆਰਿਆਂ ਨੂੰ ਮਸਜਿਦਾਂ ਵਿਚ ਬਦਲ ਰਿਹਾ ਸੀ। ਗੁਰੂ ਤੇਗ਼ ਬਹਾਦਰ ਜੀ ਨਾ ਕੇਵਲ ਆਪਣੇ ਲਈ ਸਗੋਂ ਹਰ ਕਿਸੇ ਲਈ ਧਾਰਮਕ ਸੁਤੰਤਰਤਾ ਦੇ ਇਛੁੱਕ ਸਨ। ਉਹ ਜਨੇਊ ਨਹੀਂ ਸਨ ਪਹਿਨਦੇ ਪਰ ਕਿਸੇ ਦਾ ਜਨੇਊ ਉਤਾਰਨ ਤੋਂ ਉਨ੍ਹਾਂ ਨੂੰ ਸਖ਼ਤ ਗਿਲਾ ਸੀ। ਜੇ ਕਿਸੇ ਮੁਸਲਮਾਨ ਨੂੰ ਜ਼ਬਰਦਸਤੀ ਸਿੱਖ ਬਣਾਉਣ ਦੀ ਮਿਸਾਲ ਉਨ੍ਹਾਂ ਦੇ ਸਾਹਮਣੇ ਆਉਂਦੀ ਤਾਂ ਉਸ ਵਿਰੁੱਧ ਵੀ ਉਨ੍ਹਾਂ ਦਾ ਉਤਨਾ ਹੀ ਗਿਲਾ ਹੋਣਾ ਸੀ। ਉਹ ਕਸ਼ਮੀਰੀਆਂ ਨੂੰ ਜਾਂ ਪੰਜਾਬੀਆਂ ਨੂੰ ਮੁਗ਼ਲਾਂ ਦਾ ਰਾਜ ਖ਼ੋਹ ਲੈਣ ਲਈ ਨਹੀਂ ਪਰੇਰ ਰਹੇ ਸਨ ਸਗੋਂ ਆਪਣੇ ਧਰਮ ਵਿਚ ਪੱਕੇ ਰਹਿਣ ਤੇ ਆਪਣੀਆਂ ਔਖਿਆਈਆਂ ਨੂੰ ਤਕੜੇ ਹੋ ਕੇ ਝੱਲਣ ਦੀ ਪ੍ਰੇਰਨਾ ਦੇ ਰਹੇ ਸਨ। ਉਹ ਸਦਾ ਇਨਸਾਫ਼, ਸਚਾਈ, ਦਲੇਰੀ ਤੇ ਦਿਆਨਤਦਾਰੀ ਵਾਲਾ ਜੀਵਨ ਜਿਉਣ ਲਈ ਲੋਕਾਂ ਨੂੰ ਉਤਸਾਹਿਤ ਕਰਦੇ ਸਨ। ਉਹ ਡਰਨ ਵਾਲੇ ਨੂੰ 'ਕਾਇਰ' ਤੇ ਡਰਾਉਣ ਵਾਲੇ ਨੂੰ 'ਜਾਬਰ' ਸਮਝਦੇ ਸਨ। ਬਾਦਸ਼ਾਹ, ਉਸ ਦੀ ਸਰਕਾਰ ਅਤੇ ਝੂਠੇ ਖ਼ਬਰਨਵੀਸ ਹਰ ਮਾਮਲੇ ਨੂੰ ਰਾਜਸੀ ਰੰਗਤ ਚਾੜ੍ਹਨ ਦੀ ਕੋਸ਼ਿਸ਼ ਕਰਦੇ ਸਨ ਤਾਂ ਜੋ ਸਜ਼ਾ ਨੂੰ ਆਮ ਲੋਕਾਂ ਦੀਆਂ ਨਜ਼ਰਾਂ ਵਿਚ ਯੋਗ ਠਹਿਰਾਇਆ ਜਾ ਸਕੇ।

ਔਰੰਗਜ਼ੇਬ ਸਿੱਖਾਂ ਨੂੰ ਇਕ ਕੌਮ ਵਜੋਂ ਵਧਣ ਫੁੱਲਣ ਤੋਂ ਰੋਕਣਾ ਚਾਹੁੰਦਾ ਸੀ। ਅਜਿਹੀ ਨੀਤੀ ਉਸ ਦੇ ਬਾਬੇ ਜਹਾਂਗੀਰ ਨੇ ਸ਼ੁਰੂ ਕਰ ਦਿੱਤੀ ਹੋਈ ਸੀ। ਔਰੰਗਜ਼ੇਬ ਨੇ ਸੱਤਵੇਂ ਗੁਰੂ ਹਰਿ ਰਾਇ ਸਾਹਿਬ ਨੂੰ ਆਪਣੇ ਪਾਸ ਦਿੱਲੀ ਪੁੱਜਣ ਲਈ ਹੁਕਮ ਭੇਜਿਆ, ਅੱਠਵੇਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ਦਿੱਲੀ ਸੱਦਿਆ ਤੇ ਨੌਵੇਂ ਗੁਰੂ ਸਾਹਿਬ ਨੂੰ 1665 ਵਿਚ ਦਿੱਲੀ ਬੁਲਾਇਆ। ਜੇ ਸੱਤਵੇਂ ਤੇ ਅੱਠਵੇਂ

ਗੁਰੂ ਸਾਹਿਬਾਨ ਦੇਰ ਤਕ ਜਿਉਂਦੇ ਰਹਿੰਦੇ ਤਾਂ ਪਤਾ ਨਹੀਂ ਔਰੰਗਜੇਬ ਦੇ ਹੱਥੋਂ ਉਨ੍ਹਾਂ ਨਾਲ ਕੀ ਵਾਪਰਦੀ।

ਆਮ ਲੇਖਕ ਗੁਰੂ ਸਾਹਿਬ ਦੀ ਸ਼ਹੀਦੀ ਵੇਲੇ ਔਰੰਗਜ਼ੇਬ ਦੇ ਦਿੱਲੀ ਵਿਚ ਹਾਜਰ ਹੋਣ ਬਾਰੇ ਲਿਖਦੇ ਹਨ ਜੋ ਠੀਕ ਨਹੀਂ ਹੈ । ਇਹ ਗੱਲ ਇਕ ਇਤਿਹਾਸਕ ਤੱਥ ਹੈ ਕਿ ਬਾਦਸ਼ਾਹ ਅਫ਼ਗਾਨਾਂ ਵਿਰੁੱਧ ਇਕ ਮੁਹਿੰਮ ਦੀ ਅਗਵਾਈ ਲਈ ਹਸਨ ਅਬਦਾਲ ਵਿਚ ਸੀ। ਸੁਜਾਨ ਰਾਏ ਭੰਡਾਰੀ ਆਪਣੀ ਪੁਸਤਕ, *ਖ਼ੁਲਾਸਾਤੁਤ-ਤਵਾਰੀਖ਼*, ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦੇ 22 ਸਾਲ ਬਾਅਦ (1697 ਈ. ਵਿਚ) ਲਿਖਦਾ ਹੈ ਕਿ 'ਗੁਰੂ ਸਾਹਿਬ ਦਰ ਕੈਦਿ ਉਮਰਾਇ ਬਾਦਸ਼ਾਹੀ ਦਰ ਆਮਦਾ ਦਰ ਸ਼ਾਹਜਾਹਾਨਆਬਾਦ ਕੁਸ਼ਤਾ ਸ਼ੁਦ' ਭਾਵ ਗੁਰੂ ਸਾਹਿਬ ਉਮਰਾ ਦੀ ਕੈਦ ਵਿਚ ਪਾ ਦਿੱਤੇ ਗਏ ਤੇ ਦਿੱਲੀ ਵਿਚ ਸ਼ਹੀਦ ਕਰ ਦਿੱਤੇ ਗਏ। ਇਹੀ ਗੱਲ ਗੁਲਾਮ ਹੁਸੈਨ ਲਿਖਦਾ ਹੈ ਕਿ 'ਤੇਗ਼ ਬਹਾਦਰ ਦਰ ਕੈਦਿ ਉਮਰਾ ਏ ਆਲਮਗੀਰ ਉਫ਼ਤਾਦ।' ਜੇ ਬਾਦਸ਼ਾਹ ਦਿੱਲੀ ਵਿਚ ਹੁੰਦਾ ਤਾਂ ਲਿਖਿਆ ਜਾਣਾ ਸੀ 'ਦਰ ਕੈਦਿ ਬਾਦਸ਼ਾਹੀ ਦਰ ਆਮਦ'। ਮੁਹੰਮਦ ਸਾਕੀ ਮੁਸਤਅਦ ਖ਼ਾਂ ਦੀ ਰਚਿਤ ਪੁਸਤਕ, *ਮੁਆਸਿਰੀ-ਆਲਮਗੀਰੀ*, ਅਨੁਸਾਰ ਔਰੰਗਜੇਬ ਸਰਹੱਦੀ ਅਫ਼ਗਾਨਾਂ ਤੇ ਪਠਾਣਾਂ ਦੇ ਵਿਰੁੱਧ ਕਾਰਵਾਈ ਕਰਨ ਗਿਆ ਹੋਇਆ ਸੀ। 7 ਐਪ੍ਰਲ 1674 ਨੂੰ ਉਹ ਦਿੱਲੀ ਤੋਂ ਹਸਨ ਅਬਦਾਲ ਲਈ ਤੁਰਿਆ। ਉਥੋਂ ਉਹ 23 ਦਸੰਬਰ, 1675 ਨੂੰ ਵਾਪਿਸ ਮੁੜਿਆ ਤੇ 21 ਜਨਵਰੀ, 1676 ਨੂੰ ਲਾਹੌਰ ਪੁਜਿਆ। ਇਕ ਮਹੀਨਾ ਚਾਰ ਦਿਨ ਲਾਹੌਰ ਰਹਿ ਕੇ ਉਹ 24 ਫ਼ਰਵਰੀ ਨੂੰ ਉਥੋਂ ਚਲਿਆ ਅਤੇ 27 ਮਾਰਚ,1676 ਈ. ਨੂੰ ਮੁੜ ਦਿੱਲੀ ਪੁੱਜਾ।[119] ਸੋ ਔਰੰਗਜ਼ੇਬ 7 ਅਪ੍ਰੈਲ, 1674 ਤੋਂ 27 ਮਾਰਚ, 1676 ਤਕ ਇਕ ਸਾਲ ਗਿਆਰਾਂ ਮਹੀਨੇ ਤੇ ਇੱਕੀ ਦਿਨ ਦਿੱਲੀ ਤੋਂ ਬਾਹਰ ਰਿਹਾ ਪਰ ਗੁਰੂ ਸਾਹਿਬ ਦੀ ਗਰਿਫ਼ਤਾਰੀ ਅਤੇ ਪਿੱਛੋਂ ਉਨ੍ਹਾਂ ਦੇ ਕਤਲ ਦਾ ਹੁਕਮ ਉਸੇ ਨੇ ਹੀ ਦਿੱਤਾ ਸੀ ਭਾਵੇਂ ਉਹ ਦਿੱਲੀ ਵਿਚ ਹਾਜਰ ਸੀ ਜਾਂ ਨਹੀਂ। ਇਸ ਤਰ੍ਹਾਂ ਨਾਂ ਤਾਂ ਬਾਦਸ਼ਾਹ ਦੇ ਸਿਰੋਂ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦੀ ਜਿੰਮੇਵਾਰੀ ਟਲਦੀ ਹੈ ਤੇ ਨਾ ਹੀ ਇਸ ਸ਼ਹੀਦੀ ਦੀ ਮਹੱਤਤਾ ਘਟਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸ਼ਹੀਦੀ ਪ੍ਰਤੀ ਆਪਣੇ ਵਿਚਾਰ *ਵਚਿਤ੍ਰ ਨਾਟਕ* ਵਿਚ ਸਪੱਸ਼ਟ ਰੂਪ ਵਿਚ ਅੰਕਿਤ ਕੀਤੇ ਹਨ ਤੇ ਇਸ ਲਿਖਤ ਤੋਂ ਵੱਡੀ ਕੋਈ ਗਵਾਹੀ ਨਹੀਂ ਕਿ ਗੁਰੂ ਤੇਗ਼ ਬਹਾਦਰ ਸਾਹਿਬ ਨੇ ਤਿਲਕ ਜੰਞੂ ਦੀ ਰੱਖਿਆ ਲਈ ਇਹ ਇਕ ਮਹਾਨ ਤੇ ਅਲੌਕਿਕ ਸਾਕਾ ਕਰ ਵਿਖਾਇਆ ਸੀ ਅਤੇ ਧਰਮ ਦੀ ਖਾਤਰ ਆਪਣੀ ਸ਼ਹੀਦੀ ਦਿੱਤੀ ਸੀ। ਉਨ੍ਹਾਂ ਸੀਸ ਦੇ ਦਿੱਤਾ ਪਰ ਆਪਣੇ ਅਸੂਲ ਨਹੀਂ ਤਿਆਗੇ। ਗੁਰੂ ਗੋਬਿੰਦ ਸਿੰਘ ਦੇ ਸ਼ਬਦਾਂ ਵਿਚ :

*ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥ ਕੀਨੋ ਬਡੋ ਕਲੂ ਮਹਿ ਸਾਕਾ ॥*
*ਧਰਮ ਹੇਤ ਸਾਕਾ ਜਿਨਿ ਕੀਆ ॥ ਸੀਸ ਦੀਆ ਪਰ ਸਿਰਰੁ ਨਾ ਦੀਆ ॥*

ਇਸ ਤਰ੍ਹਾਂ ਆਕਾਸ਼ ਤੋਂ ਟੁੱਟਦੇ ਤਾਰੇ ਦੀ ਤਰ੍ਹਾਂ ਗੁਰੂ ਤੇਗ਼ ਬਹਾਦੁਰ ਜੀ ਆਪਣੇ ਸਰੀਰ ਨੂੰ ਤਾਂ ਮਿਟਾ ਗਏ ਪਰ ਉਨ੍ਹਾਂ ਨੇ ਸਿੱਖਾਂ ਦਾ ਬਿਖੜਾ ਰਾਹ ਰੁਸ਼ਨਾ ਦਿੱਤਾ। ਅਜਿਹੀਆਂ ਸ਼ਹੀਦੀਆਂ ਦੇ

---

119. *ਮਆਸਰ-ਇ-ਆਲਮਗੀਰੀ* ਦੇ ਪੰਨੇ 132, 135, 148, ਅਤੇ 154; ਉਰਦੂ ਅਨੁਵਾਦ, ਪੰਨੇ 88, 102, 104; ਅੰਗ੍ਰੇਜ਼ੀ ਅਨੁਵਾਦ ਪੰਨਾ 81-82, 91, 94
*Encyclopaedia of Islam* (edited by Houtsma, Arnold, Leydon, London 1913), Vol. I, p. 519; J. N. Sarkar, *History of Aurangzeb,* Vol. III, pp. 155, 159; *A Short History of Aurangzeb,* pp. 135, 137; Burgess, *Chronology,* p. 118.
[ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਬੰਧੀ ਵਿਰਤਾਂਤ (ਪੰਨਾ 64 ਤੋਂ 70 ਤਕ) ਪੁਸਤਕ ਦੇ ਲੇਖਕ ਦੀ ਸਲਾਹ ਨਾਲ ਅਨਵਾਦਕ ਨੇ ਆਪਣੇ ਵੱਲੋਂ ਦਰਜ ਕੀਤਾ ਹੈ ਜੋ ਨਵੀਂ ਖੋਜ ਉੱਤੇ ਆਧਾਰਿਤ ਹੈ।]

ਰੂਬਰੂ ਖੜੇ ਕੇ ਕੌਮਾਂ ਆਪਣੀਆਂ ਹੋਣੀਆਂ ਪਲਟਾਉਣ ਲਈ ਫ਼ੈਸਲੇ ਕਰਦੀਆਂ ਹਨ। ਇਸ ਸ਼ਹੀਦੀ ਤੋਂ ਅਗਲਾ ਸਿੱਖ ਇਤਿਹਾਸ ਉਨ੍ਹਾਂ ਫੈਸਲਿਆਂ ਨੂੰ ਚੰਗੀ ਤਰ੍ਹਾਂ ਨਿਰੂਪਣ ਕਰਦਾ ਹੈ।

## 10. **ਗੁਰੂ ਗੋਬਿੰਦ ਸਿੰਘ ਜੀ** (1666-1708 ਈ.)

ਗੁਰੂ ਗੋਬਿੰਦ, ਜਿਨ੍ਹਾਂ ਨੂੰ ਸਿੱਖ ਅੰਮ੍ਰਿਤ ਮਰਿਆਦਾ ਸ਼ੁਰੂ ਕਰਨ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਕਿਹਾ ਗਿਆ ਸੀ, ਦਿੱਲੀ ਵਿਚ ਹੋਈ ਆਪਣੇ ਪਿਤਾ ਜੀ ਦੀ ਸ਼ਹੀਦੀ ਸਮੇਂ ਕੇਵਲ ਨੌਂ ਵਰ੍ਹਿਆਂ ਦੇ ਸਨ। ਸ਼ੁਰੂ ਵਿਚ ਇਸ ਸਦਮੇਂ ਦਾ ਅਸਰ ਲੜਖੜਾ ਦੇਣ ਵਾਲਾ ਸੀ। ਉੱਚੀ ਸ਼੍ਰੇਣੀ ਦੇ ਸਿੱਖਾਂ ਵਿੱਚੋਂ ਕੋਈ ਵੀ ਗੁਰੂ ਤੇਗ਼ ਬਹਾਦਰ ਜੀ ਦੇ ਕਤਲ ਕੀਤੇ ਸਰੀਰ ਨੂੰ ਸਸਕਾਰ ਕਰਨ ਦੇ ਮਨੋਰਥ ਨਾਲ ਮੰਗਣ ਲਈ ਅਗਾਂਹ ਨਹੀਂ ਆਇਆ। ਸਿਰਫ ਇਕ ਲੁਬਾਣਾ ਸਿੱਖ ਆਪਣੀ ਜਾਤ ਦੇ ਕੁਝ ਹੋਰ ਆਦਮੀਆਂ ਸਮੇਤ, ਪਹਿਰੇਦਾਰਾਂ ਦੀ ਨਜ਼ਰ ਬਚਾ ਕੇ ਸਿਰੋਂ ਸਖਣੇ ਧੜ ਨੂੰ ਗੱਡੇ ਉੱਤੇ ਲੱਦ ਕੇ ਸ਼ਹਿਰੋਂ ਬਾਹਰ ਆਪਣੀ ਝੌਂਪੜੀ[120] ਵਿਚ ਲੈ ਗਿਆ ਅਤੇ ਆਪਣੇ ਘਰ ਦੇ ਸਾਰੇ ਸਾਮਾਨ ਸਮੇਤ ਅੱਗ ਲਾ ਦਿੱਤੀ। ਇਸ ਤਰ੍ਹਾਂ ਦੇਖਣ ਵਾਲਿਆਂ ਨੂੰ ਇਹ ਖਿਆਲ ਹੋਇਆ ਕਿ ਘਰ ਨੂੰ ਅੱਗ ਲੱਗਣ ਦੀ ਘਟਨਾ ਇਤਫ਼ਾਕੀਆ ਹੋ ਗਈ ਹੈ। ਜੈਤਾ[121] ਨਾਮੀ ਇਕ ਰੰਘਰੇਟੇ ਸਿੱਖ ਨੇ, ਜੋ ਹਰੀਜਨ ਸੀ, ਗੁਰੂ ਸਾਹਿਬ ਦਾ ਸਿਰ ਚੁੱਕਿਆ ਅਤੇ ਉਨ੍ਹਾਂ ਦੇ ਸਪੁੱਤਰ ਦੇ ਸਪੁੱਰਦ ਕਰਨ ਲਈ ਬੜੀ ਕਾਹਲੀ ਕਾਹਲੀ ਅਨੰਦਪੁਰ ਸਾਹਿਬ ਵੱਲ ਨੂੰ ਹੋ ਤੁਰਿਆ। ਗੁਰੂ ਗੋਬਿੰਦ ਸਿੰਘ ਜੀ ਜੋ ਹਾਲੇ ਬਾਲਕ ਹੀ ਸਨ ਰੰਘਰੇਟੇ ਦੀ ਡੂੰਘੀ ਸ਼ਰਧਾ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਉਸ ਦੀ ਗਰਦਨ ਦੇ ਦੁਆਲੇ ਆਪਣੀਆਂ ਬਾਹਵਾਂ ਪਾ ਕੇ ਇਹ ਐਲਾਨ ਕੀਤਾ ਕਿ, "ਮੈਂ ਤੈਨੂੰ ਜੱਫੀ ਵਿਚ ਲੈ ਕੇ ਸਾਰੇ ਰੰਘਰੇਟਿਆਂ ਨੂੰ ਆਪਣੇ ਪੁੱਤਰਾਂ ਵਜੋਂ ਜੱਫੀ ਵਿਚ ਲੈ ਲਿਆ ਹੈ।"[122] ਪਰ ਉਹ ਇਹ ਪਤਾ ਲਗਣ ਤੇ ਬੜੇ ਦੁੱਖੀ ਹੋਏ ਕਿ ਉਨ੍ਹਾਂ ਦੇ ਪਿਤਾ ਜੀ ਦੇ ਕੇਸ ਦੀ ਸੁਣਵਾਈ ਸਮੇਂ ਉਨ੍ਹਾਂ ਦੇ ਨੇੜੇ ਦੇ ਪੈਰੋਕਾਰਾਂ ਤੋਂ ਬਿਨਾਂ ਬਹੁਤ ਥੋੜ੍ਹੇ ਸਿੱਖਾਂ ਨੇ ਆਪਣੇ ਧਰਮ ਵਿਚ ਦ੍ਰਿੜ੍ਹ ਹੋਣ ਦਾ ਸਬੂਤ ਦਿੱਤਾ ਸੀ। ਗੁਰੂ ਸਾਹਿਬ ਨੇ ਸਿੱਖਾਂ ਦੇ ਪਿਛਾਂਹ ਨੂੰ ਤਿਲਕ ਜਾਣ ਦੇ ਖ਼ਤਰੇ ਨੂੰ ਅਨੁਭਵ ਕੀਤਾ। ਇਸ ਲਈ ਉਨ੍ਹਾਂ ਨੇ ਦ੍ਰਿੜ੍ਹ ਨਿਸ਼ਚਾ ਕਰ ਲਿਆ ਕਿ ਉਹ ਅਗਾਂਹ ਲਈ ਸਿੱਖਾਂ ਦਾ ਆਪਣੇ ਧਰਮ ਨੂੰ ਛਿਪਾ ਸਕਣਾ ਅਸੰਭਵ ਬਣਾ ਦੇਣਗੇ। ਉਨ੍ਹਾਂ ਨੂੰ ਉਹ ਅਜਿਹੀ ਵਿਲੱਖਣਤਾ ਦੇਣਗੇ ਕਿ ਉਹ ਹਜ਼ਾਰਾਂ ਵਿੱਚੋਂ ਵੀ ਪਹਿਚਾਣੇ ਜਾਣਗੇ।[123]

ਕੁਝ ਸਾਲਾਂ ਲਈ ਉਹ ਨਾਹਨ ਸਟੇਟ ਦੇ ਪਹਾੜੀ ਇਲਾਕੇ ਵਿਚ ਚਲੇ ਗਏ। ਉਥੇ ਦੇ ਰਾਜੇ ਵੱਲੋਂ ਜ਼ਮੀਨ ਉੱਤੇ ਪਾਉਂਟਾ ਨਾਂ ਦਾ ਕਿਲ੍ਹਾ ਉਸਾਰਿਆ ਗਿਆ। ਉਥੇ ਜਮਨਾ ਦਰਿਆ ਦੇ ਸੁੰਦਰ ਕੰਢਿਆਂ ਤੇ ਬੈਠ ਕੇ ਉਨ੍ਹਾਂ ਨੇ ਆਪਣੇ ਦੇਸ਼ ਵਾਸੀਆਂ ਨੂੰ ਪਾਪ ਅਤੇ ਦੁੱਖ ਤੋਂ ਮੁਕਤ ਕਰਾਉਣ ਲਈ ਰਾਹ ਸੋਚਿਆ। ਉਨ੍ਹਾਂ ਨੇ ਸਵੈ-ਸਿਖਿਆ ਵੱਲ ਡੂੰਘਾ ਧਿਆਨ ਦਿੱਤਾ। ਬਚਪਨ ਵਿਚ ਉਨ੍ਹਾਂ ਨੇ ਬਿਹਾਰੀ ਬੋਲੀ ਸਿੱਖੀ ਅਤੇ ਗੁਰਮੁਖੀ ਲਿਪੀ ਆਪਣੇ ਮਾਤਾ ਜੀ ਤੋਂ ਸਿੱਖੀ। ਜਿਵੇਂ ਕਿ ਉਨ੍ਹਾਂ ਨੇ ਆਪਣੀ ਸਵੈ-ਜੀਵਨੀ 'ਬਚਿਤ੍ਰ ਨਾਟਕ' ਵਿਚ ਲਿਖਿਆ ਹੈ ਕਿ ਉਨ੍ਹਾਂ ਦੇ ਪਿਤਾ ਜੀ ਨੇ ਉਨ੍ਹਾਂ ਨੂੰ

---

120. ਇਹ ਥਾਂ ਰਕਾਬ ਗੰਜ ਦੇ ਲਾਗਲੇ ਇਕ ਪਿੰਡ ਵਿਚ ਸੀ ਅਤੇ ਉਸੇ ਨਾਂ ਦਾ ਗੁਰਦੁਆਰਾ ਉਥੇ ਬਣਿਆ ਹੋਇਆ ਹੈ ਜਿਸ ਨੂੰ ਸਰਦਾਰ ਬਘੇਲ ਸਿੰਘ ਨੇ 1790 ਵਿਚ ਬਣਵਾਇਆ ਸੀ।

121. ਗਿਆਨ ਸਿੰਘ, *ਪੰਥ ਪ੍ਰਕਾਸ਼*, ਭਾਗ 19 ਪੰਨਾ 15. ਉਸੇ ਲਿਖਾਰੀ ਦੀ ਪੁਸਤਕ *ਤਵਾਰੀਖ ਗੁਰੂ ਖਾਲਸਾ* ਅਨੁਸਾਰ ਜੈਤਾ ਅੰਮ੍ਰਿਤ ਛਕ ਕੇ ਜੀਵਨ ਸਿੰਘ ਬਣ ਗਿਆ ਅਤੇ ਚਮਕੌਰ ਸਾਹਿਬ ਦੀ ਲੜਾਈ ਵਿਚ ਲੜਦਾ ਹੋਇਆ ਸ਼ਹੀਦ ਹੋ ਗਿਆ ਸੀ।

122. ਗੁਰੂ ਜੀ ਦੇ ਅਸਲ ਸ਼ਬਦ 'ਰੰਘਰੇਟੇ ਗੁਰੂ ਕੇ ਬੇਟੇ' ਸਨ। ਵੇਖੋ *ਪਰਚੀਆਂ*, ਰਚਿਤ ਸੇਵਾ ਦਾਸ, ਪੰਨਾ 88 ਬੀ; *ਉਮਦਾਤੁਤ-ਤਵਾਰੀਖ*, ਪੰਨਾ 50.

123. *ਸੂਰਜ ਪ੍ਰਕਾਸ਼*, ਰੁੱਤ ਪਹਿਲੀ ਅੰਸੂ 7 (8-11).

ਕਈ ਕਿਸਮ ਦੀ ਸਿਖਲਾਈ ਦਿੱਤੀ। ਉਨ੍ਹਾਂ ਨੇ ਪੀਰ ਮੁਹੰਮਦ ਨਾਂ ਦੇ ਇਕ ਮੁਸਲਮਾਨ ਅਧਿਆਪਕ ਪਾਸੋਂ ਫ਼ਾਰਸੀ ਸਿੱਖੀ[124] ਜਿਸ ਦੇ ਉੱਤਰਾਧਿਕਾਰੀਆਂ ਪਾਸ ਗੁਰੂ ਸਾਹਿਬ ਦੀ ਆਪਣੇ ਹੱਥ ਨਾਲ ਲਿਖੀ ਹੋਈ ਚਿੱਠੀ ਹਾਲੇ ਤਕ ਵੀ ਹੈ। ਪਾਉਂਟੇ ਵਿਚ ਉਨ੍ਹਾਂ ਨੇ ਸੰਸਕ੍ਰਿਤ ਵਿਚ ਰਚੇ ਸਾਰੇ ਬੀਰ ਸਾਹਿੱਤ ਦਾ ਅਧਿਐਨ ਕੀਤਾ ਅਤੇ ਹਿੰਦੀ ਤੇ ਪੰਜਾਬੀ ਵਿਚ ਕਵਿਤਾ ਰਚਣ ਦੀ ਵਿਧੀ ਅਪਣਾਈ। ਪੰਜਾਬੀ ਵਿਚ ਉਨ੍ਹਾਂ ਨੇ ਥੋੜ੍ਹੀ ਬਾਣੀ ਹੀ ਰਚੀ ਜਿਸ ਵਿਚ ਤੁਕਾਂਤ ਰਹਿਤ ਕਵਿਤਾ ਵਿਚ ਰਚੀ ਹੋਈ 'ਚੰਡੀ ਜਾਂ ਦੁਰਗਾ ਦੀ ਵਾਰ' ਹੈ ਜਿਸ ਨੂੰ ਇਕ ਅਜਿਹੀ ਨਾਇਕਾ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਜੋ ਮਹਿਖਾਸੁਰ ਅਤੇ ਹੋਰ ਦੈਂਤਾਂ ਦੀਆਂ ਖੋਪਰੀਆਂ ਭੰਨਦੀ ਅਤੇ ਉਨ੍ਹਾਂ ਦਾ ਖ਼ੂਨ ਪੀਂਦੀ ਦਿਖਾਈ ਗਈ ਹੈ। ਗੁਰੂ ਸਾਹਿਬ ਨੇ ਹਿੰਦੀ ਵਿਚ ਇਕ ਅਜਿਹੀ ਸ਼ੈਲੀ ਨੂੰ ਉੱਨਤ ਕੀਤਾ ਜੋ ਬੀਰ ਰਸ, ਰੂਪ ਦੀ ਵਿਲੱਖਣਤਾ, ਕਲਪਨਾ ਦੀ ਅਮੀਰੀ ਲਈ, ਜਿਸ ਵਿਚ ਉਪਮਾਵਾਂ ਜੀਵਨ ਵਿੱਚੋਂ ਅਤੇ ਪੁਰਾਤਨ ਜਾਣੇ ਪਛਾਣੇ ਸਾਹਿੱਤ ਵਿੱਚੋਂ ਲਈਆਂ ਗਈਆਂ ਹਨ[125] ਅਤੇ ਜੋ ਉਨ੍ਹਾਂ ਦੇ ਸਮੇਂ ਤੋਂ ਲੈ ਕੇ ਅੱਜ ਤਕ ਬੇਮਿਸਾਲ ਹੈ। ਉਨ੍ਹਾਂ ਦੀ ਕਵਿਤਾ ਦੀਆਂ ਪੰਗਤੀਆਂ ਵਿਚ ਇਕ ਧੁਨੀ ਦੇ ਸ਼ਬਦਾਂ ਤੋਂ ਲੰਮੇ ਤੇ ਬਹੁ-ਧੁਨੀ ਸਵੱਯੇ ਅਤੇ ਕਵਿਤਾ ਤਕ ਸਾਨੂੰ ਪਹਾੜੀ ਨਦੀ ਨਾਲਿਆਂ ਦਾ ਸ਼ੂਕਦਾ ਵਹਾਉ ਜਾਂ ਭਜੇ ਜਾ ਰਹੇ ਘੋੜਿਆਂ ਦੀਆਂ ਟਾਪਾਂ ਸੁਣਾਈ ਦਿੰਦੀਆਂ ਜਾਪਦੀਆਂ ਹਨ। ਉਨ੍ਹਾਂ ਦੀ ਤੀਖਣ ਬੁੱਧੀ ਜਜ਼ਬਾਤ ਵਿਚ ਕੰਬ ਉੱਠਦੀ ਹੈ ਅਤੇ ਵਹਿਮ ਅਤੇ ਮਕਰ ਦੇ ਵਿਰੁੱਧ ਸੰਘਰਸ਼ ਕਰਦੀ ਹੋਈ ਹਾਸ ਰਸ, ਵਿਅੰਗ ਅਤੇ ਮਖੌਲ ਦੀਆਂ ਹੱਦਾਂ ਵਿਚ ਜਾਂ ਦਾਖ਼ਲ ਹੁੰਦੀ ਹੈ। ਉਨ੍ਹਾਂ ਦਾ ਜਜ਼ਬਾ ਬੀਤੇ ਸਮੇਂ ਵਿਚ ਹੋਏ ਅਤਿਆਚਾਰਾਂ ਦੀ ਯਾਦ ਨਾਲ ਅਕਸਰ ਬੋਧਿਕ ਹੋ ਗਿਆ ਹੈ ਅਤੇ ਇਹ ਉਦੋਂ ਮਸਤੀ ਦੀ ਸਭ ਤੋਂ ਉੱਚੀ ਸਿਖਰ ਤਕ ਪੁਜ ਜਾਂਦਾ ਹੈ ਜਦੋਂ ਉਹ ਅਕਾਲਪੁਰਖ ਨਾਲ ਇਕਮਿਕ ਹੁੰਦੇ ਹਨ। 'ਅਕਾਲ ਉਸਤਤ' ਵਿਚ ਜਦੋਂ ਉਹ ਅਕਾਲ ਪੁਰਖ਼ ਨੂੰ ਸੰਬੋਧਨ ਕਰਦੇ ਹਨ ਤਾਂ ਉਹ 'ਤੂਹੀ ਤੂਹੀ' ਸ਼ਬਦ ਵਿਚ ਹੀ ਲੀਨ ਹੋ ਜਾਂਦੇ ਹਨ। ਇਹ ਸ਼ਬਦ ਉਨ੍ਹਾਂ ਨੇ ਸੋਲਾਂ ਵਾਰ ਦੁਹਰਾਇਆ ਹੈ। ਕਿਹਾ ਜਾਂਦਾ ਹੈ ਕਿ ਇਸ ਸ਼ਬਦ ਵਿਚ ਉਹ ਪੂਰੀ ਤਰ੍ਹਾਂ ਸੋਲਾਂ ਘੰਟਿਆਂ ਤਕ ਸਮਾਧੀ ਲਾਈ ਬੈਠੇ ਰਹੇ।

ਜਦੋਂ ਉਹ ਪੁਰਾਣਿਕ ਸਾਹਿੱਤ ਦਾ ਅਧਿਐਨ ਕਰ ਰਹੇ ਸਨ ਤਾਂ ਉਹ ਇਸ ਵਿਚਾਰ ਤੋਂ ਬਹੁਤ ਪ੍ਰਭਾਵਿਤ ਹੋਏ ਕਿ ਪਰਮਾਤਮਾ ਸਮੇਂ ਸਮੇਂ ਸਿਰ ਸੰਸਾਰ ਵਿਚ ਰਖਿਅਕ ਭੇਜਦਾ ਰਿਹਾ ਹੈ ਜੋ ਸੱਚ ਦੀ ਉਸਤਤ ਕਰੇ ਅਤੇ ਬੁਰਾਈ ਨੂੰ ਨਸ਼ਟ ਕਰੇ। ਗੁਰੂ ਸਾਹਿਬ ਨੂੰ ਮੁੱਢਲੇ ਦਿਨਾਂ ਤੋਂ ਹੀ ਇਹ ਖਿਆਲ ਸੀ ਕਿ ਉਹ ਆਪ ਅਜਿਹੇ ਵਿਅਕਤੀ ਹਨ ਜਿਨ੍ਹਾਂ ਦੀ ਸਮੇਂ ਨੂੰ ਲੋੜ ਸੀ। 'ਵਚਿਤ੍ਰ ਨਾਟਕ' (ਭਾਗ 6 ਛੰਦ 29 ਪੰਨੇ 42-43) ਵਿੱਚ ਉਨ੍ਹਾਂ ਨੇ ਇਸ ਗੱਲ ਦਾ ਐਲਾਨ ਕੀਤਾ ਕਿ ਰੱਬ ਨੇ ਉਨ੍ਹਾਂ ਨੂੰ 'ਸਚਾਈ ਦਾ ਪ੍ਰਚਾਰ ਕਰਨ, ਚੰਗਿਆਂ ਨੂੰ ਮੁਕਤ ਕਰਨ ਅਤੇ ਸਭ ਬੁਰਿਆਂ ਨੂੰ ਪੂਰੀ ਤਰ੍ਹਾਂ ਨਸ਼ਟ ਕਰਨ ਲਈ ਨਿਯੁਕਤ ਕੀਤਾ ਹੈ।' ਜਦ ਕਿ ਉਨ੍ਹਾਂ ਦਾ ਇਹ ਨਿਸਚਾ ਸੀ ਕਿ ਉਨ੍ਹਾਂ ਨੂੰ ਆਪਣੇ ਕੰਮ ਲਈ ਧੁਰੋਂ ਹੁਕਮ ਹੋਇਆ ਹੈ ਤਾਂ ਉਨ੍ਹਾਂ ਨੇ ਇਸ ਗੱਲ ਦਾ ਖਿਆਲ ਰਖਿਆ ਕਿ ਉਨ੍ਹਾਂ ਦੇ ਸ਼ਰਧਾਲੂ ਆਪਣੇ ਆਗੂ ਨੂੰ ਰੱਬ ਬਣਾ ਲੈਣ ਵਾਲੀ ਪੁਰਾਣੀ ਹਿੰਦੂ ਕਮਜ਼ੋਰੀ ਦਾ ਸ਼ਿਕਾਰ ਨਾ ਹੋ ਜਾਣ। ਉਨ੍ਹਾਂ

---

124. ਗੁਰੂ ਗੋਬਿੰਦ ਸਿੰਘ ਜੀ ਦੀ ਫ਼ਾਰਸੀ ਵਿਚ ਮੁਹਾਰਤ ਉਨ੍ਹਾਂ ਦੀ ਰਚਨਾ *ਜ਼ਫਰਨਾਮਾ* ਤੋਂ ਪ੍ਰਗਟ ਹੁੰਦੀ ਹੈ ਜਿਸ ਵਿਚ ਉਹ ਸਾਅਦੀ ਅਤੇ ਫਿਰਦੌਸੀ ਦੀਆਂ ਪੁਸਤਕਾਂ ਵਿੱਚੋਂ ਹਵਾਲੇ ਦਿੰਦੇ ਹਨ। *ਜ਼ਫਰਨਾਮਾ* ਅਤੇ *ਹਿਕਾਇਆਤ* ਨੂੰ ਗੁਰਮੁਖੀ ਵਿਚ ਲਿਖਣ ਜਾਂ ਗੁਰਮੁਖੀ ਵਿੱਚੋਂ ਲਿਪੀ-ਅੰਤਰਣ ਦੁਆਰਾ ਬਹੁਤ ਵਿਗਾੜ ਦਿੱਤਾ ਗਿਆ ਹੈ।

125. ਉਦਾਹਰਣ ਵਜੋਂ 'ਵਚਿਤ੍ਰ ਨਾਟਕ', ਭਾਗ 8, ਛੰਦ 7 ਵਿਚ ਅਸੀਂ ਪੜ੍ਹਦੇ ਹਾਂ :

*ਕ੍ਰਿਪਾਲ ਕੋਪੀਯੰ ਕੁਤਕੋ ਸੰਭਾਰੀ ॥ ਹਠੀ ਖਾਨ ਹਯਾਤ ਕੇ ਸੀਸ ਝਾਰੀ ॥*
*ਉਠੀ ਛਿਛ ਇਛੰ ਕਢਾ ਮੇਜ ਜੋਰੰ ॥ ਮਨੋ ਮਾਖਨੰ ਮਟਕੀ ਕਾਨ ਫੋਰੰ ॥*

ਨੇ ਪੂਰੇ ਜੋਰ ਨਾਲ ਇਸ ਗੱਲ ਦਾ ਦਾਅਵਾ ਕੀਤਾ ਕਿ ਉਹ ਕੇਵਲ ਮਨੁੱਖ ਹੀ ਹਨ ਅਤੇ ਉਨ੍ਹਾਂ ਨੂੰ ਰੱਬ ਸਮਝ ਲੈਣਾ ਧਰਮ ਵਿਰੁੱਧ ਗੱਲ ਹੋਵੇਗੀ :

*ਜੋ ਹਮਕੋ ਪਰਮੇਸਰ ਉਚਰਿਹੈ*
*ਤੇ ਸਭ ਨਰਕ ਕੁੰਡ ਮਹਿ ਪਰਿ ਹੈਂ ॥*
*ਮੋ ਕੋ ਦਾਸ ਤਵਨੁ ਕਾ ਜਾਨੋ*
*ਯਾ ਮੈਂ ਭੇਦੁ ਨ ਰੰਚ ਪਛਾਨੋ ॥*
*ਮੈ ਹੋ ਪਰਮ ਪੁਰਖ ਕੋ ਦਾਸਾ*
*ਦੇਖਨਿ ਆਯੋ ਜਗਤ ਤਮਾਸਾ ॥*[126]

ਗੁਰੂ ਸਾਹਿਬ ਨੇ ਆਪਣੀ ਕੌਮੀ ਪੁਨਰ ਉਸਾਰੀ ਦੇ ਪ੍ਰੋਗਰਾਮ ਵਿਚ ਸਾਹਿਤਕ ਸਰਗਰਮੀ ਨੂੰ ਸਭ ਤੋਂ ਅੱਗੇ ਰੱਖਿਆ। ਉਨ੍ਹਾਂ ਨੇ ਭਾਰਤੀ ਨਾਇਕਾਂ ਦੀਆਂ, ਜਿਵੇਂ ਉਨ੍ਹਾਂ ਨੂੰ ਉਹ ਪੁਰਾਣਾਂ, ਰਮਾਇਣ ਅਤੇ ਮਹਾਂਭਾਰਤ ਵਿਚ ਦਿਸੇ ਸਨ, ਪੁਰਾਣੀਆਂ ਕਹਾਣੀਆਂ ਦਾ ਅਨੁਵਾਦ ਕੀਤਾ ਅਤੇ ਇਸ ਭਾਰੀ ਕੰਮ ਵਿਚ ਹੱਥ ਵਟਾਉਣ ਲਈ ਉਨ੍ਹਾਂ ਨੇ 52 ਕਵੀਆਂ ਨੂੰ ਨਿਯੁਕਤ ਕੀਤਾ।[127] ਇਸ ਵਿਸ਼ਾਲ ਸਾਹਿੱਤ ਦਾ ਮੂਲ ਭਾਵ, ਜਿਸ ਵਿੱਚੋਂ ਕੁਝ (ਸਾਹਿਤ) ਦਸਮ ਗ੍ਰੰਥ ਵਿਚ ਸੰਭਾਲਿਆ ਹੋਇਆ ਹੈ[128] ਆਸ਼ਾਵਾਨਤਾ, ਵਹਿਮ ਤੋਂ ਸੁਤੰਤਰਤਾ ਤੇ ਰੱਬ ਦੀ ਅਤੇ ਸਾਰੀ ਮਨੁੱਖਤਾ ਦੀ ਏਕਤਾ ਵਿਚ ਦ੍ਰਿੜ੍ਹ ਨਿਸਚਾ ਹੈ। ਉਸ ਦੇ ਕੁਝ ਨਮੂਨੇ ਹਨ :

*ਪਾਂਇ ਗਹੇ ਜਬ ਤੇ ਤੁਮਰੇ*
*ਤਬ ਤੇ ਕੋਊ ਆਂਖ ਤਰੇ ਨਹੀਂ ਆਨਯੋ ॥*

---

126. *ਵਚਿਤ੍ਰ ਨਾਟਕ*, ਭਾਗ 6, ਛੰਦ 32-33.

127. ਉਨ੍ਹਾਂ ਨੇ ਵਿਦਿਆ ਨੂੰ ਪੁਜਾਰੀ ਸ਼ਰੇਣੀ ਦੇ ਹੀ ਨਿਰੋਲ ਅਧਿਕਾਰ ਖੇਤਰ ਵਿੱਚੋਂ ਕੱਢਣ ਲਈ ਕੁਝ ਚੋਣਵੇਂ ਸਿੱਖਾਂ ਨੂੰ ਸੰਸਕ੍ਰਿਤ ਦੇ ਅਧਿਐਨ ਲਈ ਬਨਾਰਸ ਭੇਜਿਆ। ਉਥੋਂ ਮੁੜਨ ਤੋਂ ਬਾਅਦ ਉਹ ਗੁਰੂ ਜੀ ਨੂੰ ਉਨ੍ਹਾਂ ਦੇ ਹੱਥ ਵਿਚ ਲਏ ਸਾਹਿੱਤਕ ਕੰਮ ਵਿਚ ਬਹੁਤ ਸਹਾਈ ਸਿੱਧ ਹੋਏ। ਉਨ੍ਹਾਂ ਨੂੰ ਨਿਰਮਲੇ ਕਿਹਾ ਜਾਂਦਾ ਸੀ। ਉਨ੍ਹਾਂ ਬਾਰੇ ਗਿਆਨੀ ਗਿਆਨ ਸਿੰਘ ਦੀ ਪੁਸਤਕ *ਨਿਰਮਲ ਪੰਥ ਪਰਦੀਪਕਾ* ਵਿੱਚੋਂ ਪੜ੍ਹਿਆ ਜਾ ਸਕਦਾ ਹੈ ਜੋ 1891 ਵਿਚ ਰਚੀ ਗਈ ਸੀ।

128. ਬਹੁਤ ਸਾਰਾ ਸਾਹਿੱਤ ਜੋ ਗੁਰੂ ਜੀ ਅਤੇ ਉਨ੍ਹਾਂ ਦੇ ਕਵੀਆਂ ਨੇ ਰਚਿਆ ਸੀ ਉਹ 1705 ਈ. ਦੀ ਸਰਦੀਆਂ ਦੀ ਰੁੱਤ ਵਿਚ ਅਨੰਦਪੁਰ ਸਾਹਿਬ ਤੋਂ ਨਿਕਲਣ ਸਮੇਂ ਨਸ਼ਟ ਹੋ ਗਿਆ ਸੀ। ਜੋ ਕੁਝ ਬਚਿਆ ਸੀ ਉਹ ਗੁਰੂ ਜੀ ਦੇ ਦੇਹਾਂਤ ਤੋਂ 26 ਵਰ੍ਹੇ ਬਾਅਦ 1734 ਵਿਚ ਭਾਈ ਮਨੀ ਸਿੰਘ ਨੇ ਇਕ ਜਿਲਦ ਵਿਚ ਇਕੱਠਾ ਕਰ ਦਿੱਤਾ ਸੀ। ਜਦੋਂ 1738 ਵਿਚ ਭਾਈ ਮਨੀ ਸਿੰਘ ਦੀ ਸ਼ਹੀਦੀ ਹੋਈ ਤਾਂ ਉਸ ਗ੍ਰੰਥ ਦੀ ਸਾਰੀ ਸਾਮੱਗਰੀ ਨੂੰ ਇਕੋ ਜਿਲਦ ਵਿਚ ਰਖਣ ਸਬੰਧੀ ਇਕ ਵਿਵਾਦ ਉੱਠ ਖੜਾ ਹੋਇਆ। ਇਹ ਮਾਮਲਾ ਦਮਦਮਾ ਸਾਹਿਬ, ਤਲਵੰਡੀ ਸਾਬੋ, ਵਿਚ ਰਹਿ ਰਹੇ ਸਿੱਖ ਮਹਾਪੁਰਖਾਂ ਦੇ ਪੇਸ਼ ਕੀਤਾ ਗਿਆ। ਇਸ ਮਸਲੇ ਤੇ ਵਿਚਾਰ ਕੁਝ ਲੰਮੀ ਹੋ ਗਈ। ਇਸ ਲਈ ਇਕ ਛੋਟਾ ਰਾਹ ਟੋਲਿਆ ਗਿਆ ਜਿਸ ਦੁਆਰਾ ਇਸ ਸਾਹਿਤਕ ਮਸਲੇ ਦਾ ਨਿਰਣਾ ਇਕ ਸੈਨਿਕ ਮਹਿੰਮ ਦੀ ਹੋਣੀ ਉਤੇ ਆਧਾਰਿਤ ਕਰ ਦਿੱਤਾ ਗਿਆ। ਭਾਈ ਮਹਿਤਾਬ ਸਿੰਘ ਮੀਰਾਂਕੋਟੀਆ ਉਸ ਵੇਲੇ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੀ ਮਸਾ ਰੰਘੜ ਦੇ ਹੱਥੋਂ ਨਿਰਾਦਰੀ ਦਾ ਬਦਲਾ ਲੈਣ ਲਈ ਬੜੀ ਕਾਹਲੀ ਕਾਹਲੀ ਅੰਮ੍ਰਿਤਸਰ ਵੱਲ ਜਾ ਰਿਹਾ ਸੀ। ਇਹ ਫੈਸਲਾ ਹੋਇਆ ਕਿ ਜੇ ਉਹ ਸਫ਼ਲ ਹੋ ਕੇ ਵਾਪਸ ਮੁੜ ਆਏ ਤਾਂ 'ਦਸਮ ਗ੍ਰੰਥ' ਦੀ ਬੀੜ ਨੂੰ ਇਕ ਜਿਲਦ ਵਿਚ ਕਾਇਮ ਰਖਿਆ ਜਾਏਗਾ ਨਹੀਂ ਤਾਂ ਇਸ ਦੇ ਦੋ ਹਿੱਸੇ ਕਰ ਦਿੱਤੇ ਜਾਣਗੇ ਜਿਨ੍ਹਾਂ ਵਿੱਚੋਂ ਇਕ ਹਿੱਸੇ ਵਿਚ ਅਧਿਆਤਮਕ ਬਾਣੀ ਅਤੇ ਦੂਜੇ ਵਿਚ ਸੰਸਾਰਕ ਰਚਨਾ ਰਖੀ ਜਾਵੇਗੀ। ਮਹਿਤਾਬ ਸਿੰਘ ਮਸਾ ਰੰਘੜ ਨੂੰ ਮਾਰ ਕੇ ਵਾਪਸ ਪਰਤਣ ਵਿਚ ਸਫ਼ਲ ਹੋ ਗਿਆ। ਇਸ ਲਈ ਉਸ ਗ੍ਰੰਥ ਨੂੰ ਜਿਵੇਂ ਸੀ ਉਸੇ ਤਰ੍ਹਾਂ ਹੀ ਰਹਿਣ ਦਿੱਤਾ ਗਿਆ ਅਤੇ ਇਸ ਦਾ ਨਾਂ *ਦਸਵੇਂ ਪਾਤਸ਼ਾਹ ਦਾ ਗ੍ਰੰਥ* ਰਖਿਆ ਗਿਆ।

*ਰਾਮ ਰਹੀਮ ਪੁਰਾਨ ਕੁਰਾਨ*
*ਅਨੇਕ ਕਹੈਂ ਮਤ ਏਕ ਨ ਮਾਨਯੋ ॥*
*ਸਿੰਮ੍ਰਿਤਿ ਸਾਸਤ੍ਰ ਬੇਦ ਸਭੈ*
*ਬਹੁ ਭੇਦ ਕਹੈ ਹਮ ਏਕ ਨ ਜਾਨਯੋ ॥*

*(ਰਾਮ ਅਵਤਾਰ, ੮੬੩)*

*ਜੈਸੇ ਏਕ ਆਗ ਤੇ ਕਨੂਕਾ ਕੋਟਿ ਆਗ ਉਠੈਂ*
*ਨਿਆਰੇ ਨਿਆਰੇ ਹੁਇ ਕੈ ਫਿਰ ਆਗ ਮੈ ਮਿਲਾਹਿੰਗੇ ॥*
*ਜੈਸੇ ਏਕ ਧੂਰ ਤੇ ਅਨੇਕ ਧੂਰਿ ਪੂਰਤ ਹੈਂ*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ ॥*
*ਜੈਸੇ ਏਕ ਨਦ ਤੇ ਤਰੰਗ ਕੋਟਿ ਉਪਜਤ ਹੈ*
*ਪਾਂਨਿ ਕੇ ਤਰੰਗ ਸਬੈ ਪਾਂਨਿ ਹੀ ਕਹਾਹਿੰਗੇ ॥*
*ਤੈਸੇ ਵਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ*
*ਤਾਂ ਹੀ ਤੇ ਉਪਜਿ ਸਬੈ ਤਾਹੀ ਮੈਂ ਸਮਾਹਿੰਗੇ ॥*

*(ਅਕਾਲ ਉਸਤਤ, ੮੭)*

*ਕਾਹੂ ਲੈ ਪਾਹਨ ਪੂਜ ਧਰਿਯੋ ਸਿਰ*
*ਕਾਹੂ ਲੈ ਲਿੰਗੁ ਗਰੇ ਲਟਕਾਇਓ ॥*
*ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ*
*ਕਾਹੂ ਪਛਾਹ ਕੋ ਸੀਸ ਨਿਵਾਇਓ ॥*
*ਕੋਊ ਬੁਤਾਨ ਕੋ ਪੂਜਤ ਹੈ ਪਸੁ*
*ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥*
*ਕੂਰ ਕ੍ਰਿਆ ਉਰਝਿਓ ਸਭ ਹੀ ਜਗੁ*
*ਸ੍ਰੀ ਭਗਵਾਨ ਕੋ ਭੇਦੁ ਨਾ ਪਾਇਓ ॥*

*(ਸਵੱਯੇ ੧੦)*

*ਨਮੋ ਤੀਰ ਤੋਪੰ ॥ ਜਿਨੈ ਸਤ੍ਰੁ ਘੋਪੰ ॥*
*ਨਮੋ ਧੋਪ ਪਟੰ ॥ ਜਿਨੈ ਦੁਸ਼ਟ ਦਟੰ ॥*
*ਜਿਤੇ ਸਾਸਤ੍ਰ ਨਾਮੰ ॥ ਨਮਸਕਾਰ ਤਾਮੰ ॥*
*ਜਿਤੇ ਅਸਤ੍ਰ ਭੇਯੰ ॥ ਨਮਸਕਾਰ ਤੇਯੰ ॥*

*(ਵਚਿਤ੍ਰ ਨਾਟਕ)*

*ਦੇਹ ਸ਼ਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ॥*
*ਨ ਡਰੋਂ ਅਰਿ ਸੋ ਜਬ ਜ਼ਾਇ ਲਰੋਂ, ਨਿਸਚੈ ਕਰਿ ਆਪਨੀ ਜੀਤ ਕਰੋਂ ॥*
*ਅਰੁ ਸਿਖ ਹੋ ਆਪਨੇ ਹੀ ਮਨ ਕੌ, ਇਹ ਲਾਲਚ ਹਉ ਗੁਨ ਤਉ ਉਚਰੋਂ ॥*
*ਜਬ ਆਵ ਕੀ ਅਉਧ ਨਿਧਾਨ ਬਨੈ, ਅਤ ਹੀ ਰਣ ਮੈ ਤਬ ਜੂਝ ਮਰੋਂ ॥*

*ਛਤ੍ਰੀ ਕੌ ਪੂਤ ਹੌ ਬਾਮਨ ਕੋ ਨਹਿ*
*ਕੈ ਤਪੁ ਆਵਤ ਹੈ ਜੁ ਕਰੋ ॥*
*ਅਰੁ ਅਉਰ ਜੰਜਾਰ ਜਿਤੋ ਗ੍ਰਹ ਕੋ*
*ਤੁਹਿ ਤਿਆਗ ਕਹਾ ਚਿਤ ਤਾ ਮੈ ਧਰੋ ॥*

*(ਕ੍ਰਿਸ਼ਨ ਅਵਤਾਰ)*

*ਸਾਚੁ ਕਹੋਂ ਸੁਨ ਲੇਹੁ ਸਭੈ*
*ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥*

*(ਸਵੱਯੇ)*

*ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ ॥*

*(ਅਕਾਲ ਉਸਤਤ)*

*ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥*
*ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ*
*ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥*
*ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ*
*ਖਾਕ ਬਾਦ ਆਤਿਸ਼ ਔ ਆਬ ਕੋ ਰਲਾਉ ਹੈ ॥*
*ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ ॥*
*ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ॥*

*(ਅਕਾਲ ਉਸਤਤ)*

ਇਸ ਸਾਹਿੱਤ ਦੇ ਉਪਜਾਉਣ ਤੋਂ ਗੁਰੂ ਸਾਹਿਬ ਦਾ ਮਨੋਰਥ[129] ਇਹ ਸੀ ਕਿ ਉਨ੍ਹਾਂ ਦੇ ਸਿੱਖਾਂ ਦੇ ਅੰਦਰ ਇਕ ਨਵੀਂ ਰੂਹ ਭਰੀ ਜਾਏ ਅਤੇ ਸਭ ਪ੍ਰਕਾਰ ਦੀ ਬੇਇਨਸਾਫ਼ੀ ਅਤੇ ਜ਼ੁਲਮ ਦੇ ਵਿਰੁੱਧ ਉਨ੍ਹਾਂ ਦੇ ਦਿਲਾਂ ਨੂੰ ਫ਼ੌਲਾਦੀ ਬਣਾਇਆ ਜਾਏ। ਨਿਰਦਇਤਾ, ਜੋ ਉਸ ਸਮੇਂ ਮੁਲਕ ਵਿਚ ਪ੍ਰਚਲਿਤ ਸੀ, ਨਾ ਸਿਰਫ ਰਾਜਸੀ ਹੀ ਸੀ ਸਗੋਂ ਇਹ ਧਾਰਮਿਕ ਵੀ ਸੀ। ਜੇ ਕੁਝ ਹਾਕਮ ਲੋਕਾਂ ਨੂੰ ਕਿਸੇ ਖ਼ਾਸ ਅਯੋਗਤਾਵਾਂ ਅਤੇ ਤੰਗੀਆਂ ਦਾ ਸ਼ਿਕਾਰ ਬਣਾਉਂਦੇ ਸਨ ਤਾਂ ਬ੍ਰਾਹਮਣ ਅਤੇ ਮੁੱਲਾਂ, ਜਿੱਥੇ ਉਨ੍ਹਾਂ ਦਾ ਸੰਬੰਧ ਸੀ, ਆਪਣੇ ਲੱਖਾਂ ਦੇਸ਼-ਵਾਸੀਆਂ ਨੂੰ ਇਕ ਕਿਸਮ ਦੀ ਧਾਰਮਿਕ ਕੈਦ ਵਿਚ ਰਖਣ ਲਈ ਘਟ ਨਿਰਦਈ ਨਹੀਂ ਸਨ। ਜਿੱਥੇ ਰਾਜਸੀ ਹਾਕਮ ਪਰਜਾ ਦੇ ਲੋਕਾਂ ਨੂੰ, ਹਾਨੀਕਾਰਕ ਕੀੜੇ ਮਕੌੜੇ ਹੀ ਸਮਝਦੇ ਸਨ ਉਥੇ ਉਨ੍ਹਾਂ ਦੇ ਧਾਰਮਕ ਆਗੂ ਆਪਣੇ ਸਾਥੀਆਂ ਨੂੰ ਇਵੇਂ ਘ੍ਰਿਣਾ ਕਰਦੇ ਸਨ ਜਿਵੇਂ ਉਹ ਅਛੂਤ ਹੋਣ। ਰਾਜਸੀ ਨਿਰਦਇਤਾ ਵਿਤਕਰੇ ਪੂਰਵਕ ਸੀ ਅਤੇ ਕਦੇ ਕਦੇ ਕੀਤੀ ਜਾਂਦੀ ਸੀ ਪਰ ਧਾਰਮਿਕ ਅਤਿਆਚਾਰ ਅਨ੍ਹੇਵਾਹ ਅਤੇ ਲਗਾਤਾਰ ਹੁੰਦੇ ਸਨ। ਇਹ ਨਿਰਦਇਤਾ ਲੰਗਰਾਂ ਵਿਚ, ਪਿੰਡ ਦੇ ਖੂਹਾਂ ਤੇ, ਮੰਦਰਾਂ ਵਿਚ ਅਤੇ ਸਾਂਝੀਆਂ ਆਵਾਜਾਈ ਦੀਆਂ ਥਾਵਾਂ ਤੇ ਕੀਤੀ ਜਾਂਦੀ ਸੀ। ਇਹ ਅਤਿਆਚਾਰ ਹਰ ਪ੍ਰਕਾਰ ਦੇ ਜ਼ੁਰਮ ਨਾਲੋਂ ਵਧੇਰੇ ਘ੍ਰਿਣਤ ਸੀ। ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ: 'ਧਰਮ ਦੇ ਨਾਂ ਤੇ ਕੀਤੇ ਪਾਪ ਅਜਿਹੇ ਪਾਪ ਹਨ ਜੋ ਵੱਡੇ ਤੋਂ ਵੱਡੇ ਪਾਪਾਂ ਨੂੰ ਵੀ ਸ਼ਰਮਿੰਦਾ ਕਰ ਦਿੰਦੇ ਹਨ'।

ਆਪਣੇ ਆਪ ਨੂੰ ਆਉਣ ਵਾਲੇ ਸੰਘਰਸ਼ ਦੇ ਯੋਗ ਬਣਾਉਣ ਲਈ ਉਨ੍ਹਾਂ ਨੇ ਹਰ ਮਰਦਾਨਾਵਾਰ ਵਰਜ਼ਿਸ਼ ਜਿਵੇਂ ਘੋੜ-ਸਵਾਰੀ, ਸ਼ਿਕਾਰ ਖੇਡਣਾ, ਤਰਨਾ, ਤੀਰ-ਅੰਦਾਜੀ ਅਤੇ ਤਲਵਾਰ-ਬਾਜ਼ੀ ਵਿਚ ਨਿਪੁੰਨਤਾ ਹਾਸਲ ਕੀਤੀ। ਪਹਾੜੀ ਰਾਜਿਆਂ ਨੇ ਉਨ੍ਹਾਂ ਨੂੰ ਤੰਗ ਕੀਤਾ ਤਾਂ

---

129. *ਦਸਮ ਕਥਾ ਭਗੌਤ ਕੀ ਭਾਖਾ ਕਰੀ ਬਨਾਇ ॥*
*ਅਵਰ ਵਾਸਨਾ ਨਾਹਿ, ਧਰਮ ਜੁਧ ਕੋ ਚਾਇ ॥* *(ਕ੍ਰਿਸ਼ਨਾਵਤਾਰ)*
ਉਹ ਅਜਿਹੇ ਸੰਪਾਦਕੀ ਵਿਚਾਰ ਅਜਿਹੀਆਂ ਸਭ ਰਚਨਾਵਾਂ ਵਿਚ ਦਿੰਦੇ ਹਨ ਜੋ ਅਵਤਾਰਾਂ ਜਾਂ ਦੇਵੀ ਦੇਵਤਿਆਂ ਦੇ ਬਹਾਦਰੀ ਦੇ ਕਾਰਨਾਮਿਆਂ ਨੂੰ ਵਡਿਆਉਂਦੀਆਂ ਹਨ। ਦੇਖੋ *ਚੌਬੀਸ ਅਵਤਾਰ*, 7-22 ਅਤੇ *ਰਾਮਾਵਤਾਰ*, 863-64.

ਉਹ ਦਲੇਰੀ ਨਾਲ ਉਨ੍ਹਾਂ ਵਿਰੁੱਧ ਵੀ ਲੜੇ। ਗੁਰੂ ਜੀ ਦੇ ਵੱਧ ਰਹੇ ਪ੍ਰਭਾਵ ਤੋਂ ਰਾਜਿਆਂ ਦੇ ਅੰਦਰ ਉਨ੍ਹਾਂ ਪ੍ਰਤੀ ਈਰਖਾ ਅਤੇ ਭੈ ਪੈਦਾ ਹੋ ਗਏ। ਕਹਿਲੂਰ ਦੇ ਭੀਮ ਚੰਦ ਦੀ ਅਗਵਾਈ ਵਿਚ ਪਹਾੜੀਆਂ ਨੇ ਗੁਰੂ ਜੀ ਉੱਤੇ ਹਮਲਾ ਕਰ ਦਿੱਤਾ। ਗੁਰੂ ਜੀ ਸਢੌਰੇ ਦੇ ਸੱਯਦ ਬੁੱਧੂ ਸ਼ਾਹ ਦੀ ਸਿਫ਼ਾਰਸ਼ ਤੇ ਭਰਤੀ ਕੀਤੇ 500 ਪਠਾਣ ਪਹਾੜੀਆਂ ਨਾਲ ਜਾ ਮਿਲੇ। ਇਤਨੇ ਕੁ ਹੀ ਉਦਾਸੀ ਵੀ ਗੁਰੂ ਜੀ ਨੂੰ ਛੱਡ ਗਏ। ਕੇਵਲ ਉਨ੍ਹਾਂ ਦਾ ਆਗੂ ਮਹੰਤ ਕਿਰਪਾਲ ਹੀ ਗੁਰੂ ਜੀ ਨਾਲ ਰਿਹਾ। ਪਰ ਬੁਧੂ ਸ਼ਾਹ ਪਠਾਣਾਂ ਦੇ ਛੱਡ ਜਾਣ ਨਾਲ ਗੁਰੂ ਸਾਹਿਬ ਦੇ ਪਏ ਸੈਨਿਕ ਘਾਟੇ ਨੂੰ ਪੂਰਾ ਕਰਨ ਲਈ ਆਪਣੇ ਚਾਰ ਪੁੱਤਰਾਂ ਅਤੇ 700 ਚੇਲਿਆਂ ਨੂੰ ਨਾਲ ਲੈ ਕੇ ਗੁਰੂ ਜੀ ਦੀ ਫ਼ੌਜ ਵਿਚ ਆ ਸ਼ਾਮਿਲ ਹੋਇਆ। ਇਸ ਤਰ੍ਹਾਂ ਸੈਨਿਕ ਸਹਾਇਤਾ ਮਿਲਣ ਨਾਲ ਗੁਰੂ ਜੀ ਵੈਰੀਆਂ ਨੂੰ ਅੱਗੋਂ ਹੋ ਕੇ ਟੱਕਰੇ ਅਤੇ ਪਾਉਂਟੇ ਤੋਂ ਛੇ ਮੀਲਾਂ ਦੀ ਵਿਥ ਤੇ ਭੰਗਾਣੀ ਦੇ ਮੈਦਾਨ ਵਿਚ ਬੜੀ ਖ਼ੂਨੀ ਲੜਾਈ ਵਿਚ ਪਹਾੜੀਆਂ ਨੂੰ ਭਾਂਜ ਦਿੱਤੀ। ਇਹ ਲੜਾਈ ਫਰਵਰੀ 1686 ਈ.[130] ਦੇ ਆਖ਼ੀਰ ਵਿਚ ਹੋਈ ਸੀ। ਗੁਰੂ ਜੀ ਨੇ ਆਪਣੀ ਜਿੱਤ ਤੋਂ ਕੋਈ ਵੀ ਲਾਭ ਨਾ ਉਠਾਇਆ ਅਤੇ ਅਨੰਦਪੁਰ ਨੂੰ ਵਾਪਿਸ ਮੁੜ ਆਏ ਜਿੱਥੇ ਉਨ੍ਹਾਂ ਦੇ ਚਾਰ ਕਿਲ੍ਹੇ ਅਨੰਦਗੜ੍ਹ, ਲੋਹਗੜ੍ਹ, ਕੇਸਗੜ੍ਹ ਅਤੇ ਫਤਿਹਗੜ੍ਹ ਬਣਵਾਏ ਤਾਂ ਜੋ ਪਹਾੜੀ ਰਾਜਿਆਂ ਨੂੰ ਠੱਲ੍ਹ ਪਾਈ ਜਾ ਸਕੇ।

ਕੁਝ ਮਹੀਨੇ ਪਿੱਛੋਂ ਗੁਰੂ ਸਾਹਿਬ ਦੀ ਪਤਨੀ ਸੁੰਦਰੀ ਜੀ ਨੇ ਸਪੁੱਤਰ ਨੂੰ ਜਨਮ ਦਿੱਤਾ ਜਿਸ ਦਾ ਨਾਂ ਅਜੀਤ ਸਿੰਘ ਰਖਿਆ ਗਿਆ। ਉਨ੍ਹਾਂ ਦੇ ਬਾਕੀ ਪੁੱਤਰ ਜੀਤੋ[131] ਜੀ ਦੀ ਕੁੱਖੋਂ ਤਰਤੀਬਵਾਰ ਸਾਹਿਬਜ਼ਾਦਾ ਜੁਝਾਰ ਸਿੰਘ 1690 ਵਿਚ, ਸਾਹਿਬਜ਼ਾਦਾ ਜ਼ੋਰਾਵਰ ਸਿੰਘ 1696 ਈ. ਵਿਚ ਅਤੇ ਸਾਹਿਬਜ਼ਾਦਾ ਫਤਹਿ ਸਿੰਘ 1699 ਵਿਚ ਪੈਦਾ ਹੋਏ।

ਪਹਾੜੀ ਰਾਜਿਆਂ ਪਾਸੋਂ ਦਿਲੀ ਸਰਕਾਰ ਦੇ ਕਰ ਵਸੂਲ ਕਰਨ ਦੇ ਯਤਨਾਂ ਕਾਰਣ ਉਨ੍ਹਾਂ ਵਿੱਚੋਂ ਕੁਝ ਨੇ ਆਪਣੇ ਪਾਸੇ ਬਦਲ ਲਏ ਅਤੇ ਕਰ ਦੀ ਅਦਾਇਗੀ ਦਾ ਵਿਰੋਧ ਕਰਨ ਲਈ ਉਨ੍ਹਾਂ ਰਾਜਿਆਂ ਨੇ ਗੁਰੂ ਜੀ ਦੀ ਸਹਾਇਤਾ ਮੰਗੀ। ਜੰਮੂ ਦੇ ਗਵਰਨਰ ਮੀਆਂ ਖ਼ਾਂ ਨੇ ਇਕ ਸੈਨਿਕ

---

130. ਸੁਖਾ ਸਿੰਘ ਦੇ *ਗੁਰਬਿਲਾਸ* ਵਿਚ ਇਸ ਲੜਾਈ ਦੀ ਮਿਤੀ 1689 ਈ. ਦਿੱਤੀ ਹੈ ਪਰ ਇਸ ਵਿਚ ਗਲਤੀ ਜਾਪਦੀ ਹੈ। *ਸੂਰਜ ਪ੍ਰਕਾਸ਼* ਅਨੁਸਾਰ ਗੁਰੂ ਸਾਹਿਬ ਦੇ ਪਾਉਂਟੇ ਤੋਂ ਅਨੰਦਪੁਰ ਸਾਹਿਬ ਨੂੰ ਮੁੜਨ ਦੇ ਨੌਂ ਮਹੀਨੇ ਬਾਅਦ ਉਨ੍ਹਾਂ ਦਾ ਪਹਿਲਾ ਪੁੱਤਰ ਅਜੀਤ ਸਿੰਘ ਪੈਦਾ ਹੋਇਆ। ਪਰ ਅਜੀਤ ਸਿੰਘ ਦੀ ਸਭ ਵੱਲੋਂ ਪ੍ਰਵਾਨਿਤ ਜਨਮ ਮਿਤੀ ਮਾਘ ਸੁਦੀ 4, 1743 ਬਿਕਰਮੀ (ਨਵੰਬਰ 9, 1686 ਈ.) ਹੈ। ਇਸ ਅਨੁਸਾਰ ਲੜਾਈ ਫਰਵਰੀ 1686 ਵਿਚ ਬਣਦੀ ਹੈ। ਹੋਰ ਸਬੂਤ ਉਸ ਪ੍ਰਸ਼ੰਸਾ ਪੱਤਰ ਤੋਂ ਮਿਲਦਾ ਹੈ ਜੋ ਗੁਰੂ ਸਾਹਿਬ ਨੇ ਸਢੌਰਾ ਦੇ ਪੀਰ ਬੁਧੂ ਸ਼ਾਹ ਨੂੰ ਦਿੱਤਾ ਸੀ। ਉਸ ਪੱਤਰ ਉੱਤੇ ਫਗਣ ਸੁਦੀ 12, 1742 ਬਿਕਰਮੀ ਦੀ ਮਿਤੀ ਹੈ ਜੋ 25 ਫਰਵਰੀ, 1686 ਈ. ਬਣਦੀ ਹੈ। ਇਹ ਪੱਤਰ ਲੜਾਈ ਦੇ ਛੇਤੀ ਬਾਅਦ ਦਿੱਤਾ ਗਿਆ ਹੋਵੇਗਾ।

131. ਉਹ ਜਨਵਰੀ 1701 ਵਿਚ ਪੂਰੇ ਹੋ ਗਏ ਅਤੇ ਉਸੇ ਸਾਲ ਹੀ ਰੁਹਤਾਸ (ਜ਼ਿਲਾ ਜਿਹਲਮ) ਦੇ ਇਕ ਸਿੱਖ ਨੇ ਆਪਣੀ ਧੀ ਸਾਹਿਬ ਦੇਵੀ ਨੂੰ ਗੁਰੂ ਜੀ ਨਾਲ ਵਿਆਹੁਣ ਦੀ ਪੇਸ਼ਕਸ਼ ਕੀਤੀ ਜਿਨ੍ਹਾਂ ਨੇ ਇਹ ਪੇਸ਼ਕਸ਼ ਪ੍ਰਵਾਨ ਕਰਨ ਤੋਂ ਨਾਂਹ ਕਰ ਦਿੱਤੀ ਕਿਉਂਕਿ ਉਨ੍ਹਾਂ ਦੇ ਘਰ ਪਹਿਲਾਂ ਹੀ ਇਕ ਪਤਨੀ ਸੀ ਪਰ ਗੁਰੂ ਸਾਹਿਬ ਨੂੰ ਇਸ ਵਿਆਹ ਲਈ ਉਨ੍ਹਾਂ ਨੇ ਰਾਜ਼ੀ ਕਰ ਲਿਆ ਅਤੇ ਸਾਹਿਬ ਦੇਵੀ ਜੀ ਨੇ ਗੁਰੂ ਜੀ ਪਾਸ ਰਹਿੰਦੇ ਹੋਏ ਸਾਰੀ ਉਮਰ ਕੁਆਰੀ ਰਹਿਣਾ ਮੰਨ ਲਿਆ। ਉਸ ਨੂੰ ਸਦਾ ਹੀ ਸਿੱਖ ਅਤੇ ਗੈਰ-ਸਿੱਖ ਸਾਹਿੱਤ ਵਿਚ *ਕੁਆਰਾ ਡੋਲਾ* ਕਿਹਾ ਜਾਂਦਾ ਹੈ। ਵੇਖੋ Attar Singh's *Travels of Guru Tegh Bahadur and Guru Gobind Singh*, p. 90.

ਦਸਵੇਂ ਗੁਰੂ ਦੇ ਬਿਰਤਾਂਤ ਥਲੇ *ਸੁਨਾਮ ਗੁਰਪ੍ਰਣਾਲੀ* : ਕੇਸਰ ਸਿੰਘ, *ਬੰਸਾਵਲੀ-ਨਾਮਾ*, ਪੰਨਾ 110; ਅਤੇ ਚਤਰਮਨ ਦੀ ਚਹਾਰ *ਗੁਲਸ਼ਨ*, ਪੰਨਾ 141 ਏ। ਉਨ੍ਹਾਂ ਨੂੰ ਖਾਲਸਾ ਦੀ ਮਾਤਾ ਕਿਹਾ ਜਾਂਦਾ ਹੈ।

ਕਮਾਂਡਰ ਅਲਫ ਖ਼ਾਂ ਨੂੰ ਕਰ ਦਾ ਮੁਤਾਲਬਾ ਕਰਨ ਲਈ ਭੇਜਿਆ। ਭੀਮ ਚੰਦ ਨੇ ਅਲਫ ਖ਼ਾਂ ਨੂੰ ਕੋਰਾ ਜਵਾਬ ਦੇ ਦਿੱਤਾ। ਗੁਰੂ ਜੀ ਕਹਿਲੂਰ ਰਾਜ ਵਿਚ ਰਹਿੰਦੇ ਸਨ ਇਸ ਲਈ ਉਨ੍ਹਾਂ ਨੂੰ ਕਿਹਾ ਗਿਆ ਕਿ ਰਾਜ ਦੇ ਹਿਤ ਅਤੇ ਰਾਜ ਦੇ ਸਾਥੀਆਂ ਦੀ ਹਮਾਇਤ ਕਰਨ ਜਿਨ੍ਹਾਂ ਨੇ ਚਿਰਾਂ ਤੋਂ ਵਿਸਰੇ ਪਏ ਦਾਅਵੇ ਨੂੰ ਰੱਦ ਕਰਨ ਦਾ ਫੈਸਲਾ ਕੀਤਾ ਹੋਇਆ ਸੀ। ਗੁਰੂ ਜੀ ਇਸ ਸੰਘਰਸ਼ ਵਿਚ ਭਾਗ ਲੈਣ ਲਈ ਰਾਜ਼ੀ ਹੋ ਗਏ ਕਿਉਂਕਿ ਉਹ ਇਸ ਨੂੰ ਇਕ ਕੌਮੀ ਸੰਘਰਸ਼ ਸਮਝਦੇ ਸਨ। ਨਦੌਣ[132] ਦੇ ਸਥਾਨ ਤੇ ਲੜਾਈ ਹੋਈ ਜਿਸ ਦਾ ਬਿਰਤਾਂਤ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਦ ਹੀ ਬੜੇ ਹਿਲਾ ਦੇਣ ਵਾਲੇ ਸ਼ਬਦਾਂ ਵਿਚ ਦਿੱਤਾ ਹੋਇਆ ਹੈ। ਇਸ ਲੜਾਈ ਵਿਚ ਇਤਹਾਦੀਆਂ ਦੀ ਜਿੱਤ ਹੋਈ। 'ਇਕਾ ਦੁਕਾ ਲੜਾਈਆਂ ਹੋਣ ਲੱਗ ਪਈਆਂ। ਕੁਝ ਯਤਨ ਪਹਾੜੀ ਰਾਜਿਆਂ ਵੱਲੋਂ ਵੀ ਕੀਤੇ ਗਏ ਪਰ ਉਹ ਯਤਨ ਨੇਪਰੇ ਨਾ ਚੜ੍ਹੇ ਅਤੇ ਅਲਫ ਖ਼ਾਂ ਦੀ ਮੁਹਿੰਮ[133] ਦਾ ਸਿੱਟਾ ਮੁਸਲਮਾਨਾਂ ਦੀ ਹਾਰ ਵਿਚ ਨਿਕਲਿਆ।'

ਗੁਰੂ ਗੋਬਿੰਦ ਸਿੰਘ ਜੀ ਦੀ ਸਫ਼ਲਤਾ ਤੋਂ, ਕਿਉਂਕਿ ਸਭ ਕੁਝ ਉਨ੍ਹਾਂ ਸਦਕੇ ਹੀ ਸਮਝਿਆ ਜਾਂਦਾ ਸੀ, ਬਾਦਸ਼ਾਹ ਨੂੰ ਕੁਝ ਚਿੰਤਾ ਹੋਈ ਸੀ। ਬਾਦਸ਼ਾਹ ਨੇ ਪਹਿਲਾਂ ਹੀ ਗੁਰੂ ਜੀ ਨੂੰ ਸੂਚਿਤ[134] ਕਰ ਛੱਡਿਆ ਸੀ ਕਿ ਉਹ ਆਪਣੇ ਸਿੱਖਾਂ ਨੂੰ ਇਕੱਠੇ ਨਾ ਕਰਨ। ਹੁਣ ਬਾਦਸ਼ਾਹ ਨੇ ਆਪਣੇ ਪੁੱਤਰ ਸ਼ਹਿਜ਼ਾਦਾ ਮੁਅੱਜ਼ਮ ਨੂੰ, ਜਿਸ ਦਾ ਨਾਂ ਪਿੱਛੋਂ ਬਹਾਦੁਰ ਸ਼ਾਹ ਹੋ ਗਿਆ ਸੀ, ਪੰਜਾਬ ਦੇ ਵਿਗੜੇ ਹੋਏ ਹਾਲਾਤ ਨੂੰ ਸੋਧਣ ਲਈ ਭੇਜਿਆ। ਸ਼ਹਿਜ਼ਾਦੇ ਨੇ ਆਪ ਲਾਹੌਰ ਵਿਚ ਕਿਆਮ ਕੀਤਾ ਅਤੇ ਮਿਰਜ਼ਾ ਬੇਗ ਨੂੰ ਫ਼ੌਜ ਦੇ ਕੇ ਭੇਜਿਆ ਕਿ ਉਹ ਗੁਰੂ ਜੀ ਅੰਤੇ ਪੰਜਾਬ ਦੇ ਰਾਜਿਆਂ ਨੂੰ ਸਜਾ ਦੇਵੇ। ਰਾਜਿਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆ ਗਈਆਂ ਪਰ ਸਿੱਖ ਭਾਈ ਨੰਦ ਲਾਲ[135] ਦੀ ਸਿਫਾਰਸ਼ ਤੇ, ਜੋ ਸ਼ਹਿਜ਼ਾਦੇ ਦਾ ਸਕੱਤਰ ਸੀ ਅਤੇ ਜਿਸ ਦੀ ਦੋਨਾਂ ਪਾਸਿਆਂ ਵਿਚ ਚੰਗੀ ਪੁਛ ਗਿਛ ਸੀ, ਗੁਰੂ ਜੀ ਨੂੰ ਨਹੀਂ ਛੇੜਿਆ ਗਿਆ। ਉਸ ਨੇ ਸਰਕਾਰ ਅਤੇ ਗੁਰੂ ਜੀ ਵਿਚਕਾਰ, ਜਿਨ੍ਹਾਂ ਨੇ ਨਿਮਨ ਲਿਖਤ

132. ਵੇਖੋ *ਵਚਿਤ੍ਰ ਨਾਟਕ*, ਭਾਗ 9; *ਗੁਰ ਸੋਭਾ*, ਭਾਗ 4. *ਸੂਰਜ ਪ੍ਰਕਾਸ਼* ਅਨੁਸਾਰ ਉਸ ਵੇਲੇ ਔਰੰਗਜ਼ੇਬ ਦੱਖਣ ਵਿਚ ਗੋਲਕੁੰਡਾ ਵਿਰੁੱਧ ਕਾਰਵਾਈ ਕਰਨ ਵਿਚ ਲਗਾ ਹੋਇਆ ਸੀ। ਇਹ ਗੱਲ ਕੋਈ 1687 ਦੀ ਹੈ। ਇਹ ਇਸ ਲੜਾਈ ਦੀ ਹੀ ਮਿਤੀ ਹੋਵੇਗੀ। Cf. *Imperial Gazetteer of India*, xii, p. 309.

133. ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ 'ਹੁਸੈਨੀ ਯੁੱਧ' ਕਿਹਾ ਹੈ ਕਿਉਂਕਿ ਇਹ ਹੁਸੈਨ ਖ਼ਾਂ ਦੇ ਵਿਰੁੱਧ ਲੜਿਆ ਗਿਆ ਸੀ। ਹੁਸੈਨ ਖ਼ਾਂ ਕਾਂਗੜੇ ਦੇ ਗਵਰਨਰ ਦਿਲਾਵਰ ਖ਼ਾਂ ਦਾ ਜਰਨੈਲ ਸੀ। ਇਹ ਲੜਾਈ 1695 ਈ. ਵਿਚ ਹੋਈ ਸੀ।

134. *ਅਖਬਾਰਾਤ-ਇ-ਦਰਬਾਰ-ਇ-ਮੁਅੱਲਾ* (ਰੌਇਲ ਏਸ਼ਿਆਟਿਕ ਸੁਸਾਇਟੀ, ਲੰਡਨ) ਜਿਲਦ ਪਹਿਲੀ, 1677-1695; '1693, ਨਵੰਬਰ 20; ਸਰਹਿੰਦ ਤੋਂ ਮਿਲੀ ਖ਼ਬਰ—ਗੋਬਿੰਦ ਜੀ ਨੇ ਗੁਰੂ ਨਾਨਕ ਹੋਣ ਦਾ ਐਲਾਨ ਕੀਤਾ। ਫ਼ੌਜਦਾਰਾਂ ਨੂੰ ਹੁਕਮ ਦਿੱਤਾ ਗਿਆ ਕਿ (ਉਨ੍ਹਾਂ ਦੇ ਸਿੱਖਾਂ ਨੂੰ) ਇਕੱਠੇ ਹੋਣ ਤੋਂ ਰੋਕਿਆ ਜਾਏ।

135. ਭਾਈ ਨੰਦ ਲਾਲ ਫਾਰਸੀ ਅਤੇ ਅਰਬੀ ਦਾ ਇਕ ਵੱਡਾ ਵਿਦਵਾਨ ਸੀ ਜੋ 1633 ਵਿਚ ਮੁਲਤਾਨ ਵਿਚ ਪੈਦਾ ਹੋਇਆ ਸੀ। ਉਹ 1682 ਵਿਚ ਗੁਰੂ ਜੀ ਦਾ ਸਿੱਖ ਬਣ ਗਿਆ ਅਤੇ ਸ਼ਹਿਜ਼ਾਦਾ ਮੁਅਜਮ ਪਾਸ ਉਸ ਦੇ ਮੀਰ ਮੁਨਸ਼ੀ ਵਜੋਂ ਕੁਝ ਸਾਲ ਰਹਿਣ ਤੋਂ ਬਾਅਦ ਉਹ ਅਨੰਦਪੁਰ ਆ ਗਿਆ ਜਿੱਥੇ ਉਹ ਗੁਰੂ ਜੀ ਦੇ ਮਿਸ਼ਨ ਨਾਲ ਇਕ ਮਿਕ ਹੋ ਗਿਆ। 1705 ਵਿਚ ਮੁਲਤਾਨ ਵਿਚ ਉਸ ਦੀ ਮੌਤ ਹੋ ਗਈ ਸੀ। ਫਾਰਸੀ ਵਿਚ ਰਚਿਤ ਉਸ ਦੀਆਂ ਨਿਮਨ ਲਿਖਤ ਪੁਸਤਕਾਂ ਬੜੇ ਸਤਿਕਾਰ ਨਾਲ ਪੜ੍ਹੀਆਂ ਜਾਂਦੀਆਂ ਹਨ ਅਤੇ ਇਤਨਾ ਸਤਿਕਾਰ ਕੇਵਲ ਭਾਈ ਗੁਰਦਾਸ ਦੀਆਂ ਰਚਨਾਵਾਂ ਨੂੰ ਹੀ ਮਿਲਿਆ ਹੈ : *ਜ਼ਿੰਦਗੀਨਾਮਾ*, *ਤੌਸੀਫ-ਓ-ਸਨਾ*, *ਗੰਜਨਾਮਾ*, *ਜੋਤ ਬਿਕਾਸ*, *ਦੀਵਾਨ ਗੋਇਆ*, *ਇਨਸ਼ਾ ਦਸਤੂਰ*, *ਅਰਜ਼-ਉਲ-ਇਲਫ਼ਾਜ਼*, *ਖਾਤੀਮਾ*। ਉਸ ਦਾ ਉਪਨਾਮ 'ਗੋਇਆ' ਸੀ।

ਮਹੱਤਵਪੂਰਣ ਵਿਚਾਰ *ਵਚਿਤ੍ਰ ਨਾਟਕ* ਵਿਚ ਦਰਜ ਕੀਤਾ ਸੀ, ਕਿਸੇ ਕਿਸਮ ਦਾ ਸਮਝੌਤਾ ਕਰਵਾ ਦਿੱਤਾ ਸੀ :

*ਬਾਬੇ ਕੇ ਬਾਬਰ ਕੇ ਦੋਊ ॥ ਆਪ ਕਰੇ ਪਰਮੇਸਰ ਸੋਊ ॥*
*ਦੀਨ ਸ਼ਾਹ ਇਨ ਕੋ ਪਹਿਚਾਨੋ ॥ ਦੁਨੀ ਪਤਿ ਉਨ ਕੋ ਅਨਮਾਨੋ ॥*

*(ਅਧਿਆਇ 13, ਚੌਪਈ 9)*

ਗੁਰੂ ਜੀ ਨੂੰ ਆਪਣੀਆਂ ਅਗਲੇਰੀਆਂ ਯੋਜਨਾਵਾਂ ਬਾਰੇ ਸੋਚਣ ਅਤੇ ਉਨ੍ਹਾਂ ਨੂੰ ਪੱਕਿਆਂ ਕਰਨ ਲਈ ਕੁਝ ਵਿਹਲ ਮਿਲ ਗਿਆ। ਉਨ੍ਹਾਂ ਨੇ ਸ਼ਿਵਾਲਕ ਦੇ ਅਰਧ ਸੁਤੰਤਰ ਰਾਜਾਂ ਦੇ ਲੋਕਾਂ ਵਿਚਕਾਰ ਕੰਮ ਕੀਤਾ ਸੀ ਅਤੇ ਉਨ੍ਹਾਂ ਵਿਚ ਰਾਸ਼ਟਰੀ ਏਕਤਾ ਦੀ ਭਾਵਨਾ ਨੂੰ ਉਤੇਜਿਤ ਕਰਨ ਦਾ ਯਤਨ ਕੀਤਾ ਸੀ। ਪਰ ਉਨ੍ਹਾਂ ਨੂੰ ਛੇਤੀ ਹੀ ਪਤਾ ਲੱਗ ਗਿਆ ਕਿ ਵਹਿਮ ਅਤੇ ਪੁਰਾਤਨ ਧਾਰਮਿਕ ਵਿਚਾਰਾਂ ਵਿਚ ਫਸੇ ਹੋਏ ਉਹ ਲੋਕ ਆਪਣੀ ਜ਼ਾਤ ਅਤੇ ਨਸਲੀ ਪੱਖਪਾਤਾਂ ਤੋਂ ਉੱਚੇ ਉੱਠ ਕੇ ਕਿਸੇ ਕੌਮੀ ਮਨੋਰਥ ਲਈ ਇਕੱਠੇ ਨਹੀਂ ਸਨ ਹੋ ਸਕਦੇ। ਕਈ ਵਾਰ, ਉਹ ਵੈਰੀਆਂ ਨਾਲ ਸਾਂਝ ਪਾ ਕੇ ਗੁਰੂ ਜੀ ਦੇ ਹੀ ਖ਼ਿਲਾਫ ਇਕੱਠੇ ਹੋ ਜਾਂਦੇ ਜੋ ਉਨ੍ਹਾਂ ਦਾ ਛੁਟਕਾਰਾ ਕਰਵਾਉਣ ਵਾਲੇ ਸਨ। ਭੀਮ ਚੰਦ ਅਤੇ ਦੂਜਿਆਂ ਨੇ ਹੁਸੈਨੀ ਦੇ ਯੁੱਧ ਵਿਚ ਗੁਰੂ ਜੀ ਦਾ ਵਿਰੋਧ ਕੀਤਾ ਸੀ। ਆਮ ਪੁਨਰ ਜਾਗ੍ਰਤੀ ਅਤੇ ਧਾਰਮਿਕ ਜਾਗ੍ਰਤੀ ਤੋਂ ਪਹਿਲਾਂ ਰਾਜਸੀ ਸੁਧਾਰਾਂ ਦਾ ਆਉਣਾ ਜ਼ਰੂਰੀ ਸੀ। ਇਸ ਲਈ ਉਨ੍ਹਾਂ ਨੇ ਪਹਿਲਾਂ ਨਾਲੋਂ ਵਡੇਰੀ ਸੁਨਿਸ਼ਚਿਤਤਾ ਨਾਲ ਪੁਰਾਣੀਆਂ ਜਕੜਾਂ ਨੂੰ ਤੋੜਨ ਦਾ ਪੱਕਾ ਫੈਸਲਾ ਕਰ ਲਿਆ। ਉਨ੍ਹਾਂ ਨੇ ਸਮਾਜ ਨੂੰ ਆਮ ਵਿਚਾਰਾਂ ਅਤੇ ਆਮ ਆਕਾਂਖਿਆਵਾਂ ਦੇ ਆਧਾਰ ਉੱਤੇ ਹੀ ਮੁੜ ਸੰਗਠਿਤ ਕਰਨ ਦਾ ਦ੍ਰਿੜ੍ਹ ਇਰਾਦਾ ਕੀਤਾ। ਅਜਿਹਾ ਕਰਨ ਨਾਲ ਉਹ ਆਪਣੇ ਪੂਰਵਅਧਿਕਾਰੀਆਂ ਦੇ ਅਸੂਲਾਂ ਤੋਂ ਲਾਂਭੇ ਨਹੀਂ ਸਨ ਹੋ ਰਹੇ ਸਗੋਂ ਉਨ੍ਹਾਂ ਨੇ ਪਿਛਲੇ ਗੁਰੂ ਸਹਿਬਾਨ ਦੀਆਂ ਰਖੀਆਂ ਨੀਹਾਂ ਉੱਤੇ ਉਸਾਰੀ ਕੀਤੀ। ਦਰ ਅਸਲ 'ਗੁਰੂ ਗੋਬਿੰਦ ਸਿੰਘ ਜੀ ਖ਼ੁਦ ਅਤੇ ਉਨ੍ਹਾਂ ਦਾ ਕੰਮ ਉਤਪਤੀ ਦੇ ਉਸ ਅਮਲ ਦਾ ਕੁਦਰਤੀ ਸਿੱਟਾ ਸੀ ਜੋ ਸਿੱਖ ਮਤ ਦੇ ਮੁੱਢ ਤੋਂ ਹੀ ਹੁੰਦੀ ਚਲੀ ਆ ਰਹੀ ਸੀ। ਜਿਹੜੀ ਫਸਲ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਪੱਕੀ ਸੀ ਉਹ ਗੁਰੂ ਨਾਨਕ ਦੇਵ ਜੀ ਦੇ ਸਮੇਂ ਬੀਜੀ ਗਈ ਸੀ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਨੇ ਉਸ ਨੂੰ ਪਾਣੀ ਦਿੱਤਾ ਸੀ। ਉਹ ਤਲਵਾਰ ਜਿਸ ਨੇ ਸ਼ੁਹਰਤ ਵੱਲ ਨੂੰ ਖਾਲਸੇ ਦਾ ਰਾਹ ਪੱਧਰਾ ਕੀਤਾ ਸੀ ਉਹ ਨਿਰਸੰਦੇਹ ਗੁਰੂ ਗੋਬਿੰਦ ਸਿੰਘ ਜੀ ਨੇ ਬਣਾਈ ਸੀ ਪਰ ਉਸ ਦਾ ਫੌਲਾਦ ਗੁਰੂ ਨਾਨਕ ਜੀ ਨੇ ਤਿਆਰ ਕੀਤਾ ਸੀ।'[136]

ਉਨ੍ਹਾਂ ਨੇ ਆਪਣੇ ਸਭ ਪੂਰਵ-ਅਧਿਕਾਰੀਆਂ ਦੇ ਮਿਸ਼ਨ ਨੂੰ ਇਕੋ ਅਤੇ ਇਕਸਾਰ ਸਮਝਿਆ ਸੀ ਅਤੇ ਉਨ੍ਹਾਂ ਨੇ ਆਪਣੇ ਮਿਸ਼ਨ ਨੂੰ ਉਸ ਇਕੋ ਮਨੋਰਥ ਦੀ ਪੂਰਤੀ ਸਮਝਿਆ ਸੀ। ਉਹ ਕਹਿੰਦੇ ਹਨ ਕਿ 'ਆਮ ਲੋਕ ਆਪਣੇ ਆਪ ਨੂੰ ਇਕ ਦੂਜੇ ਤੋਂ ਵੱਖ ਸਮਝਦੇ ਹਨ। ਬਹੁਤ ਥੋੜ੍ਹੇ ਆਦਮੀ ਇਕ ਦੂਜੇ ਵਿਚ ਇਕੋ ਜੋਤ ਅਨੁਭਵ ਕਰਦੇ ਹਨ ਪਰ ਕੇਵਲ ਉਹੀ ਸੰਪੂਰਨਤਾ ਨੂੰ ਅਨੁਭਵ ਕਰਦੇ ਹਨ ਜੋ ਉਨ੍ਹਾਂ ਨੂੰ ਇਕ ਸਮਝਦੇ ਹਨ।'[137] ਜ਼ਾਹਰਾ ਵਖਰੇਵਾਂ ਜੋ ਕੁਝ ਲਿਖਾਰੀ[138] ਉਨ੍ਹਾਂ ਦੇ ਮਨੋਰਥਾਂ

---

136. Gokal Chand Narang, *Transformation of Sikhism*, p. 25.

137. *ਵਚਿਤ੍ਰ ਨਾਟਕ*, ਭਾਗ 5, ਛੰਦ 9. ਵੇਖੋ ਭਾਈ ਨੰਦ ਲਾਲ ਦੀ ਰਚਨਾ *ਜੋਤ ਬਿਕਾਸ* ਅਤੇ Teja Singh's *Sikhism*, pp. 26-27.

138. ਜਿਵੇਂ Indubhusan Banerjee's *Evolution of the Khalsa*, I, pp. 114-145, ਵਿਚ ਲਿਖਿਆ ਹੈ ਕਿ ਪਹਿਲੇ ਗੁਰੂ ਸਾਹਿਬਾਨ, ਵਿਸ਼ੇਸ਼ ਕਰਕੇ ਗੁਰੂ ਨਾਨਕ ਜੀ ਦੀ ਕਦੇ ਵੀ ਜ਼ਾਤ ਪਾਤ, ਜਨੇਊ ਜਾਂ ਪਵਿੱਤਰ ਯਾਤਰਾ ਉੱਤੇ ਹਮਲਾ ਕਰਨ ਦੀ ਮਨਸ਼ਾ ਨਹੀਂ ਸੀ।

ਵਿਚ ਵੇਖਦੇ ਹਨ ਉਹ ਕੇਵਲ ਸਥਾਨਕ ਅਤੇ ਕਦੇ ਕਦਾਈ ਪੈਦਾ ਹੋਈਆਂ ਪਰਿਸਥਿਤੀਆਂ ਕਾਰਣ ਸੀ ਅਤੇ ਉਹ ਮੁੱਢਲੇ ਵਿਚਾਰਾਂ ਤੋਂ ਵੱਖ ਨਹੀਂ ਸੀ। ਉਦਾਹਰਣ ਵਜੋਂ ਗੁਰੂ ਸਾਹਿਬਾਨ ਜਾਤ ਪਾਤ ਨੂੰ ਖ਼ਤਮ ਕਰਨਾ ਚਾਹੁੰਦੇ ਹਨ। ਅਸੀਂ ਇਹ ਨਹੀਂ ਕਹਿ ਸਕਦੇ ਕਿ ਗੁਰੂ ਨਾਨਕ ਜੀ ਆਪਣੇ ਸੁਣਨ ਵਾਲਿਆਂ ਨੂੰ ਖ਼ੁਸ਼ ਕਰਨ ਲਈ ਹੀ ਇਹ ਕਹਿੰਦੇ ਹਨ ਕਿ 'ਫਕੜ ਜਾਤੀ' (ਸ੍ਰੀ ਰਾਗ), 'ਜਾਤ ਪਾਤ ਪੂਛੈ ਨਾ ਕੋਇ' (ਆਸਾ)। ਫਿਰ ਵੀ ਜਾਤ ਪਾਤ ਵਾਲੀ ਗੱਲ ਪੂਰੀ ਤਰ੍ਹਾਂ ਨਹੀਂ ਖ਼ਤਮ ਹੋਈ। ਇਸ ਦਾ ਕਾਰਣ ਟੋਲਣਾ ਦੂਰ ਨਹੀਂ ਹੈ। ਸੁਧਾਰ ਕਰਨ ਲਈ ਦੋ ਪਾਰਟੀਆਂ ਦੀ ਲੋੜ ਹੁੰਦੀ ਹੈ। ਸੁਧਾਰਕ ਅਤੇ ਉਹ ਪਾਰਟੀ ਜਿਸ ਦਾ ਸੁਧਾਰ ਕਰਨਾ ਹੋਵੇ। ਗੁਰੂ ਸਾਹਿਬਾਨ ਜਾਣਦੇ ਸਨ ਕਿ ਕਿਸ ਕਿਸਮ ਦੇ ਲੋਕਾਂ ਨਾਲ ਉਨ੍ਹਾਂ ਨੇ ਨਜਿਠਣਾ ਹੈ। ਜਿਹੜੀ ਬੁਰਾਈ ਸਦੀਆਂ ਤਕ ਇਕੱਠੀ ਹੁੰਦੀ ਰਹੀ ਇਕ ਦਮ ਖ਼ਤਮ ਨਹੀਂ ਸੀ ਕੀਤੀ ਜਾ ਸਕਦੀ। ਇਸ ਕੰਮ ਦੀ ਔਕੜ ਦਾ ਅੰਦਾਜ਼ਾ ਇਸ ਗੱਲ ਤੋਂ ਲੱਗ ਸਕਦਾ ਹੈ ਕਿ ਇਸਲਾਮ ਅਤੇ ਇਸਾਈ ਮਤ ਨੇ ਵੀ ਆਪਣੇ ਵਡੇਰੇ ਸਾਧਨਾਂ ਨਾਲ ਇਸ ਫੌਲਾਦੀ ਸ਼ਕੰਜੇ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਹੈ ਪਰ ਕੌਣ ਕਹਿ ਸਕਦਾ ਹੈ ਕਿ ਉਹ ਸਫ਼ਲ ਹੋਏ ਹਨ? ਸਿੱਖ ਗੁਰੂ ਸਾਹਿਬਾਨ ਨੇ ਸ਼ੁਰੂ ਵਿਚ ਕੁਝ ਪ੍ਰਗਤੀ ਕੀਤੀ ਸੀ ਜਦੋਂ ਬਹੁਤ ਸਾਰੇ ਮੁਸਲਮਾਨਾਂ ਅਤੇ ਨੀਵੀਂ ਜਾਤ ਦੇ ਲੋਕਾਂ ਨੂੰ ਸਿੱਖ ਮਤ ਵਿਚ ਸਮੋ ਲਿਆ ਗਿਆ ਸੀ ਪਰ ਜਦੋਂ ਸਿੱਖ ਮਤ ਦੇ ਪ੍ਰਸਾਰ ਕਾਰਣ ਮੁਗ਼ਲਾਂ ਵੱਲੋਂ ਧਾਰਮਿਕ ਅਤਿਆਚਾਰ ਹੋਏ ਤਾਂ ਸਿੱਖਾਂ ਅਤੇ ਹਿੰਦੂਆਂ ਨੇ ਆਪਣੇ ਆਪ ਨੂੰ ਇਕੋ ਸਥਿਤੀ ਵਿਚ ਵੇਖਿਆ ਤੇ ਅਜਿਹੇ ਹਾਲਾਤ ਵਿਚ ਜਿਵੇਂ ਹੋਇਆ ਕਰਦਾ ਹੈ ਉਨ੍ਹਾਂ ਨੂੰ ਆਪਣੇ ਸਾਧਨਾਂ ਨੂੰ ਇਕੱਠਿਆਂ ਕਰਨਾ ਪਿਆ ਅਤੇ ਆਪਣੇ ਅੰਤਰ-ਜਾਤੀ ਝਗੜੇ ਵੀ ਛੱਡਣੇ ਪਏ। ਅਜਿਹੀ ਸਥਿਤੀ ਵਿਚ ਜਾਤ ਪਾਤ ਨਹੀਂ ਸੀ ਟੁਟ ਸਕਦੀ। ਭਾਵੇਂ ਜਾਤੀ-ਹੰਕਾਰ, ਜੋ ਸੱਚੇ ਧਰਮ ਦੇ ਰਾਹ ਵਿਚ ਇਕ ਰੁਕਾਵਟ ਸੀ ਪੂਰੀ ਤਰ੍ਹਾਂ ਖ਼ਤਮ ਹੋ ਗਿਆ ਸੀ। ਜੱਟਾਂ ਨੂੰ, ਜਿਨ੍ਹਾਂ ਨੂੰ ਸ਼ੂਦਰ ਸਮਝਿਆ ਜਾਂਦਾ ਸੀ, ਖਤਰੀਆਂ ਦੇ ਨਾਲ ਹੀ ਸਭ ਤੋਂ ਵੱਧ ਮਾਣ ਪ੍ਰਾਪਤ ਹੋਇਆ ਅਤੇ ਬ੍ਰਾਹਮਣਾਂ ਦੀ ਉਹ ਪੁਰਾਣੀ ਇੱਜ਼ਤ ਨਾ ਰਹੀ। 'ਚਾਰੇ ਵਰਣ ਬਰਾਬਰ ਕਰ ਦਿੱਤੇ ਗਏ' (ਭਾਈ ਗੁਰਦਾਸ)।

ਉਨ੍ਹਾਂ ਸਭ ਸੰਸਥਾਵਾਂ ਨੂੰ, ਜਿਹੜੀਆਂ ਰਾਸ਼ਟਰ ਦੀ ਏਕਤਾ ਅਤੇ ਇਸ ਦੇ ਸੰਗਠਨ ਦੇ ਰਾਹ ਵਿਚ ਰੁਕਾਵਟ ਪਾਉਂਦੀਆਂ ਸਨ, ਜੜ੍ਹ ਤੋਂ ਹੀ ਕੱਟ ਦੇਣਾ ਗੁਰੂ ਗੋਬਿੰਦ ਸਿੰਘ ਜੀ ਦੇ ਹਿੱਸੇ ਆਇਆ। ਉਹ ਇਕ ਸੰਪੂਰਨ[139] ਅਤੇ ਜੁੜਵਾਂ ਭਾਈਚਾਰਾ ਕਾਇਮ ਕਰਨਾ ਚਾਹੁੰਦੇ ਸਨ ਜਿਹੜਾ ਆਪਣੇ ਆਪ ਨੂੰ ਪੁਜਾਰੀਆਂ ਅਤੇ ਹਾਕਮਾਂ ਦੇ ਅਤਿਆਚਾਰਾਂ ਤੋਂ ਸੁਤੰਤਰ ਕਰਾਉਣ ਲਈ ਸ਼ੁੱਧ ਹੋਵੇ ਅਤੇ ਨਾਲ ਹੀ ਇਤਨਾ ਸ਼ਕਤੀਸ਼ਾਲੀ ਹੋਵੇ ਕਿ ਆਪਣੀ ਸੁਤੰਤਰਤਾ ਨੂੰ ਕਾਇਮ ਰਖ ਸਕੇ। ਗੁਰੂ ਗੋਬਿੰਦ ਸਿੰਘ ਜੀ ਨੂੰ ਕੁਝ ਵਿਦਵਾਨ ਪੰਡਿਤਾਂ ਨੇ ਕਿਹਾ ਕਿ ਉਹ ਦੁਰਗਾ ਦੇਵੀ ਦੀ ਪੂਜਾ ਕਰਕੇ ਆਪਣਾ ਮਨੋਰਥ ਪ੍ਰਾਪਤ ਕਰ ਸਕਦੇ ਸਨ। ਉਹ ਦੇਵੀ ਦੇਵਤਿਆਂ ਵਿਚ ਵਿਸ਼ਵਾਸ ਨਹੀਂ ਸਨ ਰੱਖਦੇ। ਇਹ ਗੱਲ ਉਨ੍ਹਾਂ ਦੀਆਂ ਰਚਨਾਵਾਂ[140] ਵਿੱਚੋਂ ਵੇਖੀ ਜਾ ਸਕਦੀ ਹੈ ਪਰ ਲੋਕਾਂ ਦਾ ਵਹਿਮ

139. ਇਹ ਗੱਲ, ਕਿ ਗੁਰੂ ਸਾਹਿਬ ਨੇ ਸਿੱਖਾਂ ਨੂੰ ਹਿੰਦੂਆਂ ਤੋਂ ਵੱਖ ਕਰਨ ਦੀ ਕੋਸ਼ਿਸ਼ ਕੀਤੀ ਨੂਰ ਮੁਹੰਮਦ ਦੇ *ਜੰਗਨਾਮਾ* (ਡਾ. ਗੰਡਾ ਸਿੰਘ ਦਾ ਅਨੁਵਾਦ ਪੰਨਾ 58-59); *ਸੀਅਰ-ਉਲ-ਮੁਤਾਖਰੀਨ*, ਪੰਨਾ 400; Malcolm's *Sketch of the Sikhs*, p. 51; *History of the Sikhs* (Calcutta 1846) p. 121; *History of the Punjab* (Allen & Co. 1846), p. 107. ਤੋਂ ਸਪੱਸ਼ਟ ਹੁੰਦੀ ਹੈ।

140. ਕੁਝ ਲੋਕ ਸਮਝਦੇ ਹਨ ਕਿ *ਦਸਮ ਗ੍ਰੰਥ* ਵਿਚ *ਭਗਉਤੀ ਕੀ ਵਾਰ* ਦੁਰਗਾ ਦੇਵੀ ਦੀ ਉਸਤਤ ਵਿਚ ਰਚੀ ਗਈ ਸੀ ਪਰ ਜੇ ਅਸੀਂ 'ਵਾਰ' ਨੂੰ ਗੌਹ ਨਾਲ ਪੜ੍ਹੀਏ ਤਾਂ ਪਤਾ ਲਗੇਗਾ ਕਿ ਭਗਉਤੀ ਨੂੰ ਦੁਰਗਾ, ਬ੍ਰਹਮਾ, ਸ਼ਿਵ, ਰਾਮ, ਕ੍ਰਿਸ਼ਨ ਆਦਿ ਨੂੰ ਸਾਜਣ ਵਾਲੀ ਸ਼ਕਤੀ ਦੱਸਿਆ ਗਿਆ ਹੈ। ਇਸ ਲਈ ਇਹ ਦੁਰਗਾ ਦੇਵੀ ਨਹੀਂ ਹੋ ਸਕਦੀ। ਚੰਡੀ ਦੀ ਕਹਾਣੀ ਵਿਚ ਦੇਵੀ ਨੂੰ ਇਕ ਵਾਰ ਵੀ ਭਗਉਤੀ

*(ਬਾਕੀ ਅਗਲੇ ਪੰਨੇ ਤੇ)*

ਕੱਢਣ ਲਈ।[141] ਉਨ੍ਹਾਂ ਨੇ ਬਨਾਰਸ ਤੋਂ ਕੇਸ਼ੋ ਪੰਡਿਤ ਨੂੰ ਬੁਲਾਇਆ ਜੋ ਨੈਣਾ ਦੇਵੀ ਦੇ ਟਿੱਲੇ ਉੱਤੇ ਦੇਵੀ ਪੂਜਾ ਦੀ ਰਸਮ ਅਦਾ ਕਰੇ। ਜਦੋਂ ਸਾਰਾ ਘਿਊ ਅਤੇ ਧੂਪ ਸੜ ਚੁੱਕੇ ਅਤੇ ਪੰਡਿਤ ਮੰਤ੍ਰ ਪੜ੍ਹ ਕੇ ਥਕ ਗਿਆ ਅਤੇ ਦੇਵੀ ਪ੍ਰਗਟ ਨਾ ਹੋਈ ਤਾਂ ਗੁਰੂ ਜੀ ਇਕੱਠੀ ਹੋਈ ਭੀੜ ਦੇ ਸਾਹਮਣੇ ਨੰਗੀ ਤਲਵਾਰ ਲੈ ਕੇ ਅਗਾਂਹ ਵਧੇ ਅਤੇ ਲੋਕਾਂ ਦੇ ਸਾਹਮਣੇ ਤਲਵਾਰ ਨੂੰ ਉਚਿਆਂ ਚਮਕਾਉਂਦਿਆਂ ਹੋਇਆਂ ਕਿਹਾ : 'ਇਹ ਹੈ ਸ਼ਕਤੀ ਦੀ ਦੇਵੀ'।

30 ਮਾਰਚ, 1699 ਨੂੰ ਵਿਸਾਖੀ ਵਾਲੇ ਦਿਨ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਦੇ ਸਥਾਨ ਤੇ ਇਜਲਾਸ ਬੁਲਾਇਆ। ਜਿਸ ਵੇਲੇ ਸਭ ਬੈਠੇ ਹੋਏ ਸਨ ਤਾਂ ਉਨ੍ਹਾਂ ਨੇ ਆਪਣੀ ਤਲਵਾਰ ਖਿੱਚੀ ਅਤੇ ਉੱਚੀ ਆਵਾਜ਼ ਵਿਚ ਕਿਹਾ, "ਕਿ ਇਥੇ ਕੋਈ ਅਜਿਹਾ ਆਦਮੀ ਹੈ ਜੋ ਧਰਮ ਦੀ ਖ਼ਾਤਰ ਆਪਣੀ ਜਾਨ ਵਾਰਨ ਲਈ ਤਿਆਰ ਹੋਵੇ?" ਇਹ ਸੁਣ ਕੇ ਸਭ ਲੋਕ ਹੈਰਾਨ ਰਹਿ ਗਏ ਪਰ ਗੁਰੂ ਜੀ ਆਪਣੀ ਮੰਗ ਦੁਹਰਾਉਂਦੇ ਗਏ। ਤੀਜੀ ਵਾਰ ਦੀ ਆਵਾਜ਼ ਤੇ ਲਾਹੌਰ ਦਾ ਇਕ ਖ਼ਤਰੀ ਦਯਾ ਰਾਮ ਆਪਣੀ ਥਾਂ ਤੋਂ ਉਠਿਆ ਅਤੇ ਆਪਣੇ ਆਪ ਨੂੰ ਕੁਰਬਾਨੀ ਲਈ ਪੇਸ਼ ਕੀਤਾ। ਗੁਰੂ ਜੀ ਉਸ ਨੂੰ ਨਾਲ ਲਗਦੇ ਇਕ ਅਹਾਤੇ ਵਿਚ ਲੈ ਗਏ ਜਿੱਥੇ ਕੁਝ ਬਕਰੇ ਬੰਨ੍ਹੇ ਹੋਏ ਸਨ। ਉਸ ਸਿੱਖ ਨੂੰ ਉਥੇ ਬਿਠਾ ਕੇ ਇਕ ਬੱਕਰਾ ਝਟਕਾ ਦਿੱਤਾ ਗਿਆ। ਉਹ ਖ਼ੂਨ ਨਾਲ ਲਿਬੜੀ ਤੇ ਚੋਂਦੀ ਤਲਵਾਰ ਹੱਥ ਵਿਚ ਉਲਾਰਦੇ ਹੋਏ ਉਸ ਇਕੱਠ ਦੇ ਸਾਹਮਣੇ ਫਿਰ ਆਏ ਅਤੇ ਫਿਰ ਕਿਹਾ; "ਕੀ ਇਥੇ ਕੋਈ ਹੋਰ ਸਿੱਖ ਹੈ ਜਿਹੜਾ ਆਪਣੀ ਕੁਰਬਾਨੀ ਦੇਵੇਗਾ।" ਇਹ ਸੁਣ ਕੇ ਦਿੱਲੀ ਦਾ ਇਕ ਜੱਟ ਧਰਮ ਦਾਸ ਅੱਗੇ ਆਇਆ ਅਤੇ ਉਸ ਨੂੰ ਵੀ ਗੁਰੂ ਜੀ ਉਸੇ ਅਹਾਤੇ (ਤੰਬੂ) ਵਿਚ ਲੈ ਗਏ ਜਿੱਥੇ ਇਕ ਹੋਰ ਬੱਕਰਾ ਝਟਕਾ ਦਿੱਤਾ ਗਿਆ। ਇਸੇ ਤਰ੍ਹਾਂ ਹੀ ਤਿੰਨ ਹੋਰ ਆਦਮੀ ਇਕ ਦੂਜੇ ਦੇ ਬਾਅਦ ਖੜ੍ਹੇ ਹੋਏ ਅਤੇ ਉਨ੍ਹਾਂ ਨੇ ਆਪਣੇ ਆਪ ਨੂੰ ਕੁਰਬਾਨੀ ਲਈ ਪੇਸ਼ ਕੀਤਾ। ਉਨ੍ਹਾਂ ਵਿੱਚੋਂ ਇਕ ਮੋਹਕਮ ਚੰਦ ਦੁਆਰਕਾ ਦਾ ਧੋਬੀ, ਦੂਜਾ ਹਿੰਮਤ ਸਿੰਘ ਜਗਨਨਾਥ ਦਾ ਰਸੋਈਆ ਅਤੇ ਤੀਜਾ ਸਾਹਿਬ ਚੰਦ ਬਿਦਰ ਦਾ ਨਾਈ ਸੀ। ਗੁਰੂ ਸਾਹਿਬ ਨੇ ਇਨ੍ਹਾਂ ਪੰਜਾਂ ਨੂੰ ਹੀ ਸੋਹਣੇ ਪੁਸ਼ਾਕੇ ਪੁਆ ਕੇ ਇਕੱਠ ਦੇ ਸਾਹਮਣੇ ਲਿਆਂਦਾ। ਉਨ੍ਹਾਂ ਨੇ ਇਨ੍ਹਾਂ ਸਿੱਖਾਂ ਨੂੰ ਖੰਡੇ ਨਾਲ ਤਿਆਰ ਕੀਤਾ ਅੰਮ੍ਰਿਤ ਛਕਾਇਆ ਅਤੇ ਉਨ੍ਹਾਂ ਨੂੰ ਪੰਜ ਪਿਆਰੇ ਕਿਹਾ। ਇਸ ਤੋਂ ਪਿੱਛੋਂ ਉਨ੍ਹਾਂ ਨੇ ਵਿਸਤਾਰ ਪੂਰਬਕ ਆਪਣੇ ਮਿਸ਼ਨ ਬਾਰੇ ਜਾਣਕਾਰੀ ਦਿੱਤੀ ਅਤੇ ਬੂਟੇ ਸ਼ਾਹ ਤੇ ਅਹਿਮਦ ਸ਼ਾਹ ਬਟਾਲੀਆ ਅਨੁਸਾਰ ਹੋਰ ਗੱਲਾਂ ਤੋਂ ਇਲਾਵਾ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਇਉਂ ਆਖਿਆ :

> "ਮੇਰੀ ਇੱਛਾ ਹੈ ਕਿ ਤੁਸੀਂ ਸਭ ਇਕ ਮਤ ਦੇ ਅਨੁਯਾਈ ਅਤੇ ਇਕੋ ਰਸਤੇ ਦੇ ਪਾਂਧੀ ਬਣ ਜਾਉ ਅਤੇ ਧਰਮ ਦੇ ਸਾਰੇ ਵਿਤਕਰਿਆਂ ਨੂੰ ਆਪਣੇ ਦਿਮਾਗ਼ ਵਿੱਚੋਂ ਕੱਢ ਦੇਵੋ। ਹਿੰਦੂਆਂ ਦੀਆਂ ਚਾਰੇ ਜਾਤਾਂ ਨੂੰ ਜਿਨ੍ਹਾਂ ਪ੍ਰਤੀ ਵੱਖ-ਵੱਖ ਨਿਯਮ ਸ਼ਾਸਤਰਾਂ ਵਿਚ ਦਿੱਤੇ ਗਏ ਹਨ ਪੂਰੀ ਤਰ੍ਹਾਂ ਤਿਆਗ ਦਿੱਤਾ ਜਾਏ ਅਤੇ ਮਿਲਵਰਤਣ ਦਾ ਰਾਹ ਧਾਰਨ

---

*(ਪਿਛਲੇ ਪੰਨੇ ਦਾ ਬਾਕੀ)*

ਨਹੀਂ ਕਿਹਾ ਗਿਆ। ਗੁਰੂ ਸਾਹਿਬ ਦੀਆਂ ਰਚਨਾਵਾਂ ਵਿਚ ਭਗਉਤੀ ਤੋਂ ਭਾਵ ਅਕਾਲਪੁਰਖ ਦੀ ਤਲਵਾਰ ਲਿਆ ਗਿਆ ਹੈ ਅਤੇ ਅਕਾਲਪੁਰਖ ਨੂੰ ਅਕਸਰ ਭਗਉਤੀ ਕਹਿ ਕੇ ਸੰਬੋਧਨ ਕੀਤਾ ਗਿਆ ਹੈ। ਗੁਰੂ ਜੀ ਸਪੱਸ਼ਟ ਰੂਪ ਵਿਚ ਦੇਵੀ ਦੇਵਤਿਆਂ ਦੀ ਪੂਜਾ ਦੇ ਵਿਰੁੱਧ ਸਨ। ਉਹ ਲਿਖਦੇ ਹਨ :

*ਤੁਮਹਿ ਛਾਡਿ ਕੋਈ ਅਵਰ ਨਾ ਧਯਾਊਂ ਜੋ ਬਰ ਚਹੌ ਸੁ ਤੁਮ ਤੇ ਪਾਊਂ ॥ ਚੌਪਈ ॥*
*ਮੈ ਨ ਗਨੇਸ਼ ਸਹਿ ਪ੍ਰਿਥਮ ਮਨਾਊਂ ਕਿਸ਼ਨ ਬਿਸ਼ਨ ਕਬਹੂੰ ਨਹਿ ਧਿਆਊਂ ॥*
*ਕਾਨ ਸੁਨੇ ਪਹਿਚਾਨ ਨ ਤਿਨ ਸੋ, ਲਿਵ ਲਾਗੀ ਮੋਰੀ ਪਗ ਇਨ ਸੋ ॥*

*(ਕ੍ਰਿਸ਼ਨ ਅਵਤਾਰ)*

141. ਵੇਖੋ Rose's *Glossary*, p. 720.

ਕਰਕੇ ਇਕ ਦੂਸਰੇ ਨਾਲ ਖੁੱਲ੍ਹਮ ਖੁੱਲ੍ਹਾ ਮਿਲਿਆ ਜਾਏ। ਕੋਈ ਵੀ ਆਪਣੇ ਆਪ ਨੂੰ ਦੂਸਰਿਆਂ ਨਾਲੋਂ ਚੰਗੇਰਾ ਨਾ ਸਮਝੇ। ਪੁਰਾਣੇ ਧਰਮ ਗ੍ਰੰਥਾਂ ਨੂੰ ਨਾ ਮੰਨੋ। ਤੁਹਾਡੇ ਵਿੱਚੋਂ ਕੋਈ ਵੀ ਦਰਿਆ ਗੰਗਾ ਦੀ ਅਤੇ ਹੋਰ ਯਾਤਰਾ ਅਸਥਾਨਾਂ ਦੀ ਜੋ ਹਿੰਦੂ ਧਰਮ ਵਿਚ ਪਵਿੱਤਰ ਗਿਣੇ ਜਾਂਦੇ ਹਨ, ਪਰਵਾਹ ਨਾ ਕਰੇ ਅਤੇ ਨਾ ਹੀ ਹਿੰਦੂ ਇਸ਼ਟਾਂ ਜਿਵੇਂ ਰਾਮ, ਕ੍ਰਿਸ਼ਨ, ਬ੍ਰਹਮਾ, ਦੁਰਗਾ ਆਦਿ ਦੀ ਪੂਜਾ ਕਰੇ। ਪਰ ਤੁਹਾਡੇ ਵਿਚੋਂ ਹਰ ਕੋਈ ਗੁਰੂ ਨਾਨਕ ਜੀ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਵਿਚ ਸ਼ਰਧਾ ਰੱਖੇ। ਚੌਹਾਂ ਵਰਨਾਂ ਦੇ ਲੋਕ ਮੇਰਾ ਅੰਮ੍ਰਿਤ ਪਾਨ ਕਰਨ, ਇੱਕੋ ਬਾਟੇ ਵਿੱਚੋਂ ਪ੍ਰਸ਼ਾਦ ਛਕਣ ਅਤੇ ਇਕ ਦੂਸਰੇ ਲਈ ਘ੍ਰਿਣਾ ਦੀ ਭਾਵਨਾ ਮਨ ਵਿਚ ਨਾ ਰੱਖੀ ਜਾਏ।"[142]

ਜਦੋਂ ਗੁਰੂ ਜੀ ਆਪਣੇ ਪੰਜ ਅਜ਼ਮਾਏ ਹੋਏ ਸਿੱਖਾਂ ਨੂੰ ਅੰਮ੍ਰਿਤ[143] ਛਕਾ ਚੁੱਕੇ ਤਾਂ ਉਹ ਆਪ ਹੱਥ ਜੋੜ ਕੇ ਉਨ੍ਹਾਂ ਦੇ ਸਾਹਮਣੇ ਖੜੇ ਹੋ ਗਏ ਅਤੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਨ੍ਹਾਂ (ਗੁਰੂ ਜੀ) ਨੂੰ ਵੀ ਇਸੇ ਤਰ੍ਹਾਂ ਅੰਮ੍ਰਿਤ ਛਕਾਉਣ ਜਿਦਾਂ ਇਨ੍ਹਾਂ ਨੇ ਉਨ੍ਹਾਂ ਨੂੰ ਛਕਾਇਆ ਸੀ।[144] ਉਹ ਸਿੱਖ ਅਜਿਹੀ ਅਜੀਬ ਬੇਨਤੀ ਤੇ ਬੜੇ ਹੈਰਾਨ ਹੋਏ ਪਰ ਗੁਰੂ ਜੀ ਨੇ ਉਨ੍ਹਾਂ ਨੂੰ ਇਹ ਕਹਿ ਕੇ ਚੁੱਪ ਕਰਾ ਦਿੱਤਾ ਕਿ ਉਹ ਵੀ ਉਨ੍ਹਾਂ ਵਿੱਚੋਂ ਹੀ ਇਕ ਬਣਨਾ ਚਾਹੁੰਦੇ ਸਨ। ਜਿਵੇਂ ਉਹ (ਗੁਰੂ ਜੀ) ਸਿੱਖਾਂ ਦੇ ਗੁਰੂ ਸਨ ਇਸੇ ਤਰ੍ਹਾਂ ਸਮੂਹਿਕ ਰੂਪ ਵਿਚ ਸਿੱਖ ਉਨ੍ਹਾਂ ਦੇ ਗੁਰੂ ਸਨ। ਇਸ ਤੋਂ ਬਾਅਦ ਗੁਰੂ ਜੀ ਅਤੇ ਉਨ੍ਹਾਂ ਦੇ ਅੰਮ੍ਰਿਤਧਾਰੀ ਸਿੱਖਾਂ ਵਿਚਕਾਰ ਕੋਈ ਅੰਤਰ ਨਹੀਂ ਰਿਹਾ। ਉਹ ਸਿੱਖ ਗੁਰੂ ਜੀ ਦਾ ਖਾਲਸਾ[145] ਬਣ ਗਏ ਜੋ ਉਨ੍ਹਾਂ ਦਾ ਹੀ ਸਰੂਪ ਸਨ ਅਤੇ ਉਨ੍ਹਾਂ ਦਾ ਹੀ ਦੂਜਾ ਪੱਖ ਸਨ। ਉਹ ਗੁਰੂ ਜੀ ਦਾ 'ਇਸ਼ਟ ਸੁਹਿਰਦ' ਸਨ[146] ਅਤੇ ਖਾਲਸਾ ਗੁਰੂ ਜੀ ਤੋਂ ਬਾਅਦ ਉਨ੍ਹਾਂ ਦੀ ਥਾਂ ਲੈਣ ਲਈ ਪੂਰੀ ਤਰ੍ਹਾਂ ਸੁਯੋਗ ਸੀ। ਇਸ ਤੋਂ ਅਗਾਂਹ ਲਈ ਲੋਕਾਂ ਨੂੰ ਸਿੱਖ ਬਣਾਉਣ ਦੀ ਰਸਮ ਪੰਜ ਪਿਆਰਿਆਂ ਦੁਆਰਾ ਅਮਲ ਵਿਚ ਲਿਆਂਦੀ ਜਾਣ ਲੱਗ ਪਈ।

ਕੁਝ ਦਿਨਾਂ ਵਿਚ ਹੀ ਲਗਪਗ 80,000 ਆਦਮੀਆਂ ਨੂੰ ਅੰਮ੍ਰਿਤ ਛਕਾਇਆ ਗਿਆ। ਗੁਰੂ ਜੀ ਨੇ ਇਹ ਵੀ ਹੁਕਮ ਦਿੱਤਾ[147] ਕਿ ਉਹ ਸਾਰੇ ਲੋਕ ਜੋ ਆਪਣੇ ਆਪ ਨੂੰ ਸਿੱਖ ਕਹਾਉਂਦੇ ਸਨ,

---

142. ਬੂਟੇ ਸ਼ਾਹ, ਪੰਨੇ 405-406; ਅਹਿਮਦ ਸ਼ਾਹ ਬਟਾਲੀਏ ਦਾ ਸੋਹਨ ਲਾਲ ਸੂਰੀ ਦੀ ਪੁਸਤਕ, *ਉਮਦਾਤੁਤ ਤਵਾਰੀਖ*, ਨਾਲ ਲਗਾ ਜ਼ਮੀਮਾ ਪੰਨਾ 5. ਅਸੀਂ 'ਸਾਖੀ' ਨੰ. 85 ਵਿਚ ਵੀ (ਜਿਸ ਦਾ ਅਨੁਵਾਦ ਸਰ ਅਤਰ ਸਿੰਘ ਨੇ ਕੀਤਾ ਸੀ) ਪੜ੍ਹਦੇ ਹਾਂ ਕਿ ਜਦੋਂ ਗੁਰੂ ਜੀ ਦਿਆਲ ਸਿੰਘ ਨਾਂ ਦੇ ਆਦਮੀ ਨੂੰ ਅੰਮ੍ਰਿਤ ਛਕਾਉਣ ਲੱਗੇ ਤਾਂ ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ ਵਿੱਚੋਂ ਇਕ ਝਾੜੂ ਦੇਣ ਵਾਲਾ ਵੀ ਸੀ। ਜਦੋਂ ਇਕ ਵਾਰ ਗੁਰੂ ਜੀ ਨੂੰ ਉਨ੍ਹਾਂ ਦੀ ਜਾਤ ਪੁਛੀ ਗਈ ਤਾਂ ਉਨ੍ਹਾਂ ਨੇ ਉੱਤਰ ਦਿੱਤਾ ਕਿ ਉਹ ਤੀਜੀ ਜਾਤ 'ਖਾਲਸਾ' ਵਿੱਚੋਂ ਹਨ ('ਸਾਖੀ ਪੋਥੀ' ਪੰਨਾ 106)। 'ਸਾਖੀ' ਨੰਬਰ 69 ਵਿਚ ਮੁਸਲਮਾਨਾਂ ਨੂੰ ਸਿੱਖ ਬਣਾਉਣ ਦਾ ਜ਼ਿਕਰ ਆਉਂਦਾ ਹੈ। ਹੋਰ ਵੇਖੋ 'ਸੂਰਜ ਪ੍ਰਕਾਸ਼' I, *xviii*.
143. ਇਸ ਰਸਮ ਦੇ ਵਿਸਤਾਰ ਲਈ ਵੇਖੋ ਤੇਜਾ ਸਿੰਘ ਦੀ ਰਚਿਤ ਪੁਸਤਕ *Sikhism*, pp. 113-118.
144. ਬੂਟੇ ਸ਼ਾਹ 'ਜਿਲਦ ਪਹਿਲੀ', ਪੰਨੇ 407-408.
145. *ਜਾਗਤਿ ਜੋਤਿ ਜਪੈ ਨਿਸਿ ਬਾਸੁਰ ਏਕ ਬਿਨਾ ਮਨੁ ਨੈਕ ਨ ਆਨੈ ।*
*ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜ੍ਹੀ ਮਠ ਭੂਲ ਨ ਮਾਨੈ ।*
*ਤੀਰਥ ਦਾਨ ਦਯਾ ਤਪ ਸੰਯਮ ਏਕ ਬਿਨਾ ਨਹਿ ਏਕ ਪਛਾਨੈ ।*
*ਪੂਰਨ ਜੋਤਿ ਜਗੈ ਘਟ ਮੈ ਤਬ ਖਾਲਿਸ ਤਾਹਿ ਨ ਖਾਲਿਸ ਜਾਨੈ ।* *(ਤੇਤੀ, ਸਵੈਯੇ, ਪਾ. 10)*
146. *ਸਰਬਲੋਹ*।
147. "ਗੁਰੂ ਸਾਹਿਬ ਨੇ ਸਭ ਸੰਗਤਾਂ ਵੱਲ ਨਿਮਨ-ਲਿਖਤ ਗੱਲਾਂ ਸਬੰਧੀ ਚਿੱਠੀਆਂ ਲਿਖੀਆਂ : 'ਸਿੱਖ ਲੰਮੇ ਵਾਲ ਰਖ ਕੇ ਮੇਰੇ ਪਾਸ ਆਉਣ। ਸਿੱਖ ਬਣ ਜਾਣ ਤੇ ਕੋਈ ਆਦਮੀ ਵੀ ਵਾਲ ਨਹੀਂ ਕਟਵਾਏਗਾ। ਉਹ ਤੰਬਾਕੂ ਨੂੰ ਹੱਥ ਨਹੀਂ ਲਾਏਗਾ ਅਤੇ ਖੰਡੇ ਦਾ ਅੰਮ੍ਰਿਤ ਛਕੇਗਾ।" *ਸੂਰਜ ਪ੍ਰਕਾਸ਼*, ਭਾਗ ਤੀਜਾ, 21; *ਗੁਰ ਸੋਭਾ*, 5. ਵੀ ਵੇਖੋ।

ਨਵਾਂ ਅੰਮ੍ਰਿਤ ਪਾਨ ਕਰਕੇ ਸਿੱਖ ਹੋਣ ਦੀ ਪੁਸ਼ਟੀ ਕਰਵਾ ਲੈਣ। ਜਿਹੜੇ ਹਾਲੇ ਵੀ ਉਨ੍ਹਾਂ ਦੇ ਮਿਸ਼ਨ ਦੇ ਵਿਰੋਧੀਆਂ ਦੇ ਰੂਪ ਵਿਚ ਨਿੱਖੜ ਕੇ ਖੜੇ ਸਨ, ਜਿਵੇਂ ਮੀਣੇ, ਧੀਰਮਲੀਏ ਅਤੇ ਰਾਮਰਾਈਏ, ਖਾਲਸਾ ਬਰਾਦਰੀ ਵਿੱਚੋਂ ਕੱਢ ਦਿੱਤੇ ਗਏ ਅਤੇ ਉਨ੍ਹਾਂ ਦੀ ਸੰਗਤ ਸੱਚੇ ਸਿੱਖਾਂ ਲਈ ਮਨ੍ਹਾਂ ਕਰ ਦਿੱਤੀ ਗਈ। ਜਿਨ੍ਹਾਂ ਨੇ ਇਸ ਰਸਮ ਵਿਚ ਭਾਗ ਲਿਆ ਸੀ ਉਨ੍ਹਾਂ ਨੂੰ ਇਕ ਅਣਦਿਸਦੇ ਪ੍ਰਮਾਤਮਾ ਅਤੇ ਦਸ ਗੁਰੂਆਂ ਦੇ ਮਿਸ਼ਨ ਵਿਚ ਸ਼ਰਧਾ ਰਖਣੀ ਸਿਖਾਈ ਗਈ ਸੀ। ਪ੍ਰਮਾਤਮਾ ਨੂੰ ਸਰਬਲੋਹ ਦੇ ਨਾਂ ਨਾਲ ਸੰਬੋਧਨ ਕੀਤਾ ਗਿਆ ਅਤੇ ਉਸ ਦੇ ਪੁਜਾਰੀਆਂ ਨੂੰ ਕਿਸੇ ਨਾ ਕਿਸੇ ਸ਼ਕਲ ਵਿਚ ਆਪਣੇ ਸਰੀਰ ਉੱਤੇ ਲੋਹਾ ਪਹਿਨਣ ਦਾ ਆਦੇਸ਼ ਦਿੱਤਾ ਗਿਆ ਸੀ। ਉਨ੍ਹਾਂ ਨੂੰ ਸ਼ੁਧ ਜੀਵਨ ਜਿਊਣ ਦੀ ਅਤੇ ਸ਼ਰਾਬ ਆਦਿ ਨਸ਼ੀਲੀਆਂ ਚੀਜ਼ਾਂ ਨਾ ਪੀਣ ਲਈ ਹਦਾਇਤ ਕੀਤੀ ਗਈ ਸੀ। ਉਨ੍ਹਾਂ ਨੂੰ ਆਦੇਸ਼ ਦਿੱਤਾ ਗਿਆ ਸੀ ਕਿ ਉਹ ਵਿਸ਼ੇਸ਼ ਕਰਕੇ ਤੰਬਾਕੂ ਦੀ ਵਰਤੋਂ ਤੋਂ ਪ੍ਰਹੇਜ਼ ਕਰਨ ਜੋ ਜਿਸਮਾਨੀ ਤੌਰ ਤੇ ਸਿਹਤ ਲਈ ਹਾਨੀਕਾਰਕ ਹੋਣ ਤੋਂ ਇਲਾਵਾ ਮਨੁੱਖ ਨੂੰ ਸੁਸਤ ਵੀ ਬਣਾਉਂਦਾ ਹੈ। ਉਨ੍ਹਾਂ ਸਿੱਖਾਂ ਨੂੰ ਉਹੀ ਚਿੰਨ੍ਹ ਜੋ 'ਕ' ਅੱਖਰ ਨਾਲ ਸ਼ੁਰੂ ਹੁੰਦੇ ਹਨ ਜਿਵੇਂ ਕੇਸ਼, ਕੰਘਾ, ਕੱਛਾ, ਕੜਾ, ਅਤੇ ਕਿਰਪਾਨ ਨੂੰ ਪਹਿਨਣ ਦਾ ਹੁਕਮ ਦਿੱਤਾ ਗਿਆ ਸੀ। ਸਭ ਸਿੱਖਾਂ ਨੂੰ ਆਪਣੇ ਨਾਉਂ ਨਾਲ 'ਸਿੰਘ' ਸ਼ਬਦ ਲਾਉਣ ਦਾ ਹੁਕਮ ਦਿੱਤਾ ਗਿਆ। ਬਹਾਦਰੀ ਨੂੰ ਅਮਨ ਅਤੇ ਪਵਿੱਤਰਤਾ ਦੀ ਤਰ੍ਹਾਂ ਆਪਣੇ ਧਰਮ ਦਾ ਭਾਗ ਸਮਝਣ ਦਾ ਆਦੇਸ਼ ਦਿੱਤਾ ਗਿਆ ਸੀ। ਇਵੇਂ ਗੁਰੂ ਨਾਨਕ ਜੀ ਦੇ ਸਮੇਂ ਦੀਆਂ ਗਊਆਂ ਸ਼ੇਰ ਬਣ ਗਈਆਂ ਸਨ ਅਤੇ ਵੱਢ-ਖਾਣੇ ਜੰਗਲੀ ਜਾਨਵਰਾਂ ਦੁਆਰਾ ਖਾਧੇ ਜਾਣ ਦਾ ਹੁਣ ਕੋਈ ਖ਼ਤਰਾ ਨਹੀਂ ਸੀ ਰਿਹਾ। ਗੁਰੂ ਜੀ ਨੇ ਕਿਹਾ, "ਮੈਂ ਚਿੜੀਆਂ ਤੋਂ ਬਾਜ਼ ਮਰਵਾ ਦਿਆਂਗਾ।"

ਲੋਕਾਂ ਨੂੰ ਉੱਚਾ ਚੁੱਕਣ ਲਈ ਗੁਰੂ ਜੀ ਨੇ ਸਵੈਮਾਣ ਅਤੇ ਮਨੁੱਖੀ ਸਤਿਕਾਰ ਦੀ ਸਭ ਤੋਂ ਵੱਡੀ ਤੁਲ ਵਰਤੀ ਸੀ। ਸਿੱਖਾਂ ਉੱਤੇ ਮਸੰਦ ਲੋਕ ਹਾਵੀ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਮਸੰਦਾਂ ਦੇ ਨੀਵਾਂ ਕਰਨ ਵਾਲੇ ਪ੍ਰਭਾਵ ਤੋਂ ਮੁਕਤ ਕਰਵਾਇਆ ਅਤੇ ਮਸੰਦ ਪ੍ਰਥਾ ਨੂੰ ਖ਼ਤਮ ਕਰ ਦਿੱਤਾ ਅਤੇ ਮਸੰਦਾਂ ਨੂੰ ਬਰਾਦਰੀ ਵਿੱਚੋਂ ਛੇਕੇ ਹੋਏ ਹੋਣ ਦਾ ਐਲਾਨ ਕਰ ਦਿੱਤਾ। ਅੰਮ੍ਰਿਤ ਦੀ ਰਸਮ ਨੂੰ, ਜਿਵੇਂ ਅਸੀਂ ਵੇਖ ਲਿਆ ਹੈ, ਬਦਲੇ ਹੋਏ ਹਾਲਾਤ ਦੇ ਅਨੁਕੂਲ ਬਣਾਉਣ ਲਈ ਲੋੜੀਂਦੀ ਤਬਦੀਲੀ ਕੀਤੀ ਗਈ ਸੀ। ਅੰਮ੍ਰਿਤ ਤਿਆਰ ਕਰਨ ਵਿਚ ਵਰਤੇ ਪਾਣੀ ਨੂੰ ਗੁਰੂ ਜੀ ਦੇ ਪੈਰ ਦੇ ਅੰਗੂਠੇ ਨਾਲ ਛੋਹਣ ਦੀ ਥਾਂ ਦੋ ਧਾਰੇ ਖੰਡੇ ਨਾਲ ਹਿਲਾਇਆ ਜਾਣ ਲੱਗ ਪਿਆ। ਇਕ ਦੂਜੇ ਨੂੰ ਮਿਲਣ ਸਮੇਂ ਪ੍ਰਣਾਮ ਦੇ ਢੰਗ ਨੂੰ ਵੀ ਬਦਲ ਦਿੱਤਾ ਗਿਆ ਸੀ। ਇਕ ਦੂਜੇ ਦੇ ਪੈਰ ਛੋਹਣ ਦੀ ਥਾਂ, ਜਿਵੇਂ ਕਿ ਪਿਛਲਾ ਰਿਵਾਜ ਸੀ, ਹੁਣ ਅਗਾਂਹ ਲਈ ਸਾਹਮਣਿਉਂ ਹੱਥ ਜੋੜ ਕੇ ਖੜੇ ਹੋਣ ਅਤੇ, "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ" ਬੁਲਾਉਣ ਦਾ ਰਿਵਾਜ ਚਾਲੂ ਕੀਤਾ ਗਿਆ। ਗੁਰੂ ਜੀ ਨੇ ਹੋਲੀ ਦਾ ਤਿਉਹਾਰ ਵੀ ਆਪਣੇ ਢੰਗ ਨਾਲ ਮਨਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਇਸ ਨੂੰ ਹੋਲਾ ਮਹੱਲਾ ਕਿਹਾ। ਗੁਰੂ ਜੀ ਨੇ ਹਿੰਦੂ ਤਿਉਹਾਰ ਦੇ ਇਕ ਦਿਨ ਪਿੱਛੋਂ ਆਪਣੇ ਸਾਰੇ ਸਿੱਖਾਂ ਦੀ ਸੈਨਿਕ ਪਰੇਡ ਕਰਾਉਣ ਦਾ ਰਿਵਾਜ ਚਾਲੂ ਕਰ ਦਿੱਤਾ। ਇਸ ਪਰੇਡ ਸਮੇਂ ਸਿੱਖ ਆਪਣੀ ਸਭ ਤੋਂ ਵਧੀਆ ਪੁਸ਼ਾਕ ਪਹਿਣ ਕੇ ਬਾਹਰ ਨਿਕਲਦੇ ਅਤੇ ਇਕ ਕਿਸਮ ਦੀ ਨਕਲੀ ਲੜਾਈ ਲੜਦੇ। ਇਸ ਨਾਲ ਖਾਲਸੇ ਵਿਚ ਇਕ ਰੱਬੀ ਮਿਸ਼ਨ ਦੀ ਭਾਵਨਾ ਪੈਦਾ ਹੋ ਗਈ ਸੀ ਜਿਸ ਦੁਆਰਾ ਉਹ ਦੁਨੀਆਂ ਉੱਤੇ ਹੁੰਦੀਆਂ ਵਧੀਕੀਆਂ ਨੂੰ ਰੋਕਣ ਲਈ ਪੂਰੀ ਜ਼ਿੰਮੇਵਾਰੀ ਨਾਲ ਕੰਮ ਕਰਦੇ ਸਨ। ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਰਾਹ ਵਿਚ ਆਉਂਦੀਆਂ ਦੁਨਿਆਵੀ ਰੁਕਾਵਟਾਂ ਜਾਂ ਸ਼ਕਤੀ ਤੋਂ ਸਿੱਖ ਭੈ-ਭੀਤ ਨਹੀਂ ਸਨ ਹੁੰਦੇ। ਆਪਣੇ ਨੇਕ ਮਨੋਰਥ ਦੀ ਸ਼ਕਤੀ ਵਿਚ ਸਿੱਖਾਂ ਦਾ ਅਟੱਲ ਵਿਸ਼ਵਾਸ ਸੀ ਅਤੇ ਹਰ ਸਿੱਖ ਆਪਣੇ ਆਪ ਨੂੰ ਸਵਾ ਲੱਖ ਸਮਝਦਾ ਸੀ। ਅਜ ਵੀ ਜੇ ਕੋਈ ਕਦੇ ਕਿਸੇ ਸਿੱਖ ਨੂੰ ਸਾਧਾਰਣ ਹੀ ਮਿਲ ਪਵੇ ਤਾਂ ਉਹ ਆਦਮੀ ਸਿੱਖ ਨੂੰ ਸੰਬੋਧਨ ਕਰਕੇ

ਇਹ ਕਹੇਗਾ ਕਿ 'ਸਵਾ ਲੱਖ ਫ਼ੌਜ ਕਿਧਰੋਂ ਆਈ ਹੈ'।

ਗੁਰੂ ਜੀ ਨੇ ਖ਼ੁਦ ਵੀ ਆਪਣੀ ਕੌਮ ਦੀ ਕਦਰ-ਕੀਮਤ ਅਤੇ ਮਾਣ ਸਨਮਾਨ ਨੂੰ ਪਹਿਚਾਣ ਲਿਆ ਸੀ ਅਤੇ ਉਹ ਸਦਾ ਹੀ ਸਿੱਖਾਂ ਦੇ ਇਕੱਠ ਨੂੰ ਬਹੁਤ ਸਤਿਕਾਰ ਅਤੇ ਆਦਰ ਨਾਲ ਯਾਦ ਕਰਦੇ ਸਨ। ਇਕ ਵਾਰ ਉਨ੍ਹਾਂ ਨੇ ਆਪਣੇ ਸਿੱਖਾਂ ਬਾਰੇ ਨਿਮਨ ਲਿਖਤ ਅਨੁਸਾਰ ਆਪਣੇ ਵਿਚਾਰ ਪ੍ਰਗਟ ਕੀਤੇ ਸਨ :

*ਯੁਧ ਜਿਤੇ ਇਨਹੀ ਕੇ ਪ੍ਰਸਾਦਿ। ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ ॥*
*ਅਘ ਉਘ ਟਰੇ ਇਨ ਹੀ ਕੇ ਪ੍ਰਸਾਦਿ। ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ ॥*
*ਇਨ ਹੀ ਕੇ ਪ੍ਰਸਾਦਿ ਸੁ ਵਿਦਯਾ ਲਈ। ਇਨ ਹੀ ਕੀ ਕ੍ਰਿਪਾ ਸਭ ਸਤ੍ਰ ਮਰੇ ॥*
*ਇਨ ਹੀ ਕੀ ਕ੍ਰਿਪਾ ਸੇ ਸਜੇ ਹਮ ਹੈਂ। ਨਹਿ ਮੋ ਸੇ ਗਰੀਬ ਕਰੋਰ ਪਰੇ ॥*[148]

"ਜਿਹੜਾ ਮੈਨੂੰ ਮਿਲਣਾ ਚਾਹੁੰਦਾ ਹੈ ਉਹ ਸਿੱਖ ਸੰਗਤ ਵਿਚ ਜਾਏ ਅਤੇ ਪੂਰਨ ਨਿਸ਼ਚੇ ਅਤੇ ਮਾਣ ਆਦਰ ਨਾਲ ਉਥੇ ਹਾਜ਼ਰ ਹੋਵੇ। ਉਹ ਅਵੱਸ਼ ਹੀ ਮੈਨੂੰ ਮਿਲ ਸਕੇਗਾ।"[149] ਭਾਵੇਂ ਉਹ ਆਗੂ ਸਨ ਪਰ ਉਹ ਆਪਣੇ ਆਪ ਨੂੰ ਸੰਗਤਾਂ ਦਾ ਦਾਸ ਸਮਝਦੇ ਸਨ। "ਉਨ੍ਹਾਂ ਦੀ ਸੇਵਾ ਕਰਨ ਨਾਲ ਮੇਰੇ ਮਨ ਨੂੰ ਪ੍ਰਸੰਨਤਾ ਹੁੰਦੀ ਹੈ। ਕੋਈ ਹੋਰ ਸੇਵਾ ਮੇਰੇ ਮਨ ਨੂੰ ਇਤਨੀ ਨਹੀਂ ਭਾਉਂਦੀ। ਮੇਰੇ ਘਰ ਵਿਚ ਜੋ ਕੁਝ ਵੀ ਹੈ, ਇਥੋਂ ਤਕ ਕਿ ਮੇਰੀ ਆਤਮਾ ਅਤੇ ਮੇਰਾ ਸਰੀਰ ਵੀ, ਉਨ੍ਹਾਂ ਲਈ ਹਾਜ਼ਰ ਹਨ।"

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅੰਮ੍ਰਿਤ ਦੁਆਰਾ ਆਪਣਾ ਜੀਵਨ ਸਿੱਖਾਂ ਦੇ ਅੰਦਰ ਭਰ ਦਿੱਤਾ ਅਤੇ ਉਨ੍ਹਾਂ ਉੱਤੇ ਆਪਣੀ ਸ਼ਖ਼ਸੀਅਤ ਦੀ ਛਾਪ ਲਾ ਦਿੱਤੀ। ਉਨ੍ਹਾਂ ਦੇ ਚਿਹਨ ਚੱਕਰ ਉੱਤੇ ਇਕ ਦੇਵ ਲੋਕੀ ਪ੍ਰਭਾਵ ਸੀ ਜੋ ਉਨ੍ਹਾਂ ਦੇ ਸਿੱਖਾਂ ਨੂੰ ਸਪੱਸ਼ਟ ਰੂਪ ਵਿਚ ਦਿਖਾਈ ਦਿੰਦਾ ਸੀ। ਉਨ੍ਹਾਂ ਦੀ ਛਾਪ ਨਾਲ ਸਿੱਖਾਂ ਦੇ ਮਨ ਦੀ ਬਣਤਰ ਨਾ ਕੇਵਲ ਉੱਚੀ ਅਤੇ ਬਦਲੇ ਹੋਏ ਰੂਪ ਵਿਚ ਹੀ ਸਾਹਮਣੇ ਆਉਂਦੀ ਸੀ ਸਗੋਂ ਮਾਨਵ-ਵੰਸ਼-ਵਿਗਿਆਨ ਦੇ ਮਾਹਿਰਾਂ ਦੇ ਤਜਰਬੇ ਦੇ ਉਲਟ ਇਸ ਦਾ ਪਦਾਰਥਕ ਤੌਰ ਤੇ ਵੀ ਅਸਰ ਹੋਇਆ ਅਤੇ ਉਨ੍ਹਾਂ ਦੇ ਜਿਸਮਾਨੀ ਅੰਗਾਂ ਨੂੰ ਵੀ ਵਡੱਤਣ ਪ੍ਰਾਪਤ ਹੋਈ।[150] ਉਹ ਸਰੀਰਕ ਸੁੰਦਰਤਾ ਅਤੇ ਇਖ਼ਲਾਕੀ ਸ਼ਾਨ ਦੇ ਨਮੂਨੇ ਸਮਝੇ ਜਾਣ ਲੱਗ ਪਏ। ਸਾਰੇ ਕੌਮੀ ਸੁਭਾ ਵਿਚ ਇਕ ਮਹਾਨ ਪਰਿਵਰਤਨ ਉਤਪੰਨ ਹੋ ਗਿਆ। ਉਹ ਲੋਕ ਵੀ ਜਿਨ੍ਹਾਂ ਨੂੰ ਮਨੁੱਖਤਾ ਦੀ ਤਲਛਟ ਸਮਝਿਆ ਜਾਂਦਾ ਸੀ ਬਦਲ ਕੇ ਬੜੇ ਵਚਿੱਤਰ ਅਤੇ ਮਹਾਨ ਬਣਾ ਦਿੱਤੇ ਗਏ ਜਿਵੇਂ ਕਿ ਕੋਈ ਜਾਦੂ ਕਰ ਦਿੱਤਾ ਗਿਆ ਹੋਵੇ। ਝਾੜੂ ਦੇਣ ਵਾਲੇ, ਨਾਈ ਅਤੇ ਹਲਵਾਈ, ਜਿਨ੍ਹਾਂ ਨੇ ਤਲਵਾਰ ਨੂੰ ਕਦੇ ਹੱਥ ਲਾ ਕੇ ਵੀ ਨਹੀਂ ਸੀ ਦੇਖਿਆ ਅਤੇ ਜਿਨ੍ਹਾਂ ਦੀਆਂ ਪੁਸ਼ਤਾਂ ਦੀਆਂ ਪੁਸ਼ਤਾਂ ਅਖੌਤੀ ਉੱਚੀਆਂ ਸ਼੍ਰੇਣੀਆਂ ਦੇ ਨਿਮਾਣੇ ਦਾਸਾਂ ਵਜੋਂ ਉਮਰਾਂ ਦੀਆਂ ਉਮਰਾਂ ਲੰਘਾ ਗਈਆਂ ਸਨ, ਗੁਰੂ ਗੋਬਿੰਦ ਸਿੰਘ ਜੀ ਦੀ ਉਤਸ਼ਾਹੀ ਅਗਵਾਈ ਵਿਚ ਸ਼ਕਤੀਸ਼ਾਲੀ ਯੋਧੇ ਬਣ ਗਏ। ਉਹ ਕਦੇ ਭੈ-ਭੀਤ ਨਹੀਂ ਹੋਏ ਅਤੇ ਗੁਰੂ ਦੇ ਹੁਕਮ ਤੇ ਮੌਤ ਦੇ ਮੂੰਹ ਵਿਚ ਭਜ ਵੜਨ ਲਈ ਸਦਾ ਤਿਆਰ ਰਹਿੰਦੇ ਸਨ।

---

148. *ਦਸਮ ਗ੍ਰੰਥ*, ਪੰਨਾ 645.
149. *ਪ੍ਰੇਮ ਸੁਮਾਰਗ*; ਪ੍ਰਹਿਲਾਦ ਸਿੰਘ ਦਾ *ਰਹਿਤਨਾਮਾ.*
150. Burnes, *Travels*, i, p 285 and ii, p. 39.
Chunningham's *History of the Sikhs*, p. 84.
Elphinstone's *History of India*, ii, p. 564.

ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਸਾਜਣ ਦਾ ਮਨੋਰਥ ਸ਼ੁਧ ਲੋਕਾਂ ਦੀ ਇਕ ਕੌਮ ਦੀ ਨੀਂਹ ਰੱਖਣੀ ਸੀ ਜੋ ਧਰਮ ਅਤੇ ਸਮਾਜ ਦੀਆਂ ਬੁਰਾਈਆਂ ਤੋਂ ਸੁਤੰਤਰ ਹੋਣ ਪਰ ਸਮੇਂ ਦੇ ਹਾਕਮ ਨੇ ਸਮਝਿਆ ਕਿ ਗੁਰੂ ਜੀ ਉਨ੍ਹਾਂ ਉੱਤੇ ਹਮਲਾ ਕਰਨ ਅਤੇ ਉਨ੍ਹਾਂ ਨੂੰ ਨਸ਼ਟ ਕਰਨ ਲਈ ਇਕ ਫ਼ੌਜ ਬਣਾ ਰਹੇ ਹਨ।[151] ਅਨੰਦਪੁਰ ਸਾਹਿਬ ਕਹਿਲੂਰ ਰਿਆਸਤ ਦੇ ਇਲਾਕੇ ਵਿਚ ਸੀ ਅਤੇ ਹੋਰ ਪਹਾੜੀ ਰਾਜਾਂ ਨਾਲ ਘਿਰਿਆ ਹੋਇਆ ਸੀ। ਉਨ੍ਹਾਂ ਰਾਜਾਂ ਦੇ ਹਿੰਦੂ ਰਾਜਿਆਂ ਨੂੰ ਗੁਰੂ ਸਾਹਿਬ ਦੀਆਂ ਕਾਰਵਾਈਆਂ ਤੋਂ ਆਪਣੇ ਧਰਮ ਅਤੇ ਆਪਣੀ ਸੱਤਾ ਨੂੰ ਖ਼ਤਰਾ ਜਾਪਿਆ। ਕਹਿਲੂਰ ਦੇ ਰਾਜਾ ਨੇ ਉਨ੍ਹਾਂ ਨੂੰ ਚਿੱਠੀ ਲਿਖੀ ਕਿ ਜਾਂ ਤਾਂ ਉਹ ਉਸ ਦੇ ਰਾਜ ਵਿੱਚੋਂ ਉਠ ਕੇ ਚਲੇ ਜਾਣ ਜਾਂ ਅਧੀਨਗੀ ਵਜੋਂ ਉਸ ਨੂੰ ਕਰ ਭਰਨ। ਗੁਰੂ ਜੀ ਨੇ ਇਨ੍ਹਾਂ ਵਿੱਚੋਂ ਕੋਈ ਵੀ ਗੱਲ ਮੰਨਣ ਤੋਂ ਨਾਂਹ ਕਰ ਦਿੱਤੀ ਅਤੇ ਦੋਨਾਂ ਧਿਰਾਂ ਵਿਚਕਾਰ ਵਿਰੋਧ ਦੀ ਹਾਲਤ ਸ਼ੁਰੂ ਹੋ ਗਈ।

ਪਹਾੜੀ ਰਾਜਿਆਂ ਨੇ ਪਹਿਲਾਂ ਹੀ ਗੁਰੂ ਸਾਹਿਬ ਨਾਲ ਲੜ ਵੇਖਿਆ ਸੀ ਅਤੇ ਉਨ੍ਹਾਂ ਦੀ ਸ਼ਕਤੀ ਤੋਂ ਜਾਣੂੰ ਸਨ। ਉਨ੍ਹਾਂ ਨੇ ਦਿੱਲੀ ਮੁਗ਼ਲ ਬਾਦਸ਼ਾਹ ਪਾਸ ਮਦਦ ਲਈ ਬੇਨਤੀ ਕੀਤੀ। ਔਰੰਗਜ਼ੇਬ ਉਸ ਵੇਲੇ ਦੱਖਣ ਵਿਚ ਸੀ। ਉਸ ਨੇ ਲਾਹੌਰ ਅਤੇ ਸਰਹੰਦ ਦੇ ਗਵਰਨਰਾਂ ਨੂੰ ਗੁਰੂ ਜੀ ਵਿਰੁੱਧ ਕਾਰਵਾਈ ਕਰਨ ਦਾ ਹੁਕਮ ਦਿੱਤਾ।[152] ਉਨ੍ਹਾਂ ਨੇ 1701 ਈ. ਵਿਚ ਆਨੰਦਪੁਰ ਤੇ ਹਮਲਾ ਕੀਤਾ। ਸਿੱਖ ਬਹੁਤ ਬਹਾਦਰੀ ਨਾਲ ਲੜੇ ਅਤੇ ਹਿੰਦੂ ਤੇ ਮੁਸਲਮਾਨ ਫ਼ੌਜਾਂ ਦੇ ਮੁੜ ਮੁੜ ਕੀਤੇ ਹਮਲਿਆਂ ਦਾ ਤਿੰਨ ਸਾਲਾਂ ਤਕ ਟਾਕਰਾ ਕਰਦੇ ਰਹੇ ਪਰ ਵੈਰੀਆਂ ਵੱਲੋਂ ਸਿੱਖਾਂ ਦਾ ਸਭ ਰਾਸ਼ਨ ਪਾਣੀ ਰੋਕ ਦੇਣ ਕਾਰਣ ਭੁੱਖ ਅਤੇ ਪਿਆਸ ਹੱਥੋਂ ਉਹ ਬਹੁਤ ਦੁੱਖੀ ਹੋਏ। ਉਨ੍ਹਾਂ ਵਿੱਚੋਂ ਕੁਝ ਨੇ ਅਨੁਭਵ ਕੀਤਾ ਕਿ ਉਹ ਅਗਾਂਹ ਮੁਕਾਬਲਾ ਨਹੀਂ ਕਰ ਸਕਦੇ। ਉਨ੍ਹਾਂ ਵਿਚ ਅਸੰਤੁਸ਼ਟਤਾ ਦੇ ਚਿੰਨ੍ਹ ਦਿਸ ਰਹੇ ਸਨ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਆਪਣੀ ਰਜ਼ਾ ਪ੍ਰਗਟ ਕਰਨ। ਉਨ੍ਹਾਂ ਵਿੱਚੋਂ ਚਾਲੀ ਸਿੱਖਾਂ ਨੇ ਬੇਦਾਵਾ ਲਿਖ ਦਿੱਤਾ ਅਤੇ ਉਨ੍ਹਾਂ ਨੂੰ ਉਥੋਂ ਚਲੇ ਜਾਣ ਦੀ ਆਗਿਆ ਦੇ ਦਿੱਤੀ ਗਈ। ਬਾਕੀ ਦਿਆਂ ਨੇ ਆਪਣੇ ਆਗੂ ਨਾਲ ਹੀ ਔਖ ਸੌਖ ਝੱਲਣ ਦਾ ਫੈਸਲਾ ਕੀਤਾ। ਗੁਰੂ ਜੀ ਦਾ ਮਨ ਸਦਾ ਦੀ ਤਰ੍ਹਾਂ ਹੀ ਦ੍ਰਿੜ੍ਹ ਸੀ ਪਰ ਦੁਖੀ ਖਾਲਸੇ ਦੀ ਝਾਕੀ ਅਤੇ ਵੈਰੀਆਂ ਦੇ ਇਕਰਾਰ ਨੇ, ਕਿ ਉਹ ਸਿੱਖਾਂ ਨੂੰ ਉਥੋਂ ਬਿਨਾਂ ਕਿਸੇ ਮੁਸ਼ਕਲ ਦੇ ਨਿਕਲ ਲੈਣ ਦੇਣਗੇ, ਉਨ੍ਹਾਂ ਨੂੰ ਉਹ ਨਗਰ ਛੱਡ ਦੇਣ ਲਈ ਤਿਆਰ ਕਰ ਦਿੱਤਾ। ਉਨ੍ਹਾਂ ਨੇ 1705 ਦੀ ਸਰਦੀਆਂ ਦੀ ਰੁੱਤੇ ਅਨੰਦਪੁਰ ਛੱਡਿਆ।

ਪਰ ਜਿਵੇਂ ਹੀ ਉਹ ਉਥੋਂ ਬਾਹਰ ਨਿਕਲੇ ਤਾਂ ਸਰਸਾ ਦੇ ਕੰਢੇ ਇਕ ਭਾਰੀ ਵੈਰੀ ਫ਼ੌਜ ਨੇ ਉਨ੍ਹਾਂ ਉੱਤੇ ਹੱਲਾ ਕਰ ਦਿੱਤਾ। ਹਨੇਰੇ ਅਤੇ ਬਾਰਿਸ਼ ਵਿਚ ਬੜੀ ਸਖ਼ਤ ਲੜਾਈ ਹੋਈ। ਜਦੋਂ ਮਰੇ ਹੋਇਆਂ ਅਤੇ ਮਰ ਰਹਿਆਂ ਉੱਤੇ ਦਿਨ ਦਾ ਚੜ੍ਹਾਅ ਹੋਇਆ ਤਾਂ ਗੁਰੂ ਜੀ ਨਿੱਤ ਦੀ ਤਰ੍ਹਾਂ ਹੀ ਅਡੋਲ ਸਨ। ਉਨ੍ਹਾਂ ਨੇ ਆਮ ਵਾਂਗ ਆਪਣਾ ਸਵੇਰ ਦਾ ਨਿਤਨੇਮ ਕੀਤਾ ਅਤੇ ਗੂੰਜ ਰਹੀਆਂ ਤੋਪਾਂ ਅਤੇ ਸ਼ੂਕਦੇ ਤੀਰਾਂ ਦੇ ਵਿਚਕਾਰ ਹੀ ਉਨ੍ਹਾਂ ਨੇ ਚੁਪ ਚਾਪ ਪਰਮਾਤਮਾ ਦੀ ਉਸਤਤ ਵਿਚ ਆਪਣਾ ਪਾਠ ਕੀਤਾ।

---

151. 'ਧਰਮ ਦੀ ਸਥਾਪਨਾ ਲਈ ਪਾਪ ਨੂੰ ਖ਼ਤਮ ਕਰਨ ਅਤੇ ਪਰਮਾਤਮਾ ਦੀ ਭਗਤੀ ਲਈ ਗੁਰੂ ਜੀ ਨੇ ਇਕ ਨਵੀਂ ਪ੍ਰਣਾਲੀ ਆਰੰਭ ਕੀਤੀ ਸੀ। ਦੁਨੀਆਂ ਤੀਜੇ ਧਰਮ ਨੂੰ ਦੇਖ ਕੇ ਦੰਗ ਰਹਿ ਗਈ ਅਤੇ ਵੈਰੀਆਂ ਨੂੰ ਡਰ ਹੋ ਗਿਆ ਕਿ ਇਹ ਨਵਾਂ ਧਰਮ ਉਨ੍ਹਾਂ ਦੀ ਰਾਜ ਸੱਤਾ ਨੂੰ ਸਮਾਪਤ ਕਰ ਦੇਵੇਗਾ।' *ਸੂਰਜ ਪ੍ਰਕਾਸ਼*, III, xix, 44.

152. ਲਾਹੌਰ ਦੇ ਇਕ ਕਮਾਂਡਰ ਸੈਦ ਬੇਗ ਨੂੰ ਗੁਰੂ ਸਾਹਿਬ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ। ਉਹ ਗੁਰੂ ਜੀ ਦੀ ਦਿਲ ਖਿੱਚਵੀਂ ਸ਼ਖਸੀਅਤ ਤੋਂ ਬੜਾ ਪ੍ਰਭਾਵਿਤ ਹੋਇਆ। ਉਸ ਨੇ ਆਪਣੀ ਤਲਵਾਰ ਸੁੱਟ ਦਿੱਤੀ ਅਤੇ ਇਸ ਨੂੰ ਸਿੱਖਾਂ ਵਿਰੁੱਧ ਨਾ ਵਰਤਣ ਦੀ ਪ੍ਰਤਿਗਿਆ ਲਈ। ਦੇਖੋ *ਸਾਖੀ ਪੋਥੀ*, ਪੰਨਾ 59; *ਸੂਰਜ ਪ੍ਰਕਾਸ਼*, V, xxxii, ਪੰਨੇ 16-36 ਅਨੁਸਾਰ ਪਿੱਛੋਂ ਉਹ ਗੁਰੂ ਜੀ ਦੇ ਪਾਸੇ ਹੋ ਕੇ ਲੜਦਾ ਮਾਰਿਆ ਗਿਆ। ਮੈਮੂ ਖ਼ਾਂ ਵਰਗੇ ਕੁਝ ਹੋਰ ਮੁਸਲਮਾਨ ਵੀ ਸਨ ਜੋ ਗੁਰੂ ਜੀ ਦੀ ਖਾਤਰ ਲੜੇ ਸਨ।

ਹੋਣ ਵਾਲੀ ਭਗਦੜ ਵਿਚ ਗੁਰੂ ਜੀ ਦਾ ਸਾਮਾਨ, ਜਿਸ ਵਿਚ ਬੜੀਆਂ ਅਣਮੁੱਲੀਆਂ ਹੱਥ-ਲਿਖਤਾਂ ਸ਼ਾਮਿਲ ਸਨ, ਸਰਸਾਂ ਨਦੀ ਵਿਚ ਰੁੜ੍ਹ ਗਿਆ। ਗੁਰੂ ਜੀ ਆਪਣੇ ਪਰਿਵਾਰ ਦੇ ਕੁਝ ਮੈਂਬਰਾਂ ਨਾਲੋਂ ਵੱਖ ਹੋ ਗਏ ਪਰ ਉਹ ਚਮਕੌਰ ਸਾਹਿਬ ਦੇ ਸਥਾਨ ਤੇ ਪੁੱਜਣ ਵਿਚ ਸਫ਼ਲ ਹੋ ਗਏ ਜੋ ਅਜਕਲ ਦੇ ਜ਼ਿਲ੍ਹਾ ਰੋਪੜ ਵਿਚ ਹੈ।

ਉਨ੍ਹਾਂ ਦੇ ਦੋ ਛੋਟੇ ਸਾਹਿਬਜ਼ਾਦਿਆਂ, ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ, ਨੇ ਆਪਣੀ ਦਾਦੀ ਗੁਜਰੀ ਜੀ ਨਾਲ ਆਪਣੇ ਪੁਰਾਣੇ ਸੇਵਾਦਾਰ ਦੇ ਘਰ ਪਨਾਹ ਲਈ ਪਰ ਇਸ ਆਦਮੀ ਨੇ ਇਨ੍ਹਾਂ ਨੂੰ ਧੋਖਾ ਦੇ ਕੇ ਲਾਗੇ ਦੇ ਮੁਰਿੰਡਾ ਥਾਣੇ ਦੇ ਕੋਤਵਾਲ ਦੇ ਸਪੁਰਦ ਕਰ ਦਿੱਤਾ ਜਿਸ ਨੇ ਇਨ੍ਹਾਂ ਨੂੰ ਸਰਹਿੰਦ ਦੇ ਗਵਰਨਰ ਵਜ਼ੀਰ ਖ਼ਾਂ ਦੇ ਹਵਾਲੇ ਕਰ ਦਿੱਤਾ। ਵਜ਼ੀਰ ਖ਼ਾਂ ਨੇ ਬੜੀ ਨਿਰਦਇਤਾ ਨਾਲ ਇਨ੍ਹਾਂ ਬੱਚਿਆਂ ਨੂੰ ਮਰਵਾ ਦਿੱਤਾ।[153] ਉਸ ਨੇ ਮਲੇਰਕੋਟਲਾ ਦੇ ਨਵਾਬ ਦੇ ਇਤਰਾਜ਼ ਦੀ ਵੀ ਕੋਈ ਪ੍ਰਵਾਹ ਨਾ ਕੀਤੀ।[154] ਬੱਚਿਆਂ ਦੇ ਦਾਦੀ ਜੀ ਉਨ੍ਹਾਂ ਦੀ ਮੌਤ ਦਾ ਸਦਮਾ ਨਾ ਝੱਲ ਸਕੇ ਅਤੇ ਮੌਤ ਦੀ ਖ਼ਬਰ ਸੁਣਦਿਆਂ ਹੀ ਉਨ੍ਹਾਂ ਨੇ ਆਪਣੇ ਸਵਾਸ ਤਿਆਗ ਦਿੱਤੇ।

ਵੈਰੀ ਫ਼ੌਜਾਂ ਨੇ ਚਮਕੌਰ ਸਾਹਿਬ ਤਕ ਗੁਰੂ ਜੀ ਦਾ ਪਿੱਛਾ ਕੀਤਾ ਅਤੇ ਉਨ੍ਹਾਂ ਨੂੰ ਘੇਰਾ ਪਾ ਲਿਆ। 40[155] ਸਿੱਖਾਂ ਦੇ ਇਕ ਛੋਟੇ ਜਿਹੇ ਸ਼ਰਧਾਲੂ ਜਥੇ ਨੇ ਇਕ ਕੱਚੀ ਗੜ੍ਹੀ ਦੀ ਸ਼ਰਨ ਲੈ ਕੇ ਹਜ਼ਾਰਾਂ ਆਦਮੀਆਂ ਦਾ ਡੱਟ ਕੇ ਮੁਕਾਬਲਾ ਕੀਤਾ। ਉਥੇ ਗੁਰੂ ਸਾਹਿਬ ਦੇ ਬਾਕੀ ਦੋ ਪੁੱਤਰ ਅਤੇ ਤਿੰਨ ਪਿਆਰੇ ਵੀ ਸ਼ਹੀਦ ਹੋ ਗਏ। ਜਦੋਂ ਗੁਰੂ ਸਾਹਿਬ ਤੋਂ ਬਿਨਾਂ ਪੰਜ ਹੋਰ ਸਿੱਖ ਬਾਕੀ ਰਹਿ ਗਏ ਤਾਂ ਉਨ੍ਹਾਂ ਨੇ ਗੁਰੂ ਜੀ ਨੂੰ ਉਹ ਥਾਂ ਛੱਡ ਦੇਣ ਲਈ ਰਾਜ਼ੀ ਕਰ ਲਿਆ। ਗੁਰੂ ਜੀ ਭੇਸ ਵਟਾ ਕੇ ਉਥੋਂ ਨਿਕਲ ਤੁਰੇ।

ਗੁਰੂ ਜੀ ਦੇ ਥਾਂ ਥਾਂ ਘੁੰਮਣ ਦੀ ਕਹਾਣੀ ਰੌਂਗਟੇ ਖੜੇ ਕਰ ਦੇਣ ਵਾਲਾ ਇਕ ਸਾਕਾ ਹੈ। ਇਨ੍ਹਾਂ ਦਿਨਾਂ ਵਿਚ ਗੁਰੂ ਜੀ ਮਾਛੀਵਾੜੇ ਦੇ ਕੰਡਿਆਲੇ ਜੰਗਲ ਵਿਚ ਨੰਗੇ ਪੈਰੀਂ ਘੁੰਮਦੇ ਫਿਰੇ ਅਤੇ ਉਨ੍ਹਾਂ ਨੇ ਦਸੰਬਰ ਦੀਆਂ ਠੰਡੀਆਂ ਰਾਤਾਂ ਨੰਗੇ ਆਕਾਸ਼ ਥੱਲੇ ਟਿਮਟਮਾਉਂਦੇ ਤਾਰਿਆਂ ਵੱਲ ਵੇਖਦਿਆਂ ਲੰਘਾਈਆਂ। ਕਈ ਦਿਨਾਂ ਤਕ ਉਨ੍ਹਾਂ ਨੂੰ ਖਾਣ ਨੂੰ ਕੁਝ ਨਹੀਂ ਮਿਲਿਆ ਅਤੇ ਉਨ੍ਹਾਂ ਨੇ ਅੱਕ ਦੇ ਪੱਤਿਆਂ ਨੂੰ ਖਾ ਕੇ ਹੀ ਗੁਜ਼ਾਰਾ ਕੀਤਾ ਅਤੇ ਉਸ ਅਣਹੋਣੀ ਦਸ਼ਾ ਵਿਚ ਉਨ੍ਹਾਂ ਨੇ ਮਿੱਟੀ ਦੇ ਢੇਲੇ ਨੂੰ ਆਪਣਾ ਸਿਰ੍ਹਾਣਾ ਅਤੇ ਨੰਗੀ ਧਰਤੀ ਨੂੰ ਆਪਣਾ ਬਿਸਤਰ ਬਣਾਇਆ। ਦੋ ਪਠਾਣਾਂ, ਨਬੀ ਖ਼ਾਂ ਅਤੇ ਗਨੀ ਖਾਂ, ਨੇ ਉਨ੍ਹਾਂ ਨੂੰ ਫੱਟੇ ਕਪੜਿਆਂ ਅਤੇ ਪੈਰਾਂ ਤੇ ਛਾਲੇ ਪਈ ਦਸ਼ਾ ਵਿਚ ਲੇਟਿਆਂ

153. ਗੁਰੂ ਜੀ ਦੇ ਸਾਹਿਬਜ਼ਾਦਿਆਂ ਦੇ ਨਾਵਾਂ ਵਿਚ ਅੰਤਰ ਹੈ ਜੋ ਚਮਕੌਰ ਸਾਹਿਬ ਵਿਚ ਸ਼ਹੀਦ ਹੋਏ ਸਨ ਅਤੇ ਜਿਹੜੇ ਸਰਹੰਦ ਵਿਚ ਸ਼ਹੀਦ ਕੀਤੇ ਗਏ ਸਨ। ਇਸ ਰਾਏ ਉੱਤੇ ਸਹਿਮਤੀ ਹੈ ਕਿ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਅਤੇ ਜੁਝਾਰ ਸਿੰਘ, ਜੋ ਗੁਰੂ ਜੀ ਨਾਲ ਰਣਭੂਮੀ ਵਿਚ ਜਾ ਸਕਦੇ ਸਨ, 22 ਦਸੰਬਰ, 1705 ਨੂੰ ਚਮਕੌਰ ਸਾਹਿਬ ਵਿਚ ਲੜਦੇ ਮਾਰੇ ਗਏ ਅਤੇ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਨੂੰ ਸਰਹੰਦ ਲੈ ਗਏ ਸਨ ਜਿੱਥੇ ਉਨ੍ਹਾਂ ਨੂੰ ਤਸੀਹੇ ਦਿੱਤੇ ਗਏ ਅਤੇ ਜਿਊਂਦਿਆਂ ਨੂੰ ਹੀ ਨੀਂਹਾਂ ਵਿਚ ਚਿਣ ਦਿੱਤਾ ਗਿਆ ਅਤੇ ਆਖ਼ਰ ਵਿਚ 27 ਦਸੰਬਰ, 1705 ਨੂੰ ਉਨ੍ਹਾਂ ਦੇ ਸਿਰ ਕੱਟ ਦਿੱਤੇ ਗਏ। ਨੀਂਹਾਂ ਵਿਚ ਹੀ ਸਾਹਿਬਜ਼ਾਦਿਆਂ ਦੇ ਸੁਆਸ ਦੇਣ ਵਾਲੀ ਗੱਲ ਪਿੱਛੋਂ ਦੀ ਬਣੀ ਹੋਈ ਹੈ ਅਤੇ ਇਸ ਦਾ ਪਹਿਲੀ ਵਾਰ ਜ਼ਿਕਰ ਪਟਿਆਲਾ ਦੇ ਵੀਰ ਸਿੰਘ ਨੇ 1827 ਈ. ਵਿਚ ਆਪਣੀ ਪੁਸਤਕ *ਸਿੰਘ ਸਾਗਰ* ਵਿਚ ਕੀਤਾ ਸੀ। ਅਸੀਂ ਉਸ ਤੋਂ ਪਹਿਲੋਂ ਦੀਆਂ ਕੇਸਰ ਸਿੰਘ (1780), ਸੁਖਾ ਸਿੰਘ (1797) ਅਤੇ ਰਤਨ ਸਿੰਘ (1809) ਦੀਆਂ ਰਚਨਾਵਾਂ ਵਰਤੀਆਂ ਹਨ।

154. Inayat Ali Khan's *Description of the Principal Kotla Afghans*, pp. 13-14. James Browne, ii, pp. 7-8. ਸਿੱਖਾਂ ਨੇ ਸਦਾ ਹੀ ਨਵਾਬ ਦੇ ਇਸ ਵਿਰੋਧ ਨੂੰ ਸ਼ੁਕਰਗੁਜ਼ਾਰੀ ਦੀ ਭਾਵਨਾ ਨਾਲ ਯਾਦ ਕੀਤਾ ਹੈ ਅਤੇ ਸਿੱਖਾਂ ਨੇ ਮੁਸਲਮਾਨ ਹਾਕਮਾਂ ਨਾਲ ਖ਼ਰਾਬ ਸੰਬੰਧਾਂ ਦੇ ਸਾਰੇ ਸਮੇਂ ਵਿਚ ਮਲੇਰਕੋਟਲੇ ਦੇ ਨਵਾਬ-ਘਰਾਣੇ ਨੂੰ ਆਪਣੇ ਹਮਲਿਆਂ ਤੋਂ ਬਚਾਈ ਰਖਿਆ ਹੈ।

155. ਗੁਰੂ ਗੋਬਿੰਦ ਸਿੰਘ ਜੀ ਆਪਣੇ *ਜ਼ਫ਼ਰਨਾਮੇ* ਵਿਚ ਚਾਲੀਆਂ ਦਾ ਜ਼ਿਕਰ ਕਰਦੇ ਹਨ।

ਹੋਇਆ ਵੇਖਿਆ। ਉਹ ਜਾਣਦੇ ਸਨ ਕਿ ਸ਼ਾਹੀ ਫ਼ੌਜ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ ਅਤੇ ਗੁਰੂ ਜੀ ਅਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਉਹ ਛਡਣਗੇ ਨਹੀਂ ਪਰ ਉਨ੍ਹਾਂ ਪਠਾਣਾਂ ਨੇ ਗੁਰੂ ਜੀ ਦੀ ਖ਼ਾਤਰ ਆਪਣੀਆਂ ਜਾਨਾਂ ਖਤਰੇ ਵਿਚ ਪਾਉਣ ਦਾ ਫੈਸਲਾ ਕਰ ਲਿਆ। ਗੁਰੂ ਜੀ ਨੂੰ ਇਕ ਮੁਸਲਮਾਨ ਫਕੀਰ ਵਾਲਾ ਨੀਲਾ ਪਹਿਰਾਵਾ ਪਹਿਨਾ ਕੇ ਇਕ ਪਾਲਕੀ ਵਿਚ ਬਿਠਾ ਆਪਣੇ ਮੋਢਿਆਂ ਉਪਰ ਚੁੱਕ ਤੁਰੇ। ਸਭ ਪੁੱਛਣ ਵਾਲਿਆਂ ਨੂੰ ਉਨ੍ਹਾਂ ਇਹੀ ਦੱਸਿਆ ਕਿ ਉਹ ਉੱਚ ਦੇ ਪੀਰ ਨੂੰ ਲੈ ਕੇ ਜਾ ਰਹੇ ਸਨ। ਇਸ ਵਿਚੋਂ ਇਹ ਵੀ ਭਾਵ ਨਿਕਲਦਾ ਸੀ ਕਿ ਮੁਲਤਾਨ ਦੇ ਲਾਗੇ ਦੇ ਇਕ ਪਵਿੱਤਰ ਅਸਥਾਨ ਦੇ ਉੱਚ ਦੇ ਪੀਰ ਨੂੰ ਉਹ ਲੈ ਕੇ ਜਾ ਰਹੇ ਸਨ। ਉਨ੍ਹਾਂ ਦਾ ਪਿੱਛਾ ਕਰਦੀ ਇਕ ਟੋਲੀ ਦੇ ਕਮਾਂਡਰ ਨੇ ਪੀਰ ਸੰਬੰਧੀ ਬੜੀ ਡੂੰਘੀ ਪੁੱਛ ਪੜਤਾਲ ਕੀਤੀ। ਤਸੱਲੀਬਖ਼ਸ਼ ਉੱਤਰ ਨਾ ਮਿਲਣ ਤੇ ਉਸ ਕਮਾਂਡਰ ਨੇ ਕਾਜ਼ੀ ਪੀਰ ਮੁਹੰਮਦ ਨੂੰ, ਜੋ ਗੁਰੂ ਜੀ ਨੂੰ ਕਦੇ ਫਾਰਸੀ ਪੜ੍ਹਾਇਆ ਕਰਦਾ ਸੀ, ਸੱਦਿਆ ਅਤੇ ਉਸ ਤੋਂ ਇਸ ਪਾਲਕੀ ਵਿਚ ਬੈਠੇ ਆਦਮੀ ਬਾਰੇ ਪੁੱਛ-ਗਿੱਛ ਕੀਤੀ। ਕਾਜ਼ੀ ਨੇ ਸੁਖਾਵਾਂ ਉੱਤਰ ਦੇ ਕੇ ਸਥਿਤੀ ਨੂੰ ਵਿਗੜਨ ਤੋਂ ਬਚਾ ਲਿਆ। ਗੁਰੂ ਜੀ ਦੇ ਇਨ੍ਹਾਂ ਮੁਸਲਮਾਨ ਮਿੱਤਰਾਂ ਦੇ ਪਰਿਵਾਰਾਂ ਵਿਚ ਗੁਰੂ ਜੀ ਦੇ ਹੱਥ ਦੀਆਂ ਲਿੱਖੀਆਂ ਹੋਈਆਂ ਚਿੱਠੀਆਂ ਹਾਲੇ ਤਕ ਸੰਭਾਲੀਆਂ ਹੋਈਆਂ ਹਨ ਅਤੇ ਉਨ੍ਹਾਂ ਦੇਂ ਘਰੀਂ ਜਾਣ ਵਾਲੇ ਨੂੰ ਉਹ ਇਹ ਚਿੱਠੀਆਂ ਬੜੇ ਆਦਰ ਨਾਲ ਦਿਖਾਉਂਦੇ ਹਨ।

ਗੁਰੂ ਜੀ ਚਲਦੇ ਚਲਦੇ ਜੱਟਪੁਰੇ ਪੁੱਜ ਗਏ ਜਿੱਥੇ ਉਨ੍ਹਾਂ ਨੂੰ ਇਕ ਹੋਰ ਹਮਦਰਦ ਮੁਸਲਮਾਨ ਰਾਏ ਕਲਹਾ ਮਿਲਿਆ ਜਿਸ ਨੇ ਨਿਰਸੰਕੋਚ ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਕੀਤੀ। ਗੁਰੂ ਜੀ ਨੇ ਉਸ ਨੂੰ ਕਿਹਾ ਕਿ ਉਹ ਕਿਸੇ ਨੂੰ ਸਰਹੰਦ ਭੇਜ ਕੇ ਉਨ੍ਹਾਂ ਦੇ ਛੋਟੇ ਪੁੱਤਰਾਂ ਬਾਰੇ ਖ਼ਬਰ ਮੰਗਵਾ ਦੇਵੇ। ਰਾਏ ਕਲਹਾ ਦਾ ਭੇਜਿਆ ਆਦਮੀ ਕੁਝ ਦਿਨਾਂ ਵਿਚ ਹੀ ਵਾਪਿਸ ਆ ਗਿਆ ਅਤੇ ਉਸ ਨੇ ਆ ਕੇ ਇਹ ਸੋਗਮਈ ਖ਼ਬਰ ਦਿੱਤੀ ਕਿ ਬੱਚਿਆਂ ਨੂੰ ਮਾਰ ਦਿੱਤਾ ਗਿਆ ਸੀ। ਸੋਗੀ ਪਿਤਾ ਨੇ ਇਹ ਖ਼ਬਰ ਪੂਰਨ ਠਰੰਮੇ ਨਾਲ ਸੁਣੀ। ਆਪਣੇ ਹੰਝੂਆਂ ਨੂੰ ਰੋਕ ਕੇ ਅਤੇ ਆਪਣੇ ਸੋਗ ਨੂੰ ਇਕ ਸ਼ਕਤੀਸ਼ਾਲੀ ਫੈਸਲੇ ਵਿਚ ਬਦਲ ਕੇ ਇਹ ਕਿਹਾ, "ਨਹੀਂ, ਨਹੀਂ, ਮੇਰੇ ਪੁੱਤਰ ਮਰੇ ਨਹੀਂ, ਉਨ੍ਹਾਂ ਨੇ ਆਪਣੇ ਧਰਮ ਦਾ ਸੌਦਾ ਨਹੀਂ ਕੀਤਾ। ਉਹ ਸਦਾ ਸੁਰਜੀਤ ਹਨ। ਇਹ ਸਰਹੰਦ ਹੀ ਹੈ ਜਿਸ ਨੂੰ ਮਰਨਾ ਪਵੇਗਾ।" ਇਹ ਕਹਿ ਕੇ ਉਨ੍ਹਾਂ ਨੇ ਆਪਣੇ ਤੀਰ ਨਾਲ ਇਕ ਝਾੜੀ ਨੂੰ ਉਖਾੜ ਦਿੱਤਾ ਅਤੇ ਕਿਹਾ, "ਵੈਰੀ ਨੂੰ ਇਸ ਤਰ੍ਹਾਂ ਜੜ੍ਹ ਤੋਂ ਪੁੱਟ ਦਿੱਤਾ ਜਾਵੇਗਾ।"

ਗੁਰੂ ਜੀ ਰਾਏ ਕਲਹਾ ਪਾਸੋਂ ਅਗਾਂਹ ਵਿਦਿਆ ਹੋ ਗਏ। ਇਹ ਖ਼ਬਰਾਂ ਪੁੱਜ ਰਹੀਆਂ ਸਨ ਕਿ ਸਰਹੰਦ ਦੀਆਂ ਫ਼ੌਜਾਂ ਗੁਰੂ ਜੀ ਦੇ ਪਿੱਛੇ ਆ ਰਹੀਆਂ ਹਨ ਅਤੇ ਉਨ੍ਹਾਂ ਨੂੰ ਘੇਰ ਲੈਣ ਵਾਲੀਆਂ ਹੀ ਸਨ। ਅਜਕਲ ਦੇ ਜ਼ਿਲ੍ਹਾ ਫ਼ਰੀਦਕੋਟ ਵਿਚ ਗੁਰੂ ਜੀ ਨੇ ਮੁੜ ਆਪਣੇ ਆਦਮੀਆਂ ਨੂੰ ਇਕੱਠਾ ਕੀਤਾ ਅਤੇ ਪਿੱਛਾ ਕਰਨ ਵਾਲਿਆਂ ਦਾ ਮੁਕਾਬਲਾ ਕੀਤਾ। ਇਸ ਆਖ਼ਰੀ ਲੜਾਈ ਦੀ ਥਾਂ ਨੂੰ ਮੁਕਤਸਰ ਕਿਹਾ ਜਾਂਦਾ ਹੈ। ਲੜਾਈ ਪਹਿਲੀਆਂ ਲੜਾਈਆਂ ਦੀ ਤਰ੍ਹਾਂ ਹੀ ਬੜੀ ਭਿਆਨਕ ਸੀ ਪਰ ਇਸ ਵਾਰ ਸ਼ਾਹੀ ਫ਼ੌਜਾਂ ਨੂੰ ਹਾਰ ਹੋਈ। ਲੜਾਈ ਵਿਚ ਮਰੇ ਸਿੱਖਾਂ ਵਿਚ ਮਾਝੇ ਦੇ ਉਹ 40 ਆਦਮੀ ਵੀ ਸਨ ਜੋ ਅਨੰਦਪੁਰ ਸਾਹਿਬ ਦੇ ਘੇਰੇ ਸਮੇਂ ਬੇਦਾਵਾ ਦੇ ਕੇ ਗੁਰੂ ਜੀ ਨੂੰ ਛੱਡ ਆਏ ਸਨ। ਜਦੋਂ ਉਹ ਅਨੰਦਪੁਰ ਸਾਹਿਬ ਤੋਂ ਵਾਪਿਸ ਆਪਣੇ ਘਰੀਂ ਆਏ ਸਨ ਤਾਂ ਉਨ੍ਹਾਂ ਦੀਆਂ ਇਸਤਰੀਆਂ ਨੇ ਉਨ੍ਹਾਂ ਨੂੰ ਬਹੁਤ ਸ਼ਰਮਿੰਦਿਆਂ ਕੀਤਾ ਸੀ ਅਤੇ ਉਨ੍ਹਾਂ ਨੂੰ ਆਪਣੇ ਘਰੀਂ ਵੜਨ ਨਹੀਂ ਸੀ ਦਿੱਤਾ। ਉਹ ਗੁਰੂ ਜੀ ਦੀ ਛੋਟੀ ਜਿਹੀ ਫ਼ੌਜ ਨੂੰ ਕੁਮਕ ਪਹੁੰਚਾਉਣ ਲਈ ਵਾਪਿਸ ਆ ਗਏ ਸਨ ਅਤੇ ਉਨ੍ਹਾਂ ਦੀ ਖ਼ਾਤਰ ਉਹ ਲੜਦੇ ਹੋਏ ਮਾਰੇ ਗਏ ਸਨ। ਜਦੋਂ ਗੁਰੂ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਨ੍ਹਾਂ ਦਾ ਹਿਰਦਾ ਪਿਘਲ ਗਿਆ। ਗੁਰੂ ਜੀ ਨੇ ਉਹ ਕਾਗਜ਼, ਜਿਸ ਉੱਤੇ ਉਨ੍ਹਾਂ ਨੇ ਬੇਦਾਵਾ ਲਿਖਿਆ ਸੀ, ਕੱਢਿਆ ਤੇ ਇਸ ਨੂੰ ਫਾੜ ਦਿੱਤਾ ਅਤੇ ਉਨ੍ਹਾਂ ਸਿੱਖਾਂ ਨੂੰ ਮੁਆਫ ਕਰਕੇ ਮੁੜ ਆਪਣੇ

ਨਾਲ ਮਿਲਾ ਲਿਆ। ਗੁਰੂ ਜੀ ਨੇ ਉਨ੍ਹਾਂ ਵਿੱਚੋਂ ਹਰ ਕਿਸੇ ਨੂੰ ਜੱਫੀ ਵਿਚ ਲਿਆ ਜੋ ਜਾਂ ਤਾਂ ਮਰ ਚੁੱਕੇ ਸਨ ਜਾਂ ਮਰ ਰਹੇ ਸਨ ਅਤੇ ਉਨ੍ਹਾਂ ਨੂੰ 'ਮੁਕਤਿਆਂ' ਦੀ ਉਪਾਧੀ ਦਿੱਤੀ। ਉਨ੍ਹਾਂ ਨੂੰ ਅੱਜ ਤਕ ਵੀ ਸਿੱਖਾਂ ਦੀ ਅਰਦਾਸ ਵਿਚ ਯਾਦ ਕੀਤਾ ਜਾਂਦਾ ਹੈ।

ਇਥੋਂ ਅੱਗੇ ਗੁਰੂ ਜੀ ਤਲਵੰਡੀ ਸਾਬੋ ਪੁੱਜੇ ਜਿਸ ਨੂੰ ਹੁਣ ਦਮਦਮਾ ਸਾਹਿਬ ਕਿਹਾ ਜਾਂਦਾ ਹੈ। ਇਸ ਥਾਂ ਉਹ ਇਕ ਰਸੂਖ ਵਾਲੇ ਸਿੱਖ ਡੱਲੇ ਪਾਸ ਨੌਂ ਮਹੀਨੇ ਤਕ ਠਹਿਰੇ ਅਤੇ ਇਸ ਥਾਂ ਨੂੰ ਇਕ ਭਾਰੀ ਵਿਦਿਆ ਕੇਂਦਰ ਬਣਾ ਦਿੱਤਾ। ਇਸ ਅਸਥਾਨ ਨੂੰ ਅਕਸਰ 'ਗੁਰੂ ਦੀ ਕਾਸ਼ੀ' ਕਿਹਾ ਜਾਂਦਾ ਹੈ। ਜਦੋਂ ਉਹ ਇਥੇ ਸਨ ਤਾਂ ਕੁਝ ਪਿਛਲੇਰੇ ਲਿਖਾਰੀਆਂ ਅਨੁਸਾਰ ਉਨ੍ਹਾਂ ਨੇ ਸਾਰਾ ਗੁਰੂ ਗ੍ਰੰਥ ਸਾਹਿਬ ਜ਼ਬਾਨੀ ਹੀ ਲਿਖਵਾ ਦਿੱਤਾ ਸੀ ਅਤੇ ਇਸ ਵਿਚ ਆਪਣੇ ਪਿਤਾ ਜੀ ਦੀ ਬਾਣੀ ਸ਼ਾਮਿਲ ਕਰ ਕੇ ਮੁਕੰਮਲ ਕੀਤਾ। ਯਾਦ ਸ਼ਕਤੀ ਦੀ ਇਸ ਕਰਾਮਾਤ ਦਾ ਜ਼ਿਕਰ 'ਗੁਰਬਿਲਾਸ' ਅਤੇ 'ਸੂਰਜ ਪ੍ਰਕਾਸ਼' ਵਿਚ ਨਹੀਂ ਆਉਂਦਾ। ਇਹ ਗੱਲ, ਕਿ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਇਸ ਥਾਂ ਬੈਠ ਕੇ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ ਸੀ ਇਸ ਤੋਂ ਖੰਡਿਤ ਹੁੰਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਇਕ ਬੀੜ ਉਪਰ 1748 ਬਿਕਰਮੀ (1691 ਈ.) ਦੀ ਮਿਤੀ ਲਿਖੀ ਹੋਈ ਹੈ ਅਤੇ ਜਿਸ ਵਿਚ ਗੁਰੂ ਤੇਗ਼ ਬਹਾਦੁਰ ਜੀ ਦੀ ਬਾਣੀ ਆਪਣੀ ਸਹੀ ਥਾਂ ਉੱਤੇ ਦਰਜ ਹੈ, ਪਟਨੇ ਵਿਚ ਸੰਭਾਲੀ ਹੋਈ ਹੈ। ਅਜਿਹੀ ਇਕ ਹੋਰ ਬੀੜ ਵੀ ਹੈ ਜੋ ਢਾਕੇ ਵਿੱਚੋਂ ਮਿਲੀ ਹੈ ਜੋ ਇਸ ਤੋਂ ਵੀ ਪਹਿਲਾਂ ਦੀ ਹੈ ਤੇ ਜੋ 1675 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਗੱਦੀ ਉੱਤੇ ਬੈਠਣ ਦੇ ਪਹਿਲੇ ਸਾਲ ਵਿਚ ਹੀ ਲਿਖੀ ਗਈ ਸੀ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦੇ ਇਨ੍ਹਾਂ ਬੀੜਾਂ ਵਿਚ ਦਰਜ ਹੋਣ ਦੇ ਬਾਵਜੂਦ ਇਹ ਮੰਨਣਾ ਪਵੇਗਾ ਕਿ ਗੁਰੂ ਗ੍ਰੰਥ ਸਾਹਿਬ ਨੂੰ ਅੰਤਮ ਰੂਪ, ਜੋ ਸਦਾ ਲਈ ਨਿਰਧਾਰਤ ਹੋ ਗਿਆ, ਉਹ ਦਮਦਮਾ ਸਾਹਿਬ ਵਿਚ ਹੀ ਦਿੱਤਾ ਗਿਆ ਸੀ। ਮੁੜ ਸੰਕਲਨ ਕਰਨ ਦੇ ਇਸ ਕੰਮ ਵਿਚ ਨਿਤਨੇਮ ਨੂੰ 'ਸੋ ਪੁਰਖ' ਦੇ ਚਾਰ ਸ਼ਬਦ ਪਾ ਕੇ ਮੁਕੰਮਲ ਕਰਨਾ ਅਤੇ ਕੁਝ ਅਜਿਹੇ ਵਾਧੂ ਸ਼ਬਦਾਂ ਨੂੰ ਕੱਢਣਾ ਜੋ ਕੁਝ ਬੀੜਾਂ ਦੇ ਅੰਤ ਵਿਚ ਨਾਜਾਇਜ਼ ਹੀ ਸ਼ਾਮਿਲ ਕਰ ਦਿੱਤੇ ਗਏ ਸਨ ਅਤੇ ਕਿਤੇ ਕਿਤੇ ਸ਼ਬਦ ਜੋੜਾਂ ਨੂੰ ਠੀਕ ਕਰਨ ਆਦਿ ਦੇ ਕੰਮ ਸ਼ਾਮਿਲ ਸਨ।

ਗੁਰੂ ਸਾਹਿਬ ਨੇ ਰਾਹ ਵਿਚ ਦੀਨੇ ਤੋਂ ਫ਼ਾਰਸੀ ਕਵਿਤਾ ਵਿਚ ਔਰੰਗਜ਼ੇਬ ਨੂੰ ਇਕ ਚਿੱਠੀ ਲਿਖੀ ਜੋ ਬਾਦਸ਼ਾਹ ਵੱਲੋਂ ਆਏ ਸੱਦੇ ਦੇ ਜਵਾਬ ਵਿਚ ਸੀ।[156] ਗੁਰੂ ਸਾਹਿਬ ਨੇ ਇਸ ਚਿੱਠੀ ਨੂੰ

---

156. ਵਾਰਿਦ ਦੇ ਹਵਾਲੇ ਤੇ ਇਰਵਨ ਲਿਖਦਾ ਹੈ ਕਿ "ਮੁਸਲਮਾਨ ਲਿਖਾਰੀ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਲਮਗੀਰ ਬਾਦਸ਼ਾਹ ਨੂੰ ਅਰਜੀ ਭੇਜੀ ਜਿਸ ਵਿਚ ਉਨ੍ਹਾਂ ਨੇ ਅਧੀਨਗੀ ਪ੍ਰਵਾਨ ਕਰਨ ਦੀ ਪੇਸ਼ਕਸ਼ ਕੀਤੀ ਅਤੇ ਇਸਲਾਮ ਧਾਰਨ ਕਰਨ ਦਾ ਇਕਰਾਰ ਕੀਤਾ।" *ਅਹਿਕਾਮ-ਏ-ਆਲਮਗੀਰ* ਦਾ ਕਰਤਾ ਇਨਾਇਤਉਲਾ ਵੀ ਇਕ ਅਰਜ਼ਦਾਸ਼ਤ ਦਾ ਜ਼ਿਕਰ ਕਰਦਾ ਹੈ ਜੋ ਗੁਰੂ ਜੀ ਨੇ ਬਾਦਸ਼ਾਹ ਨਾਲ ਮੁਲਾਕਾਤ ਲਈ ਭੇਜੀ ਸੀ ਪਰ ਉਹ ਇਸ ਗੱਲ ਦਾ ਜ਼ਿਕਰ ਨਹੀਂ ਕਰਦਾ ਹੈ ਕਿ ਗੁਰੂ ਜੀ ਨੇ ਇਸਲਾਮ ਧਾਰਨ ਕਰਨ ਦਾ, ਵਚਨ ਦਿੱਤਾ ਸੀ। ਜਿਸ ਅਰਜ਼ਦਾਸ਼ਤ ਦਾ ਜ਼ਿਕਰ ਕੀਤਾ ਗਿਆ ਹੈ ਉਹ *ਜ਼ਫ਼ਰਨਾਮਾ* ਹੀ ਸੀ ਜਿਸ ਨੂੰ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਇਹ ਔਰੰਗਜ਼ੇਬ ਵੱਲੋਂ ਆਈ ਕਿਸੇ ਚਿੱਠੀ ਦੇ ਜਵਾਬ ਵਿਚ ਭੇਜੀ ਚਿੱਠੀ ਸੀ (ਵੇਖੋ ਸ਼ੇਅਰ 53-54) ਅਤੇ ਅਰਜ਼ਦਾਸ਼ਤ ਹੋਣ ਦੀ ਥਾਂ ਇਹ ਰੋਸ ਅਤੇ ਇਤਰਾਜ਼ ਵਾਲੀ ਇਕ ਚਿੱਠੀ ਸੀ (ਵੇਖੋ ਕਨਿੰਘਮ, ਪੰਨਾ 80)। ਗੁਰੂ ਜੀ ਨੇ ਲਿਖਿਆ ਸੀ :

*ਮਜ਼ਨ ਤੇਗ ਬਰ ਖ਼ੂਨਿ ਕਸ ਬੇਦਰੇਗ*
*ਤੁਰਾ ਨੀਜ਼ ਖ਼ੂਨ ਚਰਖ ਰੇਜ਼ਦ ਬਤੇਗ (65)*
*ਤੁਰਾ ਗਰ ਨਜ਼ਰ ਅਸਤ ਬਰ ਫ਼ੌਜ ਓ ਜ਼ਰ*
*ਕਿ ਮਾ ਰਾ ਨਿਗਾਹ ਅਸਤ ਯਜ਼ਦਾਂ ਸ਼ੁਕਰ।*
*ਕਿ ਉ ਰਾ ਗ਼ਰੂਰ ਅਸਤ ਬਰ ਮੁਲਕੋ ਮਾਲ*
*ਵਾ ਮਾ ਰਾ ਪਨਾਹ ਅਸਤ ਯਜ਼ਦਾਂ ਅਕਾਲ। (101-102)*

'ਜ਼ਫਰਨਾਮਾ' ਜਾਂ ਜਿੱਤ ਦੀ ਚਿੱਠੀ ਕਿਹਾ। ਇਸ ਚਿੱਠੀ ਵਿਚ ਗੁਰੂ ਜੀ ਨੇ ਬਾਦਸ਼ਾਹ ਨੂੰ ਉਸ ਵੱਲੋਂ ਹੋਇਆ ਭੈੜਾ ਸਲੂਕ ਯਾਦ ਕਰਵਾਇਆ ਅਤੇ ਲਿਖਿਆ ਕਿ ਉਨ੍ਹਾਂ ਦੇ ਪੁੱਤਰਾਂ ਤੋਂ ਇਲਾਵਾ ਉਨ੍ਹਾਂ ਦੇ ਬਹੁਤ ਸਾਰੇ ਸਿੱਖ ਮਾਰੇ ਗਏ ਸਨ ਪਰ ਫਿਰ ਵੀ ਉਹ ਅਜਿੱਤ ਸਨ।

*ਚਿ ਮਰਦੀ ਕਿ ਅਖਗਰ ਖਮੋਸ਼ਾਂ ਕੁੰਨੀ। ਕਿ ਆਤਸ਼ ਦਮਾਂ ਰਾ ਫਰੋਜ਼ਾਂ ਕੁਨੀ।*

(ਅਰਥਾਤ ਇਹ ਤੇਰੀ ਕੀ ਬਹਾਦਰੀ ਹੈ ਕਿ ਤੂੰ ਚੰਗਿਆੜੀਆਂ ਨੂੰ ਬੁਝਾਵੇਂ ਤੇ ਤੇਜ ਅੱਗ ਨੂੰ ਹੋਰ ਵੱਧ ਭੜਕਾਵੇਂ।)

ਇਸ ਦਾ ਭਾਵ ਇਹ ਸੀ ਕਿ ਜਿਹੜਾ ਕੰਮ ਗੁਰੂ ਜੀ ਨੇ ਆਰੰਭ ਕੀਤਾ ਸੀ ਉਹ ਇਕ ਵਿਸ਼ਾਲ ਲਹਿਰ ਬਣ ਗਿਆ ਸੀ। ਇਸ ਲਈ ਕੁਝ ਬੰਦਿਆਂ ਨੂੰ ਹਰਾ ਕੇ ਜਾਂ ਮਾਰ ਕੇ ਇਸ ਲਹਿਰ ਨੂੰ ਕੁਚਲਿਆ ਨਹੀਂ ਸੀਂ ਜਾ ਸਕਦਾ। ਇਸ ਸੁਨੇਹੇ ਨਾਲ ਬੁੱਢੇ ਬਾਦਸ਼ਾਹ ਦਾ ਦਿਲ ਨਰਮ ਹੋ ਗਿਆ ਲਗਦਾ ਸੀ। ਉਸ ਨੇ ਮਿਲਣ ਲਈ ਗੁਰੂ ਜੀ ਨੂੰ ਆਪਣੇ ਪਾਸ ਸੱਦਿਆ। ਗੁਰੂ ਜੀ ਪਹਿਲਾਂ ਹੀ ਦੱਖਣ ਵੱਲ ਜਾ ਰਹੇ ਸਨ। ਜਦੋਂ ਉਹ ਰਾਜਪੂਤਾਨੇ ਵਿਚ ਬਘੌਰ ਦੇ ਨੇੜੇ ਪੁਜੇ ਤਾਂ ਉਨ੍ਹਾਂ ਨੇ ਇਹ ਖ਼ਬਰ ਸੁਣੀ ਕਿ ਔਰੰਗਜ਼ੇਬ ਦੀ 1707 ਦੀ ਫਰਵਰੀ ਦੇ ਆਖ਼ਰੀ ਹਫ਼ਤੇ ਵਿਚ ਅਹਿਮਦਨਗਰ ਦੇ ਸਥਾਨ ਤੇ ਮੌਤ ਹੋ ਚੁੱਕੀ ਸੀ। ਗੁਰੂ ਜੀ ਦਿੱਲੀ ਨੂੰ ਵਾਪਿਸ ਪਰਤ ਆਏ।

ਔਰੰਗਜ਼ੇਬ ਦੇ ਪੁੱਤਰਾਂ ਵਿਚਕਾਰ ਗੱਦੀ ਲਈ ਲੜਾਈ ਛਿੜ ਪਈ। ਬਹਾਦਰ ਸ਼ਾਹ, ਜੋ ਸਭ ਤੋਂ ਵੱਡਾ ਸੀ, ਆਪਣੇ ਭਰਾ ਆਜ਼ਮ ਦਾ, ਜਿਸ ਨੇ ਦੱਖਣ ਵਿਚ ਆਪਣੇ ਆਪ ਦੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ ਸੀ, ਮੁਕਾਬਲਾ ਕਰਨ ਲਈ ਬੜੀ ਕਾਹਲੀ ਕਾਹਲੀ ਪਿਸ਼ਾਵਰ ਤੋਂ ਆਇਆ। 8 ਜੂਨ, 1707 ਨੂੰ ਆਗਰੇ ਦੇ ਨੇੜੇ ਜਾਜੌ ਦੇ ਮੁਕਾਮ ਤੇ ਲੜਾਈ ਲੜੀ ਗਈ ਜਿੱਥੇ ਬਹਾਦਰ ਸ਼ਾਹ ਵਿਜਈ ਹੋਇਆ। ਇਸ ਲੜਾਈ ਵਿਚ ਗੁਰੂ ਜੀ ਦੀ ਹਮਦਰਦੀ ਆਪਣੇ ਪੁਰਾਣੇ ਮਿੱਤਰ ਬਹਾਦਰ ਸ਼ਾਹ ਨਾਲ ਸੀ। ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਆਪਣੀ ਇਕ ਸੈਨਿਕ ਟੁਕੜੀ ਰਾਹੀਂ ਜਾਜੌ ਦੀ ਲੜਾਈ ਵਿਚ ਬਹਾਦਰ ਸ਼ਾਹ ਦੀ ਮਦਦ ਕੀਤੀ ਸੀ। ਇਸ ਨਾਲ ਗੁਰੂ ਜੀ ਨਵੇਂ ਬਾਦਸ਼ਾਹ ਬਹਾਦਰ ਸ਼ਾਹ ਦੇ ਨੇੜੇ ਹੋ ਗਏ ਜਿਸ ਨੇ ਗੁਰੂ ਜੀ ਨੂੰ ਆਗਰੇ ਸੱਦਿਆ ਅਤੇ ਇਕ ਬੜੀ ਕੀਮਤੀ ਖਿਲਅਤ (ਸਰੋਪਾ) ਅਤੇ ਇਕ ਧੁਖਧੁਖੀ, ਜਿਸ ਦੀ ਕੀਮਤ 60 ਹਜ਼ਾਰ ਰੁਪਏ ਸੀ, ਭੇਟ ਕੀਤੀ।[157] ਗੁਰੂ ਜੀ ਬਾਦਸ਼ਾਹ ਨੂੰ ਮਿਲ ਕੇ ਬੜੇ ਖ਼ੁਸ਼ ਹੋਏ ਅਤੇ ਮੁਗ਼ਲਾਂ ਨਾਲ ਇਕ ਯੁਗ ਪੁਰਾਣੇ ਮਤ ਭੇਦ ਸਮਾਪਤ ਕਰਨ ਦੀ ਸੰਭਾਵਨਾ ਜਾਪੀ। ਇਹ ਸਿੱਟਾ ਅਸੀਂ ਗੁਰੂ ਸਾਹਿਬ ਵੱਲੋਂ 2 ਅਕਤੂਬਰ, 1707 ਨੂੰ ਧੌਲ ਦੀ ਸੰਗਤ ਵੱਲ ਲਿਖੀ ਚਿੱਠੀ ਦੇ ਕੁਝ ਲਫ਼ਜ਼ਾਂ ਤੋਂ ਕੱਢ ਸਕਦੇ ਹਾਂ। ਉਸ ਚਿੱਠੀ ਵਿਚ ਉਹ ਕਿਸੇ 'ਹੋਰ ਭੀ ਕੰਮ ਗੁਰੂ ਕਾ ਸਦਕਾ ਸਭ ਹੋਤੇ ਹੈਂ' ਬਾਰੇ ਲਿਖਦੇ ਹਨ। ਇਹ 'ਹੋਰ ਕੰਮ' ਬਹਾਦਰ ਸ਼ਾਹ ਨਾਲ ਮਿੱਤਰਤਾ ਪੂਰਵਕ ਗੱਲ ਬਾਤ ਹੀ ਹੋ ਸਕਦੀ ਸੀ ਜਿਸ ਦੇ ਮੁਕਣ ਤੇ ਗੁਰੂ ਜੀ ਸਮਝਦੇ ਸਨ ਕਿ ਉਹ ਅਨੰਦਪੁਰ ਸਾਹਿਬ ਵਾਪਿਸ ਚਲੇ ਜਾਣਗੇ ਜਿੱਥੇ ਉਨ੍ਹਾਂ ਨੂੰ ਆਸ ਸੀ ਕਿ ਖਾਲਸਾ ਮੁੜ ਇਕੱਠਾ ਹੋ ਸਕੇਗਾ। ਪਰ ਹਾਲਾਤ ਦੇ ਚੱਕਰ ਨੇ ਉਨ੍ਹਾਂ ਨੂੰ ਦੱਖਣ ਵਿਚ ਪੁਚਾ ਦਿੱਤਾ।

ਜਦੋਂ ਹਾਲੇ ਗੱਲ ਬਾਤ ਚਲ ਹੀ ਰਹੀ ਸੀ ਤਾਂ ਬਹਾਦਰ ਸ਼ਾਹ ਨੇ ਕਛਵਾਹਿਆਂ ਦੇ ਵਿਰੁੱਧ ਕਾਰਵਾਈ ਕਰਨ ਲਈ ਕੂਚ ਕੀਤਾ ਤੇ ਉਥੋਂ ਆਪਣੇ ਭਰਾ ਕਾਮ ਬਖ਼ਸ਼ ਦੀ ਬਗ਼ਾਵਤ ਦਬਾਉਣ

157. ਵੇਖੋ *ਬਹਾਦੁਰ-ਸ਼ਾਹ-ਨਾਮਾ* . ਇਹ ਖ਼ਬਰ ਮਿਤੀ 4 ਜਮਾਦੀ-ਉਲ-ਅੱਵਲ, 1119 ਹਿਜਰੀ (23 ਜੁਲਾਈ, 1707 ਈ.) ਦੇ ਥੱਲੇ ਦਰਜ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਧੌਲ ਦੀ ਸੰਗਤ ਵੱਲ ਭੇਜੇ ਹੁਕਮਨਾਮੇ ਉੱਤੇ ਮਿਤੀ ਪਹਿਲੀ ਕੱਤਕ, 1764 ਬਿਕਰਮੀ (2 ਅਕਤੂਬਰ, 1707) ਪਈ ਹੋਈ ਹੈ। *ਗੁਰ ਸੋਭਾ*, xvi, 35.

ਲਈ ਦੱਖਣ ਨੂੰ ਚਲਾ ਗਿਆ। ਗੁਰੂ ਜੀ ਆਪਣੇ ਮਨੋਰਥ[158] ਨੂੰ ਸਾਹਮਣੇ ਰਖ ਕੇ ਬਾਦਸ਼ਾਹ ਦੇ ਨਾਲ ਦੱਖਣ ਵੱਲ ਚਲੇ ਗਏ ਅਤੇ ਰਾਹ ਵਿਚ ਕਦੇ ਕਦੇ ਲੋਕਾਂ ਵਿਚ ਆਪਣੇ ਧਰਮ ਦਾ ਪ੍ਰਚਾਰ ਕਰਨ ਲਈ ਸ਼ਾਹੀ ਕੈਂਪ ਨਾਲੋਂ ਵੱਖ ਵੀ ਹੋ ਜਾਂਦੇ ਸਨ। ਇਹ ਦੇਖ ਕੇ, ਬਾਦਸ਼ਾਹ ਵੱਲੋਂ ਉਨ੍ਹਾਂ ਦੀਆਂ ਸ਼ਿਕਾਇਤਾਂ ਦੂਰ ਕਰਨ ਲਈ ਕਿਸੇ ਵੀ ਸੁਝਾਉ ਨੂੰ ਮੰਨਣ ਦੀ ਕੋਈ ਫੌਰੀ ਸੰਭਾਵਨਾ ਨਹੀਂ ਸੀ, ਉਹ ਬਾਦਸ਼ਾਹ ਨਾਲੋਂ ਵੱਖ ਹੋ ਗਏ ਤੇ ਸਤੰਬਰ 1707 ਦੇ ਸ਼ੁਰੂ ਵਿਚ ਨੰਦੇੜ ਚਲੇ ਗਏ। ਇਥੇ ਉਹ ਇਕ ਵੈਰਾਗੀ ਸਾਧੂ ਮਾਧੋ ਦਾਸ ਨੂੰ ਮਿਲੇ ਜਿਸ ਨੂੰ ਉਨ੍ਹਾਂ ਨੇ ਆਪਣੇ ਧਰਮ ਵਿਚ ਲੈ ਆਂਦਾ ਅਤੇ ਉਸ ਦਾ ਨਾਂ ਬੰਦਾ ਸਿੰਘ ਰਖ ਦਿੱਤਾ ਜੋ ਇਤਿਹਾਸ ਵਿਚ ਬੰਦਾ ਬਹਾਦਰ ਦੇ ਨਾਂ ਨਾਲ ਪ੍ਰਸਿੱਧ ਹੈ।[159]

ਗੁਰੂ ਸਾਹਿਬ ਦੇ ਦੱਖਣ ਵੱਲ ਦੇ ਸਫ਼ਰ ਸਮੇਂ ਸਰਹੰਦ ਦੇ ਦੋ ਪਠਾਣ ਗੁਪਤ ਰੂਪ ਵਿਚ ਉਨ੍ਹਾਂ ਦਾ ਪਿੱਛਾ ਕਰਦੇ ਰਹੇ ਸਨ। ਬਹਾਦਰ ਸ਼ਾਹ ਅਤੇ ਗੁਰੂ ਗੋਬਿੰਦ ਸਿੰਘ ਜੀ ਵਿਚਕਾਰ ਨਿਤ ਵੱਧ ਰਹੇ ਕਰੀਬੀ ਸੰਬੰਧਾਂ ਤੋਂ ਸਰਹੰਦ ਦਾ ਵਜ਼ੀਰ ਖ਼ਾਂ ਜ਼ਰੂਰ ਡਰ ਗਿਆ ਹੋਵੇਗਾ ਕਿਉਂਕਿ ਉਹ ਗੁਰੂ ਜੀ ਦੀਆਂ ਬਹੁਤ ਸਾਰੀਆਂ ਦੁੱਖ ਤਕਲੀਫ਼ਾਂ ਲਈ ਜ਼ਿੰਮੇਵਾਰ ਸੀ। ਉਹ ਜਾਣਦਾ ਸੀ ਕਿ ਮੁਗ਼ਲਾਂ ਅਤੇ ਸਿੱਖਾਂ ਵਿਚਕਾਰ ਸਮਝੌਤਾ ਹੋ ਜਾਣ ਦੀ ਹਾਲਤ ਵਿਚ ਉਸ ਦਾ ਕੀ ਬਣੇਗਾ। ਇਹ ਸਮਝਿਆ ਜਾਂਦਾ ਸੀ ਕਿ ਗੁਰੂ ਜੀ ਬਹਾਦਰ ਸ਼ਾਹ ਨਾਲ ਇਸ ਲਈ ਜਾ ਰਹੇ ਸਨ ਤਾਂ ਜੋ ਉਹ ਆਪਣੇ ਪੁੱਤਰਾਂ ਦੇ ਕਾਤਲ ਨੂੰ ਸਜ਼ਾ ਦੁਆ ਸਕਣ।[160] ਬਾਦਸ਼ਾਹ ਨੇ ਪਹਿਲਾਂ ਹੀ ਗੁਰੂ ਜੀ ਦੀ ਸਹਾਇਤਾ ਲਈ ਆਪਣੇ ਮਨ ਦਾ ਝੁਕਾਅ ਪ੍ਰਗਟ ਕਰ ਦਿੱਤਾ ਸੀ ਤੇ ਉਹ ਇਹ ਸਹਾਇਤਾ ਨਵਾਬ ਦੇ ਪਲਿਉਂ ਕਰਵਾਉਣਾ ਚਾਹੁੰਦਾ ਸੀ। ਬਾਦਸ਼ਾਹ ਨੇ ਗੁਰੂ ਜੀ ਪ੍ਰਤੀ ਇਕ ਫ਼ਰਮਾਨ ਜਾਰੀ ਕੀਤਾ ਸੀ ਕਿ ਵਜ਼ੀਰ ਖ਼ਾਂ ਗੁਰੂ ਜੀ ਨੂੰ 300 ਰੁਪਏ ਰੋਜ਼ਾਨਾ ਦੇ ਹਿਸਾਬ ਨਾਲ ਦੇਵੇ। ਵਜ਼ੀਰ ਖ਼ਾਂ ਨੂੰ ਹੁਣ ਆਪਣੀ ਜਾਨ ਦਾ ਵੀ ਖ਼ਤਰਾ ਸੀ ਅਤੇ ਉਹ ਉਦੋਂ ਤਕ ਆਰਾਮ ਕਰਨ ਨੂੰ ਤਿਆਰ ਨਹੀਂ ਸੀ ਜਦ ਤਕ ਕਿ ਗੁਰੂ

---

158. ਸ਼ਾਹੀ ਕੈਂਪ ਦੇ ਨਾਲ ਗੁਰੂ ਸਾਹਿਬ ਦੇ ਜਾਣ ਨੂੰ ਫੌਰਸਟਰ, ਕਨਿੰਘਮ ਅਤੇ ਇਲਫਿਨਸਟਨ ਵਰਗੇ ਲਿਖਾਰੀਆਂ ਨੇ ਗਲਤ ਢੰਗ ਨਾਲ ਪੇਸ਼ ਕੀਤਾ ਹੈ ਕਿ ਬਾਦਸ਼ਾਹ ਦੀ ਕਮਾਨ ਥੱਲੇ ਦੱਖਣ ਵੱਲ ਗਈ ਮੁਹਿੰਮ ਵਿਚ ਗੁਰੂ ਜੀ ਨੂੰ ਸੈਨਿਕ ਕਮਾਂਡਰ ਨਿਯੁਕਤ ਕੀਤਾ ਗਿਆ ਸੀ। ਇਹ ਇਲਜ਼ਾਮ ਫੌਰਸਟਰ ਤੋਂ ਸ਼ੁਰੂ ਹੋਇਆ ਜੋ ਲਿਖਦਾ ਹੈ ਕਿ 'ਸਿੱਖ ਕਹਿੰਦੇ ਹਨ' ਅਤੇ ਕਨਿੰਘਮ ਇਹ ਕਹਿਣ ਵਿਚ ਹੋਰ ਅੱਗੇ ਜਾਂਦਾ ਹੈ ਕਿ 'ਸਿੱਖ ਲਿਖਾਰੀ ਇਸ ਗੱਲ ਤੇ ਸਹਿਮਤ ਹਨ ਕਿ ਉਨ੍ਹਾਂ ਨੂੰ ਦੱਖਣ ਵਿਚ ਕਮਾਂਡਰ ਨਿਯੁਕਤ ਕੀਤਾ ਗਿਆ ਸੀ'। ਇਹ ਕਿਹੜੇ ਸਿੱਖ ਲਿਖਾਰੀ ਹਨ? ਇਹ ਗੱਲ ਕੋਈ ਨਹੀਂ ਜਾਣਦਾ। ਖਾਫ਼ੀ ਖ਼ਾਂ ਕੇਵਲ ਇਹੀ ਲਿਖਦਾ ਹੈ ਕਿ ਬਹਾਦਰ ਸ਼ਾਹ ਦੇ ਦੱਖਣ ਵੱਲ ਕੂਚ ਸਮੇਂ ਗੁਰੂ ਗੋਬਿੰਦ ਸਿੰਘ ਜੀ ਆਪਣੇ ਦੋ ਤਿੰਨ ਸੌ ਨੇਜ਼ਾ ਬਰਦਾਰਾਂ ਸਮੇਤ ਬਾਦਸ਼ਾਹ ਪਾਸ ਆਏ ਅਤੇ ਉਸ ਦੇ ਨਾਲ ਹੋ ਤੁਰੇ (ਦਰ ਰਕਾਬ ਰਫਾਕਤ ਨਮੂਦ)। ਪਰ *ਤਾਰੀਖ਼-ਏ-ਬਹਾਦਰ ਸ਼ਾਹੀ* ਤੋਂ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਇਸ ਵਿਚ ਲਿਖਿਆ ਹੋਇਆ ਹੈ ਕਿ "ਗੁਰੂ ਗੋਬਿੰਦ (ਸਿੰਘ) ਜੋ (ਗੁਰੂ) ਨਾਨਕ ਦੇ ਉੱਤਰਾਧਿਕਾਰੀਆਂ ਵਿੱਚੋਂ ਹਨ, ਸ਼ਾਹੀ ਕੈਂਪ ਦੇ ਨਾਲ ਇਨ੍ਹਾਂ ਜ਼ਿਲ੍ਹਿਆਂ ਵਿਚ ਘੁਮਣ ਫਿਰਨ ਆਏ। ਉਹ ਲਗਾਤਾਰ ਸੰਸਾਰੀ ਲੋਕਾਂ, ਧਾਰਮਿਕ ਕਟੜਪੰਥੀਆਂ ਅਤੇ ਸਭ ਕਿਸਮ ਦੇ ਲੋਕਾਂ ਨੂੰ ਉਪਦੇਸ਼ ਦੇਣ ਦੇ ਆਦੀ ਸਨ (E. & D., vii, p. 566). ਸਰਕਾਰੀ ਨੌਕਰੀ ਵਾਲੇ ਕਿਸੇ ਆਦਮੀ ਨੂੰ ਅਜਿਹਾ ਕਰਨ ਦੀ ਆਗਿਆ ਨਹੀਂ ਸੀ ਮਿਲ ਸਕਦੀ ਅਤੇ ਕਿਸੇ ਸੈਨਿਕ ਕਮਾਂਡਰ ਨੂੰ ਜੋ ਕਿਸੇ ਮੁਹਿੰਮ ਉੱਤੇ ਜਾ ਰਿਹਾ ਹੋਵੇ ਅਜਿਹੀ ਆਗਿਆ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਹੋਰ ਹਵਾਲੇ ਵੀ ਵੇਖੋ ਜਿਵੇਂ Malcolm's *Sketch of the Sikhs*, pp. 71-72; and Gokal Chand Narang, p. 100 fn.
159. Browne, p. 9 ਅਹਿਮਦ ਸ਼ਾਹ ਬਟਾਲੀਆ, ਪੰਨੇ 11; ਅਲੀ-ਉਦ-ਦੀਨ, *ਇਬਰਤਨਾਮਾ*, ਪੰਨਾ 93. ਹੋਰ ਵਿਸਤਾਰ ਅਤੇ ਹਵਾਲਿਆਂ ਲਈ ਦੇਖੋ Ganda Singh's *Banda Singh Bahadur*, pp 14-19.
160. ਖੁਸ਼ਵਕਤ ਰਾਏ, ਪੰਨਾ 44.

ਗੋਬਿੰਦ ਸਿੰਘ ਜੀ ਨੂੰ ਸਦਾ ਲਈ ਆਪਣੇ ਰਾਹ ਵਿੱਚੋਂ ਨਹੀਂ ਸੀ ਹਟਾ ਦਿੰਦਾ। ਇਕ ਪਹਿਲਾ ਯਤਨ[161] ਅਸਫ਼ਲ ਹੋਣ ਤੋਂ ਬਾਅਦ ਉਸ ਨੇ ਆਪਣੇ ਨਿਰਦਈ ਮਨੋਰਥ ਨੂੰ ਪੂਰਾ ਕਰਨ ਲਈ ਦੋ ਪਠਾਣਾਂ ਨੂੰ ਭੇਜਿਆ। ਉਹ ਨੰਦੇੜ ਪੁਜੇ ਅਤੇ ਕਦੇ ਕਦੇ ਗੁਰੂ ਜੀ ਪਾਸ ਜਾਣ ਲੱਗ ਪਏ ਜਿਨ੍ਹਾਂ ਦੇ ਨਾਲ ਉਨ੍ਹਾਂ ਦੀ ਜਾਣ ਪਛਾਣ ਹੋ ਗਈ। ਇਕ ਦਿਨ ਸ਼ਾਮ ਦੇ ਪਾਠ ਤੋਂ ਬਾਅਦ ਜਦੋਂ ਗੁਰੂ ਜੀ ਢੌਂਕਾ ਲਾ ਰਹੇ ਸਨ ਅਤੇ ਉਨ੍ਹਾਂ ਦਾ ਇਕੋ ਇਕ ਹਾਜ਼ਰ ਸੇਵਾਦਾਰ ਵੀ ਊਂਘ ਰਿਹਾ ਸੀ ਤਾਂ ਉਨ੍ਹਾਂ ਦੋ ਪਠਾਣਾਂ ਵਿੱਚੋਂ ਇਕ ਨੂੰ ਆਪਣਾ ਕਾਰਾ ਕਰਨ ਲਈ ਮੌਕਾ ਮਿਲ ਗਿਆ ਅਤੇ ਉਸ ਨੇ ਗੁਰੂ ਜੀ ਦੇ ਖੱਬੇ ਪਾਸੇ ਛੁਰਾ ਘੋਪ ਦਿੱਤਾ। ਇਸ ਤੋਂ ਪਹਿਲਾਂ ਹੀ ਕਿ ਉਹ ਆਪਣਾ ਦੂਜਾ ਵਾਰ ਕਰ ਸਕਦਾ ਗੁਰੂ ਜੀ ਨੇ ਆਪਣੀ ਤਲਵਾਰ ਨਾਲ ਉਸ ਦਾ ਸਫਾਇਆ ਕਰ ਦਿੱਤਾ। ਉਸ ਦਾ ਭੱਜਾ ਜਾ ਰਿਹਾ ਸਾਥੀ ਉਨ੍ਹਾਂ ਸਿੱਖਾਂ ਦੀਆਂ ਤਲਵਾਰਾਂ ਦਾ ਸ਼ਿਕਾਰ ਹੋ ਗਿਆ ਜੋ ਰੌਲਾ ਸੁਣ ਕੇ ਭੱਜੇ ਆ ਰਹੇ ਸਨ। ਗੁਰੂ ਜੀ ਦੇ ਜ਼ਖ਼ਮ ਨੂੰ ਤੁਰੰਤ ਹੀ ਸੀ ਦਿੱਤਾ ਗਿਆ ਅਤੇ ਥੋੜ੍ਹੇ ਦਿਨਾਂ ਵਿਚ ਹੀ ਇਹ ਜ਼ਖ਼ਮ ਰਾਜ਼ੀ ਹੋ ਗਿਆ ਮਲੂਮ ਹੋਇਆ। ਪਰ ਜਿਉਂ ਹੀ ਉਨ੍ਹਾਂ ਨੇ ਇਕ ਸਖ਼ਤ ਕਮਾਨ ਦਾ ਚਿੱਲਾ ਚੜ੍ਹਾਉਣ ਦਾ ਯਤਨ ਕੀਤਾ ਉਨ੍ਹਾਂ ਦਾ ਅਲਾ ਜ਼ਖ਼ਮ ਮੁੜ ਖੁਲ੍ਹ ਗਿਆ ਅਤੇ ਉਸ ਵਿੱਚੋਂ ਖ਼ੂਨ ਵਗ ਗਿਆ। ਅੰਤਮ ਸਮੇਂ ਤਕ ਗੁਰੂ ਜੀ ਖ਼ੁਸ਼ ਰਹੇ। ਕੋਈ ਆਦਮੀ ਇਹ ਅੰਦਾਜ਼ਾ ਨਹੀਂ ਸੀ ਲਾ ਸਕਦਾ ਕਿ ਉਨ੍ਹਾਂ ਦਾ ਅੰਤ ਲਾਗੇ ਆ ਰਿਹਾ ਸੀ। ਅਚਾਨਕ ਹੀ 7 ਅਕਤੂਬਰ 1708 ਨੂੰ ਅੱਧੀ ਰਾਤ ਤੋਂ ਦੋ ਘੰਟੇ ਪਿੱਛੋਂ ਉਨ੍ਹਾਂ ਨੇ ਸਿੱਖਾਂ ਨੂੰ ਜਗਾਇਆ ਅਤੇ ਉਨ੍ਹਾਂ ਤੋਂ ਵਿਦਾਇਗੀ ਲੈ ਕੇ ਪ੍ਰਲੋਕ ਸੁਧਾਰ ਗਏ।[162]

ਗੁਰੂ ਸਾਹਿਬਾਨ ਸਿੱਖਾਂ ਦੀ ਉਨ੍ਹਾਂ ਗੁਣਾਂ ਵਿਚ ਪੁਸ਼ਤ ਦਰ ਪੁਸ਼ਤ ਅਗਵਾਈ ਕਰਦੇ ਆਏ ਹਨ ਜਿਨ੍ਹਾਂ ਸਦਕੇ ਇਕ ਮਹਾਨ ਕੌਮ ਬਣਦੀ ਹੈ। ਹੁਣ ਕਿਉਂਕਿ ਉਹ ਕਾਰਜ ਸਮਾਪਤ ਹੋ ਗਿਆ ਸੀ ਇਸ ਲਈ ਅੰਤਮ ਗੁਰੂ ਜੀ ਨੇ ਆਪਣੇ ਵਿਅਕਤਿਤਵ ਨੂੰ ਆਪਣੇ ਸ਼ਰਧਾਲੂਆਂ ਵਿਚ ਹੀ ਸਮੋ ਲਿਆ। ਸਾਰਾ ਸਿੱਖ ਇਤਿਹਾਸ ਇਸ ਦੈਵੀ ਘਟਨਾ ਵੱਲ ਨੂੰ ਚਲਦਾ ਆ ਰਿਹਾ ਸੀ। ਅਗਾਂਹ ਲਈ ਕੋਈ ਦੇਹਧਾਰੀ ਗੁਰੂ ਨਹੀਂ ਸੀ ਹੋਣਾ।[163] ਸਾਰੀ ਸਿੱਖ ਕੌਮ ਨੇ ਆਪਣੇ ਜਥੇਬੰਦਕ ਰੂਪ ਵਿਚ, ਜਿਸ ਨੂੰ ਪੰਥ ਕਿਹਾ ਜਾਂਦਾ ਹੈ ਗੁਰੂ ਗ੍ਰੰਥ ਸਾਹਿਬ ਵਿਚ ਸਮਿਲਤ ਸਿਖਿਆ ਦੁਆਰਾ ਅਤੇ ਨਾਲ ਹੀ ਕੌਮ ਦੀ ਸਮੁੱਚੀ ਭਾਵਨਾ ਰਾਹੀਂ ਆਪਣੀ ਅਗਵਾਈ ਆਪ ਕਰਨੀ ਸੀ।

---

161. ਬਖ਼ਤ ਮਲ ਦਾ *ਖਾਲਸ-ਨਾਮਾ*, ਪੰਨਾ 19-22. *ਚਤਰਯੁਗੀ* ਵੀ ਦੇਖੋ।

162. ਗੁਰੂ ਸਾਹਿਬ ਦਾ ਅਕਾਲ ਚਲਾਣਾ ਕਰਨ ਦਾ ਬਿਰਤਾਂਤ ਅਸੀਂ ਸੈਨਾਪਤੀ ਦੀ ਪੁਸਤਕ *ਗੁਰ ਸੋਭਾ* ਅਨੁਸਾਰ ਲਿਆ ਹੈ। ਸੈਨਾਪਤੀ ਗੁਰੂ ਸਾਹਿਬ ਦੀ ਸਮਕਾਲੀ ਸੀ। ਵੇਖੋ *ਗੁਰ ਸੋਭਾ*, xviii, 8-37.

163. ਹਰਸੁਖ ਰਾਏ ਦੀ ਪੁਸਤਕ *ਮਜਮਾ-ਉਲ-ਅਖਬਾਰ*, ਪੰਨਾ 481; ਸੋਹਨ ਲਾਲ ਸੂਰੀ, ਜਿਲਦ ਪਹਿਲੀ. ਪੰਨੇ 64-65; *ਰਹਿਤਨਾਮਾ*, ਪ੍ਰਹਿਲਾਦ ਸਿੰਘ, 24; Forster, Vol. I. p. 263; Malcolm, p. 76; *History of the Sikhs*, (Calcutta, 1846), p. 86.

ਭਾਗ ਦੂਜਾ

# ਸਿੱਖਾਂ ਦੀਆਂ ਰਾਜਸੀ ਨੀਹਾਂ : ਸਿੱਖ ਬੰਦਾ ਸਿੰਘ ਦੀ ਅਗਵਾਈ ਵਿਚ

## 1. ਸਰਹੰਦ ਤਕ ਪੁੱਜਣ ਦੇ ਹਾਲਾਤ

ਸਿੱਖਾਂ ਦੇ ਦਸਵੇਂ ਅਤੇ ਆਖ਼ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੇਹਾਂਤ ਤੋਂ ਬਾਅਦ ਸਿੱਖਾਂ ਦੀ ਰਾਜਸੀ ਅਗਵਾਈ ਬੰਦਾ ਸਿੰਘ[1] ਦੇ ਹੱਥਾਂ ਵਿਚ ਆ ਗਈ, ਜਿਸ ਨੂੰ ਗੁਰੂ ਜੀ ਨੇ ਆਪਣੇ ਮਤ ਦਾ ਅਨੁਯਾਈ ਬਣਾ ਲਿਆ ਸੀ ਅਤੇ ਅੰਮ੍ਰਿਤ ਛਕਾ ਕੇ ਇਕ ਪੂਰਾ ਸਿੰਘ ਸਜਾ ਦਿੱਤਾ ਸੀ। ਮੁਗ਼ਲ

1. ਉਸ ਦਾ ਜਨਮ 27 ਅਕਤੂਬਰ, 1760 ਨੂੰ ਪੱਛਮੀ ਕਸ਼ਮੀਰ ਦੇ ਜ਼ਿਲਾ ਪੁੰਛ ਵਿਚ ਰਾਜੌੜੀ ਦੇ ਸਥਾਨ ਤੇ ਹੋਇਆ ਸੀ। ਬਚਪਨ ਵਿਚ ਉਸ ਦਾ ਨਾਂ ਲਛਮਣ ਦਾਸ ਸੀ। ਉਸ ਦਾ ਪਿਤਾ ਰਾਮ ਦੇਵ ਇਕ ਰਾਜਪੂਤ ਕਿਸਾਨ ਸੀ। ਬਚਪਨ ਵਿਚ ਉਹ ਬੜਾ ਨਰਮ ਦਿਲ ਸੀ। ਇਕ ਕਹਾਣੀ ਤੋਂ ਪਤਾ ਲਗਦਾ ਹੈ ਕਿ ਉਸ ਨੇ ਇਕ ਮਰ ਰਹੀ ਹਿਰਨੀ, ਜਿਸ ਨੂੰ ਉਸ ਨੇ ਹੀ ਮਾਰਿਆ ਸੀ ਅਤੇ ਉਸ ਦੇ ਪੇਟ ਵਿਚੋਂ ਨਿਕਲ ਕੇ ਬਾਹਰ ਡਿਗੇ ਬੱਚਿਆਂ ਨੂੰ ਵੀ ਤੜਪ ਤੜਪ ਕੇ ਮਰਦੇ ਦੇਖਿਆ। ਇਹ ਦ੍ਰਿਸ਼ ਉਸ ਲਈ ਅਸਹਿ ਸੀ। ਉਸ ਨੇ ਆਪਣਾ ਅਗਲਾ ਜੀਵਨ ਇਕ ਤਿਆਗੀ ਦੇ ਰੂਪ ਵਿਚ ਲੰਘਾਉਣ ਦਾ ਫੈਸਲਾ ਕਰ ਲਿਆ। ਉਹ ਵੈਰਾਗੀ ਬਣ ਗਿਆ ਅਤੇ ਉਸ ਨੇ ਆਪਣਾ ਨਾਂ ਮਾਧੋ ਦਾਸ ਰਖ ਲਿਆ। ਇਸ ਮਤ ਦੇ ਸਾਧੂਆਂ ਦੀ ਤਰ੍ਹਾਂ ਉਹ ਥਾਂ ਥਾਂ ਭੌਂਦਾ ਫਿਰਦਾ ਰਿਹਾ ਅਤੇ ਗੋਦਾਵਰੀ ਦੇ ਕੰਢੇ ਨਾਸਕ ਪੁਜ ਗਿਆ ਜਿੱਥੇ ਉਹ ਇਕ ਬਜੁਰਗ ਜੋਗੀ ਔਘੜ ਨਾਥ ਦੇ ਆਸ਼ਰਮ ਵਿਚ ਦਾਖ਼ਲ ਹੋਇਆ ਜਿਸ ਤੋਂ ਇਸ ਨੇ ਰਿਧੀਆਂ ਸਿਧੀਆਂ ਸਿੱਖੀਆਂ। ਆਪਣੇ ਮੁਰਸ਼ਦ ਦੀ ਮੌਤ ਪਿੱਛੋਂ ਉਹ ਨੰਦੇੜ (ਨਿਜ਼ਾਮ ਦੇ ਰਾਜ ਵਿਚ) ਚਲਾ ਗਿਆ ਅਤੇ ਉਥੇ ਆਪਣਾ ਮੱਠ ਸਥਾਪਿਤ ਕਰ ਲਿਆ। ਉਹ ਆਪਣੇ ਅਵੇਸਲੇ ਯਤਾਰੀਆਂ ਉੱਤੇ ਆਪਣੇ ਜਾਦੂ ਦੇ ਮੰਤਰ ਚਲਾਉਣ ਵਿਚ ਖ਼ੁਸ਼ੀ ਅਨੁਭਵ ਕਰਦਾ। ਉਸ ਨੇ ਉਹੀ ਕੁਝ ਗੁਰੂ ਗੋਬਿੰਦ ਸਿੰਘ ਜੀ ਨਾਲ ਕਰਨ ਦੀ ਕੋਸ਼ਿਸ਼ ਕੀਤੀ ਜੋ ਉਸ ਨੂੰ ਮਿਲਣ ਲਈ ਸਤੰਬਰ 1708 ਵਿਚ ਉਸ ਦੇ ਆਸ਼ਰਮ ਵਿਚ ਗਏ ਸਨ। ਅਹਿਮਦ ਸ਼ਾਹ ਬਟਾਲੀਆ ਨੇ ਨਿਮਲ ਲਿਖਤ ਵਾਰਤਾਲਾਪ ਆਪਣੀ ਰਚਨਾ 'ਜ਼ਿਕਰਿ ਗੁਰੂਆਂ ਵਾ ਇਬਤਦਾਏ ਸਿੰਘਾਂ ਵਾ ਮਜ਼ਹਬ ਏ ਏਸ਼ਾਂ' ਵਿਚ ਦਿੱਤਾ ਹੈ।

ਮਾਧੋ ਦਾਸ : ਤੁਸੀਂ ਕੌਣ ਹੋ?
ਗੁਰੂ ਗੋਬਿੰਦ ਸਿੰਘ: ਉਹੀ ਜਿਸ ਨੂੰ ਤੂੰ ਜਾਣਦਾ ਹੈਂ।
ਮਾਧੋ ਦਾਸ : ਮੈਂ ਕੀ ਜਾਣਦਾ ਹਾਂ?
ਗੁਰੂ ਗੋਬਿੰਦ ਸਿੰਘ: ਇਸ ਬਾਰੇ ਹੋਰ ਸੋਚ।
ਮਾਧੋ ਦਾਸ : (ਕੁਝ ਰੁਕ ਕੇ): ਤਾਂ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਹੋ?
ਗੁਰੂ ਗੋਬਿੰਦ ਸਿੰਘ: ਹਾਂ।
ਮਾਧੋ ਦਾਸ : ਤੁਸੀਂ ਇਥੇ ਕਿਸ ਲਈ ਆਏ ਹੋ?
ਗੁਰੂ ਗਬਿੰਦ ਸਿੰਘ: ਮੈਂ ਤੈਨੂੰ ਆਪਣਾ ਚੇਲਾ ਬਣਾਉਣ ਆਇਆ ਹਾਂ।
ਮਾਧੋ ਦਾਸ : ਮੈਂ ਪਰਵਾਨ ਕਰਦਾ ਹਾਂ। ਮੈਂ ਤੁਹਾਡਾ ਬੰਦਾ (ਦਾਸ) ਹਾਂ।

ਵਿਸਤਾਰ ਪੂਰਵਕ ਹਾਲ ਗੰਡਾ ਸਿੰਘ ਦੀ ਪੁਸਤਕ *Banda Singh Bahadur* ਵਿਚ ਵੇਖੋ।

ਹਾਕਮਾਂ ਵਿਰੁੱਧ ਸੰਘਰਸ਼ ਜਾਰੀ ਰੱਖਣ ਲਈ ਗੁਰੂ ਜੀ ਨੇ ਬੰਦਾ ਸਿੰਘ ਨੂੰ ਪੰਜਾਬ ਭੇਜ ਦਿੱਤਾ। ਗੁਰੂ ਜੀ ਨੇ ਉਸ ਨੂੰ ਸੰਸਾਰਕ ਸਤਾ ਦੀ ਨਿਸ਼ਾਨੀ ਵਜੋਂ ਇਕ ਨਗਾਰਾ ਅਤੇ ਝੰਡਾ ਪ੍ਰਦਾਨ ਕੀਤਾ ਸੀ ਅਤੇ ਨਾਲ ਹੀ ਉਨ੍ਹਾਂ ਨੇ ਉਸ ਨੂੰ ਆਪਣੇ ਤਰਕਸ਼ ਵਿੱਚੋਂ ਵਿਜੈ ਦੇ ਇਕਰਾਰ ਵਜੋਂ ਪੰਜ ਤੀਰ ਦਿੱਤੇ। ਗੁਰੂ ਜੀ ਪਾਸੋਂ ਵਿਦਾ ਹੋਣ ਸਮੇਂ ਬੰਦਾ ਸਿੰਘ ਨੂੰ ਕਿਹਾ ਗਿਆ ਕਿ ਉਹ ਆਪਣੇ ਸਦਾਚਾਰ ਦੇ ਪਖੋਂ ਬਿਲਕੁਲ ਪਵਿੱਤਰ ਰਹੇ ਅਤੇ ਦੂਜਿਆਂ ਦੀਆਂ ਇਸਤਰੀਆਂ ਦਾ ਸਤਿਕਾਰ ਅਤੇ ਆਦਰ ਕਰੇ। ਉਹ ਕਥਨੀ ਅਤੇ ਕਰਨੀ ਵਿਚ ਸੱਚਾ ਸਿੱਧ ਹੋਵੇ, ਆਪਣੇ ਆਪ ਨੂੰ ਉਸ ਖਾਲਸੇ ਦਾ ਦਾਸ ਸਮਝੇ ਜਿਹੜਾ ਖਾਲਸਾ ਅਗਾਂਹ ਨੂੰ ਗੁਰੂ-ਰੂਪ ਹੋਵੇਗਾ ਅਤੇ ਉਹ ਸਦਾ ਪੰਜ ਸਿੱਖਾਂ (ਬਾਜ ਸਿੰਘ, ਬਿਨੋਦ ਸਿੰਘ, ਕਾਹਨ ਸਿੰਘ ਆਦਿ) ਦੀ, ਜਿਹੜੇ ਉਸ ਦੇ ਨਾਲ ਭੇਜੇ ਗਏ ਸਨ, ਸਲਾਹ ਅਨੁਸਾਰ ਕੰਮ ਕਰੇ।

ਇਸ ਤਰ੍ਹਾਂ ਬੰਦਾ ਸਿੰਘ, ਜਿਸ ਨੂੰ ਖਾਲਸੇ ਦੇ ਕਮਾਂਡਰ ਦੀ ਉੱਚੀ ਪਦਵੀ ਤਕ ਚੁੱਕ ਦਿੱਤਾ ਗਿਆ ਸੀ, ਉੱਤਰ ਵੱਲ ਨੂੰ ਵਧਿਆ ਅਤੇ ਸਿਹਰੀ ਅਤੇ ਖੰਡਾ ਦੇ ਨੇੜਿਉਂ ਜਿਹੜੇ ਖਰਖੋੜਾ ਦੇ ਪਰਗਨੇ ਵਿਚ ਸਨ, ਉਸ ਨੇ ਪੰਜਾਬ ਦੇ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ ਭੇਜੇ ਅਤੇ ਉਨ੍ਹਾਂ ਲੋਕਾਂ ਨੂੰ ਨਾਲ ਸ਼ਾਮਿਲ ਹੋਣ ਲਈ ਕਿਹਾ। ਉਸ ਨੇ ਦੱਸਿਆ ਕਿ ਉਹ ਸਰਹੰਦ ਦੇ ਫ਼ੌਜਦਾਰ, ਵਜ਼ੀਰ ਖ਼ਾਂ ਅਤੇ ਉਸ ਦੇ ਹਿੰਦੂ ਸਹਾਇਕ ਸੁੱਚਾ ਨੰਦ ਨੂੰ ਸਜ਼ਾ ਦੇਣ ਲਈ ਆ ਰਿਹਾ ਹੈ ਕਿਉਂਕਿ ਉਨ੍ਹਾਂ ਨੇ ਗੁਰੂ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਕਤਲ ਕੀਤਾ ਸੀ। ਉਹ ਪਹਾੜੀ ਰਾਜਿਆਂ ਨੂੰ ਵੀ ਸਜ਼ਾ ਦੇਣਾ ਚਾਹੁੰਦਾ ਸੀ ਜਿਨ੍ਹਾਂ ਨੇ ਗੁਰੂ ਜੀ ਨਾਲ ਭੈੜਾ ਵਰਤਾਉ ਕੀਤਾ ਸੀ। ਸਭ ਪਾਸਿਆਂ ਤੋਂ ਸਿੱਖ ਆ ਕੇ ਬੰਦਾ ਸਿੰਘ ਦੇ ਝੰਡੇ ਥੱਲੇ ਇਕੱਠੇ ਹੋ ਗਏ। ਭਾਈ ਫਤਹਿ ਸਿੰਘ, ਜਿਹੜਾ ਭਾਈ ਭਗਤੂ ਦੀ ਔਲਾਦ ਵਿੱਚੋਂ ਸੀ, ਭਾਈ ਰੂਪਾ ਦੇ ਵੰਸ ਦੇ ਕਰਮ ਸਿੰਘ, ਧਰਮ ਸਿੰਘ ਅਤੇ ਨਗਾਹੀਆ ਸਿੰਘ ਤੇ ਚੂਹੜ ਸਿੰਘ ਉਨ੍ਹਾਂ ਪਹਿਲੇ ਆਦਮੀਆਂ ਵਿੱਚੋਂ ਸਨ ਜਿਹੜੇ ਆਪਣੇ ਨਾਲ ਆਦਮੀ ਅਤੇ ਪੈਸੇ ਲੈ ਕੇ ਆਏ ਸਨ। ਉਨ੍ਹਾਂ ਤੋਂ ਪਿੱਛੋਂ ਸਲੋਦੀ ਦੇ ਹੋਰ ਸਿੱਖਾਂ ਨੂੰ ਨਾਲ ਲੈ ਕੇ ਆਲੀ ਸਿੰਘ ਅਤੇ ਮਾਲੀ ਸਿੰਘ ਆਏ। ਫੂਲਕੀਆਂ ਖਾਨਦਾਨ ਦੇ ਚੌਧਰੀ ਰਾਮ ਸਿੰਘ ਅਤੇ ਚੌਧਰੀ ਤਿਲੋਕ ਸਿੰਘ ਨੇ ਬੜੀ ਖੁਲ੍ਹ-ਦਿਲੀ ਨਾਲ ਬੰਦਾ ਸਿੰਘ ਦੀ ਸਹਾਇਤਾ ਕੀਤੀ ਅਤੇ ਕੁਝ ਮਹੀਨਿਆਂ ਵਿਚ ਹੀ ਸਾਰੀ ਕਿਸਾਨ ਸ਼੍ਰੇਣੀ ਨੇ ਸਰਹੰਦ ਤੋਂ ਬਦਲਾ ਲੈਣ ਲਈ ਹਥਿਆਰ ਬੰਨ੍ਹ ਲਏ।

ਬੰਦਾ ਸਿੰਘ ਨੇ ਸਰਹੰਦ ਵੱਲ ਨੂੰ ਕੂਚ ਕੀਤਾ ਅਤੇ ਉਹ ਰਸਤੇ ਵਿਚ ਆਉਂਦੀਆਂ ਸਾਰੀਆਂ ਪ੍ਰਸਿੱਧ ਮੁਸਲਮਾਨ ਥਾਵਾਂ ਨੂੰ ਬਰਬਾਦ ਕਰਦਾ ਗਿਆ। 26 ਨਵੰਬਰ 1709 ਨੂੰ ਸਵੇਰੇ ਸਵੇਰੇ ਹੀ ਉਸ ਨੇ ਅਚਣਚੇਤ ਸਮਾਣੇ ਤੇ ਹਮਲਾ ਕਰ ਦਿੱਤਾ। ਜਲਾਦ ਜਲਾਲ-ਉਦ-ਦੀਨ, ਜਿਸ ਦੇ ਹੱਥੋਂ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਹੋਈ ਸੀ ਸਮਾਣੇ ਦਾ ਵਸਨੀਕ ਸੀ। ਰਾਤ ਪੈਣ ਤੋਂ ਪਹਿਲਾਂ ਪਹਿਲਾਂ ਸ਼ਹਿਰ ਦੀਆਂ ਸ਼ਾਨਦਾਰ ਇਮਾਰਤਾਂ ਖੰਡਰਾਂ ਦਾ ਢੇਰ ਬਣ ਗਈਆਂ ਅਤੇ ਬਹੁਤ ਸਾਰਾ ਲੁੱਟ ਦਾ ਮਾਲ ਸਿੱਖਾਂ ਦੇ ਹੱਥ ਲਗਾ।[2] ਘੁੜਾਮ, ਠਸਕਾ, ਸ਼ਾਹਬਾਦ ਅਤੇ ਮੁਸਤਫ਼ਾਬਾਦ ਦੇ ਨਗਰਾਂ ਵਿੱਚੋਂ ਦੀ ਲੰਘ ਕੇ, ਜਿਨ੍ਹਾਂ ਨੇ ਬਿਨਾਂ ਬਹੁਤਾ ਟਾਕਰਾ ਕਰਨ ਦੇ ਬੰਦਾ ਸਿੰਘ ਦੇ ਸਾਹਮਣੇ ਹਥਿਆਰ ਸੁੱਟ ਦਿੱਤੇ, ਉਸ ਨੇ ਕਪੂਰੀ ਦੇ ਕਸਬੇ ਉੱਤੇ ਹਮਲਾ ਕੀਤਾ। ਇਸ ਥਾਂ ਦਾ ਕਮਾਂਡਰ ਕਾਦਮ-ਦੀਨ ਆਪਣੀਆਂ ਹਿਰਸੀ ਮੁਹਿੰਮਾਂ ਲਈ ਬੜਾ ਬਦਨਾਮ ਸੀ। ਦੋ ਸੌ ਵਰ੍ਹੇ ਬੀਤ ਚੁੱਕਣ ਤੋਂ ਬਾਅਦ ਵੀ ਉਸ ਦੇ ਲਾਲਚ ਦੀਆਂ ਕਹਾਣੀਆਂ ਹਾਲੇ ਵੀ ਪ੍ਰਚਲਿਤ ਹਨ। ਬੰਦਾ ਸਿੰਘ ਨੇ ਉਸ ਭ੍ਰਿਸ਼ਟਾਚਾਰੀ ਹਾਕਮ ਨੂੰ ਸਜ਼ਾ ਦੇਣ ਦਾ ਪੱਕਾ ਇਰਾਦਾ ਕੀਤਾ ਹੋਇਆ ਸੀ। ਉਸ ਨੇ ਕਪੂਰੀ ਤੇ

2. *The Phulkian States Gazetteer (1904)*, p. 205; 'ਪ੍ਰਾਚੀਨ ਪੰਥ ਪ੍ਰਕਾਸ਼', ਪੰਨੇ 102-103.

ਹਮਲਾ ਕੀਤਾ ਅਤੇ ਕਾਦਮ-ਦੀਨ ਦੇ ਬਦਚਲਨੀ ਦੇ ਅੱਡਿਆਂ ਨੂੰ ਅੱਗ ਲਾ ਦਿੱਤੀ ਅਤੇ ਉਸ ਦੀ ਸੰਪਤੀ ਨੂੰ ਸਭ ਪਾਸੀਂ ਉਡਾ ਦਿੱਤਾ।

ਇਸ ਤੋਂ ਪਿੱਛੋਂ ਉਸ ਨੇ ਸਢੌਰੇ ਵੱਲ ਮੂੰਹ ਮੋੜਿਆ ਜਿਹੜਾ ਜਬਰ ਅਤੇ ਜ਼ੁਲਮ ਦਾ ਇਕ ਹੋਰ ਕੇਂਦਰ ਸੀ। ਇਥੋਂ ਦੇ ਹਿੰਦੂਆਂ ਨੇ ਉਸ ਪਾਸ ਫਰਿਆਦ ਕੀਤੀ ਕਿ ਉਨ੍ਹਾਂ ਨੂੰ ਆਪਣੇ ਮੁਰਦੇ ਸਾੜਨ ਜਾਂ ਹੋਰ ਧਾਰਮਿਕ ਰਹੁ-ਰੀਤਾਂ ਕਰਨ ਦੀ ਆਗਿਆ ਨਹੀਂ। ਉਨ੍ਹਾਂ ਦੇ ਘਰਾਂ ਦੇ ਸਾਹਮਣੇ ਗਊਆਂ ਕਤਲ ਕੀਤੀਆਂ ਜਾਂਦੀਆਂ ਸਨ। ਦੁੱਖੀ ਹੋ ਕੇ ਬਹੁਤ ਸਾਰੇ ਹਿੰਦੂ ਸ਼ਹਿਰ ਛਡਣ ਲਈ ਮਜਬੂਰ ਹੋ ਗਏ ਸਨ। ਸਢੌਰੇ ਦੇ ਹਾਕਮ ਉਸਮਾਨ ਖ਼ਾਂ ਦਾ ਨਾਂ ਸੁਣ ਕੇ ਹੀ ਸਿੱਖਾਂ ਨੂੰ ਕ੍ਰੋਧ ਆਉਂਦਾ ਸੀ ਕਿਉਂਕਿ ਉਸ ਨੇ ਇਕ ਮਹਾਨ ਮੁਸਲਮਾਨ ਸੰਤ ਸੱਯਦ ਬਦਰੁ-ਦੀਨ ਸ਼ਾਹ, ਜੋ ਬੁੱਧੂ ਸ਼ਾਹ ਦੇ ਨਾਂ ਨਾਲ ਪ੍ਰਸਿੱਧ ਸੀ, ਨੂੰ ਸਿਰਫ਼ ਇਸ ਲਈ ਤਸੀਹੇ ਦੇ ਕੇ ਮਾਰ ਦਿੱਤਾ ਸੀ ਕਿ ਉਸ ਨੇ ਭੰਗਾਣੀ ਦੇ ਯੁੱਧ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਸਹਾਇਤਾ ਕੀਤੀ ਸੀ। ਸਿੱਖਾਂ ਨੇ ਸਢੌਰੇ ਵਲ ਕੂਚ ਕੀਤਾ ਅਤੇ ਦੁੱਖੀ ਕਿਸਾਨ ਸ਼੍ਰੇਣੀ ਨੇ ਜਿਹੜੀ ਵਿਦਰੋਹ ਕਰਨ ਲਈ ਮੌਕੇ ਦੀ ਉਡੀਕ ਵਿਚ ਹੀ ਸੀ, ਹਮਲਾਵਰਾਂ ਨਾਲ ਮਿਲ ਕੇ ਉਨ੍ਹਾਂ ਦੀ ਗਿਣਤੀ ਵਿਚ ਵਾਧਾ ਕੀਤਾ ਅਤੇ ਸ਼ਹਿਰ ਉੱਤੇ ਜ਼ੋਰਦਾਰ ਧਾਵਾ ਬੋਲਿਆ। ਉਤੇਜਿਤ ਭੀੜਾਂ ਕਾਬੂ ਤੋਂ ਬਾਹਰ ਹੋ ਗਈਆਂ ਅਤੇ ਉਨ੍ਹਾਂ ਨੇ ਕੁਤਬੁਲ ਅਕਤਾਬ ਦੇ ਮਕਬਰੇ ਨੂੰ ਅੱਗ ਲਾ ਦਿੱਤੀ ਜਿੱਥੇ ਹਿੰਦੂ ਵਸਨੀਕਾਂ ਨੂੰ ਆਪਣੇ ਮੁਰਦੇ ਲਿਜਾਣ ਲਈ ਮਜਬੂਰ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਸਭ ਦੋਸ਼ੀਆਂ ਨੂੰ ਕਤਲ ਕਰ ਦਿੱਤਾ ਗਿਆ ਜਿਨ੍ਹਾਂ ਨੇ ਸੱਯਦ ਬੁੱਧੂ ਸ਼ਾਹ ਦੀ ਹਵੇਲੀ ਵਿਚ ਸ਼ਰਨ ਲੈ ਰੱਖੀ ਸੀ। ਉਦੋਂ ਤੋਂ ਉਸ ਥਾਂ ਨੂੰ ਕਤਲਗੜ੍ਹੀ[3] ਕਹਿੰਦੇ ਹਨ। ਸਢੌਰਾ ਨੂੰ ਸਰ ਕਰਨ ਤੋਂ ਬਾਅਦ ਸਿੱਖਾਂ ਨੇ ਲਾਗੇ ਹੀ ਮੁਖਲਿਸਗੜ੍ਹ ਦੇ ਕਿਲ੍ਹੇ ਵੱਲ ਰੁਖ ਕਰ ਲਿਆ।

ਬੰਦਾ ਸਿੰਘ ਪੂਰਬੀ ਪਾਸੇ ਤੋਂ ਇਕ ਵਲਾਵੇਂਦਾਰ ਰਸਤੇ ਉਤੋਂ ਦੀ ਹੋ ਤੁਰਿਆ ਤਾਂ ਜੋ ਦੁਆਬਾ ਅਤੇ ਮਾਝਾ ਦੇ ਸਿੱਖਾਂ ਨੂੰ ਸਮਾਂ ਮਿਲ ਸਕੇ, ਕਿ ਉਹ ਮਲੇਰਕੋਟਲਾ ਦੇ ਅਫ਼ਗਾਨਾਂ ਦੇ ਵਿਰੋਧ ਨੂੰ ਚੀਰਦੇ ਹੋਏ ਅਗਾਂਹ ਵੱਧ ਸਕਣ। ਅਫ਼ਗਾਨ ਸਤਲੁਜ ਦਾ ਰਸਤਾ ਰੋਕ ਰਹੇ ਸਨ। ਬੰਦਾ ਸਿੰਘ ਚਾਹੁੰਦਾ ਸੀ ਕਿ ਦੁਆਬੇ ਅਤੇ ਮਾਝੇ ਦੇ ਸਿੱਖ ਸਰਹੰਦ ਉੱਤੇ ਹਮਲਾ ਕਰਨ ਤੋਂ ਪਹਿਲਾਂ ਉਸ ਨਾਲ ਸ਼ਾਮਿਲ ਹੋ ਸਕਣ।

## 2. ਸਰਹਿੰਦ ਦੀ ਜਿੱਤ

ਸਰਹਿੰਦ ਨਾਲ ਸਿੱਖਾਂ ਨੂੰ ਬੜੀ ਘ੍ਰਿਣਾ ਸੀ। ਸਰਹਿੰਦ ਵਿਚ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਨੂੰ ਵਜ਼ੀਰ ਖ਼ਾਂ ਦੇ ਹੁਕਮ ਨਾਲ ਕਤਲ ਕੀਤਾ ਗਿਆ ਸੀ। ਵਜ਼ੀਰ ਖ਼ਾਂ ਗੁਰੂ ਜੀ ਨੂੰ ਅਨੰਦਪੁਰ ਵਿਚ ਵੀ ਪ੍ਰੇਸ਼ਾਨ ਕਰਦਾ ਰਿਹਾ ਸੀ। ਇਸੇ ਨੇ ਹੀ ਗੁਰੂ ਜੀ ਉੱਤੇ ਚਮਕੌਰ ਦੇ ਸਥਾਨ ਤੇ ਹਮਲਾ ਕੀਤਾ ਸੀ ਜਿੱਥੇ ਉਨ੍ਹਾਂ ਦੇ ਬੜੇ ਪੁੱਤਰ ਸ਼ਹੀਦ ਹੋਏ ਸਨ। ਵਜ਼ੀਰ ਖ਼ਾਂ ਨੇ ਹੀ ਗੁਰੂ ਜੀ ਦਾ ਮੁਕਤਸਰ ਤਕ ਪਿੱਛਾ ਕੀਤਾ ਸੀ, ਜਿੱਥੇ ਚਾਲੀ ਮੁਕਤੇ ਸ਼ਹੀਦ ਹੋਏ ਸਨ। ਉਹ ਵਜ਼ੀਰ ਖ਼ਾਂ ਹੀ ਸੀ ਜਿਸ ਦੇ ਭੇਜੇ ਹੋਏ ਆਦਮੀਆਂ ਨੇ ਨੰਦੇੜ ਦੇ ਸਥਾਨ ਤੇ ਗੁਰੂ ਜੀ ਉੱਤੇ ਕਾਤਲਾਨਾ ਹਮਲਾ

3. ਮੁਹੰਮਦ ਹਾਰੀਸੀ, *ਇਬਰਤਨਾਮਾ*, ਪੰਨਾ 40 ਬੀ; *ਪ੍ਰਾਚੀਨ ਪੰਥ ਪ੍ਰਕਾਸ਼*, ਪੰਨਾ 104; ਕਰਮ ਸਿੰਘ, *ਬੰਦਾ ਬਹਾਦਰ*, ਪੰਨੇ 55-59. *ਸ਼ਮਸ਼ੇਰ ਖਾਲਸਾ*, ਅਤੇ ਪ੍ਰਾਚੀਨ *ਪੰਥ ਪ੍ਰਕਾਸ਼*, ਦੇ ਇਨ੍ਹਾਂ ਵਧਾ ਚੜ੍ਹਾ ਕੇ ਦਿੱਤੇ ਬਿਆਨਾਂ ਦੀ ਪੁਸ਼ਟੀ ਲਈ ਕਿ ਪੀਰਾਂ ਦੇ ਮਕਬਰਿਆਂ ਦੀ ਨਿਰਾਦਰੀ ਕੀਤੀ ਗਈ ਅਤੇ ਮੁਰਦਿਆਂ ਨੂੰ ਕਬਰਾਂ ਵਿੱਚੋਂ ਪੁਟ ਕੇ ਸਾੜਿਆ ਗਿਆ ਸਾਨੂੰ ਸਮਕਾਲੀ ਲਿਖਤਾਂ ਵਿੱਚੋਂ ਕੁਝ ਵੀ ਨਹੀਂ ਮਿਲਦਾ ਅਤੇ ਨਾ ਹੀ ਮੁਸਲਮਾਨਾਂ ਦੇ ਰਚੇ ਇਤਿਹਾਸਾਂ ਵਿੱਚੋਂ ਅਜਿਹਾ ਕੁਝ ਮਿਲਦਾ ਹੈ। ਅਸਲ ਗੱਲ ਇਹ ਹੈ ਕਿ ਗੰਜ-ਏ-ਇਲਮ ਅਤੇ ਕੁਤਬੁਲ ਅਕਤਾਬ ਦੇ ਮਕਬਰੇ ਅੱਜ ਤਕ ਸਹੀ ਹਾਲਤ ਵਿਚ ਖੜੋਤੇ ਹਨ। ਕੇਵਲ ਕੁਤਬੁਲ ਅਕਤਾਬ ਦੇ ਮਕਬਰੇ ਉੱਤੇ ਅੱਗ ਦੇ ਕੁਝ ਨਿਸ਼ਾਨ ਹਨ ਜਿਸ ਨੂੰ ਭੜਕੇ ਹੋਏ ਜਨ-ਸਮੂਹ ਨੇ ਅੱਗ ਲਾ ਦਿੱਤੀ ਸੀ।

ਕੀਤਾ ਸੀ ਤੇ ਜਿਸ ਦੇ ਫਲਸਰੂਪ ਪਿਛੋਂ ਗੁਰੂ ਜੀ ਦਾ ਦੇਹਾਂਤ ਹੋ ਗਿਆ ਸੀ। ਇਸ ਮਨਹੂਸ ਸ਼ਹਿਰ ਦੇ ਘ੍ਰਿਣਤ ਹਾਕਮ ਤੋਂ ਬਦਲਾ ਲੈਣ ਲਈ ਸਿੱਖ ਕ੍ਰੋਧ ਨਾਲ ਸੜ ਰਹੇ ਸਨ। ਇਸ ਸ਼ਹਿਰ ਨੂੰ ਉਸ ਵੇਲੇ 'ਗੁਰੂ ਕੀ ਮਾੜੀ' ਕਹਿੰਦੇ ਸਨ ਅਤੇ ਆਉਣ ਵਾਲੇ ਧਰਮ ਯੁੱਧ ਵਿਚ ਭਾਗ ਲੈਣ ਨੂੰ ਪਵਿੱਤਰ ਫ਼ਰਜ਼ ਸਮਝਿਆ ਜਾਂਦਾ ਸੀ।

ਤਿੰਨ ਕਿਸਮ ਦੇ ਲੋਕ ਇਸ ਮੁਹਿੰਮ ਵਿਚ ਬੰਦਾ ਸਿੰਘ ਨਾਲ ਸ਼ਾਮਿਲ ਹੋਏ। ਪਹਿਲੇ ਉਹ ਲੋਕ ਸਨ ਜਿਹੜੇ ਗੁਰੂ ਗੋਬਿੰਦ ਸਿੰਘ ਜੀ ਦੇ ਮਤ ਨਾਲ ਸਬੰਧਿਤ ਸਨ ਅਤੇ ਹੁਣ ਸ਼ਰਧਾ ਅਤੇ ਸਵੈ-ਕੁਰਬਾਨੀ ਦੀ ਭਾਵਨਾ ਨਾਲ ਗੁਰੂ ਜੀ ਦੇ ਸੈਨਿਕ ਉੱਤਰਾਧਿਕਾਰੀ ਪਾਸ ਇਕਠੇ ਹੋ ਗਏ ਤਾਂ ਜੋ ਆਪਣੇ ਮੁਲਕ ਅਤੇ ਧਰਮ ਦੇ ਵੈਰੀਆਂ ਦੇ ਵਿਰੁੱਧ ਸੰਘਰਸ਼ ਜਾਰੀ ਰਖ ਸਕਣ। ਦੂਜੇ ਉਹ ਲੋਕ ਸਨ ਜਿਨ੍ਹਾਂ ਨੂੰ ਫੂਲ ਵੰਸ ਦੇ ਰਾਮ ਸਿੰਘ ਅਤੇ ਤਿਲੋਕ ਸਿੰਘ ਜਿਹੇ ਆਗੂਆਂ ਨੇ ਭੇਜਿਆ ਸੀ। ਉਹ ਚੋਧਰੀ ਆਪ ਤਾਂ ਮੁਹਿੰਮ ਵਿਚ ਸ਼ਾਮਿਲ ਨਹੀਂ ਹੋ ਸਕੇ ਪਰ ਉਨ੍ਹਾਂ ਨੂੰ ਬੰਦਾ ਸਿੰਘ ਦੇ ਚਿਤਵੇ ਕਾਰਜ ਨਾਲ ਪੂਰੀ ਹਮਦਰਦੀ ਸੀ ਅਤੇ ਉਸ ਦੀ ਮੁਹਿੰਮ ਦੀ ਸਫਲਤਾ ਲਈ ਹਰ ਸੰਭਵ ਸਹਾਇਤਾ ਦੇ ਇਛੁੱਕ ਸਨ। ਤੀਜੀ ਸ਼੍ਰੇਣੀ ਵਿਚ ਅਜਿਹੇ ਬੇਲਗਾਮ ਲੋਕ ਸਨ ਜਿਹੜੇ ਲੁੱਟ ਅਤੇ ਨਿਜੀ ਬਦਲੇ ਦੀ ਆਸ ਨਾਲ ਖਿੱਚੇ ਆਏ ਸਨ। ਬਹੁਤ ਕਰਕੇ ਇਹੀ ਲੋਕ ਸਨ ਜਿਹੜੇ ਅੰਨ੍ਹੇਵਾਹ ਕਤਲ ਅਤੇ ਲੁੱਟ ਲਈ ਜ਼ਿੰਮੇਵਾਰ ਸਨ। ਸਾਰੇ ਮਿਲਾ ਕੇ ਇਸ ਮੌਕੇ ਤੇ ਕੋਈ ਚਾਲੀ ਹਜ਼ਾਰ ਆਦਮੀ ਇਕੱਠੇ ਹੋਏ ਦੱਸੇ ਜਾਂਦੇ ਹਨ ਪਰ ਖਾਫ਼ੀ ਖ਼ਾਂ ਦਾ ਇਹ ਅੰਦਾਜ਼ਾ ਅਤਿਕਥਨੀ ਵਾਲਾ ਜਾਪਦਾ ਹੈ। ਬੰਦਾ ਸਿੰਘ ਪਾਸ ਨਾ ਕੋਈ ਤੋਪਖਾਨਾ ਸੀ ਅਤੇ ਨਾ ਹਾਥੀ ਸਨ। ਉਸ ਦੇ ਸਾਰੇ ਆਦਮੀਆਂ ਲਈ ਘੋੜਿਆਂ ਦੀ ਗਿਣਤੀ ਵੀ ਕਾਫ਼ੀ ਨਹੀਂ ਸੀ। ਵਜ਼ੀਰ ਖ਼ਾਂ ਆਪਣੇ ਸਾਰੇ ਸਾਧਨਾਂ ਨਾਲ ਅਗਾਂਹ ਵੱਧ ਰਹੇ ਸਿੱਖਾਂ ਦਾ ਮੁਕਾਬਲਾ ਕਰਨ ਲਈ ਸਰਹਿੰਦ ਵਿੱਚੋਂ ਬਾਹਰ ਨਿਕਲਿਆ। ਉਸ ਪਾਸ ਨਾ ਸਿਰਫ਼ ਉਸ ਦੀਆਂ ਆਪਣੀਆਂ ਫ਼ੌਜਾਂ ਹੀ ਸਨ ਸਗੋਂ ਹਿਸਾਰ ਅਤੇ ਇਸ ਦੇ ਲਾਗਲੇ ਦੱਖਣੀ ਇਲਾਕੇ ਅਤੇ ਉੱਤਰੀ ਇਲਾਕੇ ਲਾਹੌਰ, ਐਮਨਾਬਾਦ ਆਦਿ ਦੀਆਂ ਫ਼ੌਜਾਂ ਵੀ ਸਨ। ਸਾਰੀ ਫ਼ੌਜ ਦੀ ਗਿਣਤੀ 20 ਹਜ਼ਾਰ ਤੋਂ ਵੱਧ ਹੋਵੇਗੀ।[4] ਉਨ੍ਹਾਂ ਪਾਸ ਬਹੁਤ ਸਾਰੀਆਂ ਹਲਕੀਆਂ ਤੋਪਾਂ, ਜ਼ੰਬੂਰਕ ਅਤੇ ਹਾਥੀ ਸਨ।

12 ਮਈ 1710 ਨੂੰ ਚੱਪੜਚਿੜੀ ਦੇ ਮੈਦਾਨ ਵਿਚ ਲੜਾਈ ਲੜੀ ਗਈ। ਲੜਾਈ ਦੇ ਪਹਿਲੇ ਝਟਕੇ ਵਿਚ ਹੀ ਲੁੱਟ-ਖਸੁੱਟ ਕਰਨ ਵਾਲੇ, ਜੋ ਬੰਦਾ ਸਿੰਘ ਨਾਲ ਸ਼ਾਮਿਲ ਹੋ ਗਏ ਸਨ, ਮੈਦਾਨ ਵਿੱਚੋਂ ਭੱਜ ਨਿਕਲੇ। ਉਨ੍ਹਾਂ ਦੇ ਪਿੱਛੇ ਹੀ ਉਹ 1000 ਆਦਮੀ ਵੀ ਬਚ ਕੇ ਨਿਕਲ ਗਏ ਜੋ ਸਰਹਿੰਦ ਦੇ ਬਦਨਾਮ ਹਿੰਦੂ ਦੀਵਾਨ ਸੁੱਚਾ ਨੰਦ ਦੇ ਭਤੀਜੇ ਨੇ ਬੰਦਾ ਸਿੰਘ ਦੀ ਫ਼ੌਜ ਵਿਚ ਧੋਖੇ ਨਾਲ ਲਿਆ ਭਰਤੀ ਕਰਵਾਏ ਸਨ।[5] ਭਗੌੜਿਆਂ ਦੀ ਧਾੜ ਨੂੰ ਰੋਕਣ ਲਈ ਬੰਦਾ ਸਿੰਘ ਖ਼ੁਦ ਬੜੀ ਤੇਜ਼ੀ ਨਾਲ ਆਪਣੀ ਸੈਨਾ ਦੀਆਂ ਕਤਾਰਾਂ ਵਿਚ ਆਇਆ ਅਤੇ ਉਸ ਨੇ ਹਮਲੇ ਦੀ ਅਗਵਾਈ ਕੀਤੀ। 'ਅਹਵਾਲ-ਇ-ਸਲਾਤੀਨ-ਇ ਹਿੰਦ' ਦਾ ਕਰਤਾ ਲਿਖਦਾ ਹੈ ਕਿ ਸਿੱਖ ਮੁਸਲਮਾਨਾਂ ਦੇ ਮੁਕਾਬਲੇ ਵਿਚ ਸਾਹਮਣੇ ਆਏ ਅਤੇ ਬੜੀ ਤੇਜ਼ੀ ਨਾਲ ਗੋਲੀਆਂ ਚਲਾਉਣ ਲਗੇ ਅਤੇ ਉਨ੍ਹਾਂ ਨੇ ਹੱਥੋ-ਹੱਥੀਂ ਲੜਾਈ ਤਕ ਨੌਬਤ ਲਿਆ ਦਿੱਤੀ। ਮੁਸਲਮਾਨਾਂ ਦਾ ਕਮਾਂਡਰ (ਵਜ਼ੀਰ ਖਾਂ) ਅਤੇ ਉਸ

---

4. ਖਾਫ਼ੀ ਖ਼ਾਂ ਆਪਣੀ ਪੁਸਤਕ *ਮੁੰਤਖਿਬੁਲ-ਲੁਬਾਬ*, ਜਿਲਦ ਦੂਜੀ, ਪੰਨਾ 653 ਤੇ ਵਜ਼ੀਰ ਖ਼ਾਂ ਦੀ ਫ਼ੌਜ ਦੀ ਗਿਣਤੀ 15,000 ਲਿਖਦਾ ਹੈ ਪਰ *ਅਖਬਾਰ-ਇ-ਦਰਬਾਰ-ਇ-ਮੁਅਲਾ* (ਜੈਪੁਰ ਹੱਥ ਲਿਖਤ) ਅਨੁਸਾਰ ਜੋ ਕੁਮਕ (ਸੈਨਿਕ ਸਹਾਇਤਾ) ਵਜ਼ੀਰ ਖ਼ਾਂ ਨੂੰ ਪੁਜੀ ਸੀ ਉਸ ਨਾਲ ਘੱਟੋ ਘੱਟ ਉਸ ਦੀ ਸੈਨਾ ਵਿਚ 5,000 ਹੋਰ ਸੈਨਿਕਾਂ ਦਾ ਵਾਧਾ ਹੋ ਗਿਆ ਹੋਵੇਗਾ।
5. ਵਿਸਤਾਰ ਲਈ ਦੇਖੋ, ਗੰਡਾ ਸਿੰਘ ਦੀ ਲਿਖਤ, *Banda Singh Bahadur*, pp. 63-64. *ਪ੍ਰਾਚੀਨ ਪੰਥ ਪ੍ਰਕਾਸ਼*, ਪੰਨਾ 110.

ਦੇ ਕੁਝ ਆਦਮੀ ਇਤਨੀ ਬਹਾਦੁਰੀ ਨਾਲ ਲੜੇ ਕਿ ਜਮੀਨ ਤੇ ਡਿਗੇ ਕਾਫ਼ਰਾਂ (ਸਿੱਖਾਂ) ਦੇ ਸਰੀਰਾਂ ਦੇ ਢੇਰ ਲੱਗ ਗਏ ਅਤੇ ਹਰ ਪਾਸੇ ਕਿਆਮਤ ਦਾ ਇਕ ਸ਼ੋਰ ਮਚ ਰਿਹਾ ਸੀ। ਆਖ਼ਰਕਾਰ ਸਾਰੀ ਮੁਸਲਮ ਫ਼ੌਜ ਨਸ਼ਟ ਕਰ ਦਿੱਤੀ ਗਈ। ਉਸ ਵੇਲੇ ਵਜੀਰ ਖ਼ਾਂ ਇਹ ਕਹਿੰਦਾ ਹੋਇਆ ਬਾਜ਼ ਸਿੰਘ ਦੇ ਸਾਹਮਣੇ ਆਇਆ ਕਿ 'ਓ ਗੰਦੇ ਕੁੱਤੇ ਹੁਸ਼ਿਆਰ ਹੋ ਜਾ' ਅਤੇ ਆਪਣਾ ਨੇਜਾ ਲੈ ਕੇ ਉਸ ਉੱਪਰ ਟੁੱਟ ਪਿਆ। ਬਾਜ਼ ਸਿੰਘ ਨੇ ਵਜ਼ੀਰ ਖ਼ਾਂ ਤੋਂ ਉਸ ਦਾ ਨੇਜ਼ਾ ਖੋਹ ਲਿਆ ਅਤੇ ਉਸ ਦੇ ਘੋੜੇ ਦੇ ਸਿਰ ਤੇ ਮਾਰ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਥੋੜ੍ਹੀ ਦੇਰ ਪਿੱਛੋਂ ਵਜ਼ੀਰ ਖ਼ਾਂ ਨੇ ਆਪਣੇ ਤਰਕਸ਼ ਵਿੱਚੋਂ ਇਕ ਤੀਰ ਖਿੱਚਿਆ ਅਤੇ ਬਾਜ਼ ਸਿੰਘ ਦੀ ਬਾਂਹ ਉੱਤੇ ਮਾਰਿਆ। ਇਸ ਪਿੱਛੋਂ ਉਹ ਆਪਣੀ ਤਲਵਾਰ ਖਿੱਚ ਕੇ ਉਸ ਨੂੰ ਖ਼ਤਮ ਕਰਨ ਲਈ ਅੱਗੇ ਵਧਿਆ। ਫਤਹਿ ਸਿੰਘ ਨੇ, ਜੋ ਲਾਗੇ ਹੀ ਖੜਾ ਸੀ, ਆਪਣੀ ਤਲਵਾਰ ਸੂਤ ਲਈ ਅਤੇ ਵਜ਼ੀਰ ਖ਼ਾਂ ਉੱਤੇ ਇਤਨੇ ਜ਼ੋਰ ਦਾ ਵਾਰ ਕੀਤਾ ਕਿ ਇਹ ਉਸ ਦੇ ਮੋਢੇ ਵਿੱਚੋਂ ਦੀ ਉਸ ਦੀ ਕਮਰ ਤਕ ਉਤਰ ਗਈ ਅਤੇ ਉਸ ਦਾ ਸਿਰ ਧਰਤੀ ਉੱਤੇ ਡਿਗ ਪਿਆ।[6] ਮੁਸਲਮਾਨੀ ਫ਼ੌਜ ਵਿਚ ਭਾਜੜ ਪੈ ਗਈ ਅਤੇ ਸਿੱਖ ਸੈਨਿਕ ਬਹੁਤ ਬੁਰੀ ਤਰ੍ਹਾਂ ਉਨ੍ਹਾਂ ਉੱਤੇ ਟੁੱਟ ਪਏ। ਖ਼ਾਫ਼ੀ ਖ਼ਾਂ ਦੇ ਸ਼ਬਦਾਂ ਵਿਚ, "ਇਸਲਾਮ ਦੀ ਸੈਨਾ ਦਾ ਹਰ ਆਦਮੀ ਕੇਵਲ ਆਪਣੇ ਗਲ ਦੇ ਕਪੜਿਆਂ ਵਿਚ ਹੀ ਆਪਣੀ ਜਾਨ ਬਚਾ ਕੇ ਭਜ ਸਕਿਆ। ਘੋੜ ਸਵਾਰ ਅਤੇ ਪਿਆਦਾ ਸੈਨਿਕ ਕਾਫ਼ਰਾਂ (ਸਿੱਖਾਂ) ਦੀਆਂ ਤਲਵਾਰਾਂ ਨਾਲ ਢਹਿ ਢੇਰੀ ਹੋ ਗਏ ਜਿਨ੍ਹਾਂ ਦਾ ਸਿੱਖਾਂ ਨੇ ਸਰਹਿੰਦ ਤਕ ਪਿੱਛਾ ਕੀਤਾ।[7]

ਸਰਹਿੰਦ ਤੇ ਵੀ, ਜੋ ਇਸ ਲੜਾਈ ਦੇ ਸਥਾਨ ਤੋਂ ਲਗਪਗ 10 ਮੀਲਾਂ ਦੀ ਵਿਥ ਤੇ ਸੀ, ਦੋ ਦਿਨਾਂ ਪਿੱਛੋਂ ਇਕ ਸੰਖਿਪਤ ਲੜਾਈ ਤੋਂ ਬਾਅਦ ਕਬਜ਼ਾ ਕਰ ਲਿਆ।

ਸਰਹਿੰਦ ਦੀ ਲੜਾਈ ਵਿਚ 500 ਸਿੱਖ ਮਾਰੇ ਗਏ ਸਨ। ਸ਼ਹਿਰ ਨੂੰ ਲੁੱਟ ਲਿਆ ਗਿਆ ਅਤੇ ਕੇਵਲ ਉਹੀ ਮੁਸਲਮਾਨ, ਜੋ ਭੇਸ ਵਟਾ ਕੇ ਹਿੰਦੂਆਂ ਦੇ ਘਰਾਂ ਵਿਚ ਲੁਕ ਗਏ ਸਨ, ਮਾਰ ਤੋਂ ਬਚ ਸਕੇ। ਸੁੱਚਾ ਨੰਦ ਵਰਗੇ ਕੁਝ ਹਿੰਦੂ ਲੋਕਾਂ ਨੂੰ ਵੀ, ਜਿਨ੍ਹਾਂ ਨੇ ਵਜ਼ੀਰ ਖ਼ਾਂ ਦੇ ਨਾਲ ਮਿਲ ਕੇ ਜੁਰਮ ਕੀਤੇ ਸਨ ਅਤੇ ਜੋ ਵਿਸ਼ੇਸ਼ ਕਰਕੇ ਸਿੱਖਾਂ ਦੀ ਘ੍ਰਿਣਾਂ ਦੇ ਪਾਤਰ ਬਣ ਗਏ ਸਨ, ਆਪਣੀਆਂ ਕਰਤੂਤਾਂ ਲਈ ਸਜ਼ਾ ਭੁਗਤਾਣੀ ਪਈ।[8] ਸਰਹਿੰਦ ਵਿੱਚੋਂ ਵਜ਼ੀਰ ਖ਼ਾਂ ਦਾ ਨਕਦ ਅਤੇ ਜਿਨਸ ਦੀ ਸ਼ਕਲ ਵਿਚ ਜੋ ਮਾਲ ਸਿੱਖਾਂ ਦੇ ਹੱਥ ਲਗਾ ਉਸ ਦਾ ਦੋ ਕਰੋੜ ਰੁਪਏ ਦਾ ਅੰਦਾਜ਼ਾ ਹੈ ਅਤੇ ਕੁਝ ਲੱਖ ਰੁਪਏ ਦਾ ਮਾਲ ਸੁੱਚਾ ਨੰਦ ਅਤੇ ਦੂਜਿਆਂ ਦੇ ਖਾਲੀ ਪਏ ਘਰਾਂ ਵਿੱਚੋਂ ਵੀ ਮਿਲਿਆ।[9]

ਥੋਰਨਟਨ ਲਿਖਦਾ ਹੈ ਕਿ ਸੀਅਰ-ਉਲ-ਮੁਤਾਖਰੀਨ' (ਅਤੇ 'ਮੁਨਤਖਿਬੁ-ਲ-ਲੁਬਾਬ') ਵਿਚ ਸਿੱਖਾਂ ਦੇ ਅਤਿਆਚਾਰੀ ਕਾਰਨਾਮਿਆਂ ਦਾ ਭਿਆਨਕ ਵਿਸਤਾਰ ਦਿੱਤਾ ਹੈ ਪਰ ਇਕ ਮੁਸਲਮਾਨ ਲਿਖਾਰੀ ਦਾ ਅਜਿਹੀ ਗੱਲ ਸੰਬੰਧੀ ਪੂਰਾ ਪੂਰਾ ਇਤਬਾਰ ਨਹੀਂ ਕੀਤਾ ਜਾ ਸਕਦਾ।[10] ਹਰ ਕਿਸਮ ਦੀ ਨਿਰਦਇਤਾਂ ਨੂੰ ਸਿੱਖਾਂ ਦੇ ਨਾਂ ਲਾਉਣਾ ਕੇਵਲ ਇਕ ਉੱਚੀ ਕਲਪਨਾ ਦਾ ਹੀ ਕਾਰਨਾਮਾ ਜਾਪਦਾ ਹੈ। ਉਨ੍ਹਾਂ ਦੇ ਸਿਰ ਮਸਜਿਦਾਂ ਦੀ ਬੇਇਜ਼ਤੀ ਕਰਨ ਦਾ, ਇਸਤਰੀਆਂ ਦੇ ਢਿੱਡ ਪਾੜਨ ਦਾ ਅਤੇ ਹਰ ਜਿਉਂਦੇ ਬੱਚੇ ਨੂੰ ਜਮੀਨ ਉੱਤੇ ਪਟਕਾ ਮਾਰਨ ਦਾ ਦੋਸ਼ ਲਾਇਆ ਗਿਆ ਹੈ।[11] ਮੁਹੰਮਦ ਲਤੀਫ਼ ਵਰਗੇ ਬਾਅਦ ਦੇ ਲਿਖਾਰੀਆਂ ਨੇ ਅਜਿਹੇ ਬਿਆਨਾਂ ਨੂੰ ਅੰਨ੍ਹੇਵਾਹ

6. Folio 35b-36b.
7. *ਮੁਨਤਖਿਬੁਲ ਲੁਬਾਬ*, ਭਾਗ ਦੂਜਾ, ਪੰਨਾ 654.
8. ਮੁਹੰਮਦ ਕਾਸਮ, *ਇਬਰਤਨਾਮਾ*, ਪੰਨਾ 21.
9. ਕਾਮਵਰ ਖਾਂ, *ਤਜਕਰਾਤੁਸ ਸਲਾਤੀਨ-ਇ-ਚੁਘਤਾਈਆ*, 150 ਬੀ.
10. *History of the Punjab* (Allen & Co., 1846), I, p. 176.
11. ਖਾਫ਼ੀ ਖਾਂ, *ਮੁੰਤਖਿਬੁਲ ਲੁਬਾਬ*, ਭਾਗ ਦੂਜਾ, ਪੰਨਾ 654.

ਦੁਹਰਾਇਆ ਹੈ। ਗੋਕਲਚੰਦ ਨਾਰੰਗ ਦੇ ਸ਼ਬਦਾਂ ਵਿਚ, "ਅਹਿਮਦ ਸ਼ਾਹ (ਸ਼ੇਖ ਅਹਿਮਦ ਮੁੱਜਦਦ ਅਲਫ਼ ਸਾਨੀ) ਦਾ ਮਕਬਰਾ ਜੋ ਅਜਿਹੀਆਂ ਇਮਾਰਤਾਂ ਵਿੱਚੋਂ ਸਭ ਤੋਂ ਸ਼ਾਨਦਾਰ ਹੈ ਹੁਣ ਵੀ ਉਸੇ ਤਰ੍ਹਾਂ ਖੜੋਤਾ ਹੈ ਜਿਵੇਂ ਇਹ ਲੜਾਈ ਤੋਂ ਪਹਿਲਾਂ ਸੀ ਅਤੇ ਮੈਂ ਸਮਝਦਾ ਹਾਂ ਕਿ ਇਹ ਗੱਲ ਲਤੀਫ਼ ਦੇ ਬਿਆਨ ਦੀ ਅਤਿਕਥਨੀ ਦਾ ਤਕੜਾ ਸਬੂਤ ਹੈ।"[12] ਅਜਿਹੇ ਅਤਿਆਚਾਰ ਦੀ ਕੋਈ ਵਿਸ਼ੇਸ਼ ਉਦਾਹਰਣ ਨਹੀਂ ਦਿੱਤੀ ਗਈ। ਕੇਵਲ ਸਿੱਖ ਲਿਖਤਾਂ ਵਿਚ ਇਕ ਕਬਰ ਪੁੱਟਣ ਦਾ ਜ਼ਿਕਰ ਆਉਂਦਾ ਹੈ। ਉਹ ਵੀ ਇਕ ਸਿੱਖ ਔਰਤ ਬੀਬੀ ਅਨੂਪ ਕੌਰ ਦੇ ਅੰਤਮ ਸੰਸਕਾਰਾਂ ਨੂੰ ਅਦਾ ਕਰਨ ਲਈ ਕੀਤਾ ਗਿਆ ਸੀ ਜਿਸ ਨੂੰ ਸ਼ੇਰ ਮੁਹੰਮਦ ਖਾਂ[13] ਚੁੱਕ ਕੇ ਲੈ ਗਿਆ ਸੀ ਅਤੇ ਜਿਸ ਤੋਂ ਆਪਣੀ ਇੱਜ਼ਤ ਬਚਾਉਣ ਲਈ ਉਸ ਨੇ ਆਤਮ ਹੱਤਿਆ ਕਰ ਲਈ ਸੀ ਅਤੇ ਉਸ ਨੂੰ ਮਲੇਰਕੋਟਲੇ ਦੇ ਸਥਾਨ ਤੇ ਕਬਰ ਵਿਚ ਦਬਿਆ ਗਿਆ ਸੀ।

ਸਥਾਨਕ ਹਿੰਦੂਆਂ ਦੇ ਦਖ਼ਲ ਦੇਣ ਤੇ ਸਰਹਿੰਦ ਸ਼ਹਿਰ ਨੂੰ ਪੂਰੀ ਬਰਬਾਦੀ ਤੋਂ ਬੰਦਾ ਸਿੰਘ ਨੇ ਬਚਾ ਲਿਆ ਸੀ ਜਿਸ ਦੇ ਬਚਾਉ ਲਈ ਲੋਕਾਂ ਨੇ ਬਹੁਤ ਸਾਰਾ ਧਨ ਦੇ ਕੇ ਸ਼ਹਿਰ ਦੀ ਰੱਖਿਆ ਅਤੇ ਬਚਾਉ ਲਈ ਬੇਨਤੀ ਕੀਤੀ ਸੀ। ਹਾਲੇ ਤਕ ਵੀ ਉਹ ਸ਼ਹਿਰ ਸਰਾਪ ਥਲੇ ਹੈ ਅਤੇ ਹਾਲੇ ਵੀ ਜੇ ਕੋਈ ਪਵਿੱਤਰ ਸਿੱਖ ਸਰਹਿੰਦ ਦੇ ਉੱਤਰ ਜਾਂ ਦੱਖਣ ਵੱਲ ਨੂੰ ਜਾ ਰਿਹਾ ਹੁੰਦਾ ਹੈ ਤਾਂ ਉਥੋਂ ਦੇ ਖੰਡਰਾਂ ਵਿੱਚੋਂ ਇਕ ਜਾਂ ਦੋ ਇੱਟਾਂ ਕੱਢ ਕੇ ਆਪਣੇ ਨਾਲ ਲੈ ਜਾਂਦਾ ਹੈ ਅਤੇ ਉਨ੍ਹਾਂ ਨੂੰ ਸਤਲੁਜ ਜਾਂ ਜਮਨਾ ਵਿਚ ਲਿਜਾ ਸੁੱਟਦਾ ਹੈ।

ਬਾਜ਼ ਸਿੰਘ ਨੂੰ, ਜੋ ਬੰਦਾ ਸਿੰਘ ਦਾ ਸਾਥੀ ਅਤੇ ਸਲਾਹਕਾਰ ਸੀ, ਸਰਹਿੰਦ ਦਾ ਗਵਰਨਰ ਨਿਯੁਕਤ ਕੀਤਾ ਗਿਆ ਅਤੇ ਸਲੌਦੀ ਦੇ ਅਲੀ ਸਿੰਘ ਨੂੰ ਉਸ ਦਾ ਨਾਇਬ ਸਥਾਪਿਤ ਕੀਤਾ ਗਿਆ। ਭਾਈ-ਕੇ ਪਰਿਵਾਰ ਦੇ ਫ਼ਤਹਿ ਸਿੰਘ ਨੂੰ ਸਮਾਣੇ ਦਾ ਚਾਰਜ ਦਿੱਤਾ ਗਿਆ ਅਤੇ ਬਾਜ਼ ਸਿੰਘ ਦੇ ਭਰਾ ਰਾਮ ਸਿੰਘ ਨੂੰ ਥਾਨੇਸਰ ਵਿਚ ਨਿਯੁਕਤ ਕੀਤਾ ਗਿਆ। ਉਸ ਦੇ ਨਾਲ ਬਾਬਾ ਬਿਨੋਦ ਸਿੰਘ ਨੂੰ ਵੀ ਲਾਇਆ ਗਿਆ ਸੀ। ਸਰਹਿੰਦ ਦੇ ਬਹੁਤ ਸਾਰੇ ਪਰਗਨਿਆਂ ਦੇ ਇੰਨਚਾਰਜ ਇਤਨੇ ਡਰ ਗਏ ਸਨ ਕਿ ਉਨ੍ਹਾਂ ਨੇ ਮੁਕਾਬਲਾ ਕੀਤੇ ਬਿਨਾ ਹੀ ਬੰਦਾ ਸਿੰਘ ਦੀ ਅਧੀਨਗੀ ਪ੍ਰਵਾਨ ਕਰ ਲਈ। ਇਸ ਤਰ੍ਹਾਂ ਸਰਹਿੰਦ ਦਾ ਪੂਰਾ ਪ੍ਰਾਂਤ, ਜੋ ਕਰਨਾਲ ਤੋਂ ਲੁਧਿਆਣੇ ਤਕ ਫੈਲਿਆ ਹੋਇਆ ਸੀ ਤੇ ਜਿਸ ਵਿੱਚੋਂ ਲਗਪਗ 36 ਲੱਖ ਰੁਪਏ ਸਾਲ ਦੀ ਆਮਦਨ ਹੁੰਦੀ ਸੀ, ਸਿੱਖਾਂ ਦੇ ਹੱਥ ਆ ਗਿਆ।

ਬੰਦਾ ਸਿੰਘ ਦੇ ਹਾਵੀ ਪ੍ਰਭਾਵ ਦੇ ਸਿੱਟੇ ਵਜੋਂ ਅਜੀਬ ਕਿਸਮ ਦੀਆਂ ਧਰਮ ਬਦਲੀਆਂ ਵੇਖਣ ਵਿਚ ਆਈਆਂ। ਅਮੀਨ-ਉਦ-ਦੌਲਾ ਨੇ ਜੂਨ 1710 ਵਿਚ ਲਿਖਿਆ ਕਿ "ਉਸ ਛਲੀਏ ਫ਼ਿਰਕੇ (ਸਿੱਖਾਂ) ਦਾ ਅਧਿਕਾਰ ਇਸ ਹਦ ਤਕ ਪੁਜ ਗਿਆ ਸੀ ਕਿ ਬਹੁਤ ਸਾਰੇ ਹਿੰਦੂਆਂ ਅਤੇ ਮੁਸਲਮਾਨਾਂ ਪਾਸ ਸਿਵਾਏ ਸਿੱਖਾਂ ਦੀ ਅਧੀਨਗੀ ਪ੍ਰਵਾਨ ਕਰਨ ਦੇ ਕੋਈ ਚਾਰਾ ਨਹੀਂ ਸੀ ਰਿਹਾ ਅਤੇ ਉਨ੍ਹਾਂ ਨੇ ਸਿੱਖਾਂ ਦਾ ਧਰਮ ਅਤੇ ਉਨ੍ਹਾਂ ਦੀ ਰਹਿਤ ਧਾਰਨ ਕਰ ਲਈ। ਉਨ੍ਹਾਂ ਦੇ ਆਗੂ ਸਰਦਾਰ (ਬੰਦਾ ਸਿੰਘ) ਨੇ ਸਭ ਲੋਕਾਂ ਦੇ ਮਨਾਂ ਨੂੰ ਆਪਣੀ ਵੱਲ ਪ੍ਰੇਰਿਤ ਕਰ ਲਿਆ। ਭਾਵੇਂ ਕੋਈ ਹਿੰਦੂ ਸੀ ਜਾਂ ਮੁਸਲਮਾਨ ਜਿਹੜਾ ਵੀ ਉਸ ਦੇ ਸੰਪਰਕ ਵਿਚ ਆਇਆ, ਉਸ ਨੂੰ ਹੀ ਸਿੰਘ ਦੇ ਸ਼ਬਦ ਨਾਲ ਸੰਬੋਧਨ ਕੀਤਾ ਗਿਆ। ਉਸ ਅਨੁਸਾਰ ਹੀ ਇਕ ਸ਼ਕਤੀਸ਼ਾਲੀ ਗੁਆਂਢੀ ਹਾਕਮ ਦੀਨਦਾਰ ਖ਼ਾਂ ਦਾ ਨਾਂ ਦੀਨਦਾਰ ਸਿੰਘ ਰਖਿਆ ਗਿਆ ਅਤੇ ਸਰਹਿੰਦ ਦੇ ਸਰਕਾਰੀ ਖ਼ਬਰ-ਨਵੀਸ ਮੀਰ ਨਸੀਰ-ਉਦ-ਦੀਨ ਦਾ ਨਾਂ ਮੀਰ ਨਸੀਰ ਸਿੰਘ ਰਖ ਦਿੱਤਾ ਗਿਆ। ਇਸੇ ਤਰ੍ਹਾਂ ਹੀ ਬਹੁਤ ਸਾਰੇ

12. *Transformation of Sikhism*, p. 178, f.n.
13. Inayat Ali Khan, *Description of Kotla Afghans*, p. 14.

ਮੁਸਲਮਾਨਾਂ ਨੇ ਇਸਲਾਮ ਧਰਮ ਤਿਆਗ ਦਿੱਤਾ ਅਤੇ (ਸਿੱਖੀ ਦਾ) ਗੁਮਰਾਹ ਮਾਰਗ ਧਾਰਨ ਕੀਤਾ ਅਤੇ ਸੰਸਕਾਰ ਸਹਿਤ ਕਸਮਾਂ ਚੁੱਕੀਆਂ ਅਤੇ ਪੱਕੇ ਇਕਰਾਰ ਕੀਤੇ ਕਿ ਉਹ ਬੰਦਾ ਸਿੰਘ ਦੇ ਨਾਲ ਰਹਿਣਗੇ।[14]

ਬੰਦਾ ਸਿੰਘ ਨੇ ਸਢੌਰਾ ਦੇ ਲਾਗੇ ਇਕ ਖ਼ੁਸ਼ਗਵਾਰ ਸਥਾਨ ਮੁਖਲਸਪੁਰ ਵਿਚ ਆਪਣਾ ਹੈਡਕੁਆਰਟਰ ਸਥਾਪਿਤ ਕਰ ਲਿਆ। ਇਥੋਂ ਦੇ ਪੁਰਾਣੇ ਅਤੇ ਗੈਰ-ਆਬਾਦ ਕਿਲੇ ਦੀ ਮੁਰੰਮਤ ਕਰਕੇ ਇਸ ਦਾ ਨਾਂ ਲੋਹਗੜ੍ਹ ਰਖ ਦਿੱਤਾ ਗਿਆ। ਉਸ ਨੇ ਰਾਜਸੀ ਅਧਿਕਾਰ ਧਾਰਨ ਕੀਤੇ ਅਤੇ ਗੁਰੂ ਦੇ ਨਾਂ ਤੇ ਸਿੱਕੇ ਚਲਾਏ। ਉਨ੍ਹਾਂ ਸਿੱਕਿਆਂ ਤੇ ਉੱਕਰਿਆ ਹੋਇਆ ਸੀ :

*ਸਿਕਾ ਜ਼ਦ ਬਰ ਹਰ ਦੋ ਆਲਮ ਤੇਗਿ ਨਾਨਕ ਵਾਹਬ ਅਸਤ।*
*ਫਤਹਿ ਗੋਬਿੰਦ ਸਿੰਘ ਸ਼ਾਹਿ ਸ਼ਾਹਾਨ ਫਜ਼ਲਿ ਸਚਾ ਸਾਹਿਬ ਅਸਤ।*

ਅਰਥਾਤ :

*ਸਿੱਕਾ ਮਾਰਿਆ ਦੋ ਜਹਾਨ ਉਤੇ; ਬਖ਼ਸ਼ਾਂ, ਬਖਸ਼ੀਆਂ ਨਾਨਕ ਦੀ ਤੇਗ ਨੇ ਜੀ*
*ਫਤਹਿ ਸ਼ਾਹਿ ਸ਼ਾਹਾਨ ਗੋਬਿੰਦ ਸਿੰਘ ਦੀ, ਮਿਹਰਾਂ ਕੀਤੀਆਂ ਸੱਚੇ ਰਬ ਏਕ ਨੇ ਜੀ।*

ਸਿੱਕੇ ਦੇ ਦੂਜੇ ਪਾਸੇ ਆਪਣੀ ਨਵੀਂ ਸਥਾਪਿਤ ਕੀਤੀ ਰਾਜਧਾਨੀ ਦੀ ਉਸਤਤ ਵਿਚ ਨਿਮਨ ਲਿਖਤ ਸ਼ਬਦ ਅੰਕਤ ਸਨ :

*ਜ਼ਰਬ-ਬ-ਅਮਾਨ-ਉ-ਦਹਿਰ ਮੁਸੱਵਰਤ ਸ਼ਹਿਰ ਜ਼ੀਨਤ ਤਖਤ ਮੁਬਾਰਕ ਬਖਤ,*

ਅਰਥਾਤ :

(ਜਾਰੀ ਹੋਇਆ ਸੰਸਾਰ ਦੇ ਸ਼ਾਂਤੀ-ਅਸਥਾਨ, ਸ਼ਹਿਰਾਂ ਦੀ ਮੂਰਤਿ, ਧੰਨਭਾਗੀ ਰਾਜਧਾਨੀ ਤੋਂ।)

ਉਸ (ਬੰਦਾ ਸਿੰਘ) ਨੇ ਇਹ ਸਰਕਾਰੀ ਮੋਹਰ ਵੀ ਚਾਲੂ ਕੀਤੀ ਜੋ ਸਰਕਾਰੀ ਲਿਖਤਾਂ ਅਤੇ ਚਿੱਠੀਆਂ ਉੱਤੇ ਲਾਈ ਜਾਂਦੀ ਸੀ। ਉਸ ਉੱਤੇ ਨਿਮਨ ਲਿਖਤ ਸ਼ਬਦ ਉੱਕਰੇ ਹੋਏ ਸਨ, ਜੋ ਉਸ ਦੇ ਅੰਦਰ ਆਪਣੇ ਮਾਲਕ (ਗੁਰੂ) ਲਈ ਡੂੰਘੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਨ :

*ਦੇਗ ਉ ਤੇਗ ਉ ਫਤਹਿ ਉ ਨੁਸਰਤ ਬੇ-ਦਰੰਗ*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ*

ਅਰਥਾਤ :

*ਦੇਗ ਤੇਗ ਜਿਤ ਸੇਵ ਨਿਰਾਲਮ*
*ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ।*

ਬੰਦਾ ਸਿੰਘ ਨੇ ਸਰਹਿੰਦ ਦੀ ਜਿੱਤ ਦੇ ਸਮੇਂ ਤੋਂ ਆਪਣਾ ਪ੍ਰਸ਼ਾਸਨੀ ਸਾਲ ਸ਼ੁਰੂ ਕੀਤਾ ਸੀ। ਕੋਈ ਬਾਕਾਇਦਾ ਸ਼ਾਸਨ ਪ੍ਰਣਾਲੀ ਸਥਾਪਿਤ ਕਰਨ ਲਈ ਉਸ ਪਾਸ ਸਮਾਂ ਨਹੀਂ ਸੀ ਪਰ ਉਸ ਦੀ ਇਕ ਕਾਰਵਾਈ ਬੜੇ ਸਪੱਸ਼ਟ ਰੂਪ ਵਿਚ ਸਾਹਮਣੇ ਆਈ ਜਿਸ ਦਾ ਆਉਣ ਵਾਲੇ ਸਮੇਂ ਵਿਚ ਪੰਜਾਬ ਦੇ ਵਿੱਤੀ-ਇਤਿਹਾਸ ਉੱਤੇ ਬਹੁਤ ਪ੍ਰਭਾਵ ਪਿਆ। ਇਹ ਪੰਜਾਬ ਵਿੱਚੋਂ ਪ੍ਰਚਲਿਤ ਜ਼ਿਮੀਦਾਰੀ ਪ੍ਰਥਾ ਨੂੰ ਸਮਾਪਤ ਕਰਨ ਦੀ ਕਾਰਵਾਈ ਸੀ। ਜ਼ਿਮੀਦਾਰ ਜੋ ਵਧੇਰੇ ਕਰਕੇ ਸਰਕਾਰੀ ਕਰਮਚਾਰੀ ਹੁੰਦੇ ਸਨ, ਉਹ ਆਪਣੇ ਅਧੀਨ ਪਿੰਡਾਂ ਦਾ ਨਿਸ਼ਚਤ ਭੂਮੀ ਕਰ ਭਰਨ ਲਈ ਜ਼ਿੰਮੇਵਾਰ ਸਨ। ਉਨ੍ਹਾਂ ਨੇ ਪੂਰਨ ਮਾਲਕੀ ਦੇ ਹੱਕ ਧਾਰਨ ਕਰ ਲਏ ਸਨ ਅਤੇ ਉਹ ਅਸਲ ਹਲ-ਵਾਹਕਾਂ ਨੂੰ ਆਪਣੀ ਮਰਜ਼ੀ ਨਾਲ ਰਖ ਕੱਢ ਸਕਦੇ ਸਨ। ਜਦ ਤਕ ਉਹ ਜ਼ਿਮੀਦਾਰ ਸਰਕਾਰੀ ਮਾਮਲਾ ਬਾਕਾਇਦਾ

14. *ਰੁਕਾਤ-ਇ-ਅਮੀਨ-ਉਦ-ਦੌਲਾ*, ਪੱਤਰ ਨੰ. 3.

ਤੌਰ ਤੇ ਸਰਕਾਰ ਨੂੰ ਭਰਦੇ ਸਨ, ਸਰਕਾਰ ਉਨ੍ਹਾਂ ਦੇ ਅੰਦਰੂਨੀ ਪ੍ਰਬੰਧ ਵਿਚ ਦਖ਼ਲ ਨਹੀਂ ਸੀ ਦਿੰਦੀ। ਉਹ (ਜ਼ਿਮੀਦਾਰ) ਕਿਸਾਨਾਂ ਤੋਂ ਜਿਨ੍ਹਾਂ ਵੀ ਚਾਹੁਣ ਪੈਸਾ ਬਟੋਰ ਸਕਦੇ ਸਨ ਤੇ ਕਿਸਾਨ ਵਿਚਾਰੇ ਗੁਲਾਮ ਬਣ ਕੇ ਰਹਿ ਗਏ ਸਨ। 'ਸਾਹਿਬ ਉਲ-ਅਖ਼ਬਾਰ' ਦਾ ਕਰਤਾ ਲਿਖਦਾ ਹੈ, "ਕਿ ਸਾਰੇ ਪ੍ਰਾਂਤਾਂ ਵਿਚ ਸ਼ਾਸਨ ਪ੍ਰਬੰਧ ਦੀ ਬੜੀ ਭੈੜੀ ਵਿਵਸਥਾ ਸੀ ਅਤੇ ਸਰਕਾਰੀ ਕਰਮਚਾਰੀਆਂ ਜਾਂ ਜ਼ਿਮੀਦਾਰਾਂ ਉਪਰ ਸਰਕਾਰ ਦਾ ਕੋਈ ਕਾਬੂ ਨਹੀਂ ਸੀ। ਸਰਕਾਰੀ ਅਫ਼ਸਰਾਂ ਦੀਆਂ ਸਭ ਸ਼੍ਰੇਣੀਆਂ ਲੋਕਾਂ ਤੋਂ ਪੈਸਾ ਬਟੋਰਨ ਅਤੇ ਰਿਸ਼ਵਤਖ਼ੋਰੀ ਦੀਆਂ ਆਦੀ ਸਨ ਅਤੇ ਨਿਯਮਤਾ ਤੇ ਅਨੁਸ਼ਾਸਨ ਦਾ ਸਾਰਾ ਪ੍ਰਬੰਧ ਉਲਟ-ਪੁਲਟ ਹੋ ਗਿਆ ਸੀ।" ਇਕ ਸਥਾਨਿਕ ਰਵਾਇਤ ਅਨੁਸਾਰ ਸਢੌਰੇ ਦੇ ਇਰਦ-ਗਿਰਦ ਦੇ ਲੋਕ ਬੰਦਾ ਸਿੰਘ ਪਾਸ ਆਏ ਅਤੇ ਉਨ੍ਹਾਂ ਨੇ ਆਪਣੇ ਜ਼ਿਮੀਦਾਰਾਂ ਦੇ ਅਨਿਆਇ ਦੀ ਸ਼ਿਕਾਇਤ ਕੀਤੀ। ਉਸ ਨੇ ਬਾਜ਼ ਸਿੰਘ ਨੂੰ ਹੁਕਮ ਦਿੱਤਾ ਕਿ ਉਹ ਉਨ੍ਹਾਂ ਲੋਕਾਂ ਉੱਤੇ ਗੋਲੀ ਚਲਾਏ। ਉਹ ਲੋਕ ਆਪਣੀ ਸ਼ਿਕਾਇਤ ਦਾ ਇਕ ਅਜੀਬ ਉੱਤਰ ਮਿਲਣ ਤੇ ਬੜੇ ਹੈਰਾਨ ਹੋਏ ਅਤੇ ਉਨ੍ਹਾਂ ਨੇ ਪੁੱਛਿਆ ਕਿ ਉਨ੍ਹਾਂ ਨਾਲ ਅਜਿਹਾ ਵਰਤਾਓ ਕਿਉਂ ਕੀਤਾ ਜਾ ਰਿਹਾ ਸੀ? ਉਸ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਕਿਸੇ ਚੰਗੇਰੇ ਵਰਤਾਓ ਦੇ ਹੱਕਦਾਰ ਹੀ ਨਹੀਂ ਕਿਉਂਕਿ ਹਜ਼ਾਰਾਂ ਦੀ ਗਿਣਤੀ ਵਿਚ ਹੁੰਦੇ ਹੋਏ ਵੀ ਉਹ ਮੁੱਠੀ ਭਰ ਜਿਮੀਦਾਰਾਂ ਤੋਂ ਡਰਦੇ ਸਨ। ਗੁਰੂ ਦਾ ਖਾਲਸਾ ਆਪਣੇ ਆਪ ਨੂੰ ਆਪਣੀਆਂ ਸ਼ਿਕਾਇਤਾਂ ਦੂਰ ਕਰਨ ਯੋਗ ਤਕੜਾ ਕਿਉਂ ਨਹੀਂ ਸਮਝਦਾ? ਕਿਸਾਨਾਂ ਨੂੰ ਜੋ ਇਲਾਜ ਦੱਸਿਆ ਗਿਆ ਸੀ ਉਹ ਕਾਮਯਾਬੀ ਨਾਲ ਲਾਗੂ ਕੀਤਾ ਗਿਆ ਅਤੇ ਪੁਰਾਣੇ ਸਰਕਾਰੀ ਜ਼ਿਮੀਦਾਰਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਵਿੱਚੋਂ ਕੱਢ ਦਿੱਤਾ ਗਿਆ। ਮੁਲਕ ਦੇ ਹੋਰ ਭਾਗਾਂ ਵਿਚ ਵੀ ਇਹ ਮਿਸਾਲ ਲਾਗੂ ਕੀਤੀ ਜਿਸ ਦੇ ਸਿੱਟੇ ਵਜੋਂ ਹਲ ਵਾਹੁਣ ਵਾਲੇ ਲੋਕ ਜ਼ਮੀਨ ਦੇ ਮਾਲਕ ਬਣ ਗਏ ਅਤੇ ਕੁਝ ਸਮੇਂ ਵਿਚ ਹੀ ਜਿਮੀਦਾਰੀ ਪ੍ਰਥਾ ਦੀ ਲਾਹਨਤ, ਜੋ ਉੱਤਰੀ ਭਾਰਤ ਦੇ ਕੁਝ ਭਾਗਾਂ ਵਿਚ ਹਾਲੇ ਵੀ ਉਸੇ ਤਰ੍ਹਾਂ ਲਟਕ ਰਹੀ ਹੈ, ਪੰਜਾਬ ਵਿੱਚੋਂ ਸਮਾਪਤ ਕਰ ਦਿੱਤੀ ਗਈ। ਪੰਜਾਬ ਹੁਣ ਕਿਸਾਨ-ਮਾਲਕਾਂ ਲਈ ਸਵਰਗ ਸਮਝਿਆ ਜਾਂਦਾ ਹੈ।

ਸਿੱਖਾਂ ਨੂੰ ਯੁਧਾਂ ਵਿਚ ਸਫ਼ਲਤਾ ਮਿਲਣ ਅਤੇ ਗ਼ੈਰ-ਮੁਸਲਮਾਨ ਲੋਕਾਂ ਦੇ ਮਨਾਂ ਵਿਚ ਸਾਹਸ ਭਰਨ ਸਦਕੇ ਸਿੱਖ, ਜੋ ਆਪਣੇ ਆਪ ਨੂੰ ਆਪਣੇ ਧਰਮ ਦੇ ਰਾਖੇ ਸਮਝਦੇ ਸਨ, ਇਕ ਨਵੇਂ ਜੋਸ਼ ਨਾਲ ਉਤੇਜਿਤ ਹੋ ਉੱਠੇ। ਉਹ ਪੁਰਾਤਨ ਭਾਰਤ ਦੀ ਪਵਿੱਤਰ ਧਰਤੀ ਵਿੱਚੋਂ ਮੁਗ਼ਲ ਰਾਜ ਨੂੰ ਜੜ੍ਹ ਤੋਂ ਪੁੱਟ ਸੁੱਟਣ ਲਈ ਤਿਆਰ ਹੋ ਗਏ। ਦੁੱਖੀ ਲੋਕਾਂ ਵੱਲੋਂ ਸ਼ਿਕਾਇਤ ਤੇ ਉਹ ਸਰਕਾਰੀ ਕਰਮਚਾਰੀਆਂ ਅਤੇ ਰਈਸਾਂ ਦੇ ਖਿਲਾਫ਼ ਭੜਕ ਉਠਦੇ। ਉਨ੍ਹਾਂ ਨੇ ਜਿੱਤਾਂ ਦੇ ਜੀਵਨ ਦਾ ਆਰੰਭ ਕੀਤਾ ਅਤੇ ਉਨ੍ਹਾਂ ਦੀ ਹਰ ਕਾਰਵਾਈ ਨੂੰ ਜਿਸ ਵਿਚ ਲੁੱਟ-ਮਾਰ ਤੇ ਭੰਨ-ਤੋੜ ਵੀ ਸ਼ਾਮਿਲ ਸਨ, ਜਿਨ੍ਹਾਂ ਰਾਹੀਂ ਵੈਰੀਆਂ ਦੇ ਸਾਧਨਾਂ ਨੂੰ ਨਕਾਰਾ ਕੀਤਾ ਜਾ ਸਕਦਾ ਸੀ, ਜਾਇਜ ਸਮਝਿਆ ਗਿਆ।

ਹਰ ਸਿੱਖ, ਜਿਸ ਹੈਸੀਅਤ ਵਿਚ ਵੀ ਹੋਵੇ ਉਹ ਇਹ ਸਮਝਦਾ ਸੀ ਕਿ ਰੱਬ ਨੇ ਉਸ ਨੂੰ ਬਾਕੀ ਪਰਜਾ ਨਾਲੋਂ ਉੱਚਾ ਚੁੱਕਿਆ ਹੋਇਆ ਹੈ ਅਤੇ ਹਾਕਮ ਬਣਨਾ ਉਸ ਦੀ ਕਿਸਮਤ ਵਿਚ ਲਿਖਿਆ ਹੋਇਆ ਹੈ। ਇਰਵਿਨ ਦੇ ਸ਼ਬਦਾਂ ਵਿਚ, "ਸਿੱਖਾਂ ਅਧੀਨ ਸਾਰੇ ਪਰਗਨਿਆਂ ਵਿਚ ਪਿਛਲੇ ਰਿਵਾਜਾਂ ਨੂੰ ਉਲਟਾ ਦੇਣ ਦਾ ਕੰਮ ਸੰਪੂਰਨ ਸੀ ਤੇ ਸੱਪਸ਼ਟ ਦਿਸ ਰਿਹਾ ਸੀ। ਇਕ ਨੀਵਾਂ ਸਫ਼ਾਈ ਸੇਵਾਦਾਰ ਜਾਂ ਚਮੜਾ ਸੋਧਣ ਦਾ ਕੰਮ ਕਰਨ ਵਾਲਾ ਜੋ ਭਾਰਤੀਆਂ ਦੀ ਨਜ਼ਰ ਵਿਚ ਸਭ ਤੋਂ ਨੀਵਾਂ ਸੀ (ਉਸ ਨੂੰ ਆਪਣੀ ਸਥਿਤੀ ਠੀਕ ਕਰਨ ਲਈ) ਘਰ ਛੱਡ ਕੇ ਕੇਵਲ ਆਪਣੇ ਗੁਰੂ (ਭਾਵ ਬੰਦਾ ਸਿੰਘ) ਨਾਲ ਮਿਲਣ ਦੀ ਲੋੜ ਸੀ। ਫਿਰ ਕੁਝ ਸਮੇਂ ਪਿੱਛੋਂ ਉਹ ਆਪਣੇ ਜਨਮ-ਅਸਥਾਨ ਦਾ ਹਾਕਮ ਬਣਨ ਲਈ ਨਿਯੁਕਤੀ ਪੱਤਰ ਲੈ ਕੇ ਘਰ ਮੁੜਦਾ। ਜਿਉਂ ਹੀ ਉਹ ਆਪਣੇ ਪਿੰਡ ਦੀ ਹਦ ਵਿਚ ਦਾਖ਼ਲ ਹੁੰਦਾ, ਪਿੰਡ ਦੇ ਉਚੇ-ਘਰਾਂ ਦੇ ਅਤੇ ਅਮੀਰ ਲੋਕ ਉਸ ਨੂੰ 'ਜੀ-ਆਇਆਂ' ਕਹਿਣ

ਲਈ ਪਿੰਡੋਂ ਬਾਹਰ ਜਾਂਦੇ ਅਤੇ ਘਰ ਆਉਣ ਸਮੇਂ ਉਸ ਦੀ ਅਗਵਾਈ ਕਰਦੇ। ਉਥੇ ਪੁਜ ਕੇ ਉਹ ਹੱਥ ਜੋੜ ਕੇ ਉਸ ਦੇ ਸਾਹਮਣੇ ਆ ਖੜੇ ਹੁੰਦੇ ਤੇ ਉਸ ਦੇ ਹੁਕਮਾਂ ਦੀ ਉਡੀਕ ਕਰਦੇ। .........ਕੋਈ ਆਦਮੀ ਵੀ ਉਸ ਦੇ ਹੁਕਮ ਦੀ ਉਲੰਘਣਾ ਕਰਨ ਦੀ ਗੁਸਤਾਖ਼ੀ ਨਾ ਕਰਦਾ ਅਤੇ ਜਿਹੜੇ ਲੋਕ ਪਹਿਲਾਂ ਆਪਣੇ ਆਪ ਨੂੰ ਯੁੱਧ ਦੇ ਮੈਦਾਨ ਵਿਚ ਖ਼ਤਰੇ ਵਿਚ ਪਾਉਣ ਤੋਂ ਵੀ ਨਹੀਂ ਸਨ ਝਿਝਕਦੇ, ਉਹ ਇੰਨੇ ਡਰ ਗਏ ਸਨ ਕਿ ਕਿਸੇ ਤਰ੍ਹਾਂ ਦਾ ਵਿਰੋਧ ਕਰਨ ਲਈ ਵੀ ਤਿਆਰ ਨਹੀਂ ਸਨ। ਜਿਹੜੇ ਹਿੰਦੂ ਇਸ ਫ਼ਿਰਕੇ ਵਿਚ ਸ਼ਾਮਿਲ ਨਹੀਂ ਸਨ ਹੋਏ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਛੋਟ ਨਹੀਂ ਸੀ।[15]

3. ਗੰਗਾ ਦੁਆਬ ਉੱਤੇ ਹਮਲਾ

ਸਰਹਿੰਦ ਦੀ ਜਿੱਤ ਸਿੱਖਾਂ ਲਈ ਸਾਰੇ ਮੁਲਕ ਵਿਚ ਆਮ ਵਿਦਰੋਹ ਕਰਨ ਲਈ ਇਕ ਇਸ਼ਾਰਾ ਸੀ। ਅਸੀਂ ਸਭ ਤੋਂ ਪਹਿਲਾਂ ਬੰਦਾ ਸਿੰਘ ਦੁਆਰਾ ਚਲਾਏ ਅੰਦੋਲਨ ਬਾਰੇ ਵਿਚਾਰ ਕਰਦੇ ਹਾਂ। ਦਿਉਬੰਦ ਦੇ ਪਰਗਨੇ ਵਿਚ ਕੁਝ ਆਦਮੀਆ· ਨੂੰ ਸਿੱਖ ਬਣਾਏ ਜਾਣ ਤੇ ਫਸਾਦ ਉੱਠ ਖੜਾ ਹੋਇਆ ਸੀ। ਉਨਾਰਸਾ ਪਿੰਡ ਦੇ ਨਵੇਂ ਸਿੱਖ ਬਣੇ ਆਦਮੀਆਂ ਨੇ ਬੰਦਾ ਸਿੰਘ ਪਾਸ ਸ਼ਿਕਾਇਤ ਕੀਤੀ ਕਿ ਉਨ੍ਹਾਂ ਨੂੰ ਉਸ ਇਲਾਕੇ ਦੇ ਫ਼ੌਜਦਾਰ ਜਲਾਲ ਖ਼ਾਂ ਦੇ ਹੁਕਮ ਅਨੁਸਾਰ ਕੈਦ ਕਰਕੇ ਤਸੀਹੇ ਦਿੱਤੇ ਜਾ ਰਹੇ ਹਨ। ਬੰਦਾ ਸਿੰਘ ਆਪਣੇ ਸੈਨਿਕਾਂ ਨੂੰ ਜਮਨਾ ਪਾਰ ਲੈ ਗਿਆ ਅਤੇ ਜਲਾਲਾਬਾਦ ਨੂੰ ਜਾਂਦਿਆਂ ਰਾਹ ਵਿਚ ਉਸ ਨੇ ਸਹਾਰਨਪੁਰ ਉੱਤੇ ਹੱਮਲਾ ਕਰ ਦਿੱਤਾ। ਸਹਾਰਨਪੁਰ ਦਾ ਫ਼ੌਜਦਾਰ ਅਲੀ ਹਮੀਦ ਖ਼ਾਂ ਦਿੱਲੀ ਨੂੰ ਭੱਜ ਗਿਆ ਪਰ ਅਫ਼ਸਰਾਂ ਦੀ ਅਗਵਾਈ ਵਿਚ ਲੋਕਾਂ ਨੇ ਸ਼ਹਿਰ ਨੂੰ ਆਪਣੀ ਰੱਖਿਆ ਵਿਚ ਲੈ ਲਿਆ ਅਤੇ ਤੀਰਾਂ ਅਤੇ ਗੋਲੀਆਂ ਨਾਲ ਸਿੱਖਾਂ ਦਾ ਸੁਆਗਤ ਕੀਤਾ। ਉਹ ਮੁਕਾਬਲੇ ਵਿਚ ਸਿੱਖਾਂ ਦੇ ਬਰਾਬਰ ਨਾ ਉਤਰ ਸਕੇ ਅਤੇ ਉਸ ਨਗਰ ਨੂੰ ਤੁਰੰਤ ਅਧੀਨ ਕਰ ਲਿਆ ਗਿਆ। ਸ਼ਹਿਰ ਦੇ ਹਾਰ ਖਾ ਜਾਣ ਨਾਲ ਸਹਾਰਨਪੁਰ ਦਾ ਅੱਧਾ ਜ਼ਿਲ੍ਹਾ ਸਿੱਖਾਂ ਦੇ ਹੱਥਾਂ ਵਿਚ ਆ ਗਿਆ।[16] ਬੇਹਟ ਦੇ ਪੀਰਜ਼ਾਦਿਆਂ ਨੂੰ ਸਜਾ ਦੇਣ ਲਈ ਇਕ ਸੈਨਿਕ ਟੁਕੜੀ ਭੇਜੀ ਗਈ। ਬੇਹਟ ਸਹਾਰਨਪੁਰ ਤੋਂ ਉੱਤਰ ਵੱਲ 17 ਮੀਲਾਂ ਦੀ ਵਿਥ ਤੇ ਸਥਿਤ ਸੀ। ਪੀਰਜ਼ਾਦੇ ਆਪਣੀਆਂ ਹਿੰਦੂਆਂ ਵਿਰੋਧੀ ਕਾਰਵਾਈਆਂ ਲਈ ਬੁਰੀ ਤਰ੍ਹਾਂ ਬਦਨਾਮ ਸਨ। ਉਹ ਵਿਸ਼ੇਸ਼ ਕਰਕੇ ਆਮ ਲੋਕਾਂ ਦੇ ਸਾਹਮਣੇ ਗਊਆਂ ਕਤਲ ਕਰਨ ਲਈ ਬਦਨਾਮ ਸਨ। ਸਾਰਾ ਸ਼ਹਿਰ ਲੁੱਟ ਲਿਆ ਗਿਆ ਅਤੇ ਸਾਰੇ ਦੇ ਸਾਰੇ ਪੀਰਜ਼ਾਦਿਆਂ ਨੂੰ ਮਾਰ ਦਿੱਤਾ ਗਿਆ।[17]

ਫਿਰ ਸਾਰੀ ਫ਼ੌਜ ਜਲਾਲਾਬਾਦ ਵੱਲ, ਜੋ ਦੱਖਣ ਵਿਚ ਲਗਪਗ 30 ਮੀਲਾਂ ਦੇ ਫ਼ਾਸਲੇ ਤੇ ਸੀ, ਕੂਚ ਕਰਨ ਲਈ ਤਿਆਰ ਕਰਨ ਲਗੀ। ਬੰਦਾ ਸਿੰਘ ਨੇ ਜਲਾਲ ਖ਼ਾਂ ਨੂੰ ਇਕ ਚਿੱਠੀ ਲਿਖੀ। ਜਲਾਲ ਖ਼ਾਂ ਉਸ ਥਾਂ ਦਾ ਮੋਢੀ ਅਤੇ ਫ਼ੌਜਦਾਰ ਸੀ। ਚਿੱਠੀ ਵਿਚ ਲਿਖਿਆ ਗਿਆ ਕਿ ਉਨਾਰਸਾ ਤੋਂ ਬੰਦੀ ਬਣਾਏ ਸਾਰੇ ਸਿੱਖ ਛੱਡ ਦਿੱਤੇ ਜਾਣ ਅਤੇ ਖਾਲਸਾ ਦੀ ਸ਼ਕਤੀ ਦੇ ਸਾਹਮਣੇ ਅਧੀਨਗੀ ਪ੍ਰਵਾਨ ਕਰ ਲੈਣ। ਜਲਾਲ ਖ਼ਾਂ ਇਕ ਕੱਟੜ ਅਫ਼ਗਾਨ ਸੀ ਤੇ ਉਸ ਨੇ ਅਧੀਨਗੀ ਪ੍ਰਵਾਨ ਕਰਨ ਤੋਂ ਨਾ ਕਰ ਦਿੱਤੀ। ਹਾਲਤ ਹੋਰ ਵੀ ਖ਼ਰਾਬ ਕਰਨ ਲਈ ਉਸ ਨੇ ਸਿੱਖ ਏਲਚੀਆਂ ਨੂੰ ਗਧਿਆਂ ਉੱਤੇ ਚੜ੍ਹਾ ਕੇ ਜਲਾਲਾਬਾਦ ਦੇ ਬਾਜਾਰਾਂ ਵਿਚ ਉਨ੍ਹਾਂ ਦਾ ਜਲੂਸ ਕਢਿਆ ਅਤੇ ਪਿਛੋਂ ਉਨ੍ਹਾਂ ਨੂੰ ਸ਼ਹਿਰ ਵਿਚੋਂ ਬਾਹਰ ਕੱਢ ਦਿੱਤਾ ਗਿਆ।[18] ਇਸ ਨਾਲ ਸਿੱਖ ਹੋਰ ਵੀ ਕ੍ਰੋਧਿਤ ਹੋ ਗਏ ਅਤੇ ਪੂਰੀ ਤੇਜੀ ਨਾਲ

15. *Later Mughals,* I, pp. 98-99.
16. ਮੁਹੰਮਦ ਹਰੀਸੀ, *ਇਬਰਤਨਾਮਾ,* 41 ਏ-ਬੀ; *Later Mughals,* I, p. 101.
17. *Calcutta Review,* LX. 23; ਕਰਮ ਸਿੰਘ, *ਬੰਦਾ ਬਹਾਦੁਰ,* ਪੰਨੇ 85-86.
18. *ਮੁੰਤਖਿਬੁਲ ਲੁਬਾਬ,* II, ਪੰਨਾ 655; Elliot & Dowson, VII, p. 416, *Later Mughals.* I, pp. 101-2; *Calcutta Review LX.* 23.

ਉਨ੍ਹਾਂ ਨੇ ਜਲਾਲਾਬਾਦ ਦੇ ਪਾਸੇ ਨੂੰ ਚੜ੍ਹਾਈ ਕੀਤੀ। ਰਾਹ ਵਿਚ ਉਨ੍ਹਾਂ ਨੇ ਅੰਬੇਹਟਾ ਨੂੰ ਲੁੱਟ ਕੇ ਆਪਣੇ ਸਾਜ਼ੋ-ਸਾਮਾਨ ਵਿਚ ਲੋੜੀਂਦਾ ਵਾਧਾ ਕੀਤਾ। 21 ਜੁਲਾਈ 1710 ਨੂੰ ਉਹ ਨਨੌਤਾ ਪੁੱਜੇ ਜਿੱਥੇ ਸਥਾਨਕ ਸ਼ੇਖਜ਼ਾਦਿਆਂ ਨੇ ਉਨ੍ਹਾਂ ਦਾ ਤਕੜਾ ਟਾਕਰਾ ਕੀਤਾ ਪਰ ਇਹ ਸਭ ਅਕਾਰਥ ਗਿਆ। ਗੁੱਜਰਾਂ ਨੇ ਸਿੱਖਾਂ ਦੀ ਮਦਦ ਕੀਤੀ ਕਿਉਂਕਿ ਉਹ ਚਿਰਾਂ ਤੋਂ ਸ਼ੇਖਜ਼ਾਦਿਆਂ ਹੱਥੋਂ ਤੰਗ ਆਏ ਹੋਏ ਸਨ ਅਤੇ ਜਿਨ੍ਹਾਂ ਨੇ ਹੁਣ ਆਪਣੇ ਆਪ ਨੂੰ ਨਾਨਕ ਪ੍ਰਸਤ ਜਾਂ ਗੁਰੂ ਨਾਨਕ ਜੀ ਦੇ ਅਨੁਯਾਈ ਹੋਣ ਦਾ ਐਲਾਨ ਕੀਤਾ। ਸ਼ਹਿਰ ਦੀਆਂ ਗਲੀਆਂ ਵਿਚ ਇਕ ਖ਼ੂਨੀ ਲੜਾਈ ਹੋਈ। ਇਕ ਸਮਕਾਲੀ ਲਿਖਾਰੀ ਮੁਹੰਮਦ ਜ਼ਫਰ-ਉਦ-ਦੀਨ ਦੀ ਡਾਇਰੀ ਅਨੁਸਾਰ ਤਿੰਨ ਸੌ ਸ਼ੇਖਜ਼ਾਦੇ ਸ਼ੇਖ ਮੁਹੰਮਦ ਅਫ਼ਜ਼ਲ ਦੀ ਹਵੇਲੀ ਦੇ ਵਿਹੜੇ ਵਿਚ ਹੀ ਮਾਰੇ ਗਏ ਸਨ। ਨਨੌਤਾ ਢਾਹ ਢੇਰੀ ਕਰ ਦਿੱਤਾ ਗਿਆ। ਉਦੋਂ ਤੋਂ ਹੀ ਉਸ ਨੂੰ 'ਫੁੱਟਾ ਸ਼ਹਿਰ' ਜਾਂ ਉਜੜਿਆ ਸ਼ਹਿਰ ਕਿਹਾ ਜਾਂਦਾ ਰਿਹਾ ਹੈ।[19]

ਅਗਾਂਹ ਜਲਾਲਾਬਾਦ ਨੂੰ ਘੇਰਾ ਪਾ ਲਿਆ ਗਿਆ। ਲਾਗੇ ਦੇ ਦੋ ਕੁ ਪਿੰਡ ਜਿੱਤਣ ਤੋਂ ਬਾਅਦ ਭਾਰੀ ਬਾਰਸ਼ ਹੋਣ ਅਤੇ ਦਰਿਆ ਕ੍ਰਿਸ਼ਨਾ ਦੇ ਕੰਢੇ ਹੜ ਆ ਜਾਣ ਕਾਰਣ ਸਿੱਖਾਂ ਲਈ ਘੇਰਾ ਜਾਰੀ ਰਖਣਾ ਬੜਾ ਮੁਸ਼ਕਲ ਹੋ ਗਿਆ। ਉਹ ਜਲੰਧਰ ਦੁਆਬ ਦੇ ਇਲਾਕੇ ਵੱਲ ਵਾਪਿਸ ਮੁੜ ਆਏ ਜਿੱਥੇ ਉਨ੍ਹਾਂ ਦੀ ਪਹੁੰਚ ਦੀ ਬੜੀ ਸਖ਼ਤ ਲੋੜ ਸੀ। ਪਰ ਇਸ ਮੁਹਿੰਮ ਨੇ ਦਿੱਲੀ ਦੀਆਂ ਕੰਧਾਂ ਤੱਕ ਸਾਰੇ ਦਿਹਾਤੀ ਇਲਾਕੇ ਨੂੰ ਹਲਾ ਕੇ ਰਖ ਦਿੱਤਾ। ਸਿੱਖਾਂ ਦੇ ਸਰਹਿੰਦ ਅਤੇ ਗੰਗ-ਦੁਆਬ ਦੇ ਇਲਾਕਿਆਂ ਵਿਚ ਹੱਲਿਆਂ ਨੇ ਬਾਦਸ਼ਾਹ (ਬਹਾਦਰ ਸ਼ਾਹ) ਨੂੰ ਭੈ-ਭੀਤ ਕਰ ਦਿੱਤਾ ਸੀ ਜੋ ਦੱਖਣ ਤੋਂ ਮੁੜਨ ਉਪਰੰਤ ਉਸ ਵੇਲੇ ਰਾਜਪੂਤਾਨੇ ਵਿਚ ਸੀ। ਸਿੱਖਾਂ ਨੂੰ ਦਬਾਉਣ ਲਈ ਉਸ ਨੇ ਆਪਣੀ ਸੈਨਾਂ ਨੂੰ ਲੈ ਕੇ ਉੱਤਰ ਵੱਲ ਕੂਚ ਕੀਤਾ।

### 4. ਜਲੰਧਰ ਦੁਆਬ ਉੱਤੇ ਕਬਜ਼ਾ

ਸਰਹਿੰਦ ਤੋਂ ਬਾਅਦ ਹਰ ਥਾਂ ਸਿੱਖਾਂ ਨੇ ਅਨੁਭਵ ਕੀਤਾ ਕਿ ਉਨ੍ਹਾਂ ਦੇ ਛੁਟਕਾਰੇ ਦਾ ਦਿਨ ਆ ਗਿਆ ਹੈ। ਹਲਚਲ ਨੂੰ ਮਹਿਸੂਸ ਕਰਨ ਵਾਲਾ ਲਾਗੇ ਤੋਂ ਲਾਗੇ ਇਲਾਕਾ ਜਲੰਧਰ ਦੁਆਬ ਸੀ, ਜਿਥੋਂ ਦੇ ਸਿੱਖ ਮੁਗ਼ਲਾਂ ਦਾ ਜੂਲਾ ਲਾਹ ਸੁੱਟਣ ਲਈ ਇਕ ਮੁੱਠ ਹੋ ਕੇ ਉਠੇ ਸਨ। ਉਨ੍ਹਾਂ ਨੇ ਬਹੁਤ ਸਾਰੇ ਛੋਟੇ ਮੁਲਾਜ਼ਮਾਂ ਨੂੰ ਉਨ੍ਹਾਂ ਦੀਆਂ ਨੌਕਰੀਆਂ ਤੋਂ ਕੱਢ ਕੇ ਉਨ੍ਹਾਂ ਦੀ ਥਾਂ ਸਿੱਖਾਂ ਨੂੰ ਲਾਉਣਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਨੇ ਪਰਵਾਨੇ ਦੀ ਸ਼ਕਲ ਵਿਚ ਜਲੰਧਰ ਦੇ ਫ਼ੌਜਦਾਰ ਸ਼ਮਸ ਖ਼ਾਂ ਨੂੰ ਇਕ ਚਿੱਠੀ ਲਿਖੀ ਜਿਸ ਰਾਹੀਂ ਪ੍ਰਬੰਧ ਵਿਚ ਕੁਝ ਸੁਧਾਰ ਕਰਨ ਅਤੇ ਨਿਜੀ ਤੌਰ ਤੇ ਆਪਣਾ ਖਜਾਨਾ ਸਿੱਖਾਂ ਦੇ ਸਪੁਰਦ ਕਰਨ ਦੀ ਮੰਗ ਕੀਤੀ। ਅਧੀਨਗੀ ਦਾ ਵਿਖਾਵਾ ਜਿਹਾ ਕਰਨ ਪਿੱਛੋਂ ਫ਼ੌਜਦਾਰ ਲੜਾਈ ਲਈ ਬਾਹਰ ਆ ਨਿਕਲਿਆ। ਉਸ ਨੇ ਧਰਮ ਦੇ ਨਾਉਂ ਤੇ ਮੁਸਲਮਾਨਾਂ ਨੂੰ ਉਕਸਾਇਆ ਅਤੇ ਸਿੱਖਾਂ ਦੇ ਵਿਰੁੱਧ ਜਹਾਦ ਅਰਥਾਤ ਧਰਮ-ਯੁੱਧ ਦਾ ਐਲਾਨ ਕੀਤਾ। ਖ਼ਾਫ਼ੀ ਖ਼ਾਂ ਅਨੁਸਾਰ ਇਕ ਲੱਖ ਤੋਂ ਵੱਧ ਜਹਾਦੀ ਇਕੱਠੇ ਹੋ ਗਏ ਜਿਨ੍ਹਾਂ ਵਿੱਚੋਂ ਬਹੁਤੇ ਜੁਲਾਹੇ ਸਨ। ਉਹ ਬੜੇ ਠਾਠ-ਬਾਠ ਨਾਲ ਸੁਲਤਾਨਪੁਰ ਤੋਂ ਰਵਾਨਾ ਹੋਏ। ਇਨ੍ਹਾਂ ਲੋਕਾਂ ਤੋਂ ਇਲਾਵਾ ਸ਼ਮਸ ਖਾਂ ਨੇ ਪੰਜ ਹਜ਼ਾਰ ਘੋੜ-ਸਵਾਰ ਅਤੇ ਤੀਹ ਹਜ਼ਾਰ ਪਿਆਦਾ ਸੈਨਿਕ ਵੀ ਇਕੱਠੇ ਕਰ ਲਏ।[20] ਖ਼ਾਫ਼ੀ ਖ਼ਾਂ ਅਨੁਸਾਰ ਸਿੱਖਾਂ ਪਾਸ ਸੱਤਰ ਜਾਂ ਅੱਸੀ ਹਜ਼ਾਰ ਘੋੜ-ਸਵਾਰ ਅਤੇ ਪਿਆਦਾ ਸੈਨਿਕ ਸਨ (ਪਰ ਇਹ ਗਿਣਤੀ ਬਹੁਤ ਵਧਾ ਚੜ੍ਹਾ ਕੇ ਦਿੱਤੀ ਗਈ ਜਾਪਦੀ ਹੈ)। ਉਨ੍ਹਾਂ ਨੇ ਬੰਦਾ ਸਿੰਘ ਨੂੰ ਇਕ ਜ਼ਰੂਰੀ ਸੁਨੇਹਾ

19. Neville, *Muzaffarnagar*, p. 174; Williams, *The Sikhs in the Upper Doab, Calcutta Review*, LX. 23.

20. *ਮੁਆਸਿਰ-ਉਲ-ਉਮਰਾ*, ਜਿਲਦ ਤੀਜੀ ਪੰਨਾ 127; ਹਰੀਸੀ ਦਾ *ਇਬਰਤਨਾਮਾ*, ਪੰਨਾ 42 ਏ; *ਮੁੰਤਖਿਬੁਲ ਲੁਬਾਬ*, ਜਿਲਦ ਦੂਜੀ, ਪੰਨਾ 658.

ਭੇਜਿਆ ਕਿ ਉਹ ਤੁਰੰਤ ਪੰਜਾਬ ਵਿਚ ਪੁਜੇ ਜੋ ਕਿ ਉਸ ਵੇਲੇ ਗੰਗਾ ਦੁਆਬ ਦੇ ਇਲਾਕੇ ਵਿਚ ਰੁੱਝਾ ਹੋਇਆ ਸੀ।

ਵੈਰੀਆਂ ਦੇ ਭਾਰੀ ਦਲਾਂ ਨੂੰ ਦੇਖ ਕੇ ਸਿੱਖ ਰਾਹੋਂ ਵੱਲ ਨੂੰ ਚਲੇ ਗਏ ਜੋ ਸੁਲਤਾਨਪੁਰ ਤੋਂ ਸਤ ਮੀਲਾਂ ਦੀ ਵਿਥ ਤੇ ਹੈ। ਇਥੇ ਉਨ੍ਹਾਂ ਨੂੰ ਕਈ ਦਿਨ ਘੇਰਾ ਪਿਆ ਰਿਹਾ ਪਰ ਇਹ ਦੇਖ ਕੇ ਕਿ ਉਨ੍ਹਾਂ ਦੇ ਸਾਹਮਣੇ ਭਾਰੀ ਦੁਸ਼ਮਣ ਸਨ ਉਹ ਹਨੇਰੇ ਵਿਚ ਆਪਣੇ ਮੋਰਚਿਆਂ ਵਿੱਚੋਂ ਖਿਸਕ ਗਏ। ਇਹ ਕੇਵਲ ਇਕ ਛਲ ਹੀ ਸੀ। ਅਗਲੀ ਸਵੇਰ ਨੂੰ ਇਹ ਦੇਖ ਕੇ ਕਿ ਸ਼ਮਸ ਖ਼ਾਂ ਆਪਣੀ ਰਾਜਧਾਨੀ ਸੁਲਤਾਨਪੁਰ ਨੂੰ ਗਿਆ ਹੋਇਆ ਸੀ ਅਤੇ ਆਪਣੇ ਪਿੱਛੇ ਰਾਹੋਂ ਦੇ ਕਿੱਲ੍ਹੇ ਵਿਚ ਇਕ ਛੋਟੀ ਜਿਹੀ ਫ਼ੌਜ ਛੱਡ ਗਿਆ ਸੀ ਉਨ੍ਹਾਂ ਨੇ ਬੜੀ ਤੇਜ਼ੀ ਨਾਲ ਕਿੱਲ੍ਹੇ ਤੇ ਹੱਲਾ ਬੋਲ ਦਿੱਤਾ ਅਤੇ ਉਥੋਂ ਦੀ ਸੈਨਿਕ ਟੁਕੜੀ ਨੂੰ ਬਾਹਰ ਭਜਾ ਦਿੱਤਾ। ਇਹ ਘਟਨਾ 12 ਅਕਤੂਬਰ, 1710 ਨੂੰ ਵਾਪਰੀ।[21]

ਜਲੰਧਰ ਅਤੇ ਹੁਸ਼ਿਆਰਪੁਰ ਉੱਤੇ ਬਿਨਾਂ ਕਿਸੇ ਝੜਪ ਦੇ ਕਬਜ਼ਾ ਕਰ ਲਿਆ ਗਿਆ ਅਤੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਸਾਰਾ ਦੁਆਬਾ ਸਿੱਖਾਂ ਦੇ ਹੱਥਾਂ ਵਿਚ ਆ ਗਿਆ।

### 5. ਹੈਦਰੀ ਝੰਡੇ ਦਾ ਧਰਮ-ਯੁੱਧ[22]

ਮਾਝਾ ਅਤੇ ਰਿਆੜਕੀ ਦੇ ਇਲਾਕੇ, ਜਿਨ੍ਹਾਂ ਤੋਂ ਕੇਂਦਰੀ ਪੰਜਾਬ ਬਣਦਾ ਹੈ, ਉਸੇ ਸਮੇਂ ਹੀ ਸੁਤੰਤਰ ਕਰਵਾ ਲਏ ਗਏ ਸਨ। ਇਥੇ ਵੀ ਸਿੱਖ ਵਿਦਰੋਹ ਇਤਨਾ ਆਮ ਸੀ ਕਿ ਸਥਾਨਕ ਕਰਮਚਾਰੀਆਂ ਨੇ, ਜੋ ਆਪਣੇ ਆਪ ਨੂੰ ਇਸ ਸੰਘਰਸ਼ ਦੇ ਤੁਲ ਨਹੀਂ ਸਨ ਸਮਝਦੇ, ਬਾਗ਼ੀਆਂ ਦੇ ਖ਼ਿਲਾਫ ਧਰਮ-ਯੁੱਧ ਦਾ ਰਾਹ ਚੁਣਨਾ ਹੀ ਯੋਗ ਸਮਝਿਆ। ਮਾਝਾ ਅਤੇ ਦੂਜੇ ਇਲਾਕਿਆਂ ਦਾ ਸਾਰਾ ਖਾਲਸਾ ਪੰਥ, ਜਿਸ ਦੀ ਕੁੱਲ ਗਿਣਤੀ ਲਗਪਗ ਅੱਠ ਹਜ਼ਾਰ ਸੀ, ਅੰਮ੍ਰਿਤਸਰ ਵਿਚ ਇਕੱਠਾ ਹੋਇਆ ਅਤੇ ਆਪਿਸ ਵਿਚ ਸਲਾਹ ਮਸ਼ਵਰਾ ਕਰਕੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਹੇਠਲੀ ਉਪਰ ਕਰ ਦਿੱਤੀ।[23] ਲਾਹੌਰ ਅਤੇ ਕਸੂਰ ਦੇ ਸ਼ਕਤੀਸ਼ਾਲੀ ਪਰਗਣਿਆਂ ਨੂੰ ਹਾਲ ਦੀ ਘੜੀ ਛੱਡ ਕੇ ਸਿੱਖਾਂ ਨੇ ਬਟਾਲਾ ਅਤੇ ਕਲਾਨੌਰ ਵੱਲ ਆਪਣਾ ਧਿਆਨ ਮੋੜਿਆ। ਉਨ੍ਹਾਂ ਨੇ ਸਰਕਾਰੀ ਕਰਮਚਾਰੀਆਂ ਨੂੰ ਬਾਹਰ ਕੱਢ ਕੇ ਉਥੇ ਆਪਣੇ ਥਾਣੇ ਅਤੇ ਤਹਿਸੀਲਾਂ ਸਥਾਪਿਤ ਕਰ ਲਈਆਂ। ਕੁਝ ਸਿੱਖ ਆਗੂ, ਵਿਸ਼ੇਸ਼ ਕਰਕੇ ਸਠਿਆਲਾ ਅਤੇ ਬਟਾਲਾ ਦੇ ਆਗੂ, ਅਗਾਂਹ ਉੱਤਰ ਵੱਲ ਵਧੇ ਅਤੇ ਉਨ੍ਹਾਂ ਨੇ ਪਠਾਨਕੋਟ ਦੇ ਪਰਗਣੇ ਤੇ ਕਬਜ਼ਾ ਕਰ ਲਿਆ।[24]

ਸਿੱਖਾਂ ਦੀ ਮੁੱਖ ਸੈਨਾ ਲਾਹੌਰ ਦੀਆਂ ਕੰਧਾਂ ਤਕ ਪੁਜ ਗਈ। ਲਾਹੌਰ ਦਾ ਗਵਰਨਰ ਸੱਯਦ ਅਸਲਮ ਖ਼ਾਂ ਭੈ-ਭੀਤ ਹੋ ਗਿਆ ਤੇ ਸਿੱਖਾਂ ਦੇ ਟਾਕਰੇ ਲਈ ਉਸ ਨੇ ਬਾਹਰ ਨਿਕਲਣ ਦਾ ਹੌਸਲਾ ਨਾ ਕੀਤਾ। ਇਸ ਲਈ ਮੁਲਾਣਿਆਂ ਨੇ ਅਗਵਾਈ ਆਪਣੇ ਹੱਥਾਂ ਵਿਚ ਲੈ ਲਈ। ਉਨ੍ਹਾਂ ਨੇ ਹਰਾ ਝੰਡਾ ਚੜ੍ਹਾਇਆ ਜਿਸ ਦਾ ਨਾਉਂ ਹੈਦਰੀ ਝੰਡਾ ਰਖਿਆ ਗਿਆ ਅਤੇ ਸਿੱਖਾਂ ਦੇ ਵਿਰੁੱਧ ਧਰਮ-ਯੁੱਧ ਜਾਂ ਜੇਹਾਦ ਦਾ ਐਲਾਨ ਕੀਤਾ। ਮੁਸਲਮਾਨਾਂ ਦੇ ਜਜ਼ਬਾਤ ਨੂੰ ਟੁੰਬਣ ਵਾਲੀ ਅਪੀਲ ਇਤਨੀ

---

21. Elliot, VII, pp. 418-19; *Later Mughals*, I, p. 100.
22. ਰਤਨ ਸਿੰਘ ਅਤੇ ਗਿਆਨ ਸਿੰਘ ਦੋਨੋਂ ਹੀ *ਪੰਥ ਪ੍ਰਕਾਸ਼* ਵਿਚ ਹੈਦਰੀ ਝੰਡੇ ਦੇ ਧਰਮ-ਯੁਧ ਨੂੰ ਬੰਦਾ ਸਿੰਘ 'ਦੀ ਮੌਤ ਦੇ ਚਿਰ ਪਿੱਛੋਂ ਹੋਇਆ ਲਿਖਦੇ ਹਨ ਪਰ ਅਸੀਂ ਇਥੇ ਮੁਹੰਮਦ ਕਾਸਮ ਦੀ ਸਮਕਾਲੀ ਪੁਸਤਕ *ਇਬਰਤਨਾਮਾ*, *ਉਮਾਦਾਤੁ-ਤਵਾਰੀਖ* ਅਤੇ *ਚਹਾਰ ਗੁਲਸ਼ਨ-ਇ-ਪੰਜਾਬ* ਨੂੰ ਮੰਨਿਆ ਹੈ ਜੋ ਮੂਲ ਸਰੋਤਾਂ ਉੱਤੇ ਆਧਾਰਿਤ ਹਨ।
23. *ਚਹਾਰ ਗੁਲਸ਼ਨ-ਇ-ਪੰਜਾਬ*, ਪੰਨੇ 189-90; ਮੁਹੰਮਦ ਕਾਸਮ ਦਾ 'ਇਬਰਤਨਾਮਾ', ਪੰਨਾ 22; Irvine, I, p. 103.
24. ਮੁਹੰਮਦ ਕਾਸਮ, *ਇਬਰਤਨਾਮਾ*, ਪੰਨਾ 22; *ਮੁੰਤਖ਼ਿਬੁਲ ਲੁਬਾਬ*, ਜਿਲਦ ਦੂਜੀ, ਪੰਨਾ 660; *ਪ੍ਰਾਚੀਨ ਪੰਥ ਪ੍ਰਕਾਸ਼*, ਪੰਨਾ 117.

ਜੋਸ਼ੀਲੀ ਸੀ ਕਿ ਬਹੁਤ ਸਾਰੇ ਅਮੀਰ ਵਪਾਰੀਆਂ ਅਤੇ ਉੱਚੇ ਅਧਿਕਾਰੀਆਂ ਨੇ ਆਪਣਾ ਮਾਲ ਸਾਮਾਨ ਵੇਚ ਦਿੱਤਾ ਅਤੇ ਇਸ ਮੁਹਿੰਮ ਦਾ ਖਰਚ ਪੂਰਾ ਕਰਨ ਲਈ ਕਾਫੀ ਧਨ ਦਿੱਤਾ। ਕੁਝ ਹਿੰਦੂ ਕਰਮਚਾਰੀ ਵੀ ਉਨ੍ਹਾਂ ਨਾਲ ਸ਼ਾਮਿਲ ਹੋ ਗਏ। ਸਿੱਖ ਲਾਹੌਰ ਦੇ ਲਾਗੇ ਭਰਤ ਪਿੰਡ ਵਿਚ ਭਗਵੰਤ ਰਾਏ ਦੇ ਕਿਲ੍ਹੇ ਵਿਚ ਟਿਕੇ ਹੋਏ ਸਨ। ਪੱਕੇ ਘੇਰੇ ਵਿਚੋਂ, ਜਿੱਥੇ ਉਨ੍ਹਾਂ ਨੇ ਬੜੀ ਦਲੇਰੀ ਨਾਲ ਮੁਕਾਬਲਾ ਕੀਤਾ ਸੀ, ਉਹ ਇਕ ਰਾਤ ਵੈਰੀਆਂ ਦੀਆਂ ਸਫਾਂ ਚੀਰਦੇ ਹੋਏ ਬਾਹਰ ਨਿਕਲ ਗਏ। ਗਾਜੀ ਇਸ ਹਾਰ ਉੱਤੇ ਬਹੁਤ ਜਿਆਦਾ ਮਾਯੂਸ ਹੋ ਕੇ ਲਾਹੌਰ ਨੂੰ ਪਰਤ ਗਏ ਅਤੇ ਘੋਰ ਨਿਰਾਸ਼ਾ ਵਿਚ ਉਨ੍ਹਾਂ ਨੇ ਸ਼ਹਿਰ ਦੇ ਹਿੰਦੂਆਂ ਦੀ ਨਿਰਾਦਰੀ ਕੀਤੀ ਅਤੇ ਆਪਣੇ ਹਾਕਮਾਂ ਨੂੰ ਡਰਾਇਆ ਧਮਕਾਇਆ।[25] ਇਕ ਹੋਰ ਫ਼ੌਜ ਕੋਟਲਾ ਬੇਗਮ ਦੇ ਲਾਗੇ ਸਿੱਖਾਂ ਦੇ ਵਿਰੁੱਧ ਭੇਜੀ ਗਈ। ਉਸ ਫ਼ੌਜ ਦਾ ਵੀ ਉਹੀ ਹਾਲ ਹੋਇਆ। ਇਸ ਮੁਹਿੰਮ ਦੀ ਆਖ਼ਰੀ ਲੜਾਈ ਭੀਲੋਵਾਲ ਦੇ ਸਥਾਨ ਤੇ ਲੜੀ ਗਈ ਜਿੱਥੇ ਸਿੱਖ ਲਾਹੌਰ ਨੂੰ ਮੁੜ ਰਹੇ ਗਾਜ਼ੀਆਂ ਉੱਤੇ ਅਵੇਸਲੇ ਹੀ ਟੁੱਟ ਪਏ ਅਤੇ ਉਨ੍ਹਾਂ ਨੂੰ ਭਾਰੀ ਹਾਰ ਦਿੱਤੀ। ਇਸ ਤਰ੍ਹਾਂ ਮਾਝਾ ਅਤੇ ਰਿਆੜਕੀ ਦਾ ਸਾਰਾ ਇਲਾਕਾ ਸਿੱਖਾਂ ਦੇ ਅਧਿਕਾਰ ਵਿਚ ਆ ਗਿਆ।[26]

### 6. ਸ਼ਾਹੀ ਫ਼ੌਜਾਂ ਨਾਲ ਟੱਕਰ

ਹੁਣ ਸਿੱਖ ਲਾਹੌਰ ਤੋਂ ਪੂਰਬ ਵੱਲ ਦੇ ਪੰਜਾਬ ਦੇ ਮਾਲਕ ਬਣ ਗਏ ਸਨ। ਇਰਾਦਤ ਖ਼ਾਂ ਅਨੁਸਾਰ, 'ਕੋਈ ਵੀ ਅਜਿਹਾ ਰਈਸ ਨਹੀਂ ਸੀ ਜੋ ਦਿੱਲੀ ਤੋਂ ਉਨ੍ਹਾਂ ਦੇ ਵਿਰੁੱਧ ਕੂਚ ਕਰ ਸਕਦਾ। ਮੈਲਕਮ ਅਨੁਸਾਰ 'ਜੇ ਬਹਾਦੁਰ ਸ਼ਾਹ ਦੱਖਣ ਤੋਂ ਨਾ ਆਉਂਦਾ, ਜਿਥੋਂ ਉਹ 1710 ਵਿਚ ਆਇਆ ਸੀ, ਤਾਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ.....ਹਮਲਾਵਰ ਸਾਰੇ ਹਿੰਦੁਸਤਾਨ ਨੂੰ ਅਧੀਨ ਕਰ ਲੈਂਦੇ।'[27]

ਸਿੱਖਾਂ ਦੀ ਪੰਜਾਬ ਵਿਚ ਗੜਬੜ ਦੀ ਖ਼ਬਰ ਮਿਲਦਿਆਂ ਹੀ ਬਾਦਸ਼ਾਹ 27 ਜੂਨ 1710 ਨੂੰ ਅਜਮੇਰ ਤੋਂ ਉੱਤਰ ਵੱਲ ਰਵਾਨਾ ਹੋਇਆ। ਉਸ ਨੇ ਦਿੱਲੀ ਅਤੇ ਅਵਧ ਦੇ ਸੂਬੇਦਾਰਾਂ, ਮੁਰਾਦਾਬਾਦ ਅਤੇ ਅਲਾਹਾਬਾਦ ਦੇ ਫ਼ੌਜਦਾਰਾਂ ਅਤੇ ਨਾਜ਼ਮਾਂ ਅਤੇ ਬਾਰਾਹ ਦੇ ਸੱਯਦਾਂ ਨੂੰ ਪੰਜਾਬ ਵੱਲ ਕੂਚ ਕਰਨ ਦਾ ਹੁਕਮ ਦਿੱਤਾ। ਸਿੱਖ ਉਸ ਦੇ ਦਿਮਾਗ਼ ਉੱਤੇ ਇਤਨੇ ਚੜ੍ਹੇ ਹੋਏ ਸਨ ਕਿ ਉਹ ਹਰ ਦਾੜ੍ਹੀ ਵਾਲੇ ਆਦਮੀ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਦਾ ਸੀ। 8 ਸਤੰਬਰ ਨੂੰ ਉਸ ਨੇ ਇਕ ਹੁਕਮ ਜਾਰੀ ਕੀਤਾ ਕਿ 'ਸਰਕਾਰੀ ਦਫ਼ਤਰਾਂ ਵਿਚ ਕੰਮ ਕਰਨ ਵਾਲੇ ਸਭ ਹਿੰਦੂ ਆਪਣੀਆਂ ਦਾੜ੍ਹੀਆਂ ਕਟਵਾ ਦੇਣ' ਕਿਉਂਕਿ ਉਸ ਨੂੰ ਡਰ ਸੀ ਕਿ ਭੇਸ ਵਟਾ ਕੇ ਉਨ੍ਹਾਂ ਵਿਚ ਕੁਝ ਸਿੱਖ ਵੀ ਨਾ ਲਗੇ ਹੋਏ ਹੋਣ। ਬੰਦਾ ਸਿੰਘ ਬਾਰੇ ਆ ਰਹੀਆਂ ਖ਼ਬਰਾਂ ਹੋਰ ਵੀ ਵਧੇਰੇ ਪ੍ਰੇਸ਼ਾਨ ਕਰ ਰਹੀਆਂ ਸਨ। ਇਹ ਵੀ ਕਿਹਾ ਜਾ ਰਿਹਾ ਸੀ ਕਿ ਸਿੱਖ ਆਗੂ (ਬੰਦਾ ਸਿੰਘ) ਦੈਵੀ ਸ਼ਕਤੀ ਦਾ ਮਾਲਕ ਹੈ ਕਿਉਂਕਿ ਉਸ ਦੇ ਮੂੰਹ ਵਿੱਚੋਂ ਅੱਗ ਦੀਆਂ ਲਾਟਾਂ ਨਿਕਲਦੀਆਂ ਹਨ ਇਸ ਲਈ ਹਥਿਆਰਾਂ ਦਾ ਉਸ ਅਤੇ ਉਸ ਦੇ ਸਾਥੀਆਂ ਉੱਤੇ ਕੋਈ ਅਸਰ ਨਹੀਂ ਹੋ ਸਕਦਾ।[28]

ਮੁਗ਼ਲਾਂ ਦੀ ਭਾਰੀ ਸੈਨਾ ਨੇ ਸਿੱਖਾਂ ਦੇ ਵਿਰੁੱਧ ਕੂਚ ਕੀਤਾ। ਉਹ ਥਾਨੇਸਰ ਅਤੇ ਸਰਹਿੰਦ ਤੋਂ ਵਾਪਿਸ ਚਲੇ ਗਏ ਅਤੇ ਉਨ੍ਹਾਂ ਨੇ ਲੋਹਗੜ੍ਹ ਵਿਚ ਜਾ ਕੇ ਆਪਣੇ ਮੋਰਚੇ ਜਾ ਲਾਏ। ਸ਼ਾਹੀ ਫ਼ੌਜਾਂ 4 ਦਸੰਬਰ ਨੂੰ ਲੋਹਗੜ੍ਹ ਦੇ ਲਾਗੇ ਪੁਜ ਗਈਆਂ ਅਤੇ ਉਨ੍ਹਾਂ ਨੇ ਸਢੌਰੇ ਦੇ ਸਥਾਨ ਤੇ ਜਾ ਡੇਰਾ

25. ਮੁਹੰਮਦ ਕਾਸਮ, *ਇਬਰਤਨਾਮਾ*, ਪੰਨਾ 23.
26. ਉਹੀ, ਪੰਨਾ 23; *ਰਿਸਾਲਾ-ਇ-ਸਾਹਿਬਨੁਮਾ*, ਪੰਨੇ 190-92; *ਉਮਦਾਤੁਤ ਤਵਾਰੀਖ*, ਪੰਨੇ 79-80.
27. *The Sketch of the Sikhs*, p. 99.
28. *Later Mughals*, I, p. III; *ਹਕੀਕਤੁਲ ਅਕਾਲੀਮ*, ਪੰਨਾ 129.

ਲਾਇਆ। ਸਿੱਖਾਂ ਨੇ ਮੁਗ਼ਲ ਸੈਨਾ ਉੱਤੇ ਤੀਰਾਂ ਅਤੇ ਤੋਪਾਂ ਦੇ ਗੋਲਿਆਂ ਨਾਲ ਜਾ ਧਾਵਾ ਕੀਤਾ। ਖਾਫ਼ੀ ਖ਼ਾਂ ਲਿਖਦਾ ਹੈ ਕਿ 'ਉਥੇ ਜੋ ਲੜਾਈ ਹੋਈ ਮੈਂ ਉਹ ਬਿਆਨ ਨਹੀਂ ਕਰ ਸਕਦਾ। ਸਿੱਖਾਂ ਨੇ ਫਕੀਰਾਂ ਵਾਲੇ ਭੇਸ ਵਿਚ ਹੀ ਸ਼ਾਹੀ ਫ਼ੌਜਾਂ ਵਿਚ ਦਹਿਸ਼ਤ ਫੈਲਾ ਦਿੱਤੀ। ਸ਼ਾਹੀ ਫ਼ੌਜਾਂ ਦੇ ਮਰੇ ਹੋਏ ਅਤੇ ਮਰ ਰਹੇ ਸੈਨਿਕਾਂ ਦੀ ਗਿਣਤੀ ਇਤਨੀ ਜਿਆਦਾ ਸੀ ਕਿ ਉਸ ਘੜੀ ਤਾਂ ਇਹੀ ਜਾਪਦਾ ਸੀ ਕਿ ਮੁਗ਼ਲ ਫ਼ੌਜਾਂ ਹਾਰ ਜਾਣਗੀਆਂ।' ਪਰ ਛੇਤੀ ਹੀ ਸ਼ਾਹੀ ਫ਼ੌਜਾਂ ਸਹਾਇਤਾ ਲਈ ਪੁੱਜ ਗਈਆਂ ਅਤੇ ਡੁਬਦੇ ਸੂਰਜ ਨੇ ਸਿੱਖਾਂ ਨੂੰ ਲੋਹਗੜ੍ਹ ਦੇ ਕਿਲ੍ਹੇ ਵੱਲ ਮੁੜਦੇ ਦੇਖਿਆ।[29]

ਬੰਦਾ ਸਿੰਘ ਦੇ ਇਸ ਪਹਾੜੀ ਠਿਕਾਣੇ ਨੂੰ ਸਠ ਹਜ਼ਾਰ ਘੋੜ ਸਵਾਰ ਅਤੇ ਪਿਆਦਾ ਫ਼ੌਜਾਂ ਨੇ ਘੇਰ ਲਿਆ ਜਿਨ੍ਹਾਂ ਵਿਚ ਬੁੰਧੇਲੇ ਵਰਗੇ ਕੁਝ ਰਾਜਪੂਤ ਰਾਜੇ ਵੀ ਸਨ, ਪਰ ਬੰਦਾ ਸਿੰਘ ਨੇ ਆਪਣੇ ਠਿਕਾਣੇ ਨੂੰ ਇਤਨੀ ਚੰਗੀ ਤਰ੍ਹਾਂ ਕਿਲ੍ਹਾਬੰਦ ਕੀਤਾ ਹੋਇਆ ਸੀ ਕਿ ਬਾਦਸ਼ਾਹ ਨੇ ਕੁਝ ਸਮੇਂ ਲਈ ਹਮਲਾ ਕਰਨ ਦਾ ਹੌਸਲਾ ਨਾ ਕੀਤਾ। ਉਸ ਕਿਲੇ ਦੇ ਅੰਦਰ ਸਿੱਖਾਂ ਪਾਸੋਂ ਰਸਦ ਪਾਣੀ ਮੁਕ ਰਿਹਾ ਸੀ ਅਤੇ ਲੰਮੇਰੇ ਘੇਰੇ ਦੀ ਝਾਲ ਝਲ ਸਕਣ ਦੀ ਉਨ੍ਹਾਂ ਨੂੰ ਆਸ ਨਹੀਂ ਸੀ। ਉਨ੍ਹਾਂ ਨੇ ਆਪਣੀ ਭੁੱਖ ਮਿਟਾਉਣ ਲਈ ਆਪਣੇ ਘੋੜੇ ਅਤੇ ਹੋਰ ਜਾਨਵਰ ਵੀ ਖਾ ਲਏ ਸਨ। ਅਤਿ ਮਾਯੂਸੀ ਵਿਚ ਉਨ੍ਹਾਂ ਨੇ ਦੁਸ਼ਮਣਾਂ ਦੀਆਂ ਕਤਾਰਾਂ ਨੂੰ ਚੀਰ ਕੇ ਬਾਹਰ ਨਿਕਲ ਜਾਣ ਦਾ ਫੈਸਲਾ ਕੀਤਾ। ਸਿੱਖ ਸੈਨਾ ਦੇ ਇਕ ਮੀਰ ਬਖ਼ਸ਼ੀ (ਤਨਖਾਹਾਂ ਦੇਣ ਦਾ ਇਨਚਾਰਜ) ਗੁਲਾਬ ਸਿੰਘ ਨੇ 'ਆਪਣੇ ਧਰਮ ਦੀ ਖ਼ਾਤਰ ਆਪਣੀ ਜਾਨ ਵਾਰ ਦੇਣ ਦੀ ਪੇਸ਼ਕਸ਼ ਕੀਤੀ' ਅਤੇ ਬੰਦਾ ਸਿੰਘ ਦੇ ਕਪੜੇ ਪਹਿਨ ਕੇ ਉਸ ਦੀ ਥਾਂ ਤੇ ਬੈਠ ਗਿਆ। ਬੰਦਾ ਸਿੰਘ ਨੇ 10 ਦਸੰਬਰ ਦੀਂ ਰਾਤ ਨੂੰ ਇਕ ਡਾਢਾ ਹੱਲਾ ਕੀਤਾ ਅਤੇ ਆਪਣੇ ਸਾਰੇ ਆਦਮੀਆਂ ਸਮੇਤ ਨਾਹਨ ਦੀਆਂ ਪਹਾੜੀਆਂ ਵਿਚ ਅਲੋਪ ਹੋ ਗਿਆ।[30]

ਅਗਲੀ ਸਵੇਰ ਨੂੰ ਮੁਗ਼ਲ ਕਮਾਂਡਰ ਮੁਨੀਮ ਖ਼ਾਂ ਨੇ ਉਸ ਥਾਂ ਉੱਤੇ ਕਬਜ਼ਾ ਕਰ ਲਿਆ ਪਰ ਇਹ ਜਾਣਕੇ ਉਸ ਨੂੰ ਬੜੀ ਮਾਯੂਸੀ ਹੋਈ ਕਿ 'ਬਾਜ਼ ਉੱਡ ਗਿਆ ਸੀ' ਅਤੇ ਆਪਣੇ ਪਿੱਛੇ ਆਪਣਾ ਬਦਲਵਾਂ ਰੂਪ ਗੁਲਾਬ ਸਿੰਘ ਅਤੇ ਕੁਝ ਮਰੇ ਹੋਏ ਤੇ ਕੁਝ ਮਰ ਰਹੇ ਆਦਮੀਆਂ ਨੂੰ ਛੱਡ ਗਿਆ ਸੀ। ਬਾਦਸ਼ਾਹ ਦੀ ਮਾਯੂਸੀ ਦੀ ਕੋਈ ਹੱਦ ਨਾ ਰਹੀ। ਉਸ ਨੇ ਆਪਣੇ ਇਕ ਰਈਸ ਹਮੀਦ ਖ਼ਾਂ ਨੂੰ ਹੁਕਮ ਦਿੱਤਾ ਕਿ ਉਹ ਬਚਕੇ ਨਿਕਲ ਗਏ ਸਿੱਖ ਆਗੂ (ਬੰਦਾ ਸਿੰਘ) ਦਾ ਪਹਾੜਾਂ ਵਿਚ ਪਿੱਛਾ ਕਰੇ ਅਤੇ ਜੇ ਸੰਭਵ ਹੋਵੇ ਤਾਂ ਉਸ ਨੂੰ ਜ਼ਿੰਦਾ ਫੜ ਕੇ ਲਿਆਵੇ। ਜੇ ਨਾ ਫੜਿਆ ਜਾ ਸਕੇ ਤਾਂ ਨਾਹਨ ਦੇ 'ਬਰਫ਼ੀ ਰਾਜੇ' (ਬਰਫ਼ਾਨੀ ਇਲਾਕੇ ਦਾ ਰਾਜਾ) ਨੂੰ ਫੜ ਲਿਆ ਜਾਵੇ। ਬੰਦਾ ਸਿੰਘ ਕਿਉਂਕਿ ਪਿੱਛਾ ਕਰਨ ਵਾਲਿਆਂ ਦੀ ਪਹੁੰਚ ਤੋਂ ਬਾਹਰ ਜਾ ਚੁੱਕਾ ਸੀ ਇਸ ਲਈ ਨਾਹਨ ਦੇ ਰਾਜਾ ਭੂਪ ਪ੍ਰਕਾਸ਼ ਨੂੰ ਕੈਦੀ ਬਣਾ ਲਿਆ ਗਿਆ ਅਤੇ ਗੁਲਾਬ ਸਿੰਘ ਸਮੇਤ ਦੋਨਾਂ ਨੂੰ ਲੋਹੇ ਦੇ ਪਿੰਜਰੇ ਵਿਚ ਪਾ ਕੇ ਦਿੱਲੀ ਪੁਚਾਇਆ ਗਿਆ।

### 7. ਬੰਦਾ ਸਿੰਘ ਪਹਾੜੀਆਂ ਵਿਚ

ਲੋਹਗੜ੍ਹ ਤੋਂ ਨਿਕਲ ਜਾਣ ਦੇ ਦੋ ਹਫ਼ਤੇ ਦੇ ਅੰਦਰ ਅੰਦਰ ਬੰਦਾ ਸਿੰਘ ਨੇ ਵੱਖ ਵੱਖ ਥਾਵਾਂ ਦੇ ਸਿੱਖਾਂ ਨੂੰ ਹੁਕਮਨਾਮੇ ਜਾਰੀ ਕੀਤੇ ਕਿ ਉਹ ਤੁਰੰਤ ਆ ਕੇ ਉਸ ਨਾਲ ਸ਼ਾਮਿਲ ਹੋਣ। ਇਕ ਅਜਿਹਾ ਹੁਕਮਨਾਮਾ 12 ਪੋਹ ਸੰਮਤ ਪਹਿਲਾ (12 ਦਸੰਬਰ, 1710) ਨੂੰ ਜੋਨਪੁਰ ਦੇ ਸਿੱਖਾਂ ਨੂੰ ਜਾਰੀ ਕੀਤਾ ਗਿਆ ਸੀ। ਉਸ ਦੇ ਉਪਰ ਮੋਹਰ ਹੈ :

---

29. ਖਾਫੀ ਖ਼ਾਂ, ਜਿਲਦ ਦੂਜੀ, ਪੰਨੇ 669-70; ਕੰਵਰ, *ਤਜ਼ਕਿਰਾਤੁਸ ਸਲਾਤੀਨ*, ਪੰਨਾ 153 ਏ.

30. ਇਰਾਦਤ ਖ਼ਾਂ, *ਤਵਾਰੀਖ-ਇ-ਇਰਾਦਤ ਖ਼ਾਂ*, ਪੰਨਾ 62; ਖਾਫੀ ਖ਼ਾਂ, ਜਿਲਦ ਦੂਜੀ, ਪੰਨੇ 672-73. *ਦਸਤੂਰ-ਉਲ ਇਨਸ਼ਾ*, ਪੰਨਾ 8 ਬੀ; *ਰੁਕਾਤ-ਇ-ਅਮੀਨ-ਉਦ-ਦੋਲਾ*, ਪੱਤਰ 4; ਕਾਸਮ, *ਇਬਰਤਨਾਮਾ*; ਕੰਵਰ, *ਤਜ਼ਕਿਰਾ*, ਪੰਨਾ 154 ਬੀ.

*ਦੇਗ ਉ ਤੇਗ ਉ ਫਤਹਿ ਉ ਨੁਸਰਤ ਬੇ-ਦਰੰਗ*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।*[31]

*ੴ ਫਤਹਿ ਦਰਸ਼ਨ*[32]

*ਸਿਰੀ ਸਚੇ ਸਾਹਿਬ ਜੀ*[33] *ਕਾ ਹੁਕਮ ਹੈ ਸਰਬਤ ਖਾਲਸਾ ਜਉਨਪੁਰ ਕਾ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮੁ ਸਵਰੇਗਾ ਤੁਸੀ ਸਿਰੀ ਅਕਾਲ ਪੁਰਖ ਜੀ ਕਾ ਖਾਲਸਾ ਹੋ ਪੰਜ ਹਥਿਆਰ ਬਨਿ ਕੈ ਹੁਕਮੁ ਦੇਖਦਿਆਂ ਦਰਸਨਿ ਆਵਣਾ ਖਾਲਸੇ ਦੀ ਰਹਤ ਰਹਣਾ ਭੰਗ ਤਮਾਕੂ ਹਫੀਮ ਪੋਸਤੁ ਦਾਰੂ ਅਮਲੁ ਕੋਈ ਨਾਹੀਂ ਖਾਣਾ ਮਾਸੁ ਮਛਲੀ ਪਿਆਜੁ ਨਾਹੀ ਖਾਣਾ*[34] *ਚੋਰੀ ਜਾਰੀ ਨਾਹੀਂ ਕਰਣੀ ਅਸਾਂ ਸਤ ਜੁਗੁ ਵਰਤਾਇਆ ਹੈ ਆਪ ਵਿਚਿ ਪਿਆਰੁ ਕਰਣਾਂ ਮੇਰਾ ਹੁਕਮੁ ਹੈ ਜੋ ਖਾਲਸੇ ਦੀ ਰਹਤ ਰਹੇਗਾ ਤਿਸ ਦੀ ਗੁਰੂ ਬਾਹੁੜੀ ਕਰੇਗਾ।*

*ਮਿਤੀ ਪੋਹ ੧੨ ਸੰਮਤ ੧,* *ਸਤਰਾਂ ਦਸ (੧੦)*

ਇਸ ਮੰਗ ਦੇ ਬਦਲੇ ਵਿਚ ਸਭ ਪਾਸਿਆਂ ਤੋਂ ਸਿੱਖ ਆ ਕੇ ਕੀਰਤਪੁਰ ਵਿਚ ਉਨ੍ਹਾਂ ਪਾਸ ਜੁੜਨੇ ਸ਼ੁਰੂ ਹੋ ਗਏ ਜਿਸ ਦੇ ਫਲਸਰੂਪ ਬੰਦਾ ਸਿੰਘ ਉਨ੍ਹਾਂ ਪਹਾੜੀ ਰਾਜਿਆਂ ਦੇ ਖਿਲਾਫ਼ ਇਕ ਮੁਹਿੰਮ ਲਿਜਾਣ ਦੇ ਯੋਗ ਹੋ ਗਿਆ, ਜਿਹੜੇ ਰਾਜੇ ਅੰਤਮ ਗੁਰੂ (ਗੁਰੂ ਗੋਬਿੰਦ ਸਿੰਘ ਜੀ ਨੂੰ ਕਸ਼ਟ ਦਿੰਦੇ ਰਹੇ ਸਨ।[35] ਕਹਿਲੂਰ ਦਾ ਰਾਜਾ ਭੀਮ ਚੰਦ ਉਸ ਦੇ ਧਿਆਨ ਦਾ ਸਭ ਤੋਂ ਪਹਿਲਾ ਪਾਤਰ ਬਣਿਆ। ਆਮ ਰਿਵਾਜ ਅਨੁਸਾਰ ਇਕ ਪਰਵਾਨਾ ਭੇਜ ਕੇ ਉਸ ਨੂੰ ਕਿਹਾ ਗਿਆ ਕਿ ਉਹ ਅਧੀਨਗੀ ਪ੍ਰਵਾਨ ਕਰੇ। ਉਸ ਅੰਦਰ ਹਾਲੇ ਤੱਕ ਵੀ ਪੁਰਾਣੀ ਚੰਗਿਆੜੀ ਜਲ ਰਹੀ ਸੀ ਅਤੇ ਉਸ ਨੇ ਮੁਕਾਬਲਾ ਕਰਨ ਦਾ ਫੈਸਲਾ ਕੀਤਾ। ਉਸ ਦੀ ਰਾਜਧਾਨੀ ਬਿਲਾਸਪੁਰ ਨੂੰ ਉੱਡਾ ਦਿੱਤਾ ਗਿਆ ਅਤੇ ਉਸ ਦੀ ਫ਼ੌਜ ਦੇ ਚੋਖੇ ਆਦਮੀ ਮਾਰੇ ਗਏ। ਇਹ ਸਭ ਕੁਝ ਦੇਖ ਕੇ ਬਾਕੀ ਰਾਜਿਆਂ ਨੇ ਲੜਨ ਦਾ ਹੌਸਲਾ ਹੀ ਨਾ ਕੀਤਾ ਅਤੇ ਉਨ੍ਹਾਂ ਨੇ ਇਕ ਦਮ ਅਧੀਨਗੀ ਪ੍ਰਵਾਨ ਕਰ ਲਈ। ਮੰਡੀ ਦੇ ਰਾਜਾ ਸਿਧ ਸੈਨ ਨੇ ਗੁਰੂ ਨਾਨਕ ਜੀ ਦਾ ਪੈਰੋਕਾਰ ਹੋਣ ਦਾ ਐਲਾਨ ਕਰ ਦਿੱਤਾ ਅਤੇ ਕੁਲੂ ਦੇ ਰਾਜੇ ਨਾਲ ਬੰਦਾ ਸਿੰਘ ਦੀਆਂ ਔਕੜਾਂ ਸਮੇਂ ਉਸ ਦੀ ਮਦਦ ਕੀਤੀ। ਚੰਬਾ ਦੇ ਰਾਜਾ ਉਦੈ ਸਿੰਘ ਨੇ ਆਪਣੇ ਆਪ ਨੂੰ ਸਿੱਖ ਆਗੂ ਨਾਲ ਜੋੜ ਲਿਆ ਅਤੇ ਆਪਣੇ ਖਾਨਦਾਨ ਦੀ ਇਕ ਲੜਕੀ ਨੂੰ ਉਸ

---

31. ਮੋਹਰ ਉੱਪਰ ਅੰਕਤ ਲਫ਼ਜ਼ਾਂ ਦੇ ਅਰਥ ਹਨ :
    *ਦੇਗ ਤੇਗ ਜਿਤ ਸੇਵ ਨਿਰਾਲਮ,*
    *ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ।*
32. 'ਫਤਹਿ ਦਰਸ਼ਨ' ਇਕ ਜੰਗੀ ਨਾਹਰੇ ਵਜੋਂ ਲਾਗੂ ਕੀਤਾ ਗਿਆ ਸੀ, ਪਰ ਪਿੱਛੋਂ ਇਸ ਨੂੰ ਛੱਡ ਦਿੱਤਾ ਗਿਆ ਤਾਂ ਕਿ ਕਿਤੇ ਇਹ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਦੀ ਥਾਂ ਹੀ ਨਾ ਲੈ ਲਵੇ।
33. ਇਹ ਸ਼ਬਦ ਗੁਰੂ ਸਾਹਿਬ (ਸੱਚੇ ਮਾਲਕ) ਲਈ ਵਰਤੇ ਗਏ ਹਨ ਜਿਨਾਂ ਦੇ ਨਾਉਂ ਥਲੇ ਬੰਦਾ ਸਿੰਘ ਚਿੱਠੀਆਂ ਲਿਖਦਾ ਸੀ।
34. ਇਸ ਮਨਾਹੀ ਦੇ ਹੁਕਮ ਦਾ ਸਿੱਖ ਮਤ ਵਿਚ ਕੋਈ ਜ਼ਿਕਰ ਨਹੀਂ ਹੈ। ਇਸ ਤੋਂ ਪਤਾ ਲਗਦਾ ਹੈ ਕਿ ਬੰਦਾ ਸਿੰਘ ਦੇ ਮਨ ਵਿਚ ਹਾਲੇ ਤਕ ਵੀ ਪੁਰਾਣੇ ਸੰਸਕਾਰ ਅਟਕੇ ਹੋਏ ਸਨ।
35. ਇਥੇ ਸ਼ਿਵਾਲਕ ਦੀਆਂ ਪਹਾੜੀਆਂ ਦੀ ਮੁਹਿੰਮ ਦਾ ਹਾਲ ਮੁੱਖ ਰੂਪ ਵਿਚ ਰਤਨ ਸਿੰਘ ਭੰਗੂ ਦੇ 'ਪ੍ਰਾਚੀਨ ਪੰਥ ਪ੍ਰਕਾਸ਼' ਵਿੱਚੋਂ ਲਿਆ ਗਿਆ ਹੈ।

ਨਾਲ ਵਿਆਹ ਦਿੱਤਾ। ਇਸ ਵਿਆਹ ਤੋਂ ਇਕ ਪੁੱਤਰ ਪੈਦਾ ਹੋਇਆ ਜਿਸ ਦਾ ਨਾਂ ਅਜੈ ਸਿੰਘ ਰੱਖਿਆ ਗਿਆ।

ਕੁਝ ਸਮੇਂ ਲਈ ਬੰਦਾ ਸਿੰਘ ਨੇ ਉੱਤਰੀ ਪਹਾੜੀਆਂ ਨੂੰ ਆਪਣਾ ਠਿਕਾਣਾ ਬਣਾ ਲਇਆ ਅਤੇ ਉਹ ਕਦੇ ਕਦੇ ਹੀ ਆਪਣੇ ਪ੍ਰਭਾਵ ਦਾ ਪ੍ਰਸਾਰ ਕਰਨ ਲਈ ਮੈਦਾਨਾਂ ਵਿਚ ਆਉਂਦਾ ਸੀ। 4 ਜੂਨ 1711 ਨੂੰ ਬਹਿਰਾਮਪੁਰ ਦੇ ਨੇੜੇ ਇਕ ਲੜਾਈ ਲੜੀ ਗਈ ਜਿੱਥੇ ਜੰਮੂ ਦੇ ਫ਼ੌਜਦਾਰ ਨੂੰ ਹਾਰ ਦਿੱਤੀ ਗਈ ਅਤੇ ਸਿੱਖਾਂ ਨੇ ਰਾਇਪੁਰ ਅਤੇ ਬਹਿਰਾਮਪੁਰ ਦੇ ਕਸਬਿਆਂ ਨੂੰ ਉਜਾੜ ਦਿੱਤਾ। ਇਸ ਤੋਂ ਅਗਾਂਹ ਕਲਾਨੌਰ ਅਤੇ ਬਟਾਲਾ ਉੱਤੇ ਕਬਜਾ ਕਰ ਲਿਆ ਪਰ ਇਨ੍ਹਾਂ ਥਾਵਾਂ ਉੱਤੇ ਅਧਿਕਾਰ ਆਰਜ਼ੀ ਸੀ ਕਿਉਂਕਿ ਸ਼ਾਹੀ ਜਰਨੈਲ ਮੁਹੰਮਦ ਅਮੀਨ ਖ਼ਾਂ ਅਤੇ ਰੁਸਤਮ ਦਿਲ ਖ਼ਾਂ ਬੰਦਾ ਸਿੰਘ ਦੇ ਪਿੱਛੇ ਲਗੇ ਹੋਏ ਸਨ ਅਤੇ ਉਸ ਨੂੰ ਮੁੜ ਮੁੜ ਜੰਮੂ ਦੇ ਪਹਾੜਾਂ ਵੱਲ ਜਾਣਾ ਪੈਂਦਾ ਸੀ। ਸਿੱਖਾਂ ਨੂੰ ਫੜਿਆ ਨਹੀਂ ਸੀ ਜਾ ਸਕਦਾ ਪਰ ਕਈ ਆਦਮੀਆਂ ਨੂੰ ਉਨ੍ਹਾਂ ਉੱਤੇ 'ਸਿੱਖ ਹੋਣ ਦਾ ਝੂਠ ਇਲਜ਼ਾਮ ਲਾ ਕੇ ਫੜ ਲਿਆ ਜਾਂਦਾ ਸੀ'। ਉਨ੍ਹਾਂ ਫੜੇ ਹੋਏ ਸਿੱਖਾਂ ਨੂੰ ਤਨਖਾਹ ਦੇ ਬਦਲੇ ਮੁਗ਼ਲ ਸਿਪਾਹੀਆਂ ਦੇ ਸਪੁੱਰਦ ਕਰ ਦਿੱਤਾ ਜਾਂਦਾ ਸੀ। ਉਨ੍ਹਾਂ ਨੂੰ ਲਾਹੌਰ ਦੀ ਘੋੜਾ ਮੰਡੀ (ਨਖਾਸ) ਵਿਚ ਵੇਚ ਦਿੱਤਾ ਜਾਂਦਾ ਸੀ।[36] ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ ਦੇ ਸਿੱਖਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਦਾ ਬੜਾ ਅਪਮਾਨ ਕੀਤਾ ਜਾਂਦਾ ਤੇ ਉਨ੍ਹਾਂ ਨੂੰ ਦੁੱਖੀ ਕੀਤਾ ਜਾਂਦਾ ਸੀ। ਇਕ ਸਰਕਾਰੀ ਹੁਕਮ ਜਾਰੀ ਕੀਤਾ ਗਿਆ ਜਿਸ ਰਾਹੀਂ ਸਰਕਾਰੀ ਕਰਮਚਾਰੀਆਂ ਨੂੰ ਕਿਹਾ ਗਿਆ ਕਿ ਜਿੱਥੇ ਵੀ ਸਿੱਖ ਮਿਲਣ, ਉਨ੍ਹਾਂ ਨੂੰ ਮਾਰ ਦਿੱਤਾ ਜਾਵੇ।[37] ਇਸ ਹੁਕਮ ਦੇ ਸਿੱਟੇ ਵਜੋਂ ਸਿੱਖਾਂ ਅਤੇ ਉਨ੍ਹਾਂ ਦੇ ਹਮਦਰਦਾਂ ਨੂੰ ਬਿਨਾਂ ਕਿਸੇ ਵਿਤਕਰੇ ਦੇ ਤਸੀਹੇ ਦੇਣ ਅਤੇ ਕਤਲ ਕਰਨ ਦਾ ਕੰਮ ਸ਼ੁਰੂ ਹੋ ਗਿਆ। ਇਹ ਗੱਲ ਧਿਆਨ ਵਿਚ ਰਖ ਕੇ ਕਿ ਸਿੱਖਾਂ ਦੇ ਨਾਲ ਹਿੰਦੂਆਂ ਨੂੰ ਵੀ ਕਸ਼ਟ ਨਾ ਝੱਲਣੇ ਪੈਣ, ਬਾਦਸ਼ਾਹ ਨੇ ਅਪਣਾ ਫਰਮਾਨ ਦੁਬਾਰਾ ਜਾਰੀ ਕੀਤਾ[38] ਜਿਸ ਦੁਆਰਾ ਸਾਰੇ ਹਿੰਦੂਆਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਆਪਣੀਆਂ ਦਾੜ੍ਹੀਆਂ ਕਟਵਾ ਲੈਣ ਤਾਂ ਜੋ ਉਨ੍ਹਾਂ ਅਤੇ ਸਿੱਖਾਂ ਵਿਚਕਾਰ ਵਿਤਕਰਾ ਹੋ ਸਕੇ ਕਿਉਂਕਿ 'ਸੀਅਰ-ਉਲ-ਮਤਾਖਰੀਨ' ਅਨੁਸਾਰ ਸਿੱਖ ਸਾਹਮਣੇ ਖੜੋਤੀ ਮੌਤ ਦੇ ਡਰਾਵੇ ਥਲੇ ਵੀ 'ਆਪਣੀਆਂ ਦਾੜ੍ਹੀਆਂ ਜਾਂ ਮੁੱਛਾਂ ਜਾਂ ਆਪਣੇ ਸਰੀਰ ਦੇ ਕੋਈ ਵੀ ਵਾਲ ਕਟਵਾਉਣ ਲਈ ਕਦੇ ਵੀ ਤਿਆਰ ਨਹੀਂ ਹੋ ਸਕਦੇ।' ਵਾਸਤਵ ਵਿੱਚ ਬਾਦਸ਼ਾਹ ਬਹਾਦੁਰ ਸ਼ਾਹ ਆਪਣੀ ਜ਼ਿੰਦਗੀ ਦੇ ਅੰਤਮ ਦਿਨਾਂ ਵਿਚ ਆਪਣਾ ਦਿਮਾਗ਼ੀ ਸਮਤੋਲ ਗਵਾ ਬੈਠਾ ਜਾਪਦਾ ਹੈ। ਇਕ ਵਾਰ ਉਸ ਦੇ ਦਿਮਾਗ਼ ਵਿਚ ਆਇਆ ਕਿ ਸਭ ਕੁੱਤਿਆਂ ਅਤੇ ਗਧਿਆਂ ਨੂੰ ਮਰਵਾ ਦਿੱਤਾ ਜਾਵੇ ਅਤੇ ਮੰਗਤਿਆਂ ਤੇ ਫਕੀਰਾਂ ਨੂੰ ਕੈਂਪ ਅਤੇ ਸ਼ਹਿਰ ਵਿੱਚੋਂ ਕੱਢ ਦਿੱਤਾ ਜਾਵੇ।[39] ਉਸ ਨੇ ਆਪਣਾ ਆਖ਼ਰੀ ਦਰਬਾਰ 15 ਫਰਵਰੀ 1712 ਨੂੰ ਲਾਇਆ ਅਤੇ 18 ਫਰਵਰੀ ਸੋਮਵਾਰ ਦੀ ਰਾਤ ਨੂੰ ਉਸ ਦੀ ਮੌਤ ਹੋ ਗਈ।

ਬਹਾਦੁਰ ਸ਼ਾਹ ਤੋਂ ਬਾਅਦ ਉਸ ਦਾ ਜ਼ਨਾਨੜਾ ਜਿਹਾ ਪੁੱਤਰ ਜਹਾਂਦਾਰ ਸ਼ਾਹ ਤਖ਼ਤ ਤੇ ਬੈਠਾ, ਜਿਸ ਨੂੰ ਛੇਤੀ ਹੀ ਬਾਅਦ 1713 ਦੇ ਆਰੰਭ ਵਿਚ ਅਜ਼ੀਮੁਸ਼ ਸ਼ਾਨ ਦੇ ਪੁੱਤਰ ਫਰੁਖ਼ਸੀਅਰ ਨੇ ਗੱਦੀ ਤੋਂ ਲਾਹ ਦਿੱਤਾ।

ਮੁਗ਼ਲ ਦਰਬਾਰ ਵਿਚ ਪਰਸਪਰ ਵਿਨਾਸ਼ਕਾਰੀ ਸੰਘਰਸ਼ ਤੋਂ ਬੰਦਾ ਸਿੰਘ ਨੂੰ ਆਪਣੀ ਸ਼ਕਤੀ ਮੁੜ ਸਥਾਪਿਤ ਕਰਨ ਅਤੇ ਖੁਸੇ ਹੋਏ ਇਲਾਕਿਆਂ ਨੂੰ ਮੁੜ ਜਿੱਤਣ ਦਾ ਸੁਖਾਵਾਂ ਮੌਕਾ ਮਿਲਿਆ।

---

36. *Later Mughals,* Vol. I, p. 119.
37. *ਤਾਰੀਖ-ਇ-ਮੁਹੰਮਦ ਸ਼ਾਹੀ*, ਪੰਨਾ 224 ਏ.
38. *ਦਸਤੂਰ-ਉਲ-ਇਨਸ਼ਾ*, ਪੰਨਾ 9 ਬੀ; 'ਰੁਕਾਤ-ਇ-ਅਮੀਨ-ਉਦ-ਦੌਲਾ, ਚਿੱਠੀ ਨੰਬਰ 5.
39. *Siyarul Mutaakhirin,* (Raymond), Vol. I, pp. 21-22; Briggs, pp. 19-20.

ਉਹ ਟੁੱਟਦੇ ਸਿਤਾਰੇ ਦੀ ਤੇਜੀ ਨਾਲ ਪੰਜਾਬ ਵਿੱਚੋਂ ਦੀ ਲੰਘ ਤੁਰਿਆ ਅਤੇ ਉਸ ਨੇ ਸਢੌਰਾ ਅਤੇ ਲੋਹਗੜ੍ਹ ਉੱਤੇ ਕਬਜ਼ਾ ਕਰ ਲਿਆ। ਲੋਹਗੜ੍ਹ ਮੁੜ ਸਿੱਖ ਸ਼ਕਤੀ ਦੀ ਰਾਜਧਾਨੀ ਬਣ ਗਿਆ। ਫਰੁਖ਼ਸੀਅਰ ਨੇ ਅਬਦੁਸ-ਸਮਦ ਖ਼ਾਂ ਨੂੰ ਲਾਹੌਰ ਦਾ ਗਵਰਨਰ ਅਤੇ ਉਸ ਦੇ ਪੁੱਤਰ ਜ਼ਕਰੀਆਂ ਖ਼ਾਂ ਨੂੰ ਜੰਮੂ ਦਾ ਫ਼ੌਜਦਾਰ ਨਿਯੁਕਤ ਕੀਤਾ। ਉਨ੍ਹਾਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਬੰਦਾ ਸਿੰਘ ਨੂੰ ਆਪਣੇ ਠਿਕਾਣਿਆਂ ਤੋਂ ਕੱਢ ਦੇਣ। ਸਿੱਖ ਅਕਤੂਬਰ 1713 ਨੂੰ ਸਢੌਰਾ ਅਤੇ ਲੋਹਗੜ੍ਹ ਨੂੰ ਖਾਲੀ ਕਰਨ ਲਈ ਮਜਬੂਰ ਹੋ ਗਏ ਅਤੇ ਬੰਦਾ ਸਿੰਘ ਨੇ ਜੰਮੂ ਦੀਆਂ ਪਹਾੜੀਆਂ ਵਿਚ ਜਾ ਸ਼ਰਨ ਲਈ, ਜਿੱਥੇ ਉਸ ਨੇ ਆਪਣਾ ਦੂਜਾ ਵਿਆਹ ਕਰਵਾਇਆ ਅਤੇ ਆਪਣਾ ਡੇਰਾ ਸਥਾਪਿਤ ਕੀਤਾ ਜਿਸ ਨੂੰ ਹੁਣ 'ਡੇਰਾ ਬਾਬਾ ਬੰਦਾ ਸਿੰਘ' ਕਹਿੰਦੇ ਹਨ।[40] ਅਬਦੁਸ-ਸਮਦ ਖ਼ਾਂ ਅਤੇ ਉਸ ਦੇ ਪੁੱਤਰ ਨੂੰ ਸਿੱਖਾਂ ਵਿਰੁੱਧ ਮੁੱਢਲੀਆਂ ਸਫ਼ਲਤਾਵਾਂ ਪ੍ਰਾਪਤ ਕਰਨ ਤੇ ਬਾਦਸ਼ਾਹ ਵੱਲੋਂ ਸਨਮਾਨ ਪ੍ਰਾਪਤ ਹੋਏ ਕਿਉਂਕਿ ਇਨ੍ਹਾਂ ਨੇ ਮੁੜ ਸਿੱਖਾਂ ਨੂੰ ਥਾਂ ਥਾਂ ਮਾਰਨਾ ਸ਼ੁਰੂ ਕਰ ਦਿੱਤਾ ਸੀ। ਮਾਰਨ ਦਾ ਕੰਮ ਵਿਸ਼ੇਸ਼ ਕਰਕੇ ਗੁਰਦਾਸਪੁਰ ਦੇ ਇਲਾਕੇ ਦੇ ਪਠਾਣ ਕਰਦੇ ਸਨ।

### 8. ਗੁਰਦਾਸ ਨੰਗਲ ਦੇ ਸਥਾਨ ਤੇ ਅੰਤਮ ਟੇਕ

1715 ਦੇ ਆਰੰਭ ਵਿਚ ਬੰਦਾ ਸਿੰਘ ਮੁੜ ਮੈਦਾਨਾਂ ਵਿਚ ਆ ਪ੍ਰਗਟ ਹੋਇਆ। ਉਸ ਨੇ ਕਲਾਨੌਰ ਅਤੇ ਬਟਾਲੇ ਵੱਲ ਕੂਚ ਕੀਤਾ ਜਿਨ੍ਹਾਂ ਉੱਤੇ ਸਖ਼ਤ ਲੜਾਈ ਪਿੱਛੋਂ ਉਸ ਨੇ ਕਬਜ਼ਾ ਕਰ ਲਿਆ ਅਤੇ ਉਨ੍ਹਾਂ ਥਾਵਾਂ ਨੂੰ ਸਿੱਖ ਅਧਿਕਾਰੀਆਂ ਦੇ ਸਪੁੱਰਦ ਕਰ ਦਿੱਤਾ। ਇਸ ਨਾਲ ਫਰੁਖਸੀਅਰ ਦਾ ਗੁੱਸਾ ਭੜਕ ਉਠਿਆ ਜਿਸ ਨੇ ਲਾਹੌਰ ਦੇ ਗਵਰਨਰ ਅਬਦੁਸ-ਸਮਦ ਖ਼ਾਂ ਨੂੰ ਉਸ ਦੀ ਲਾਪਰਵਾਹੀ ਲਈ ਸਖ਼ਤ ਬੁਰਾ ਭਲਾ ਕਿਹਾ। ਬਹੁਤ ਸਾਰੇ ਮੁਗ਼ਲ ਅਤੇ ਹਿੰਦੂ ਅਧਿਕਾਰੀਆਂ ਅਤੇ ਰਈਸਾਂ ਨੂੰ ਹੁਕਮ ਜਾਰੀ ਕੀਤੇ ਗਏ ਕਿ ਉਹ ਜਲਦੀ ਆਪਣੀਆਂ ਫ਼ੌਜਾਂ ਲੈ ਕੇ ਲਾਹੌਰ ਦੀਆਂ ਫ਼ੌਜਾਂ ਦੀ ਸਹਾਇਤਾ ਕਰਨ ਲਈ ਰਵਾਨਾ ਹੋ ਜਾਣ। ਇਨ੍ਹਾਂ ਫ਼ੌਜਾਂ ਨੂੰ ਕਾਂਗੜਾ ਦੇ ਕਟੋਚ ਹਾਕਮ ਅਤੇ ਜਸਰੋਟਾ ਦੇ ਰਾਜਾ ਧਰੁਵ ਦੇਵ ਦੇ ਪੁੱਤਰ ਹਰ ਦੇਵ ਵੱਲੋਂ ਵੀ ਮਦਦ ਮਿਲੀ। ਬੰਦਾ ਸਿੰਘ ਦੇ ਕਿਸੇ ਸਾਂਝੇ ਹਮਲੇ ਦਾ ਟਾਕਰਾ ਕਰਨ ਲਈ ਕਿਸੇ ਸੁਰੱਖਿਅਤ ਥਾਂ ਤੇ ਆਪਣੇ ਪੈਰ ਅੜਾਉਣ ਤੋਂ ਪਹਿਲਾਂ ਹੀ ਅਬਦੁਸ-ਸਮਦ ਖ਼ਾਂ ਦੀਆਂ ਫ਼ੌਜਾਂ ਨੇ ਉਸ ਉੱਤੇ ਹੱਲਾ ਬੋਲ ਦਿੱਤਾ। ਉਸ ਨੇ ਡਟ ਕੇ ਮੁਕਾਬਲਾ ਕੀਤਾ ਜਿਸ ਤੇ ਸਭ ਦੰਗ ਰਹਿ ਗਏ ਅਤੇ ਉਹ ਪਹਿਲੇ ਮੁਕਾਬਲੇ ਵਿਚ ਹੀ ਇਤਨੀ ਬਹਾਦੁਰੀ ਨਾਲ ਲੜਿਆ ਕਿ 'ਸੀਅਰ-ਉਲ-ਮੁਤਾਖਰੀਨ' ਅਨੁਸਾਰ 'ਉਹ ਸ਼ਾਹੀ ਫ਼ੌਜਾਂ ਦੇ ਜਰਨੈਲ ਨੂੰ ਪੂਰੀ ਹਾਰ ਦੇਣ ਦੇ ਖਿਲਕੁਲ ਨੇੜੇ ਪੁੱਜ ਗਿਆ ਸੀ।' ਪਰ ਆਪਣੀ ਸੁਰੱਖਿਆ ਦੀ ਸਥਿਤੀ ਦੀ ਘਾਟ ਕਾਰਣ ਉਹ ਪਿੱਛੇ ਹਟਣ ਲਈ ਮਜਬੂਰ ਹੋ ਗਿਆ ਅਤੇ ਗੁਰਦਾਸ ਨੰਗਲ ਪਿੰਡ ਵਿਚ ਘਿਰ ਗਿਆ[41] ਜੋ ਗੁਰਦਾਸਪੁਰ ਤੋਂ ਪੱਛਮ ਵੱਲ ਲਗਪਗ ਚਾਰ ਮੀਲਾਂ ਦੀ ਵਿਥ ਤੇ ਸੀ। ਬੰਦਾ ਸਿੰਘ ਨੇ ਆਪਣੇ ਆਦਮੀਆਂ ਨੂੰ ਭਾਈ ਦੁਨੀ ਚੰਦ ਦੇ ਅਹਾਤੇ ਵਿਚ ਲੈ ਆਂਦਾ ਅਤੇ ਇਸ ਦੇ ਦੁਆਲੇ

40. ਇਹ ਡੇਰਾ, ਜਿਸ ਵਿਚ ਉਸ ਦੇ ਉੱਤਰਾਧਿਕਾਰੀ ਰਹਿੰਦੇ ਹਨ, ਦਰਿਆ ਚਨਾਬ ਦੇ ਖੱਬੇ ਕੰਢੇ ਤੇ ਸਥਿਤ ਹੈ ਅਤੇ ਇਹ ਜੰਮੂ ਤੋਂ ਉੱਤਰ-ਪੱਛਮ ਵੱਲ 28 ਮੀਲਾਂ ਦੀ ਵਿਥ ਤੇ ਹੈ। ਇਹ ਕਟੜਾ ਤੋਂ ਦੱਖਣ ਪੱਛਮ ਵੱਲ 14 ਮੀਲਾਂ ਤੇ ਅਤੇ ਰਿਆਸੀ ਤੋਂ ਦੱਖਣ ਵੱਲ 7 ਮੀਲਾਂ ਦੇ ਫਾਸਲੇ ਤੇ ਹੈ। ਇਥੇ ਬੰਦਾ ਸਿੰਘ ਸਾਲ ਤੋਂ ਜਰਾ ਕੁ ਵੱਧ ਸਮੇਂ ਲਈ ਠਹਿਰਿਆ ਸੀ ਅਤੇ ਵਜੀਰਾਬਾਦ ਦੇ ਇਕ ਖਤਰੀ ਦੀ ਧੀ ਨਾਲ ਦੂਜਾ ਵਿਆਹ ਕੀਤਾ ਸੀ। ਉਸ ਤੋਂ ਇਕ ਪੁੱਤਰ ਪੈਦਾ ਹੋਇਆ ਜਿਸ ਦਾ ਨਾਂ ਰਣਜੀਤ ਸਿੰਘ ਰਖਿਆ ਗਿਆ ਜੋ ਬੰਦਾ ਸਿੰਘ ਦੇ ਖਾਨਦਾਨ ਦੇ ਉੱਤਰਾਧਿਕਾਰੀਆਂ ਦਾ ਵੱਡਾ-ਵਡੇਰਾ ਸੀ.

41. ਅੱਜ ਕਲ ਇਸ ਪਿੰਡ ਦਾ ਅਸਲ ਥਾਂ ਉਜੜੇ ਹੋਏ ਢੇਰ ਦੀ ਸ਼ਕਲ ਵਿਚ ਦਿਸਦਾ ਹੈ ਜਿਸ ਨੂੰ 'ਬੰਦੇ ਵਾਲੀ ਥੇਹ' ਕਹਿੰਦੇ ਹਨ ਅਤੇ ਇਹ ਅਜੋਕੇ ਗੁਰਦਾਸ ਨੰਗਲ ਪਿੰਡ ਤੋਂ ਇਕ ਮੀਲ ਦੀ ਵਿਥ ਤੇ ਹੈ।

ਆਰਜ਼ੀ ਰੱਖਿਆ ਪ੍ਰਬੰਧ ਕਾਇਮ ਕੀਤੇ ਗਏ। ਇਸ ਹਵੇਲੀ ਦੇ ਦੁਆਲੇ ਖਾਈ ਪੁੱਟੀ ਗਈ ਜਿਸ ਨੂੰ ਲਾਗਲੀ ਇਕ ਨਹਿਰ ਦੇ ਪਾਣੀ ਨਾਲ ਭਰਿਆ ਗਿਆ ਅਤੇ ਦੁਸ਼ਮਣਾਂ ਨੂੰ ਦੂਰ ਰਖਣ ਲਈ ਇਸ ਵਿਚ ਆਰਜ਼ੀ ਦਲਦਲ ਪੈਦਾ ਕੀਤੀ ਗਈ। ਇਥੇ ਸਿੱਖ ਘੇਰੇ ਦਾ ਮੁਕਾਬਲਾ ਕਰਨ ਲਈ ਡਟ ਗਏ। ਘੇਰਾ ਇਤਨਾ ਪੱਕਾ ਪਾਇਆ ਗਿਆ ਸੀ ਕਿ 'ਘਾਹ ਦਾ ਇਕ ਪੱਤਾ ਜਾਂ ਅਨਾਜ ਦਾ ਇਕ ਦਾਣਾ ਵੀ ਹਵੇਲੀ ਦੇ ਅੰਦਰ ਦਾਖ਼ਲ ਨਹੀਂ ਹੋ ਸਕਦਾ ਸੀ।' 'ਇਬਰਤਨਾਮਾ' ਦਾ ਕਰਤਾ ਮੁਹੰਮਦ ਕਾਸਿਮ, ਜਿਸ ਨੇ ਇਹ ਸਭ ਕੁਝ ਅੱਖੀਂ ਦੇਖਿਆ ਸੀ, ਲਿਖਦਾ ਹੈ : "ਦੋਜ਼ਖੀ ਸਿੱਖਾਂ ਦੇ ਬਹਾਦਰੀ ਅਤੇ ਹੌਸਲੇ ਵਾਲੇ ਕਾਰਨਾਮੇ ਹੈਰਾਨ ਕਰ ਦੇਣ ਵਾਲੇ ਸਨ। ਦਿਨ ਵਿਚ ਦੋ ਜਾਂ ਤਿੰਨ ਵਾਰ ਇਨ੍ਹਾਂ ਸਿੱਖਾਂ ਵਿੱਚੋਂ 40 ਜਾਂ 50 ਆਦਮੀ ਆਪਣੇ ਪਸ਼ੂਆਂ ਲਈ ਘਾਹ ਇਕੱਠਾ ਕਰਨ ਲਈ ਆਪਣੇ ਉਸ ਅਹਾਤੇ ਵਿੱਚੋਂ ਬਾਹਰ ਨਿਕਲਦੇ ਅਤੇ ਜਦੋਂ ਸ਼ਾਹੀ ਫ਼ੌਜਾਂ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਅਗਾਂਹ ਜਾਂਦੀਆਂ ਤਾਂ ਉਹ ਅੱਗੇ ਵਧਣ ਵਾਲੇ ਮੁਗ਼ਲਾਂ ਦਾ ਤੀਰਾਂ, ਬੰਦੂਕਾਂ ਅਤੇ ਤਲਵਾਰਾਂ ਨਾਲ ਸਫਾਇਆ ਕਰ ਦਿੰਦੇ ਅਤੇ ਗਾਇਬ ਹੋ ਜਾਂਦੇ। ਇਨ੍ਹਾਂ ਲੋਕਾਂ ਦਾ ਇਤਨਾ ਭੈ ਸੀ ਅਤੇ ਉਨ੍ਹਾਂ ਦੇ ਸਰਦਾਰ (ਬੰਦਾ ਸਿੰਘ) ਦਾ ਇਤਨਾ ਡਰ ਸੀ ਕਿ ਸ਼ਾਹੀ ਸੈਨਾਂ ਦੇ ਕਮਾਂਡਰ ਰੱਬ ਅੱਗੇ ਪ੍ਰਾਰਥਨਾ ਕਰਦੇ ਸਨ ਕਿ ਕੋਈ ਅਜਿਹਾ ਭਾਣਾ ਵਰਤੇ ਕਿ ਬੰਦਾ ਸਿੰਘ ਆਪਣੇ ਬਚਾ ਲਈ ਗੜ੍ਹੀ ਵਿੱਚੋਂ ਬਾਹਰ ਭੱਜ ਜਾਏ।"[42]

ਘੇਰਾ ਪਾਉਣ ਵਾਲੇ ਸ਼ਾਹੀ ਲੋਕ ਸਿੱਖਾਂ ਨੂੰ ਭੁੱਖਿਆਂ ਮਾਰਨ ਲਈ ਆਪਣੇ ਘੇਰੇ ਨੂੰ ਹੋਰ ਪੀਡਾ ਕਰਨ ਤੋਂ ਬਿਨਾਂ ਕੁਝ ਨਹੀਂ ਸਨ ਕਰ ਸਕਦੇ। ਸਿੱਖਾਂ ਦਾ ਰਾਸ਼ਨ ਛੇਤੀ ਹੀ ਖ਼ਤਮ ਹੋ ਗਿਆ ਅਤੇ ਘੇਰੇ ਵਿਚ ਫਸੇ ਹੋਇਆਂ ਨੇ ਭੁੱਖ ਹੱਥੋਂ ਤੰਗੀਆਂ ਝਲਣੀਆਂ ਸ਼ੁਰੂ ਕੀਤੀਆਂ। ਬੰਦਾ ਸਿੰਘ ਅਤੇ ਬਿਨੋਦ ਸਿੰਘ ਦੇ ਵਿਚਕਾਰ ਉਨ੍ਹਾਂ ਦੀਆਂ ਅਗਲੀਆਂ ਯੋਜਨਾਵਾਂ ਸੰਬੰਧੀ ਕੁਝ ਮਤ-ਭੇਦ ਹੋ ਜਾਣ ਨਾਲ ਸਿੱਖਾਂ ਦੀ ਸਥਿਤੀ ਹੋਰ ਵੀ ਵਿਗੜ ਗਈ। ਬਿਨੋਦ ਸਿੰਘ ਇਸ ਰਾਏ ਦਾ ਸੀ ਕਿ ਉਨ੍ਹਾਂ ਨੂੰ ਗੜ੍ਹੀ ਖਾਲੀ ਕਰ ਜਾਣੀ ਚਾਹੀਦੀ ਹੈ ਅਤੇ ਵੈਰੀਆਂ ਦੀਆਂ ਸਫਾਂ ਚੀਰ ਕੇ ਬਾਹਰ ਨਿਕਲ ਜਾਣਾ ਚਾਹੀਦਾ ਹੈ ਪਰ ਬੰਦਾ ਸਿੰਘ ਇਸ ਗੱਲ ਲਈ ਰਾਜ਼ੀ ਨਹੀਂ ਸੀ ਹੋ ਰਿਹਾ। ਉਹ ਗੜ੍ਹੀ ਦੇ ਅੰਦਰ ਹੀ ਟਿਕੇ ਰਹਿਣ ਦੇ ਹੱਕ ਵਿਚ ਸੀ। ਸਖ਼ਤ ਤਕਰਾਰ ਤੋਂ ਨੌਬਤ ਹੱਥੋਪਾਈ ਤਕ ਆ ਰਹੀ ਸੀ ਜਦੋਂ ਕਿ ਬਿਨੋਦ ਸਿੰਘ ਦੇ ਪੁੱਤਰ ਕਾਹਨ ਸਿੰਘ ਨੇ ਆਪਣੇ ਪਿਤਾ ਅਤੇ ਬੰਦਾ ਸਿੰਘ ਵਿਚਕਾਰ ਦਖ਼ਲ ਦੇ ਕੇ ਉਨ੍ਹਾਂ ਨੂੰ ਰੋਕ ਦਿੱਤਾ ਅਤੇ ਸੁਝਾਉ ਦਿੱਤਾ ਕਿ ਉਨ੍ਹਾਂ ਵਿੱਚੋਂ ਇਕ ਉਸ ਥਾਂ ਤੋਂ ਬਾਹਰ ਚਲਾ ਜਾਏ। ਬਿਨੋਦ ਸਿੰਘ ਨੇ ਸੁਝਾ ਪ੍ਰਵਾਨ ਕਰ ਲਿਆ ਅਤੇ ਆਪਣੇ ਘੋੜੇ ਤੇ ਸਵਾਰ ਹੋ ਕੇ ਉਸ ਅਹਾਤੇ ਵਿੱਚੋਂ ਬਾਹਰ ਨਿਕਲ ਗਿਆ। ਉਸ ਨੇ ਘੇਰਾ ਪਾਉਣ ਵਾਲਿਆਂ ਵਿੱਚੋਂ ਦੀ ਲੜ ਕੇ ਆਪਣਾ ਰਾਹ ਬਣਾ ਲਿਆ ਅਤੇ ਦੇਖਦੇ ਹੀ ਦੇਖਦੇ ਕਿਤੇ ਦਾ ਕਿਤੇ ਨਿਕਲ ਗਿਆ।[43]

ਵਿਤਕਰਾ ਤਾਂ ਦੂਰ ਹੋ ਗਿਆ ਪਰ ਸਥਿਤੀ ਉਸੇ ਤਰ੍ਹਾਂ ਖ਼ਤਰਨਾਕ ਹੀ ਬਣੀ ਰਹੀ। ਖਾਣ ਨੂੰ ਹੋਰ ਕੁਝ ਵੀ ਨਾ ਮਿਲਣ ਦੀ ਹਾਲਤ ਵਿਚ ਘੋੜਿਆਂ, ਗਧਿਆਂ ਅਤੇ ਦੂਜੇ ਜਾਨਵਰਾਂ ਦਾ ਮਾਸ ਖ਼ੁਰਾਕ ਵਜੋਂ ਖਾਣਾ ਪੈ ਗਿਆ। ਅਰਵਿਨ, ਖ਼ਾਫ਼ੀ ਖ਼ਾਂ ਦੀ ਪੁਸ਼ਟੀ ਤੇ ਲਿਖਦਾ ਹੈ ਕਿ 'ਕਿਉਂਕਿ ਸਿੱਖ ਜ਼ਾਤ-ਪਾਤ ਦੇ ਸਖ਼ਤੀ ਨਾਲ ਪਾਬੰਦ ਨਹੀਂ ਸਨ ਇਸ ਲਈ ਉਨ੍ਹਾਂ ਨੇ ਬੈਲ ਅਤੇ ਦੂਜੇ ਜਾਨਵਰ ਵੀ (ਆਪਣੇ ਖਾਣ ਲਈ) ਕਤਲ ਕੀਤੇ ਅਤੇ ਜਦੋਂ ਮਾਸ ਪਕਾਉਣ ਲਈ ਲਕੜੀਆਂ ਨਹੀਂ ਮਿਲੀਆਂ ਤਾਂ ਉਨ੍ਹਾਂ ਨੇ ਮਾਸ ਕੱਚਾ ਹੀ ਖਾ ਲਿਆ। ਬਹੁਤ ਸਾਰੇ ਸਿੱਖ ਮਰੋੜਾਂ ਅਤੇ ਸਰੀਰਕ ਕਸ਼ਟਾਂ ਦੁਆਰਾ ਹੀ ਚਲਦੇ ਬਣੇ। ਜਦੋਂ ਸਾਰਾ ਘਾਹ ਮੁਕ ਗਿਆ ਤਾਂ ਉਨ੍ਹਾਂ ਨੇ ਦਰਖਤਾਂ ਦੇ ਪੱਤੇ ਇਕੱਠੇ ਕੀਤੇ। ਜਦੋਂ

42. *ਇਬਰਤਨਾਮਾ*, ਪੰਨਾ 42.

43. ਸਰੂਪ ਚੰਦ, *ਮਹਿਮਾ ਪ੍ਰਕਾਸ਼*; ਕਰਮ ਸਿੰਘ, *ਬੰਦਾ ਬਹਾਦਰ*।

ਪੱਤੇ ਵੀ ਖਾਧੇ ਗਏ ਤਾਂ ਉਨ੍ਹਾਂ ਨੇ ਦਰਖਤਾਂ ਦੀ ਛਿਲ ਲਾਹੀ, ਛੋਟੀਆਂ ਟਾਹਣੀਆਂ ਤੋੜੀਆਂ, ਉਨ੍ਹਾਂ ਨੂੰ ਸੁਕਾਇਆ, ਪੀਸਿਆ ਅਤੇ ਆਟੇ ਦੀ ਥਾਂ ਵਰਤਿਆ। ਇਸ ਤਰ੍ਹਾਂ ਉਨ੍ਹਾਂ ਨੇ ਪਸ਼ੂਆਂ ਦੀਆਂ ਹੱਡੀਆਂ ਵੀ ਇਕੱਠੀਆਂ ਕੀਤੀਆਂ ਅਤੇ ਉਨ੍ਹਾਂ ਨੂੰ ਵੀ ਉਸੇ ਤਰੀਕੇ ਨਾਲ ਵਰਤਿਆ। ਕੁਝ ਲੋਕ ਕਹਿੰਦੇ ਹਨ ਕਿ ਉਨ੍ਹਾਂ ਨੇ ਕੁਝ ਸਿੱਖਾਂ ਨੂੰ ਆਪਣੇ ਪੱਟਾਂ ਵਿਚੋਂ ਮਾਸ ਕੱਢ ਕੇ ਭੁੰਨ ਕੇ ਖਾਂਦੇ ਦੇਖਿਆ।[44] ਕਾਮਵਰ ਖ਼ਾਂ ਅਨੁਸਾਰ, "ਇਸ ਸਭ ਕੁਝ ਦੇ ਬਾਵਜੂਦ ਦੋਜ਼ਖੀ ਸਿੱਖ ਆਗੂ ਅਤੇ ਉਸ ਦੇ ਆਦਮੀਆਂ ਨੇ ਮਹਾਨ ਮੁਗ਼ਲ ਰਾਜ ਦੀਆਂ ਫ਼ੌਜਾਂ ਦਾ, ਜੋ ਉਹ ਸਿੱਖਾਂ ਵਿਰੁੱਧ ਅੱਠਾਂ ਮਹੀਨਿਆਂ ਦੇ ਸਮੇਂ ਵਿਚ ਇਕੱਠਿਆਂ ਕਰ ਸਕੇ ਸਨ, ਡਟ ਕੇ ਟਾਕਰਾ ਕੀਤਾ।"[45] ਪਰ ਇਵੇਂ ਕਿੰਨਾ ਕੁ ਚਿਰ ਚਲ ਸਕਦਾ ਸੀ ? ਲਗਪਗ ਅੱਠ ਹਜ਼ਾਰ ਆਦਮੀ ਮਰ ਚੁੱਕੇ ਸਨ ਅਤੇ ਬਾਕੀ ਬਚਿਆਂ ਦੇ ਨਿਰੇ ਪਿੰਜਰ ਹੀ ਰਹਿ ਗਏ ਸਨ। ਅਜਿਹੀ ਹਾਲਤ ਵਿਚ ਹੋਰ ਟਾਕਰਾ ਕਰ ਸਕਣਾ ਸੰਭਵ ਨਹੀਂ ਸੀ। 7 ਦਸੰਬਰ 1715 ਨੂੰ ਸ਼ਾਹੀ ਸੈਨਿਕ ਗੜ੍ਹੀ ਵਿਚ ਦਾਖ਼ਲ ਹੋ ਗਏ ਅਤੇ ਬੰਦਾ ਸਿੰਘ ਅਤੇ ਭੁੱਖ ਦੇ ਮਾਰੇ ਹੋਏ ਉਸ ਦੇ ਸਾਥੀ ਕੈਦੀ ਬਣਾ ਲਏ ਗਏ। ਉਨ੍ਹਾਂ ਵਿੱਚੋਂ ਦੋ ਜਾਂ ਤਿੰਨ ਸੌ, ਦੇ ਹੱਥ ਅਤੇ ਪੈਰ ਬੰਨ੍ਹ ਕੇ, ਮੁਗ਼ਲ ਅਤੇ ਤਾਤਾਰੀ ਸਿਪਾਹੀਆਂ ਦੇ ਹਵਾਲੇ ਕਰ ਦਿੱਤੇ ਗਏ। ਉਨ੍ਹਾਂ ਨੇ ਉਨ੍ਹਾਂ ਨੂੰ ਤਲਵਾਰਾਂ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਉਸ ਖੁਲ੍ਹੇ ਮੈਦਾਨ ਇਸ ਤਰ੍ਹਾਂ ਖ਼ੂਨ ਨਾਲ ਭਰ ਦਿੱਤਾ ਜਿਵੇਂ ਉਹ ਥਾਂ ਖ਼ੂਨ ਨਾਲ ਭਰੀ ਹੋਈ ਕੋਈ ਇਕ ਥਾਲੀ ਹੋਵੇ।" ਸਿੱਖਾਂ ਦੇ ਮ੍ਰਿਤਕ ਸਰੀਰਾਂ ਨੂੰ ਸੋਨੇ ਦੇ ਸਿੱਕਿਆਂ ਦੀ ਭਾਲ ਵਿਚ ਚੀਰ ਫਾੜ ਦਿੱਤਾ ਕਿਉਂਕਿ ਇਹ ਸਮਝਿਆ ਜਾਂਦਾ ਸੀ ਕਿ ਸਿੱਖਾਂ ਨੇ ਸੋਨੇ ਦੇ ਸਿੱਕੇ ਨਿਗਲ ਲਏ ਹੋਏ ਸਨ। ਸਿੱਖਾਂ ਦੇ ਸਿਰਾਂ ਵਿਚ ਤੂੜੀ ਭਰ ਕੇ ਉਨ੍ਹਾਂ ਨੂੰ ਨੇਜ਼ਿਆਂ ਉਪਰ ਟੰਗਿਆ ਗਿਆ।[46]

### 9. ਦਿੱਲੀ ਵਿਚ ਕਤਲ

ਗੁਰਦਾਸ ਨੰਗਲ ਤੋਂ ਅਬਦੁਸ ਸਮਦ ਖ਼ਾਂ ਬੰਦਾ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਲਾਹੌਰ ਲੈ ਆਇਆ[47] ਜਿੱਥੇ ਉਨ੍ਹਾਂ ਨੂੰ ਬੜੀ ਨਿਰਾਦਰੀ ਵਾਲੇ ਢੰਗ ਨਾਲ ਗਲੀਆਂ ਵਿਚ ਫੇਰਿਆ ਗਿਆ ਅਤੇ ਫਿਰ ਦਿੱਲੀ ਭੇਜ ਦਿੱਤਾ। ਭਾਵੇਂ ਬੰਦਾ ਸਿੰਘ ਕੈਦੀ ਸੀ ਅਤੇ ਉਹ ਆਪਣੇ ਫੜਨ ਵਾਲਿਆਂ ਦੇ ਰਹਿਮ ਉੱਤੇ ਸੀ ਫਿਰ ਵੀ ਉਸ ਦੀਆਂ ਰੱਬੀ ਸ਼ਕਤੀਆਂ ਦਾ ਏਨਾ ਭੈ ਸੀ ਕਿ ਮੁਗ਼ਲ ਸੈਨਿਕਾਂ ਨੂੰ ਡਰ ਸੀ ਕਿ ਉਹ ਉਨ੍ਹਾਂ ਦੇ ਹੱਥਾਂ ਵਿੱਚੋਂ ਕਿਤੇ ਉਡ ਨਾ ਜਾਏ। ਉਸ ਨੂੰ ਚਾਰ ਥਾਵਾਂ ਤੋਂ ਸੰਗਲਾਂ ਨਾਲ ਜਕੜਿਆ ਹੋਇਆ ਸੀ ਅਤੇ ਪਿੰਜਰੇ ਵਿਚ ਬੰਦ ਕੀਤਾ ਹੋਇਆ ਸੀ। ਇਕ ਮੁਗ਼ਲ ਅਫ਼ਸਰ ਨੂੰ ਉਸੇ ਹਾਥੀ ਉੱਤੇ ਹੀ ਜਿਸ ਦੁਆਰਾ ਬੰਦਾ ਸਿੰਘ ਨੂੰ ਦਿੱਲੀ ਲਿਜਾਇਆ ਜਾ ਰਿਹਾ ਸੀ, ਉਸ ਦੇ ਨਾਲ ਬੰਨ੍ਹਿਆ ਹੋਇਆ ਸੀ ਅਤੇ ਉਸ ਨੂੰ ਹੁਕਮ ਸੀ ਕਿ ਜੇ ਬੰਦਾ ਸਿੰਘ ਭੱਜਣ ਦੀ ਕੋਸ਼ਿਸ਼ ਕਰੇ ਤਾਂ ਉਹ ਆਪਣੀ ਖੰਜਰ ਉਸ ਦੇ ਸਰੀਰ ਵਿਚ ਖੋਭ ਦੇਵੇ। ਬੰਦਾ ਸਿੰਘ ਦੇ ਲਗਪਗ 200 ਸਾਥੀ ਸਨ ਜੋ ਸਭ ਸੰਗਲਾਂ ਨਾਲ ਬੰਨ੍ਹੇ ਹੋਏ ਸਨ। ਅਬਦੁਸ ਸਮਦ ਖ਼ਾਂ ਦੇ ਪੁੱਤਰ ਜ਼ਕਰੀਆਂ ਖ਼ਾਂ ਨੇ, ਜੋ ਇਸ ਕਾਰਵਾਈ ਦਾ ਇਨਚਾਰਜ ਸੀ, ਮਹਿਸੂਸ ਕੀਤਾ ਕਿ ਬਾਦਸ਼ਾਹ ਨੂੰ ਪੇਸ਼ ਕਰਨ ਲਈ ਇਹ ਦੋ ਕੁ ਸੌ ਕੈਦੀ ਥੋੜ੍ਹੇ ਹਨ। ਇਸ ਲਈ ਉਸ ਨੇ ਰਸਤੇ ਵਿਚ ਆਉਂਦੇ ਪਿੰਡਾਂ ਵਿੱਚੋਂ ਕਈ ਹਜ਼ਾਰ ਹੋਰ ਆਦਮੀਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ[48] ਜਿਸ ਨਾਲ ਕੈਦੀਆਂ ਦੀ ਗਿਣਤੀ 740 ਅਤੇ

44. Later Mughals, Vol. I, p. 315; *ਮੁੰਤਖ਼ਿਬੁਲ ਲੁਬਾਬ*, ਜਿਲਦ ਦੂਜੀ, ਪੰਨਾ 763.
45. *ਤਜ਼ਕਿਰਾਤੁਸ ਸਲਾਤੀਨ*।
46. *ਤਜ਼ਕਿਰਾਤੁਸ ਸਲਾਤੀਨ*, ਪੰਨਾ 178 ਏ, 179 ਬੀ; ਖ਼ਾਫ਼ੀ ਖ਼ਾਂ, ਜਿਲਦ ਦੂਜੀ, ਪੰਨੇ 763-5; ਹਾਰਸੀ *ਇਬਰਤਨਾਮਾ*, ਪੰਨਾ 45 ਏ; Irvine, I, p 315.
47. *ਸੀਅਰ-ਉਲ-ਮੁਤਾਖਰੀਨ*, ਪੰਨਾ 403.
48. ਕੇਸਰ ਸਿੰਘ, *ਬੰਸਾਵਲੀ-ਨਾਮਾ*, ਪੰਨਾ 294 ਏ; ਕਰਮ ਸਿੰਘ, *ਬੰਦਾ ਬਹਾਦਰ*, ਪੰਨਾ 180.

ਨੇਜ਼ਿਆਂ ਉੱਤੇ ਟੰਗੇ ਸਿਰਾਂ ਦੀ ਗਿਣਤੀ 2000 ਹੋ ਗਈ। ਇਨ੍ਹਾਂ ਤੋਂ ਇਲਾਵਾ ਸਿੱਖਾਂ ਦੇ ਸਿਰਾਂ ਨਾਲ ਲੱਦੇ ਹੋਏ 700 ਗੱਡੇ ਵੀ ਇਸ ਅਤਿ ਨਿਰਦਈ ਘਟਨਾ ਦਾ ਭਾਗ ਸਨ।

ਇਹ ਸਾਰੀ ਵਾਹਰ ਹੌਲੀ ਹੌਲੀ ਦਿੱਲੀ ਵੱਲ ਨੂੰ ਰਵਾਨਾ ਹੋਈ ਜਿੱਥੇ ਉਹ 29 ਫਰਵਰੀ ਸੰਨ 1716 ਨੂੰ ਪੁੱਜੀ। ਬੰਦਾ ਸਿੰਘ ਅਤੇ ਦੂਜੇ ਸਿੱਖ ਕੈਦੀਆਂ ਨੂੰ ਜਲੂਸ ਦੀ ਸ਼ਕਲ ਵਿਚ ਸ਼ਾਹੀ ਰਾਜਧਾਨੀ ਦੀਆਂ ਮੁੱਖ ਗਲੀਆਂ ਵਿੱਚੋਂ ਦੀ ਲਿਜਾਇਆ ਗਿਆ। ਪਿੱਛੋਂ ਉਹੀ ਕਾਰਵਾਈ ਕੀਤੀ ਗਈ ਜੋ ਸ਼ਿਵਾ ਜੀ ਮਰਹੱਟਾ ਦੇ ਪੁੱਤਰ ਸ਼ੰਭਾਜੀ ਦੀ ਹਾਲਤ ਵਿਚ ਕੀਤੀ ਗਈ ਸੀ। ਜਲੂਸ ਦੇ ਅੱਗੇ ਅੱਗੇ ਬਾਂਸਾਂ ਉੱਤੇ ਟੰਗੇ ਹੋਏ ਦੋ ਹਜ਼ਾਰ ਸਿੱਖਾਂ ਦੇ ਸਿਰ ਜਾ ਰਹੇ ਸਨ ਅਤੇ ਉਨ੍ਹਾਂ ਦੇ ਲੰਮੇ ਕੇਸ ਹਵਾ ਵਿਚ ਉੱਡ ਰਹੇ ਸਨ। ਉਨ੍ਹਾਂ ਦੇ ਨਾਲ ਹੀ ਇਕ ਬਾਂਸ ਦੇ ਸਿਰੇ ਨਾਲ ਇਕ ਬਿੱਲੀ ਦਾ ਸਰੀਰ ਵੀ ਲਟਕ ਰਿਹਾ ਸੀ ਜੋ ਇਹ ਪ੍ਰਗਟ ਕਰਦਾ ਸੀ ਕਿ ਗੁਰਦਾਸ ਨੰਗਲ ਦੇ ਅਹਾਤੇ ਵਿੱਚੋਂ ਮਨੁੱਖ ਤਾਂ ਇਕ ਪਾਸੇ ਰਹੇ ਬਿੱਲੀ ਵਰਗੇ ਜਾਨਵਰਾਂ ਤਕ ਨੂੰ ਵੀ ਨਸ਼ਟ ਕਰ ਦਿੱਤਾ ਗਿਆ ਸੀ। ਫਿਰ ਬੰਦਾ ਸਿੰਘ ਦੀ ਵਾਰੀ ਆਈ ਜਿਸ ਨੂੰ ਲੋਹੇ ਦੇ ਪਿੰਜਰੇ ਵਿਚ ਬੰਦ ਕਰਕੇ ਹਾਥੀ ਦੀ ਪਿੱਠ ਉੱਤੇ ਬਿਠਾਇਆ ਹੋਇਆ ਸੀ ਅਤੇ ਉਸ ਦਾ ਮਖੌਲ ਉਡਾਉਣ ਲਈ ਉਸ ਦੇ ਸਿਰ ਉੱਤੇ ਸੋਨੇ ਦੀ ਕਢਾਈ ਵਾਲੀ ਲਾਲ ਪੱਗ ਬੰਨ੍ਹੀ ਹੋਈ ਸੀ ਅਤੇ ਇਕ ਲਾਲ ਰੰਗ ਦਾ ਕੱਢਿਆ ਹੋਇਆ ਭਾਰੀ ਜਾਮਾ, ਜਿਸ ਉੱਤੇ ਸੋਨੇ ਨਾਲ ਅਨਾਰ ਦੇ ਫੁੱਲ ਕੱਢੇ ਹੋਏ ਸਨ, ਉਸ ਨੂੰ ਪੁਆਇਆ ਹੋਇਆ ਸੀ। ਉਸ ਦੇ ਪਿੱਛੇ ਮੁਹੰਮਦ ਅਮੀਨ ਖ਼ਾਂ ਦਾ ਇਕ ਤੂਰਾਨੀ ਅਫ਼ਸਰ ਹੱਥ ਵਿਚ ਨੰਗੀ ਤਲਵਾਰ ਲੈ ਕੇ ਖੜੋਤਾ ਸੀ। ਉਸ ਦੇ ਹਾਥੀ ਦੇ ਪਿੱਛੇ ਪਿੱਛੇ ਦੂਜੇ ਸਿੱਖ ਕੈਦੀ ਆ ਰਹੇ ਸਨ। ਜੋ ਦੋ ਦੋ ਕਰਕੇ ਕਾਠੀਉਂ ਬਗੈਰ ਊਠਾਂ ਉੱਤੇ ਬੰਨੇ ਹੋਏ ਸਨ। ਉਨ੍ਹਾਂ ਦੇ ਸਿਰਾਂ ਉਪਰ ਬੜੀਆਂ ਹਾਸੋ-ਹੀਣੀਆਂ ਜੋਕਰਾਂ ਵਾਲੀਆਂ ਉੱਚੀਆਂ ਟੋਪੀਆਂ ਰਖੀਆਂ ਹੋਈਆਂ ਸਨ ਜੋ ਭੇਡਾਂ ਦੀਆਂ ਖੱਲਾਂ ਦੀਆਂ ਬਣੀਆਂ ਹੋਈਆਂ ਸਨ ਅਤੇ ਜਿਨਾਂ ਵਿਚ ਸ਼ੀਸ਼ੇ ਦੇ ਮਣਕੇ ਲਗੇ ਹੋਏ ਸਨ। ਹਰ ਆਦਮੀ ਦਾ ਇਕ ਹੱਥ ਲੱਕੜੀ ਦੇ ਦੋ ਟੁਕੜਿਆਂ ਦੁਆਰਾ, ਜੋ ਲੋਹੇ ਦੇ ਕਿਲਾਂ ਨਾਲ ਜੁੜੇ ਹੋਏ ਸਨ, ਉਸ ਦੀ ਗਰਦਨ ਨਾਲ ਲਗਾ ਹੋਇਆ ਸੀ।

ਅਗਰਾਬਾਦ ਅਤੇ ਦਿੱਲੀ ਦੇ ਲਾਹੌਰੀ ਦਰਵਾਜ਼ੇ ਦੇ ਵਿਚਕਾਰ ਦੀ ਕਈ ਮੀਲ ਲੰਮੀ ਸੜਕ ਦੇ ਦੋਨੀ ਪਾਸੀਂ ਸੈਨਿਕ ਅਤੇ ਤਮਾਸ਼ਬੀਨ ਖੜੇ ਸਨ ਜੋ ਕੈਦੀਆਂ ਦੀ ਭੱਦੀ ਸ਼ਕਲ ਦਾ ਮਖੌਲ ਉਡਾਉਂਦੇ ਸਨ। ਮਿਰਜ਼ਾ ਮੁਹੰਮਦ ਹਾਰਸੀ, 'ਇਬਰਤਨਾਮਾ' ਦਾ ਲੇਖਕ, ਇਸ ਮੌਕੇ ਤੇ ਦਿੱਲੀ ਵਿਚ ਮੌਜੂਦ ਸੀ। ਉਹ ਇਸ ਸਭ ਕੁਝ ਨੂੰ ਇਕ ਤਮਾਸ਼ਾ ਕਹਿੰਦਿਆਂ ਹੋਇਆਂ ਲਿਖਦਾ ਹੈ, "ਬਾਜ਼ਾਰਾਂ ਅਤੇ ਗਲੀਆਂ ਵਿਚ ਇਤਨੇ ਭਾਰੀ ਇਕੱਠ ਸ਼ਾਇਦ ਹੀ ਕਦੇ ਦੇਖੇ ਗਏ ਹੋਣ। ਮੁਸਲਮਾਨ ਖ਼ੁਸ਼ੀ ਦੇ ਮਾਰੇ ਫੁੱਲੇ ਨਹੀਂ ਸਨ ਸਮਾਉਂਦੇ ਪਰ ਬਦਕਿਸਮਤ ਸਿੱਖ ਜਿਨ੍ਹਾਂ ਦੀ ਇਹ ਦਸ਼ਾ ਕਰ ਦਿੱਤੀ ਗਈ ਸੀ ਭਾਣੇ ਨੂੰ ਮੰਨਦੇ ਹੋਏ ਬਿਲਕੁਲ ਖ਼ੁਸ਼ ਦਿਸਦੇ ਸਨ ਅਤੇ ਆਪਣੀ ਤਕਦੀਰ ਤੇ ਰਾਜ਼ੀ ਸਨ। ਉਨ੍ਹਾਂ ਦੇ ਚਿਹਰਿਆਂ ਉੱਤੇ ਮਾਯੂਸੀ ਜਾਂ ਅਪਮਾਨ ਦੇ ਰਤਾ ਜਿੰਨੇ ਚਿੰਨ੍ਹ ਵੀ ਨਹੀਂ ਸਨ ਦਿਸ ਰਹੇ। ਵਾਸਤਵ ਵਿਚ ਉਨ੍ਹਾਂ ਵਿੱਚੋਂ ਬਹੁਤ ਸਾਰੇ ਜਦੋਂ ਊਠਾਂ ਉੱਤੇ ਚੜ੍ਹੇ ਹੋਏ ਲੰਘ ਰਹੇ ਸਨ ਤਾਂ ਖ਼ੁਸ਼ ਜਾਪਦੇ ਸਨ ਅਤੇ ਖ਼ੁਸ਼ੀ ਨਾਲ ਆਪਣੀ ਪਵਿੱਤਰ ਬਾਣੀ ਦੇ ਸ਼ਬਦ ਗਾਉਂਦੇ ਜਾ ਰਹੇ ਸਨ। ਜੇ ਗਲੀ ਵਿੱਚੋਂ ਕੋਈ ਆਦਮੀ ਉਨ੍ਹਾਂ ਨੂੰ ਇਹ ਕਹਿੰਦਾ ਕਿ ਉਨ੍ਹਾਂ ਦੀਆਂ ਆਪਣੀਆਂ ਵਧੀਕੀਆਂ ਕਾਰਣ ਹੀ ਉਨ੍ਹਾਂ ਨੂੰ ਇਹ ਦਿਨ ਦੇਖਣੇ ਪਏ ਸਨ ਤਾਂ ਉਹ ਅੱਗੋਂ ਝਟਪਟ ਉੱਤਰ ਦਿੰਦੇ ਕਿ ਇਹ ਸਭ ਕੁਝ ਅਕਾਲਪੁਰਖ ਦੀ ਰਜ਼ਾ ਅਨੁਸਾਰ ਹੈ ਅਤੇ ਉਨ੍ਹਾਂ ਦਾ ਫੜਿਆ ਜਾਣਾ ਅਤੇ ਉਨ੍ਹਾਂ ਦੀ ਬਦਨਸੀਬੀ ਵੀ ਉਸ ਰੱਬ ਦੀ ਰਜ਼ਾ ਅਨੁਸਾਰ ਹੀ ਹੈ ਅਤੇ ਜੇ ਕੋਈ ਇਹ ਕਹਿੰਦਾ ਕਿ ਹੁਣ ਤੁਹਾਨੂੰ ਮਾਰ ਦਿੱਤਾ ਜਾਵੇਗਾ ਤਾਂ ਉਹ ਅੱਗੋ ਤੋਂ ਬੋਲਦੇ "ਸਾਨੂੰ ਜ਼ਰੂਰ ਮਾਰ ਦਿਉ ਅਸੀਂ ਮੌਤ ਤੋਂ ਕਦੋਂ ਡਰਦੇ ਹਾਂ ? ਜੇ

ਅਸੀਂ ਡਰਦੇ ਹੁੰਦੇ ਤਾਂ ਤੁਹਾਡੇ ਨਾਲ ਇਨੀਆ ਲੜਾਈਆਂ ਕਿਵੇਂ ਲੜ ਸਕਦੇ ਸੀ ? ਅਸੀਂ ਸਿਰਫ਼ ਭੁੱਖ ਅਤੇ ਤੰਗੀ ਕਾਰਣ ਤੁਹਾਡੇ ਹੱਥਾਂ ਵਿਚ ਆ ਗਏ ਹਾਂ ਨਹੀਂ ਤਾਂ ਤੁਸੀਂ ਪਹਿਲੇ ਹੀ ਜਾਣਦੇ ਹੋ ਕਿ ਅਸੀਂ ਬਹਾਦਰੀ ਦੇ ਕਿਹੋ ਜਿਹੇ ਕਾਰਨਾਮੇ ਕਰਨ ਦੇ ਸਮਰਥ ਹਾਂ।"[49]

ਸ਼ਾਹੀ ਕਿਲ੍ਹੇ ਵਿਚ ਇਸ ਕਾਫ਼ਲੇ ਦੇ ਪਹੁੰਚਣ ਤੇ ਬੰਦਾ ਸਿੰਘ, ਬਾਜ਼ ਸਿੰਘ, ਭਾਈ ਫਤਹਿ ਸਿੰਘ ਅਤੇ ਕੁਝ ਹੋਰ ਆਗੂ ਮੀਰ ਆਤਿਸ਼, ਇਬਰਾਹੀਮ-ਉਦ-ਦੀਨ ਖ਼ਾਂ ਦੇ ਸਪੁੱਰਦ ਕਰ ਦਿੱਤੇ ਗਏ ਤਾਂ ਜੋ ਉਨ੍ਹਾਂ ਨੂੰ ਤ੍ਰਿਪੋਲੀਆ ਵਿਚ ਕੈਦ ਰੱਖਿਆ ਜਾਏ। ਬੰਦਾ ਸਿੰਘ ਦੀ ਪਤਨੀ, ਉਸ ਦੇ ਤਿੰਨ ਸਾਲਾ ਪੁੱਤਰ ਅਜੈ ਸਿੰਘ ਅਤੇ ਬੱਚੇ ਦੀ ਦਾਈ ਨੂੰ ਲਿਜਾ ਕੇ ਹਰਮ ਵਿਚ ਕੈਦ ਕਰ ਦਿੱਤਾ। ਬਾਕੀ ਦੇ ਸਿੱਖਾਂ ਨੂੰ ਕਤਲ ਕੀਤੇ ਜਾਣ ਲਈ ਸਰਬਰਾਹ ਖ਼ਾਂ ਕੋਤਵਾਲ ਦੇ ਸਪੁੱਰਦ ਕੀਤਾ ਗਿਆ।

ਹੱਤਿਆ ਕਾਂਡ, 5 ਮਾਰਚ 1716 ਨੂੰ ਚਬੂਤਰਾ ਕੋਤਵਾਲੀ ਦੇ ਸਾਹਮਣੇ ਉਸ ਥਾਂ ਤੇ, ਜੋ ਹੁਣ ਹਾਰਡਿੰਗ ਲਾਇਬ੍ਰੇਰੀ ਦੇ ਨਾਲ ਲਗਦਾ ਹੈ, ਸ਼ੁਰੂ ਕੀਤਾ ਗਿਆ। ਹਰ ਰੋਜ ਇਕ ਸੌ ਸਿੱਖਾਂ ਨੂੰ ਕਤਲ ਕੀਤਾ ਜਾਂਦਾ। ਜਿਹੜਾ ਆਦਮੀ ਆਪਣਾ ਧਰਮ ਛਡਣਾ ਜਾਂ ਮੁਸਲਮਾਨ ਬਣਨਾ ਪ੍ਰਵਾਨ ਕਰਦਾ ਉਸ ਲਈ ਜਾਨ-ਬਖਸ਼ੀ ਦਾ ਵਾਅਦਾ ਦਿੱਤਾ ਜਾਂਦਾ ਸੀ ਪਰ ਸਰਮਨ ਅਤੇ ਸਟੀਫਨਸਨ ਦੇ ਕਥਨ ਅਨੁਸਾਰ, ਜੋ ਉਸ ਵੇਲੇ ਦਿੱਲੀ ਵਿਚ ਮੌਜੂਦ ਸਨ, 'ਆਖਰੀ ਦਮ ਤਕ ਕੋਈ ਇਕ ਸਿੱਖ ਵੀ ਆਪਣੇ ਧਰਮ ਤੋਂ ਨਹੀਂ ਫਿਰਿਆ।'[50] ਇਨ੍ਹਾਂ ਸਿੱਖ ਕੈਦੀਆਂ ਵਿਚ ਇਕ ਛੋਟੀ ਉਮਰ ਦਾ ਨੌਜਵਾਨ ਮੁੰਡਾ ਵੀ ਸੀ ਜਿਸ ਦਾ ਥੋੜ੍ਹੀ ਹੀ ਦੇਰ ਪਹਿਲਾਂ ਵਿਆਹ ਹੋਇਆ ਸੀ। ਉਸ ਦੀ ਵਿਧਵਾ ਮਾਂ ਨੇ ਬਾਦਸ਼ਾਹ ਦੀ ਪੇਸ਼ਕਸ਼ ਦਾ ਲਾਭ ਉਠਾਉਣ ਦਾ ਯਤਨ ਕੀਤਾ ਅਤੇ ਬੇਨਤੀ ਕੀਤੀ ਕਿ ਉਸ ਦਾ ਪੁੱਤਰ ਇਕ ਸਿੱਖ ਨਹੀਂ ਸਗੋਂ ਬੰਦਾ ਸਿੰਘ ਦੇ ਆਦਮੀਆਂ ਦੇ ਹੱਥਾਂ ਵਿਚ ਸਿਰਫ ਇਕ ਕੈਦੀ ਹੀ ਸੀ। ਉਸ ਦੀਆਂ ਮਿੰਨਤਾਂ ਅਤੇ ਤਰਲਿਆਂ ਨੇ ਬਾਦਸ਼ਾਹ ਦਾ ਦਿਲ ਹਿਲਾ ਦਿੱਤਾ ਜਿਸ ਨੇ ਹੁਕਮ ਦਿੱਤਾ ਕਿ ਉਸ ਨੌਜਵਾਨ ਨੂੰ ਛੱਡ ਦਿੱਤਾ ਜਾਵੇ। ਆਪਣੇ ਪੁੱਤਰ ਲਈ ਮੁਆਫ਼ੀ ਦਾ ਹੁਕਮ ਲੈ ਕੇ ਉਸ ਨੌਜਵਾਨ ਦੀ ਮਾਂ ਕੋਤਵਾਲ ਦੇ ਪਾਸ ਪਹੁੰਚੀ ਜਿਸ ਨੇ ਉਸ ਗਭਰੂ ਮੁੰਡੇ ਨੂੰ ਉਸ ਦੀ ਰਿਹਾਈ ਬਾਰੇ ਦੱਸ ਦਿੱਤਾ ਪਰ ਉਸ ਮੁੰਡੇ ਨੇ ਇਸ ਤਰ੍ਹਾਂ ਰਿਹਾ ਹੋਣ ਤੋਂ ਇਹ ਕਹਿੰਦਿਆਂ ਹੋਇਆਂ ਇਨਕਾਰ ਕਰ ਦਿੱਤਾ, "ਮੇਰੀ ਮਾਂ ਝੂਠ ਬੋਲਦੀ ਹੈ। ਮੈਂ ਦਿਲੋਂ ਮਨੋਂ ਸਿੱਖ ਹਾਂ ਅਤੇ ਗੁਰੂ ਦਾ ਨਿਸਚੇਵਾਨ ਤੇ ਸਿਦਕੀ ਸ਼ਰਧਾਲੂ ਹਾਂ। ਮੈਨੂੰ ਛੇਤੀ ਹੀ ਆਪਣੇ ਸਾਥੀਆਂ ਦੇ ਪਿੱਛੇ ਤੋਰ ਦਿੱਤਾ ਜਾਵੇ।" ਉਹ ਫਾਂਸੀ ਲਗਣ ਵਾਲੀ ਥਾਂ ਵੱਲ ਦੌੜਿਆ ਅਤੇ ਬਾਕੀ ਦਿਆਂ ਦੀ ਤਰ੍ਹਾਂ ਉਸ ਦਾ ਵੀ ਸਿਰ ਕੱਟ ਦਿੱਤਾ ਗਿਆ।[51] ਅਰਵਿਨ ਲਿਖਦਾ ਹੈ ਕਿ "ਸਭ ਭਾਰਤੀ ਅਤੇ ਯੂਰਪੀਅਨ ਆਲੋਚਕ ਇਹ ਗੱਲ ਕਹਿਣ

49. ਹਾਰਸੀ, *ਇਬਰਤਨਾਮਾ*, ਪੰਨਾ 53. ਇਸੇ ਘਟਨਾ ਦਾ ਅੱਖੀਂ ਡਿੱਠਾ ਹਾਲ ਸੱਯਦ ਮੁਹੰਮਦ ਦੀ ਪੁਸਤਕ *ਤਬਸਿਰਾਤੁਨ ਨਾਜ਼ਰੀਨ*, ਪੰਨਾ 187 ਏ. ਵੇਖੋ, C.R. Wilson, *Early Annals of the English in Bengal,* Vol. II, p. xiii.
50. ਇਹ ਵੇਰਵਾ ਉਸ ਚਿੱਠੀ ਵਿਚ ਹੈ ਜੋ 10 ਮਾਰਚ 1716 ਨੂੰ ਜਾਨ ਸਰਮਨ ਅਤੇ ਐਡਵਰਡ ਸਟੀਫਨਸਨ, ਜੋ ਫਾਰੁਖ ਸੀਅਰ ਦੇ ਦਰਬਾਰ ਵਿਚ ਅੰਗ੍ਰੇਜ਼ੀ ਸਿਫਾਰਤਖਾਨੇ ਦੇ ਮੈਂਬਰ ਸਨ, ਨੇ ਫੋਰਟ ਵਿਲਿਅਮ ਦੇ ਗਵਰਨਰ ਅਤੇ ਪ੍ਰੈਜ਼ੀਡੇਂਟ ਨੂੰ ਲਿਖਿਆ ਸੀ। ਇਹ ਪੱਤਰ J. T. Wheeler ਦੀ ਰਚਨਾ *Early Records of British India,* p. 180 ਅਤੇ C.R. Wilson ਦੀ ਲਿਖਤ *Early Annals of the English In Bengal,* pp. 96-98 ਵਿਚ ਛਪਿਆ ਸੀ। ਪੁਸਤਕ *ਹਕੀਕਤ* ਦੇ ਪੰਨਾ 15 ਨੂੰ ਵੀ ਵੇਖੋ।
51. ਖਾਫ਼ੀ ਖ਼ਾਂ ਜਿਲਦ ਦੂਜੀ ਪੰਨਾ 766 *Early Annals,* p. xiii ਸ਼ਿਵਦਾਸ, *ਮੁਨੱਵਰ-ਉਲ-ਕਲਾਮ*, 'ਖੁਸ਼ਹਾਲ ਚੰਦ, *ਤਾਰੀਖ-ਇ ਮੁਹੰਮਦ ਸ਼ਾਹੀ*, ਪੰਨਾ 247 ਬੀ; ਮੁਹੰਮਦ ਅਲੀ ਖ਼ਾਂ ਅਨਸਾਰੀ, *ਬਹਿਰ-ਉਲ-ਅਮਵਾਜ*, ਪੰਨਾ 228 ਬੀ.

ਵਿਚ ਇਕ ਜ਼ਬਾਨ ਹਨ ਕਿ ਇਨ੍ਹਾਂ ਸਿੱਖਾਂ ਨੇ ਆਪਣੀ ਤਕਦੀਰ ਨੂੰ ਇਕ ਅਨੂਠੇ ਸਬਰ ਅਤੇ ਦ੍ਰਿੜ੍ਹਤਾ ਨਾਲ ਝਲਿਆ ਅਤੇ ਆਗੂ ਪ੍ਰਤੀ ਉਨ੍ਹਾਂ ਦੀ ਲਗਨ ਅਤੇ ਸ਼ਰਧਾ ਅਦਭੁੱਤ ਸੀ। ਉਨ੍ਹਾਂ ਨੂੰ ਮੌਤ ਦਾ ਕੋਈ ਭੈ ਨਹੀਂ ਸੀ। ਉਹ ਜੱਲਾਦ ਨੂੰ ਮੁਕਤੀ-ਦਾਤਾ ਕਹਿੰਦੇ ਸਨ ਅਤੇ ਬੜੀ ਖ਼ੁਸ਼ੀ ਨਾਲ ਉੱਚੀ ਆਵਾਜ਼ ਵਿਚ ਆਪਣੇ ਜੱਲਾਦ ਨੂੰ ਪੁਕਾਰ ਕੇ ਕਹਿੰਦੇ ਸਨ, 'ਓ ਮੁਕਤੀ ਦਾਤੇ, ਪਹਿਲਾਂ ਮੈਨੂੰ ਮਾਰ।' 'ਸੀਅਰ-ਉਲ-ਮੁਤਾਖਰੀਨ' ਦਾ ਕਰਤਾ ਕਹਿੰਦਾ ਹੈ ਕਿ "ਜੋ ਸਿੱਖਾਂ ਬਾਰੇ ਵਿਸ਼ੇਸ਼ ਗੱਲ ਹੈ ਉਹ ਇਹ ਹੈ ਕਿ ਇਹ ਲੋਕ ਆਪਣੀ ਸ਼ਹੀਦੀ ਸਮੇਂ ਨਾ ਸਿਰਫ਼ ਦ੍ਰਿੜ੍ਹਤਾ ਦਾ ਪ੍ਰਗਟਾਵਾ ਹੀ ਕਰਦੇ ਸਨ ਸਗੋਂ ਹਰ ਕੋਈ ਇਕ ਦੂਜੇ ਨਾਲ ਇਸ ਗੱਲ ਲਈ ਵੀ ਝਗੜਾ ਕਰਦਾ ਸੀ ਕਿ ਮਰਨ ਵਿਚ ਪਹਿਲ ਉਸ ਨੂੰ ਮਿਲਣੀ ਚਾਹੀਦੀ ਹੈ ਅਤੇ ਉਹ ਜੱਲਾਦ ਤੋਂ ਪਹਿਲ ਪ੍ਰਾਪਤ ਕਰਨ ਲਈ ਯਤਨ ਕਰਦੇ ਸਨ।" ਸਾਰਾ ਹਫਤਾ ਕਤਲ ਦਾ ਸਿਲਸਲਾ ਜਾਰੀ ਰਿਹਾ ਜਦ ਤਕ ਕਿ ਸਾਰੇ ਕੈਦੀਆਂ ਦੇ ਸਿਰ ਕੱਟ ਨਹੀਂ ਦਿੱਤੇ ਗਏ। ਰਾਤ ਸਮੇਂ ਉਨ੍ਹਾਂ ਦੇ ਮ੍ਰਿਤਕ ਸਰੀਰ ਗੱਡਿਆਂ ਉੱਤੇ ਲੱਦ ਕੇ ਸ਼ਹਿਰੋਂ ਬਾਹਰ ਲਿਜਾ ਕੇ ਦਰਖਤਾਂ ਉੱਤੇ ਲਟਕਾ ਦਿੱਤੇ ਜਾਂਦੇ ਸਨ।[52]

ਇਸ ਕਤਲ ਤੋਂ ਬਾਅਦ ਤਿੰਨ ਮਹੀਨਿਆਂ ਤਕ ਪੂਰੀ ਤਰ੍ਹਾਂ ਚੁਪ ਰਹੀ। ਇਸ ਸਮੇਂ ਵਿਚ ਬੰਦਾ ਸਿੰਘ ਅਤੇ ਉਸ ਦੇ ਮੁੱਖ ਸਾਥੀਆਂ ਨੂੰ ਨਹੀਂ ਮਾਰਿਆ ਗਿਆ। 'ਉਨ੍ਹਾਂ ਨੂੰ ਹਾਲ ਦੀ ਘੜੀ ਲਈ ਇਸ ਉਮੀਦ ਤੇ ਨਹੀਂ ਸੀ ਮਾਰਿਆ ਗਿਆ ਤਾਂ ਜੋ ਉਸ ਦੇ ਖਜ਼ਾਨੇ ਦਾ ਅਤੇ ਉਨ੍ਹਾਂ ਆਦਮੀਆਂ ਦਾ ਪਤਾ ਨਿਕਲ ਸਕੇ ਜਿਨ੍ਹਾਂ ਨੇ ਉਸ ਦੀ ਸਹਾਇਤਾ ਕੀਤੀ ਸੀ।[53] ਬੰਦਾ ਸਿੰਘ ਦੀ ਵਾਰੀ 9 ਜੂਨ, 1716 ਨੂੰ ਆਈ ਜਦੋਂ ਉਸ ਨੂੰ ਜਲੂਸ ਦੀ ਸ਼ਕਲ ਵਿਚ ਬਾਹਰ ਲਿਜਾਇਆ ਗਿਆ। ਉਸ ਦੇ ਨਾਲ ਉਸ ਦੇ 26 ਸਾਥੀ ਵੀ ਸਨ। ਉਨ੍ਹਾਂ ਨੂੰ ਪੁਰਾਣੇ ਸ਼ਹਿਰ ਦੇ ਬਾਜ਼ਾਰਾਂ ਵਿੱਚੋਂ ਦੀ ਕੁਤਬ-ਮਿਨਾਰ ਦੇ ਨੇੜੇ ਖ਼ੁਆਜਾ ਕੁਤਬ-ਉਦ-ਦੀਨ ਬਖ਼ਤਿਆਰ ਕਾਕੀ ਦੇ ਮਕਬਰੇ ਦੇ ਲਾਗੇ ਲੈ ਗਏ। ਇਥੇ ਬਹਾਦਰ ਸ਼ਾਹ ਦੇ ਮਕਬਰੇ ਦੁਆਲੇ ਪਰਕਰਮਾਂ ਕਰਵਾਈਆਂ ਗਈਆਂ। ਇਸ ਪਿੱਛੋਂ ਉਸ ਨੂੰ ਇਸਲਾਮ ਅਤੇ ਮੌਤ ਵਿਚਕਾਰ ਚੋਣ ਕਰਨ ਦੀ ਆਮ ਪੇਸ਼ਕਸ਼ ਕੀਤੀ ਗਈ ਪਰ ਗੁਰੂ ਗੋਬਿੰਦ ਸਿੰਘ ਦੇ ਚੁਣੇ ਹੋਏ ਚੇਲੇ, (ਬੰਦਾ ਸਿੰਘ) ਜਿਵੇਂ *ਤਾਰੀਖ-ਏ-ਮੁਜ਼ੱਫਰੀ* ਦੱਸਦੀ ਹੈ, ਨੇ ਆਪਣਾ ਧਰਮ ਛੱਡਣ ਦੀ ਥਾਂ ਮਰ ਜਾਣਾ ਪਸੰਦ ਕੀਤਾ। ਉਸ ਦਾ ਛੋਟਾ ਜਿਹਾ ਪੁੱਤਰ ਅਜੈ ਸਿੰਘ ਉਸ ਦੀ ਗੋਦੀ ਵਿਚ ਬਿਠਾਇਆ ਗਿਆ ਅਤੇ ਕਿਹਾ ਗਿਆ ਕਿ ਉਹ ਉਸ ਨੂੰ ਕਤਲ ਕਰੇ ਪਰ ਉਸ ਨੇ ਇਨਕਾਰ ਕਰ ਦਿੱਤਾ, ਤਾਂ ਜੱਲਾਦ ਨੇ ਬੱਚੇ ਦੇ ਟੁਕੜੇ ਟੁਕੜੇ ਕਰ ਦਿੱਤੇ ਅਤੇ ਉਸਦਾ ਤੜਫਦਾ ਦਿਲ ਕੱਢ ਕੇ ਬੰਦਾ ਸਿੰਘ ਦੇ ਮੂੰਹ ਵਿਚ ਦੇ ਦਿੱਤਾ ਗਿਆ। ਬੰਦਾ ਸਿੰਘ ਮੂਰਤ ਦੀ ਤਰ੍ਹਾਂ ਅਹਿਲ ਖੜੋਤਾ ਰਿਹਾ। ਉਹ ਪੂਰੀ ਤਰ੍ਹਾਂ ਰੱਬੀ ਭਾਣੇ ਦੀ ਅਵਸਥਾ ਵਿਚ ਸੀ।[54] *ਸੀਅਰ-ਉਲ-ਮੁਤਾਖਰੀਨ* ਅਨੁਸਾਰ ਮੁਹੰਮਦ ਅਮੀਨ ਖਾਂ, ਜੋ ਲਾਗੇ ਖੜਾ ਸੀ, ਬੰਦਾ ਸਿੰਘ ਦੇ ਉੱਤਮ ਜਲਾਲ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਉਹ ਇਹ ਕਹਿਣ ਲਈ ਮਜਬੂਰ ਹੋ ਗਿਆ ਕਿ "ਇਹ ਹੈਰਾਨੀ ਵਾਲੀ ਗੱਲ ਹੈ ਕਿ ਉਸ ਮਨੁੱਖ ਨੇ, ਜਿਸ ਵਿਚ ਇਤਨੀ ਤੀਖਣਤਾ ਅਤੇ ਉਤਮਤਾ ਹੈ, ਦੁਨੀਆਂ ਨੂੰ ਇਤਨੇ ਕਸ਼ਟਾਂ

52. ਹਾਰਸੀ, *ਇਬਰਤਨਾਮਾ*, ਪੰਨਾ 53 ਏ; ਕਾਮਵਰ ਖਾਂ, *ਤਜ਼ਕਰਾ*, 179 ਬੀ; ਖਾਫ਼ੀ ਖ਼ਾਂ, ਜਿਲਦ ਦੂਜੀ, ਪੰਨਾ 765.
53. ਜੇ. ਸਰਮਨ ਅਤੇ ਈ. ਸਟੀਫਨਸਨ ਦੀ ਚਿੱਠੀ ਦਾ ਜ਼ਿਕਰ ਪਿਛਲੇ ਪੰਨੇ ਦੇ ਫੁਟ ਨੋਟ 50 ਵਿਚ ਕੀਤਾ ਗਿਆ ਹੈ।
54. ਹਾਰਸੀ, *ਇਬਰਤਨਾਮਾ*, ਪੰਨਾ 62 ਬੀ; ਕੰਵਰ, *ਤਜ਼ਕਰਾ*, ਪੰਨਾ 180 ਏ; ਖਾਫ਼ੀ ਖਾਂ, ਜਿਲਦ ਦੂਜੀ, ਪੰਨੇ 766-67; *ਸੀਅਰ-ਉਲ-ਮੁਤਾਖਰੀਨ* (ਰੇਮੰਡ) ਜਿਲਦ ਪਹਿਲੀ ਪੰਨਾ 91; *ਤਬਸਿਰਾਤੁਨ ਨਾਜ਼ਰੀਨ*, ਪੰਨਾ 187; ਏ.

ਵਿਚ ਅਤੇ ਆਪਣੇ ਆਪ ਨੂੰ ਇਤਨੀ ਮੁਸੀਬਤ ਵਿਚ ਪਾਇਆ ਹੋਵੇ।" ਬੰਦਾ ਸਿੰਘ ਨੇ ਮਹਾਨ ਠਰ੍ਹਮੇਂ ਨਾਲ ਉੱਤਰ ਦਿੱਤਾ, "ਜਦੋਂ ਮਨੁੱਖਾਂ ਵਿਚ ਮੰਦ-ਕਰਮੀ ਸਭ ਹੱਦਾਂ ਟੱਪ ਜਾਂਦੀ ਹੈ ਤਾਂ ਉਹ ਬਦਲਾ-ਸ਼ਕਤੀ ਇਖਲਾਕੋਂ ਡਿਗੀ ਦੁਨੀਆਂ ਨੂੰ ਸਜ਼ਾ ਦੇਣ ਲਈ ਮੇਰੇ ਜਿਹੀ ਸ਼ਕਤੀ ਨੂੰ ਪੈਦਾ ਕਰਦੀ ਹੈ ਪਰ ਪਿੱਛੋਂ ਉਹ ਰੱਬ ਤੇਰੇ ਜਿਹੇ ਆਦਮੀਆਂ ਨੂੰ ਸ਼ਕਤੀ ਦਿੰਦਾ ਹੈ ਤਾਂ ਜੋ ਮੇਰੇ ਜਿਹਿਆਂ ਨੂੰ ਸਜ਼ਾ ਦਿੱਤੀ ਜਾ ਸਕੇ।"[55] *ਮਹਿਮਾ ਪ੍ਰਕਾਸ਼* ਅਨੁਸਾਰ ਬੰਦਾ ਸਿੰਘ ਨੇ ਇਹ ਵੀ ਕਿਹਾ ਦੱਸਿਆ ਜਾਂਦਾ ਹੈ ਕਿ "ਕਿਹੜੀ ਸ਼ਕਤੀ ਹੈ ਜੋ ਮੈਨੂੰ ਮਾਰ ਸਕੇ? ਸੱਚੇ ਗੁਰੂ (ਗੁਰੂ ਗੋਬਿੰਦ ਸਿੰਘ) ਜੀ ਦੇ ਹੁਕਮ ਦੀ ਮੈਥੋਂ ਉਲੰਘਣਾ ਹੋਈ ਸੀ ਜਿਸ ਲਈ ਇਹ ਸਜ਼ਾ ਹੈ ਜੋ ਮੈਂ ਭੁਗਤ ਰਿਹਾ ਹਾਂ।"

ਬੰਦਾ ਸਿੰਘ ਦੀ ਸ਼ਹੀਦੀ ਦੀਆਂ ਘਟਨਾਵਾਂ ਇੰਨੀਆਂ ਭਿਆਨਕ ਹਨ ਕਿ ਬਿਆਨ ਨਹੀਂ ਕੀਤੀਆਂ ਜਾ ਸਕਦੀਆਂ। ਸਭ ਤੋਂ ਪਹਿਲਾਂ ਉਸ ਦੀ ਸੱਜੀ ਅੱਖ ਤੇ ਫਿਰ ਖੱਬੀ ਅੱਖ ਕੱਢੀ ਗਈ। ਇਸ ਤੋਂ ਬਾਅਦ ਉਸ ਦੇ ਹੱਥ ਅਤੇ ਪੈਰ ਵੱਢ ਦਿੱਤੇ ਗਏ ਅਤੇ ਉਸ ਦਾ ਮਾਸ ਅੱਗ ਨਾਲ ਤਪਦੇ ਲਾਲ ਸੂਹੇ ਜੰਬੂਰਾਂ ਨਾਲ ਤੋੜਿਆ ਗਿਆ ਅਤੇ ਅਖ਼ੀਰ ਵਿਚ ਉਸ ਦਾ ਸਿਰ ਕੱਟ ਦਿੱਤਾ ਗਿਆ। ਬੰਦਾ ਸਿੰਘ ਅੰਤਮ ਦਮ ਤਕ ਸ਼ਾਂਤ ਅਤੇ ਸਥਿਰ ਰਿਹਾ। ਐਨਫਿਨਸਟੋਨ ਦੇ ਸ਼ਬਦਾਂ ਵਿਚ "ਬੰਦਾ ਸਿੰਘ ਇਸ ਗੱਲ ਵਿਚ ਗੌਰਵ ਅਨੁਭਵ ਕਰਦਾ ਰਿਹਾ ਕਿ ਰੱਬ ਨੇ ਉਸ ਨੂੰ ਜ਼ਮਾਨੇ ਦੇ ਅਤਿਆਚਾਰਾਂ ਅਤੇ ਵਧੀਕੀਆਂ ਦਾ ਨਾਸ ਕਰਨ ਲਈ ਬਲਾ ਦੇ ਰੂਪ ਵਿਚ ਪੈਦਾ ਕੀਤਾ ਸੀ।"[56] ਦਿੱਲੀ ਦੇ ਕੁਝ ਦੁਕਾਨਦਾਰਾਂ ਨੇ ਉਸ ਦਾ ਮ੍ਰਿਤਕ ਸਰੀਰ ਸਰਕਾਰ ਦੀ ਆਗਿਆ ਲੈ ਕੇ ਉਥੋਂ ਚੁੱਕ ਲਿਆ ਅਤੇ ਵੱਡੇ ਪੁੱਲ ਦੇ ਲਾਗੇ ਉਸ ਦਾ ਸਸਕਾਰ ਕੀਤਾ ਸੀ।[57] ਬਾਕੀ ਕੈਦੀਆਂ ਨੂੰ ਵੀ ਅਗਲੇ ਦਿਨ ਮਾਰ ਦਿੱਤਾ ਗਿਆ ਸੀ।

### 10. ਬੰਦਾ ਸਿੰਘ ਦਾ ਵਿਅਕਤਿਤਵ ਅਤੇ ਉਸ ਦੀਆਂ ਪ੍ਰਾਪਤੀਆਂ

ਬੰਦਾ ਸਿੰਘ ਤੋਂ ਇਲਾਵਾ ਸ਼ਾਇਦ ਕਿਸੇ ਹੋਰ ਆਦਮੀ ਨੂੰ ਫ਼ਾਰਸੀ ਵਿਚ ਲਿਖਣ ਵਾਲੇ ਲਿਖਾਰੀਆਂ ਨੇ ਇਨੀ ਘ੍ਰਿਣਾ ਨਾਲ ਨਹੀਂ ਵੇਖਿਆ। ਇਹ ਠੀਕ ਹੈ ਕਿ ਉਹ ਇਨਕਲਾਬ, ਜਿਸ ਦੀ ਉਸ ਨੇ ਮੁਗ਼ਲਾਂ ਵਿਰੁੱਧ ਅਗਵਾਈ ਕੀਤੀ ਸੀ, ਕਾਫ਼ੀ ਸਮਾਂ ਪਹਿਲਾਂ ਸਿੱਖ ਗੁਰੂ ਸਾਹਿਬਾਨ ਨੇ ਆਰੰਭ ਕੀਤਾ ਹੋਇਆ ਸੀ ਪਰ ਇਹ ਬੰਦਾ ਸਿੰਘ ਹੀ ਸੀ ਜਿਸ ਨੇ ਅਸਰਦਾਰ ਤਰੀਕੇ ਨਾਲ ਇਸ ਸੰਘਰਸ਼ ਨੂੰ ਜਥੇਬੰਦ ਕੀਤਾ ਸੀ ਅਤੇ ਇਸ ਨੂੰ ਮੁਗ਼ਲ ਰਾਜ ਪ੍ਰਬੰਧ ਨੂੰ ਢਾਹ ਢੇਰੀ ਕਰਨ ਲਈ ਇਕ

---

55. *ਸੀਅਰ-ਉਲ-ਮੁਤਾਖਰੀਨ*, ਪੰਨਾ 403; ਖਾਫ਼ੀ ਖਾਂ, ਜਿਲਦ ਦੂਜੀ, ਪੰਨੇ 766-67।

56. Elphinstone, *History of India*, p. 670; ਹਰੀਸੀ, *ਇਬਰਤਨਾਮਾ*, ਪੰਨਾ 62 ਬੀ; ਕੰਵਰ, *ਤਜਕਰਾ*, ਪੰਨਾ 180 ਖਾਫ਼ੀ ਖ਼ਾਂ ਜਿਲਦ ਦੂਜੀ ਪੰਨੇ 765-66; Irvine, *Later Mughals* I, p. 319, ਗਿਆਨ ਸਿੰਘ ਦੇ *ਪੰਥ ਪ੍ਰਕਾਸ਼*, ਅਤੇ ਕਰਮ ਸਿੰਘ ਦੇ *ਬੰਦਾ ਬਹਾਦਰ* ਤੋਂ ਬਿਨਾਂ ਬਾਕੀ ਸਭ ਲਿਖਤਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਬੰਦਾ ਸਿੰਘ ਨੂੰ ਦਿੱਲੀ ਵਿਚ ਕਤਲ ਕੀਤਾ ਗਿਆ ਸੀ। ਗਿਆਨੀ ਗਿਆਨ ਸਿੰਘ ਨੇ, ਰਤਨ ਸਿੰਘ ਭੰਗੂ ਦੀ ਪੁਸਤਕ *ਪ੍ਰਾਚੀਨ ਪੰਥ ਪ੍ਰਕਾਸ਼* ਵਿੱਚੋਂ ਜਿੱਥੇ ਕਰਤਾ ਨੇ ਝਕਦਿਆਂ ਝਕਦਿਆਂ ਲਿਖਿਆ ਸੀ, ਇਕ ਸ਼ੱਕੀ ਜਿਹੀ ਰਵਾਇਤ ਦੇ ਆਧਾਰ ਤੇ ਲਿਖ ਦਿੱਤਾ ਸੀ ਕਿ ਬੰਦਾ ਸਿੰਘ ਨੂੰ ਇਕ ਹਾਥੀ ਦੇ ਪਿੱਛੇ ਖਿੱਚਣ ਤੋਂ ਬਾਅਦ ਜਮਨਾ ਦੇ ਕੰਢੇ ਬੇਹੋਸ਼ੀ ਦੀ ਹਾਲਤ ਵਿਚ ਸੁੱਟ ਦਿੱਤਾ ਸੀ। ਹੋਸ਼ ਆਉਣ ਪਿੱਛੋਂ ਪਹਿਲੇ ਉਹ ਭੁੱਚੋਕੀ ਠੱਕਰ (ਜ਼ਿਲਾ ਲਾਹੌਰ) ਗਿਆ ਅਤੇ ਫਿਰ 'ਡੇਰਾ ਬਾਬਾ ਬੰਦਾ ਸਿੰਘ' ਦੇ ਅਜੋਕੇ ਸਥਾਨ ਤੇ, ਜੋ ਰਿਆਸੀ ਦੇ ਪਰਗਣੇ ਵਿਚ ਸੀ, ਚਲਾ ਗਿਆ। ਉਥੇ ਉਸ ਨੇ ਵਿਆਹ ਕਰਵਾਇਆ, ਉਸ ਦੇ ਘਰ ਬੱਚੇ ਪੈਦਾ ਹੋਏ ਅਤੇ 1741 ਵਿਚ ਉਸ ਦੀ ਮੌਤ ਹੋਈ। ਇਹ ਸਭ ਮਿਥਿਹਾਸਕ ਗੱਲਾਂ ਹਨ ਅਤੇ ਇਨ੍ਹਾਂ ਦੀ ਕਿਸੇ ਭਰੋਸੇਯੋਗ ਸਮਕਾਲੀ ਲਿਖਤ ਤੋਂ ਪੁਸ਼ਟੀ ਨਹੀਂ ਹੁੰਦੀ ਪਰ ਇਹ ਨਿਰੀ ਸੁਣੀ ਸੁਣਾਈ ਗੱਲ ਹੈ ਜੋ ਰਤਨ ਸਿੰਘ ਭੰਗੂ ਨੇ ਆਪਣੀ ਪੁਸਤਕ *ਪ੍ਰਾਚੀਨ ਪੰਥ ਪ੍ਰਕਾਸ਼* ਵਿਚ ਲਿਖ ਦਿੱਤੀ ਸੀ।

57. *ਹਕੀਕਤ*, ਪੰਨਾ 16.

ਰਾਜਸੀ ਸ਼ਕਤੀ ਵਜੋਂ ਵਰਤਿਆ ਸੀ ਅਤੇ ਪੰਜਾਬ ਦੇ ਲੋਕਾਂ ਨੂੰ ਸੁਤੰਤ੍ਰਤਾ ਦੇ ਸੁਆਦ ਦੀ ਇਕ ਪਹਿਲੀ ਝਲਕ ਦਿੱਤੀ ਸੀ। ਉਨ੍ਹਾਂ ਲੋਕਾਂ ਹੱਥੋਂ ਬੰਦਾ ਸਿੰਘ ਦਾ ਇਕ ਨਿਰਪੱਖ ਅਨੁਮਾਨ ਲੱਗ ਸਕਣਾ ਅਸੰਭਵ ਸੀ ਜਿਨ੍ਹਾਂ ਤੋਂ ਉਸ ਨੇ ਰਾਜਸੀ ਸੱਤਾ ਖੋਹੀ ਸੀ। ਸਮਕਾਲੀ ਲਿਖਾਰੀ ਵੀ ਤੁਅੱਸਬ ਤੋਂ ਸੁਤੰਤਰ ਨਹੀਂ ਸਨ ਹੋ ਸਕਦੇ ਕਿਉਂਕਿ ਜਾਂ ਤਾਂ ਉਹ ਸਰਕਾਰੀ ਅਖ਼ਬਾਰ ਨਵੀਸ ਸਨ ਜਾਂ ਮੁਗ਼ਲ ਹਾਕਮਾਂ ਦੇ ਪਿਛਲੱਗ ਸਨ। ਇਸ ਲਈ ਥੌਰੰਟਨ ਅਨੁਸਾਰ ਉਨ੍ਹਾਂ ਦੇ ਬਿਰਤਾਂਤਾਂ ਨੂੰ ਅਸੀਂ ਸਪੱਸ਼ਟ ਰੂਪ ਵਿਚ ਠੀਕ ਨਹੀਂ ਮੰਨ ਸਕਦੇ।[58] ਉਹ ਉਸ ਨੂੰ 'ਸਭ ਤੋਂ ਨਿਰਦਈ ਖ਼ੂਨੀ ਰਾਖਸ਼ਾਂ ਵਿੱਚੋਂ ਇਕ ਸਮਝਦੇ ਸਨ ਪਰ ਜੇ ਕਾਫਰ ਕਸ਼ਟ ਝਲਣ ਵਾਲੇ ਹੁੰਦੇ ਅਤੇ ਇਕ ਮੁਸਲਮਾਨ ਉਸ ਖ਼ੂਨੀ ਨਾਟਕ ਦਾ ਐਕਟਰ ਹੁੰਦਾ ਤਾਂ ਸ਼ਾਇਦ ਮੁਸਲਮਾਨ ਲੋਕ ਉਸ ਦੀ ਉਸਤੱਤ ਕਰੇ ਬਗ਼ੈਰ ਨਾ ਰਹਿ ਸਕਦੇ।'[59]

ਨਿਰੋਲ ਇਤਿਹਾਸਕ ਪੱਖ ਤੋਂ ਪਰਖਿਆਂ ਉਹ ਅਜਿਹਾ ਜਿੰਨ-ਆਕਾਰ ਬਿਲਕੁਲ ਨਹੀਂ ਨਜ਼ਰ ਆਉਂਦਾ ਜਿਹਾ ਉਸ ਨੂੰ ਸਮਝਿਆ ਗਿਆ ਹੈ। ਉਸ ਦੇ ਵੈਰੀਆਂ ਨੂੰ ਵੀ ਉਸ ਦੀ ਨੁਹਾਰ ਵਿੱਚੋਂ ਇਕ ਚਤੁਰਤਾ ਅਤੇ ਉੱਤਮਤਾ ਲਿਸ਼ਕਦੀ ਨਜ਼ਰ ਆਉਂਦੀ ਸੀ।[60] ਵਾਸਤਵ ਵਿਚ, ਸ਼ਕਲ ਸੂਰਤ ਵਿਚ ਉਹ ਆਪਣੇ ਮਾਲਕ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਦਾ ਜੁਲਦਾ ਸੀ।[61] ਉਸ ਦਾ ਉਨ੍ਹਾਂ ਵਰਗਾ ਹੀ ਪਤਲਾ ਸਰੀਰ, ਦਰਮਿਆਨਾ ਕੱਦ ਅਤੇ ਹਲਕਾ ਗੰਦਮੀ ਚਿਹਰਾ ਸੀ ਜਿਹੜਾ ਪਿੱਛੋਂ ਪਹਾੜੀ ਉੱਤਰੀ ਭਾਰਤ ਦੇ ਚੰਗੇ ਜਲ-ਵਾਯੂ ਦੇ ਪ੍ਰਭਾਵ ਅਧੀਨ ਗੁਲਾਬੀ ਰੰਗ ਦਾ ਹੋ ਗਿਆ ਸੀ। ਉਨ੍ਹਾਂ ਦੋਨਾਂ ਦੀ ਦਿਖ ਇਕ ਸ਼ਾਂਤ-ਚਿਤ ਵੈਰਾਗੀ ਮਨੁੱਖ ਵਾਲੀ ਸੀ ਜਿਸ ਤੋਂ ਬਾਗ਼ੀ ਲੋਕ ਡਰ ਜਾਂਦੇ ਸਨ ਅਤੇ ਮਿਤਰਾਂ ਦੇ ਹੌਸਲੇ ਵਧਦੇ ਸਨ। ਸਭ ਲਿਖਾਰੀ ਉਸ ਦੇ ਠਰ੍ਹਮੇਂ ਭਰੇ ਹੌਸਲੇ ਅਤੇ ਔਕੜਾਂ ਦੇ ਸਨਮੁੱਖ ਉਸ ਦੀ ਨਿਡਰ ਬਹਾਦਰੀ ਦੀ ਗਵਾਹੀ ਦਿੰਦੇ ਹਨ।

ਇਸ ਤੋਂ ਪਤਾ ਲਗਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਰਾਜਸੀ ਉੱਤਰਾਧਿਕਾਰੀ ਚੁਣਨ ਵਿਚ ਕਿੰਨੀ ਸੂਝ ਵਰਤੀ ਸੀ। ਉਸ ਦਿਨ ਤੋਂ ਲੈ ਕੇ ਜਿਸ ਦਿਨ ਬੰਦਾ ਸਿੰਘ ਨੇ ਆਪਣੇ ਗੁਰੂ ਜੀ ਦੇ ਹੱਥੋਂ ਅੰਮ੍ਰਿਤ ਪਾਨ ਕੀਤਾ ਸੀ, ਆਪਣੀ ਜ਼ਿੰਦਗੀ ਦੇ ਅੰਤਮ ਦਿਨ ਤਕ ਜਦੋਂ ਕਿ ਉਸ ਦੀ ਬੋਟੀ ਬੋਟੀ ਕਰ ਦਿੱਤੀ ਗਈ ਸੀ, ਉਹ ਆਪਣੇ ਗੁਰੂ ਦੇ ਮਿਸ਼ਨ ਦਾ ਪੱਕਾ ਸ਼ਰਧਾਲੂ ਰਿਹਾ। ਉਸ ਦੇ ਸਿੱਕੇ ਅਤੇ ਉਸ ਦੀ ਮੋਹਰ ਉੱਤੇ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਉਂ ਉੱਕਰੇ ਹੋਏ ਸਨ ਜਿਨ੍ਹਾਂ ਨੂੰ ਉਹ ਆਪਣੀ ਸ਼ਕਤੀ ਦਾ ਸਰੋਤ ਸਮਝਦਾ ਸੀ। ਉਸ ਨੇ ਸਿੱਖ ਰਹਿਤ ਦੀ ਪੂਰਨ ਰੂਪ ਵਿਚ ਪਾਲਣਾ ਕੀਤੀ। ਉਸ ਨੇ ਨਾ ਕਦੇ ਰੋਮਾਂ ਦੀ ਬੇਅਦਬੀ ਕੀਤੀ, ਨਾ ਤਮਾਕੂ ਅਤੇ ਹਲਾਲ ਮਾਸ ਦੀ ਵਰਤੋਂ ਕੀਤੀ ਅਤੇ ਨਾ ਹੀ ਪਰਾਈ ਇਸਤਰੀ ਵੱਲ ਨਜ਼ਰ ਚੁੱਕ ਕੇ ਦੇਖਿਆ। ਯੁੱਧਾਂ ਦੀ ਹਾਲਤ ਵਿੱਚੋਂ ਮਿਲਣ ਵਾਲੇ ਲਾਲਚਾਂ, ਉਸ ਦੀ ਅਣਵੰਗਾਰੀ ਸਥਿਤੀ ਅਤੇ ਉਸ ਦੇ ਵੈਰੀਆਂ ਵਲੋਂ ਮਿਲਣ ਵਾਲੀ ਉਕਸਾਹਟ ਦੇ ਉਦਾਹਰਣ ਹੁੰਦੇ ਹੋਏ ਵੀ ਉਹ ਸ਼ੁਧ ਅਤੇ ਪਵਿੱਤਰ ਰਿਹਾ। ਧਰਮ ਪ੍ਰਚਾਰ ਲਈ ਉਸ ਦੀ ਲਗਨ ਯੁੱਧ ਲਈ ਉਸ ਦੇ ਜੋਸ਼ ਤੋਂ ਕੋਈ ਘੱਟ ਨਹੀਂ ਸੀ। ਉਸ ਨੇ ਬਹੁਤ ਸਾਰੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਸਿੱਖ ਮਤ ਦੇ ਅਨੁਯਾਈ ਬਣਾਇਆ ਪਰ ਇਹ ਕਹਿਣ ਲਈ ਕੋਈ ਸਬੂਤ ਨਹੀਂ ਕਿ ਉਸ ਨੇ ਅਜਿਹਾ ਕਰਨ ਵਿਚ ਕਦੇ ਜ਼ੋਰ ਜ਼ਬਰ ਦੀ ਵਰਤੋਂ ਕੀਤੀ ਹੋਵੇ। ਕੁਝ ਲੋਕਾਂ ਨੇ ਉਸ ਜੇਤੂ ਬਹਾਦਰ ਦੀ ਕ੍ਰਿਪਾ ਦਾ ਪਾਤਰ ਬਣਨ ਲਈ ਸਿੱਖ ਧਰਮ ਧਾਰਨ ਕੀਤਾ ਹੋਵੇਗਾ

58. *History of the Punjab*, I, p. 176.

59. Mill's *History of India*, II, p. 303.

60. *ਸੀਅਰ-ਉਲ-ਮੁਤਾਖਰੀਨ*, ਪੰਨਾ 40 (Raymond, I, p. 91, Briggs, pp. 79-80)

61. ਮੁਹੰਮਦ ਸ਼ਫੀ ਵਾਰਿਦ, *ਮਿਰਾਤ-ਇ-ਵਾਰੀਦਾਤ*।

ਜਾਂ ਆਪਣੇ ਆਪ ਨੂੰ ਸਖ਼ਤ ਸਜ਼ਾ ਤੋਂ ਬਚਾਉਣ ਲਈ ਅਜਿਹਾ ਕੀਤਾ ਹੋਵੇਗਾ ਪਰ ਅਸੀਂ ਉਨ੍ਹਾਂ ਨੂੰ ਕਿਸੇ ਅਯੋਗ ਦਬਾਅ ਦੇ ਸ਼ਿਕਾਰ ਹੋਇਆਂ ਵਿਚ ਨਹੀਂ ਗਿਣ ਸਕਦੇ। ਇਕ ਰਿਪੋਰਟ[62] ਤੋਂ, ਜੋ ਸਰਕਾਰੀ ਖ਼ਬਰ-ਨਵੀਸ ਨੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਭੇਜੀ ਸੀ, ਮਾਲੂਮ ਹੁੰਦਾ ਹੈ ਕਿ ਬੰਦਾ ਸਿੰਘ ਨੇ ਅਪ੍ਰੈਲ 1711 ਵਿਚ ਕਲਾਨੌਰ ਦੇ ਸਥਾਨ ਤੇ ਟਿਕੇ ਹੋਣ ਸਮੇਂ ਮੁਸਲਮਾਨਾਂ ਨੂੰ ਯਕੀਨ ਦੁਆਇਆ ਸੀ ਕਿ ਉਹ ਉਨ੍ਹਾਂ ਦੇ ਧਰਮ ਵਿਚ ਕਿਸੇ ਤਰ੍ਹਾਂ ਦਾ ਵੀ ਦਖ਼ਲ ਨਹੀਂ ਦੇਵੇਗਾ ਅਤੇ ਉਨ੍ਹਾਂ ਸਾਰੇ ਮੁਸਲਮਾਨਾਂ ਨੂੰ, ਜੋ ਉਸ ਦੀ ਫ਼ੌਜ ਵਿਚ ਭਰਤੀ ਹੋਣਗੇ, ਬਾਕਾਇਦਾ ਤਨਖਾਹ ਦਿੱਤੀ ਜਾਏਗੀ। ਉਨ੍ਹਾਂ ਨੂੰ ਪੂਰਨ ਧਾਰਮਿਕ ਸੁਤੰਤ੍ਰਤਾ ਹੋਵੇਗੀ ਅਤੇ ਨਮਾਜ਼ ਪੜ੍ਹਨ ਅਤੇ ਬਾਂਗ ਦੇਣ ਦੀ ਪੂਰੀ ਪੂਰੀ ਖੁਲ੍ਹ ਹੋਵੇਗੀ। ਇਸ ਦੇ ਸਿੱਟੇ ਵਜੋਂ 5,000 ਮੁਸਲਮਾਨ ਉਸ ਦੀ ਫ਼ੌਜ ਵਿਚ ਭਰਤੀ ਹੋ ਗਏ ਸਨ ਅਤੇ ਇਕ ਹੋਰ ਰਿਪੋਰਟ[63] ਅਨੁਸਾਰ ਉਨ੍ਹਾਂ ਦੀ ਗਿਣਤੀ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਸਿਧਾਂਤਾਂ ਨਾਲ ਬੰਦਾ ਸਿੰਘ ਦੇ ਪੂਰੀ ਦੀਨਤਾ ਨਾਲ ਜੁੜੇ ਰਹਿਣ ਬਾਰੇ ਕੋਈ ਸ਼ੱਕ ਨਹੀਂ ਹੈ। ਪਰ ਰਤਨ ਸਿੰਘ ਭੰਗੂ ਦੇ ਪਿੱਛੇ ਲੱਗਕੇ ਕੁਝ ਅਜੋਕੇ ਸਿੱਖ ਲਿਖਾਰੀਆਂ ਨੇ ਬੰਦਾ ਸਿੰਘ ਅਤੇ ਉਸ ਦੇ ਕੁਝ ਸਾਥੀਆਂ ਦੇ ਵਿਚਕਾਰ ਮਤ-ਭੇਦ ਉੱਤੇ ਬੇਲੋੜਾ ਜ਼ੋਰ ਦਿੱਤਾ ਹੈ। ਇਹ ਮਤ-ਭੇਦ ਅਸਲ ਵਿਚ ਬੰਦਾ ਸਿੰਘ ਦੀ ਮੌਤ ਦੇ ਬਾਅਦ ਦੇ ਸਮੇਂ ਨਾਲ ਸੰਬੰਧਤ ਹਨ। ਉਸ ਦੇ ਜੀਵਨ ਕਾਲ ਵਿਚ ਉਸ ਦੀ ਨੀਤੀ ਜਾਂ ਵਰਤਾਉ ਵਿਚ ਕੋਈ ਅਜਿਹੀ ਗੱਲ ਨਜ਼ਰ ਨਹੀਂ ਆਉਂਦੀ ਜਿਸ ਦਾ ਅਰਥ ਕੱਢਿਆ ਜਾਵੇ ਕਿ ਉਹ ਕਿਸੇ ਤਰ੍ਹਾਂ ਦੀ ਧੜੇਬੰਦੀ ਜਾਂ ਸੰਪਰਦਾਇਕ ਵਖਰੇਵੇਂ ਦਾ ਹਾਮੀ ਸੀ। ਉਸ ਦੀਆਂ ਚਿੱਠੀਆਂ ਤੋਂ ਸਪੱਸ਼ਟ ਹੈ ਕਿ ਉਸ ਨੇ ਕਦੇ ਵੀ ਗੁਰੂ ਦਾ ਪਦ ਧਾਰਨ ਨਹੀਂ ਕੀਤਾ ਸਗੋਂ ਉਹ ਆਪਣੇ ਆਪ ਨੂੰ ਬੰਦਾ (ਆਪਦੇ ਮਾਲਕ ਦਾ ਦਾਸ) ਕਹਾਉਣ ਨੂੰ ਪਸੰਦ ਕਰਦਾ ਸੀ ਅਤੇ ਉਹ ਸਦਾ ਹੀ ਸਿੱਖਾਂ ਨੂੰ ਇਹੀ ਕਹਿੰਦਾ ਸੀ ਕਿ ਉਹ ਉਸ ਮਹਾਂਪੁਰਖ ਗੁਰੂ ਦੇ ਹੁਕਮਾਂ ਦੀ ਪਾਲਣਾ ਕਰਨ।[64] ਇਹ ਸੱਚ ਹੈ ਕਿ ਉਸ ਨੇ 'ਫ਼ਤਹਿ ਦਰਸ਼ਨ' ਦਾ ਇਕ ਨਵਾਂ ਨਾਅਰਾ ਲਾਗੂ ਕੀਤਾ ਸੀ ਜਿਸ ਦਾ ਅਰਥ ਸੀ : 'ਜਿੱਤ ਉਸ ਪ੍ਰਤੱਖ ਅਕਾਲਪੁਰਖ ਦੀ ਹੋਵੇਗੀ' ਪਰ ਇਹ ਕੇਵਲ ਯੁੱਧ ਦਾ ਹੀ ਇਕ ਨਾਅਰਾ ਸੀ ਅਤੇ ਜਦੋਂ ਉਸ ਦਾ ਇਸ ਗੱਲ ਵੱਲ ਧਿਆਨ ਦਿਵਾਇਆ ਗਿਆ ਕਿ ਸ਼ਾਇਦ ਇਹ 'ਨਾਅਰਾ' 'ਵਾਹਿਗੁਰੂ ਜੀ ਕੀ ਫ਼ਤਹਿ' ਦੀ ਥਾਂ ਲੈ ਲਵੇ ਤਾਂ ਉਸ ਨੇ ਇਸ ਨਾਅਰੇ ਨੂੰ ਜਾਰੀ ਰੱਖਣ ਉੱਤੇ ਕੋਈ ਜਿਦ ਨਹੀਂ ਕੀਤੀ। ਮਤ-ਭੇਦ ਦੀ ਦੂਸਰੀ ਗੱਲ ਜੋ ਇਕੱਠਿਆਂ ਬੈਠਕੇ ਲੰਗਰ ਛਕਣ ਸਮੇਂ ਕੁਝ ਬੇਸੁਆਦੀ ਪੈਦਾ ਕਰ ਸਕਦੀ ਸੀ ਉਹ ਬੰਦਾ ਸਿੰਘ ਦਾ ਪੂਰਨ ਰੂਪ ਵਿਚ ਸ਼ਾਕਾਹਾਰੀ ਜਾਂ ਵੈਸ਼ਨੂੰ ਹੋਣਾ ਸੀ ਪਰ ਇਸ ਨਾਲ, ਜਿਵੇਂ ਅੱਜ ਵੀ ਹੈ, ਕੋਈ ਗੰਭੀਰ ਦੋਫੇੜ ਨਹੀਂ ਸੀ ਪੈ ਸਕਦਾ ਕਿਉਂਕਿ ਮਾਸ ਖਾਣਾ ਸਿੱਖ ਮਤ ਵਿਚ ਜ਼ਰੂਰੀ ਨਹੀਂ ਹੈ।

ਇਹ ਸਾਬਤ ਕਰਨ ਲਈ ਕੋਈ ਸਬੂਤ ਨਹੀਂ ਕਿ ਬੰਦਾ ਸਿੰਘ ਦੇ ਸਾਥੀ ਧਰਮ ਕਰਕੇ ਕਦੇ ਉਸ ਨਾਲ ਝਗੜੇ ਹੋਣ ਜਾਂ ਉਸ ਦੀਆਂ ਮਤ-ਭੇਦ ਪੈਦਾ ਕਰਨ ਵਾਲੀਆਂ ਕਿਸੇ ਰੁੱਚੀਆਂ ਕਰਕੇ ਉਸ ਨੂੰ ਛੱਡ ਗਏ ਹੋਣ। ਨਿਰੇ ਬਿਨੋਦ ਸਿੰਘ ਦੇ ਗੁਰਦਾਸ ਨੰਗਲ ਤੋਂ ਚਲੇ ਜਾਣ ਦੀ ਇਕੋ ਇਕ ਉਦਾਹਰਣ ਵਿੱਚੋਂ ਅਜਿਹਾ ਸਿੱਟਾ ਨਹੀਂ ਕੱਢਿਆ ਜਾ ਸਕਦਾ। ਇਹ ਮੱਤ-ਭੇਦ ਕੇਵਲ ਵਿਸ਼ੇਸ਼ ਸੰਕਟ ਦੀ ਹਾਲਤ ਵਿਚ ਜੰਗੀ ਚਾਲ ਦੇ ਸਬੰਧ ਵਿਚ ਹੀ ਸੀ।

---

62. *ਅਖਬਾਰ-ਇ-ਦਰਬਾਰ-ਇ-ਮੁਅੱਲਾ* (ਜੈਪੁਰ), ਮਿਤੀ 21 ਰੱਬੀ-ਉਲ-ਅੱਵਲ, 5 ਬਹਾਦਰ ਸ਼ਾਹੀ (ਅਪ੍ਰੈਲ 28, 1711), *ਰੁਕਾਤ-ਇ-ਅਮੀਨ-ਉਦ ਦੌਲਾ*, ਜਿਲਦ 3 ਵੇਖੋ।
63. *ਅਖਬਾਰ-ਇ-ਦਰਬਾਰ-ਇ-ਮੁਅੱਲਾ* (ਜੈਪੁਰ), (13 ਰਬੀ-ਉਲ-ਸਾਨੀ, 5 ਬਹਾਦਰ ਸ਼ਾਹੀ)।
64. ਕੇਸਰ ਸਿੰਘ, *ਬੰਸਾਵਲੀ-ਨਾਮਾ*, ਪੰਨਾ 136.

ਉਸੇ ਸੰਬੰਧ ਵਿਚ ਇਹ ਵੀ ਇਲਜ਼ਾਮ ਲਾਇਆ ਗਿਆ ਹੈ ਕਿ ਬੰਦਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਵਿਧਵਾ ਮਾਤਾ ਸੁੰਦਰੀ ਜੀ ਦੀਆਂ ਹਦਾਇਤਾਂ ਦੀ ਉਲੰਘਣਾ ਕੀਤੀ ਸੀ ਜਿਨ੍ਹਾਂ ਨੇ ਮੁਗ਼ਲ ਸਰਕਾਰ ਨਾਲ ਮਿਲ ਕੇ ਸਿੱਖਾਂ ਨੂੰ ਕਿਹਾ ਸੀ ਕਿ ਉਹ ਆਪਣੇ ਆਪ ਨੂੰ ਬੰਦਾ ਸਿੰਘ ਅਤੇ ਉਸ ਦੀਆਂ ਕਾਰਵਾਈਆਂ ਤੋਂ ਵੱਖ ਕਰ ਲੈਣ ਪਰ ਸਮਕਾਲੀ ਲਿਖਤਾਂ ਵਿੱਚੋਂ ਕੁਝ ਵੀ ਅਜਿਹਾ ਨਹੀਂ ਮਿਲਦਾ ਜੋ ਇਸ ਦੂਸ਼ਣ ਨੂੰ ਸਿਧ ਕਰਦੀ ਹੋਵੇ। ਇਸ ਲਈ ਇਸ ਗੱਲ ਨੂੰ ਕੇਵਲ ਇਕ ਮਨਘੜ੍ਹਤ ਸਮਝ ਕੇ ਰੱਦ ਕਰ ਦੇਣਾ ਚਾਹੀਦਾ ਹੈ। ਜਿਵੇਂ ਅਸੀਂ ਪਿੱਛੇ ਵੇਖਿਆ ਹੈ ਕਿ ਸਿੱਖਾਂ ਨੇ ਰਾਸ਼ਟਰ ਵੀਰ ਬੰਦਾ ਸਿੰਘ ਵੱਲੋਂ ਪਿਠ ਮੋੜਨ ਦੀ ਥਾਂ ਅੰਤਿਮ ਸਮੇਂ ਤਕ ਉਸ ਦਾ ਸਾਥ ਦਿੱਤਾ ਅਤੇ ਉਸ ਦੇ ਨਾਲ ਦਿੱਲੀ ਵਿਚ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ।

ਇਸ ਵਿਚ ਰਤਾ ਵੀ ਸ਼ੱਕ ਨਹੀਂ ਕਿ ਸਾਰੇ ਸਿੱਖ ਬੰਦਾ ਸਿੰਘ ਦੀ ਅਗਵਾਈ ਵਿਚ ਇਕ ਮੁੱਠ ਇਕੱਠੇ ਸਨ ਅਤੇ ਉਨ੍ਹਾਂ ਵਿਚ ਉਸ ਨੇ ਇਨਸਾਫ਼ ਦੀ ਇਕ ਅਜਿਹੀ ਸੱਤਾ ਸਥਾਪਿਤ ਕੀਤੀ ਜੋ ਗ਼ਰੀਬਾਂ ਅਤੇ ਲਿਤਾੜੇ ਹੋਏ ਲੋਕਾਂ ਨੂੰ ਨਿਆਂ ਪ੍ਰਦਾਨ ਕਰੇ ਅਤੇ ਉਨ੍ਹਾਂ ਨੂੰ ਸਖ਼ਤ ਸਜ਼ਾ ਦੇਵੇ ਜਿਹੜੇ ਲੋਕਾਂ ਤੇ ਜ਼ੁਲਮ ਤੇ ਜਬਰ ਕਰ ਰਹੇ ਸਨ। ਉਹ ਆਪਣੇ ਕਰਮਚਾਰੀਆਂ ਨੂੰ ਕਿਹਾ ਕਰਦਾ ਸੀ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਹਾਕਮ ਲਈ ਸਭ ਤੋਂ ਉੱਤਮ ਪੂਜਾ ਇਨਸਾਫ਼-ਪਸੰਦ ਹੋਣਾ ਹੈ। ਜੇ ਤੁਸੀਂ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਕਹਿੰਦੇ ਹੋ ਤਾਂ ਕੋਈ ਪਾਪ, ਅਧਰਮ ਅਤੇ ਬੇਇਨਸਾਫੀ ਵਾਲਾ ਕੰਮ ਨਾ ਕਰੋ। ਸਿੱਖ ਮਤ ਨੂੰ ਤਰੱਕੀ ਵੱਲ ਲਿਜਾਓ ਅਤੇ ਸਿੱਖੀ-ਵਿਰੋਧੀ ਢੰਗ ਨਾਲ ਵਰਤਾਉ ਕਰਨ ਵਾਲਿਆਂ ਨੂੰ ਪਛਾੜ ਦਿਉ।'[65] ਨਿਆਂ ਕਰਨ ਲਈ ਅਤੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਅਕਸਰ ਸਖ਼ਤ ਕਰਵਾਈ ਕੀਤੀ ਜਾਂਦੀ ਸੀ। ਉਹ ਬੜੇ ਸਖ਼ਤ ਸਮੇਂ ਸਨ ਅਤੇ ਕੇਵਲ ਅਜਿਹੀਆਂ ਕਾਰਵਾਈਆਂ ਹੀ ਗੈਰ-ਜ਼ਿੰਮੇਵਾਰ ਕਰਮਚਾਰੀਆਂ ਨੂੰ ਇਸ ਗੱਲ ਦੀ ਸੋਝੀ ਕਰਾ ਸਕਦੀਆਂ ਸਨ ਕਿ ਸਖ਼ਤ ਨਿਰਦਇਤਾ ਅਤੇ ਜ਼ੋਰਾਵਰੀ ਨਾਲ ਹੀ ਸਦਾ ਗੁਜ਼ਾਰਾ ਨਹੀਂ ਚਲਦਾ।

ਬੰਦਾ ਸਿੰਘ ਦਾ ਅੰਤਿਮ ਮਨੋਰਥ ਮੁਲਕ ਨੂੰ ਮੁਗ਼ਲ ਰਾਜ ਤੋਂ ਸੁਤੰਤਰ ਕਰਵਾਉਣਾ ਸੀ। ਮੁਗ਼ਲ ਰਾਜ ਆਪਣੇ ਬਹੁਤ ਸਾਰੇ ਲੱਛਣਾਂ ਵਿਚ ਹਾਲੇ ਵੀ ਵਿਦੇਸ਼ੀ ਹੀ ਸੀ। ਇਹ ਰਾਜ ਉਤਨਾ ਹੀ ਸਖ਼ਤ ਅਤੇ ਹਮਦਰਦੀ ਤੋਂ ਸਖਣਾ ਸੀ ਜਿਤਨਾ ਗੁਰੂ ਨਾਨਕ ਸਾਹਿਬ ਦੇ ਸਮੇਂ ਵਿਚ ਸੀ, ਜਿਨ੍ਹਾਂ ਨੇ ਇਸ ਰਾਜ ਨੂੰ 'ਸ਼ੀਹਾਂ' ਅਤੇ 'ਕੁਤਿਆਂ' ਦਾ ਰਾਜ ਕਿਹਾ ਸੀ। ਸਾਰੀ ਸਿੱਖ ਲਹਿਰ ਕੌਮੀ ਜਾਗ੍ਰਤੀ ਲਈ ਸੀ ਜਿਸ ਨੇ ਪਹਿਲਾਂ ਲੋਕਾਂ ਦੀ ਆਤਮਾ ਨੂੰ ਸੁਤੰਤਰ ਕੀਤਾ ਫਿਰ ਉਨ੍ਹਾਂ ਵਿਚ ਰਾਜਸੀ ਚੇਤੰਨਤਾ ਨੂੰ ਉਤੇਜਿਤ ਕਰ ਕੇ ਜ਼ੁਲਮ ਅਤੇ ਜਬਰ ਦਾ ਮੁਕਾਬਲਾ ਕਰਨ ਲਈ ਉਨ੍ਹਾਂ ਨੂੰ ਇਕ-ਮੁੱਠ ਕੀਤਾ। ਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਆਪਣੇ ਹੱਕਾਂ ਦੀ ਰੱਖਿਆ ਲਈ ਇਕ ਇਨਕਲਾਬੀ ਸ਼ਕਤੀ ਵਜੋਂ ਜੱਥੇਬੰਦ ਕੀਤਾ ਅਤੇ ਉਨ੍ਹਾਂ ਨੇ ਸਿੱਖਾਂ ਨੂੰ ਬ੍ਰਾਹਮਣਾਂ ਅਤੇ ਮੁੱਲਾਣਿਆਂ ਤੋਂ ਆਪਣੀ ਮਰਜ਼ੀ ਦਾ ਭੋਜਨ ਖਾਣ ਦੀ ਖੁਲ੍ਹ, ਪੂਜਾ ਕਰਨ ਦੀ ਖੁਲ੍ਹ, ਆਪਣੇ ਵਿਚਾਰ ਪ੍ਰਗਟ ਕਰਨ ਅਤੇ ਉਨ੍ਹਾਂ ਦੇ ਪ੍ਰਚਾਰ ਦੀ ਖੁਲ੍ਹ ਦੁਆਈ। ਛੇਵੇਂ ਅਤੇ ਦਸਵੇਂ ਗੁਰੂ ਸਾਹਿਬਾਨ ਨੇ ਉਨ੍ਹਾਂ ਨੂੰ ਲੜਾਈ ਵਿਚ ਲੜਨਾ ਅਤੇ ਮੁਗ਼ਲ-ਨਿਰੰਕੁਸ਼ਤਾ ਦੇ ਭੈਅ ਨੂੰ ਨਸ਼ਟ ਕਰਨਾ ਸਿਖਾਇਆ। ਪਰ ਉਨ੍ਹਾਂ ਦਾ ਨਿਸ਼ਾਨਾ ਸਦਾ ਆਪਣੀ ਰੱਖਿਆ ਵਿਚ ਲੜਨ ਦਾ ਰਿਹਾ। ਉਨ੍ਹਾਂ ਨੇ ਕਦੇ ਵੀ ਇਲਾਕਾ ਜਿੱਤਣ, ਵੈਰੀਆਂ ਨੂੰ ਕੈਦੀ ਬਣਾਉਣ ਜਾਂ ਦੁਸ਼ਮਣਾਂ ਤੋਂ ਧਨ ਖੋਹਣ ਦੇ ਲਾਲਚ ਨੂੰ ਆਪਣੇ ਉਪਰ ਹਾਵੀ ਨਹੀਂ ਹੋਣ ਦਿੱਤਾ। ਬੰਦਾ ਸਿੰਘ ਸਿੱਖਾਂ ਵਿਚ ਪਹਿਲਾ ਆਦਮੀ ਸੀ ਜਿਸ ਨੇ ਸਿਆਸੀ ਰਾਜ ਸਥਾਪਿਤ ਕਰਨ ਬਾਰੇ ਸੋਚਿਆ। ਉਸ ਨੇ ਮੁਗ਼ਲ ਰਾਜ ਨੂੰ ਨਕਾਰਾ ਕਰਨ ਲਈ ਲੜਾਈਆਂ ਨਹੀਂ ਲੜੀਆਂ ਸਗੋਂ ਇਸ ਦਾ ਖੁਰਾ ਖੋਜ ਮਿਟਾ ਦੇਣ ਲਈ ਲੜੀਆਂ। ਇਸ ਲਈ ਉਸ ਨੇ ਸਰਕਾਰੀ ਕਰਮਚਾਰੀਆਂ ਨੂੰ ਨੌਕਰੀਆਂ

65. ਕੇਸਰ ਸਿੰਘ, *ਬੰਸਾਵਲੀ-ਨਾਮਾ*, ਪੰਨਾ 136.

ਤੋਂ ਕੱਢ ਕੇ ਉਨ੍ਹਾਂ ਦੀ ਥਾਂ ਆਪਣੇ ਆਦਮੀ ਲਾਏ। ਉਸ ਨੇ ਜ਼ਿਮੀਦਾਰ ਪ੍ਰਣਾਲੀ ਲਾਗੂ ਕੀਤੀ ਜੋ ਅਜ ਤਕ ਸਭ ਤੋਂ ਵਧੀਆਂ ਭੂਮੀਂ ਸੁਧਾਰਾਂ ਵਿੱਚੋਂ ਇਕ ਗਿਣੀ ਜਾਂਦੀ ਹੈ। ਉਸ ਨੇ ਮਹਾਨ ਜਿੱਤਾਂ ਪ੍ਰਾਪਤ ਕੀਤੀਆਂ ਅਤੇ ਕੁਝ ਸਮੇਂ ਲਈ ਤਾਂ ਲੋਕਾਂ ਨੂੰ ਇਹ ਅਹਿਸਾਸ ਕਰਾ ਦਿੱਤਾ ਕਿ ਇਸ ਮੁਲਕ ਵਿਚ ਇਕ ਮਹਾਨ ਪ੍ਰਤਿਭਾ ਵਾਲਾ ਵਿਅਕਤੀ ਉਠਿਆ ਹੈ ਜੋ ਸਦੀਆਂ ਦੀਆਂ ਵਧੀਕੀਆਂ ਨੂੰ ਠਲ੍ਹ ਪਾ ਦੇਵੇਗਾ ਅਤੇ ਇਕ ਨਵਾਂ ਪ੍ਰਬੰਧ ਸਥਾਪਿਤ ਕਰੇਗਾ।

ਪਰ ਇਹ ਕੰਮ ਉਸ ਦੇ ਕਰਨ ਤੋਂ ਬਹੁਤ ਭਾਰੀ ਸਾਬਤ ਹੋਇਆ। ਮੁਗ਼ਲ ਰਾਜ ਦੀਆਂ ਜੜ੍ਹਾਂ ਇਸ ਧਰਤੀ ਵਿਚ ਬਹੁਤ ਡੂੰਘੀਆਂ ਉੱਤਰੀਆਂ ਹੋਈਆਂ ਸਨ ਅਤੇ ਇਸ ਦੀ ਸ਼ਕਤੀ ਹਾਲੇ ਤਕ ਢਿੱਲੀ ਨਹੀਂ ਸੀ ਹੋਈ। ਮੁਗ਼ਲ ਸਰਕਾਰ ਦੀ ਇਹ ਖੁਸ਼ਕਿਸਮਤੀ ਸੀ ਕਿ ਇਸ ਵੇਲੇ ਪੰਜਾਬ ਦੀ ਵਾਗਡੋਰ ਅਬਦੁਸ-ਸਮਦ ਖ਼ਾਂ ਵਰਗੇ ਡਾਢੇ ਬੰਦੇ ਦੇ ਹੱਥਾਂ ਵਿਚ ਸੀ ਜਿਸ ਨੇ ਇਥੋਂ ਦੀਆਂ ਸਾਰੀਆਂ ਉਪਲਬਧ ਸ਼ਕਤੀਆਂ ਨੂੰ ਇਕੱਠਿਆਂ ਕਰਕੇ ਸਿੱਖਾਂ ਨੂੰ ਠੱਲ੍ਹ ਪਾਈ ਰੱਖੀ। ਦੂਜੇ ਪਾਸੇ ਬੰਦਾ ਸਿੰਘ ਪਾਸ ਅਜਿਹੇ ਸਾਧਨ ਨਹੀਂ ਸਨ। ਇਕ ਡਾਢਾ ਨਿਡਰ ਵਿਅਕਤੀ ਭਾਵੇਂ ਬਹੁਤ ਕੁਝ ਕਰ ਸਕਦਾ ਹੈ ਪਰ ਇਹ ਸਭ ਕੁਝ ਨਹੀਂ ਕਰ ਸਕਦਾ। ਉਸ ਨੂੰ ਆਪਣੇ ਯਤਨਾਂ ਵਿਚ ਆਦਮੀਆਂ ਅਤੇ ਲੋੜੀਂਦੇ ਸਾਮਾਨ ਦੀ ਜ਼ਰੂਰੀ ਸਹਾਇਤਾ ਮਿਲਣੀ ਚਾਹੀਦੀ ਹੈ ਪਰ ਸ਼ੁਰੂ ਤੋਂ ਹੀ ਬੰਦਾ ਸਿੰਘ ਨੂੰ ਇਸ ਪਖੋਂ ਬੜੀ ਔਕੜ ਰਹੀ ਸੀ। ਉਸ ਦੀ ਆਰੰਭ ਕੀਤੀ ਲਹਿਰ ਦੀਆਂ ਸਫ਼ਲਤਾਵਾਂ ਤੋਂ ਉਪਰਲੀਆਂ ਸ਼੍ਰੇਣੀਆਂ ਏਨੀਆਂ ਭੈ ਭੀਤ ਹੋ ਗਈਆਂ ਸਨ ਕਿ ਉਨ੍ਹਾਂ ਨੇ ਖੁੱਲਮ ਖੁੱਲ੍ਹਾ ਉਸ ਦੀ ਸਹਾਇਤਾ ਲਈ ਸਾਹਮਣੇ ਨਿੱਤਰਨ ਦਾ ਹੀਆ ਨਾ ਕੀਤਾ। ਸਿੱਖਾਂ ਦੀਆਂ ਕੇਵਲ ਗਰੀਬ ਸ਼੍ਰੇਣੀਆਂ ਨੇ ਹੀ ਉਸ ਦਾ ਸਾਥ ਦਿੱਤਾ। ਅਤੇ ਉਨ੍ਹਾਂ ਦੀ ਗਿਣਤੀ ਬਹੁਤੀ ਨਹੀਂ ਸੀ। ਆਮ ਹਿੰਦੂ ਜਨਤਾ ਨੇ ਆਪਣੇ ਆਪ ਨੂੰ ਇਸ ਲਹਿਰ ਤੋਂ ਉੱਕਾ ਹੀ ਵੱਖ ਰਖਿਆ। ਬਹੁਤ ਸਾਰੇ ਰਾਜਿਆਂ, ਜਿਵੇਂ ਚਤਰ ਸਾਲ, ਬਦਨ ਸਿੰਘ ਅਤੇ ਉਦਿਤ ਸਿੰਘ ਬੁੰਦੇਲਾ, ਚੂੜਾਮਨ ਜਾਟ, ਗੋਪਾਲ ਸਿੰਘ ਭਦੋੜੀਆ, ਬਚਨ ਸਿੰਘ ਕਛਵਾਹਾ ਅਤੇ ਸ਼ਿਵਾਲਕ ਦੇ ਪਹਾੜੀ ਰਾਜਿਆਂ ਨੇ ਬੰਦਾ ਸਿੰਘ ਵਿਰੁੱਧ ਬੜਾ ਸਰਗਰਮ ਭਾਗ ਲਿਆ ਅਤੇ ਉਹ ਸਭ ਮੁਗ਼ਲਾਂ ਨਾਲ ਮਿਲੇ ਰਹੇ। ਇਨ੍ਹਾਂ ਸਾਰਿਆਂ ਕਾਰਣਾਂ ਨੇ ਮਿਲ ਕੇ ਬੰਦਾ ਸਿੰਘ ਦੀਆਂ ਸਫ਼ਲਤਾਵਾਂ ਨੂੰ ਚਿਰ ਜੀਵੀ ਨਹੀਂ ਬਣਨ ਦਿੱਤਾ।

ਪਰ ਬੰਦਾ ਸਿੰਘ ਨੇ ਆਪਣੀਆਂ ਸਭ ਪ੍ਰਾਪਤੀਆਂ ਰਣ-ਭੂਮੀ ਵਿਚ ਹੀ ਨਹੀਂ ਸਨ ਕੀਤੀਆਂ। ਉਸ ਨੇ ਲੋਕਾਂ ਦੇ ਮਨਾਂ ਵਿਚ ਇਕ ਇਨਕਲਾਬ ਲਿਆਂਦਾ ਜਿਸ ਨੂੰ ਦੇਖਣ ਅਤੇ ਸਮਝਣ ਵਿਚ ਇਤਿਹਾਸ ਬਹੁਤ ਹੱਦ ਤਕ ਅਸਫ਼ਲ ਰਿਹਾ ਹੈ। ਉਸ ਨੇ ਜ਼ੁਲਮ ਦਾ ਟਾਕਰਾ ਕਰਨ ਅਤੇ ਆਪਣੇ ਰਾਸ਼ਟਰੀ ਮਨੋਰਥ ਲਈ ਜੀਊਣ ਅਤੇ ਮਰਨ ਲਈ ਆਮ ਲੋਕਾਂ ਦੇ ਅੰਦਰ ਮੁਕਾਬਲਾ ਕਰਨ ਦਾ ਸਾਹਸ ਅਤੇ ਦ੍ਰਿੜ੍ਹਤਾ ਪੈਦਾ ਕੀਤੀ। ਇਸ ਸਬੰਧੀ ਬੰਦਾ ਸਿੰਘ ਅਤੇ ਉਸ ਦੇ ਸਾਥੀਆਂ ਦੇ ਪਾਏ ਪੂਰਨਿਆਂ ਨੇ ਆਉਣ ਵਾਲੇ ਭਿਆਨਕ ਸਮਿਆਂ ਲਈ ਚਾਨਣ ਮੁਨਾਰੇ ਦਾ ਕੰਮ ਕੀਤਾ। ਕੌਮੀ ਰਾਜ ਦਾ ਵਿਚਾਰ ਜੋ ਚਿਰਾਂ ਤੋਂ ਮਰਿਆ ਪਿਆ ਸੀ ਮੁੜ ਸਰਜੀਤ ਹੋ ਗਿਆ ਅਤੇ ਭਾਵੇਂ ਉਸ ਨੂੰ ਆਰਜ਼ੀ ਤੌਰ ਤੇ ਸਖ਼ਤ ਅਤਿਆਚਾਰਾਂ ਨਾਲ ਦਬਾ ਦਿੱਤਾ ਗਿਆ ਸੀ ਪਰ ਇਹ ਸੁਲਗਦੀ ਅੱਗ ਦੀ ਤਰ੍ਹਾਂ ਅੰਦਰੋਂ ਅੰਦਰ ਚੁਪਕੇ ਚੁਪਕੇ ਕੰਮ ਕਰਦਾ ਰਿਹਾ ਅਤੇ ਚਾਲ੍ਹੀ ਵਰ੍ਹੇ ਪਿੱਛੋਂ ਪੂਰੀ ਚਮਕ ਦਮਕ ਨਾਲ ਭਾਂਬੜ ਬਣ ਕੇ ਭੜਕ ਉਠਿਆ ਜਿਸ ਨੂੰ ਮੁੜ ਦਬਾਇਆ ਨਾ ਜਾ ਸਕਿਆ।

*ਭਾਗ ਤੀਜਾ*

# *ਅਤਿਆਚਾਰ ਝੱਲ ਕੇ ਸ਼ਕਤੀ ਦੀ ਪ੍ਰਾਪਤੀ*

ਬੰਦਾ ਸਿੰਘ ਦੀ ਰਾਜਸੀ ਸੱਤਾ ਦੇ ਡਿਗਣ ਤੋਂ ਲੈ ਕੇ 1765 ਵਿਚ ਸਿੱਖ ਰਾਜ ਸਥਾਪਿਤ ਹੋਣ ਤਕ ਦਾ ਇਤਿਹਾਸ ਇਕ ਪਾਸੇ ਖਾਲਸਾ ਅਤੇ ਦੂਜੇ ਪਾਸੇ ਮੁਗ਼ਲਾਂ ਅਤੇ ਦੁਰਾਨੀਆਂ ਦੇ ਵਿਚਕਾਰ ਇਕ ਮਹਾਨ ਸੰਘਰਸ਼ ਦਾ ਰਿਕਾਰਡ ਹੈ। ਇਸ ਸੰਘਰਸ਼ ਵਿਚ ਇਸ ਧਰਤੀ ਦੇ ਸਪੂਤਾਂ ਨੂੰ ਨਾ ਕੇਵਲ ਜਿਉਂਦੇ ਰਹਿਣ ਲਈ ਹੀ ਲੜਨਾ ਪਿਆ ਸਗੋਂ ਉਹ ਇਕ ਲੰਮੀ ਅਤੇ ਦ੍ਰਿੜ੍ਹ ਘਾਲ ਤੋਂ ਬਾਅਦ ਆਪਣੀ ਧਰਤੀ ਉੱਤੇ ਰਾਜ ਕਰਨ ਦੇ ਉਚੇਰੇ ਅਧਿਕਾਰ ਲਈ ਵੰਗਾਰ ਸਕੇ ਸਨ। ਅੱਧੀ ਸਦੀ ਦੇ ਇਸ ਸਮੇਂ ਨੂੰ ਚਾਰ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

(1) *1716 ਤੋਂ 1721 ਤਕ*—ਜਿਥੋਂ ਤਕ ਬਾਹਰਲਿਆਂ ਦਾ ਸੰਬੰਧ ਹੈ ਇਹ ਸਮਾਂ ਚੇਤਨਾ ਸ਼ਕਤੀ ਦੇ ਪੂਰਨ ਅਭਾਵ ਦਾ ਸਮਾਂ ਸੀ। ਇਸ ਸਮੇਂ ਸਿੱਖ ਉਸ ਕਰਾਰੀ ਚੋਟ ਦੇ ਥੱਲੇ ਲੜਖੜਾ ਰਹੇ ਸਨ ਜੋ ਕਤਲਾਂ ਦੁਆਰਾ ਦਿੱਲੀ ਸਰਕਾਰ ਵੱਲੋਂ ਉਨ੍ਹਾਂ ਉੱਤੇ ਲਾਈ ਗਈ ਸੀ ਅਤੇ ਉਹ ਆਪਣੀ ਬੇਬਸੀ ਵਿਚ ਗੁੱਸੇ ਨਾਲ ਆਪਣੇ ਦੰਦ ਪੀਸ ਰਹੇ ਸਨ।

(2) *1721 ਤੋਂ 1748 ਤਕ*—ਇਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਵਿਧਵਾ ਮਾਤਾ ਸੁੰਦਰੀ ਨੇ ਅਮਨ ਸ਼ਾਂਤੀ ਬਹਾਲ ਕਰ ਦਿੱਤੀ ਸੀ ਅਤੇ ਮਾਝਾ ਸਿੱਖ ਸਰਗਰਮੀਆਂ ਦਾ ਕੇਂਦਰ ਬਣ ਗਿਆ ਸੀ। ਇਸ ਦੌਰਾਨ ਸਿੱਖਾਂ ਦੀਆਂ ਕਾਰਵਾਈਆਂ ਨੇ ਮੁਗ਼ਲ ਕਰਮਚਾਰੀਆਂ ਨੂੰ ਕ੍ਰੋਧਿਤ ਕਰ ਦਿੱਤਾ ਅਤੇ ਇਹ ਇਲਾਕਾ ਬੜੇ ਦੁਖਦਾਈ ਕਸ਼ਟਾਂ ਦਾ ਅਖਾੜਾ ਬਣ ਗਿਆ।

(3) *1748 ਤੋਂ 1758 ਤਕ*—ਇਸ ਸਮੇਂ ਅਹਿਮਦਸ਼ਾਹ ਦੁੱਰਾਨੀ ਦੇ ਹਮਲਿਆਂ ਨੇ ਲਾਹੌਰ ਰਾਜ ਨੂੰ ਕਮਜ਼ੋਰ ਕਰ ਦਿੱਤਾ ਅਤੇ ਸਿੱਖਾਂ ਨੂੰ ਕਿਲ੍ਹੇ ਉਸਾਰਨ ਅਤੇ ਆਪਣਾ ਪ੍ਰਭਾਵ ਸਥਾਪਿਤ ਕਰਨ ਲਈ ਉਤਸਾਹਿਤ ਕੀਤਾ ਸੀ, ਜਦੋਂ ਕਿ ਉਨ੍ਹਾਂ ਨੇ ਪਹਿਲੀ ਵਾਰ ਲਾਹੌਰ ਉੱਤੇ ਕਬਜ਼ਾ ਕੀਤਾ ਸੀ।

(4) *1758 ਤੋਂ 1765 ਤਕ*—ਇਸ ਸਮੇਂ ਅਹਿਮਦ ਸ਼ਾਹ ਦੁੱਰਾਨੀ ਸਿੱਖਾਂ ਨੂੰ ਦਬਾ ਦੇਣ ਲਈ ਮੁੜ ਪੰਜਾਬ ਵਿਚ ਆਇਆ ਅਤੇ ਮਹਾਨ ਘੱਲੂਘਾਰੇ ਅਤੇ ਸਿੱਖਾਂ ਦੇ ਪਵਿੱਤਰ ਅਸਥਾਨਾਂ ਦੀ ਨਿਰਾਦਰੀ ਨੇ ਸਿੱਖਾਂ ਦੇ ਸੁਤੰਤਰਤਾ ਅੰਦੋਲਨ ਨੂੰ ਹੋਰ ਉਤੇਜਿਤ ਕਰ ਦਿੱਤਾ ਸੀ ਅਤੇ ਉਨ੍ਹਾਂ ਦਾ ਸੰਘਰਸ਼ ਉਦੋਂ ਤਕ ਜਾਰੀ ਰਿਹਾ ਜਦੋਂ ਤਕ ਉਹ ਪੰਜਾਬ ਵਿਚ ਸਰਵ-ਸੱਤਾਧਾਰੀ ਨਹੀਂ ਬਣ ਗਏ।

## 1. **ਸਿੱਖਾਂ ਵਿਚ ਦੁਫੇੜ** (1716-1721)

ਬੰਦਾ ਸਿੰਘ ਦੀ ਹਾਰ ਅਤੇ ਮੌਤ ਬਾਅਦ ਮੁਗ਼ਲ ਸਰਕਾਰ ਨੇ ਸਭ ਸੰਭਵ ਕਾਰਵਾਈਆਂ ਕੀਤੀਆਂ ਜੋ ਸਰਕਾਰ ਦੇ ਗੁੱਸੇ ਕਾਰਣ ਅਮਲ ਵਿਚ ਲਿਆਂਦੀਆਂ ਜਾ ਸਕਦੀਆਂ ਸਨ ਜਿਨ੍ਹਾਂ ਦੁਆਰਾ ਨਾ ਸਿਰਫ਼ ਸਿੱਖ ਸ਼ਕਤੀ ਨੂੰ ਹੀ ਖਤਮ ਕਰਨ ਦਾ ਮਨੋਰਥ ਸੀ ਸਗੋਂ ਸਾਰੀ ਸਿੱਖ ਕੌਮ ਨੂੰ ਮਾਰ ਮੁਕਾਉਣਾ ਸੀ। ਫਾਰੁਖ ਸੀਅਰ ਨੇ ਇਕ ਫਰਮਾਨ[1] ਜਾਰੀ ਕੀਤਾ ਜਿਸ ਦੁਆਰਾ ਜਿਹੜਾ ਸਿੱਖ ਵੀ ਉਸ ਦੇ

1. ਦਾਨਿਸ਼ਵਰ—*ਮਿਫ਼ਤਾਹ-ਉਲ-ਤਵਾਰੀਖ਼*, ਪੰਨਾ 398; Forster's *Travels*, p. 271; Malcolm's *Sketch*, p. 85.

ਅਫ਼ਸਰਾਂ ਦੇ ਹੱਥ ਆ ਜਾਂਦਾ ਸੀ, ਜੇ ਉਹ ਮੁਸਲਮਾਨ ਬਣਨ ਲਈ ਤਿਆਰ ਨਹੀਂ ਸੀ ਹੁੰਦਾ, ਤਾਂ ਉਸ ਨੂੰ ਕਤਲ ਕਰ ਦਿੱਤਾ ਜਾਂਦਾ। ਹਰ ਸਿੱਖ ਦੇ ਸਿਰ ਲਈ ਇਨਾਮ ਦੀ ਪੇਸ਼ਕਸ਼ ਕੀਤੀ ਗਈ। ਅਤਿਆਚਾਰੀਆਂ ਵਿਚ ਜ਼ੁਲਮ ਦੀ ਭਾਵਨਾ ਇਤਨੀ ਪ੍ਰਬਲ ਸੀ ਅਤੇ ਉਨ੍ਹਾਂ ਦੀਆਂ ਕਾਰਵਾਈਆਂ ਨੂੰ ਇਤਨੀ ਸਫ਼ਲਤਾ ਮਿਲ ਰਹੀ ਸੀ ਕਿ ਇਕ ਸਮੇਂ ਤਾਂ ਇਹ ਜਾਪਣ ਲਗ ਪਿਆ ਕਿ ਪੰਜਾਬ ਦੀ ਧਰਤੀ ਵਿਚੋਂ ਸਿੱਖਾਂ ਦਾ ਨਾਂ ਨਿਸ਼ਾਨ ਮਿਟਾ ਦੇਣ ਦੀ ਫਾਰੁਖ ਸੀਅਰ ਦੀ ਡੀਂਗ ਪੂਰੀ ਹੁੰਦੀ ਜਾਪਦੀ ਸੀ। ਸੈਂਕੜੇ ਆਦਮੀਆਂ ਨੂੰ ਉਨ੍ਹਾਂ ਦੇ ਪਿੰਡਾਂ ਤੋਂ ਫੜਕੇ ਲਿਆਂਦਾ ਜਾਂਦਾ ਅਤੇ ਕਤਲ ਕਰ ਦਿੱਤਾ ਜਾਂਦਾ ਸੀ। ਹਜ਼ਾਰਾਂ ਅਜਿਹੇ ਆਦਮੀ ਜੋ ਬੰਦਾ ਸਿੰਘ ਨਾਲ ਕੇਵਲ ਲੁੱਟ ਦੀ ਗਰਜ ਨਾਲ ਸ਼ਾਮਿਲ ਹੋਏ ਸਨ, ਆਪਣੇ ਵਾਲ ਕਟਵਾ ਕੇ ਮੁੜ ਹਿੰਦੂਆਂ ਵਿਚ ਜਾ ਮਿਲੇ। ਇਨ੍ਹਾਂ ਤੋਂ ਇਲਾਵਾ ਕੁਝ ਹੋਰ ਅਜਿਹੇ ਸਿੱਖ ਸਨ ਜਿਨ੍ਹਾਂ ਨੇ ਹਾਲੇ ਤਕ ਗੁਰੂ ਗੋਬਿੰਦ ਸਿੰਘ ਜੀ ਦਾ ਅੰਮ੍ਰਿਤ ਨਹੀਂ ਸੀ ਛਕਿਆ ਤੇ ਨਾ ਹੀ ਉਨ੍ਹਾਂ ਵਿਚ ਅਜਿਹਾ ਕਰਨ ਦਾ ਹੌਸਲਾ ਪਿਆ ਕਿਉਂਕਿ ਬਾਹਰੀ ਚਿੰਨ੍ਹ ਧਾਰਨ ਕਰਨਾ ਮੌਤ ਨੂੰ ਸੱਦਾ ਦੇਣ ਦੇ ਬਰਾਬਰ ਸੀ। ਇਸ ਲਈ ਉਹ ਲੋਕ ਵੀ, ਜੋ ਸਿੱਖ ਮਤ ਵਿਚ ਵਿਸ਼ਵਾਸ ਤਾਂ ਰਖਦੇ ਸਨ ਪਰ ਇਸ ਲਈ ਮਰਨ ਦਾ ਹੌਸਲਾ ਨਹੀਂ ਸੀ ਰਖਦੇ, ਲੰਮੇ ਵਾਲ ਰਖਣ ਤੋਂ ਬਿਨਾਂ ਹੀ ਇਧਰ ਉਧਰ ਫਿਰਦੇ ਰਹੇ। ਉਨ੍ਹਾਂ ਨੂੰ ਖੁਲਾਂਸਾ ਜਾਂ ਸਹਿਜਧਾਰੀ ਕਿਹਾ ਜਾਂਦਾ ਸੀ। ਉਹ ਬਾਕਾਇਦਾ ਸਿੱਖਾਂ ਵਾਲੇ ਅਸੂਲਾਂ ਵਿਚ ਵਿਸ਼ਵਾਸ ਰਖਦੇ ਸਨ ਅਤੇ ਲੋੜ ਪੈਣ ਤੇ ਪੈਸੇ ਅਤੇ ਰਸਦ ਦੁਆਰਾ ਉਨ੍ਹਾਂ ਦੀ ਮਦਦ ਕਰਦੇ ਸਨ ਅਤੇ ਜਦੋਂ ਉਹ ਆਪਣੇ ਆਪ ਨੂੰ ਕੁਰਬਾਨੀ ਦੇਣ ਲਈ ਤਿਆਰ ਸਮਝਦੇ ਸਨ ਤਾਂ ਅੰਮ੍ਰਿਤ ਛਕ ਕੇ ਉਨ੍ਹਾਂ ਸਿੱਖਾਂ ਦੇ ਨਾਲ ਸ਼ਾਮਿਲ ਹੋ ਜਾਂਦੇ ਸਨ। ਅਸਲੀ ਸਿੱਖਾਂ ਨੇ ਪਹਾੜਾਂ ਅਤੇ ਜੰਗਲਾਂ ਵਿਚ ਜਾ ਸ਼ਰਨ ਲਈ ਅਤੇ ਕੁਝ ਸਮੇਂ ਲਈ ਉਹ ਘਟਨਾ-ਖੇਤਰ ਤੋਂ ਅਲੋਪ ਹੋ ਗਏ।

ਪਹਿਲਾ ਝਟਕਾ ਛੇਤੀ ਹੀ ਖ਼ਤਮ ਹੋ ਗਿਆ ਅਤੇ ਮੁਗ਼ਲ ਕਰਮਚਾਰੀਆਂ ਦਾ ਜੋਸ਼ ਵੀ ਕੁਝ ਠੰਡਾ ਪੈ ਗਿਆ ਜਾਪਦਾ ਸੀ। ਅਬਦੁਸ-ਸਮਦ ਖ਼ਾਂ ਬੁੱਢਾ ਹੋ ਰਿਹਾ ਸੀ ਅਤੇ ਉਸ ਦੇ ਸਾਹਮਣੇ ਕਈ ਸਾਰੇ ਵਿਦਰੋਹ ਦਬਾਉਣ ਲਈ ਬਾਕੀ ਸਨ। ਉਹ ਸਿੱਖਾਂ ਵੱਲ ਪਹਿਲਾਂ ਜਿਤਨਾ ਧਿਆਨ ਨਹੀਂ ਸੀ ਦੇ ਸਕਦਾ। ਸਿੱਖ ਹੌਲੀ ਹੌਲੀ ਆਪਣੀਆਂ ਛੁਪਣ ਵਾਲੀਆਂ ਥਾਵਾਂ ਤੋਂ ਬਾਹਰ ਨਿਕਲੇ ਅਤੇ ਆਪਣੇ ਘਰਾਂ ਨੂੰ ਵਾਪਿਸ ਚਲੇ ਆਏ। ਸ਼ਾਹੀ ਫਰਮਾਨ ਦਾ ਲਾਗੂ ਹੋਣਾ ਕੇਵਲ ਉਨ੍ਹਾਂ ਤਕ ਹੀ ਸੀਮਿਤ ਕੀਤਾ ਗਿਆ, ਜਿਨ੍ਹਾਂ ਉੱਤੇ ਇਹ ਸ਼ੱਕ ਸੀ ਕਿ ਉਨ੍ਹਾਂ ਨੇ ਬੰਦਾ ਸਿੰਘ ਦੀਆਂ ਮੁਹਿੰਮਾਂ ਵਿਚ ਸਰਗਰਮ ਭਾਗ ਲਿਆ ਸੀ। ਬਾਕੀ ਸਾਰਿਆਂ ਨੂੰ ਆਪਣੇ ਸ਼ਾਂਤਮਈ ਧੰਦੇ ਕਰਨ ਲਈ ਛੱਡ ਦਿੱਤਾ ਗਿਆ।

ਸਿੱਖਾਂ ਦੇ ਮੈਦਾਨਾਂ ਵਿਚ ਆ ਜਾਣ ਨਾਲ ਗੁਰਦੁਆਰਿਆਂ ਵੱਲ ਉਨ੍ਹਾਂ ਦੀਆਂ ਯਾਤਰਾਵਾਂ ਵਿਚ ਬਹੁਤ ਵਾਧਾ ਹੋ ਗਿਆ। ਉਹ ਵਿਸ਼ੇਸ਼ ਕਰਕੇ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਯਾਤਰਾ ਤੇ ਜਾਂਦੇ ਸਨ ਜਿੱਥੇ ਉਹ ਵਿਸਾਖੀ ਅਤੇ ਦੀਵਾਲੀ ਦੇ ਮੌਕਿਆਂ ਉੱਤੇ ਭਾਰੀ ਗਿਣਤੀ ਵਿਚ ਇਕੱਠੇ ਹੁੰਦੇ ਸਨ। ਇਸ ਨਾਲ ਉਨ੍ਹਾਂ ਲਈ ਨਵੇਂ ਮਸਲੇ ਪੈਦਾ ਹੋ ਗਏ ਜਿਵੇਂ ਉਥੇ ਗੁਰਦੁਆਰੇ ਵਿਚ ਸੇਵਾ ਅਤੇ ਉਥੋਂ ਦੀ ਆਮਦਨ ਅਤੇ ਖਰਚ ਦੀ ਕੌਣ ਨਿਗਰਾਨੀ ਕਰੇ? ਪਹਿਲਾਂ ਤਾਂ ਇਸ ਸਬੰਧੀ ਅੰਤਿਮ ਅਧਿਕਾਰ ਗੁਰੂ ਸਾਹਿਬਾਨ ਦੇ ਹੱਥਾਂ ਵਿਚ ਰਿਹਾ ਸੀ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਖ਼ਸੀ ਗੁਰਿਆਈ ਖ਼ਤਮ ਕਰ ਦਿੱਤੀ ਸੀ ਅਤੇ ਇਹ ਪਵਿੱਤਰ ਸ੍ਰੀ ਗ੍ਰੰਥ ਸਾਹਿਬ ਨੂੰ ਸੌਂਪ ਦਿੱਤੀ ਸੀ ਅਤੇ ਇਸ ਦਾ ਪ੍ਰਬੰਧ ਖਾਲਸਾ ਦੁਆਰਾ ਚਲਾਇਆ ਜਾਣਾ ਸੀ।[2] ਖਾਲਸੇ ਦੇ ਅਧਿਕਾਰ ਨੇ ਹਾਲੇ ਆਪਣਾ ਸਹੀ ਸਰੂਪ ਧਾਰਨ ਕਰਨਾ ਸੀ ਅਤੇ ਪੰਥ ਬਣਨਾ ਸੀ। ਪਰ ਸਿੱਖਾਂ ਨੂੰ ਆਪਣੀ ਹੋਂਦ ਲਈ ਲੜਨ ਲਈ ਮਜਬੂਰ ਹੋਣਾ ਪਿਆ ਅਤੇ

---

2. ਕੇਸਰ ਸਿੰਘ, *ਬੰਸਾਵਲੀ-ਨਾਮਾ*, ਪੰਨਾ 130-131, ਭਾਈ ਮਨੀ ਸਿੰਘ, *ਭਗਤ ਰਤਨਾਵਲੀ, ਸਾਖੀ*, 138; *ਸੂਰਜ ਪ੍ਰਕਾਸ਼*, ਰੁਤ 6, ਛੰਦ 41; ਸੋਹਲ ਲਾਲ ਸੂਰੀ, *ਉਮਦਾਤੁਤ-ਤਵਾਰੀਖ*, ਜਿਲਦ ਪਹਿਲੀ, ਪੰਨਾ 64-65; ਬੂਟੇ ਸ਼ਾਹ, *ਤਾਰੀਖ-ਇ-ਪੰਜਾਬ* (ਪੀ. ਪੀ. ਐਲ.) ਪੰਨਾ 53.

ਗੁਰੂ ਸਾਹਿਬ ਦੇ ਪਾਏ ਪੂਰਨਿਆਂ ਅਨੁਸਾਰ ਆਪਣੇ ਆਪ ਨੂੰ ਜੱਥੇਬੰਦ ਕਰਨ ਦਾ ਮੌਕਾ ਨਹੀਂ ਮਿਲਿਆ।

ਖਾਲਸਾ

ਇਸ ਕੇਂਦਰੀ ਸੱਤਾ ਦੇ ਮੁੱਖ ਲੱਛਣ ਇਹ ਸਨ ਕਿ ਇਹ ਅਵੰਡ ਸੀ ਅਤੇ ਇਸ ਦੀ ਵਰਤੋਂ ਅਵਿਅਕਤੀਗਤ ਰੂਪ ਵਿਚ ਕੀਤੀ ਜਾਂਦੀ ਸੀ। ਗੁਰੂ ਸਹਿਬਾਨ ਦੇ ਕਾਲ ਵਿਚ ਵੀ ਇਸ ਦੀ ਏਕਤਾ ਉੱਤੇ ਇਸ ਸਿਧਾਂਤ ਦੁਆਰਾ ਜ਼ੋਰ ਦਿੱਤਾ ਗਿਆ ਸੀ ਕਿ ਸਾਰੇ ਗੁਰੂ ਜੋਤ ਵਿਚ ਇਕ ਸਨ।[3] ਉਨ੍ਹਾਂ ਦੇ ਵੱਖ-ਵੱਖ ਸਰੀਰ ਸਨ ਅਤੇ ਉਹ ਵਿਅਕਤੀਗਤ ਸਨਮਾਨ ਪ੍ਰਾਪਤ ਕਰਦੇ ਜਾਪਦੇ ਸਨ। ਇਸ ਸਨਮਾਨ ਨੂੰ ਗ਼ੈਰ-ਸ਼ਖ਼ਸੀ ਬਣਾਉਣ ਲਈ 'ਗੁਰੂ ਸਾਹਿਬ ਦੀ ਸ਼ਖ਼ਸੀਅਤ ਨੂੰ ਗੁਰਿਆਈ ਜੋਤ ਨਾਲੋਂ ਵੱਖਰਾ ਕੀਤਾ ਜਾਂਦਾ ਸੀ ਕਿਉਂਕਿ ਗੁਰਿਆਈ ਨੂੰ ਅਵੰਡ ਅਤੇ ਚਾਲੂ' ਸਮਝਿਆ ਜਾਂਦਾ ਸੀ। ਇਹ ਗ੍ਰਹਿਣ ਕਰਾਇਆ ਜਾਂਦਾ ਸੀ ਕਿ ਮੂਲ ਰੂਪ ਵਿਚ ਗੁਰੂ ਦੋ ਚੀਜ਼ਾਂ, ਸ਼ਬਦ ਤੇ ਸੰਗਤ ਦਾ ਸੂਚਕ ਹੈ। ਇਕ ਪਾਸੇ ਸ਼ਬਦ ਤੇ ਗੁਰੂ ਅਤੇ ਦੂਜੇ ਪਾਸੇ ਗੁਰੂ ਤੇ ਸਿੱਖ ਦੇ ਵਿਚਕਾਰ ਇਕ ਅਧਿਆਤਮਕ ਏਕਤਾ ਸਥਾਪਿਤ ਕੀਤੀ ਗਈ ਸੀ। ਸੰਮਿਲਤ ਸ਼ਬਦ ਨੂੰ ਬਹੁਤ ਆਦਰ ਦਿੱਤਾ ਜਾਣ ਲਗ ਪਿਆ, ਇਥੋਂ ਤਕ ਕਿ ਗੁਰੂ ਸਾਹਿਬਾਨ ਨੇ ਆਪਣੇ ਆਪ ਲਈ ਬਾਣੀ ਤੋਂ ਨੀਵੇਂ ਥਾਂ ਬੈਠਣਾ ਉੱਚਿਤ ਸਮਝਿਆ। ਸਿੱਖ ਸੰਗਤਾਂ ਨੂੰ ਵੀ ਬਹੁਤ ਪਵਿੱਤਰ ਸਥਾਨ ਪ੍ਰਾਪਤ ਹੋ ਗਿਆ ਜਿਸ ਦੇ ਪਿੱਛੇ ਇਹ ਵਿਸ਼ਵਾਸ ਸੀ ਕਿ ਸੰਗਤ ਵਿਚ ਗੁਰੂ ਦੀ ਜੋਤ ਪ੍ਰਵੇਸ਼ ਕਰਦੀ ਹੈ ਅਤੇ ਵਿਚਰਦੀ ਹੈ। ਸੰਗਤਾਂ ਨੂੰ ਉੱਚੀ ਤੋਂ ਉੱਚੀ ਸਤਾ ਪ੍ਰਾਪਤ ਹੋਣੀ ਸ਼ੁਰੂ ਹੋ ਗਈ ਅਤੇ ਸੰਗਤਾਂ ਨੂੰ ਸਮੁਚੇ ਤੌਰ ਤੇ ਪੰਥ ਕਿਹਾ ਜਾਣ ਲਗ ਪਿਆ ਅਤੇ ਪੰਥ ਨੂੰ ਗੁਰੂ ਦਾ ਸਰੂਪ ਸਮਝਿਆ ਜਾਣ ਲਗ ਪਿਆ। ਗੁਰੂ ਗੋਬਿੰਦ ਸਿੰਘ ਜੀ ਨੇ ਜਿਨ੍ਹਾਂ ਸਿੱਖਾਂ ਨੂੰ ਆਪ ਅੰਮ੍ਰਿਤ ਛਕਾਇਆ ਉਨ੍ਹਾਂ ਤੋਂ ਹੀ ਆਪ ਅੰਮ੍ਰਿਤ ਛਕਿਆ ਸੀ। ਆਖ਼ਰੀ ਗੁਰੂ ਭਾਵ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਦੇ ਵਿਅਕਤੀਗਤ ਅਤੇ ਸ਼ਬਦ ਰੂਪੀ ਪੱਖਾਂ ਨੂੰ ਵੱਖ-ਵੱਖ ਕਰ ਦਿੱਤਾ। ਗੁਰਿਆਈ ਦਾ ਇਕ ਪੱਖ ਖਾਲਸੇ ਨੂੰ ਤੇ ਦੂਜਾ ਪਵਿੱਤਰ ਗ੍ਰੰਥ ਸਾਹਿਬ ਨੂੰ ਸੌਂਪਿਆ ਗਿਆ। ਦੋਨਾਂ ਨੂੰ ਹੀ ਗੁਰੂ ਦਾ ਪਦ ਪ੍ਰਾਪਤ ਹੋਇਆ ਅਤੇ ਇਕ ਨੂੰ ਗੁਰੂ ਗ੍ਰੰਥ ਅਤੇ ਦੂਜੇ ਨੂੰ ਗੁਰੂ ਪੰਥ ਕਿਹਾ ਜਾਣ ਲਗ ਪਿਆ। ਅਸਲ ਵਿਚ ਸਿੱਖ ਸੰਗਤ ਪਵਿੱਤਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜੁੜ ਕੇ ਸਾਂਝੇ ਹਿਤ ਦੇ ਮਸਲਿਆਂ ਉੱਤੇ ਵਿਚਾਰ ਕਰ ਕੇ ਆਪਣੇ ਫੈਸਲਿਆਂ ਨੂੰ ਮਤਿਆਂ ਦਾ ਰੂਪ ਦਿੰਦੀ ਜਿਨ੍ਹਾਂ ਨੂੰ ਗੁਰਮਤੇ ਕਿਹਾ ਜਾਂਦਾ ਸੀ। ਸਭ ਸਿੱਖਾਂ ਤੋਂ ਆਸ ਕੀਤੀ ਜਾਂਦੀ ਸੀ ਕਿ ਉਹ ਇਨ੍ਹਾਂ ਨੂੰ ਗੁਰੂ ਦੇ ਫੈਸਲੇ ਸਮਝਣ ਅਤੇ ਉਨ੍ਹਾਂ ਦੀ ਉਲੰਘਣਾ ਕਰਨ ਦੇ ਕਿਸੇ ਵੀ ਯਤਨ ਨੂੰ ਅਧਰਮ ਸਮਝਿਆ ਜਾਂਦਾ ਸੀ। ਸਾਰੀ ਕੌਮ ਸਰਬੱਤ ਖਾਲਸਾ ਦੀਆਂ ਦੀਵਾਲੀ (ਅਕਤੂਬਰ) ਅਤੇ ਵਿਸਾਖੀ (ਅਪ੍ਰੈਲ) ਦੇ ਮੌਕਿਆਂ ਤੇ ਸਾਲ ਵਿਚ ਦੋ ਵਾਰ ਇਕੱਤਰਤਾਵਾਂ ਕੀਤੀਆਂ ਜਾਂਦੀਆਂ ਸਨ।

ਇਹ ਕੇਂਦਰੀ ਸਿੱਖ ਸੱਤਾ ਦੀ ਤਸਵੀਰ[4] ਸੀ ਜੋ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸੁਦ੍ਰਿੜ੍ਹ ਪੈਰੋਕਾਰਾਂ ਦੀ ਦ੍ਰਿਸ਼ਟੀ ਵਿਚ ਆਈ ਸੀ ਜਿਸ ਨੂੰ ਤੱਤ ਖਾਲਸਾ ਕਿਹਾ ਜਾਂਦਾ ਸੀ। ਤੱਤ ਖਾਲਸਾ ਉਨ੍ਹਾਂ ਦੂਜੀਆਂ ਸੰਪਰਦਾਵਾਂ ਨਾਲੋਂ ਭਿੰਨ ਸੀ ਜੋ ਇਹ ਸਮਝਦੀਆਂ ਸਨ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਵਿਅਕਤੀਗਤ ਗੁਰਿਆਈ ਨੂੰ ਖਤਮ ਨਹੀਂ ਸੀ ਕੀਤਾ ਅਤੇ ਉਨ੍ਹਾਂ ਦੀ ਨਿਸ਼ਠਾ ਹਾਲੇ ਵੀ ਆਪਣੇ ਆਪਣੇ ਮੁਰਸ਼ਿਦਾਂ ਪ੍ਰਤੀ ਬਣੀ ਹੋਈ ਸੀ।

---

3. *ਦਬਿਸਤਾਨ; ਬੰਸਾਵਲੀ-ਨਾਮਾ*, ਪੰਨਾ 157; Teja Singh, *Sikhism*, pp. 26-27; ਗੁਰਿਆਈ ਦੇ ਸਾਰੇ ਪ੍ਰਸ਼ਨ ਲਈ ਤੀਜਾ ਅਧਿਆਇ ਵੇਖੋ।
4. ਉਨ੍ਹਾਂ ਦਿਨਾਂ ਦੇ ਕੁਝ ਪ੍ਰਸਿੱਧ ਸਿੱਖਾਂ ਦੀਆਂ ਲਿਖਤਾਂ ਦੇ ਅਧਿਐਨ ਤੋਂ ਇਹ ਤਸਵੀਰ ਵਧੇਰੇ ਵਿਸਤ੍ਰਿਤ ਕੀਤੀ ਜਾ ਸਕਦੀ ਹੈ।

**ਦੂਜੀਆਂ ਸੰਪਰਦਾਵਾਂ**

ਅਜਿਹਾ ਇਕ ਦਾਅਵੇਦਾਰ ਅਨੰਦਪੁਰ ਵਿਚ ਪ੍ਰਗਟ ਹੋ ਗਿਆ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਇਕ ਉਦਾਸੀ ਸੰਤ ਗੁਰਬਖ਼ਸ਼ ਨੂੰ ਉੱਥੋਂ ਦੇ ਗੁਰਦੁਆਰਿਆਂ ਦੀ ਦੇਖ ਭਾਲ ਲਈ ਛੱਡ ਆਏ ਸਨ। ਗੁਰੂ ਤੇਗ ਬਹਾਦਰ ਸਾਹਿਬ ਦੇ ਭਰਾ ਸੂਰਜ ਮਲ ਦੇ ਪੁੱਤਰ ਗੁਲਾਬ ਰਾਏ[5] ਨੇ ਆਪਣੇ ਆਪ ਨੂੰ ਗੁਰੂ ਸਥਾਪਿਤ ਕਰ ਲਿਆ ਅਤੇ ਸਿੱਖਾਂ ਨੂੰ ਪੁਰਾਣੀ ਰੀਤੀ ਅਨੁਸਾਰ ਚਰਨ ਪਾਹੁਲ ਦੇਣ ਲਗ ਪਿਆ ਜਿਸ ਰੀਤੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖਤਮ ਕਰ ਦਿੱਤਾ ਹੋਇਆ ਸੀ। ਉਨ੍ਹਾਂ ਸਿੱਖਾਂ ਦਾ ਨਾਉਂ ਗੁਲਾਬ ਰਾਈਏ ਪੈ ਗਿਆ। 1710 ਵਿਚ ਸਰਹਿੰਦ ਦੇ ਲਾਗੇ ਬਹਾਦਰ ਸ਼ਾਹ ਬਾਦਸ਼ਾਹ ਨਾਲ ਗੁਲਾਬ ਰਾਏ ਦੀ ਮੁਲਾਕਾਂਤ ਨਾਲ ਉਸ ਨੂੰ ਕੁਝ ਸ਼ੁਹਰਤ ਮਿਲ ਗਈ। ਉਸ ਨੇ ਅਨੰਦਪੁਰ ਸਾਹਿਬ ਦੇ ਲਾਗੇ ਕੁਝ ਜ਼ਮੀਨ ਵੀ ਖਰੀਦ ਲਈ ਸੀ ਅਤੇ ਗੁਰੂ ਸਾਹਿਬਾਨ ਦੀ ਯਾਦ ਨਾਲ ਸੰਬੰਧਿਤ ਪਵਿੱਤਰ ਅਸਥਾਂਨਾਂ ਉੱਤੇ ਕਬਜ਼ਾ ਕਰ ਕੇ ਉਹ ਉਨ੍ਹਾਂ ਨੂੰ ਆਪਣੀ ਜ਼ਮੀਨ ਦੇ ਨਾਲ ਹੀ ਮਿਲਾ ਲੈਣਾ ਚਾਹੁੰਦਾ ਸੀ। ਉਹ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਗੱਦੀ ਉੱਤੇ ਵੀ ਬੈਠਣ ਲਗ ਗਿਆ ਸੀ। ਉਦਾਸੀ ਸੰਤ ਨੇ ਉਸ ਦੀ ਇਸ ਹਰਕਤ ਉੱਤੇ ਇਤਰਾਜ਼ ਵੀ ਕੀਤਾ ਅਤੇ ਉਸ ਨੇ ਕਿਹਾ ਕਿ ਉਹ ਥਾਵਾਂ ਖਾਲਸਾ ਪੰਥ ਦੀਆਂ ਸਨ ਅਤੇ ਕਿਸੇ ਵਾਹਦ ਵਿਅਕਤੀ ਦੇ ਕਬਜ਼ੇ ਵਿਚ ਨਹੀਂ ਸਨ ਜਾ ਸਕਦੀਆਂ। ਇਹ ਝਗੜਾ ਗੁਲਾਬ ਰਾਏ ਦੀ ਮੌਤ ਨਾਲ ਸਮਾਪਤ ਹੋ ਗਿਆ ਜਿਸ ਦੇ ਉੱਤਰਾਧਿਕਾਰੀ ਵੀ ਛੇਤੀ ਹੀ ਪਿੱਛੋਂ ਉਸ ਦੇ ਪਿੱਛੇ ਹੀ ਚਲਦੇ ਬਣੇ।

ਗੰਗੂ ਸ਼ਾਹੀਏ ਹੀ ਗੰਗੂ[6] ਨਾਂ ਦੇ ਵਿਅਕਤੀ ਪੈਰੋਕਾਰ ਸਨ ਜਿਸ ਨੂੰ ਗੁਰੂ ਅਮਰ ਦਾਸ ਜੀ ਨੇ ਅਸ਼ੀਰਵਾਦ ਦਿੱਤੀ ਸੀ। ਉਸ ਸਮੇਂ ਖੜਕ ਸਿੰਘ ਨਾਂ ਦਾ ਇਕ ਵਿਅਕਤੀ ਗੱਦੀ ਉੱਤੇ ਸੀ ਜਿਹੜਾ ਸਿੱਖ ਸੰਗਤਾਂ ਨੂੰ 'ਵਿਧਵਾ ਹੋਈਆਂ ਸਮਝਦਾ ਸੀ ਕਿਉਂਕਿ ਉਨ੍ਹਾਂ ਪਾਸ ਕੋਈ ਵਿਅਕਤੀ ਉਨ੍ਹਾਂ ਦੀ ਅਗਵਾਈ ਕਰਨ ਵਾਲਾ ਨਹੀ ਸੀ ਉਹ ਅਜਿਹੀ ਅਗਵਾਈ ਦੇਣ ਵਾਲਾ ਵਿਅਕਤੀ ਖ਼ੁਦ ਬਣਨਾ ਚਾਹੁੰਦਾ ਸੀ ਅਤੇ ਆਪਣੀ ਯੋਗਤਾ ਪ੍ਰਗਟ ਕਰਨ ਵਜੋਂ ਉਸ ਨੇ ਕੁਝ ਕਰਾਮਾਤਾਂ ਵਿਖਾਈਆਂ। ਉਸ ਨੇ ਪਾਹੁਲ ਦੇ ਪ੍ਰਸ਼ਨ ਉੱਤੇ ਖਾਲਸੇ ਨਾਲ ਝਗੜਾ ਕਰ ਲਿਆ। ਉਹ ਚਰਨ ਪਾਹੁਲ ਵਿਚ ਵਿਸ਼ਵਾਸ਼ ਰਖਦਾ ਸੀ ਅਤੇ ਸਿੱਖ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਛਕਾਉਣ ਦੀ ਰੀਤੀ ਵਿਚ ਸ਼ਰਧਾ ਰਖਦੇ ਸਨ। ਉਹ ਕਰਾਮਾਤਾਂ ਦੇ ਇਕ ਮੁਕਾਬਲੇ ਵਿਚ ਹਾਰ ਗਿਆ ਅਤੇ ਉਸ ਦੇ ਮਾਨ-ਸਨਮਾਨ ਨੂੰ ਧੱਕਾ ਵਜਾ।

ਹੰਦਾਲੀਏ,[7] ਜਿਨ੍ਹਾਂ ਦਾ ਨਾਂ ਪਿੱਛੋਂ ਨਿਰੰਜੀਨੀਏ ਪੈ ਗਿਆ ਸੀ, ਇਕ ਹੋਰ ਫ਼ਿਰਕਾ ਸੀ ਜੋ ਆਪਣੇ ਨਿਜੀ ਮਕਸਦ ਲਈ ਮੁਸਲਮਾਨੀ ਹਿਤਾਂ ਨਾਲ ਹਮਦਰਦੀ ਰਖਣ ਕਰਕੇ ਸਿੱਖ ਕੇਂਦਰ ਨਾਲੋਂ ਭਟਕ ਗਏ ਸਨ। ਉਨ੍ਹਾਂ ਦਾ ਮੋਢੀ ਆਗੂ ਜੰਡਿਆਲੇ ਨਗਰ ਦਾ ਹੰਦਾਲ ਨਾਮੀ ਆਦਮੀ ਸੀ ਜਿਹੜਾ ਗੁਰੂ ਅਮਰ ਦਾਸ ਜੀ ਅਤੇ ਉਨ੍ਹਾਂ ਦੇ ਦੋ ਉੱਤਰਾਧਿਕਾਰੀਆਂ ਦੇ ਸਮੇਂ ਵਿਚ ਬਹੁਤ ਹੀ ਸ਼ਰਧਾਵਾਨ ਅਤੇ ਸਿਦਕੀ ਸਿੱਖ ਰਿਹਾ ਸੀ। ਉਸ ਨੇ ਮਾਝੇ ਵਿਚ ਸਿੱਖੀ ਦੇ ਪ੍ਰਚਾਰ ਦਾ ਕੰਮ ਆਪਣੇ ਜ਼ਿੰਮੇ ਲਿਆ ਹੋਇਆ ਸੀ। ਉਸ ਦੇ ਪੋਤਰੇ ਬਿਧੀ ਚੰਦ ਨੇ ਇਕ ਮੁਸਲਮਾਨ ਇਸਤਰੀ ਨੂੰ ਆਪਣੇ ਘਰ ਰਖ ਕੇ ਆਪਣੇ ਆਪ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਨੀਵਾਂ ਕਰ ਲਿਆ ਸੀ। ਆਪਣੀ ਕਰਤੂਤ ਨੂੰ ਸਹੀ ਸਿੱਧ ਕਰਨ ਲਈ ਉਸ ਨੇ ਗੁਰੂ ਨਾਨਕ ਸਾਹਿਬ ਦੀ ਜਨਮ ਸਾਖੀ ਦੇ ਮੂਲ ਪਾਠ ਨੂੰ ਦੂਸਿਤ ਕਰ ਦਿੱਤਾ ਅਤੇ ਉਸ ਵਿਚ

5. *ਪ੍ਰਾਚੀਨ ਪੰਥ ਪ੍ਰਕਾਸ਼*, ਪੰਨਾ 158-59.
6. *ਪ੍ਰਾਚੀਨ ਪੰਥ ਪ੍ਰਕਾਸ਼*, ਪੰਨੇ 164-65; *ਸੂਰਜ ਪ੍ਰਕਾਸ਼*, ਰਾਸ ਇਕ, ਅੰਸੂ 54 Macauliffe, II, pp, 115-16.
7. *ਪ੍ਰਾਚੀਨ ਪੰਥ ਪ੍ਰਕਾਸ਼*, ਪੰਨੇ 169-73; Macauliffe, *Introduction, lxxx-lxxxiii.*

ਇਕ ਮਨਘੜਤ ਕਹਾਣੀ ਸ਼ਾਮਿਲ ਕਰ ਦਿੱਤੀ ਕਿ ਗੁਰੂ ਸਾਹਿਬ ਜੀ ਨੇ ਵੀ ਅਜਿਹਾ ਹੀ ਕੀਤਾ ਸੀ ਪਿੱਛੋਂ ਸਿੱਖਾਂ ਉੱਤੇ ਅਤਿਆਚਾਰਾਂ ਸਮੇਂ ਹੰਦਾਲੀਆਂ ਨੇ ਆਪਣੇ ਆਪ ਨੂੰ ਸਿੱਖ ਲਹਿਰ ਤੋਂ ਵੱਖ ਕਰ ਲਿਆ ਅਤੇ ਆਪਣੇ ਆਪ ਨੂੰ ਇਕ ਵੱਖਰਾ ਤੇ ਸੁੰਤਤਰ ਫ਼ਿਰਕਾ ਦੱਸਿਆ। ਅਸੀਂ ਅਗਲੇ ਪੰਨਿਆਂ ਵਿਚ ਵੇਖਾਂਗੇ ਕਿ ਕਿਵੇਂ ਉਨ੍ਹਾਂ ਨੇ ਆਪਣੇ ਆਪ ਨੂੰ ਸਿੱਖਾਂ ਦੇ ਵੈਰੀਆਂ ਨਾਲ ਜੋੜ ਲਿਆ ਸੀ ਅਤੇ ਉਹ ਕਿਵੇਂ ਬਹੁਤ ਸਾਰੀ ਸ਼ਰਾਰਤ ਲਈ ਜ਼ਿੰਮੇਵਾਰ ਸਨ।

ਅਜੀਤ ਸਿੰਘ ਨੇ, ਜਿਸ ਨੂੰ ਮਾਤਾ ਸੁੰਦਰੀ ਜੀ ਨੇ ਗੋਦ ਲੈ ਲਿਆ ਸੀ, ਆਪਣੇ ਆਪ ਨੂੰ ਸਿੱਖਾਂ ਦਾ ਗੁਰੂ ਬਣਾਉਣ ਦਾ ਯਤਨ ਕੀਤਾ ਪਰ ਉਸ ਨੂੰ ਮਾਤਾ ਜੀ ਨੇ ਆਪਣੇ ਜੀਵਨ ਕਾਲ ਵਿਚ ਹੀ ਬੇਦਖ਼ਲ ਕਰ ਦਿੱਤਾ ਸੀ। ਉਸ ਦੀ ਲਹਿਰ ਅਸਫ਼ਲ ਹੋ ਗਈ। ਉਸ ਦੇ ਪੁੱਤਰ ਹਠੀ ਸਿੰਘ ਨੂੰ ਵੀ ਕਿਸੇ ਨਹੀਂ ਪੁੱਛਿਆ।

ਪੁਰਾਣੀਆਂ ਸੰਪਰਦਾਵਾਂ ਵਿਚੋਂ ਮੀਣਿਆ, ਧੀਰਮਲੀਆਂ ਅਤੇ ਰਾਮਰਾਈਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਛੇਕਿਆ ਹੋਇਆ ਸੀ ਅਤੇ ਇਸ ਲਈ ਉਹ ਬੁਝੇ ਹੋਏ ਜੁਵਾਲਾਮੁਖੀ ਦੀ ਤਰ੍ਹਾਂ ਪ੍ਰਭਾਵਹੀਣ ਹੀ ਰਹੇ।

ਕੇਵਲ ਉਦਾਸੀਆਂ ਨੇ ਹੀ ਪੁਰਾਣੇ ਭਰੋਸੇ ਨਾਲ ਕੰਮ ਕੀਤਾ ਕਿਉਂਕਿ ਉਹ ਅੰਮ੍ਰਿਤਧਾਰੀ ਅਤੇ ਗ੍ਰਿਤਿਸਥੀ ਨਾ ਹੋਣ ਕਰਕੇ ਮੁਗ਼ਲਾਂ ਦੇ ਅਤਿਆਚਾਰਾਂ ਤੋਂ ਬਚੇ ਰਹੇ। ਸ਼ਰਧਾ ਅਤੇ ਨਿਸਚੇ ਦੇ ਪੱਖੋਂ ਉਨ੍ਹਾਂ ਨਾਲ (ਖਾਲਸੇ ਦਾ) ਕੋਈ ਮਤ ਭੇਦ ਨਹੀ ਸੀ, ਇਸ ਲਈ ਉਹ ਸਿੱਖ ਗੁਰਦਵਾਰਿਆਂ ਦੇ ਨਿਗਰਾਨਾਂ ਵਜੋਂ ਬੜੇ ਲਾਹੇਵੰਦ ਸਿੱਧ ਹੋਏ। ਇਹ ਗੱਲ ਉਨ੍ਹਾਂ ਦੇ ਹੱਕ ਵਿਚ ਕਹੀ ਜਾ ਸਕਦੀ ਹੈ ਕਿ ਸਿੱਖ ਇਤਿਹਾਸ ਦੇ ਭਿਆਨਕ ਦੌਰ ਵਿਚ ਜਦੋਂ ਸਿੰਘਾਂ ਨੂੰ ਆਪਣੇ ਘਰਾਂ ਤੋਂ ਦੂਰ ਨਿਕਲ ਜਾਣਾ ਪੈ ਗਿਆ ਸੀ ਜਾਂ ਜ਼ੰਗਾਂ ਯੁੱਧਾਂ ਵਿਚ ਲਗੇ ਹੋਏ ਸਨ ਤਾਂ ਇਨ੍ਹਾਂ ਬੇਗਰਜ ਉਦਾਸੀ ਪੁਜਾਰੀਆਂ ਨੇ ਸਿੱਖੀ ਦੀ ਜੋਤ ਨੂੰ ਜਗਦੇ ਰਖਿਆ।

ਨਿਰਮਲੇ ਸਾਧੂਆਂ ਦੀ ਅੰਮ੍ਰਿਤਧਾਰੀ ਸੰਪਰਦਾ ਵੀ ਬਚੀ ਰਹੀ ਕਿਉਂਕਿ ਉਨ੍ਹਾਂ ਦੀਆਂ ਪ੍ਰਚਾਰ ਸਰਗਰਮੀਆਂ ਕੇਵਲ ਇਲਾਕੇ ਤਕ ਹੀ ਸੀਮਿਤ ਰਹੀਆਂ, ਜਿੱਥੇ ਅਤਿਆਚਾਰੀ ਮੁਹਿੰਮਾਂ ਦਾ ਬਹੁਤਾ ਪ੍ਰਭਾਵ ਨਹੀ ਪਿਆ। ਉਹ ਧਾਰਮਿਕ ਵਿਸ਼ਵਾਸ ਦੇ ਪੱਖੋਂ ਪਾਲਸੇ ਨਾਲ ਮਿਲਦੇ ਸਨ। ਸਿਰਫ਼ ਉਹ ਵਿਆਹ ਨਹੀ ਸੀ ਕਰਦੇ।

ਖਾਲਸੇ ਦਾ ਵਿਸ਼ੇਸ਼ ਝਗੜਾ ਉਨ੍ਹਾਂ ਸਿੱਖਾਂ ਨਾਲ ਸੀ ਜਿਨ੍ਹਾਂ ਨੂੰ ਬੰਦਈ ਕਿਹਾ ਜਾਣ ਲਗ ਪਿਆ ਸੀ ਕਿਉਂਕਿ ਉਨ੍ਹਾਂ ਨੇ ਬੰਦਾ ਸਿੰਘ ਨੂੰ ਉਸ ਦੇ ਭਿਆਨਕ ਅੰਤ ਕਾਰਣ ਦੇਵ-ਪਦਵੀ[8] ਦੇ ਦਿੱਤੀ ਸੀ ਅਤੇ ਉਨ੍ਹਾਂ ਦਾ ਇਸ ਗੱਲ ਵਿਚ ਵਿਸ਼ਵਾਸ ਸੀ ਕਿ ਉਸ ਨੂੰ ਆਖ਼ਰੀ ਗੁਰੂ (ਗੋਬਿੰਦ ਸਿੰਘ ਜੀ) ਤੋਂ ਗੁਰਿਆਈ ਦੀ ਵਿਰਾਸਤ ਪ੍ਰਾਪਤ ਹੋਈ ਸੀ। 'ਪ੍ਰਾਚੀਨ ਪੰਥ ਪ੍ਰਕਾਸ਼' ਦਾ ਲੇਖਕ (ਰਤਨ ਸਿੰਘ ਭੰਗੂ) ਲਿਖਦਾ ਹੈ ਕਿ ਕਿਸੇ ਆਧਾਰ ਉੱਤੇ ਬੰਦਈਆਂ ਨੂੰ ਗੁਰਦਵਾਰਿਆਂ ਦੇ ਪ੍ਰਬੰਧ ਅਤੇ ਪੰਥ ਦੇ ਹੋਰ ਮਾਮਲਿਆਂ ਵਿਚ ਬਰਾਬਰ-ਦਾ ਭਾਗ ਮੰਗਿਆ। ਪਰ ਤੱਤ ਖਾਲਸਾ ਕਿਸੇ ਵੀ ਸੰਪਰਦਾਇਕ ਵੰਡੀਆਂ ਨੂੰ ਪ੍ਰਵਾਨ ਕਰਨ ਨੂੰ ਤਿਆਰ ਨਹੀਂ ਸੀ ਉਨ੍ਹਾਂ ਨੇ ਬੰਦਈਆਂ ਦੇ ਦਾਅਵੇ ਨੂੰ ਪੂਰੀ ਮਰਾਂ ਅਪ੍ਰਵਾਨ ਕਰ ਦਿੱਤਾ।

---

8. ਜਦੋਂ ਵਿਤਕਰੇ ਇਕ ਵਾਰ ਧਾਰਮਿਕ ਰੰਗ ਫੜ ਲੈਣ ਤਾਂ ਉਹ ਗਿਣਤੀ ਵਿਚ ਵਧਦੇ ਜਾਂਦੇ ਹਨ ਅਤੇ ਵਧ ਤੋਂ ਵੱਧ ਪ੍ਰਭਾਵਸ਼ਾਲੀ ਬਣਦੇ ਜਾਂਦੇ ਹਨ। ਖ਼ਾਲਸਾ ਨੀਲੇ ਰੰਗ ਨੂੰ ਪਸੰਦ ਕਰਦਾ ਸੀ ਪਰ ਬੰਦਈਆਂ ਨੇ ਲਾਲ ਰੰਗ ਨੂੰ ਪਸੰਦ ਕਰਨਾ ਸ਼ੁਰੂ ਕਰ ਦਿੱਤਾ। *ਫਤਹਿ ਦਰਸ਼ਨ* ਦਾ ਨਾਅਰਾ *ਫਤਹਿ ਵਾਹਿਗੁਰੂ ਜੀ ਕੀ* ਦੇ ਵਿਰੁੱਧ ਸੀ। ਬੰਦਈ ਸ਼ਾਕਾਹਾਰੀ ਹੋਣ ਉੱਤੇ ਜ਼ੋਰ ਦਿੰਦੇ ਸਨ ਅਤੇ ਖਾਲਸਾ ਮਾਸਾਹਾਰੀ ਹੋਣ ਦਾ ਸਮਰਥਕ ਸੀ।

**ਧੜੇਬਾਜ਼ੀ ਕਾਰਣ ਲੜਾਈ ਅਤੇ ਅਮਨ**

1720 ਈ. ਦੀ ਦੀਵਾਲੀ[9] ਨੂੰ ਮਾਮਲਾ ਭੈੜੀ ਨੌਬਤ ਤਕ ਪੁੱਜ ਗਿਆ ਜਦੋਂ ਦੋਨੋਂ ਪਾਰਟੀਆਂ ਦਰਬਾਰ ਸਾਹਿਬ (ਅੰਮ੍ਰਿਤਸਰ) ਦੀਆਂ ਪ੍ਰਕਰਮਾਂ ਵਿਚ ਆਹਮੋ ਸਾਹਮਣੇ ਆ ਤਣੀਆਂ ਅਤੇ ਸ਼ਕਤੀ ਦੇ ਵਿਖਾਵੇ ਨਾਲ ਆਪਣੇ ਆਪਣੇ ਹੱਕਾਂ ਉੱਤੇ ਜ਼ੋਰ ਦੇਣ ਦੀ ਕੋਸ਼ਿਸ਼ ਕੀਤੀ। ਬਾਬਾ ਕਾਹਨ ਸਿੰਘ ਸਪੁੱਤਰ ਬਾਬਾ ਬਿਨੋਦ ਸਿੰਘ, ਜਿਸ ਨੇ ਦੀਵਾਲੀ ਦੇ ਮੇਲੇ ਲਈ ਸਥਾਨਕ ਅਧਿਕਾਰੀਆਂ ਤੋਂ ਆਗਿਆ ਲੈ ਲਈ ਸੀ, ਅਮਨ ਸ਼ਾਂਤੀ ਰੱਖਣ ਲਈ ਜ਼ਿੰਮੇਵਾਰ ਸੀ। ਉਸ ਨੇ ਅਤੇ ਹੋਰ ਸਿਆਣੇ ਆਦਮੀਆਂ ਨੇ ਵਿਰੋਧੀ ਧਿਰਾਂ ਨੂੰ ਅਪੀਲ ਕੀਤੀ ਕਿ ਉਹ ਉਸ ਅਸਥਾਨ ਦੀ ਪਵਿੱਤਰਤਾ ਨੂੰ ਨਸ਼ਟ ਨਾ ਕਰਨ ਅਤੇ ਆਪਣੇ ਮਤ-ਭੇਦਾਂ ਨੂੰ ਤੈ ਕਰਨ ਦੀ ਗੱਲ ਕਿਸੇ ਹੋਰ ਮੌਕੇ ਲਈ ਮੁਲਤਵੀ ਕਰ ਦੇਣ।

ਇਸੇ ਸਮੇਂ ਮਾਤਾ ਸੁੰਦਰੀ ਜੀ ਨੂੰ, ਜੋ ਦਿੱਲੀ ਵਿਚ ਰਹਿ ਰਹੇ ਸਨ ਇਨ੍ਹਾਂ ਝਗੜਿਆਂ ਦਾ ਪਤਾ ਲੱਗਾ। ਉਨ੍ਹਾਂ ਨੇ ਭਾਈ ਮਨੀ ਸਿੰਘ ਨੂੰ ਤੇ ਉਨ੍ਹਾਂ ਦੇ ਨਾਲ ਹੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਮਾ ਕ੍ਰਿਪਾਲ ਸਿੰਘ ਨੂੰ ਵੀ ਅੰਮ੍ਰਿਤਸਰ ਭੇਜਿਆ ਤਾਂ ਜੋ ਉਹ ਸਿੱਖਾਂ ਵਿਚ ਅਮਨ ਸ਼ਾਂਤੀ ਸਥਾਪਿਤ ਕਰਨ। ਭਾਈ ਮਨੀ ਸਿੰਘ ਨੂੰ ਦਰਬਾਰ ਸਾਹਿਬ ਵਿਚ ਗ੍ਰੰਥੀ ਸਥਾਪਿਤ ਕੀਤਾ ਗਿਆ ਅਤੇ ਉਸ ਨੂੰ ਉਥੇ ਪਾਠ ਪੂਜਾ ਅਤੇ ਇਸ ਦੇ ਮਾਮਲਿਆਂ ਦਾ ਪ੍ਰਬੰਧ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ। ਉਸ ਨੂੰ ਕਿਹਾ ਗਿਆ ਕਿ ਅਗਾਂਹ ਲਈ ਭੇਟਾਂ ਵਿਚੋਂ ਕੋਈ ਪੈਸਾ ਵੀ ਦਿੱਲੀ ਵਿਚ ਰਹਿ ਰਹੇ ਮਾਤਾ ਸੁੰਦਰੀ ਜੀ ਵੱਲ ਨਾ ਭੇਜਿਆ ਜਾਏ ਸਗੋਂ ਸਾਰੀ ਆਮਦਨ ਦਰਬਾਰ ਸਾਹਿਬ ਵਿਚ ਪਾਠ ਪੂਜਾ, ਲੰਗਰ ਅਤੇ ਗੁਰਦੁਆਰਾ ਸਾਹਿਬ ਦੀਆਂ ਹੋਰ ਲੋੜਾਂ ਲਈ ਖਰਚ ਕੀਤੀ ਜਾਏ।

ਭਾਈ ਮਨੀ ਸਿੰਘ ਅਤੇ ਉਸ ਦੇ ਸਾਥੀ 1778 ਬਿਕਰਮੀ (1721 ਈ.) ਦੇ ਸ਼ੁਰੂ ਵਿਚ ਅੰਮ੍ਰਿਤਸਰ ਪੁੱਜੇ ਅਤੇ ਸ਼ਹਿਰ ਦੇ ਪਤਵੰਤਿਆਂ ਨਾਲ ਸਲਾਹ ਮਸ਼ਵਰਾ ਕਰਕੇ ਹਰਿਮੰਦਰ ਸਾਹਿਬ ਦੇ ਮਾਮਲਿਆਂ ਨੂੰ ਠੀਕ ਕੀਤਾ। ਕੇਸਰ ਸਿੰਘ ਨੇ ਆਪਣੀ ਪੁਸਤਕ, *ਬੰਸਾਵਲੀਨਾਮਾ*, ਵਿਚ ਸਾਰੇ ਕੀਤੇ ਪ੍ਰਬੰਧਾਂ ਦਾ ਵਿਸਥਾਰ ਪੂਰਵਕ ਹਾਲ ਲਿਖਿਆ ਹੈ। ਅੰਨ੍ਹਿਆਂ, ਲੰਗੜਿਆਂ-ਲੂਲ੍ਹਿਆਂ, ਬੁੱਢਿਆਂ ਅਤੇ ਕਮਜ਼ੋਰ ਲੋਕਾਂ ਨੂੰ ਗੁਰੂ ਦੇ ਲੰਗਰ ਵਿਚੋਂ ਭੋਜਨ ਦਾ ਪ੍ਰਬੰਧ ਕੀਤਾ ਗਿਆ। ਗੁਰਦੁਆਰੇ ਦੇ ਚੜ੍ਹਾਵਿਆਂ, ਚੱਕ ਗੁਰੂ ਦੀ ਜ਼ਮੀਨ ਅਤੇ ਚੁੰਗੀ ਕਰਾਂ ਨੂੰ ਸਥਾਨਕ ਸ਼ਾਹੂਕਾਰਾਂ ਦੀ ਇਕ ਪ੍ਰਸਿੱਧ ਫਰਮ ਵਿਚ ਜਮ੍ਹਾਂ ਕਰਵਾਇਆ ਜਾਣ ਲਗ ਪਿਆ।

ਕੁਝ ਹੀ ਦਿਨਾਂ ਵਿਚ ਵਿਸਾਖੀ ਦਾ ਮੇਲਾ ਆ ਗਿਆ ਅਤੇ ਮਹਾਨ ਉਤਸਵ ਮਨਾਉਣ ਲਈ ਬੜੇ ਵਿਸ਼ਾਲ ਪ੍ਰਬੰਧ ਕੀਤੇ ਗਏ। ਹਜ਼ਾਰਾਂ ਸਿੱਖ ਸਰੋਵਰ ਦੇ ਕੰਢੇ ਇੱਕਠੇ ਹੋਏ ਅਤੇ ਉਨ੍ਹਾਂ ਦੀ ਰਿਹਾਇਸ਼ ਲਈ ਵੱਖ-ਵੱਖ ਥਾਵਾਂ ਤੇ ਪ੍ਰਬੰਧ ਕੀਤਾ ਗਿਆ। ਖਾਲਸਿਆਂ ਨੇ ਅਕਾਲ ਬੁੰਗੇ ਵਿਚ ਆਪਣਾ ਡੇਰਾ ਲਾਇਆ ਜਦ ਕਿ ਬੰਦਈਆਂ ਨੇ ਝੰਡਾ ਬੁੰਗਾ ਦੇ ਵਲਗਣ ਕੀਤੇ ਅਹਾਤੇ ਵਿਚ ਆਪਣਾ ਅੱਡਾ ਜਮਾ ਲਿਆ। ਬੰਦਈਆਂ ਦਾ ਆਗੂ ਖੇਮਕਰਨ ਦਾ ਮਹੰਤ ਸਿੰਘ ਸੀ ਜਿਸ ਨੂੰ ਇਕ ਬੈਲ ਗਡੀ ਵਿਚ ਗੱਦੀਆਂ ਉੱਤੇ ਢੋਅ ਲਾ ਕੇ ਬੈਠੇ ਨੂੰ ਗੁਰਦੁਆਰਾ ਸਾਹਿਬ ਦੇ ਬਿਲਕੁਲ ਸਾਹਮਣੇ ਤਕ ਲਿਆਂਦਾ ਗਿਆ। ਦੋਨੋਂ ਪਾਰਟੀਆਂ ਅਰਥਾਤ ਖਾਲਸਾ ਅਤੇ ਬੰਦਈ ਕਿਸੇ ਵੀ ਘਟਨਾ ਲਈ ਤਿਆਰ ਸਨ ਅਤੇ ਹੱਥੋਪਾਈ ਤਕ ਨੌਬਤ ਪੁੱਜ ਹੀ ਰਹੀ ਸੀ ਪਰ ਭਾਈ ਮਨੀ ਸਿੰਘ ਦੋਨਾਂ ਧਿਰਾਂ ਦੇ ਵਿਚਕਾਰ

---

9. ਗੁਰੂ ਗੋਬਿੰਦ ਸਿੰਘ ਜੀ ਦੇ ਅਕਾਲ ਚਲਾਣਾ ਕਰ ਜਾਣ ਤੋਂ ਪਿੱਛੋਂ ਸਿੱਖ ਉਨ੍ਹਾਂ ਦੀਆਂ ਵਿਧਵਾਵਾਂ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਪਾਸ ਦਿੱਲੀ ਵਿਚ ਵਿਸ਼ੇਸ਼ ਕਰਕੇ ਦੀਵਾਲੀ ਅਤੇ ਵਿਸਾਖੀ ਦੇ ਮੌਕਿਆਂ ਤੇ ਜਾਇਆ ਕਰਦੇ ਸਨ। ਇਹ ਦੇਖ ਕੇ ਕਿ ਇਨ੍ਹਾਂ ਇੱਕਠਾਂ ਤੋਂ ਕੋਈ ਗ਼ਲਤ ਫਹਿਮੀ ਹੋ ਸਕਦੀ ਸੀ ਉਨ੍ਹਾਂ ਨੇ ਖਾਲਸਾ ਨੂੰ ਆਖਿਆ ਕਿ ਉਹ ਆਪਣੀਆਂ ਕਦੀ ਕਦਾਈਂ ਦੀਆਂ ਕੀਤੀਆਂ ਜਾਣ ਵਾਲੀਆਂ ਇਕੱਤ੍ਰਤਾਵਾਂ ਅੰਮ੍ਰਿਤਸਰ ਵਿਚ ਕਰਿਆ ਕਰਨ। (ਕੇਸਰ ਸਿੰਘ ਰਚਿਤ *ਬੰਸਾਵਲੀਨਾਮਾ*, ਪੰਨੇ 142-43).

ਆ ਖੜਾ ਹੋਇਆ ਤੇ ਉਸ ਨੇ ਸਥਿਤੀ ਨੂੰ ਸੰਭਾਲ ਲਿਆ। ਉਸ ਨੇ ਸੁਝਾ ਦਿੱਤਾ ਕਿ ਲੜਨ ਦੀ ਥਾਂ ਉਹ ਗੁਣੇ ਸੁੱਟ ਕੇ ਆਪਣੇ ਦਾਅਵਿਆਂ ਦਾ ਫ਼ੈਸਲਾ ਕਰ ਲੈਣ। ਉਸ ਨੇ ਕਾਗਜ਼ ਦੀਆਂ ਦੋ ਪਰਚੀਆਂ ਲਈਆਂ ਜਿਨ੍ਹਾਂ ਵਿਚੋਂ ਇਕ ਉੱਤੇ 'ਫਤਹਿ ਵਾਹਿਗੁਰੂ ਜੀ ਕੀ' ਅਤੇ ਦੂਜੀ ਤੇ 'ਫਤਹਿ ਦਰਸ਼ਨ' ਲਿਖਿਆ। ਕਾਗਜ਼ ਦੇ ਇਹ ਦੋਨੋਂ ਟੁਕੜੇ ਹਰ ਕੀ ਪੌੜੀ ਤੇ ਪਾਣੀ ਵਿਚ ਡੋਬੇ ਗਏ। ਫ਼ੈਸਲਾ ਇਹ ਹੋਇਆ ਸੀ ਕਿ ਜਿਸ ਪਾਰਟੀ ਦੀ ਪਰਚੀ ਪਹਿਲੇ ਪਾਣੀ ਦੇ ਉਪਰ ਆ ਜਾਏ ਉਸ ਦੀ ਜਿੱਤ ਸਮਝੀ ਜਾਏਗੀ। ਕੁਝ ਸਮੇਂ ਲਈ ਤਾਂ ਇਹ ਜਾਪਦਾ ਰਿਹਾ ਕਿ ਦੋਨੋਂ ਪਰਚੀਆਂ ਸਦਾ ਲਈ ਡੁੱਬ ਗਈਆਂ ਹਨ ਅਤੇ ਦੋਨੋਂ ਪਾਰਟੀਆਂ ਬੜੀ ਡਰਾਉਣੀ ਦੁਬਿਧਾ ਵਿਚ ਖੜੀਆਂ ਰਹੀਆਂ। ਆਖ਼ਰਕਾਰ, 'ਫਤਹਿ ਵਾਹਿਗੁਰੂ ਜੀ ਕੀ' ਵਾਲੀ ਪਰਚੀ ਪਾਣੀ ਦੇ ਉਪਰ ਆ ਗਈ ਅਤੇ ਖਾਲਸੇ ਦੀ ਜਿੱਤ ਦਾ ਐਲਾਨ ਕਰ ਦਿੱਤਾ ਗਿਆ।

ਬਹੁਤ ਸਾਰੇ ਬੰਦਈਆਂ ਨੇ ਤਾਂ ਇਸ ਨੂੰ ਧੁਰੋਂ ਉਨ੍ਹਾਂ ਦੇ ਵਿਰੁੱਧ ਫੈਸਲੇ ਦਾ ਸੰਕੇਤ ਸਮਝਿਆ ਅਤੇ ਉਹ ਆਪਣਾ ਦਾਅਵਾ ਛੱਡ ਦੇਣ ਲਈ ਰਾਜ਼ੀ ਹੋ ਗਏ ਪਰ ਉਨ੍ਹਾਂ ਦਾ ਆਗੂ ਮਹੰਤ ਸਿੰਘ ਹਾਰ ਮੰਨਣ ਲਈ ਤਿਆਰ ਨਹੀਂ ਸੀ ਅਤੇ ਉਸ ਨੇ ਇਹ ਗੱਲ ਲਾਹੌਰਾ ਸਿੰਘ ਕਲਾਲ ਰਾਹੀਂ ਖਾਲਸੇ ਤਕ ਪਹੁੰਚਾ ਦਿੱਤੀ। ਇਕ ਹੋਰ ਸੁਝਾਅ ਰਾਹੀਂ ਸਥਿਤੀ ਨੂੰ ਵਿਗੜਨ ਤੋਂ ਰੋਕ ਲਿਆ ਗਿਆ। ਇਸ ਵਾਰ ਇਹ ਸੁਝਾਅ ਕਾਹਨ ਸਿੰਘ ਨੇ ਦਿੱਤਾ ਸੀ ਕਿ ਇਸ ਝਗੜੇ ਦਾ ਨਿਰਣਾ ਇਕ ਕੁਸ਼ਤੀ ਦੁਆਰਾ ਕੀਤਾ ਜਾਏ ਜੋ ਉਸ ਦੇ ਆਪਣੇ ਪੁੱਤਰ ਮੀਰੀ ਸਿੰਘ ਅਤੇ ਲਾਹੌਰਾ ਸਿੰਘ ਦੇ ਪੁੱਤਰ ਸੰਗਤ ਸਿੰਘ ਦੇ ਵਿਚਕਾਰ ਹੋਣੀ ਮਿੱਥੀ ਗਈ। ਇਹ ਕੁਸ਼ਤੀ ਅਕਾਲ ਤਖ਼ਤ ਦੇ ਸਾਹਮਣੇ ਲੜੀ ਗਈ, ਜਿਸ ਵਿਚ ਸੰਗਤ ਸਿੰਘ ਨੂੰ ਢਾਹ ਲਿਆ ਗਿਆ। ਲਾਹੌਰਾ ਸਿੰਘ ਹੱਥ ਜੋੜ ਕੇ ਖਾਲਸੇ ਦੇ ਸਾਹਮਣੇ ਖੜਾ ਹੋ ਗਿਆ ਅਤੇ ਖਾਲਸੇ ਪ੍ਰਤੀ ਆਪਣੀ ਨਿਸ਼ਠਾ ਜਾਂ ਤਾਬੇਦਾਰੀ ਦਾ ਐਲਾਨ ਕੀਤਾ। ਉਸ ਦੇ ਨਾਲ ਕਈ ਹੋਰ ਆਦਮੀਆਂ ਨੇ ਵੀ ਆਪਣੀ ਅਧੀਨਗੀ ਪ੍ਰਗਟ ਕੀਤੀ। ਜਿਹੜੇ ਲੋਕ ਹਾਲੇ ਵੀ ਖਾਲਸੇ ਦੇ ਵਿਰੋਧ ਵਿਚ ਡਟੇ ਰਹਿਣ ਦੀ ਜ਼ਿਦ ਕਰ ਰਹੇ ਸਨ ਉਨ੍ਹਾਂ ਨੂੰ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿਚੋਂ ਬਾਹਰ ਕੱਢ ਦਿੱਤਾ ਗਿਆ ਅਤੇ ਉਸ ਵੇਲੇ ਹੋਈ ਹੱਥੋਪਾਈ ਵਿਚ ਮਹੰਤ ਸਿੰਘ ਮਾਰਿਆ ਗਿਆ। ਜਿਹੜੇ ਬੰਦਈ ਖਾਲਸੇ ਨਾਲ ਸ਼ਾਮਿਲ ਹੋਣ ਲਈ ਰਾਜ਼ੀ ਹੋ ਗਏ ਸਨ ਉਨ੍ਹਾਂ ਦਾ ਇਕ ਸਾਧਾਰਣ ਅਮਲ ਦੁਆਰਾ ਉਧਾਰ ਕੀਤਾ ਗਿਆ। ਉਨ੍ਹਾਂ ਨੂੰ ਸੂਰ ਦੇ ਮਾਸ ਦੀ ਥੋੜ੍ਹੀ ਜਿਹੀ ਤਰੀ ਖੁਆਈ ਗਈ।

ਉਸ ਦਿਨ ਬੰਦਈਆਂ ਨੇ ਸਥਿਰ ਰਵੱਈਆ ਧਾਰਨ ਕਰ ਲਿਆ ਅਤੇ ਇਤਿਹਾਸ ਦੇ ਪੰਨਿਆਂ ਵਿਚੋਂ ਲਗਪਗ ਉਹ ਅਲੋਪ ਹੀ ਹੋ ਗਏ। ਇਹੀ ਹਾਲ ਦੂਜੀਆਂ ਸੰਪਰਦਾਵਾਂ ਦਾ ਹੋਇਆ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਕਤੀ ਦੇਣ ਵਾਲੇ ਆਤਮ ਬਲ ਨੂੰ ਤਿਆਗ ਦੇਣ ਦੀ ਕੋਸ਼ਿਸ਼ ਕੀਤੀ ਸੀ ਅਤੇ ਗੁਰੂ ਜੀ ਦੀ ਥਾਂ ਆਪਣੇ ਹੀ ਮੁਰਸ਼ਿਦਾਂ ਨੂੰ ਦੇਣੀ ਚਾਹੀ ਸੀ। ਖਾਲਸੇ ਦੀ ਅਸਲ ਸ਼ਕਤੀ ਕਿਸੇ ਨਸਲੀ ਜਾਂ ਸਰੀਰਕ ਉੱਤਮਤਾ ਵਿਚ ਨਹੀਂ ਹੈ ਸਗੋਂ ਗੁਰਿਆਈ ਦੀ ਏਕਤਾ ਵਿਚ ਵਿਸ਼ਵਾਸ ਰਖਣ ਅਤੇ ਗੁਰੂ ਗੋਬਿੰਦ ਸਿੰਘ ਦੀ ਸ਼ਖ਼ਸੀਅਤ ਨੂੰ ਖਾਲਸੇ ਵਿਚ ਸੰਮਿਲਤ ਕਰਨ ਵਿਚ ਹੈ।

## 2. ਅਤਿਆਚਾਰ ਅਤੇ ਸ਼ਹੀਦੀਆਂ (1721-1748 ਈ.)

### ਅੰਮ੍ਰਿਤਸਰ ਕਾਰਜ-ਖੇਤਰ ਬਣ ਗਿਆ

ਭਾਈ ਮਨੀ ਸਿੰਘ ਦੇ ਅੰਮ੍ਰਿਤਸਰ ਆਉਣ ਨਾਲ ਸਿੱਖਾਂ ਦੀਆਂ ਸਰਗਰਮੀਆਂ ਦਾ ਕੇਂਦਰ ਮਾਝੇ ਵਿਚ ਬਣ ਗਿਆ। ਉਸ ਦੀਆਂ ਕੋਸ਼ਿਸ਼ਾਂ ਸਿੱਖਾਂ ਨੂੰ ਇਕੱਠਿਆਂ ਕਰਨ ਵਿਚ ਕਾਮਯਾਬ ਹੋਈਆਂ। ਉਨ੍ਹਾਂ ਵਿਚ ਨਾ ਕੋਈ ਝਗੜੇ ਤੇ ਨਾ ਹੀ ਕੋਈ ਧੜੇਬੰਦੀਆਂ ਦੇ ਵਖਰੇਵੇਂ ਰਹੇ। ਉਹ ਅਨੁਭਵ ਕਰਦੇ ਸਨ ਕਿ ਗੁਰੂ ਦੇ ਹਜ਼ੂਰ ਸਿੰਘ ਸਭ ਇਕ ਹਨ ਤੇ ਇਹ ਸਮਝਿਆ ਜਾਂਦਾ ਸੀ ਕਿ ਗੁਰੂ ਉਨ੍ਹਾਂ ਵਿਚ ਵਸਦਾ ਤੇ ਵਿਚਰਦਾ ਹੈ ਇਸ ਤੋਂ ਉਨ੍ਹਾਂ ਦੀ ਏਕਤਾ ਪ੍ਰਾਪਤ ਹੁੰਦੀ ਹੈ ਅਤੇ ਏਕਤਾ ਤੋਂ ਸ਼ਕਤੀ ਮਿਲਦੀ

ਹੈ।

ਇਸ ਨਵੀਂ ਪ੍ਰਾਪਤ ਕੀਤੀ ਸ਼ਕਤੀ ਤੋਂ ਜੋ ਪਹਿਲਾ ਲਾਭ ਸਿੱਖਾਂ ਨੇ ਉਠਾਇਆ ਉਹ ਇਹ ਸੀ ਕਿ ਉਨ੍ਹਾਂ ਨੇ ਅਜਿਹੇ ਆਦਮੀਆਂ ਨੂੰ ਸਜ਼ਾ ਦਿੱਤੀ ਜੋ ਵੈਰੀਆਂ ਨੂੰ ਮਿਲਵਰਤਣ ਦੇ ਰਹੇ ਸਨ ਅਤੇ ਜਿਨ੍ਹਾਂ ਨੇ ਧੋਖਾ ਦੇ ਕੇ ਸਿੱਖਾਂ ਨੂੰ ਉਨ੍ਹਾਂ ਸਰਕਾਰੀ ਕਰਮਚਾਰੀਆਂ ਜਾਂ ਘਟੀਆ ਕਿਸਮ ਦੇ ਨਿਰਦਈਆਂ ਦੇ ਹੱਥੀਂ ਫੜਾ ਦਿੱਤਾ ਸੀ ਜਿਨ੍ਹਾਂ ਨੇ ਉਨ੍ਹਾਂ ਦੇ ਘਰਾਂ ਅਤੇ ਜ਼ਮੀਨਾਂ ਉਪਰ ਕਬਜਾ ਕਰ ਲਿਆ ਸੀ। ਅਜਿਹੀ ਇਕ ਘਟਨਾ ਦੀ ਕਹਾਣੀ ਕੇਸਰ ਸਿੰਘ[10] ਨੇ ਲਿਖੀ ਹੈ ਜੋ ਵਿਸਾਖੀ ਦੇ ਤਿਉਹਾਰ ਤੇ ਵਾਪਰੀ ਸੀ ਅਤੇ ਜਿਸ ਤੋਂ ਪਤਾ ਲਗਦਾ ਹੈ ਕਿਵੇਂ ਚੁਗਲਖੋਰ, ਸਰਕਾਰ ਦੇ ਸਿੱਖਾਂ ਵਿਰੁੱਧ ਗੁੱਸੇ ਦਾ ਲਾਭ ਉਠਾਉਣ ਲਈ ਅਤੇ ਉਨ੍ਹਾਂ ਨੂੰ ਔਕੜਾਂ ਵਿਚ ਫਸਾਉਣ ਲਈ ਤਿਆਰ ਰਹਿੰਦੇ ਸਨ। ਅੰਮ੍ਰਿਤਸਰ ਦੇ ਇਕ ਚੂਹੜ ਮਲ ਓਹਰੀ ਦੇ ਦੋ ਪੁੱਤਰ ਸਨ ਉਨ੍ਹਾਂ ਵਿਚੋਂ ਇਕ ਮੋਹਕਮ ਸਿੰਘ ਦੇ ਨਾਂ ਥੱਲੇ ਸਿੱਖ ਬਣ ਗਿਆ ਸੀ ਅਤੇ ਦੂਸਰਾ ਰਾਮਜੀ ਮਲ ਹਿੰਦੂ ਰਿਹਾ। ਰਾਮਜੀ ਮੱਲ ਦੇ ਪਾਸ ਇਕ ਫਲਾਂ ਦਾ ਬਾਗ਼ ਸੀ ਜੋ ਸ਼ਹਿਰੋਂ ਬਾਹਰ ਟੁੰਡਾਸਾਰ ਦੇ ਨੇੜੇ ਸੀ। ਇਕ ਵਾਰ ਸ਼ਹਿਤੂਤਾਂ ਨੂੰ ਬੜਾ ਚੰਗਾ ਫਲ ਲਗਾ ਹੋਇਆ ਸੀ ਅਤੇ ਸ਼ਹਿਤੂਤ ਤੋੜੇ ਜਾ ਰਹੇ ਸਨ ਜਦੋਂ ਕਿ ਅੱਧ ਦਰਜਨ ਸਿੱਖਾਂ ਦਾ ਇਕ ਟੋਲਾ ਫਲ ਖਰੀਦਣ ਉਸੇ ਬਾਗ਼ ਵਿਚ ਆ ਗਿਆ ਉਨ੍ਹਾਂ ਨੇ ਸਿੱਖਾਂ ਪਾਸ ਫਲ ਵੇਚਣ ਤੋਂ ਨਾਂਹ ਕਰ ਦਿੱਤੀ ਤਾਂ ਸਿੱਖਾਂ ਨੇ ਕੁਝ ਮੁੱਠਾਂ ਸ਼ਹਿਤੂਤ ਜ਼ਬਰਦਸਤੀ ਲੈ ਲਏ ਅਤੇ ਉਨ੍ਹਾਂ ਨੇ ਕਿਹਾ ਕਿ ਉਹ ਦੋ ਗੁਣਾਂ ਜਾਂ ਤਿੰਨ ਗੁਣਾਂ ਵੱਧ ਕੀਮਤ ਦੇਣ ਨੂੰ ਤਿਆਰ ਹਨ ਪਰ ਸ਼ਹਿਤੂਤ ਉਨ੍ਹਾਂ ਜ਼ਰੂਰ ਲੈਣੇ ਹਨ। ਇਸ ਮਾਮਲੇ ਨੂੰ ਰਾਜਸੀ ਰੰਗ ਦਿੱਤਾ ਗਿਆ ਅਤੇ ਰਾਮਜੀ ਮਲ ਸਿੱਖਾਂ ਵਿਰੁੱਧ ਸ਼ਿਕਾਇਤ ਕਰਨ ਲਈ ਲਾਹੌਰ ਨੂੰ ਦੌੜ ਗਿਆ। ਉਥੋਂ ਤੁਰੰਤ ਇਕ ਸੈਨਿਕ ਟੁਕੜੀ ਭੇਜੀ ਗਈ ਤਾਂ ਜੋ ਉਹ ਸ਼ਹਿਰ ਦਾ ਘੇਰਾ ਪਾ ਕੇ ਆਮ ਸਿੱਖਾਂ ਨੂੰ ਸਜ਼ਾ ਦੇਵੇ। ਮੇਲੇ ਤੇ ਇੱਕਠੀ ਹੋਈ ਸੰਗਤ ਨੂੰ ਲੁੱਟ ਲਿਆ ਗਿਆ ਅਤੇ ਸਿੱਖ ਲੜਨ ਲਈ ਮਜ਼ਬੂਰ ਹੋ ਗਏ। ਲਾਹੌਰ ਤੋਂ ਅਸਲਮ ਖਾਂ ਦੀ ਕਮਾਨ ਥੱਲੇ ਕੁਝ ਹੋਰ ਫ਼ੌਜ ਆਈ ਅਤੇ ਪੱਟੀ ਦੇ ਚੋਧਰੀ ਦੇਵਾ ਅਤੇ ਉਸ ਦੇ ਬ੍ਰਾਹਮਣ ਦੀਵਾਨ ਹਰ ਸਹਾਇ ਨੇ ਵੀ ਸੈਨਿਕ ਸਹਾਇਤਾ ਦਿੱਤੀ ਪਰ ਆਸਮਾਨੀ ਬਿਜਲੀ ਦੇ ਇਕ ਕਰਾਮਾਤੀ ਹਮਲੇ ਨੇ ਘੇਰਾ ਪਾਉਣ ਵਾਲਿਆਂ ਨੂੰ ਹਾਰ ਦਿੱਤੀ। ਬਿਜਲੀ ਪੈਣ ਨਾਲ ਹਰ ਸਹਾਇ ਮਾਰਿਆ ਗਿਆ ਅਤੇ ਡਰੇ ਹੋਏ ਦੁਸ਼ਮਣਾਂ ਉਪਰ ਹਮਲਾ ਕਰਕੇ ਉਨ੍ਹਾਂ ਨੂੰ ਖਿੰਡਾ ਦੇਣ ਦਾ ਸਿੱਖਾਂ ਨੂੰ ਇਕ ਮੌਕਾ ਮਿਲ ਗਿਆ। ਇਸ ਤੋਂ ਮਸ਼ਹੂਰ ਕਥਨ ਹੋਂਦ ਵਿਚ ਆਇਆ:

*ਹਰਸਾ ਮਾਰਿਆ ਦੇਵਾ ਨੱਠਾ ਅਸਲਾਂ ਗਈ ਲਾਹੌਰ।*

ਅਰਥਾਤ ਹਰ ਸਹਾਇ ਮਾਰਿਆ ਗਿਆ, ਦੇਵਾ ਭੱਜ ਗਿਆ ਅਤੇ ਅਸਲਮ ਲਾਹੌਰ ਵਾਪਿਸ ਚਲਾ ਗਿਆ। (ਇਥੇ ਅਸਲਮ ਖ਼ਾਂ ਲਈ ਇਸਤਰੀ ਲਿੰਗ ਵਰਤਿਆ ਗਿਆ ਹੈ।)

ਸਿੱਖਾਂ ਨੂੰ ਰੋਕਣ ਲਈ ਅੰਮ੍ਰਿਤਸਰ ਵਿਚ ਪੁਲਿਸ ਦੀ ਇਕ ਚੌਕੀ ਬਿਠਾ ਦਿੱਤੀ ਗਈ। ਉਨ੍ਹਾਂ ਦੀਆਂ ਕਾਰਵਾਈਆਂ ਉਪਰ ਨਜ਼ਰ ਰੱਖੀ ਗਈ ਅਤੇ ਜਦੋਂ ਕਦੇ ਵੀ ਉਹ ਬਹੁਤੀ ਗਿਣਤੀ ਵਿਚ ਮਿਲਦੇ ਉਨ੍ਹਾਂ ਨੂੰ ਤੰਗ ਕੀਤਾ ਜਾਂਦਾ ਅਤੇ ਖੇਰੂੰ ਖੇਰੂੰ ਕਰ ਦਿੱਤਾ ਜਾਂਦਾ। ਇਕ ਵਾਰ ਵਜ਼ੀਰਾਬਾਦ ਦੇ ਸਿੱਖ ਯਾਤਰੂਆਂ ਦੀ ਇਕ ਟੋਲੀ ਇਨ੍ਹਾਂ ਦੀ ਨਜ਼ਰੀਂ ਪਈ ਅਤੇ ਉਸ ਨੂੰ ਲੁੱਟ ਲਿਆ ਗਿਆ[11]। ਪਰ ਇਸ ਤੋਂ ਸਿੱਖ ਭੈ-ਭੀਤ ਨਹੀਂ ਹੋਏ ਸਗੋਂ ਉਨ੍ਹਾਂ ਦੇ ਕਸ਼ਟਾਂ ਨੇ ਉਨ੍ਹਾਂ ਦੀ ਸ਼ਕਤੀ ਵਿਚ ਵਾਧਾ ਕੀਤਾ ਅਤੇ ਦਿੱਲੀ ਸਰਕਾਰ ਨੇ ਇਹ ਜ਼ਰੂਰੀ ਸਮਝਿਆ ਕਿ ਲਾਹੌਰ ਸਰਕਾਰ ਦਾ ਪ੍ਰਬੰਧ ਇਕ ਤਕੜੇ ਆਦਮੀ ਦੇ ਹੱਥਾਂ ਵਿਚ ਦਿੱਤਾ ਜਾਏ। 1726 ਵਿਚ ਅਬਦੁਸ-ਸਮਦ ਖ਼ਾਂ ਨੂੰ ਮੁਲਤਾਨ ਵਿਚ ਬਦਲ ਦਿੱਤਾ ਅਤੇ ਉਸ ਦੇ ਵਧੇਰੇ ਜੋਸ਼ੀਲੇ ਪੁੱਤਰ ਜ਼ਕਰੀਆ ਖ਼ਾਂ ਨੂੰ, ਜੋ ਇਤਿਹਾਸ ਵਿਚ ਖ਼ਾਨ ਬਹਾਦਰ ਦੇ ਨਾਂ ਨਾਲ

---

10. *ਬੰਸਾਵਲੀ-ਨਾਮਾ*, ਪੰਨੇ 147-48.
11. *ਕੇਸਰ ਸਿੰਘ*, ਪੰਨੇ 149-50.

ਪ੍ਰਸਿੱਧ ਹੈ, ਆਪਣੇ ਪਿਤਾ ਦੀ ਥਾਂ ਤੇ ਨਿਯੁਕਤ ਕੀਤਾ ਗਿਆ।

**ਸਿੱਖ ਜੰਗਲਾਂ ਵਿਚ ਚਲੇ ਗਏ**

ਖਾਨ ਬਹਾਦਰ, ਜਿਸ ਨੇ ਪਹਿਲਾਂ ਹੀ ਸਿੱਖਾਂ ਵਿਰੁੱਧ ਲੜਾਈ ਵਿਚ ਅਤੇ ਉਨ੍ਹਾਂ ਨੂੰ ਦਬਾਉਣ ਵਿਚ ਭਾਗ ਲਿਆ ਸੀ, ਸਿੱਖਾਂ ਵਿਰੁੱਧ ਕਾਰਵਾਈਆਂ ਨੂੰ ਢਿੱਲਿਆਂ ਨਹੀਂ ਸੀ ਪੈਣ ਦੇਣਾ ਚਾਹੁੰਦਾ। ਉਸ ਨੇ ਵਿਰੋਧੀਆਂ ਨੂੰ ਸਦਾ ਲਈ ਮੁਕਾ ਦੇਣ ਲਈ ਸਖ਼ਤ ਕਾਰਵਾਈਆਂ ਕੀਤੀਆਂ। ਉਸ ਨੇ ਸਿੱਖਾਂ ਨੂੰ ਟੋਲਣ[12] ਅਤੇ ਸਜ਼ਾ ਦੇਣ ਲਈ ਸਭ ਪਾਸਿਆਂ ਵੱਲ ਸੈਨਿਕ ਟੁਕੜੀਆਂ ਭੇਜੀਆਂ। ਉਨ੍ਹਾਂ ਦੇ ਸਿਰਾਂ ਦੇ ਮੁੱਲ ਮੁਕੱਰਰ ਕੀਤੇ ਗਏ। ਹਰ ਸਵੇਰ ਨੂੰ ਦੰਡ ਦੇਣ ਵਾਲੀਆਂ ਪਾਰਟੀਆਂ ਲਾਹੌਰ ਤੋਂ ਨਿਕਲਦੀਆਂ ਅਤੇ ਪਿੰਡਾਂ ਤੇ ਜੰਗਲਾਂ ਦੀ ਛਾਣਬੀਣ ਕਰਕੇ ਸਿੱਖਾਂ ਨੂੰ ਕੜੀਆਂ ਲਾ ਕੇ ਟੋਲੀਆਂ ਵਿਚ ਲਾਹੌਰ ਲਿਆਂਦਾ ਜਾਂਦਾ। ਉਨ੍ਹਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਤਸੀਹੇ ਦਿੱਤੇ ਜਾਂਦੇ ਅਤੇ ਲਾਹੌਰ ਵਿਚ ਦਿੱਲੀ ਗੇਟ ਤੋਂ ਬਾਹਰ ਨਖਾਸ ਦੇ ਅਸਥਾਨ ਤੇ ਲੋਕਾਂ ਦੇ ਸਾਹਮਣੇ ਉਨ੍ਹਾਂ ਦੀਆਂ ਧੌਣਾਂ ਕੱਟ ਦਿੱਤੀਆਂ ਜਾਂਦੀਆਂ। ਬਾਕੀ ਦਿਆਂ ਨੂੰ ਭੈ-ਭੀਤ ਕਰਨ ਲਈ ਕਤਲ ਹੋਇਆਂ ਦੇ ਸਿਰਾਂ ਨੂੰ ਇਕੱਠਿਆਂ ਕਰਕੇ ਮੀਨਾਰ ਬਣਾਏ ਜਾਂਦੇ ਜਿਨ੍ਹਾਂ ਨੂੰ ਸਿੱਖ ਸ਼ਹੀਦ ਗੰਜ ਕਹਿੰਦੇ ਹਨ। ਸਿੱਖ ਫਿਰ ਜੰਗਲਾਂ ਵੱਲ ਚਲੇ ਗਏ ਅਤੇ ਉਨ੍ਹਾਂ ਨੇ ਬਹੁਤ ਕਸ਼ਟ ਝੱਲੇ। ਉਹ ਕੰਦ ਮੂਲ[13] ਅਤੇ ਸਬਜ਼ੀਆਂ ਖਾ ਕੇ ਗੁਜ਼ਾਰਾ ਕਰਦੇ। ਖਾਣ ਵਾਲੀਆਂ ਇਨ੍ਹਾਂ ਚੀਜ਼ਾਂ ਦੇ ਬੜੇ ਵਚਿੱਤਰ ਨਾਂ ਰਖੇ ਹੋਏ ਸਨ ਜਿਵੇਂ ਗੰਢੇ ਦੇ ਛਿਲਕੇ ਨੂੰ ਉਹ ਰੁੱਪਾ ਕਹਿੰਦੇ। ਭੁਜੇ ਹੋਏ ਛੋਲਿਆਂ ਨੂੰ ਬਾਦਾਮ ਅਤੇ ਸੁੱਕੀ ਜਾਂ ਬੇਹੀ ਰੋਟੀ ਨੂੰ ਮਿੱਠੇ ਪ੍ਰਸ਼ਾਦੇ ਕਹਿੰਦੇ ਅਤੇ ਜੇ ਉਨ੍ਹਾਂ ਦੇ ਪਾਸ ਖਾਣ ਨੂੰ ਕੁਝ ਵੀ ਨਾ ਹੁੰਦਾ ਤਾਂ ਕਹਿੰਦੇ ਕਿ ਲੰਗਰ ਮਸਤ ਹੋ ਗਿਆ ਹੈ। ਵਾਸਤਵ ਵਿਚ ਸਿੱਖਾਂ ਵਿਚ ਇਕ ਨਵੀਂ ਸ਼ਬਦਾਵਲੀ[14] ਚਲ ਪਈ ਜੋ ਉਨ੍ਹਾਂ ਦੀ ਅਜਿੱਤ ਦ੍ਰਿੜ੍ਹਤਾ ਅਤੇ ਉਲਾਸਮਈ ਸੁਭਾ ਪ੍ਰਗਟਾਉਂਦੀ ਸੀ ਜਿਸ ਦੁਆਰਾ ਉਹ ਕਸ਼ਟਾਂ ਦੀ ਪ੍ਰਵਾਹ ਨਾ ਕਰਦੇ ਅਤੇ ਆਪਣੀਆਂ ਔਕੜਾਂ ਨੂੰ ਮਖੌਲ ਕਰਦੇ ਸਨ।

ਉਹ ਕਾਨੂੰਨੀ ਰੱਖਿਆ ਤੋਂ ਵੰਚਿਤ ਪਰ ਬੜੇ ਖ਼ੁਸ਼ ਲੋਕ ਸਨ। ਸਰਕਾਰ ਨੂੰ ਭਾਵੇਂ ਉਨ੍ਹਾਂ ਨੂੰ ਕਾਨੂੰਨੀ ਰੱਖਿਆ ਤੋਂ ਵੰਚਿਤ ਕੀਤਾ ਹੋਇਆ ਸੀ ਪਰ ਲੋਕਾਂ ਨੇ ਉਨ੍ਹਾਂ ਨਾਲ ਆਪਣਾ ਨਾਤਾ ਨਹੀਂ ਸੀ ਤੋੜਿਆ। ਲੋਕ ਉਨ੍ਹਾਂ ਸਿੱਖਾਂ ਨੂੰ ਹਾਲਾਤ ਦੇ ਮੁਤਾਬਕ ਜਿੰਨੀ ਸਹਾਇਤਾ ਸੰਭਵ ਸੀ ਦਿੰਦੇ ਸਨ। ਪੁਰਾਤਨ ਲਿਖਤਾਂ ਤੋਂ ਸਾਨੂੰ ਪਤਾ ਲਗਦਾ[15] ਹੈ ਕਿ ਜ਼ਿਮੀਂਦਾਰ ਤਿੰਨ ਤਰੀਕਿਆਂ ਨਾਲ ਜਿਵੇਂ ਕਿ ਉਨ੍ਹਾਂ ਦੀ ਰੱਖਿਆ ਕਰ ਕੇ, ਉਨ੍ਹਾਂ ਨੂੰ ਖਾਣ ਪੀਣ ਦੀ ਸਮੱਗਰੀ ਪਹੁੰਚਾ ਕੇ ਅਤੇ ਦੋ-ਦੋ ਜਾਂ ਤਿੰਨ-ਤਿੰਨ ਦੀਆਂ ਟੋਲੀਆਂ ਵਿਚ ਉਨ੍ਹਾਂ ਨੂੰ ਆਪਣੇ ਘਰੀਂ ਰਖ ਕੇ ਉਨ੍ਹਾਂ ਦੀ ਸਹਾਇਤਾ ਕਰਦੇ ਸਨ। ਸਿੱਖਾਂ ਉੱਤੇ ਕੀਤੀਆਂ ਜਾ ਰਹੀਆਂ ਸਖ਼ਤੀਆਂ ਨੇ ਦੂਜਿਆਂ ਦਾ ਹੌਸਲਾ ਤੋੜਨ ਦੀ ਥਾਂ ਉਨ੍ਹਾਂ ਦੇ ਮਨ ਵਿਚ ਕਸ਼ਟ ਝਲ ਰਹੇ ਸਿੱਖਾਂ ਲਈ ਹਮਦਰਦੀ ਪੈਦਾ ਕਰ ਦਿੱਤੀ ਅਤੇ ਭਾਰੀ ਗਿਣਤੀ ਵਿਚ ਲੋਕ ਖਾਲਸੇ ਨਾਲ ਸ਼ਾਮਿਲ ਹੋ ਗਏ। ਜ਼ਕਰੀਆ ਖਾਨ ਦਾ ਹਿੰਦੂ ਦੀਵਾਨ ਲਖਪਤ ਰਾਏ ਵੀ ਗੁਪਤ ਰੂਪ ਵਿਚ ਸਿੱਖਾਂ ਨਾਲ ਹਮਦਰਦੀ ਰਖਦਾ ਸੀ। ਉਹ ਹਮੇਸ਼ਾਂ ਜ਼ਕਰੀਆ ਖ਼ਾਂ ਦੇ ਸਾਹਮਣੇ ਸਿੱਖਾਂ ਦਾ ਪੱਖ ਪੂਰਦਾ ਜਾਂ ਉਨ੍ਹਾਂ ਵਿਰੁੱਧ ਧਾਰਨ ਕੀਤੀਆਂ ਸਰਕਾਰੀ ਕਾਰਵਾਈਆਂ ਦੀ ਸਖ਼ਤੀ ਨੂੰ ਘਟਾਉਣ ਦਾ ਯਤਨ ਕਰਦਾ। ਸਿੱਖਾਂ ਨੇ ਆਪਣੇ

12. *ਚਹਾਰ-ਗੁਲਸ਼ਨ-ਇ-ਪੰਜਾਬ*, ਪੰਨਾ 169.
13. ਖ਼ੁਸ਼ਵਕਤ ਰਾਏ ਲਿਖਦਾ ਹੈ (ਪੰਨਾ 44 ਬੀ) ਕਿ ਉਹ ਗੁਫ਼ਾਵਾਂ ਅਤੇ ਕੰਡਿਆਲੀਆਂ ਝਾੜੀਆਂ ਵਿਚ ਰਹਿੰਦੇ ਸਨ ਅਤੇ ਕੰਦ ਮੂਲ ਅਤੇ ਘਾਹ ਦੇ ਪੱਤੇ ਖਾ ਕੇ ਗੁਜ਼ਾਰਾ ਕਰਦੇ ਸਨ। ਉਸ ਅਨੁਸਾਰ ਜ਼ਕਰੀਆ ਖ਼ਾਂ ਅਚੰਭਿਤ ਹੁੰਦਾ ਸੀ ਕਿ ਘਾਹ ਖਾਣ ਵਾਲੇ ਇਤਨੇ ਨਿਡਰ ਸਨ ਕਿ ਬਾਦਸ਼ਾਹੀ ਦੀ ਮੰਗ ਕਰ ਰਹੇ ਸਨ।
14. ਅਲੀ-ਉਦ-ਦੀਨ; Teja Singh, *Growth of Responsibility in Sikhism*, pp 55-56.
15. ਅਹਿਮਦ ਸ਼ਾਹ ਬਟਾਲੀਆਂ, *ਜ਼ਿਕਰ-ਇ-ਗੁਰੂਆ*, ਪੰਨਾ 13.

ਆਪ ਨੂੰ ਕਾਨੂਨੀ ਰੱਖਿਆ ਤੋਂ ਵੰਚਿਤ ਕੀਤੇ ਜਾਣ ਦਾ ਪੂਰਾ ਲਾਭ ਉਠਾਇਆ। ਉਨ੍ਹਾਂ ਦੇ ਕੋਈ ਘਰ ਘਾਟ ਨਹੀਂ ਸਨ ਅਤੇ ਨਾ ਹੀ ਉਨ੍ਹਾਂ ਕੋਲ ਕੋਈ ਜਾਇਦਾਦ ਸੀ ਪਰ ਉਹ ਇਸ ਆਸ ਨਾਲ ਜਿਊਂਦੇ ਸਨ,[16] ਜਿਵੇਂ ਗੁਰੂ ਜੀ ਨੇ ਭਵਿੱਖਬਾਣੀ ਕੀਤੀ ਸੀ, ਕਿ ਇਕ ਦਿਨ ਖਾਲਸੇ ਦਾ ਰਾਜ ਹੋਵੇਗਾ ('ਰਾਜ ਕਰੇਗਾ ਖਾਲਸਾ')। ਉਹ ਉਸ ਦਿਨ ਦੀ ਉਡੀਕ ਵਿਚ ਸਨ ਭਾਵੇਂ ਕਿ ਉਸ ਘੜੀ ਤਾਂ ਉਨ੍ਹਾਂ ਲਈ ਕੇਵਲ ਜਿਊਂਦੇ ਰਹਿਣ ਦਾ ਹੀ ਸਵਾਲ ਸੀ। ਜਿਥੋਂ ਕਿਥੋਂ ਵੀ ਭੋਜਨ ਅਤੇ ਕਪੜੇ ਮਿਲ ਸਕਦੇ ਸਨ ਭੁੱਖ ਅਤੇ ਨੰਗੇਜ ਨੇ ਉਨ੍ਹਾਂ ਨੂੰ ਉਥੋਂ ਹੀ ਲੈਣ ਲਈ ਮਜਬੂਰ ਕਰ ਦਿੱਤਾ। ਜੇ ਉਨ੍ਹਾਂ ਨੇ ਜਿਊਂਦੇ ਰਹਿਣਾ ਸੀ ਤਾਂ ਅਜਿਹਾ ਕਰਨ ਤੋਂ ਬਿਨਾਂ ਉਨ੍ਹਾਂ ਲਈ ਹੋਰ ਕੋਈ ਚਾਰਾ ਹੀ ਨਹੀ ਸੀ। ਉਨ੍ਹਾਂ ਵੱਲੋਂ ਲੁੱਟ ਮਾਰ ਕੇਵਲ ਸਰਕਾਰੀ ਜਾਂ ਸਰਕਾਰ ਦੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਸਾਥੀਆਂ ਦੇ ਮਾਲ ਤਕ ਹੀ ਸੀਮਿਤ ਸੀ। ਫ਼ਾਰਸੀ ਵਿਚ ਲਿਖਣ ਵਾਲੇ ਇਤਿਹਾਸਕਾਰ ਅਤੇ ਜਿਹੜੇ ਲੋਕ ਅੱਜ ਉਨ੍ਹਾਂ ਲਿਖਾਰੀਆਂ ਦੇ ਹਵਾਲੇ ਦਿੰਦੇ ਹਨ ਉਨ੍ਹਾਂ ਦਿਨਾਂ ਵਿਚ ਸਿੱਖਾਂ ਦੀਆਂ ਕਾਰਵਾਈਆਂ ਦੇ ਸੰਬੰਧ ਵਿਚ 'ਲੁੱਟ' ਸ਼ਬਦ ਦੀ ਵਰਤੋਂ ਕਰਦੇ ਹਨ ਅਤੇ ਇਸ ਦਾ ਉਹ ਕੋਈ ਵਿਸਤਾਰ ਨਹੀਂ ਦਿੰਦੇ। ਉਹ ਇਹ ਗੱਲ ਭੁੱਲ ਜਾਂਦੇ ਹਨ ਕਿ ਯੁੱਧ ਵਿਚ ਅਜਿਹੀਆਂ ਗੱਲਾਂ ਤੋਂ ਬਚਿਆ ਨਹੀਂ ਜਾ ਸਕਦਾ, ਵਿਸ਼ੇਸ਼ ਕਰਕੇ ਅਜਿਹੀ ਲੜਾਈ ਵਿਚ ਜਿੱਥੇ ਇਕ ਧਿਰ ਨੂੰ ਇਨਸਾਨੀ ਹੱਕਾਂ ਤੋਂ ਵੀ ਵੰਚਿਤ ਕੀਤਾ ਗਿਆ ਹੋਵੇ। ਸਿੱਖ ਇਤਿਹਾਸਕਾਰ ਉਨ੍ਹਾਂ ਹਾਲਾਤ ਦਾ ਵੇਰਵਾ ਦਿੰਦੇ ਹਨ ਜਿਨ੍ਹਾਂ ਵਿਚ ਸਿੱਖਾਂ ਨੂੰ ਆਪਣੀ ਨਿਰੀ ਹੋਂਦ ਲਈ ਸੰਘਰਸ਼ ਕਰਨਾ ਪਿਆ ਸੀ ਅਤੇ ਅਖੌਤੀ 'ਲੁੱਟ ਮਾਰ' ਦੀ ਹਰ ਘਟਨਾ ਬਾਰੇ ਵਿਸਤਾਰ-ਪੂਰਵਕ ਜਾਣਕਾਰੀ ਦਿੰਦੇ ਹਨ। ਉਦਾਹਰਣ ਵਜੋਂ ਗਿਆਨ ਸਿੰਘ ਲਿਖਦਾ ਹੈ ਕਿ ਆਮ ਤੌਰ ਤੇ ਹਿੰਦੂਆਂ ਨੂੰ ਨਹੀਂ ਸੀ ਛੇੜਿਆ ਜਾਂਦਾ ਅਤੇ ਜੇ ਗਲਤੀ ਨਾਲ ਕਿਸੇ ਹਿੰਦੂ ਦਾ ਮਾਲ ਚੁੱਕ ਵੀ ਲਿਆ ਜਾਂਦਾ ਸੀ ਤਾਂ ਪਤਾ ਲੱਗਣ ਤੇ ਇਹ ਮਾਲ ਪੂਰਾ ਮੋੜ ਦਿੱਤਾ ਜਾਂਦਾ ਸੀ।[17]

### ਵਾਂ ਪਿੰਡ ਦਾ ਤਾਰਾ ਸਿੰਘ ਮਾਰਿਆ ਗਿਆ

ਜਿਸ ਗੱਲ ਨੇ ਸਿੱਖਾਂ ਨੂੰ ਸਖ਼ਤ ਬਦਲੇ ਦੀ ਭਾਵਨਾ ਨਾਲ ਲਾਹੌਰ ਦੇ ਕਰਮਚਾਰੀਆਂ ਵਿਰੁੱਧ ਭੜਕਾਇਆ ਸੀ ਉਹ ਵਾਂ[18] ਪਿੰਡ ਦੇ ਤਾਰਾ ਸਿੰਘ ਉੱਤੇ ਉਨ੍ਹਾਂ ਦਾ ਹਮਲਾ ਸੀ, ਜੋ ਲੜਦਾ ਹੋਇਆ ਮਾਰਿਆ ਗਿਆ ਸੀ। ਤਾਰਾ ਸਿੰਘ ਆਪਣੇ ਧਾਰਮਿਕ ਵਿਅਕਤਿਤਵ, ਲੋਕ ਭਾਵਨਾ ਅਤੇ ਦਲੇਰੀ ਕਰਕੇ, ਜਿਸ ਦੁਆਰਾ ਉਹ ਪੰਥ ਦੇ ਸਭ ਕੰਮਾਂ ਵਿਚ ਅੱਗੇ ਰਹਿੰਦਾ ਸੀ, ਸਿੱਖਾਂ ਵਿਚ ਬੜਾ ਹਰਮਨ ਪਿਆਰਾ ਹੋ ਗਿਆ ਸੀ। ਉਸ ਨੇ ਪਹਿਲਾਂ ਹੀ ਬੰਦਾ ਸਿੰਘ ਦੀਆਂ ਮੁਹਿੰਮਾਂ ਵਿਚ ਬੜਾ ਨਾਮਣਾ ਖਟਿਆ ਹੋਇਆ ਸੀ ਅਤੇ ਇਸ ਮੁਸੀਬਤਾਂ ਦੀ ਘੜੀ ਵਿਚ ਉਹ ਆਪਣੇ ਧਰਮ-ਭਰਾਵਾਂ ਦੀ ਮਦਦ ਕਰਨ ਵਿਚ ਬਹੁਤ ਹੀ ਸਾਹਸੀ ਅਤੇ ਨਿਡਰ ਸੀ। ਨੁਸ਼ਹਿਰੇ ਦੇ ਇਕ ਘਟੀਆ ਨੀਅਤ ਵਾਲੇ ਅਤਿਆਚਾਰੀ ਸਾਹਿਬ ਰਾਏ ਦੀਆਂ ਕਰਤੂਤਾਂ ਕਰਕੇ ਸਥਿਤੀ ਵਿਗੜ ਗਈ। ਸਾਹਿਬ ਰਾਏ ਸਿੱਖਾਂ ਦੇ ਹਰੇ ਖੇਤਾਂ ਵਿਚ ਆਪਣੇ ਘੋੜਿਆਂ ਨੂੰ ਖੁਲ੍ਹੇ ਛੱਡ ਦਿੰਦਾ ਸੀ। ਜਦੋਂ ਕੋਈ ਇਤਰਾਜ਼ ਕਰਦੇ ਤਾਂ ਉਹ ਉਨ੍ਹਾਂ ਨੂੰ ਗਾਲੀਆਂ ਕੱਢਦਾ ਅਤੇ ਕਹਿੰਦਾ; "ਤੁਸੀ ਆਪਣੇ ਖੇਤਾਂ ਵਿਚ ਮੇਰੇ ਘੋੜਿਆਂ ਦੇ ਖੁਲ੍ਹੇ ਫਿਰਨ ਦੀ ਗੱਲ ਕਰਦੇ ਹੋ! ਮੈਂ ਤੁਹਾਨੂੰ ਦੱਸਦਾ ਹਾਂ ਕਿ ਮੇਰੀ ਕੈਂਚੀ ਤੁਹਾਡੀਆਂ ਦਾੜ੍ਹੀਆਂ ਅਤੇ ਲੰਮੇ ਕੇਸਾਂ ਵਿਚ ਬੇਰੋਕ-ਟੋਕ ਚਲੇਗੀ।" ਇਹ ਗੱਲ ਸਿੱਖਾਂ ਨੂੰ ਬਹੁਤ ਚੁਭਦੀ। ਉਹ ਉਸ ਦੀ ਘੋੜੀ ਫੜਕੇ ਲੈ ਗਏ ਜਿਸ ਨੂੰ ਉਨ੍ਹਾਂ ਵੇਚ ਦਿੱਤਾ। ਘੋੜੀ ਵੇਚ ਕੇ ਜੋ ਪੈਸੇ ਉਨ੍ਹਾਂ ਵੱਟੇ, ਉਹ ਉਨ੍ਹਾਂ ਨੇ ਤਾਰਾ ਸਿੰਘ ਵੱਲੋਂ

---

16. *ਰਤਨ ਸਿੰਘ ਭੰਗੂ*, ਪੰਨਾ 185; ਨੰਦ ਲਾਲ, *ਤਨਖਾਹਨਾਮਾ*, ਪੰਨਾ 35.
17. *ਪੰਥ ਪ੍ਰਕਾਸ਼*, ਪੰਨੇ 452-53.
18. ਇਹ ਪਿੰਡ ਅੰਮ੍ਰਿਤਸਰ ਦੇ ਜ਼ਿਲ੍ਹੇ ਵਿਚ ਹੈ ਅਤੇ ਡਲ ਪਿੰਡ ਦੇ ਨਾਲ ਹੀ ਲਗਦਾ ਹੈ। ਉਨ੍ਹਾਂ ਦੋਨਾਂ ਨੂੰ ਅਕਸਰ ਇਕੱਠਿਆਂ ਹੀ ਡਲ-ਵਾਂ ਦੇ ਨਾਂ ਨਾਲ ਸਦਿਆ ਜਾਂਦਾ ਹੈ।

ਚਲਾਏ ਜਾ ਰਹੇ ਖੁਲ੍ਹੇ ਲੰਗਰ ਨੂੰ ਰਾਸ਼ਨ ਮੁਹੱਈਆ ਕਰਨ ਵਿਚ ਖਰਚ ਦਿੱਤੇ। ਸਾਹਿਬ ਰਾਏ ਨੇ ਪੱਟੀ ਦੇ ਫ਼ੌਜਦਾਰ ਜਾਫ਼ਰ ਬੇਗ ਪਾਸ ਇਸ ਮਾਮਲੇ ਦੀ ਰਿਪੋਰਟ ਕੀਤੀ ਜਿਸ ਨੇ 25 ਘੋੜ ਸਵਾਰ ਅਤੇ 80 ਪਿਆਦਾ ਸਿਪਾਹੀਆਂ ਨੂੰ ਤਾਰਾ ਸਿੰਘ ਵਿਰੁੱਧ ਭੇਜਿਆ।

ਉਨ੍ਹਾਂ ਦੇ ਵਾਂ ਪਿੰਡ ਪੁੱਜਣ ਤੋਂ ਪਹਿਲਾਂ ਹੀ ਬਘੇਲ ਸਿੰਘ ਢਿਲੋਂ ਅਤੇ ਉਸ ਦੇ ਸਾਥੀਆਂ ਨੇ ਉਨ੍ਹਾਂ ਨੂੰ ਰੋਕ ਕੇ ਭਜਾ ਦਿੱਤਾ। ਇਸ ਲੜਾਈ ਵਿਚ ਜਾਫ਼ਰ ਬੇਗ ਦਾ ਇਕ ਭਤੀਜਾ ਮਾਰਿਆ ਗਿਆ। ਫ਼ੌਜਦਾਰ ਨੇ ਲਾਹੌਰ ਤੋਂ ਵਡੇਰੀ ਫ਼ੌਜ ਦੀ ਮੰਗ ਕੀਤੀ। ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਂ ਨੇ 2200 ਘੋੜ ਸਵਾਰ, 40 ਜ਼ੰਬੂਰਕ, 5 ਹਾਥੀ ਅਤੇ 4 ਰਹਿਕਲੇ ਆਪਣੇ ਨਾਇਬ ਮੋਮਨ ਖ਼ਾਂ ਦੀ ਕਮਾਨ ਥੱਲੇ ਭੇਜੇ। ਇਤਨਾ ਭਾਰੀ ਅਮਲਾ ਤਾਰਾ ਸਿੰਘ ਦੇ ਕੇਵਲ 22 ਆਦਮੀਆਂ ਵਿਰੁੱਧ ਭੇਜਿਆ ਗਿਆ ਸੀ। ਇਸ ਮੁਹਿੰਮ ਦੀ ਖ਼ਬਰ ਲਾਹੌਰ ਦੇ ਸਿੱਖਾਂ ਨੇ ਇਕ ਗੁਪਤ ਏਲਚੀ ਰਾਹੀਂ ਸਿੱਖ ਆਗੂ (ਤਾਰਾ ਸਿੰਘ) ਨੂੰ ਭੇਜ ਦਿੱਤੀ ਸੀ। ਇਕ ਹੋਰ ਆਦਮੀ ਘਮੰਡਾ ਨੇ, ਜੋ ਉੱਪਲ ਜੱਟ ਸੀ, ਲਾਹੌਰ ਦੀ ਸੈਨਾ ਲਈ ਇਕ ਸੂਹੀਏ ਦੇ ਫ਼ਰਜ਼ ਨਿਭਾਉਣ ਲਈ ਪੇਸ਼ਕਸ਼ ਕੀਤੀ ਅਤੇ ਨਾਲ ਹੀ ਉਸ ਨੇ ਵਾਂ ਪਿੰਡ ਨੂੰ ਇਤਲਾਹ ਭੇਜ ਦਿੱਤੀ ਪਰ ਭਾਈ ਤਾਰਾ ਸਿੰਘ ਨੇ ਆਪਣੇ ਪਿੰਡ ਤੋਂ ਭੱਜਕੇ ਆਪਣੀ ਜਾਨ ਬਚਾਉਣ ਦੇ ਮੌਕੇ ਤੋਂ ਲਾਭ ਉਠਾਉਣ ਤੋਂ ਇਨਕਾਰ ਕਰ ਦਿੱਤਾ। ਉਸ ਨੇ ਬਚ ਨਿਕਲਣ ਨੂੰ ਬੁਜ਼ਦਿਲੀ ਸਮਝਿਆ ਅਤੇ ਉਹ ਬਹਾਦਰੀ ਨਾਲ ਮੌਤ ਦਾ ਸਾਹਮਣਾ ਕਰਨ ਲਈ ਸੁਦ੍ਰਿੜ੍ਹ ਸੀ। ਆਪਣੇ 22 ਆਦਮੀਆਂ ਸਮੇਤ ਉਸ ਨੇ ਰਾਤ ਸਮੇਂ ਮੁਗ਼ਲ ਸੈਨਾ ਨੂੰ ਆਪਣੇ ਲਾਗੇ ਨਹੀਂ ਲੱਗਣ ਦਿੱਤਾ ਪਰ ਸੂਰਜ ਦੇ ਚੜ੍ਹਨ ਨਾਲ ਉਸ ਦੇ ਆਦਮੀਆਂ ਦੀ ਸਹੀ ਗਿਣਤੀ ਦਾ ਭੇਦ ਖੁਲ੍ਹ ਗਿਆ ਅਤੇ ਆਪਣੇ ਬਹਾਦਰ ਆਗੂ ਸਮੇਤ ਉਹ ਸਾਰੇ ਦੇ ਸਾਰੇ ਮਾਰੇ ਗਏ।[19]

**ਸਿੱਖਾਂ ਨੇ ਬਦਲਾ ਲੈ ਲਿਆ**

ਇਸ ਖ਼ਬਰ ਨਾਲ ਕੇਂਦਰੀ ਪੰਜਾਬ ਵਿਚ ਸਾਰੇ ਸਿੱਖ ਜੋਸ਼ ਵਿਚ ਆ ਗਏ ਅਤੇ ਉਨ੍ਹਾਂ ਨੇ ਬਦਲਾ ਲੈਣ ਦੀ ਕਸਮ ਚੁੱਕ ਲਈ। 1726 ਦਾ ਘਟਨਾ-ਭਰਪੂਰ ਵਰ੍ਹਾ ਖ਼ਤਮ ਹੋਣ ਤੋਂ ਪਹਿਲਾਂ ਸਿੱਖਾਂ ਵੱਲੋਂ ਸਰਕਾਰੀ ਖਜ਼ਾਨਿਆਂ ਅਤੇ ਕਾਫ਼ਲਿਆਂ ਉਪਰ ਝਪਟਣ ਦੀਆਂ ਸਰਕਾਰ ਨੂੰ ਬਹੁਤ ਸਾਰੀਆਂ ਸ਼ਿਕਾਇਤਾਂ ਮਿਲੀਆਂ ਸਨ। ਚਵਿੰਡਾ ਦੇ ਪਾਸੇ ਤੋਂ ਮਾਲੀਆਂ ਦੇ ਪੈਸਿਆਂ ਨਾਲ ਭਰੇ ਹੋਏ ਸੰਦੂਕ ਲੈ ਕੇ ਲਾਹੌਰ ਆ ਰਹੀ ਇਕ ਟੋਲੀ ਉੱਤੇ ਸਿੱਖਾਂ ਨੇ ਰਾਹ ਵਿਚ ਘਾਤ ਲਾ ਕੇ ਹਮਲਾ ਕੀਤਾ ਅਤੇ ਉਸ ਨੂੰ ਲੁੱਟ ਲਿਆ। ਇਸੇ ਤਰ੍ਹਾਂ ਇਕ ਹੋਰ ਪਾਰਟੀ ਨੂੰ ਜੋ ਚੂੰਨੀਆ ਅਤੇ ਕਸੂਰ ਵੱਲੋਂ ਆ ਰਹੀ ਸੀ ਕਾਨਾ ਕਾਛਾ ਦੇ ਲਾਗੇ ਕਾਬੂ ਵਿਚ ਕਰ ਲਿਆ। ਕੰਧਾਰ ਦੇ ਇਕ ਸ਼ਾਹੀ ਵਪਾਰੀ ਮੁਰਤਜ਼ਾ ਖ਼ਾਂ ਤੋਂ, ਜੋ ਬਾਦਸ਼ਾਹ ਨੂੰ ਘੋੜੇ ਲਿਆਕੇ ਦਿੰਦਾ ਸੀ, ਉਸ ਦੇ ਘੋੜੇ ਖੋਹ ਲਏ ਗਏ ਜਦੋਂ ਕਿ ਉਸ ਦਾ ਕਾਫ਼ਲਾ ਜੰਡਿਆਲੇ ਦੇ ਲਾਗਿਉਂ ਲੰਘ ਰਿਹਾ ਸੀ। ਕੁਝ ਸਾਲ ਤਾਂ ਲਾਹੌਰ ਵੱਲ ਆ ਰਿਹਾ ਮਾਲੀਏ ਦਾ ਕੋਈ ਪੈਸਾ ਵੀ ਗੌਰਮਿੰਟ ਦੇ ਖ਼ਜ਼ਾਨੇ ਵਿਚ ਨਾ ਪੁੱਜ ਸਕਿਆ ਜਦੋਂ ਸਰਕਾਰੀ ਫ਼ੌਜਾਂ ਨੇ ਕਾਨੂੰਨੀ ਰੱਖਿਆ ਤੋਂ ਵੰਚਿਤ ਇਨ੍ਹਾਂ ਲੋਕਾਂ ਨੂੰ ਸਜ਼ਾ ਦੇਣ ਦੀ ਕੋਸ਼ਿਸ਼ ਕੀਤੀ ਤਾਂ ਉਹ ਉਨ੍ਹਾਂ ਨੂੰ ਨਾ ਫੜ ਸਕੇ ਕਿਉਂਕਿ ਸਿੱਖ ਘਰਾਂ ਜਾਂ ਕਿਲ੍ਹਿਆਂ ਵਿਚ ਨਹੀਂ ਸਨ ਰਹਿੰਦੇ ਸਗੋਂ ਉਹ ਜੰਗਲਾਂ ਜਾਂ ਹੋਰ ਅਜਿਹੇ ਠਿਕਾਣਿਆਂ ਵੱਲ ਭੱਜ ਗਏ ਸਨ ਜਿੱਥੇ ਸਰਕਾਰੀ ਸੈਨਿਕ ਦਾ ਪਹੁੰਚਣਾ ਮੁਸ਼ਕਲ ਸੀ। ਕਈ ਵਾਰ ਜਦੋਂ ਉਹ ਰਾਤ ਵੇਲੇ ਆਪਣੇ ਘਰੀਂ ਆਉਂਦੇ ਤਾਂ ਉਨ੍ਹਾਂ ਦੇ ਆਉਣ ਬਾਰੇ ਉਨ੍ਹਾਂ ਦੇ ਵੈਰੀ ਸਰਕਾਰ ਨੂੰ ਇਤਲਾਹ ਦੇ ਦਿੰਦੇ ਅਤੇ ਉਹ ਫੜਕੇ ਮਾਰ ਦਿੱਤੇ ਜਾਂਦੇ।[20]

---

19. *ਰਤਨ ਸਿੰਘ ਭੰਗੂ*, ਪੰਨੇ 171-184; ਕੇਸਰ ਸਿੰਘ, *ਬੰਸਾਵਲੀ-ਨਾਮਾ*, ਪੰਨਾ 153.
20. *ਰਤਨ ਸਿੰਘ ਭੰਗੂ*, ਪੰਨੇ 185-87.

### ਸਿੱਖਾਂ ਨੂੰ ਖ਼ੁਸ਼ ਕਰਨ ਦੀ ਨੀਤੀ

ਸਿੱਖਾਂ ਵਿਰੁੱਧ ਅਤਿਆਚਾਰ ਦੀ ਇਹ ਕਹਾਣੀ ਕਈ ਸਾਲ ਤਕ ਚਲਦੀ ਰਹੀ। ਜਦ ਸਿੱਖਾਂ ਨਾਲ ਨਜਿੱਠਣ ਲਈ ਸਖ਼ਤੀ ਦੇ ਵਤੀਰੇ ਤੋਂ ਸਰਕਾਰ ਥਕ ਗਈ ਤਾਂ ਉਨ੍ਹਾਂ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕੀਤੀ। 1733 ਵਿਚ ਜਕਰੀਆ ਖ਼ਾਂ ਨੇ ਆਪਣੀਆਂ ਔਕੜਾਂ ਦਿੱਲੀ ਸਰਕਾਰ ਦੇ ਪੇਸ਼ ਕੀਤੀਆਂ ਅਤੇ ਇਹ ਸੁਝਾਉ ਦਿੱਤਾ ਕਿ ਸਿੱਖਾਂ ਨੂੰ ਇਕ ਜਾਗੀਰ ਦੇ ਦਿੱਤੀ ਜਾਵੇ ਅਤੇ ਉਨ੍ਹਾਂ ਦੇ ਆਗੂ ਨੂੰ ਖ਼ਿਤਾਬ ਨਾਲ ਸਸ਼ੋਭਿਤ ਕੀਤਾ ਜਾਏ। ਸਰਕਾਰ ਨੇ ਉਸ ਦਾ ਸੁਝਾਉ ਪ੍ਰਵਾਨ ਕਰ ਲਿਆ। ਜ਼ਕਰੀਆ ਖ਼ਾਂ ਨੇ ਇਸ ਸੰਬੰਧੀ ਗੱਲਬਾਤ ਕਰਨ ਦਾ ਕੰਮ ਸੁਬੇਗ ਸਿੰਘ ਨਾਂ ਦੇ ਇਕ ਸਰਕਾਰੀ ਠੇਕੇਦਾਰ ਨੂੰ ਸੌਂਪਿਆ। ਉਹ ਅੰਮ੍ਰਿਤਸਰ ਵਿਚ ਅਕ਼ਾਲ ਤਖ਼ਤ ਦੇ ਸਥਾਨ ਤੇ ਇਕੱਤਰ ਹੋਏ ਖਾਲਸਾ ਦੇ ਪਾਸ ਗਿਆ ਅਤੇ ਉਸ ਨੂੰ ਸਰਕਾਰ ਨਾਲ ਮਿਲਵਰਤਣ ਕਰਨ ਦੇ ਦੋਸ਼ ਵਿਚ 'ਤਨਖਾਹ ਲਾਉਣ' ਅਰਥਾਤ 'ਸਜ਼ਾ ਦੇਣ' ਦੀ ਰਸਮ ਵਿਚੋਂ ਦੀ ਲੰਘਣ ਤੋਂ ਬਾਅਦ ਸਿੱਖਾਂ ਨੇ ਆਪਣੇ ਵਿਚਕਾਰ ਬੈਠਣ ਦੀ ਆਗਿਆ ਦਿੱਤੀ। ਇਸ ਤੋਂ ਬਾਅਦ ਉਸ ਨੇ ਲਾਹੌਰ ਸਰਕਾਰ ਵੱਲੋਂ ਨਵਾਬ ਦਾ ਖ਼ਿਤਾਬ ਅਤੇ ਦੀਪਾਲਪੁਰ, ਕੰਗਣਵਾਲ ਤੇ ਝਬਾਲ ਦੇ ਪ੍ਰਗਨਿਆ ਦੀ ਇਕ ਜਾਗੀਰ, ਜਿਸ ਵਿਚੋਂ 1,00,000 ਰੁਪਏ ਵਾਰਸ਼ਿਕ ਦੀ ਆਮਦਨ ਹੁੰਦੀ ਸੀ, ਪੇਸ਼ ਕੀਤੀ। ਸਿੱਖ ਇਸ ਪੇਸ਼ਕਸ਼ ਨੂੰ ਇਕਦਮ ਠੁਕਰਾ ਦੇਣ ਵਾਲੇ ਹੀ ਸਨ ਕਿ ਇਸ ਉੱਤੇ ਹੋਰ ਵਿਚਾਰ ਕਰਨ ਉਪਰੰਤ ਉਹ ਇਸ ਖ਼ਿਤਾਬ ਅਤੇ ਜਾਗੀਰ ਨੂੰ ਪ੍ਰਵਾਨ ਕਰਨ ਲਈ ਰਾਜ਼ੀ ਹੋ ਗਏ। ਉਨ੍ਹਾਂ ਨੇ ਇਹ ਇਕ ਪ੍ਰਸਿੱਧ ਆਗੂ ਦੀਵਾਨ ਦਰਬਾਰਾ ਸਿੰਘ ਦੇ ਸਪੁਰਦ ਕਰ ਦਿੱਤੇ ਪਰ ਉਹ ਇਹ ਖ਼ਿਤਾਬ ਅਤੇ ਜਾਗੀਰ ਇਹ ਕਹਿ ਕੇ ਲੈਣ ਨੂੰ ਤਿਆਰ ਨਾ ਹੋਇਆ ਕਿ, "ਇਸ ਨਵਾਬੀ ਵਿਚ ਕੀ ਪਿਆ ਹੈ। ਸਾਨੂੰ ਤਾਂ ਗੁਰੂ ਨੇ ਰਾਜ ਦੇਣ ਦਾ ਵਚਨ ਕੀਤਾ ਹੋਇਆ ਹੈ। ਗੁਰੂ ਦਾ ਵਚਨ ਜ਼ਰੂਰ ਪੂਰਾ ਹੋਵੇਗਾ। ਖਾਲਸਾ ਜੋ ਸੁਤੰਤਰ ਹੋ ਕੇ ਰਾਜ ਕਰੇਗਾ ਉਹ ਇਕ ਅਧੀਨ ਪਦਵੀ ਨੂੰ ਪ੍ਰਵਾਨ ਨਹੀਂ ਕਰ ਸਕਦਾ।" ਫਿਰ ਇਨ੍ਹਾਂ ਚੀਜ਼ਾਂ ਦੀ ਦੂਜੇ ਆਗੂਆਂ ਨੂੰ ਪੇਸ਼ਕਸ਼ ਕੀਤੀ ਗਈ ਪਰ ਉਹ ਵੀ ਲੈਣ ਲਈ ਰਾਜ਼ੀ ਨਾ ਹੋਏ। ਆਖ਼ਰਕਾਰ ਇਹ ਸੁਝਾ ਦਿੱਤਾ ਗਿਆ ਕਿ ਇਹ ਨਵਾਬੀ ਅਤੇ ਜਾਗੀਰ ਇਕ ਅਜਿਹੇ ਆਦਮੀ ਨੂੰ ਦਿੱਤੀਆਂ ਜਾਣ ਜੋ ਸੇਵਾ ਲਈ ਪ੍ਰਸਿੱਧ ਹੋਵੇ। ਕਪੂਰ ਸਿੰਘ ਫ਼ੈਜ਼ੁਲਪੁਰੀਆ, ਜੋ ਉਸ ਵੇਲੇ ਸੰਗਤ ਨੂੰ ਪੱਖਾ ਝੱਲ ਰਿਹਾ ਸੀ, ਇਸ ਮਾਣ ਲਈ ਚੁਣਿਆ ਗਿਆ। ਉਸ ਨੇ ਇਹ ਪ੍ਰਵਾਨ ਕਰ ਲਿਆ ਪਰ ਉਸ ਨੇ ਇਹ ਉਦੋਂ ਪ੍ਰਵਾਨ ਕੀਤਾ ਜਦੋਂ ਇਨ੍ਹਾਂ ਚੀਜ਼ਾਂ ਨੂੰ ਪੰਜ ਸਿੰਘਾਂ ਦੇ ਚਰਨਾਂ ਦੀ ਛੁਹ ਨਾਲ ਪਵਿੱਤਰ ਕੀਤਾ ਗਿਆ।[21]

### ਦਲਾਂ ਦੀ ਜੱਥੇਬੰਦੀ

ਇਸ ਨਾਲ ਉਨ੍ਹਾਂ ਸਿੱਖਾਂ ਨੂੰ ਥੋੜ੍ਹਾ ਜਿਹਾ ਸਾਹ ਲੈਣ ਦਾ ਸਮਾਂ ਮਿਲ ਗਿਆ ਜਿਨ੍ਹਾਂ ਨੇ ਕਿ ਆਪਣੇ ਅਸਲੀ ਘਰਾਂ ਵਿਚ ਰਹਿਣਾ ਸ਼ੁਰੂ ਕਰ ਦਿੱਤਾ ਸੀ। ਉਨ੍ਹਾਂ ਦੀ ਗਿਣਤੀ ਵਿਚ ਵੀ ਵਾਧਾ ਹੋ ਗਿਆ ਪਰ ਅਮਨ ਸ਼ਾਂਤੀ ਦਾ ਇਹ ਸਮਾਂ ਬਹੁਤੀ ਦੇਰ ਤਕ ਨਾ ਬਣਿਆ ਰਿਹਾ। ਸਿੱਖਾਂ ਨੂੰ ਜਾਗੀਰ ਦੇ ਕੇ ਸਰਕਾਰ ਇਸ ਗੱਲ ਦੀ ਆਸ ਰਖਦੀ ਸੀ ਕਿ ਉਹ ਆਪਣੀਆਂ ਤਲਵਾਰਾਂ ਨੂੰ ਹਲਾਂ ਦੇ ਫਾਲਾਂ ਵਿਚ ਬਦਲ ਲੈਣਗੇ ਅਤੇ ਅਮਨ-ਪਸੰਦ ਅਤੇ ਕਾਨੂੰਨ-ਪਾਲਕ ਨਾਗਰਿਕਾਂ ਦੀ ਤਰ੍ਹਾਂ ਰਹਿਣਗੇ। ਪਰ ਸਿੱਖ ਇਤਨੀ ਨਰਮ ਮਿੱਟੀ ਦੇ ਨਹੀਂ ਸਨ ਬਣੇ ਹੋਏ। ਉਹ ਰਾਜਸੀ ਸੁਤੰਤਰਤਾ ਦਾ ਸੁਆਦ ਚਖ ਬੈਠੇ ਸਨ ਅਤੇ ਰਾਜ ਸੱਤਾ ਹਥਿਆਉਣ ਦੇ ਮੌਕੇ ਦੀ ਉਡੀਕ ਕਰ ਰਹੇ ਸਨ। ਇਸ ਗੱਲ ਦਾ ਪ੍ਰਗਟਾਵਾ ਉਨ੍ਹਾਂ ਨੇ ਆਪਣੇ ਆਗੂਆਂ ਅਧੀਨ ਇਕੱਠੇ ਹੋਣ ਅਤੇ ਆਪਣੀ ਜੱਥੇਬੰਦੀ ਨੂੰ ਸ਼ਕਤੀਸ਼ਾਲੀ ਬਣਾਉਣ ਦੁਆਰਾ ਪ੍ਰਗਟ ਕੀਤਾ। ਉਨ੍ਹਾਂ ਦੀ ਜੱਥੇਬੰਦੀ ਦੇ ਦੋ ਮੁੱਖ ਭਾਗ ਸਨ : ਇਕ ਵਿਚ ਪੁਰਾਣੇ ਤਜਰਬਾਕਾਰ ਆਦਮੀ ਸਨ ਜਿਨ੍ਹਾਂ ਵਿਚੋਂ ਬਹੁਤ ਸਾਰਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਦਿਨ ਦੇਖੇ ਹੋਏ ਸਨ। ਉਨ੍ਹਾਂ

21. *ਰਤਨ ਸਿੰਘ ਭੰਗੂ*, ਪੰਨੇ 197-200.

ਨੂੰ ਬੁੱਢਾ ਦਲ ਕਿਹਾ ਜਾਂਦਾ ਸੀ ਅਤੇ ਉਨ੍ਹਾਂ ਦੀ ਅਗਵਾਈ ਨਵਾਬ ਕਪੂਰ ਸਿੰਘ ਦੇ ਹੱਥਾਂ ਵਿਚ ਸੀ। ਸ਼ਾਮ ਸਿੰਘ ਨਾਰੋਕੇ, ਗੁਰਬਖ਼ਸ਼ ਸਿੰਘ ਰੋੜਾਂਵਾਲਾ, ਬਾਘ ਸਿੰਘ ਹਲੋਵਾਲੀਆਂ ਅਤੇ ਭਾਮਾ ਸਿੰਘ ਇਸ ਦਲ ਦੇ ਪ੍ਰਸਿੱਧ ਮੈਂਬਰ ਸਨ। ਦੂਸਰੇ ਭਾਗ ਵਿਚ ਘੱਟ ਤਜਰਬੇਕਾਰ ਜਾਂ ਨਵੇਂ ਆਦਮੀ ਸਨ। ਇਸ ਨੂੰ ਤਰੁਣਾ ਦਲ ਕਿਹਾ ਜਾਂਦਾ ਸੀ। ਇਹ ਗੱਲ ਦਾ ਛੇਤੀ ਹੀ ਪਤਾ ਲਗ ਗਿਆ, ਵਿਸ਼ੇਸ਼ ਕਰਕੇ ਜੁਲਾਈ 1734 ਵਿਚ ਹੋਏ ਦੀਵਾਨ ਦਰਬਾਰਾ ਸਿੰਘ ਦੇ ਦੇਹਾਂਤ ਦੇ ਬਾਅਦ, ਕਿ ਨੌਜਵਾਨ ਖਾਲਸੇ ਨੂੰ ਇਕ ਥਾਂ ਨਿਅੰਤਰਣ ਵਿਚ ਰਖਣਾ ਕਠਿਨ ਕੰਮ ਹੈ। ਇਸ ਲਈ ਰਾਮਸਰ, ਬਿਬੇਕਸਰ, ਲਛਮਣਸਰ, ਕੌਲਸਰ ਅਤੇ ਸੰਤੋਖਸਰ ਦੇ ਸਥਾਨਾਂ ਉੱਤੇ, ਜੋ ਅੰਮ੍ਰਿਤਸਰ ਦੇ ਵੱਖ-ਵੱਖ ਭਾਗਾਂ ਵਿਚ ਸਥਿਤ ਸਨ, ਉਨ੍ਹਾਂ ਲਈ ਪੰਜ ਕੇਂਦਰ ਸਥਾਪਿਤ ਕੀਤੇ ਗਏ ਅਤੇ ਇਨ੍ਹਾਂ ਸਿੱਖਾਂ ਨੂੰ ਆਪਣੀ ਮਰਜ਼ੀ ਦੇ ਕੇਂਦਰ ਵਿਚ ਸ਼ਾਮਿਲ ਹੋਣ ਦੀ ਖੁਲ੍ਹ ਸੀ। ਨਿਮਨਲਿਖਤ ਵਿਅਕਤੀਆਂ ਨੂੰ ਆਗੂ ਚੁਣ ਲਿਆ ਗਿਆ ਸੀ :

1. ਪਹਿਲੇ ਜੱਥੇ ਦੀ ਅਗਵਾਈ ਦੀਪ ਸਿੰਘ ਨੂੰ ਦਿੱਤੀ ਗਈ।
2. ਦੂਜੇ ਜੱਥੇ ਦੀ ਅਗਵਾਈ ਅੰਮ੍ਰਿਤਸਰ ਦੇ ਕਰਮ ਸਿੰਘ ਅਤੇ ਧਰਮ ਸਿੰਘ ਦੇ ਹੱਥਾਂ ਵਿਚ ਸੀ।
3. ਤੀਜੇ ਜੱਥੇ ਦੀ ਅਗਵਾਈ ਗੋਇੰਦਵਾਲ ਦੇ ਕਾਹਨ ਸਿੰਘ ਅਤੇ ਬਿਨੋਦ ਸਿੰਘ ਦੇ ਸਪੁਰਦ ਸੀ।
4. ਚੌਥੇ ਜੱਥੇ ਦਾ ਆਗੂ ਕੋਟ ਬੁੱਢਾ ਦਾ ਦਸੌਂਧਾ ਸਿੰਘ ਸੀ।
5. ਪੰਜਵੇਂ ਜੱਥੇ ਦੀ ਅਗਵਾਈ ਵੀਰੂ ਸਿੰਘ ਅਤੇ ਜੀਵਨ ਸਿੰਘ ਰੰਘਰੇਟਿਆਂ ਦੇ ਹੱਥਾਂ ਵਿਚ ਸੀ।

ਹਰ ਜੱਥੇ ਦਾ ਆਪਣਾ ਨਗਾਰਾ ਅਤੇ ਝੰਡਾ ਸੀ ਅਤੇ ਹਰ ਜੱਥੇ ਵਿਚ 1300 ਤੋਂ 2000 ਤਕ ਆਦਮੀ ਸਨ। ਸਾਰਿਆਂ ਦਾ ਸਾਂਝਾ ਲੰਗਰ ਸੀ ਅਤੇ ਕਪੜਿਆਂ ਅਤੇ ਦੂਜੀਆਂ ਲੋੜੀਂਦੀਆਂ ਵਸਤਾਂ ਲਈ ਸਾਂਝਾ ਸਟੋਰ ਸੀ। ਕੋਈ ਆਦਮੀ ਛੁੱਟੀ ਲਏ ਬਿਨਾਂ ਘਰ ਨਹੀਂ ਸੀ ਜਾ ਸਕਦਾ। ਜੱਥੇ ਦੇ ਮੈਂਬਰ ਜੋ ਕੁਝ ਵੀ ਬਾਹਰੋਂ ਲਿਆਉਂਦੇ ਸਨ ਉਹ ਸਾਂਝੇ ਖਜ਼ਾਨੇ ਵਿਚ ਜਮ੍ਹਾਂ ਕਰਵਾ ਦਿੰਦੇ ਸਨ।[22] ਦੋਨੋਂ ਦਲਾਂ ਦੀ ਨਿਗਰਾਨੀ ਨਵਾਬ ਕਪੂਰ ਸਿੰਘ ਦੇ ਹੱਥਾਂ ਵਿਚ ਸੀ। ਉਹ ਉਨ੍ਹਾਂ ਨੂੰ ਇਕ ਮੁੱਠ ਰਖਦਾ ਸੀ। ਸੰਸਾਰਕ ਅਤੇ ਅਧਿਆਤਮਕ ਆਗੂ ਵਜੋਂ ਨਵਾਬ ਕਪੂਰ ਸਿੰਘ ਦਾ ਬਹੁਤ ਆਦਰ ਕੀਤਾ ਜਾਂਦਾ ਸੀ। ਉਸ ਦੇ ਹੱਥੋਂ ਅੰਮ੍ਰਿਤ ਛਕਣ ਨੂੰ ਬਹੁਤ ਹੀ ਗੁਣਕਾਰੀ ਸਮਝਿਆ ਜਾਂਦਾ ਸੀ। ਉਸ ਦੇ ਮੂੰਹੋਂ ਨਿਕਲੇ ਹਰ ਸ਼ਬਦ ਨੂੰ ਵੀ ਬਹੁਤ ਉੱਚਾ ਆਦਰ ਮਿਲਦਾ ਸੀ। ਜੱਸਾ ਸਿੰਘ ਆਹਲੂਵਾਲੀਆ ਨੇ ਇਕ ਵਾਰ ਉਸ ਪਾਸ ਆ ਕੇ ਸ਼ਿਕਾਇਤ ਕੀਤੀ ਕਿ ਉਸ ਦੇ ਡੇਰੇ ਦੇ ਸਿੱਖ ਉਸ ਦੀ ਬੋਲ ਚਾਲ ਕਰਕੇ ਉਸ ਦਾ ਮਖੌਲ ਉਡਾਉਂਦੇ ਸਨ। ਆਪਣਾ ਬਚਪਨ ਦਿੱਲੀ ਵਿਚ ਲੰਘਾਉਣ ਕਰਕੇ ਉਸ ਨੂੰ ਉਰਦੂ ਅਤੇ ਪੰਜਾਬੀ ਦੇ ਸ਼ਬਦਾਂ ਨੂੰ ਰਲਾ ਮਿਲਾ ਕੇ ਬੋਲਣ ਦੀ ਆਦਤ ਪੈ ਗਈ ਸੀ। ਸਿੱਖ ਉਸ ਦੀ ਇਸ ਆਦਤ ਕਰਕੇ ਉਸ ਨਾਲ ਠੱਠਾ ਮਖੌਲ ਕਰਦੇ ਸਨ ਅਤੇ ਉਸ ਨੂੰ 'ਹਮ ਕੋ ਤੁਮ ਕੋ' ਕਹਿੰਦੇ ਸਨ। ਕਪੂਰ ਸਿੰਘ ਉਸ ਨੂੰ ਇਨ੍ਹਾਂ ਸ਼ਬਦਾਂ ਨਾਲ ਧੀਰਜ ਦਿੰਦਾ, "ਤੁਸੀਂ ਖਾਲਸੇ ਦੀਆਂ ਗੱਲਾਂ ਦਾ ਬੁਰਾ ਕਿਉਂ ਮਨਾਉਂਦੇ ਹੋ? ਉਨ੍ਹਾਂ ਨੇ ਮੈਨੂੰ ਨਵਾਬੀ ਲੈ ਦਿੱਤੀ ਅਤੇ ਸ਼ਾਇਦ ਤੁਹਾਨੂੰ ਪਾਤਸ਼ਾਹ ਬਣਾ ਦੇਣ"। ਸਿੱਖਾਂ ਨੇ ਉਸ ਦੇ ਸ਼ਬਦਾਂ ਨੂੰ ਇਕ ਦਮ ਭਵਿਖਬਾਣੀ ਸਮਝ ਲਿਆ ਅਤੇ ਜੱਸਾ ਸਿੰਘ ਨੂੰ ਪਾਤਸ਼ਾਹ ਕਹਿਣਾ ਸ਼ੁਰੂ ਕਰ ਦਿੱਤਾ।[23] ਇਸ ਘਟਨਾ ਤੋਂ ਪਤਾ ਲਗਦਾ ਹੈ ਕਿ ਕਿਵੇਂ ਸਿੱਖਾਂ ਦੀ ਕਲਪਨਾ ਰਾਜ-ਸੱਤਾ ਵੱਲ ਉਡਾਰੀਆਂ ਲਾਉਂਦੀ ਸੀ ਅਤੇ ਉਹ ਜੋ ਵੀ ਕਹਿੰਦੇ ਜਾਂ ਕਰਦੇ ਆਪਣੇ ਆਪ ਨੂੰ ਹਾਕਮ ਬਣਾਉਣ ਦਾ

22. *ਰਤਨ ਸਿੰਘ ਭੰਗੂ*, ਪੰਨੇ 200-201; *ਪੰਥ ਪ੍ਰਕਾਸ਼*, ਪੰਨੇ 507-511.

23. *ਰਤਨ ਸਿੰਘ*, ਪੰਨਾ 204; *ਪੰਥ ਪ੍ਰਕਾਸ਼*, ਪੰਨਾ 511.

ਖ਼ਿਆਲ ਉਨ੍ਹਾਂ ਦੇ ਮਨਾਂ ਤੋਂ ਦੂਰ ਨਹੀਂ ਸੀ।

ਬੁੱਢਾ ਦਲ ਦੇ ਲੋਕ ਮੁਕਾਬਲਤਨ ਵਧੇਰੇ ਟਿਕਾਊ ਵਾਲੇ ਲੋਕ ਸਨ ਪਰ ਤਰੁਣਾ ਦਲ ਦੇ ਲੋਕ ਸਦਾ ਚੜ੍ਹਾਈ ਤੇ ਰਹਿੰਦੇ ਸਨ। ਉਹ ਨਾ ਸਿਰਫ਼ ਬਾਰੀ ਦੁਆਬ ਤਕ ਹੀ ਫੈਲੇ ਹੋਏ ਸਨ ਸਗੋਂ ਅਗਾਂਹ ਹਾਂਸੀ ਅਤੇ ਹਿਸਾਰ ਤਕ ਪਸਰ ਗਏ ਸਨ। ਦਲ ਦੀ ਇਸ ਨਵੀਂ ਸ਼ਕਤੀ ਨੇ ਸਰਕਾਰ ਨੂੰ ਡਰਾ ਦਿੱਤਾ ਅਤੇ ਜਿਸ ਦੇ ਫਲਸਰੂਪ ਉਨ੍ਹਾਂ ਨੂੰ ਦਿੱਤੀ ਜਾਗੀਰ 1735 ਵਿਚ ਜ਼ਬਤ ਕਰ ਲਈ।

## ਸਰਕਾਰ ਨਾਲ ਝੜਪਾਂ

ਖਾਲਸਾ, ਸਰਕਾਰ ਨਾਲ ਦੋ ਹੱਥ ਕਰਨ ਲਈ, ਮੁੜ ਵਿਹਲਾ ਹੋ ਗਿਆ ਸੀ। ਬੁੱਢਾ ਦਲ ਨੂੰ ਲਾਹੌਰ ਦੇ ਦੀਵਾਨ ਲਖਪਤ ਰਾਏ ਨੇ ਬਾਰੀ ਦੁਆਬ ਵਿਚੋਂ ਕੱਢ ਦਿੱਤਾ ਸੀ। ਉਹ ਮਾਲਵੇ ਵਿਚ ਆ ਗਏ ਜਿੱਥੇ ਆਲਾ ਸਿੰਘ ਨੇ ਆਪਣੀ ਰਾਜਧਾਨੀ ਬਰਨਾਲਾ ਵਿਚ ਉਨ੍ਹਾਂ ਦਾ ਸੁਆਗਤ ਕੀਤਾ। ਇਥੇ ਇਕ ਬੜੇ ਭਾਰੀ ਖਾਲਸੇ ਦੇ ਦੀਵਾਨ ਵਿਚ ਉਸ ਨੇ ਨਵਾਬ ਕਪੂਰ ਸਿੰਘ ਦੇ ਹੱਥੋਂ ਪਾਹੁਲ ਲਈ। ਦਲ ਦਾ ਉਥੇ ਹੋਣਾ ਉਸ ਲਈ ਬਹੁਤ ਲਾਭਦਾਇਕ ਸਿੱਧ ਹੋਇਆ ਕਿਉਂਕਿ ਇਸ ਦੀ ਸਹਾਇਤਾ ਨਾਲ ਉਹ ਆਪਣੇ ਇਲਾਕੇ ਨੂੰ ਵਿਸਤਾਰ ਦੇਣ ਅਤੇ ਸੁਨਾਮ ਦੇ ਸਾਰੇ ਇਲਾਕੇ ਨੂੰ ਆਪਣੇ ਇਲਾਕੇ ਨਾਲ ਮਿਲਾ ਲੈਣ ਦੇ ਯੋਗ ਹੋ ਗਿਆ। ਸਰਹਿੰਦ ਨੂੰ ਸਜ਼ਾ ਦੇਣ ਅਤੇ ਅੰਮ੍ਰਿਤਸਰ ਪੁੱਜਣ ਲਈ ਰਸਤੇ ਦੇ ਖਰਚ ਵਜੋਂ ਕਾਫ਼ੀ ਮਾਇਆ ਪ੍ਰਾਪਤ ਕਰਨ ਤੋਂ ਬਾਅਦ ਬੁੱਢਾ ਦਲ ਮਾਝੇ ਨੂੰ ਵਾਪਿਸ ਚਲਾ ਗਿਆ ਤਾਂ ਜੋ ਉਥੇ ਜਾ ਕੇ ਦੀਵਾਲੀ ਦਾ ਮੇਲਾ ਮਨਾਇਆ ਜਾ ਸਕੇ। ਗੋਇੰਦਵਾਲ ਅਤੇ ਤਰਨ ਤਾਰਨ ਵਿਚੋਂ ਦੀ ਲੰਘ ਕੇ ਉਹ ਅੰਮ੍ਰਿਤਸਰ ਦੇ ਲਾਗੇ ਬਾਸਰਕੇ ਦੇ ਸਥਾਨ ਤੇ ਰੁਕੇ ਹੋਏ ਸਨ ਜਦੋਂ ਦੀਵਾਨ ਲਖਪਤ ਰਾਏ ਦੀ ਕਮਾਨ ਥਲੇ 7,000 ਸੈਨਿਕਾਂ ਦੀ ਫ਼ੌਜ ਨੇ ਉਨ੍ਹਾਂ ਉਪਰ ਹਮਲਾ ਕਰ ਦਿੱਤਾ। ਉਨ੍ਹਾਂ ਨੂੰ ਹਾਰ ਹੋਈ[24] ਅਤੇ ਉਹ ਚੂੰਨੀਆਂ ਵੱਲ ਨੂੰ ਧਕ ਦਿੱਤੇ ਗਏ। ਨੌਜਵਾਨ ਖਾਲਸਾ (ਤਰੁਣਾ ਦਲ) ਨੇ ਜਦੋਂ ਉਨ੍ਹਾਂ ਦੀ ਹਾਰ ਦੀ ਖ਼ਬਰ ਸੁਣੀ ਤਾਂ ਉਨ੍ਹਾਂ ਦੀ ਮਦਦ ਲਈ ਬੜੀ ਤੇਜ਼ੀ ਨਾਲ ਪੁੱਜੇ ਅਤੇ ਦੋਨਾਂ ਦਲਾਂ ਦੇ ਇਕੱਠੇ ਸੈਨਿਕਾਂ ਨੇ ਮੁਗ਼ਲ ਫ਼ੌਜ ਉੱਤੇ ਧਾਵਾ ਬੋਲ ਦਿੱਤਾ ਜੋ ਹਾਲੇ ਤਕ ਵਾਪਿਸ ਲਾਹੌਰ ਨਹੀਂ ਸੀ ਪੁੱਜੀ। ਹੁਜਰਾ ਸ਼ਾਹ ਮੁਕੀਮ ਦੇ ਲਾਗੇ ਲੜਾਈ ਹੋਈ ਜਿੱਥੇ ਸਿੱਖਾਂ ਨੇ ਆਪਣੇ ਵੈਰੀਆਂ ਨੂੰ ਭਾਰੀ ਹਾਰ ਦਿੱਤੀ ਅਤੇ ਇਸ ਲੜਾਈ ਵਿਚ ਹੋਰਨਾਂ ਤੋਂ ਛੁੱਟ ਲਖਪਤ ਰਾਏ ਦਾ ਭਤੀਜਾ ਦੁਨੀ ਚੰਦ ਅਤੇ ਦੋ ਪ੍ਰਸਿੱਧ ਫ਼ੌਜਦਾਰ ਜਮਾਲ ਖ਼ਾਂ ਅਤੇ ਤਾਤਾਰ ਖ਼ਾਂ ਵੀ ਮਾਰੇ ਗਏ। ਇਸ ਸਫ਼ਲਤਾ ਨੇ ਸਿੱਖਾਂ ਦੇ ਹੌਸਲੇ ਵਧਾ ਦਿੱਤੇ ਅਤੇ ਉਨ੍ਹਾਂ ਨੇ ਅੰਮ੍ਰਿਤਸਰ ਤਕ ਦੇ ਸਾਰੇ ਇਲਾਕੇ ਦੀ ਹੇਠਲੀ ਉਪਰ ਕਰ ਦਿੱਤੀ।

ਸਰਕਾਰ ਹੁਣ ਮੁੜ ਹਰਕਤ ਵਿਚ ਆਈ। ਹਰਿਮੰਦਰ ਸਾਹਿਬ (ਅੰਮ੍ਰਿਤਸਰ) ਉਪਰ ਸਰਕਾਰ ਨੇ ਕਬਜ਼ਾ ਕਰ ਲਿਆ ਅਤੇ ਇੱਥੇ ਪੁੱਜਣ ਵਾਲੇ ਸਾਰੇ ਰਸਤੇ ਸਰਕਾਰੀ ਸੈਨਿਕਾਂ ਨੇ ਰੋਕ ਲਏ ਅਤੇ ਸਿੱਖਾਂ ਨੂੰ ਆਪਣੇ ਹਰਮਨ ਪਿਆਰੇ ਦਰਬਾਰ ਸਾਹਿਬ ਵਿਚ ਇਕੱਤਰ ਹੋਣ ਤੋਂ ਰੋਕ ਦਿੱਤਾ ਗਿਆ। ਸਿੱਖਾਂ ਨੂੰ ਘੇਰ ਕੇ ਫੜਨ ਵਾਲੀਆਂ ਫਿਰਤੂ ਸੈਨਿਕ ਟੁਕੜੀਆਂ ਤੋਂ ਇਲਾਵਾ ਇਰਦ-ਗਿਰਦ ਦੇ ਪ੍ਰਗਣਿਆਂ ਦੇ ਚੋਧਰੀਆਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਸਿੱਖਾਂ ਦੀ ਤਾੜ ਵਿਚ ਰਹਿਣ ਅਤੇ ਉਨ੍ਹਾਂ ਨੂੰ ਬੰਨ੍ਹ ਕੇ ਲਾਹੌਰ ਭੇਜਣ। ਸਿੱਖਾਂ ਨੂੰ ਸ਼ਰਨ ਦੇਣਾ ਜਾਂ ਕਿਸੇ ਤਰੀਕੇ ਨਾਲ ਉਨ੍ਹਾਂ ਦੀ ਮਦਦ ਕਰਨਾ ਇਕ ਜੁਰਮ ਘੋਸ਼ਿਤ ਕੀਤਾ ਗਿਆ।

## ਭਾਈ ਮਨੀ ਸਿੰਘ ਦੀ ਸ਼ਹੀਦੀ

ਸਰਕਾਰ ਦੀਆਂ ਇਨ੍ਹਾਂ ਕਾਰਵਾਈਆਂ ਦੇ ਫਲਸਰੂਪ ਹਜਾਰਾਂ ਸਿੱਖ ਕਤਲ ਕਰ ਦਿੱਤੇ ਗਏ

---

24. ਇਹ ਲੜਾਈ ਦੀਵਾਲੀ ਤੋਂ ਕੁਝ ਦਿਨ ਪਹਿਲਾਂ ਲੜੀ ਗਈ ਹੋਵੇਗੀ ਜੋ 1736 ਈ. ਵਿਚ 23 ਅਕਤੂਬਰ ਨੂੰ ਸੀ। ਪਰ ਗਿਆਨ ਸਿੰਘ ਆਪਣੇ *ਪੰਥ ਪ੍ਰਕਾਸ਼* ਵਿਚ (ਪੰਨਾ 516) ਕੱਤਕ 27, 1793 ਬਿਕਰਮੀ ਅਰਥਾਤ 27 ਨਵੰਬਰ, 1736 ਦਸਦਾ ਹੈ। ਇਥੇ ਜ਼ਰੂਰ ਗਲਤੀ ਹੈ।

ਹੋਣਗੇ ਪਰ ਕੁਝ ਫੜਕੇ ਬੇਦਰਦੀ ਨਾਲ ਮਾਰੇ ਗਏ ਲੋਕਾਂ ਦੀਆਂ ਸ਼ਹੀਦੀਆਂ ਲੋਕਾਂ ਦੀ ਯਾਦ ਉਪਰ ਇੰਨੀਆਂ ਚੜ੍ਹ ਗਈਆਂ ਕਿ ਉਹ ਸਿੱਖਾਂ ਦੀ ਹਰ ਰੋਜ ਦੀ ਅਰਦਾਸ ਵਿਚ ਦਾਖ਼ਲ ਹੋ ਗਈਆਂ। ਅਜਿਹੀ ਇਕ ਸ਼ਹੀਦੀ ਭਾਈ ਮਨੀ ਸਿੰਘ ਦੀ ਸੀ ਜੋ ਆਪਣੇ ਜ਼ਮਾਨੇ ਦਾ ਇਕ ਬਹੁਤ ਵਿਦਵਾਨ ਅਤੇ ਆਦਰਯੋਗ ਸਿੱਖ ਸੀ। ਉਸ ਨੇ ਖ਼ੁਦ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਪਾਨ ਕੀਤਾ ਸੀ ਅਤੇ ਉਹ ਦਰਬਾਰ ਸਾਹਿਬ, ਅੰਮ੍ਰਿਤਸਰ, ਵਿਚ ਗ੍ਰੰਥੀ ਦੀ ਉੱਚੀ ਪਦਵੀ ਉੱਤੇ ਸਥਿਤ ਸੀ। 1738 ਵਿਚ ਉਸ ਨੇ ਲਾਹੌਰ ਦੇ ਗਵਰਨਰ ਨੂੰ ਇਕ ਬਿਨੈ-ਪਤਰ ਦੁਆਰਾ ਹਰਿਮੰਦਰ ਸਾਹਿਬ ਵਿਚ ਦੀਵਾਲੀ ਦਾ ਸਮਾਗਮ ਕਰਨ ਲਈ ਆਗਿਆ ਮੰਗੀ। ਆਗਿਆ ਇਸ ਸ਼ਰਤ ਉਪਰ ਦਿੱਤੀ ਗਈ ਕਿ ਭਾਈ ਮਨੀ ਸਿੰਘ ਮੇਲੇ ਤੋਂ ਬਾਅਦ 5,000 ਰੁਪਏ ਸਰਕਾਰ ਨੂੰ ਦੇਵੇ। ਇਹ ਮੇਲਾ 10 ਦਿਨ ਤਕ ਰਹਿਣਾ ਸੀ। ਇਹ ਆਸ ਕਰਕੇ ਕਿ ਉਹ ਇਹ ਰਕਮ ਸਿੱਖਾਂ ਦੀਆਂ ਭੇਟਾਵਾਂ ਵਿਚੋਂ ਅਦਾ ਕਰ ਸਕੇਗਾ ਮਨੀ ਸਿੰਘ ਨੇ ਲੋਕਾਂ ਨੂੰ ਸੱਦੇ ਪੱਤਰ ਭੇਜੇ ਅਤੇ ਉਹ ਲੋਕ ਭਾਰੀ ਗਿਣਤੀ ਵਿਚ ਆਪਣੇ ਘਰਾਂ ਤੋਂ ਅੰਮ੍ਰਿਤਸਰ ਲਈ ਚਲ ਪਏ। ਪਰ ਗਵਰਨਰ ਨੇ ਅੰਮ੍ਰਿਤਸਰ ਵਿਚ ਅਮਨ ਅਮਾਨ ਬਣਾਈ ਰੱਖਣ ਦੇ ਬਹਾਨੇ ਦੀਵਾਨ ਲਖਪਤ ਰਾਏ ਦੀ ਅਗਵਾਈ ਵਿਚ ਅੰਮ੍ਰਿਤਸਰ ਨੂੰ ਇਕ ਫ਼ੌਜ ਭੇਜ ਦਿੱਤੀ। ਇਸ ਫ਼ੌਜ ਨੇ ਰਾਮ ਤੀਰਥ ਦੇ ਸਥਾਨ ਤੇ ਆਪਣਾ ਡੇਰਾ ਲਾਉਣਾ ਸੀ ਅਤੇ ਮੇਲੇ ਵਾਲੇ ਦਿਨ ਹੀ ਇਸ ਨੇ ਸ਼ਹਿਰ ਵੱਲ ਨੂੰ ਰਵਾਨਾ ਹੋਣਾ ਸੀ ਤਾਂ ਜੋ ਸਿੱਖ ਡਰ ਕੇ ਆਪਣੇ ਆਪ ਹੀ ਅੰਮ੍ਰਿਤਸਰ ਤੋਂ ਛਿੜ ਜਾਣ। ਉਨ੍ਹਾਂ ਦੀ ਇਹ ਚਾਲ ਸਫ਼ਲ ਹੋ ਗਈ ਤੇ ਮੁਗ਼ਲ ਸੈਨਾ ਦੇ ਆਉਣ ਤੇ ਮੇਲਾ ਖਿੰਡ ਪੁੰਡ ਗਿਆ। ਭਾਈ ਮਨੀ ਸਿੰਘ ਨੂੰ ਨਿਸਚਿਤ ਰਕਮ ਅਦਾ ਨਾ ਕਰਨ ਦੇ ਦੋਸ਼ ਵਿਚ ਗਰਿਫ਼ਤਾਰ ਕਰ ਲਿਆ ਗਿਆ ਅਤੇ ਉਸ ਨੂੰ ਮੌਤ ਦੀ ਸਜ਼ਾ ਦੇ ਦਿੱਤੀ ਗਈ। ਉਸ ਨੂੰ ਮੌਤ ਜਾਂ ਇਸਲਾਮ ਪ੍ਰਵਾਨ ਕਰਨ ਦੀ ਪੇਸ਼ਕਸ਼ ਕੀਤੀ ਗਈ ਪਰ ਉਸ ਨੇ ਆਪਣਾ ਧਰਮ ਤਿਆਗਣ ਤੋਂ ਨਾਂਹ ਕਰ ਦਿੱਤੀ। ਇਸ ਲਈ ਉਸ ਦਾ ਸਰੀਰ ਅੰਗ ਅੰਗ ਕਰਕੇ ਕੱਟ ਦਿੱਤਾ ਗਿਆ।[25] ਕਿਹਾ ਜਾਂਦਾ ਹੈ ਕਿ ਮਨੀ ਸਿੰਘ ਦੇ ਕੁਝ ਹੋਰ ਸਾਥੀਆਂ ਨੇ ਵੀ ਉਸ ਦੇ ਨਾਲ ਹੀ ਸਜ਼ਾ ਭੁਗਤੀ ਸੀ। ਖ਼ੁਸ਼ਵਕਤ ਰਾਏ ਵਿਸ਼ੇਸ਼ ਕਰਕੇ ਦੀਵਾਨ ਸਿੰਘ ਦੇ ਨਾਂ ਦਾ ਜਿਕਰ ਕਰਦਾ ਹੈ ਜਿਸ ਨੂੰ ਚਰਖੜੀ ਉਪਰ ਚੜ੍ਹਾ ਕੇ ਚੂਰ ਚੂਰ ਕਰ ਦਿੱਤਾ ਗਿਆ ਸੀ। ਇਸ ਮੁੜ ਸ਼ੁਰੂ ਕੀਤੇ ਅਤਿਆਚਾਰਾਂ ਦੇ ਸਿੱਟੇ ਵਜੋਂ ਬਹੁਤ ਸਾਰੇ ਸਿੱਖਾਂ ਨੇ ਮੈਦਾਨੀ ਇਲਾਕੇ ਛੱਡ ਕੇ ਸ਼ਿਵਾਲਕ ਦੀਆਂ ਪਹਾੜੀਆਂ, ਲਖੀ ਜੰਗਲ ਅਤੇ ਰਾਜਪੂਤਾਨਾਂ ਦੇ ਰੇਗਿਸਤਾਨਾਂ ਵਿਚ ਜਾ ਸ਼ਰਨ ਲਈ। ਪਰ ਕਈ ਵਾਰ ਮੁਲਕ ਵਿਚ ਅਸਾਧਾਰਣ ਘਟਨਾਵਾਂ ਨੇ ਸਿੱਖਾਂ ਨੂੰ ਆਪਣੀਆਂ ਲੁਕਣ ਵਾਲੀਆਂ ਥਾਵਾਂ ਤੋਂ ਬਾਹਰ ਨਿਕਲਣ ਲਈ ਅਤੇ ਆਪਣੀ ਹੋਂਦ ਮਹਿਸੂਸ ਕਰਾਉਣ ਲਈ ਉਤਸਾਹਿਤ ਕੀਤਾ। ਅਜਿਹਾ ਇਕ ਮੌਕਾ ਈਰਾਨ ਦੇ ਨਾਦਰਸ਼ਾਹ ਦਾ ਭਾਰਤ ਉੱਤੇ ਹਮਲਾ ਸੀ।

### ਸਿੱਖਾਂ ਦਾ ਨਾਦਰ ਨੂੰ ਤੰਗ ਕਰਨਾ

ਨਾਦਰਸ਼ਾਹ ਨੇ 1739 ਦੇ ਮੁੱਢਲੇ ਮਹੀਨਿਆਂ ਵਿਚ ਪੰਜਾਬ ਨੂੰ ਬਰਬਾਦ ਕਰ ਦਿੱਤਾ ਸੀ ਅਤੇ

25. ਰਤਨ ਸਿੰਘ, ਪੰਨੇ 209-213; ਖ਼ੁਸ਼ਵਕਤ ਰਾਏ, ਪੰਨਾ 56; ਸੋਹਨ ਲਾਲ, (ਪੰਨਾ 108) ਭਾਈ ਮਨੀ ਸਿੰਘ ਵਿਰੁੱਧ ਕਾਰਵਾਈ ਕਰਨ ਦਾ ਹੋਰ ਕਾਰਣ ਦਸਦਾ ਹੈ। ਉਹ ਕਹਿੰਦਾ ਹੈ ਕਿ ਲਾਹੌਰ ਵਿਚ ਲੋਕਾਂ ਨੂੰ ਸਿੱਖ ਬਣਾਉਣ ਲਈ ਉਸ ਦੀ ਧੂਹ ਘਸੀਟ ਹੋਈ ਸੀ ਅਤੇ ਜਦ ਉਸ ਨੂੰ ਆਪਣੇ ਵਾਲ ਕਟਵਾਉਣ ਲਈ ਕਿਹਾ ਗਿਆ ਸੀ ਤਾਂ ਉਸ ਨੇ ਇਨਕਾਰ ਕਰਨ ਲਈ ਬੜੇ ਸਖ਼ਤ ਸ਼ਬਦ ਵਰਤੇ ਸਨ। ਸਿੱਖ ਲਿਖਾਰੀਆਂ ਅਨੁਸਾਰ ਭਾਈ ਮਨੀ ਸਿੰਘ ਦੇ ਕਸ਼ਟ ਖਾਲਸੇ ਵੱਲੋਂ ਉਸ ਸਰਾਪ ਦਾ ਸਿੱਟਾ ਸਨ ਜੋ ਪਵਿੱਤਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਮੁੜ ਤਰਤੀਬ ਦੇਣ ਲਈ ਝੱਲਣੇ ਪਏ ਸਨ। ਆਰੰਭ ਵਿਚ ਗੁਰੂ ਅਰਜਨ ਸਾਹਿਬ ਨੇ ਇਸ ਨੂੰ ਵਿਉਂਤਿਆ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਅੰਤਿਮ ਰੂਪ ਦਿੱਤਾ ਸੀ ਜਿਸ ਅਨੁਸਾਰ ਗੁਰੂ ਗ੍ਰੰਥ ਸਾਹਿਬ ਦੀ ਤਰਤੀਬ ਰਾਗ ਦੀਆਂ ਧੁੰਨਾਂ ਅਨੁਸਾਰ ਸੀ ਪਰ ਭਾਈ ਮਨੀ ਸਿੰਘ ਨੇ ਇਸ ਤਰਤੀਬ ਨੂੰ ਤੋੜ ਕੇ ਇਸ ਨੂੰ ਬਾਣੀ ਦੇ ਰਚਣਹਾਰਿਆਂ ਅਨੁਸਾਰ ਤਰਤੀਬ ਦੇ ਦਿੱਤੀ ਸੀ।

ਦਿੱਲੀ ਨੂੰ ਲੁੱਟ ਲਿਆ ਸੀ। ਇਰਾਨ ਨੂੰ ਮੁੜਦਿਆਂ ਉਸ ਨੇ ਮੈਦਾਨਾਂ ਦੀ ਗਰਮੀ ਤੋਂ ਬਚਣ ਅਤੇ ਹੋਰ ਲੁੱਟ-ਮਾਰ ਲਈ ਨਵੇਂ ਖੇਤਰ ਸਰ ਕਰਨ ਲਈ ਸ਼ਿਵਾਲਕ ਦੀਆਂ ਪਹਾੜੀਆਂ ਦੇ ਨਾਲ ਨਾਲ ਉੱਤਰੀ ਮਾਰਗ ਅਖ਼ਤਿਆਰ ਕੀਤਾ ਅਤੇ ਅਖਨੂਰ ਪੁੱਜ ਗਿਆ। ਜਿਹੜੇ ਸਿੱਖ ਉਨ੍ਹੀਂ ਦਿਨੀਂ ਉਨ੍ਹਾਂ ਪਹਾੜੀਆਂ ਵਿਚ ਆਪਣੇ ਦਿਨ ਲੰਘਾ ਰਹੇ ਸਨ ਉਨ੍ਹਾਂ ਨੇ ਆਪਣੇ ਸਾਧਨਾਂ ਨੂੰ ਚੰਗੇਰਾ ਬਣਾਉਣ ਲਈ ਇਹ ਇਕ ਚੰਗਾ ਮੌਕਾ ਸਮਝਿਆ। ਨਾਦਰ ਸ਼ਾਹ ਦੀ ਫ਼ੌਜ ਦੇ ਪਿਛਲੇ ਭਾਗ ਉੱਤੇ ਹਮਲਾ ਕਰਕੇ ਸਿੱਖਾਂ ਨੇ ਉਸ ਦਾ ਬਹੁਤ ਸਾਰਾ ਦਿੱਲੀ ਤੋਂ ਲੁੱਟਿਆ ਹੋਇਆ ਮਾਲ ਖੋਹ ਲਿਆ। ਸਿੱਖਾਂ ਦੀ ਇਸ ਦਲੇਰੀ ਤੋਂ ਹੈਰਾਨ ਹੋ ਕੇ ਉਹ ਲਾਹੌਰ ਵਿਚ ਰੁਕਿਆ ਜਿੱਥੇ ਉਸ ਨੇ ਉਨ੍ਹਾਂ ਲੋਕਾਂ ਬਾਰੇ, ਜਿਨ੍ਹਾਂ ਨੇ ਉਸ ਦੇ ਕੂਚ ਸਮੇਂ ਹੱਲੇ ਕਰਨ ਦਾ ਹੌਸਲਾ ਕੀਤਾ ਸੀ ਜ਼ਕਰੀਆ ਖ਼ਾਂ ਨੂੰ ਪੁਛਿਆ, "ਇਹ ਸ਼ਰਾਰਤੀ ਲੋਕ ਕੌਣ ਹਨ?" ਜ਼ਕਰੀਆ ਖ਼ਾਂ ਨੇ ਜਬਾਬ ਦਿੱਤਾ, "ਇਹ ਫ਼ਕੀਰਾਂ ਦਾ ਇਕ ਟੋਲਾ ਹੈ। ਇਹ ਸਾਲ ਵਿਚ ਦੋ ਵਾਰ ਆਪਣੇ ਗੁਰੂ ਦੇ ਸਰੋਵਰ ਦੀ ਯਾਤਰਾ ਕਰਦੇ ਹਨ ਅਤੇ ਇਸ ਵਿਚ ਇਸ਼ਨਾਨ ਕਰਕੇ ਗਾਇਬ ਹੋ ਜਾਂਦੇ ਹਨ।" ਨਾਦਰ ਸ਼ਾਹ ਨੇ ਪੁਛਿਆ, "ਉਹ ਕਿੱਥੇ ਰਹਿੰਦੇ ਹਨ?" ਜ਼ਕਰੀਆ ਖ਼ਾਂ ਨੇ ਜਵਾਬ ਦਿੱਤਾ, "ਉਨ੍ਹਾਂ ਦੇ ਘੋੜਿਆਂ ਦੀਆਂ ਕਾਠੀਆਂ ਉੱਪਰ ਹੀ ਉਨ੍ਹਾਂ ਦੇ ਘਰ ਹਨ।" ਨਾਦਰ ਸ਼ਾਹ ਨੇ ਤਾੜਨਾ ਕਰਦਿਆਂ ਜ਼ਕਰੀਆ ਖ਼ਾਂ ਨੂੰ ਕਿਹਾ, "ਯਾਦ ਰੱਖਣਾ ਉਹ ਦਿਨ ਦੂਰ ਨਹੀਂ ਜਦੋਂ ਇਹ ਬਾਗ਼ੀ ਤੇਰੇ ਮੁਲਕ ਉੱਤੇ ਕਬਜ਼ਾ ਕਰ ਲੈਣਗੇ।" ਨਾਦਰ ਸ਼ਾਹ ਦੇ ਇਸ ਕਥਨ ਨੇ ਜ਼ਕਰੀਆ ਖ਼ਾਂ ਦੀ ਅਯੋਗਤਾ ਵੱਲ ਇਸ਼ਾਰਾ ਕੀਤਾ। ਇਸ ਤੋਂ ਉਹ ਚੌਕੰਨਾ ਹੋ ਗਿਆ ਅਤੇ ਉਸ ਨੇ ਸਿੱਖਾਂ ਵਿਰੁੱਧ ਇਕ ਜ਼ੋਰਦਾਰ ਮੁਹਿੰਮ ਚਲਾਉਣ ਦਾ ਪੱਕਾ ਇਰਾਦਾ ਕਰ ਲਿਆ।[26]

## ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖੇ ਗਏ

ਇਲਾਕੇ ਦੇ ਅਧਿਕਾਰੀਆਂ ਨੂੰ ਪਹਿਲਾਂ ਦਿੱਤੇ ਗਏ ਹੁਕਮ ਵਧੇਰੇ ਜ਼ੋਰਦਾਰ ਢੰਗ ਨਾਲ ਦੁਹਰਾਏ ਗਏ ਅਤੇ ਸਿੱਖਾਂ ਨੂੰ ਫੜਨ ਅਤੇ ਨਸ਼ਟ ਕਰਨ ਲਈ ਇਨਾਮ ਰਖੇ ਗਏ। ਜਿਹੜਾ ਆਦਮੀ ਸਿੱਖਾਂ ਦੀ ਗਰਿਫ਼ਤਾਰੀ ਲਈ ਸੂਹ ਦਿੰਦਾ ਸੀ ਉਸ ਨੂੰ 10 ਰੁਪਏ ਦੇਣ ਦੀ ਵਿਵਸਥਾ ਕੀਤੀ ਗਈ ਅਤੇ ਸਿੱਖ ਦਾ ਸਿਰ ਲਿਆਉਣ ਲਈ 50 ਰੁਪਏ ਇਨਾਮ ਦੇਣ ਦਾ ਬਚਨ ਦਿੱਤਾ ਗਿਆ। ਇਸ ਸਖ਼ਤੀ ਦਾ ਸ਼ਿਕਾਰ ਹੋਏ ਲੋਕਾਂ ਦੇ ਰਿਸ਼ਤੇਦਾਰਾਂ ਨੂੰ ਵੀ ਮੁਆਫ਼ ਨਹੀਂ ਸੀ ਕੀਤਾ ਜਾਂਦਾ। ਉਨ੍ਹਾਂ ਦੇ ਘਰਾਂ ਨੂੰ ਲੁੱਟਣ ਅਤੇ ਉਨ੍ਹਾਂ ਦੀ ਜਾਇਦਾਦ ਉੱਤੇ ਕਬਜ਼ਾ ਕਰ ਲੈਣ ਨੂੰ ਕਾਨੂੰਨ ਵੱਲੋਂ ਜਾਇਜ਼ ਘੋਸ਼ਿਤ ਕੀਤਾ ਗਿਆ।[27] ਚੌਧਰੀਆਂ, ਮੁਕਦਮਾਂ ਆਦਿ ਸਮੇਤ ਸਾਰਾ ਸਰਕਾਰੀ ਅਮਲਾ-ਫੈਲਾ ਸਿੱਖਾਂ ਨੂੰ ਨਸ਼ਟ ਕਰ ਦੇਣ ਦੇ ਕੰਮ ਵਿਚ ਲਾਇਆ ਹੋਇਆ ਸੀ। ਗ਼ੈਰ-ਸਰਕਾਰੀ ਜ਼ਿਮੀਦਾਰ ਵੀ ਇਸ ਘ੍ਰਿਣਤ ਕੰਮ ਵਿੱਚ ਸਰਕਾਰ ਨੂੰ ਸਹਿਯੋਗ ਦੇ ਰਹੇ ਸਨ। ਛੀਨਾ ਪਿੰਡ ਦੇ ਕਰਮੇ ਨੇ ਰਾਜਾ ਸਾਂਸੀ ਅਤੇ ਇਸ ਦੇ ਲਾਗੇ ਦੇ ਬਹੁਤ ਸਾਰੇ ਬੇਕਸੂਰ ਸਿੱਖਾਂ ਨੂੰ ਮਾਰ ਦਿੱਤਾ ਸੀ। ਤਲਵੰਡੀ ਦੇ ਰਾਮਾ ਰੰਧਾਵਾ ਨੇ ਸਿੱਖਾਂ ਨੂੰ ਮਾਰਨ ਵਾਲੀਆਂ ਆਪਣੀਆਂ ਮੁਹਿੰਮਾਂ ਕਰਕੇ ਆਪਣੇ ਲਈ ਇਤਨੀ ਬਦਨਾਮੀ ਖੱਟ ਲਈ ਸੀ ਕਿ ਨਿਮਨ ਲਿਖਤ ਕਹਾਵਤ ਸਾਰੇ ਮਾਝੇ ਵਿਚ ਪ੍ਰਚਲਿਤ ਹੋ ਗਈ ਸੀ : "ਅਸੀਂ ਰਾਮਾਂ ਦੇ ਖੇਤਾਂ ਵਿਚ ਨਹੀਂ ਜਾਵਾਂਗੇ ਭਾਵੇਂ ਸਾਨੂੰ ਜੰਗਲੀ ਬੇਰਾਂ ਉੱਤੇ ਹੀ ਕਿਉਂ ਨਾ ਗੁਜ਼ਾਰਾ ਕਰਨਾ ਪਵੇ।" ਨੌਸ਼ਹਿਰਾ ਢਾਲਾ ਦਾ ਸਾਹਿਬ ਰਾਏ ਸੰਧੂ ਸਿੱਖਾਂ ਦੇ ਸਿਰਾਂ ਦੇ ਗੱਡੇ ਭਰ ਭਰ ਲਾਹੌਰ ਨੂੰ ਭੇਜਦਾ ਸੀ।

## ਮਹਿਤਾਬ ਸਿੰਘ ਨੇ ਮੱਸੇ ਨੂੰ ਸਜ਼ਾ ਦਿੱਤੀ

ਚੌਧਰੀਆਂ ਵਿਚੋਂ ਮੰਡਿਆਲੀ ਪਿੰਡ ਦਾ ਮੱਸਾ ਰੰਘੜ ਸਭ ਤੋਂ ਵੱਧ ਸਰਗਰਮ ਸੀ। ਉਸ ਨੇ

---

26. ਰਤਨ ਸਿੰਘ, ਪੰਨਾ 215-218; ਅਹਿਮਦ ਸ਼ਾਹ ਬਟਾਲੀਆ, *ਜ਼ਿਕਰ-ਇ-ਗੁਰੂਆਂ*, ਪੰਨਾ 13 ਅਤੇ ਉਸ ਦੀ *ਤਾਰੀਖ਼-ਏ-ਹਿੰਦ*, ਪੰਨਾ 857. Forster's *Travels*, 1, p 272; Malcolm's *Sketch*. p. 86.
27. ਰਤਨ ਸਿੰਘ, ਪੰਨੇ 218-19.

ਅੰਮ੍ਰਿਤਸਰ ਦੇ ਸਥਾਨ ਤੇ ਦਰਬਾਰ ਸਾਹਿਬ ਉੱਤੇ ਕਬਜ਼ਾ ਕਰ ਲਿਆ ਸੀ। ਉਸ ਨੇ ਉਸ ਪਵਿੱਤਰ ਸਥਾਨ ਦੇ ਨਾਲ ਲਗਦੇ ਥਾਂ ਨੂੰ ਅਸਤਬਲ ਵਿਚ ਅਤੇ ਗੁਰਦੁਆਰੇ ਦੇ ਅੰਦਰੂਨੀ ਭਾਗ ਨੂੰ ਨਾਚ-ਘਰ ਵਿਚ ਬਦਲ ਦਿੱਤਾ ਜਿੱਥੇ ਉਹ ਤੰਬਾਕੂ ਅਤੇ ਸ਼ਰਾਬ ਪੀਂਦਾ ਅਤੇ ਬਦਇਖਲਾਕ ਔਰਤਾਂ ਦਾ ਨਾਚ ਦੇਖਦਾ। ਗੁਰਦੁਵਾਰੇ ਦੀ ਇਸ ਨਿਰਾਦਰੀ ਦੀ ਖ਼ਬਰ ਜੈਪੁਰ ਵਿਚ ਟਿਕੇ ਹੋਏ ਸਿੱਖਾਂ ਦੇ ਇਕ ਜੱਥੇ ਨੂੰ ਪੁੱਜੀ।[28] ਉਨ੍ਹਾਂ ਵਿਚੋਂ ਮੀਰਾਂਕੋਟ ਦੇ ਮਹਿਤਾਬ ਸਿੰਘ ਨੇ ਉਸ ਏਲਚੀ ਪਾਸ ਆਪਣੀ ਹੈਰਾਨੀ ਪ੍ਰਗਟ ਕੀਤੀ ਕਿ ਉਹ ਗੁਰੂ-ਘਰ ਦੇ ਇਤਨੇ ਅਪਮਾਨ ਬਾਰੇ ਜਾਣਦੇ ਹੋਇਆਂ ਇਹ ਖ਼ਬਰ ਇਧਰ ਉਪਰ ਪੁਚਾਉਣ ਲਈ ਕਿਵੇਂ ਜਿਉਂਦਾ ਰਿਹਾ। ਮੱਸਾ ਰੰਘੜ ਨੂੰ ਉਥੇ ਹੀ ਤੇ ਉਸੇ ਵੇਲੇ ਹੀ ਕਿਉਂ ਨਾ ਟਿਕਾਣੇ ਲਾ ਦਿੱਤਾ? ਅੰਮ੍ਰਿਤਸਰ ਵਿਚ ਕੋਈ ਸਿੱਖ ਨਹੀਂ ਸੀ? ਉਹ ਆਦਮੀ ਨੇ ਜਵਾਬ ਦਿੱਤਾ, "ਨਹੀਂ, ਕੋਈ ਵੀ ਆਪਣੀ ਇੱਜ਼ਤ ਦੀ ਭਾਵਨਾ ਵੱਲ ਉਨ੍ਹਾਂ ਨਾਲੋਂ ਵੱਧ ਜਜ਼ਬਾਤੀ ਨਹੀਂ ਸੀ। ਜੋ ਆਪਣੀ ਜਾਨ ਨੂੰ ਬਚਾਉਣ ਲਈ ਉਥੋਂ ਭੱਜ ਗਏ ਸਨ ਉਹ ਜੈਪੁਰ ਵਰਗੀਆਂ ਦੁਰਾਡੀਆਂ ਥਾਵਾਂ ਤੇ ਪਨਾਹ ਲੈ ਰਹੇ ਸਨ।" ਮਹਿਤਾਬ ਸਿੰਘ ਦਾ ਪੋਤਰਾ (ਰਤਨ ਸਿੰਘ ਭੰਗੂ) ਲਿਖਦਾ ਹੈ ਕਿ ਇਹ ਗੱਲ ਸੁਣ ਕੇ ਮਹਿਤਾਬ ਸਿੰਘ ਨੇ ਇਉਂ ਮਹਿਸੂਸ ਕੀਤਾ ਜਿਵੇਂ ਉਸ ਨੂੰ ਬਿਛੂ ਡੰਗ ਗਿਆ ਹੋਵੇ। ਉਸ ਨੇ ਆਪਣੀ ਤਲਵਾਰ ਚੁੱਕੀ ਤੇ ਪੰਜਾਬ ਲਈ ਰਵਾਨਾ ਹੋ ਗਿਆ। ਮਾੜੀ ਕੰਬੋ ਦਾ ਸੁੱਖਾ ਸਿੰਘ ਵੀ ਉਸ ਦੇ ਨਾਲ ਹੋ ਤੁਰਿਆ। ਉਹ ਅਗਸਤ 1740 ਵਿਚ ਅੰਮ੍ਰਿਤਸਰ ਪੁੱਜੇ ਅਤੇ ਮੁਸਲਮਾਨਾਂ ਦਾ ਭੇਸ ਬਣਾ ਕੇ ਅਤੇ ਦੋ ਬੋਰੀਆਂ ਠੀਕਰੀਆਂ ਦੀਆਂ ਭਰ ਕੇ ਉਹ ਇਸ ਬਹਾਨੇ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿਚ ਦਾਖ਼ਲ ਹੋਏ ਕਿ ਉਹ ਆਪਣੀ ਜ਼ਮੀਨ ਦਾ ਮਾਮਲਾ ਤਾਰਨ ਆਏ ਸਨ। ਆਪਣੇ ਘੋੜੇ ਵੱਡੇ ਦਰਵਾਜ਼ੇ ਤੋਂ ਬਾਹਰ ਹੀ ਬੰਨ੍ਹ ਆਏ ਅਤੇ ਮੱਸਾ ਰੰਘੜ ਤਕ ਪੁੱਜ ਗਏ ਜੋ ਕਿ ਇਸ ਪਵਿੱਤਰ ਸਥਾਨ ਦੇ ਅੰਦਰ ਮੰਜੇ ਉੱਤੇ ਬੈਠਾ ਹੋਇਆ ਸੀ ਅਤੇ ਨਾਚ ਕਰਨ ਵਾਲੀਆਂ ਕੁੜੀਆਂ ਪਾਸੋਂ ਰਾਗ ਸੁਣ ਰਿਹਾ ਸੀ। ਸੁੱਖਾ ਸਿੰਘ ਦਰਵਾਜ਼ੇ ਦੇ ਬਾਹਰ ਖੜਾ ਹੋ ਗਿਆ ਮਹਿਤਾਬ ਸਿੰਘ ਬਿਜਲੀ ਦੀ ਤਰ੍ਹਾਂ ਉਸ ਨਿਰਦਈ ਉਪਰ ਟੁਟ ਪਿਆ ਅਤੇ ਉਸ ਦਾ ਸਿਰ ਵੱਢ ਦਿੱਤਾ। ਮੱਸੇ ਦੇ ਸਾਥੀਆਂ ਦੇ ਬਾਹਰ ਨਿਕਲਣ ਤੋਂ ਪਹਿਲਾਂ ਪਹਿਲਾਂ ਇਹ ਦੋਨੋਂ ਸਿੰਘ ਉਥੋਂ ਬਚ ਕੇ ਨਿਕਲ ਗਏ।

### ਮਹਿਤਾਬ ਸਿੰਘ ਦਾ ਪਿੱਛਾ ਕੀਤਾ

ਜਦੋਂ ਲਾਹੌਰ ਦੇ ਗਵਰਨਰ ਜ਼ਕਰੀਆ ਖ਼ਾਂ ਨੇ ਸਿੱਖਾਂ ਦੇ ਇਸ ਕਾਰਨਾਮੇ ਦੀ ਗੱਲ ਸੁਣੀ ਤਾਂ ਉਹ ਆਪੇ ਤੋਂ ਬਾਹਰ ਹੋ ਗਿਆ। ਉਸ ਨੇ ਅੰਮ੍ਰਿਤਸਰ ਦੇ ਇਰਦ-ਗਿਰਦ ਦੇ ਪਰਗਣਿਆਂ ਦੇ ਸਾਰੇ ਚੋਧਰੀਆਂ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਹੁਕਮ ਦਿੱਤਾ ਕਿ ਉਹ ਮੱਸੇ ਦੇ ਕਾਤਲ ਨੂੰ ਪੇਸ਼ ਕਰਨ। ਉਸ ਦੀ ਗਰਿਫਤਾਰੀ ਲਈ ਇਕ ਭਾਰੀ ਇਨਾਮ ਦਾ ਵੀ ਐਲਾਨ ਕੀਤਾ ਗਿਆ। ਜੰਡਿਆਲੇ ਦਾ ਹਰਿਭਗਤ ਨਿਰੰਜਨੀਆ ਜਿਸਨੇ ਸਿੱਖਾਂ ਨੂੰ ਫੜਨ ਵਿਚ ਸਰਕਾਰ ਦੀ ਪਹਿਲਾਂ ਵੀ ਸਹਾਇਤਾ ਕੀਤੀ ਸੀ ਅਗਾਂਹ ਆਇਆ ਅਤੇ ਕਿਹਾ ਕਿ ਉਹ ਇਸ ਮਾਮਲੇ ਵਿਚ ਜੋ ਕੁਝ ਵੀ ਸੰਭਵ ਹੈ ਕਰੇਗਾ। ਉਸ ਨੇ ਮਹਿਤਾਬ ਸਿੰਘ ਦਾ ਨਾਂ ਲਿਆ ਜਿਸ ਦਾ ਪਿੰਡ ਮੀਰਾਂਕੋਟ, ਨੂਰਦੀਨ ਦੀ ਕਮਾਨ ਅਧੀਨ ਇਕ ਫ਼ੌਜ ਨੇ ਘੇਰ ਲਿਆ। ਮਹਿਤਾਬ ਸਿੰਘ ਉਥੇ ਨਾ ਮਿਲਿਆ ਪਰ ਉਸ ਦਾ ਪੁੱਤਰ ਰਾਏ ਸਿੰਘ, ਜੋ ਹਾਲੇ ਇਕ ਛੋਟਾ ਬੱਚਾ ਹੀ ਸੀ ਅਤੇ ਜੋ ਉਸ ਪਿੰਡ ਵਿਚ ਸੀ, ਉਸ ਦੇ ਰਖਿਅਕ ਨੱਥਾ ਖਹਿਰਾ ਅਤੇ ਅਤਿਆਚਾਰੀ ਹਰਿਭਗਤ ਦੇ ਵਿਚਕਾਰ ਇਕ ਸਖ਼ਤ ਝਗੜੇ ਦਾ ਕਾਰਨ ਬਣ ਗਿਆ। ਆਖਰਕਾਰ ਬੱਚਾ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ ਅਤੇ ਉਸ ਨੂੰ ਮਰ ਗਿਆ ਸਮਝ ਲਿਆ ਗਿਆ ਪਰ ਉਹ ਇਕ ਕੰਬੋ ਇਸਤਰੀ

28. ਰਤਨ ਸਿੰਘ, ਜੈਨਗਰ ਲਿਖਦਾ ਹੈ ਜਿਸ ਤੋਂ ਉਸ ਦਾ ਭਾਵ ਜੈਪੁਰ ਤੋਂ ਹੀ ਹੈ। ਗਿਆਨ ਸਿੰਘ ਬੀਕਾਨੇਰ ਲਿਖਦਾ ਹੈ, ਪਰ ਰਤਨ ਸਿੰਘ ਦਾ ਆਪਣਾ ਬਾਬਾ ਇਸ ਮਾਮਲੇ ਨਾਲ ਸਬੰਧਿਤ ਹੋਣ ਕਰਕੇ ਉਹ ਵਧੇਰੇ ਭਰੋਸੇਯੋਗ ਹੋਣਾ ਚਾਹੀਦਾ ਹੈ।

ਦੀ ਮਮਤਾ ਭਰੀ ਨਿਗਰਾਨੀ ਹੇਠ ਰਾਜੀ ਹੋ ਗਿਆ। ਉਹ ਬੜਾ ਹੋ ਕੇ ਸਿੱਖ ਇਤਿਹਾਸ ਦੇ ਪਹਿਲੇ ਲੇਖਕ ਰਤਨ ਸਿੰਘ ਭੰਗੂ ਦਾ ਪਿਤਾ ਬਣਿਆ ਜਿਸ ਦੀ ਪੁਸਤਕ 'ਪ੍ਰਾਚੀਨ ਪੰਥ ਪ੍ਰਕਾਸ਼' ਨੂੰ ਇਸ ਰਚਨਾ ਵਿਚ ਵਰਤਿਆ ਗਿਆ ਹੈ ਅਤੇ ਜਿਸ ਵਿਚੋਂ ਇਕ ਬੜੀ ਲਾਹੇਵੰਦ ਸਮਗਰੀ ਮਿਲਦੀ ਹੈ।

**ਸਿੱਖ ਸਿਰਲੱਥ ਬਾਗ਼ੀ ਬਣ ਗਏ**

ਇਸ ਤਾਹਨੇ ਨੇ, ਕਿ ਸਿੱਖ ਮੈਦਾਨਾਂ ਵਿਚ ਸਾਹਮਣੇ ਆਉਣ ਤੋਂ ਡਰਦੇ ਸਨ, ਇਕ ਹੋਰ ਸਿੱਖ ਨੂੰ ਸਾਹਮਣੇ ਮੈਦਾਨ ਵਿਚ ਲੈ ਆਂਦਾ। ਭੜਾਨਾ ਪਿੰਡ ਦਾ ਬੋਤਾ ਸਿੰਘ ਸੰਧੂ ਗਰਜਾ ਸਿੰਘ ਰੰਘਰੇਟਾ ਨੂੰ ਨਾਲ ਲੈ ਕੇ ਰਾਤ ਨੂੰ ਸਰੋਵਰ ਵਿਚ ਇਸ਼ਨਾਨ ਕਰਨ ਲਈ ਕਦੇ ਕਦੇ ਅੰਮ੍ਰਿਤਸਰ ਆਉਂਦਾ ਅਤੇ ਦਿਨ ਦਾ ਸਮਾਂ ਤਰਨਤਾਰਨ ਦੇ ਲਾਗੇ ਝਾੜੀਆਂ ਵਿਚ ਲੰਘਾਉਂਦਾ। ਕਿਸੇ ਨੇ ਉਨ੍ਹਾਂ ਨੂੰ ਦੇਖ ਕੇ ਕਿਹਾ ਕਿ ਉਹ ਸੱਚੇ ਸਿੱਖ ਨਹੀਂ ਹੋ ਸਕਦੇ ਸਗੋਂ ਕੋਈ ਬੁਜ਼ਦਿਲ ਲੋਕ ਹੋਣਗੇ ਜਿਹੜੇ ਸਾਹਮਣੇ ਆ ਕੇ ਆਪਣਾ ਮੂੰਹ ਵਿਖਾਉਣ ਤੋਂ ਵੀ ਡਰਦੇ ਸਨ। ਇਹ ਗੱਲ ਸੁਣ ਕੇ ਬੋਤਾ ਸਿੰਘ ਨੇ ਬਾਹਰ ਨਿਕਲ ਆਉਣ ਅਤੇ ਸਰਕਾਰ ਤਕ ਵੀ ਆਪਣੀ ਹੋਂਦ ਦਾ ਇਹਸਾਸ ਕਰਾਉਣ ਦਾ ਫੈਸਲਾ ਕਰ ਲਿਆ। ਉਹ ਸਰਾਏ ਨੂਰਦੀਨ ਦੇ ਲਾਗੇ ਜਰਨੈਲੀ ਸੜਕ ਉੱਤੇ ਆ ਖੜਾ ਹੋਇਆ ਅਤੇ ਉਸ ਨੇ ਇਕ ਬਹਾਦਰ ਆਦਮੀ ਦੀ ਤਰ੍ਹਾਂ ਹਰ ਗੱਡੇ ਤੋਂ ਇਕ ਆਨਾ ਅਤੇ ਲੱਦੇ ਹੋਏ ਹਰ ਖੋਤੇ ਤੋਂ ਇਕ ਪੈਸੇ ਦੇ ਹਿਸਾਬ ਨਾਲ ਕਰ ਵਸੂਲ ਕਰਨਾ ਸ਼ੁਰੂ ਕੀਤਾ। ਲੋਕ ਬਿਨਾਂ ਹੀਲ ਹੁੱਜਤ ਇਹ ਕਰ ਭਰਦੇ ਜਾਂਦੇ ਅਤੇ ਕਿਸੇ ਨੇ ਵੀ ਸਰਕਾਰ ਪਾਸ ਰਿਪੋਰਟ ਨਾ ਕੀਤੀ। ਬੋਤਾ ਸਿੰਘ ਨੇ ਫਿਰ ਸਿਧਿਆਂ ਲਾਹੌਰ ਸਰਕਾਰ ਨੂੰ ਚਿੱਠੀ ਲਿਖੀ ਜਿਸ ਵਿਚ ਆਪਣੇ ਬਾਰੇ ਅਤੇ ਯਾਤਰੀਆਂ ਤੋਂ ਕਰ ਵਸੂਲ ਕਰਨਾ ਸ਼ੁਰੂ ਕੀਤਾ। ਲੋਕ ਬਿਨਾਂ ਹੀਲ ਹੁੱਜਤ ਇਹ ਕਰ ਭਰਦੇ ਜਾਂਦੇ ਅਤੇ ਕਿਸੇ ਨੇ ਵੀ ਸਰਕਾਰ ਪਾਸ ਰਿਪੋਰਟ ਨਾ ਕੀਤੀ। ਬੋਤਾ ਸਿੰਘ ਨੇ ਫਿਰ ਸਿਧਿਆਂ ਲਾਹੌਰ ਸਰਕਾਰ ਨੂੰ ਚਿੱਠੀ ਲਿੱਖੀ ਜਿਸ ਵਿਚ ਆਪਣੇ ਬਾਰੇ ਅਤੇ ਯਾਤਰੀਆਂ ਤੋਂ ਕਰ ਵਸੂਲ ਕਰਨ ਬਾਰੇ ਐਲਾਨ ਕੀਤਾ।[29] ਖ਼ਾਨ ਬਹਾਦਰ ਨੇ ਜਲਾਲਦੀਨ ਦੀ ਅਗਵਾਈ ਵਿਚ 100 ਘੋੜ ਸਵਾਰਾਂ ਦੀ ਇਕ ਸੈਨਿਕ ਟੋਲੀ ਉਸਨੂੰ ਗਰਿਫ਼ਤਾਰ ਕਰਨ ਲਈ ਭੇਜੀ। ਬੋਤਾ ਸਿੰਘ ਤੇ ਉਸ ਦੇ ਸਾਥੀ ਨੇ ਹਥਿਆਰ ਸੁੱਟਣ ਤੋਂ ਇਨਕਾਰ ਕਰ ਦਿੱਤਾ ਅਤੇ ਉਹ ਦੋਨੋਂ ਲੜਦੇ ਹੋਏ ਮਾਰੇ ਗਏ।[30]

ਇਸੇ ਤਰ੍ਹਾਂ ਦੀ ਹੀ ਸਿੱਖ ਬਹਾਦਰੀ ਦੀ ਇਕ ਕਹਾਣੀ ਮਹਿਤਾਬ ਸਿੰਘ ਮੀਰਾਂ ਕੋਟੀਏ ਦੇ ਸਾਥੀ ਸੁੱਖਾ ਸਿੰਘ ਬਾਰੇ ਦੱਸੀ ਜਾਂਦੀ ਹੈ। ਉਸ ਨੇ ਅੰਮ੍ਰਿਤਸਰ ਵਿਚ ਸਥਿਤ ਮੁਗ਼ਲ ਗਾਰਦ ਤੋਂ ਕਿਤੇ ਇਹ ਗੱਲ ਸੁਣ ਲਈ ਕਿ ਸਿੱਖ ਹਰਿਮੰਦਰ ਸਾਹਿਬ ਵਿਚ ਹੁਣ ਇਸ ਤਰ੍ਹਾਂ ਨਹੀਂ ਆ ਸਕਦੇ ਜਿਸ ਤਰ੍ਹਾਂ ਉਹ ਪਹਿਲੇ ਆਇਆ ਕਰਦੇ ਸਨ। ਉਸ ਨੇ ਇਸ ਚਨੌਤੀ ਨੂੰ ਪ੍ਰਵਾਨ ਕਰ ਲਿਆ ਅਤੇ ਘੋੜੇ ਤੇ ਚੜ੍ਹਕੇ ਸਰੋਵਰ ਤਕ ਜਾ ਪੁੱਜਾ। ਆਪਣੇ ਘੋੜੇ ਨੂੰ ਪਾਣੀ ਪਿਲਾਉਣ ਤੋਂ ਬਾਅਦ ਉਸ ਨੇ ਆਪਣੇ ਬਣਾਉਟੀ ਭੇਸ ਨੂੰ ਉਤਾਰਿਆ ਅਤੇ ਪਾਣੀ ਵਿਚ ਛਾਲ ਮਾਰੀ। ਅਚੰਭਿਤ ਹੋਈ ਗਾਰਦ ਨੇ ਉਸ ਉੱਤੇ ਹਮਲਾ ਕੀਤਾ

---

29. ਉਸ ਚਿੱਠੀ ਦੇ ਸ਼ਬਦ, ਜੋ ਕਿ ਹੁਣ ਤਕ ਵੀ ਲੋਕ ਧਾਨਿਕ ਸਾਹਿਤ ਵਿਚ ਸੰਭਾਲੇ ਹੋਏ ਹਨ, ਇਸ ਪ੍ਰਕਾਰ ਹਨ :

ਚਿੱਠੀ ਲਿਖੀ ਸਿੰਘ ਬੋਤਾ।
ਹੱਥ ਵਿਚ ਹੈ ਸੋਟਾ।
ਵਿਚ ਰਾਹ ਖਲੋਤਾ।
ਆਨਾ ਲਾਏ ਗਡੇ ਨੂੰ
ਪੈਸਾ ਲਾਏ ਖੋਤਾ।
ਆਖੋ ਭਾਬੀ ਖਾਨੋ ਨੂੰ
ਯੂੰ ਆਖੇ ਸਿੰਘ ਬੋਤਾ।

30. ਰਤਨ ਸਿੰਘ, ਪੰਨੇ 229-232; *ਸ਼ਮਸ਼ੇਰ ਖ਼ਾਲਸਾ*, ਪੰਨੇ 76-77.

ਪਰ ਉਹ ਵਰ੍ਹਦੀਆਂ ਗੋਲੀਆਂ ਵਿਚ ਬਿਨਾਂ ਜ਼ਖ਼ਮੀ ਹੋਣ ਦੇ ਬਚਕੇ ਨਿਕਲ ਗਿਆ।[31]

**ਭਾਈ ਤਾਰੂ ਸਿੰਘ ਦੀ ਸ਼ਹੀਦੀ**

ਸਾਹਸੀ ਅਤੇ ਨਿਧੜਕ ਲੋਕ ਕਿਉਂਕਿ ਸਰਕਾਰ ਦੀ ਪਹੁੰਚ ਤੋਂ ਬਾਹਰ ਸਨ ਇਸ ਲਈ ਉਨ੍ਹਾਂ ਨੇ ਸ਼ਰੀਫ ਅਤੇ ਅਜਿਹੇ ਸਿੱਖਾਂ ਉੱਤੇ ਆਪਣਾ ਬਦਲਾ ਕੱਢਿਆ ਜੋ ਕਿਸੇ ਦਾ ਕੁਝ ਨਹੀਂ ਸੀ ਵਿਗਾੜਦੇ। ਮਾਝੇ ਦੇ ਇਲਾਕੇ ਦੇ ਪੂਹਲਾ ਪਿੰਡ ਵਿਚ ਭਾਈ ਤਾਰੂ ਸਿੰਘ ਨਾਂ ਦਾ ਇਕ ਸਿੰਘ ਰਹਿੰਦਾ ਸੀ। ਉਹ 25 ਸਾਲ ਦਾ ਇਕ ਨੌਜਵਾਨ ਸੀ ਜੋ ਬੜਾ ਪਵਿੱਤਰ ਮਨ ਅਤੇ ਉਨ੍ਹਾਂ ਸਿੱਖਾਂ ਦੀ ਸੇਵਾ ਵਿਚ ਹੀ ਜੁਟਿਆ ਰਹਿਣ ਵਾਲਾ ਆਦਮੀ ਸੀ, ਜਿਨ੍ਹਾਂ ਨੂੰ ਨਿਰਦਈ ਮੁਗ਼ਲ ਹਕੂਮਤ ਨੇ ਜੰਗਲਾਂ ਵਿਚ ਜਾਣ ਲਈ ਮਜਬੂਰ ਕੀਤਾ ਹੋਇਆ ਸੀ। ਉਹ ਆਪਣੇ ਖੇਤਾਂ ਦੀ ਕਾਸ਼ਤ ਕਰਦਾ ਅਤੇ ਜੋ ਕੁਝ ਪੈਦਾ ਹੁੰਦਾ ਉਹ ਆਪਣੇ ਜਲਾਵਤਨ ਭਰਾਵਾਂ ਨੂੰ ਦੇ ਦਿੰਦਾ। ਇਸ ਨੂੰ ਸਰਕਾਰ ਨੇ ਗ਼ੱਦਾਰੀ ਸਮਝਿਆ। ਜੰਡਿਆਲੇ ਦੇ ਹਰਿਭਗਤ ਨੇ ਉਸ ਨਾਲ ਦਗਾ ਕੀਤਾ ਅਤੇ ਜੂਨ 1745 ਵਿਚ ਉਸ ਨੂੰ ਲਾਹੌਰ ਦੇ ਬਦਨਾਮ ਥਾਂ ਨਖਾਸ ਵਿਚ ਲਿਆਂਦਾ ਗਿਆ। ਉਸ ਨੂੰ ਇਸਲਾਮ ਧਾਰਨ ਕਰਨ ਅਤੇ ਆਪਣੇ ਕੇਸ ਕਟਾਉਣ ਲਈ ਕਿਹਾ ਗਿਆ। ਉਸ ਨੇ ਇਹ ਸੁਝਾ ਇਹ ਕਹਿ ਕੇ ਅਪ੍ਰਵਾਨ ਕਰ ਦਿੱਤਾ ਕਿ ਉਸ ਦੇ ਵਾਲ ਉਸ ਦੀ ਖੋਪਰੀ ਨਾਲੋਂ ਵੱਖ ਨਹੀਂ ਕੀਤੇ ਜਾ ਸਕਦੇ। ਜ਼ਕਰੀਆ ਖ਼ਾਂ ਨੇ ਹੁਕਮ ਦਿੱਤਾ ਕਿ ਉਸ ਦੀ ਖੋਪਰੀ ਤੋਂ ਉਸ ਦੇ ਵਾਲ ਉਤਾਰ ਦਿੱਤੇ ਜਾਣ। ਤਾਰੂ ਸਿੰਘ ਨੇ ਇਹ ਕਸ਼ਟ ਬੜੀ ਬਹਾਦਰੀ ਨਾਲ ਝੱਲਿਆ। ਉਹ ਉਸ ਸਮੇਂ ਜਪੁਜੀ ਸਾਹਿਬ ਦਾ ਪਾਠ ਕਰਦਾ ਰਿਹਾ ਅਤੇ ਅਕਾਲਪੁਰਖ ਦਾ ਨਾਮ ਜਪਦਾ ਰਿਹਾ। ਕੁਝ ਦਿਨਾਂ ਦੇ ਤਸੀਹਿਆਂ ਤੋਂ ਬਾਅਦ ਪਹਿਲੀ ਜੁਲਾਈ 1745 ਨੂੰ ਉਸ ਨੇ ਆਪਣੇ ਸੁਆਸ ਤਿਆਗ ਦਿੱਤੇ। ਉਸ ਨੂੰ ਤਸੀਹੇ ਦੇਣ ਵਾਲਾ ਵੀ ਉਸ ਦੇ ਪੂਰਾ ਹੋਣ ਤੋਂ ਕੁਝ ਘੰਟੇ ਪਹਿਲਾਂ ਚਲ ਵਸਿਆ ਸੀ। ਉਸ ਨੂੰ ਵੀ ਬਹੁਤ ਕਸ਼ਟ ਝਲਣੇ ਪਏ ਸਨ ਕਿਉਂਕਿ ਬਿਮਾਰੀ ਦੇ ਇਕ ਹੱਲੇ ਨੇ ਉਸ ਦਾ ਪਿਸ਼ਾਬ ਬੰਦ ਕਰ ਦਿੱਤਾ ਸੀ।[32]

**ਸੁਬੇਗ ਸਿੰਘ ਅਤੇ ਸ਼ਾਹਬਾਜ਼ ਸਿੰਘ**

ਆਪਣੀ ਮੌਤ ਤੋਂ ਪਹਿਲਾਂ ਜ਼ਕਰੀਆ ਖ਼ਾਂ ਇਕ ਹੋਰ ਪ੍ਰਸਿੱਧ ਸਿੱਖ ਨੂੰ ਖ਼ਤਮ ਕਰ ਗਿਆ। ਮਹਿਤਾਬ ਸਿੰਘ ਮੀਰਾਂਕੋਟੀਆ ਫੜਿਆ ਗਿਆ ਅਤੇ ਲਾਹੌਰ ਲਿਆਂਦਾ ਗਿਆ ਸੀ ਜਿੱਥੇ ਲੋਕਾਂ ਦੇ ਸਾਹਮਣੇ ਉਸ ਨੂੰ ਚਰਖੜੀ ਉਪਰ ਚੜ੍ਹਾ ਦਿੱਤਾ ਸੀ। ਪਰ ਜ਼ਕਰੀਆ ਖ਼ਾਂ ਦੂਸਰੇ ਉਨ੍ਹਾਂ ਸਿੱਖਾਂ ਦਾ ਅੰਤ ਨਹੀਂ ਸੀ ਦੇਖ ਸਕਿਆ ਜਿਹੜੇ ਉਸ ਦੇ ਸਾਹਮਣੇ ਲਿਆਂਦੇ ਗਏ ਸਨ। ਇਕ ਸਿੱਖ ਮੁੰਡਾ ਸ਼ਾਹਬਾਜ਼ ਸਿੰਘ ਇਕ ਮੁਸਲਮ ਸਕੂਲ ਵਿਚ ਇਕ ਕਾਜ਼ੀ ਪਾਸੋਂ ਪੜ੍ਹਦਾ ਸੀ ਜਿਹੜਾ ਉਸ ਨੂੰ ਮੁਸਲਮਾਨ ਬਣਾਉਣਾ ਚਾਹੁੰਦਾ ਸੀ। ਜਦ ਉਸ ਮੁੰਡੇ ਨੇ ਮੁਸਲਮਾਨ ਬਣਨ ਤੋਂ ਇਨਕਾਰ ਕਰ ਦਿੱਤਾ ਤਾਂ ਇਕ

31. ਸਿੱਖ ਸਾਖੀਆਂ ਵਿਚ ਸੁੱਖਾ ਸਿੰਘ ਦੀ ਬਹਾਦਰੀ ਦੇ ਕਾਰਨਾਮਿਆਂ ਨੂੰ ਵਿਸਤਾਰ ਵਿਚ ਲਿਖਿਆ ਹੈ ਜਿਵੇਂ ਆਪਦੀ ਜ਼ਿੰਦਗੀ ਦਾ ਖਾਤਮਾ ਕਰ ਲੈਣ ਲਈ ਖੂਹ ਵਿਚ ਛਾਲ ਮਾਰ ਦੇਣੀ ਕਿਉਂਕਿ ਉਸ ਦੇ ਮਾਂ-ਪਿਉ ਨੇ ਉਸ ਨੂੰ ਨਸ਼ੇ ਵਾਲੀ ਦੁਆਈ ਦੇ ਕੇ ਉਸ ਦੇ ਸਿਰ ਦੇ ਵਾਲ ਕੱਟ ਦਿੱਤੇ ਸਨ; ਪਿੰਡ ਦੇ ਮੁਖੀਏ ਦੀ ਘੋੜੀ ਲੈ ਕੇ ਭੱਜ ਜਾਣਾ ਅਤੇ ਪਿੱਛੋਂ ਉਸ ਨੂੰ ਸੋਨੇ ਦੀ ਭਰੀ ਹੋਈ ਉਸ ਥੈਲੀ ਸਦਕੇ ਕੀਮਤ ਤਾਰ ਦੇਣੀ ਜੋ ਉਸ ਨੇ ਇਕ ਅਮੀਰ ਸਾਹੂਕਾਰ ਤੋਂ ਖੋਹੀ ਸੀ; ਉਸ ਦਾ ਇਕ ਤਕੜੇ ਅਤੇ ਵਧੇਰੇ ਚੰਗੀ ਤਰ੍ਹਾਂ ਹਥਿਆਰਬੰਦ ਅਫ਼ਗਾਨ ਨਾਲ ਲੜਾਈ ਲੜ ਕੇ ਉਸ ਨੂੰ ਮਾਰ ਦੇਣਾ; ਉਸ ਦਾ ਕਰਮੇ ਛੀਨੇ ਨੂੰ ਆਪਸੀ ਇਕ ਲੜਾਈ ਵਿਚ ਮਾਰ ਦੇਣਾ ਅਤੇ ਅੰਤ ਵਿਚ 1751 ਈ. ਨੂੰ ਦੁਰਾਨੀਆਂ ਦਾ ਰਾਵੀ ਉਤੋਂ ਦੀ ਰਸਤਾ ਰੋਕਣ ਦੀ ਕਾਰਵਾਈ ਵਿਚ ਮਾਰੇ ਜਾਣਾ।

32. ਰਤਨ ਸਿੰਘ, ਪੰਨੇ 254-58, 287-88; ਕੇਸਰ ਸਿੰਘ, ਪੰਨਾ 152; ਖ਼ੁਸ਼ਵਕਤ ਰਾਏ, ਪੰਨਾ 45 ਏ-ਬੀ; ਅਲੀ ਉਦ ਦੀਨ, ਪੰਨਾ 211; ਸੋਹਨ ਲਾਲ, ਪੰਨੇ 108-109; Cunningham, pp. 99-100.

ਝੂਠਾ ਇਲਜ਼ਾਮ ਉਸ ਦੇ ਵਿਰੁੱਧ ਲਗਾਇਆ ਗਿਆ। ਅਜਿਹਾ ਇਲਜ਼ਾਮ 11 ਵਰ੍ਹੇ ਪਹਿਲਾਂ ਹਕੀਕਤ ਰਾਏ[33] ਵਿਰੁੱਧ ਲਾਇਆ ਗਿਆ ਸੀ ਅਤੇ ਗਵਰਨਰ ਦੇ ਸਾਹਮਣੇ ਆਪਣੇ ਮੁਕੱਦਮੇ ਦੀ ਸੁਣਵਾਈ ਲਈ ਉਸ ਨੂੰ ਲਾਹੌਰ ਭੇਜਿਆ ਗਿਆ ਸੀ। ਸ਼ਾਹਬਾਜ਼ ਸਿੰਘ ਦੇ ਨਾਲ ਉਸ ਦੇ ਪਿਤਾ ਸੁਬੇਗ ਸਿੰਘ ਨੂੰ ਵੀ ਫੜ ਲਿਆ ਗਿਆ ਅਤੇ ਹਿਰਾਸਤ ਵਿਚ ਰਖਿਆ ਗਿਆ। ਇਹ ਆਦਮੀ ਜੰਬਰ ਦਾ ਰਸੂਖ ਵਾਲਾ ਇਕ ਜ਼ਿਮੀਦਾਰ ਸੀ ਅਤੇ ਸਰਕਾਰ ਤੋਂ ਠੇਕੇ ਲੈਂਦਾ ਹੁੰਦਾ ਸੀ। ਉਹ ਕਈ ਮੌਕਿਆਂ ਤੇ ਜ਼ਕਰੀਆ ਖ਼ਾਂ ਲਈ ਲਾਹੇਵੰਦ ਸਿੱਧ ਹੋਇਆ ਸੀ। ਉਸ ਨੇ ਬੜੀ ਸਫ਼ਲ ਗੱਲ ਬਾਤ ਰਾਹੀਂ ਖਾਲਸੇ ਨੂੰ ਨਵਾਬੀ ਪ੍ਰਵਾਨ ਕਰਨ ਲਈ ਮਨਾ ਲਿਆ ਸੀ ਪਰ ਜਦੋਂ ਅਤਿਆਚਾਰਾਂ ਦਾ ਦੌਰ ਆਇਆ ਤਾਂ ਉਸ ਨੂੰ ਵੀ ਇਸ ਸ਼ੱਕ ਵਿਚ ਲਪੇਟ ਲਿਆ ਕਿ ਉਹ ਸਿੱਖਾਂ ਨੂੰ ਗੁਪਤ ਖ਼ਬਰਾਂ ਪੁਚਾਉਂਦਾ ਸੀ।

ਜ਼ਕਰੀਆ ਖ਼ਾਂ ਦੀ ਮੌਤ ਨਾਲ ਉਸ ਨੂੰ ਕੁਝ ਰਾਹਤ ਮਿਲੀ ਜਿਸ ਤੋਂ ਕੁਝ ਲਿਖਾਰੀਆਂ ਨੂੰ ਤਾਰੂ ਸਿੰਘ ਦੇ ਥੋੜ੍ਹੇ ਸਮੇਂ ਲਈ ਸੁਰਜੀਤ ਹੋ ਉਠਣ, ਜ਼ਕਰੀਆ ਖ਼ਾਂ ਦੇ ਪਛੋਤਾਵੇ, ਸੁਬੇਗ ਸਿੰਘ ਦਾ ਲਾਹੌਰ ਦਾ ਕੋਤਵਾਲ ਨਿਯੁਕਤ ਹੋਣ ਅਤੇ ਉਸ ਦੇ ਹੁਕਮ ਦੁਆਰਾ ਤਸੀਹਿਆਂ ਦੇ ਸਾਧਨਾਂ ਨੂੰ ਬੰਦ ਕਰਨ ਅਤੇ ਅਤਿਆਚਾਰਾਂ ਨੂੰ ਰੋਕ ਦੇਣ ਵਰਗੀਆਂ ਗੱਲਾਂ ਲਿਖਣ ਦਾ ਕੁਝ ਲਿਖਾਰੀਆਂ ਨੂੰ ਮੌਕਾ ਮਿਲਿਆ ਪਰ ਸਾਰੇ ਵਾਤਾਵਰਣ ਅਤੇ ਪ੍ਰਚਲਿਤ ਨੀਤੀ ਉੱਤੇ ਝਾਤ ਮਾਰ ਕੇ ਸਾਨੂੰ ਪਤਾ ਲਗਦਾ ਹੈ ਕਿ ਅਤਿਆਚਾਰਾਂ ਦੇ ਸਿਲਸਿਲੇ ਵਿਚ ਕੋਈ ਰੁਕਾਵਟ ਨਹੀਂ ਪਈ।

ਜ਼ਕਰੀਆ ਖ਼ਾਂ ਦਾ ਪੁੱਤਰ ਅਤੇ ਉੱਤਰਾਧਿਕਾਰੀ ਯਹੀਆ ਖ਼ਾਂ ਆਪਣੇ ਪਿਤਾ ਜਿਤਨਾ ਹੀ ਨਿਰਦਈ ਸੀ। ਉਸ ਵਿਚ ਤਾਂ ਸਗੋਂ ਬੁਜ਼ਦਿਲਾਂ ਵਾਲੀ ਵਾਧੂ ਨਿਰਦੈਇਤਾ ਸੀ। ਉਸ ਦੇ ਅੰਦਰ ਸੁਬੇਗ ਸਿੰਘ ਲਈ ਕੋਈ ਹਮਦਰਦੀ ਨਹੀਂ ਸੀ। ਇਸ ਲਈ ਉਸ ਨੇ ਉਸ ਦਾ ਕੇਸ ਮੁੜ ਚੁੱਕਿਆ ਅਤੇ ਬੜੇ ਜੋਸ਼ ਨਾਲ ਉਸ ਦਾ ਪਿੱਛਾ ਕੀਤਾ। ਸੁਬੇਗ ਸਿੰਘ ਨੂੰ ਆਪਣਾ ਧਰਮ ਛੱਡਣ ਲਈ ਕਿਹਾ ਗਿਆ ਅਤੇ ਉਸ ਦੇ ਇਨਕਾਰ ਕਰਨ ਤੇ ਉਸ ਨੂੰ ਚਰਖੜੀ ਤੇ ਚੜ੍ਹਾ ਦਿੱਤਾ ਗਿਆ। ਜਦੋਂ ਉਸ ਨੇ ਤਸੀਹੇ ਦੇ ਸਨਮੁਖ ਵੀ ਆਪਣਾ ਹੌਸਲਾ ਨਾ ਛੱਡਿਆ ਤਾਂ ਉਸਦੇ ਪੁੱਤਰ ਸ਼ਾਹਬਾਜ ਸਿੰਘ ਨੂੰ ਚਰਖੜੀ ਉਪਰ ਚੜ੍ਹਾ ਕੇ ਉਸ ਦੇ ਸਾਹਮਣੇ ਹੀ ਚਰਖੜੀ ਨੂੰ ਘੁੰਮਾ ਦਿੱਤਾ। ਉਨ੍ਹਾਂ ਦੋਨਾਂ ਨੇ ਬੜੇ ਸਬਰ ਨਾਲ ਤਸੀਹੇ ਝੱਲੇ ਅਤੇ 'ਅਕਾਲ! ਅਕਾਲ!' ਕਹਿੰਦੇ ਰਹੇ। ਕੁਝ ਸਮੇਂ ਤੋਂ ਬਾਅਦ ਲੜਕੇ ਦੀ ਆਵਾਜ਼ ਮੱਧਮ ਹੋ ਗਈ ਅਤੇ ਇਸ ਪਿੱਛੋਂ ਜਦੋਂ ਉਸ ਨੂੰ ਪੁੱਛਿਆ ਗਿਆ ਕਿ ਕੀ ਉਹ ਗਰਵਨਰ ਦੀ ਮੰਗ ਮੰਨਣ ਨੂੰ ਤਿਆਰ ਹੈ ਕਿ ਨਹੀਂ ਤਾਂ ਉਸ ਨੇ ਰਜ਼ਾਮੰਦੀ ਵਿਚ ਸਿਰ ਝੁਕਾਇਆ। ਉਸ ਦੇ ਪਿਤਾ ਨੇ ਤੁਰੰਤ ਉਸ ਦੀਆਂ ਅੱਖਾਂ ਵਿਚ ਦੇਖਿਆ ਅਤੇ ਕਿਹਾ ਕਿ "ਅਕਾਲ ਪੁਰਖ ਦਾ ਜਾਪ ਕਰੋ।" ਇਕ ਛਿਣ ਭਰ ਵਿਚ ਹੀ ਮੁੰਡਾ ਫਿਰ ਸੰਭਲ ਗਿਆ ਅਤੇ ਜ਼ੋਰ ਨਾਲ 'ਅਕਾਲ, ਅਕਾਲ,' ਕਿਹਾ। ਚਰਖੜੀ ਆਪਣੇ ਤਿੱਖੇ ਚਾਕੂਆਂ ਨਾਲ ਨਿਰਦੈਇਤਾ ਨਾਲ ਆਪਣਾ ਕੰਮ ਕਰਦੀ ਗਈ ਜਦ ਤਕ ਕਿ ਬਾਪ ਅਤੇ ਬੇਟਾ ਦੋਨੋਂ ਖ਼ਤਮ ਨਹੀਂ ਹੋ ਗਏ।

## ਲਖਪਤ ਰਾਏ ਅਤੇ ਸਿੱਖ

ਯਹੀਆ ਖ਼ਾਂ ਨੇ ਲਖਪਤ ਰਾਏ ਨੂੰ ਉਸ ਦੇ ਦੀਵਾਨ ਦੀ ਪਦਵੀ ਉੱਤੇ ਪੱਕਿਆਂ ਕਰ ਦਿੱਤਾ।

---

33. ਉਹ ਬਾਘ ਮੱਲ ਪੁਰੀ ਦਾ, ਜੋ ਸਿਆਲਕੋਟ ਦਾ ਖਤਰੀ ਸੀ, 15 ਸਾਲਾ ਪੁੱਤਰ ਸੀ। ਉਹ ਬਟਾਲਾ ਦੇ ਇਕ ਸਿੱਖ ਕਿਸ਼ਨ ਸਿੰਘ ਦੀ ਧੀ ਨਾਲ ਵਿਆਹਿਆ ਹੋਇਆ ਸੀ। ਉਸ ਉੱਤੇ ਹਜ਼ਰਤ ਮੁਹੰਮਦ ਸਾਹਿਬ ਦੀ ਪੁੱਤਰੀ ਫ਼ਾਤਮਾ ਲਈ ਅਨਾਦਰ ਵਾਲੇ ਸ਼ਬਦ ਵਰਤਣ ਦੀ ਤੁਹਮਤ ਲਾਈ ਗਈ ਸੀ। ਉਸ ਉੱਤੇ ਮੁਕੱਦਮਾ ਚਲਾਉਣ ਲਈ ਉਸ ਨੂੰ ਲਾਹੌਰ ਭੇਜ ਦਿੱਤਾ ਗਿਆ ਸੀ। ਉਸ ਨੂੰ ਇਸਲਾਮ ਅਤੇ ਮੌਤ ਵਿਚਕਾਰ ਚੋਣ ਕਰਨ ਦੀ ਪੇਸ਼ਕਸ਼ ਕੀਤੀ ਗਈ। ਹਕੀਕਤ ਰਾਏ ਨੇ ਮੌਤ ਨੂੰ ਪ੍ਰਵਾਨ ਕੀਤਾ ਅਤੇ 1734 ਵਿਚ ਉਸ ਨੂੰ ਕਤਲ ਕਰ ਦਿੱਤਾ ਗਿਆ।

ਇਸ ਹਿੰਦੂ ਮੰਤਰੀ ਦੀ ਆਰੰਭ ਵਿਚ ਸ਼ਾਇਦ ਸਿੱਖਾਂ ਨਾਲ ਕੁਝ ਹਮਦਰਦੀ ਹੋਵੇ ਪਰ ਕਿਉਂਕਿ ਉਹ ਸਰਕਾਰ ਵਿਚ ਆਪਣੀ ਸਥਿਤੀ ਅਤੇ ਆਪਣੇ ਪ੍ਰਭਾਵ ਨੂੰ ਤਾਂ ਹੀ ਕਾਇਮ ਰਖ ਸਕਦਾ ਸੀ ਜੇ ਉਹ ਦਿਲੋਂ ਮਨੋਂ ਸਰਕਾਰ ਦੀ ਨੀਤੀ ਨਾਲ ਇਕਮਿਕ ਹੋਏ। ਇਸ ਲਈ ਉਹ ਸਿੱਖਾਂ ਦਾ ਬੜਾ ਸਰਗਰਮ ਵਿਰੋਧੀ ਬਣ ਗਿਆ। ਉਸ ਦਾ ਭਰਾ ਜਸਪਤ ਰਾਏ, ਜੋ ਐਮਨਾਬਾਦ ਦਾ ਫ਼ੌਜਦਾਰ ਸੀ, ਉਸ ਦਾ ਪੂਰੀ ਤਰ੍ਹਾਂ ਸਮਰਥਕ ਸੀ। 1746 ਵਿਚ ਜਸਪਤ ਰਾਏ ਦੇ ਬੇਲੋੜੀ ਸਖ਼ਤੀ ਕਰਕੇ ਲੋਕਾਂ ਤੋਂ ਮਾਮਲਾ ਇਕੱਠਾ ਕਰਨ ਦੀਆਂ ਖ਼ਬਰਾਂ ਮਿਲੀਆਂ। ਬਹੁਤ ਸਾਰੇ ਜ਼ਿਮੀਂਦਾਰ ਤੰਗ ਆ ਕੇ ਖਾਲਸੇ ਨਾਲ ਰਲ ਗਏ। ਸਿੱਖਾਂ ਦਾ ਇਕ ਜੱਥਾ ਵੈਰੀਆਂ ਵੱਲੋਂ ਧੱਕਿਆ ਹੋਇਆ ਘੁੰਮਦਾ ਫਿਰਦਾ ਸੀ। ਉਹ ਗੁਰੂ ਨਾਨਕ ਸਾਹਿਬ ਦੀ ਯਾਦ ਵਿਚ ਬਣੇ ਗੁਰਦੁਆਰੇ ਦੀ ਯਾਤਰਾ ਕਰਨ ਲਈ ਐਮਨਾਬਾਦ ਦੇ ਇਲਾਕੇ ਵਿਚ ਗੁਰਦੁਆਰਾ ਰੋੜੀ ਸਾਹਿਬ ਪੁੱਜੇ। ਅਲੀ-ਉਦ-ਦੀਨ ਅਨੁਸਾਰ ਜਸਪਤ ਰਾਏ ਨੂੰ ਖੋਖਰਾਂ ਦੇ ਸਥਾਨ ਤੇ ਖ਼ਬਰ ਮਿਲੀ ਕਿ ਸਿੱਖ ਗੌਦਲਾਂਵਾਲਾ ਤੋਂ ਭੇਡਾਂ ਦਾ ਇਕ ਇੱਜੜ ਹੱਕ ਕੇ ਲੈ ਗਏ ਸਨ ਅਤੇ ਉਹ ਗੁਰਦੁਆਰੇ ਦੇ ਲਾਗੇ ਉਨ੍ਹਾਂ ਨੂੰ ਖਾ ਰਹੇ ਸਨ। ਦੂਜੇ ਪਾਸੇ ਰਤਨ ਸਿੰਘ ਅਨੁਸਾਰ ਸਿੱਖਾਂ ਨੇ ਜਸਪਤ ਰਾਏ ਨੂੰ ਇਕ ਚਿੱਠੀ ਲਿਖੀ ਅਤੇ ਉਸ ਤੋਂ ਆਗਿਆ ਮੰਗੀ ਤਾਂ ਜੋ ਉਹ ਉਸ ਦੇ ਸ਼ਹਿਰ ਵਿਚੋਂ ਰਸਦ ਖਰੀਦ ਸਕਣ। ਗਰਮ ਸੁਭਾ ਦੇ ਫ਼ੌਜਦਾਰ ਨੇ ਜਵਾਬ ਵਿਚ ਉਨ੍ਹਾਂ ਨੂੰ ਹੁਕਮ ਦਿੱਤਾ ਕਿ ਉਹ ਉਥੋਂ ਤੁਰੰਤ ਚਲੇ ਜਾਣ ਨਹੀਂ ਤਾਂ ਉਸ ਨੂੰ ਆਪ ਉਨ੍ਹਾਂ ਨੂੰ ਉਥੋਂ ਕੱਢਣਾ ਪਵੇਗਾ। ਸਿੱਖਾਂ ਨੇ ਬੇਨਤੀ ਕੀਤੀ ਕਿ ਉਹ ਕਈ ਦਿਨਾਂ ਤੋਂ ਭੁੱਖੇ ਹਨ ਅਤੇ ਉਹ ਭੋਜਨ ਕਰਨ ਲਈ ਸਿਰਫ਼ ਇਕ ਰਾਤ ਹੀ ਉਥੇ ਰਹਿਣਗੇ ਅਤੇ ਫਿਰ ਉਥੋਂ ਚਲੇ ਜਾਣਗੇ। ਜਸਪਤ ਰਾਏ ਨੇ ਸਿੱਖਾਂ ਦੀ ਇਕ ਗੱਲ ਨਾ ਸੁਣੀ ਅਤੇ ਆਪਣੀ ਸਾਰੀ ਫ਼ੌਜ ਲੈ ਕੇ ਉਨ੍ਹਾਂ ਉਪਰ ਟੁੱਟ ਪਿਆ। ਸਿੱਖਾਂ ਨੇ ਹਮਲੇ ਦਾ ਮੁਕਾਬਲਾ ਕੀਤਾ ਅਤੇ ਲੜਾਈ ਦੇ ਦੌਰਾਨ ਨਿਭੌ ਸਿੰਘ ਨਾਂ ਦਾ ਇਕ ਰੰਘਰੇਟਾ ਸਿੱਖ ਜਸਪਤ ਰਾਏ ਦੇ ਹਾਥੀ ਉੱਪਰ ਚੜ੍ਹ ਗਿਆ ਅਤੇ ਉਸ ਦਾ ਸਿਰ ਵੱਢ ਦਿੱਤਾ। ਇਸ ਨਾਲ ਮੁਗ਼ਲਾਂ ਦੀ ਫ਼ੌਜ ਵਿਚ ਇਕ ਦਮ ਭਗਦੜ ਮਚ ਗਈ ਅਤੇ ਮੈਦਾਨ ਖਾਲਸੇ ਦੇ ਹੱਥ ਰਿਹਾ। ਉਨ੍ਹਾਂ ਨੇ ਐਮਨਾਬਾਦ ਤੇ ਹਮਲਾ ਕੀਤਾ ਅਤੇ ਉਥੋਂ ਬਹੁਤ ਸਾਰਾ ਮਾਲ ਉਨ੍ਹਾਂ ਦੇ ਹੱਥ ਆਇਆ। 500 ਰੁਪਏ ਦੇ ਬਦਲੇ ਵਿਚ ਸਿੱਖਾਂ ਨੇ ਸਸਕਾਰ ਲਈ ਜਸਪਤ ਰਾਏ ਦਾ ਸਿਰ ਗੁਸਾਈ ਕ੍ਰਿਪਾ ਰਾਮ ਬੱਦੋਕੇ ਨੂੰ ਲੈ ਜਾਣ ਦੀ ਆਗਿਆ ਦੇ ਦਿੱਤੀ। ਉਥੇ ਲਖਪਤ ਰਾਏ ਨੇ ਉਸ ਦੀ ਸਮਾਧ ਬਣਵਾਈ ਜੋ ਹੁਣ ਵੀ ਕਾਇਮ ਹੈ।[34]

ਲਖਪਤ ਰਾਏ ਨੇ ਜਦੋਂ ਆਪਣੇ ਭਰਾ ਦੀ ਮੌਤ ਦੀ ਖ਼ਬਰ ਸੁਣੀ ਤਾਂ ਉਹ ਗੁੱਸੇ ਨਾਲ ਪਾਗਲ ਹੋ ਉੱਠਿਆ। ਉਹ ਨਵਾਬ ਦੇ ਪਾਸ ਲਾਹੌਰ ਆਇਆ ਅਤੇ ਉਸ ਦੇ ਪੈਰਾਂ ਉਪਰ ਆਪਣੀ ਪੱਗ ਰਖ ਕੇ ਉਸ ਨੇ ਕਸਮ ਖਾਧੀ ਕਿ ਉਹ ਇਸ ਪੱਗ ਨੂੰ ਆਪਣੇ ਸਿਰ ਉਪਰ ਉਦੋਂ ਹੀ ਬੰਨ੍ਹੇਗਾ ਜਦੋਂ ਸਿੱਖਾਂ ਦਾ ਨਾਮੋ ਨਿਸ਼ਾਨ ਮਿਟਾ ਦੇਵੇਗਾ। ਉਸ ਨੇ ਕਿਹਾ, "ਮੈਂ ਖੱਤਰੀ ਹਾਂ, ਜਿਵੇਂ ਖਾਲਸੇ ਦਾ ਸਿਰਜਣਹਾਰ ਗੁਰੂ ਗੋਬਿੰਦ ਸਿੰਘ ਖੱਤਰੀ ਸੀ ਪਰ ਮੈਂ ਆਪਣੇ ਆਪ ਨੂੰ ਉਦੋਂ ਤਕ ਖੱਤਰੀ ਨਹੀਂ ਕਹਾਂਗਾ ਜਦੋਂ ਤਕ ਮੈਂ ਸਿੱਖਾਂ ਦਾ ਨਾਂ ਹਸਤੀ ਦੇ ਪੰਨਿਆਂ ਉਤੋਂ ਨਹੀਂ ਮਿਟਾ ਦਿੰਦਾ।"[35] ਉਸ ਨੇ ਸਿੱਖਾਂ ਦਾ ਖੁਰਾ ਖੋਜ ਮਿਟਾ ਦੇਣ ਲਈ ਇਕ ਆਮ ਐਲਾਨ ਜਾਰੀ ਕਰਵਾ ਦਿੱਤਾ। ਸਿੱਖਾਂ ਵਿਰੁੱਧ ਆਰੰਭਕ ਕਾਰਵਾਈ ਵਜੋਂ ਲਾਹੌਰ ਵਿਚ ਰਹਿ ਰਹੇ ਸਾਰੇ ਸਿੱਖਾਂ ਨੂੰ ਫੜ ਲਿਆ ਗਿਆ ਅਤੇ ਉਨ੍ਹਾਂ ਨੂੰ ਚੂੜ੍ਹਿਆਂ ਦੇ ਸਪੁਰਦ ਕਰ ਦਿੱਤਾ ਤਾਂ ਜੋ ਉਹ ਉਨ੍ਹਾਂ ਨੂੰ ਸੋਮਵਾਰ ਵਾਲੇ ਦਿਨ 10 ਮਾਰਚ, 1746 ਨੂੰ ਮੌਤ ਦੇ ਘਾਟ ਉਤਾਰ ਦੇਣ। ਹਿੰਦੂ ਆਗੂਆਂ ਦਾ ਇਕ ਪ੍ਰਤਿਨਿਧ ਮੰਡਲ, ਜਿਸ ਵਿਚ ਹੋਰਨਾਂ ਤੋਂ ਇਲਾਵਾ ਗੁਸਾਂਈ ਜਗਤ ਭਗਤ, ਜੋ

34. ਰਤਨ ਸਿੰਘ, ਪੰਨੇ 291-292; ਅਲੀ-ਉਦ-ਦੀਨ, ਪੰਨੇ 229-30; ਖ਼ੁਸ਼ਵਕਤ ਰਾਏ, ਪੰਨਾ 47; ਦੇਖੋ *ਚਹਾਰ ਗੁਲਸ਼ਨ-ਏ-ਪੰਜਾਬ*, ਪੰਨਾ 169.

35. ਖ਼ੁਸ਼ਵਕਤ ਰਾਏ, ਪੰਨਾ 47; ਅਲੀ-ਉਦ-ਦੀਨ, ਪੰਨੇ 229-231; ਰਤਨ ਸਿੰਘ, ਪੰਨੇ 291-293.

ਲਖਪਤ ਰਾਏ ਦੇ ਪਰਿਵਾਰ ਦਾ ਧਾਰਮਿਕ ਆਗੂ ਸੀ, ਦੀਵਾਨ ਕੌੜਾ ਮੱਲ, ਦੀਵਾਨ ਲੱਛੀ ਰਾਮ, ਦੀਵਾਨ ਸੂਰਤ ਸਿੰਘ, ਭਾਈ ਦੇਸ ਰਾਜ ਅਤੇ ਚੌਧਰੀ ਜਵਾਹਰ ਮਲ ਸ਼ਾਮਿਲ ਸਨ, ਲਖਪਤ ਰਾਏ ਨੂੰ ਮਿਲਿਆ ਤਾਂ ਜੋ ਉਸ ਨੂੰ ਬੇਕਸੂਰ ਲੋਕਾਂ ਦਾ ਖ਼ੂਨ ਡੋਲ੍ਹਣ ਤੋਂ ਖਾਸ ਕਰਕੇ ਸੋਮਵਤੀ ਅਮਾਵਸ ਦੇ ਪਵਿੱਤਰ ਦਿਹਾੜੇ ਤੇ, ਰੋਕਿਆ ਜਾਏ ਪਰ ਉਸ ਨੇ ਉਨ੍ਹਾਂ ਦੀ ਇਕ ਨਾ ਸੁਣੀ ਅਤੇ ਫੜੇ ਹੋਏ ਸਭ ਸਿੱਖ ਕਤਲ ਕਰ ਦਿੱਤੇ ਗਏ।

ਇਸ ਗੱਲ ਦਾ ਢੋਲ ਵਜਾ ਕੇ ਐਲਾਨ ਕੀਤਾ ਗਿਆ ਕਿ ਕੋਈ ਆਦਮੀ ਵੀ ਸਿੱਖਾਂ ਦੀ ਬਾਣੀ ਨਾ ਪੜ੍ਹੇ। ਜਿਹੜਾ ਆਦਮੀ ਗੁਰੂ ਦਾ ਨਾਂ ਲਵੇਗਾ ਉਸ ਨੂੰ ਫੜ ਲਿਆ ਜਾਵੇਗਾ ਅਤੇ ਉਸ ਦਾ ਢਿੱਡ ਪਾੜ ਦਿੱਤਾ ਜਾਵੇਗਾ। ਇਥੋਂ ਤਕ ਕਿ ਗੁੜ ਸ਼ਬਦ ਦੀ ਵਰਤੋਂ, ਜੋ ਆਵਾਜ਼ ਵਿਚ ਗੁਰੂ ਨਾਲ ਮਿਲਦਾ ਜੁਲਦਾ ਹੈ, ਉੱਤੇ ਪਾਬੰਦੀ ਲਾ ਦਿੱਤੀ ਗਈ ਅਤੇ ਉਸ ਦੀ ਥਾਂ ਰੋੜੀ ਸ਼ਬਦ ਦੀ ਵਰਤੋਂ ਦੀ ਆਗਿਆ ਦਿੱਤੀ ਗਈ। ਗ੍ਰੰਥ ਸ਼ਬਦ ਦੀ ਥਾਂ ਵੀ ਪੋਥੀ[36] ਸ਼ਬਦ ਵਰਤਣ ਲਈ ਆਦੇਸ਼ ਦਿੱਤਾ ਗਿਆ। ਗੁਰੂ ਗ੍ਰੰਥ ਸਾਹਿਬ ਦੀਆਂ ਬਹੁਤ ਸਾਰੀਆਂ ਬੀੜਾਂ ਇਕੱਠੀਆਂ ਕਰਕੇ ਦਰਿਆਵਾਂ ਜਾਂ ਖੂਹਾਂ ਵਿਚ ਸੁੱਟ ਦਿੱਤੀਆਂ ਗਈਆਂ। ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਗੁਰਦੁਆਰੇ ਦਾ ਸਰੋਵਰ ਮਿੱਟੀ ਨਾਲ ਪੂਰ ਦਿੱਤਾ ਗਿਆ।

## ਪਹਿਲਾ ਘੱਲੂਘਾਰਾ ਤੇ ਦੁਰਾਨੀ ਦਾ ਪਹਿਲਾ ਹਮਲਾ

ਇਕ ਭਾਰੀ ਫ਼ੌਜ, ਜਿਸ ਵਿਚ ਮੁਗ਼ਲ ਸੈਨਿਕ ਅਤੇ ਸਾਰੇ ਮੁਲਕ ਵਿਚੋਂ ਲਏ ਗਏ ਸਹਾਇਕ ਸ਼ਾਮਿਲ ਸਨ, ਯਹੀਆ ਖ਼ਾਂ ਅਤੇ ਲਖਪਤ ਰਾਏ ਦੀ ਨਿਜੀ ਕਮਾਨ ਥਲੇ ਸਿੱਖਾਂ ਵਿਰੁੱਧ ਚੜ੍ਹ ਪਈ। ਸਿੱਖਾਂ ਦੀ ਗਿਣਤੀ ਲਗਭਗ ਪੰਦਰਾਂ ਹਜ਼ਾਰ ਸੀ। ਉਨ੍ਹਾਂ ਨੇ ਕਾਹਨੂੰਵਾਨ ਦੇ ਸਰਕੰਡੇਦਾਰ ਛੰਭਾਂ ਵਿਚ ਜਾ ਪਨਾਹ ਲਈ ਸੀ ਜਿੱਥੇ ਭਾਰੀ ਵਰਦੀਆਂ ਅਤੇ ਤੋਪਾਂ ਵਾਲੇ ਮੁਗ਼ਲ ਫ਼ੌਜੀ ਨਹੀਂ ਸਨ ਪੁੱਜ ਸਕਦੇ ਪਰ ਸੈਨਾਂ ਦੀ ਹਰਕਤ ਲਈ ਜੰਗਲ ਕੱਟ ਕੇ ਰਸਤਾ ਬਣਾਇਆ ਗਿਆ ਅਤੇ ਤੋਪਾਂ ਦੀ ਮਦਦ ਨਾਲ ਸਿੱਖਾਂ ਨੂੰ ਕਾਹਨੂੰਵਾਨ ਵਿਚੋਂ ਕੱਢ ਕੇ ਰਾਵੀ ਵੱਲ ਨੂੰ ਧੱਕ ਦਿੱਤਾ ਗਿਆ ਜਿਸ ਨੂੰ ਪਾਰ ਕਰ ਕੇ ਉਹ ਪੜੋਲ ਅਤੇ ਕਠੂਆ ਵੱਲ ਨੂੰ ਚਲੇ ਗਏ। ਲਖਪਤ ਉਨ੍ਹਾਂ ਦੇ ਪਿੱਛੇ ਪਿੱਛੇ ਉਨ੍ਹਾਂ ਦੀਆਂ ਅੱਡੀਆਂ ਟੁਕਦਾ ਆ ਰਿਹਾ ਸੀ। ਉਨ੍ਹਾਂ ਪਾਸ ਇਕ ਚਾਰਾ ਜੋ ਬਾਕੀ ਸੀ ਉਹ ਬਸੋਲੀ ਦੀਆਂ ਪਹਾੜੀਆਂ ਵੱਲ ਨੂੰ ਚਲੇ ਜਾਣ ਦਾ ਸੀ ਜਿੱਥੇ ਉਨ੍ਹਾਂ ਦਾ ਭੁਲੇਖਾ ਛੇਤੀ ਹੀ ਦੂਰ ਹੋ ਗਿਆ ਕਿ ਲਾਹੌਰ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਹੁਕਮ ਪੁੱਜ ਚੁੱਕਾ ਸੀ ਕਿ ਉਥੇ ਸਿੱਖਾਂ ਨੂੰ ਕੋਈ ਟਿਕਾਣਾ ਨਾ ਦਿੱਤਾ ਜਾਏ। ਉਥੇ ਗੋਲੀਆਂ ਅਤੇ ਪੱਥਰਾਂ ਨਾਲ ਸਿੱਖਾਂ ਦਾ ਸੁਆਗਤ ਕੀਤਾ ਗਿਆ। ਸਥਿਤੀ ਬੜੀ ਖ਼ਤਰਨਾਕ ਸੀ। ਉਨ੍ਹਾਂ ਦੇ ਸਾਹਮਣੇ ਇਕ ਸਿੱਧਾ ਪਹਾੜ ਖੜੋਤਾ ਸੀ ਅਤੇ ਵੈਰੀ ਵਜੋਂ ਉਨ੍ਹਾਂ ਉੱਤੇ ਮੌਤ ਵਰ੍ਹ ਰਹੀ ਸੀ। ਉਨ੍ਹਾਂ ਦੇ ਸੱਜੇ ਪਾਸੇ ਹੜ੍ਹ ਆਇਆ ਦਰਿਆ ਸੀ ਤੇ ਪਿੱਛੇ ਵੈਰੀ ਬੜੀ ਤੇਜ਼ੀ ਨਾਲ ਚੜ੍ਹੇ ਆ ਰਹੇ ਸਨ। ਸਿੰਘਾਂ ਪਾਸ ਨਾ ਖ਼ੁਰਾਕ ਸੀ, ਨਾ ਅਸਲ੍ਹਾ ਅਤੇ ਉਨ੍ਹਾਂ ਦੇ ਘੋੜੇ ਵੀ ਕਮਜ਼ੋਰ ਹੋਣ ਕਰਕੇ ਪਹਾੜਾਂ ਦੀਆਂ ਤ੍ਰੇੜਾਂ ਅਤੇ ਖੱਡਾਂ ਵਿਚ ਉੱਖੜ ਉੱਖੜ ਡਿਗਦੇ ਸਨ।

ਹੁਣ ਉਨ੍ਹਾਂ ਨੇ ਪਿੱਛੇ ਮੁੜਨ ਅਤੇ ਮਾਝੇ ਵੱਲ ਚਲੇ ਜਾਣ ਦਾ ਫੈਸਲਾ ਕੀਤਾ ਪਰ ਰਾਵੀ ਵਿਚ ਹੜ੍ਹ ਆਇਆ ਹੋਇਆ ਸੀ ਅਤੇ ਉਸ ਵਿਚੋਂ ਦੀ ਲੰਘਿਆ ਨਹੀਂ ਸੀ ਜਾ ਸਕਦਾ। ਗੁਰਦਿਆਲ ਸਿੰਘ ਡੱਲੇਵਾਲ ਦੇ ਦੋ ਭਰਾ ਇਹ ਜਾਣਨ ਲਈ ਦਰਿਆ ਵਿਚ ਕੁਦ ਪਏ ਕਿ ਇਸ ਨੂੰ ਕਿਥੋਂ ਪਾਰ ਕੀਤਾ ਜਾ ਸਕਦਾ ਹੈ ਪਰ ਉਹ ਮੁੜ ਕੇ ਹੀ ਨਾ ਆ ਸਕੇ। ਇਸ ਅਤਿ ਔਖਿਆਈ ਦੀ ਹਾਲਤ ਵਿਚੋਂ ਜਦੋਂ ਕੋਈ ਬਚਣ ਦਾ ਰਾਹ ਨਾ ਦਿਸਿਆ ਤਾਂ ਆਗੂਆਂ ਨੇ ਫੈਸਲਾ ਕੀਤਾ ਕਿ ਜਿਹੜੇ ਪੈਦਲ ਹਨ ਉਹ ਤਾਂ ਪਹਾੜਾਂ ਉਪਰ ਚੜ੍ਹਨ ਵਾਲਿਆਂ ਨਾਲ ਆਪਣੀ ਕਿਸਮਤ ਅਜ਼ਮਾਈ ਕਰਨ ਅਤੇ ਜਿਨ੍ਹਾਂ ਪਾਸ ਘੋੜੇ

36. ਰਤਨ ਸਿੰਘ, ਪੰਨੇ 293-94; *ਪੰਥ ਪ੍ਰਕਾਸ਼*, ਪੰਨਾ 519.

ਸਨ ਉਹ ਦੁਸ਼ਮਣਾਂ ਵਿਚੋਂ ਦੀ ਆਪਣਾ ਰਾਹ ਬਣਾ ਕੇ ਅਗਾਂਹ ਨਿਕਲ ਜਾਣ। ਜਿਹੜੇ ਪਹਾੜਾਂ ਵੱਲ ਚਲੇ ਗਏ ਸਨ ਉਨ੍ਹਾਂ ਨੇ ਮੰਡੀ ਅਤੇ ਕੁਲੂ ਦੇ ਵੱਖ ਵੱਖ ਭਾਗਾਂ ਵਿਚ ਲਗਪਗ ਛੇ ਮਹੀਨੇ ਲੰਘਾਏ। ਉਥੇ ਉਨ੍ਹਾਂ ਨੂੰ ਬੜੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਅਤੇ ਫਿਰ ਉਹ ਖਾਲਸੇ ਨਾਲ ਕੀਰਤਪੁਰ ਦੇ ਸਥਾਨ ਤੇ ਆ ਮਿਲੇ। ਸਿੱਖਾਂ ਦਾ ਮੁੱਖ ਜਥਾ ਜੋ ਸੁਖਾ ਸਿੰਘ ਦੀ ਅਗਵਾਈ ਵਿਚ ਸੀ, ਪਿੱਛਾ ਕਰ ਰਹੀ ਵੈਰੀ ਸੈਨਾ ਉੱਤੇ ਟੁੱਟ ਕੇ ਪੈ ਗਿਆ ਪਰ ਉਨ੍ਹਾਂ (ਸਿੱਖਾਂ) ਨੂੰ ਘੇਰਾ ਪਾ ਲਿਆ ਗਿਆ ਅਤੇ ਸੈਂਕੜਿਆਂ ਦੀ ਗਿਣਤੀ ਵਿਚ ਉਹ ਕੱਟ ਮਰੇ। ਉਨ੍ਹਾਂ ਵਿਚੋਂ ਕੁਝ ਕੈਦੀ ਬਣਾ ਲਏ ਗਏ। ਲਖਪਤ ਰਾਏ ਉੱਤੇ ਹਮਲਾ ਕਰਨ ਦੇ ਯਤਨ ਵਿਚ ਸੁੱਖਾ ਸਿੰਘ ਦੀ ਲੱਤ ਜ਼ਖਮੀ ਹੋ ਗਈ। ਬਾਕੀ ਸਿੱਖਾਂ ਦਾ ਜੰਗਲ ਵਿਚ ਪਿੱਛਾ ਕੀਤਾ ਗਿਆ ਜਿੱਥੇ ਉਨ੍ਹਾਂ ਉੱਤੇ ਫਿਰ ਹਮਲਾ ਕੀਤਾ ਗਿਆ। ਇਹ ਹਮਲਾ ਫ਼ੌਜ ਵੱਲੋਂ ਹੀ ਨਹੀਂ ਸੀ ਹੋਇਆ ਸਗੋਂ ਉਨ੍ਹਾਂ ਲੋਕਾਂ ਵੱਲੋਂ ਵੀ ਹੋਇਆ ਸੀ ਜੋ ਇਸ ਮਨੋਰਥ ਲਈ ਇਰਦ-ਗਿਰਦ ਦੇ ਪਿੰਡਾਂ ਤੋਂ ਇਕੱਠੇ ਕੀਤੇ ਹੋਏ ਸਨ। ਇਨ੍ਹਾਂ ਵੇਲੇ ਦੇ ਵੇਲੇ ਤਿਆਰ ਕੀਤੇ ਸਿਪਾਹੀਆਂ ਨੂੰ ਸਿੱਖਾਂ ਨੇ ਆਪਣਾ ਸੌਖਾ ਸ਼ਿਕਾਰ ਬਣਾਇਆ ਅਤੇ ਉਨ੍ਹਾਂ ਵਿਚ ਬਹੁਤਿਆਂ ਤੋਂ ਘੋੜੇ ਅਤੇ ਹਥਿਆਰ ਖੋਹ ਲਏ। ਇਹ ਘਟਨਾ ਪਹਿਲੀ ਜੂਨ, 1746 ਨੂੰ ਵਾਪਰੀ।

ਇਨ੍ਹਾਂ ਸਿੱਖਾਂ ਨੂੰ, ਜਿਨ੍ਹਾਂ ਦੀ ਗਿਣਤੀ ਲਗਪਗ ਦੋ ਹਜ਼ਾਰ ਸੀ, ਹੁਣ ਕੁਝ ਸੁੱਖ ਦਾ ਸਾਹ ਮਿਲਿਆ ਤਾਂ ਜੋ ਦਰਿਆ ਰਾਵੀ ਪਾਰ ਕਰ ਕੇ ਗੁਰਦਾਸਪੁਰ ਦੇ ਰਿਆੜਕੀ ਦੇ ਇਲਾਕੇ ਵਿਚ ਜਾ ਸਕਣ। ਜਦੋਂ ਉਹ ਦਰਿਆ ਦੇ ਪੂਰਬੀ ਕੰਢੇ ਤੇ ਆਏ ਤਾਂ ਤਪ ਰਹੀ ਰੇਤ ਦੀ ਗਰਮੀ ਨੇ ਉਨ੍ਹਾਂ ਦੀ ਭੁੱਖ ਅਤੇ ਜ਼ਖਮਾਂ ਦੀ ਤਕਲੀਫ਼ ਵਿਚ ਹੋਰ ਵਾਧਾ ਕਰ ਦਿੱਤਾ ਉਨ੍ਹਾਂ ਨੇ ਆਪਣੇ ਕਪੜਿਆਂ ਨਾਲੋਂ, ਜੋ ਪਹਿਲਾਂ ਹੀ ਬਹੁਤ ਥੋੜ੍ਹੇ ਸਨ, ਲੀਰਾਂ ਪਾੜ ਕੇ ਆਪਣੇ ਨੰਗੇ ਪੈਰਾਂ ਉੱਤੇ ਬੰਨੀਆਂ। ਇਸ ਤਰ੍ਹਾਂ ਉਹ ਮੀਲਾਂ ਤਕ ਲੰਮਾ ਰੇਤ ਦਾ ਪੰਧ ਤੈ ਕਰਕੇ ਬਿਆਸ ਵੱਲ ਨੂੰ ਤੁਰਦੇ ਗਏ ਜਿਸ ਨੂੰ ਸ੍ਰੀ ਹਰਗੋਬਿੰਦਪੁਰ ਦੇ ਅਸਥਾਨ ਤੇ ਪਾਰ ਕੀਤਾ। ਆਪਣੀਆਂ ਚੌੜੀਆਂ ਢਾਲਾਂ ਨੂੰ ਰੋਟੀਆਂ ਪਕਾਉਣ ਲਈ ਵਰਤਿਆ ਗਿਆ ਜਿਨ੍ਹਾਂ ਨੂੰ ਉਨ੍ਹਾਂ ਨੇ ਅੱਗ ਦੀ ਥਾਂ ਗਰਮ ਰੇਤ ਵਿਚ ਹੀ ਦੱਬ ਲਿਆ ਸੀ। ਉਹ ਯਹੀਆਪੁਰ ਦੇ ਲਾਗੇ ਬੈਠੇ ਹੀ ਸਨ ਕਿ ਸਥਾਨਕ ਪਠਾਣਾਂ ਦੀ ਇਕ ਟੋਲੀ ਉਨ੍ਹਾਂ ਤੇ ਟੁੱਟ ਕੇ ਪੈ ਗਈ। ਉਨ੍ਹਾਂ ਨੇ ਇਨ੍ਹਾਂ ਪਠਾਣਾਂ ਨਾਲ ਚੰਗੀ ਤਰ੍ਹਾਂ ਨਜਿੱਠ ਲੈਣਾ ਸੀ ਅਤੇ ਉਨ੍ਹਾਂ ਦਾ ਰਾਸ਼ਨ ਵੀ ਖੋਹ ਕੇ ਖਾ ਲੈਣਾ ਸੀ ਪਰ ਉਸੇ ਵੇਲੇ ਸਿੱਖਾਂ ਨੇ ਸੁਣਿਆ ਕਿ ਲਖਪਤ ਰਾਏ ਨੇ ਦਰਿਆ ਪਾਰ ਕਰ ਲਿਆ ਹੈ ਅਤੇ ਛੇਤੀ ਹੀ ਉਨ੍ਹਾਂ ਉਪਰ ਆ ਪਏਗਾ। ਇਸ ਲਈ ਸਿੱਖਾਂ ਨੇ ਆਪਣਾ ਖਾਣਾ ਪਕਾਉਣਾ ਛੱਡ ਦਿੱਤਾ ਅਤੇ ਸਿੱਧੇ ਸਤਲੁਜ ਵੱਲ ਨੂੰ ਹੋ ਤੁਰੇ। ਉਨ੍ਹਾਂ ਨੇ ਅਲੀਵਾਲ ਦੇ ਸਥਾਨ ਤੋਂ ਦਰਿਆ ਪਾਰ ਕੀਤਾ ਅਤੇ ਮਾਲਵੇ ਵਿਚ ਦਾਖ਼ਲ ਹੋ ਗਏ। ਲਖਪਤ ਰਾਏ ਕਾਫ਼ੀ ਲੜਾਈ ਕਰ ਚੁੱਕਾ ਸੀ, ਇਸ ਲਈ ਉਹ ਲਾਹੌਰ ਨੂੰ ਵਾਪਿਸ ਚਲਾ ਗਿਆ।

ਇਸ ਮੁਹਿੰਮ ਵਿਚ ਉਸ ਨੇ ਲਗਪਗ 7,000 ਆਦਮੀ ਮਾਰ ਦਿੱਤੇ ਸਨ ਅਤੇ 3,000 ਆਦਮੀਆਂ ਨੂੰ ਕੈਦੀ ਬਣਾ ਕੇ ਲਾਹੌਰ ਲੈ ਗਿਆ ਸੀ। ਇਨ੍ਹਾਂ ਦੀ ਬਹੁਤ ਨਿਰਾਦਰੀ ਕਰਕੇ ਅਤੇ ਤਸੀਹੇ ਦੇ ਕੇ ਨਖਾਸ ਵਿਚ ਲਿਜਾਕੇ ਕਤਲ ਕਰ ਦਿੱਤਾ। ਉਨ੍ਹਾਂ ਦੇ ਸਿਰਾਂ ਦੇ ਮੀਨਾਰਾਂ ਦੀ ਸ਼ਕਲ ਵਿਚ ਢੇਰ ਲਾਏ ਗਏ ਅਤੇ ਉਨ੍ਹਾਂ ਦੇ ਕੱਟੇ ਵੱਢੇ ਸਰੀਰਾਂ ਨੂੰ ਇਕ ਮਸੀਤ ਦੀਆਂ ਦੀਵਾਰਾਂ ਦੇ ਵਿਚ ਦੱਬ ਦਿੱਤਾ ਗਿਆ। ਇਹ ਪਹਿਲਾ ਮੌਕਾ ਸੀ ਜਦੋਂ ਸਿੱਖਾਂ ਨੇ ਇਕ ਮੁਹਿੰਮ ਸਮੇਂ ਇਤਨਾ ਭਾਰੀ ਨੁਕਸਾਨ ਉਠਾਇਆ ਸੀ। ਇਸ ਲਈ ਇਸ ਨੂੰ ਪਹਿਲਾ ਘੱਲੂਘਾਰਾ[37] ਕਿਹਾ ਗਿਆ ਹੈ। ਇਹ ਦੂਸਰੇ

37. ਰਤਨ ਸਿੰਘ, ਪੰਨੇ 296-308; ਅਲੀ-ਉਦ-ਦੀਨ, ਪੰਨੇ 229-231; ਵੇਖੋ ਕਨ੍ਹਈਆ ਲਾਲ, *ਪੰਜਾਬ*, ਪੰਨਾ 69. ਜਦੋਂ ਸ਼ਹੀਦਗੰਜ ਮਸੀਤ ਅਤੇ ਨਾਲ ਲਗਦੀਆਂ ਇਮਾਰਤਾਂ ਜੁਲਾਈ 1935 ਨੂੰ ਢਾਹ ਦਿੱਤੀਆਂ ਗਈਆਂ ਤਾਂ ਸ਼ਹੀਦ ਕੀਤੇ ਸਿੱਖਾਂ ਦੀਆਂ ਕੁਝ ਹੱਡੀਆਂ ਨੀਹਾਂ ਵਿਚੋਂ ਕੱਢੀਆਂ ਗਈਆਂ। ਉਹ ਖਲੇ ਤਹਿਆਂ ਵਿਚ ਪਈਆਂ ਹੋਈਆਂ ਸਨ ਅਤੇ ਕਿਤੇ ਕਿਤੇ ਤਾਂ ਸਿਰ ਤੋਂ ਬਿਨਾਂ ਪੂਰੇ ਪਿੰਜਰ ਮਿਲੇ ਸਨ।

ਘੱਲੂਘਾਰੇ ਨਾਲੋਂ ਵੱਖਰਾ ਸੀ ਜੋ ਇਸ ਨਾਲੋਂ ਵਡੇਰਾ ਅਤੇ 1762 ਵਿਚ ਹੋਇਆ ਸੀ।

ਲਖਪਤ ਰਾਏ ਨੇ ਭਾਵੇਂ ਆਪਣਾ ਪੂਰਾ ਬਦਲਾ ਲੈ ਲਿਆ ਸੀ ਪਰ ਆਪਣੀ ਜਿੱਤ ਨੂੰ ਲੰਮੇ ਸਮੇਂ ਲਈ ਮਾਣਨਾ ਉਸ ਦੀ ਕਿਸਮਤ ਵਿਚ ਨਹੀਂ ਸੀ। ਮਾਰਚ 1747 ਵਿਚ ਉਸ ਦੇ ਗਵਰਨਰ ਦੇ ਨਾਲ ਹੀ ਉਸ ਦੀ ਸ਼ਕਤੀ ਦਾ ਵੀ ਅੰਤ ਹੋ ਗਿਆ ਜਦ ਕਿ ਲਗਪਗ ਪੰਜ ਮਹੀਨੇ ਦੀ ਖਾਨਾਜੰਗੀ ਤੋਂ ਬਾਅਦ ਮੁਲਤਾਨ ਦੇ ਗਵਰਨਰ ਸ਼ਾਹ ਨਿਵਾਜ਼ ਖ਼ਾਂ ਨੇ ਆਪਣੇ ਛੋਟੇ ਭਰਾ ਯਹੀਆ ਖ਼ਾਂ ਨੂੰ ਉਸ ਦੇ ਅਹੁਦੇ ਤੋਂ ਹਟਾ ਦਿੱਤਾ ਸੀ। ਸ਼ਾਹ ਨਿਵਾਜ਼ ਨੇ ਆਪਣੇ ਭਰਾ ਨੂੰ ਨਜ਼ਰਬੰਦ ਕਰ ਲਿਆ ਅਤੇ ਲਖਪਤ ਰਾਏ ਨੂੰ ਜੇਲ੍ਹ ਵਿਚ ਪਾ ਦਿੱਤਾ। ਉਸ ਨੇ ਦੀਵਾਨ ਕੌੜਾ ਮਲ ਨੂੰ, ਜੋ ਇਕ ਸਹਿਜਧਾਰੀ ਸਿੱਖ ਸੀ, ਆਪਣਾ ਮੰਤਰੀ ਬਣਾ ਲਿਆ। ਅਤਿਆਚਾਰਾਂ ਦੀ ਨੀਤੀ ਜਾਰੀ ਰਹੀ ਪਰ ਬਦਲੀਆਂ ਹੋਈਆਂ ਪਰਸਥਿਤੀਆਂ ਵਿਚ ਉਨ੍ਹਾਂ ਸ਼ਖਤੀਆਂ ਦਾ ਜੋਸ਼ ਘਟ ਗਿਆ। ਯਹੀਆਂ ਖ਼ਾਂ ਦੇ ਸੌਹਰੇ ਵਜ਼ੀਰ ਕੰਵਰ-ਉਦ-ਦੀਨ ਦੀ ਸਲਾਹ ਤੇ ਦਿੱਲੀ ਦੀ ਸਰਕਾਰ ਸ਼ਾਹ ਨਿਵਾਜ ਨੂੰ ਯਹੀਆ ਖ਼ਾਂ ਤੋਂ ਜ਼ੋਰ ਨਾਲ ਅਹੁਦਾ ਖੋਹ ਲੈਣ ਵਾਲਾ ਸਮਝਦੀ ਸੀ ਇਸ ਲਈ ਉਸ ਨੂੰ ਲਾਹੌਰ ਦੀ ਗਵਰਨਰੀ ਦੀ ਸਨਦ ਦੇਣ ਨੂੰ ਤਿਆਰ ਨਹੀਂ ਸੀ। ਸ਼ਾਹ ਨਿਵਾਜ ਨੇ ਡਰਕੇ ਕਾਬਲ ਦੇ ਬਾਦਸ਼ਾਹ ਅਹਿਮਦ ਸ਼ਾਹ ਤੋਂ ਮਦਦ ਮੰਗੀ ਅਤੇ ਉਸ ਨੂੰ ਭਾਰਤ ਉੱਤੇ ਹਮਲਾ ਕਰਨ ਲਈ ਸੱਦਾ ਦਿੱਤਾ।[38] ਸਥਿਤੀ ਵਿਚ ਨਵੇਂ ਪਲਟੇ ਤੋਂ ਡਰ ਕੇ ਦਿੱਲੀ ਦੇ ਵਜ਼ੀਰ ਨੇ ਸ਼ਾਹ ਨਿਵਾਜ਼ ਨੂੰ ਉਸ ਦੇ ਅਹੁਦੇ ਦੀ ਪ੍ਰਵਾਨਗੀ ਕੁਝ ਪਛੜ ਕੇ ਭੇਜੀ। ਸ਼ਾਹ ਨਿਵਾਜ਼ ਨੇ ਆਪਣਾ ਪੱਖ ਫਿਰ ਬਦਲ ਲਿਆ ਅਤੇ ਉਹ ਆਪਣੀ ਨਵੀਂ ਨੀਤੀ ਨਾਲੋਂ ਵੱਖ ਹੋ ਗਿਆ। ਉਸਨੇ ਦੁੱਰਾਨੀ ਦੇ ਦੂਤ ਨੂੰ ਬੜੀਆਂ ਸਖਤ ਝਿੜਕਾਂ ਦੇ ਕੇ ਵਾਪਸ ਭੇਜ ਦਿੱਤਾ ਅਤੇ ਇਕ ਹੋਰ ਦੇ ਮੂੰਹ ਵਿਚ ਪਿਘਲਿਆ ਹੋਇਆ ਪਾਰਾ ਪਾ ਦਿੱਤਾ ਪਰ ਆਪਣੀ ਨੀਤੀ ਬਦਲਣ ਵਿਚ ਉਹ ਬਹੁਤ ਪਛੜ ਗਿਆ ਸੀ। ਦੁਰਾਨੀ ਹਾਕਮ ਧੁਸ ਦਿੰਦਾ ਹੋਇਆ ਵਧਦਾ ਆਇਆ ਅਤੇ 12 ਜਨਵਰੀ, 1748 ਨੂੰ ਲਾਹੌਰ ਪੁੱਜ ਗਿਆ। ਸ਼ਾਹ ਨਿਵਾਜ਼ ਦਿੱਲੀ ਨੂੰ ਭੱਜ ਗਿਆ। ਅਹਿਮਦ ਸ਼ਾਹ ਦੁੱਰਾਨੀ ਨੇ ਕਸੂਰ ਦੇ ਅਫ਼ਗਾਨ ਹਾਕਮ ਜਲ੍ਹੇ ਖ਼ਾਂ ਨੂੰ ਗਵਰਨਰ ਨਿਯੁਕਤ ਕਰ ਦਿੱਤਾ ਅਤੇ ਮੋਮਨ ਖ਼ਾਂ ਨੂੰ ਉਸ ਦਾ ਨਾਇਬ ਤੇ ਲਖਪਤ ਰਾਏ ਨੂੰ ਦੀਵਾਨ ਬਣਾ ਦਿੱਤਾ।[39] ਇਹ ਪ੍ਰਬੰਧ ਬੜੀ ਥੋੜ੍ਹੀ ਦੇਰ ਤਕ ਚਲਿਆ ਕਿਉਂਕਿ ਦੁੱਰਾਨੀ ਹਾਕਮ ਨੂੰ ਮੁਗ਼ਲਾਂ ਨੇ 1749 ਵਿਚ ਮਾਰਚ ਮਹੀਨੇ ਦੇ ਵਿਚਕਾਰ ਸਰਹਿੰਦ ਦੇ ਲਾਗੇ ਮਾਨੂਪੁਰ ਦੀ ਲੜਾਈ ਵਿਚ ਹਾਰ ਦਿੱਤੀ ਅਤੇ ਲਾਹੌਰ ਤੇ ਮੁਲਤਾਨ ਦੀ ਗਵਰਨਰੀ ਦਿੱਲੀ ਦੇ ਵਜ਼ੀਰ ਦੇ ਪੁੱਤਰ ਮੀਰ ਮੰਨੂੰ ਦੇ ਹੱਥਾਂ ਵਿਚ ਆ ਗਈ।

## 3. **ਕਸ਼ਟਾਂ ਵਿਚੋਂ ਸੱਤਾ ਉਤਪੰਨ ਹੋਈ** (1748-1758 ਈ.)

### ਸਿੱਖ ਬਾਹਰ ਨਿਕਲ ਆਏ

ਦਿੱਲੀ ਅਤੇ ਲਾਹੌਰ ਵਿਚ ਵਾਪਰੀ ਹੋਈ ਗੜਬੜ ਦਾ ਸਿੱਖਾਂ ਨੇ ਪੂਰਾ ਲਾਭ ਉਠਾਇਆ। ਦਿੱਲੀ ਦੀ ਸਰਕਾਰ ਬੁਰੀ ਤਰ੍ਹਾਂ ਕਮਜ਼ੋਰ ਹੋ ਚੁੱਕੀ ਸੀ। ਦਿੱਲੀ ਦਰਬਾਰ ਦਾ ਅਨੁਸ਼ਾਸਨ ਮੁੱਖੀ ਸਰਦਾਰਾਂ ਦੀਆਂ ਆਪਸੀ ਈਰਖਾਵਾਂ ਅਤੇ ਮਤ-ਭੇਦਾਂ ਕਾਰਣ ਪੂਰੀ ਤਰ੍ਹਾਂ ਭੰਗ ਹੋ ਚੁੱਕਾ ਸੀ। ਉਹ ਸਰਦਾਰ ਰਾਜ ਦੇ ਲਗਾਤਾਰ ਕਮਜ਼ੋਰ ਹੋ ਰਹੇ ਢਾਂਚੇ ਨੂੰ ਨਰੋਆ ਕਰਨ ਨਾਲੋਂ ਆਪਣੇ ਵਿਰੋਧੀਆਂ ਦੀ

---

38. *ਤਹਿਮਾਸਨਾਮਾ*, ਪੰਨੇ 63-64; *ਸੀਅਰ-ਉਲ-ਮੁਤਾਖਰੀਨ*, ਪੰਨਾ 861, ਖੁਸ਼ਵਕਤ ਰਾਏ, ਪੰਨਾ 48 ਬੀ; ਅਲੀ-ਉਦ-ਦੀਨ, ਪੰਨਾ 233; Cunningham, p. 100.
39. ਅਨੰਦ ਰਾਮ, ਪੰਨਾ 261; ਸੋਹਨ ਲਾਲ, ਜਿਲਦ ਪਹਿਲੀ, ਪੰਨਾ 123, ਕਨੱਈਆ ਲਾਲ, ਲਤੀਫ਼ ਤੇ ਗੋਕਲ ਚੰਦ ਨਾਰੰਗ ਵਰਗੇ ਹੋਰ ਲਿਖਾਰੀ ਜੋ ਕਨੱਈਆ ਲਾਲ ਨਾਲ ਸਹਿਮਤ ਹਨ ਲਿਖਦੇ ਹਨ ਕਿ ਗਵਰਨਰੀ ਲਖਪਤ ਰਾਏ ਨੂੰ ਅਤੇ ਦੀਵਾਨੀ ਮੋਮਨ ਖ਼ਾਂ ਨੂੰ ਦਿੱਤੀ ਗਈ ਪਰ ਅਨੰਦ ਰਾਮ, ਜੋ ਸਮਕਾਲੀ ਸੀ, ਨਿਸਚੇ ਹੀ ਵਧੇਰੇ ਭਰੋਸੇਯੋਗ ਹੈ।

ਸ਼ਕਤੀ ਨੂੰ ਘਟਾਉਣ ਦੀ ਵਧੇਰੇ ਚਿੰਤਾ ਕਰਦੇ ਸਨ। ਕੇਂਦਰੀ ਸ਼ਕਤੀ ਦੇ ਨਾਕਾਰਾ ਹੋ ਜਾਣ ਨਾਲ ਕਈ ਇਲਾਕੇ ਹੱਥੋਂ ਜਾਂਦੇ ਰਹੇ ਅਤੇ ਉੱਤਰ-ਪੱਛਮ ਵੱਲੋਂ ਹਮਲੇ ਸ਼ੁਰੂ ਹੋ ਗਏ। ਨਾਦਰ ਸ਼ਾਹ ਨੇ ਇਸ ਕਮਜ਼ੋਰੀ ਉਤੋਂ ਪਰਦਾ ਚੁੱਕ ਦਿੱਤਾ ਅਤੇ ਅਹਿਮਦ ਸ਼ਾਹ ਦੁੱਰਾਨੀ ਨੇ ਭਾਵੇਂ ਹਾਰ ਖਾਧੀ ਸੀ ਪਰ ਉਸ ਨੇ ਪੰਜਾਬ ਦੇ ਪ੍ਰਬੰਧਕੀ ਢਾਂਚੇ ਨੂੰ ਖੇਰੂੰ-ਖੇਰੂੰ ਕਰ ਦਿੱਤਾ, ਜਿਹੜਾ ਜ਼ਕਰੀਆ ਖ਼ਾਂ ਦੇ ਪੁੱਤਰਾਂ ਦੇ ਆਪਸੀ ਝਗੜਿਆਂ ਕਰ ਕੇ ਪਹਿਲਾਂ ਹੀ ਹਿਲ ਚੁੱਕਾ ਸੀ।

ਇਸ ਨਾਲ ਸਿੱਖਾਂ ਨੂੰ ਆਪਣੇ ਛੁਪਣ ਵਾਲੇ ਅੱਡਿਆਂ ਤੋਂ ਬਾਹਰ ਨਿਕਲਣ ਦਾ ਮੌਕਾ ਮਿਲ ਗਿਆ। ਦੁੱਰਾਨੀ ਦੇ ਭੱਜੇ ਜਾ ਰਹੇ ਸਾਥੀਆਂ ਉੱਤੇ ਚੜ੍ਹਤ ਸਿੰਘ ਸੁਕਰਚੱਕੀਆ ਦੀ ਅਗਵਾਈ ਵਿਚ ਸਿੱਖਾਂ ਦੇ ਇਕ ਜੱਥੇ ਨੇ ਕਈ ਅਚਾਨਕ ਹਮਲੇ ਕੀਤੇ ਅਤੇ ਦਰਿਆ ਸਿੰਧ ਤਕ ਉਨ੍ਹਾਂ ਦਾ ਪਿੱਛਾ ਕਰਕੇ ਉਨ੍ਹਾਂ ਦੇ ਘੋੜੇ ਅਤੇ ਹੋਰ ਮਾਲ ਖੋਹ ਕੇ ਲੈ ਆਏ।[40] ਇਕ ਹੋਰ ਜੱਥਾ, ਜਿਹੜਾ ਪਹਾੜਾਂ ਵਿਚ ਘੁੰਮਦਾ ਰਿਹਾ ਸੀ, ਹੋਲਾ ਮਹੱਲਾ ਮਨਾਉਣ ਲਈ ਆਨੰਦਪੁਰ ਸਾਹਿਬ ਆਇਆ। ਸਮਾਗਮ ਤੋਂ ਬਾਅਦ, ਜੋ 5 ਮਾਰਚ, 1748 ਨੂੰ ਹੋਇਆ ਸੀ, ਸਾਰਾ ਜੱਥਾ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਅੰਮ੍ਰਿਤਸਰ ਵੱਲ ਨੂੰ ਆਇਆ। ਜਲੰਧਰ ਦੇ ਫ਼ੌਜਦਾਰ ਅਦੀਨਾ ਬੇਗ ਦੇ ਕਮਜ਼ੋਰ[41] ਵਿਰੋਧ ਨੂੰ, ਜੋ ਉਸ ਨੇ ਹੁਸ਼ਿਆਰਪੁਰ ਦੇ ਲਾਗੇ ਕੀਤਾ ਸੀ, ਛੰਡਦੇ ਹੋਏ ਉਹ ਅੰਮ੍ਰਿਤਸਰ ਵੱਲ ਨੂੰ ਵਧਦੇ ਗਏ। ਉਥੇ ਉਨ੍ਹਾਂ ਦੀ ਟੱਕਰ ਸ਼ਹਿਰ ਦੇ ਇਨਚਾਰਜ ਸਲਾਬਤ ਖ਼ਾਂ ਨਾਲ ਹੋਈ ਜੋ ਆਪਣੀ ਫ਼ੌਜ ਲੈ ਕੇ ਉਨ੍ਹਾਂ ਦੇ ਸ਼ਹਿਰ ਵਿਚ ਦਾਖ਼ਲੇ ਨੂੰ ਰੋਕਣ ਲਈ ਤਿਆਰ ਖੜੋਤਾ ਸੀ। ਉਹ ਉਸ ਉੱਤੇ ਟੁੱਟ ਪਏ ਅਤੇ ਉਸ ਨੂੰ ਲੜਾਈ ਵਿਚ ਮਾਰ ਕੇ ਉਨ੍ਹਾਂ ਨੇ ਸ਼ਹਿਰ ਅਤੇ ਜ਼ਿਲ੍ਹੇ ਦੇ ਵਡੇਰੇ ਭਾਗ ਉੱਤੇ ਕਬਜ਼ਾ ਕਰ ਲਿਆ।[42]

### ਖਾਲਸੇ ਨੇ ਆਪਣੇ ਰਾਜ ਦਾ ਐਲਾਨ ਕਰ ਦਿੱਤਾ

ਇਹ ਮੌਕਾ ਸਿੱਖ ਇਤਿਹਾਸ ਵਿਚ ਬੜਾ ਮਹੱਤਵ ਪੂਰਣ ਸਿੱਧ ਹੋਇਆ। ਇਸ ਦੇ ਮਹੱਤਵਪੂਰਣ ਹੋਣ ਦਾ ਕਾਰਣ ਇਹ ਨਹੀਂ ਕਿ ਇਹ ਸਿੱਖਾਂ ਦੀ ਜਿੱਤ ਦਾ ਮੌਕਾ ਸੀ ਸਗੋਂ ਇਸ ਲਈ ਕਿ ਇਸ ਨਾਲ ਇਕ ਨਵੇਂ ਯੁੱਗ ਦਾ ਆਰੰਭ ਹੋਇਆ ਜਿਸ ਵਿਚ ਸਿੱਖਾਂ ਨੇ ਆਪਣੇ ਬਿਖਰੇ ਹੋਏ ਜਥਿਆਂ ਨੂੰ ਇਕ ਸਮਰੂਪ ਵਿਚ ਪਰੋ ਲਿਆ ਅਤੇ ਆਪਣੀ ਸਥਾਨਕ ਰਿਹਾਇਸ਼ ਲਈ ਇਕ ਕਿਲ੍ਹਾ ਵੀ ਬਣਾ ਲਿਆ। ਪੰਥ ਦੇ ਵਿਚਾਰ ਨੇ ਇਕ ਨਵੀਂ ਸ਼ਕਲ ਧਾਰਨ ਕੀਤੀ ਅਤੇ ਇਸ ਦੇ ਦੁਆਲੇ ਇਕ ਪਰੰਪਰਾ ਜੁੜ ਗਈ ਜਿਸ ਅਨੁਸਾਰ ਇਕ ਸਾਂਝੇ ਆਗੂ ਦੀ ਆਗਿਆਕਾਰੀ ਅਤੇ ਜੱਥਿਆਂ ਦੇ ਵਾਹਦ ਵਿਅਕਤੀਆਂ ਦੀ ਸਮੁੱਚੇ ਪੰਥ ਵੱਲ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਹੋਈ। ਜਿਸ ਜੱਥੇਬੰਦੀ ਨੇ ਇਸ ਵੇਲੇ ਤਕ ਛੋਟੇ ਪੈਮਾਨੇ ਤੇ ਹੀ ਕੰਮ ਕੀਤਾ ਸੀ ਅਤੇ ਜੋ ਦੁਸ਼ਮਣ ਦੀਆਂ ਲਗਾਤਾਰ ਚੋਟਾਂ ਥੱਲੇ ਖੇਰੂੰ-ਖੇਰੂੰ ਹੋਈ ਪਈ ਸੀ, ਹੁਣ ਉਸ ਨੇ ਵਡੇਰਾ ਸਰੂਪ ਧਾਰਨ ਕਰ ਲਿਆ। ਜਦ ਕਿ ਪਹਿਲੇ ਸਿੱਖਾਂ ਪਾਸ ਕੇਵਲ ਥੋੜ੍ਹੇ ਜਿਹੇ ਹੀ ਆਗੂ ਸਨ, ਹੁਣ ਉਨ੍ਹਾਂ ਪਾਸ ਕਈ ਕੋੜੀਆਂ ਆਗੂ ਹੋ ਗਏ। ਇਸ ਲਈ ਸਭ ਨੂੰ ਇਕ ਸੰਗਠਨ ਵਿਚ ਇਕੱਠਿਆਂ ਕਰਨ ਦੀ ਲੋੜ ਸੀ। ਉਹ ਆਪਣੇ ਸਾਥੀਆਂ ਸਮੇਤ ਭਾਰੀ ਗਿਣਤੀ ਵਿਚ ਅੰਮ੍ਰਿਤਸਰ ਵਿਚ ਮਾਰਚ 29, 1748 ਨੂੰ ਵਿਸਾਖੀ ਵਾਲੇ ਦਿਨ ਇਕੱਠੇ ਹੋਏ ਅਤੇ ਉਨ੍ਹਾਂ ਨੇ ਪੰਥਕ ਸਥਿਤੀ ਤੇ ਵਿਚਾਰ ਕੀਤਾ। ਨਵਾਬ ਕਪੂਰ ਸਿੰਘ ਦੇ ਸੁਝਾ ਉੱਤੇ ਜੋ ਉਸ ਵੇਲੇ ਬਜ਼ੁਰਗ ਹੋ ਰਿਹਾ ਸੀ, ਸਰਦਾਰ ਜੱਸਾ ਸਿੰਘ

---

40. ਬਖਤ ਮਲ, ਪੰਨਾ 32; ਸੋਹਨ ਲਾਲ, ਜਿਲਦ ਪਹਿਲੀ, ਪੰਨਾ 127; Cunningham, pp. 100-101.
41. ਅਦੀਨਾ ਬੇਗ ਕਦੇ ਵੀ ਸਿੱਖਾਂ ਨੂੰ ਦਬਾਉਣ ਵਿਚ ਤੇਜ਼ਪੂਰਣ ਨਹੀਂ ਸੀ। ਉਸ ਦੀ ਨੀਤੀ ਦਾ ਆਧਾਰ ਇਕ ਡਰ ਸੀ ਕਿ ਜੇ ਉਸ ਨੇ ਸਿੱਖਾਂ ਦੇ ਵਿਰੋਧ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੱਤਾ ਤਾਂ ਉਸ ਵਰਗੇ ਆਦਮੀ ਨੂੰ ਨੌਕਰੀ ਵਿਚ ਰਖਣ ਦੀ ਲੋੜ ਬਾਕੀ ਨਹੀਂ ਰਹੇਗੀ (ਸੋਹਨ ਲਾਲ, ਪੰਨਾ 109; Browne's *Tracts*, ii, p. 14).
42. Griffn, *Rajas of the Panjab*, pp. 500-501; Latif's *Panjab*, p. 315.

ਆਹਲੂਵਾਲੀਆ ਨੂੰ ਦਲ ਖਾਲਸੇ[43] ਦਾ ਪ੍ਰਮੁੱਖ ਜੱਥੇਦਾਰ ਚੁਣਿਆ ਗਿਆ। ਦਲ ਖਾਲਸੇ ਨੂੰ ਮੁੜ ਜੱਥੇਬੰਦ ਕਰਕੇ ਖਾਲਸੇ ਨੇ ਆਪਣੇ ਰਾਜ ਦਾ ਐਲਾਨ ਕਰ ਦਿੱਤਾ।

**ਖਾਲਸੇ ਨੇ ਕਿਲ੍ਹੇ ਬਣਾਏ**

ਨਵੇਂ ਆਗੂ ਨੇ ਮਹਿਸੂਸ ਕੀਤਾ ਕਿ ਉਹ ਸਦਾ ਆਪਣੇ ਬਚਾਉ ਲਈ ਝਾੜੀਆਂ ਅਤੇ ਗੁਫ਼ਾਵਾਂ ਤੇ ਹੀ ਭਰੋਸਾ ਨਹੀਂ ਰਖ ਸਕਦੇ। ਉਨ੍ਹਾਂ ਪਾਸ ਆਪਣਾ ਇਕ ਕਿਲ੍ਹਾ ਹੋਣਾ ਚਾਹੀਦਾ ਹੈ ਜਿਹੜਾ ਨਾ ਕੇਵਲ ਉਨ੍ਹਾਂ ਦੀਆਂ ਸੈਨਿਕ ਕਾਰਵਾਈਆਂ ਲਈ ਉਨ੍ਹਾਂ ਦੇ ਪੱਕੇ ਅੱਡੇ ਦਾ ਹੀ ਕੰਮ ਦੇਵੇਗਾ ਸਗੋਂ ਉਹ ਆਪਣੇ ਕੇਂਦਰੀ ਗੁਰਦੁਆਰਾ ਸਾਹਿਬ (ਹਰਿਮੰਦਰ ਸਾਹਿਬ) ਦੀ ਰੱਖਿਆ ਲਈ ਵੀ ਵਰਤਿਆ ਜਾਏ। ਉਨ੍ਹਾਂ ਨੇ ਰਾਮਸਰ ਦੇ ਲਾਗੇ ਜ਼ਮੀਨ ਦੇ ਇਕ ਟੁਕੜੇ ਨੂੰ ਚੁਣਿਆ ਜੋ ਹਰਿਮੰਦਰ ਸਾਹਿਬ ਤੋਂ ਦੱਖਣ ਵੱਲ ਲਗਪਗ ਇਕ ਮੀਲ ਦੀ ਵਿੱਥ ਤੇ ਸੀ। ਇਸ ਥਾਂ ਉਨ੍ਹਾਂ ਨੇ ਕੱਚੀਆਂ ਕੰਧਾਂ ਦਾ ਇਕ ਕਿਲ੍ਹਾ ਬਣਾਇਆ ਜਿਸ ਦੇ ਕੋਨਿਆਂ ਤੇ ਨਿਗਰਾਨੀ ਲਈ ਬੁਰਜ ਬਣਾਏ ਗਏ ਅਤੇ ਜਿਸ ਦੇ ਦੁਆਲੇ ਪਾਣੀ ਲਈ ਇਕ ਖਾਈ ਪੁੱਟੀ ਗਈ। ਇਸ ਵਿਚ ਕੋਈ 500 ਆਦਮੀ ਰਹਿ ਸਕਦੇ ਸਨ। ਅੰਮ੍ਰਿਤਸਰ ਦੇ ਬਾਨੀ ਗੁਰੂ ਰਾਮਦਾਸ ਜੀ ਦੇ ਨਾਂ ਤੇ ਇਸ ਕਿਲ੍ਹੇ ਦਾ ਨਾਂ ਰਾਮਰੌਣੀ ਰਖਿਆ ਗਿਆ। ਕਿਲ੍ਹੇ ਦੀ ਉਸਾਰੀ ਦਾ ਸਾਰਾ ਕੰਮ ਸਿੱਖਾਂ ਨੇ ਆਪ ਕੀਤਾ। ਇਸ ਪਿਆਰ ਦੀ ਕਾਰ ਸੇਵਾ ਵਿਚ ਆਗੂਆਂ ਨੇ ਸਭ ਤੋਂ ਮਹੱਤਵਪੂਰਨ ਹਿੱਸਾ ਲਿਆ।

ਆਗੂ ਸਿੱਖਾਂ ਨੇ ਕੇਂਦਰੀ ਪੰਜਾਬ ਦੇ ਵੱਖ-ਵੱਖ ਭਾਗਾਂ ਉੱਤੇ ਆਪਣਾ ਰਾਜ ਜਤਲਾਉਣਾ ਸ਼ੁਰੂ ਕਰ ਦਿੱਤਾ। ਜੱਸਾ ਸਿੰਘ ਆਹਲੂਵਾਲੀਆ, ਹਰੀ ਸਿੰਘ, ਕਰੋੜਾ ਸਿੰਘ, ਝੰਡਾ ਸਿੰਘ ਅਤੇ ਕੁਝ ਹੋਰ ਸਿੱਖਾਂ ਨੇ 5 ਜਾਂ 6 ਹਜਾਰ ਘੋੜ ਸਵਾਰਾਂ ਨਾਲ ਬਾਰੀ ਦੁਆਬ ਉੱਤੇ ਕਬਜ਼ਾ ਕਰ ਲਿਆ। ਬਾਘ ਸਿੰਘ ਹੱਲੋਵਾਲੀਆ ਨੇ ਆਪਣੇ ਭਤੀਜੇ ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਇਚੋਗਿਲੀਆ ਨਾਲ ਮਿਲ ਕੇ ਜਲੰਧਰ ਦੁਆਬ ਦੇ ਬਹੁਤ ਸਾਰੇ ਹਿੱਸੇ ਤੇ ਕਬਜ਼ਾ ਕਰ ਲਿਆ। ਚੜ੍ਹਤ ਸਿੰਘ ਸੁਕਰਚੱਕੀਆ ਨੇ ਰਚਨਾ ਦੁਆਬ ਨੂੰ ਆਪਣੇ ਅਧੀਨ ਕਰ ਲਿਆ ਅਤੇ ਗੁੱਜਰਾਂਵਾਲਾ ਨੂੰ ਆਪਣਾ ਹੈਡਕੁਆਟਰ ਬਣਾ ਕੇ ਉਥੇ ਇਕ ਕਿਲ੍ਹਾ ਉਸਾਰ ਲਿਆ।[44] ਸਭ ਦਲੇਰ ਲੋਕਾਂ ਅਤੇ ਅਜਿਹੇ ਹੋਰਨਾਂ ਆਦਮੀਆਂ ਨੇ, ਜੋ ਮੁਗ਼ਲਾਂ ਦੇ ਭੈੜੇ ਰਾਜ ਤੋਂ ਤੰਗ ਪਏ ਹੋਏ ਸਨ, ਇਨ੍ਹਾਂ ਸਰਦਾਰਾਂ ਵਿਚੋਂ ਕਿਸੇ ਨਾ ਕਿਸੇ ਸਰਦਾਰ ਦੇ ਝੰਡੇ ਥੱਲੇ ਇਕੱਠਿਆਂ ਹੋਣਾ ਸ਼ੁਰੂ ਕਰ ਦਿੱਤਾ।

ਸਿੱਖਾਂ ਦੀਆਂ ਇਨ੍ਹਾਂ ਕਾਰਵਾਈਆਂ ਨੇ ਮੁਗ਼ਲ ਰਾਜ ਦੀ ਏਕਤਾ ਲਈ ਖ਼ਤਰਾ ਪੈਦਾ ਕਰ ਦਿੱਤਾ ਅਤੇ ਇਹ ਕਾਰਵਾਈਆਂ ਨਵੇਂ ਗਵਰਨਰ ਮੀਰ ਮਨੂੰ, ਜਿਸ ਦੀ ਨਿਯੁਕਤੀ 11 ਅਪ੍ਰੈਲ, 1748 ਨੂੰ ਹੋਈ ਸੀ, ਦੇ ਧਿਆਨ ਤੋਂ ਓਹਲੇ ਨਹੀਂ ਸਨ ਰਹਿ ਸਕਦੀਆਂ। ਲਖਪਤ ਰਾਏ ਸਿੱਖਾਂ ਨੂੰ ਫਸਾਉਣ ਦੇ ਕੰਮ ਵਿਚ ਲਾਹੇਵੰਦ ਸਿੱਧ ਹੋ ਸਕਦਾ ਸੀ ਪਰ ਉਹ ਦੁੱਰਾਨੀ ਹਮਲਾਵਰ ਦਾ ਉਪਜੀਵੀ ਹੋਣ ਕਰਕੇ ਇਤਬਾਰ ਦੇ ਯੋਗ ਨਹੀਂ ਸੀ ਰਿਹਾ। ਉਸ ਨੂੰ ਜੇਲ੍ਹ ਵਿਚ ਪਾ ਦਿੱਤਾ ਗਿਆ ਅਤੇ ਭਾਰੀ ਜੁਰਮਾਨਾ ਕੀਤਾ ਗਿਆ।[45] ਮੁੱਖ ਮੰਤਰੀ ਵਜੋਂ ਉਸ ਦੀ ਥਾਂ ਦੀਵਾਨ ਕੌੜਾ ਮੱਲ ਨੂੰ ਦੇ ਦਿੱਤੀ ਗਈ। ਅਦੀਨਾ ਬੇਗ਼ ਨੂੰ ਬਿਸਤ ਜਲੰਧਰ ਵਿਚ ਹੀ ਉਸ ਦੇ ਓਹਦੇ ਉਪਰ ਪੱਕਿਆਂ ਕਰ ਦਿੱਤਾ ਗਿਆ। ਇਹ ਅਧਿਕਾਰੀ ਸਿੱਖਾਂ

43. *ਪੰਥ ਪ੍ਰਕਾਸ਼*, ਪੰਨਾ 907.

44. ਸੋਹਨ ਲਾਲ, ਪੰਨੇ 127-128; ਬਖਤ ਮਲ, ਪੰਨਾ 32; ਬੁਧ ਸਿੰਘ, ਪੰਨਾ 26 ਵੇਖੋ।

45. ਖ਼ੁਸ਼ਵਕਤ ਰਾਏ, ਪੰਨਾ 53, *ਤਹਿਮਾਸਨਾਮਾ* ਪੰਨਾ 72; ਰਤਨ ਸਿੰਘ, ਪੰਨਾ 310, ਰਤਨ ਸਿੰਘ ਅਨੁਸਾਰ ਲਖਪਤ ਰਾਏ ਨੂੰ ਦਸ ਲੱਖ ਰੁਪਏ ਦੇ ਬਦਲੇ ਕੌੜਾ ਮਲ ਦੇ ਸਪੁਰਦ ਕਰ ਦਿੱਤਾ ਗਿਆ ਸੀ। ਤੀਹ ਲੱਖ ਰੁਪਏ ਦੇ ਕੁਲ ਜੁਰਮਾਨੇ ਵਿਚੋਂ ਦਸ ਲੱਖ ਦੀ ਰਕਮ ਉਗਰਾਹੀ ਨਹੀਂ ਸੀ ਜਾ ਸਕਦੀ। ਉਸ ਨੂੰ ਕਈ ਤਰ੍ਹਾਂ ਦੀਆਂ ਨਿਰਾਦਰੀਆਂ ਅਤੇ ਖੁਆਰੀਆਂ ਦਾ ਨਿਸ਼ਾਨਾ ਬਣਾਇਆ ਗਿਆ ਅਤੇ ਜਿਨ੍ਹਾਂ ਦੇ ਸਿੱਟੇ ਵਜੋਂ ਉਸ ਦੀ ਮੌਤ ਹੋ ਗਈ।

ਵਿਰੁੱਧ ਕਾਰਵਾਈ ਲਈ ਬਹੁਤ ਉਤਾਵਲੇ ਨਹੀਂ ਸਨ। ਇਨ੍ਹਾਂ ਵਿਚੋਂ ਇਕ ਤਾਂ ਗੁਪਤ ਰੂਪ ਵਿਚ ਸਿੱਖ ਸੀ ਅਤੇ ਦੂਜੇ ਨੇ ਸਦਾ ਹੀ ਸਿੱਖਾਂ ਵਿਰੁੱਧ ਲਗਾਤਾਰ ਵਿਰੋਧੀ ਨੀਤੀ ਧਾਰਨ ਕਰਨ ਤੋਂ ਪਰਹੇਜ਼ ਕੀਤਾ ਸੀ। ਸਿੱਖਾਂ ਵਿਰੁੱਧ ਮੁਹਿੰਮ ਚਲਾਉਣ ਵਿਚ ਢਿੱਲ ਕਰਨ ਦੇ ਕੁਝ ਹੋਰ ਕਾਰਣ ਵੀ ਸਨ। ਗਵਰਨਰ ਮੀਰ ਮਨੂੰ ਨੂੰ ਸ਼ੁਰੂ ਸ਼ੁਰੂ ਵਿਚ ਕਈ ਹੋਰ ਔਕੜਾਂ ਦਾ ਵੀ ਸਾਹਮਣਾ ਕਰਨਾ ਪਿਆ ਸੀ। ਉਹ ਕੇਵਲ 2000 ਘੋੜ ਸਵਾਰਾਂ ਅਤੇ ਥੋੜ੍ਹੇ ਜਿਹੇ ਹੋਰ ਸੈਨਿਕਾਂ ਸਮੇਤ ਲਾਹੌਰ ਵਿਚ ਦਾਖ਼ਲ ਹੋਇਆ ਸੀ। ਉਸ ਨੇ ਆਪਣੀਆਂ ਨਿਤਾਪ੍ਰਤੀ ਦੀਆਂ ਵਧ ਰਹੀਆਂ ਲੋੜਾਂ ਨੂੰ ਪੂਰਾ ਕਰਨ ਲਈ ਹਾਲੇ ਭਾਰੀ ਫ਼ੌਜ ਬਣਾਉਣੀ ਸੀ। ਮੀਰ ਮਨੂੰ ਦੁਆਰਾ ਜ਼ਾਹਦ ਖ਼ਾਂ ਨੂੰ, ਜਿਸ ਨੂੰ ਦੁੱਰਾਨੀ ਹਮਲਾਵਰ ਮੁਲਤਾਨ ਵਿਚ ਪਿੱਛੇ ਛੱਡ ਗਿਆ ਸੀ, ਉਸ ਪ੍ਰਾਂਤ ਉਪਰ ਕਬਜ਼ਾ ਕਰਨ ਤੋਂ ਪਹਿਲਾਂ ਮੁਲਤਾਨ ਵਿਚੋਂ ਕੱਢਣਾਂ ਹਾਲੇ ਬਾਕੀ ਸੀ। ਕੌੜਾ ਮੱਲ ਨੇ ਇਕ ਮੁਹਿੰਮ ਦੀ ਅਗਵਾਈ ਕੀਤੀ ਅਤੇ ਮਾਟੀ ਤਾਲ ਦੇ ਸਥਾਨ ਤੇ ਲੜਾਈ ਲੜੀ ਅਤੇ ਬਾਗ਼ੀ ਅਫ਼ਗਾਨ ਨੂੰ ਹਰਾ ਕੇ ਉਸਨੂੰ ਉਥੋਂ ਕੱਢ ਦਿੱਤਾ।[46] ਇਸ ਪਿੱਛੋਂ ਪਹਾੜੀ ਰਾਜਿਆਂ ਦੀ ਬਗ਼ਾਵਤ ਦਬਾਉਣ ਲਈ ਉਸ ਨੂੰ ਜੰਮੂ ਭੇਜਿਆ ਗਿਆ ਅਤੇ ਉਨ੍ਹਾਂ ਨੂੰ ਲਾਹੌਰ ਸਰਕਾਰ ਦੀ ਅਧੀਨਗੀ ਪ੍ਰਵਾਨ ਕਰਨ ਲਈ ਮਜਬੂਰ ਕਰ ਦਿੱਤਾ।[47] ਪੱਛਮ ਵੱਲੋਂ ਅਫ਼ਗਾਨਾਂ ਦੇ ਹਮਲੇ ਦਾ ਡਰ ਅਤੇ ਦਿੱਲੀ ਵੱਲੋਂ ਸਫ਼ਦਰ ਜੰਗ ਦੀਆਂ ਸਾਜ਼ਸ਼ਾਂ ਦੇ ਭੈ ਨੇ ਮੀਰ ਮਨੂੰ ਦੀਆਂ ਨਾੜੀਆਂ ਵਿਚ ਬੜਾ ਤਣਾਉ ਬਣਾਈ ਰੱਖਿਆ।

ਜਦੋਂ ਉਸ ਨੇ ਗਵਰਨਰ ਵਜੋਂ ਆਪਣੇ ਆਪ ਨੂੰ ਪੱਕੇ ਪੈਰੀਂ ਮਹਿਸੂਸ ਕੀਤਾ ਤਾਂ ਉਸ ਨੇ ਸਿੱਖਾਂ ਵੱਲ ਆਪਣਾ ਧਿਆਨ ਮੋੜਿਆ। ਉਸ ਨੇ ਅਦੀਨਾ ਬੇਗ਼ ਨੂੰ ਹੁਕਮ ਦਿੱਤਾ ਕਿ ਉਹ ਆਪਣੇ ਇਲਾਕੇ ਵਿਚੋਂ ਸਿੱਖਾਂ ਨੂੰ ਘੇਰ ਕੇ ਫੜ ਲਏ। ਅਦੀਨਾ ਬੇਗ਼ ਨੇ ਪਹਿਲਾਂ ਦੀ ਤਰ੍ਹਾਂ ਸਿੱਖਾਂ ਨਾਲ ਰਜ਼ਾਮੰਦੀ ਦੀਆਂ ਗੱਲਾਂ ਸ਼ੁਰੂ ਕੀਤੀਆਂ ਅਤੇ ਆਪਣੇ ਨਾਲ ਗੱਲ ਬਾਤ ਕਰਨ ਲਈ ਜੱਸਾ ਸਿੰਘ ਆਹਲੂਵਾਲੀਆ ਨੂੰ ਸੱਦਿਆ। ਉਸ ਨੇ ਸੁਝਾਅ ਦਿੱਤਾ ਕਿ ਸਿੱਖ ਜਾਂ ਤਾਂ ਉਸ ਨਾਲ ਮਿਲਕੇ ਪੰਜਾਬ ਉੱਤੇ ਰਾਜ ਕਰਨ ਲਈ ਰਾਜ਼ੀ ਹੋ ਜਾਣ ਜਾਂ ਇਕ ਵੱਖਰਾ ਇਲਾਕਾ ਪ੍ਰਵਾਨ ਕਰ ਲੈਣ ਜਿਸ ਲਈ ਲਾਹੌਰ ਸਰਕਾਰ ਤੋਂ ਮਨਜ਼ੂਰੀ ਪ੍ਰਾਪਤ ਕੀਤੀ ਜਾ ਸਕਦੀ ਸੀ ਅਤੇ ਜਿਸਦੀ ਪੁਸ਼ਟੀ ਦਿੱਲੀ ਦੇ ਬਾਦਸ਼ਾਹ ਵੱਲੋਂ ਹੋ ਸਕਦੀ ਸੀ। ਇਸ ਨਾਲ ਦੋਹੀਂ ਪਾਸੀਂ ਬੇਲੋੜੇ ਖ਼ੂਨ ਖ਼ਰਾਬੇ ਤੋਂ ਬਚਾਅ ਹੋ ਸਕਦਾ ਸੀ। ਜੱਸਾ ਸਿੰਘ ਨੇ ਉੱਤਰ ਦਿੱਤਾ ਕਿ ਦੋ ਪਾਰਟੀਆਂ ਜਿਨ੍ਹਾਂ ਦੇ ਨਜ਼ਰੀਏ ਅਤੇ ਮਨੋਰਥਾਂ ਵਿਚ ਇਤਨਾ ਮਤ-ਭੇਦ ਹੈ ਉਨ੍ਹਾਂ ਵਿਚਕਾਰ ਮੁਲਾਕਾਤ ਨਹੀਂ ਹੋ ਸਕਦੀ। ਸਿੱਖ ਉਸੇ ਤਲਵਾਰ ਨਾਲ ਤਾਕਤ ਹਥਿਆਉਣਾ ਚਾਹੁੰਦੇ ਸਨ ਜੋ ਮੁਗ਼ਲਾਂ ਨੇ ਉਨ੍ਹਾਂ ਤੋਂ ਪਹਿਲਾਂ ਵਰਤੀ ਸੀ। ਉਨ੍ਹਾਂ ਦੀ ਮੁਲਾਕਾਤ ਕੇਵਲ ਰਣ-ਭੂਮੀ ਵਿਚ ਹੀ ਹੋਵੇਗੀ। ਜਿੱਥੇ ਤਕ ਖ਼ੂਨ ਖ਼ਰਾਬੇ ਤੋਂ ਬਚਣ ਦਾ ਸਵਾਲ ਸੀ ਉਸ ਨੇ ਪੁੱਛਿਆ ਕਿ ਕੀ ਕਿਸੇ ਨੇ ਅਮਨ ਸ਼ਾਂਤੀ ਨਾਲ ਕਦੀ ਆਜ਼ਾਦੀ ਪ੍ਰਾਪਤ ਕੀਤੀ ਹੈ? ਹੁਣ ਜਦ ਕਿ ਖਾਲਸੇ ਨੇ ਤਲਵਾਰ ਚੁੱਕ ਲਈ ਹੈ, ਮੁਗ਼ਲ ਵੀ ਅਮਨ ਸ਼ਾਂਤੀ ਦੀਆਂ ਗੱਲਾਂ ਉੱਤੇ ਉਤਰ ਆਏ ਹਨ। ਜਦੋਂ ਇਹ ਤਲਵਾਰ ਜ਼ਰਾ ਅੱਗੇ ਵਧੇਗੀ ਤਾਂ ਇਸ ਨਾਲ ਇਸ ਨੂੰ ਚਲਾਉਣ ਵਾਲਿਆਂ ਨੂੰ ਪ੍ਰਮੁੱਖ ਰਾਜ-ਸੱਤਾ ਪ੍ਰਾਪਤ ਹੋ ਜਾਵੇਗੀ। ਜਿਵੇਂ ਰੱਬ ਦੀ ਇੱਛਾ ਹੈ ਉਸ ਅਨੁਸਾਰ ਖਾਲਸਾ ਰਾਜ ਕਰੇਗਾ ਅਤੇ ਇਹ ਇਕ ਵਿਦੇਸ਼ੀ ਅਧੀਨ ਜਾਗੀਰਦਾਰ ਬਣ ਕੇ ਨਹੀਂ ਰਹੇਗਾ।[48]

ਖਾਲਸਾ ਦਲ ਦੇ ਮੁੱਖੀ ਨਾਲ ਗੱਲ ਬਾਤ ਅਸਫ਼ਲ ਹੋਣ ਤੇ ਅਦੀਨਾ ਬੇਗ਼ ਨੇ ਇਕ ਛੋਟੇ

---

46. ਅਹਿਮਦ ਯਾਦਗਾਰ, *ਤਾਰੀਖ-ਇ-ਸਲਾਤੀਨੇ-ਇ-ਅਫ਼ਗਾਨਾਨ*, ਪੰਨੇ 242-248: ਮੁਹੰਮਦ ਯੂਸਫ਼ *ਹਾਲਤ-ਇ-ਮੁਲਤਾਨ* ; ਹੁਕਮ ਚੰਦ: *ਤਾਰੀਖ-ਇ-ਜ਼ਿਲਾ-ਇ-ਮੁਲਤਾਨ*, ਪੰਨਾ 460.
47. ਖ਼ੁਸ਼ਵਕਤ ਰਾਏ; ਸ਼ੇਰ ਮੁਹੰਮਦ ਖ਼ਾਂ, *ਵਾਕਿਆ-ਇ-ਮੁਲਤਾਨ*, ਪੰਨਾ 28.
48. *ਜੱਸਾ ਸਿੰਘ ਬਿਨੋਦ*, ਪੰਨੇ 43-44.

ਆਦਮੀ ਵੱਲ ਆਪਣਾ ਮੂੰਹ ਮੋੜਿਆ। ਉਹ ਜੱਸਾ ਸਿੰਘ ਇਚੋਗਿਲ ਨੂੰ, ਜੋ ਪਿੱਛੋਂ ਰਾਮਗੜ੍ਹੀਆ ਦੇ ਨਾਂ ਨਾਲ ਮਸ਼ਹੂਰ ਹੋਇਆ, ਆਪਣੇ ਜਾਲ ਵਿਚ ਫਸਾਉਣ ਵਿਚ ਸਫ਼ਲ ਹੋ ਗਿਆ। ਇਸ ਆਦਮੀ ਨੂੰ ਇਕ ਮਾਸੂਮ ਬੱਚੀ ਨੂੰ ਮਾਰ ਦੇਣ ਦੇ ਦੋਸ਼ ਵਿਚ ਸਿੱਖ ਕੌਮ ਨੇ ਬਰਾਦਰੀ ਵਿਚੋਂ ਖਾਰਜ ਕੀਤਾ ਹੋਇਆ ਸੀ।[49] ਉਹ ਗੁੱਸੇ ਵਿਚ ਆਕੇ ਅਦੀਨਾ ਬੇਗ਼ ਦੀ ਨੌਕਰੀ ਲਈ ਇਕ ਦਮ ਰਾਜ਼ੀ ਹੋ ਗਿਆ ਪਰ ਉਸ ਦੀ ਆਤਮਾ ਆਪਣੇ ਭਰਾਵਾਂ ਨੂੰ ਛੱਡ ਦੇਣ ਲਈ ਲਗਾਤਾਰ ਉਸ ਨੂੰ ਕੋਸਦੀ ਰਹੀ ਅਤੇ ਉਹ ਮੁੜ ਉਨ੍ਹਾਂ ਵੱਲ ਚਲੇ ਜਾਣ ਦੇ ਮੌਕੇ ਦੀ ਭਾਲ ਵਿਚ ਰਿਹਾ। ਰਾਮਰੌਣੀ ਦੇ ਘੇਰੇ ਸਮੇਂ ਉਸ ਨੂੰ ਮੌਕਾ ਮਿਲ ਹੀ ਗਿਆ।

### ਰਾਮਰੌਣੀ ਦਾ ਘੇਰਾ

ਬਰਸਾਤ ਦੇ ਮੌਸਮ ਤੋਂ ਬਾਅਦ ਜਦੋਂ ਭਾਰੀ ਗਿਣਤੀ ਵਿਚ ਸਿੱਖ ਦੀਵਾਲੀ ਦਾ ਤਿਉਹਾਰ ਮਨਾਉਣ ਲਈ ਅੰਮ੍ਰਿਤਸਰ ਵਿਚ ਇਕੱਠੇ ਹੋਏ ਤਾਂ ਮੀਰ ਮਨੂੰ ਨੇ ਸੋਚਿਆ ਕਿ ਉਹ ਉਸ ਸਮੇਂ ਉਨ੍ਹਾਂ ਉੱਤੇ ਇਕ ਭਾਰੀ ਸੱਟ ਮਾਰ ਸਕੇਗਾ। ਉਹ ਫ਼ੌਜ ਲੈ ਕੇ ਰਾਮਰੌਣੀ ਦੇ ਕਿਲ੍ਹੇ ਵੱਲ ਆਇਆ ਅਤੇ ਅਦੀਨਾ ਬੇਗ਼ ਨੂੰ ਵੀ ਹੁਕਮ ਦਿੱਤਾ ਕਿ ਉਹ ਵੀ ਆਪਣੀਆਂ ਫ਼ੌਜਾਂ ਲੈ ਕੇ ਆਏ। ਸਿੱਖਾਂ ਨੇ ਵੀ ਆਪਣੇ ਬਚਾਉ ਦੀ ਪੁਜ਼ੀਸ਼ਨ ਬਣਾ ਲਈ। ਉਨ੍ਹਾਂ ਵਿਚੋਂ ਲਗਪਗ 500 ਆਦਮੀ ਕਿਲ੍ਹੇ ਦੇ ਅੰਦਰ ਸ਼ਰਨ ਲਈ ਬੈਠੇ ਸਨ ਤੇ ਬਾਕੀ ਰਾਮਸਰ ਦੇ ਲਾਗੇ ਝਾੜੀਆਂ ਵਿਚ ਲੁਕ ਰਹੇ ਸਨ। ਜਿਹੜੇ ਕਿਲ੍ਹੇ ਦੇ ਅੰਦਰ ਸਨ ਉਹ ਰਾਤ ਵੇਲੇ ਕਦੇ ਕਦੇ ਬਾਹਰ ਹੱਲੇ ਕਰਦੇ ਅਤੇ ਬਾਕੀ ਦੇ ਸਿੱਖ ਬਾਹਰੋਂ ਵੈਰੀਆਂ ਉੱਤੇ ਆ ਪੈਂਦੇ। ਘੇਰਾ ਅਕਤੂਬਰ ਤੋਂ ਦਸੰਬਰ 1748 ਤਕ ਲਗਪਗ 3 ਮਹੀਨੇ ਤਕ ਪਿਆ ਰਿਹਾ ਅਤੇ ਕੋਈ 200 ਸਿੱਖ ਮਾਰੇ ਗਏ। ਖ਼ੁਰਾਕ ਤੇ ਚਾਰੇ ਦੀ ਬਹੁਤ ਤੰਗੀ ਸੀ ਅਤੇ ਘੇਰੇ ਵਿਚ ਆਏ ਹੋਏ ਸਿੱਖਾਂ ਵੱਲੋਂ ਆਪਣੇ ਸਾਧਨਾਂ ਨੂੰ ਚੰਗੇਰਾ ਬਣਾਉਣ ਲਈ ਕਈ ਯਤਨ ਕਰਨੇ ਪੈਂਦੇ ਸਨ। ਜੈ ਸਿੰਘ ਘਨਈਆ ਅਤੇ ਉਸ ਦੀ ਘੋੜੀ ਦੀਆਂ ਕਈ ਤਰ੍ਹਾਂ ਦੀਆਂ ਪ੍ਰਸੰਨਤਾਜਨਕ ਕਹਾਣੀਆਂ ਦੱਸੀਆਂ ਜਾਂਦੀਆਂ ਹਨ ਕਿ ਕਿਵੇਂ ਉਹ ਕੰਧਾਂ ਉਤੋਂ ਦੀ ਟੱਪ ਜਾਂਦਾ ਸੀ ਅਤੇ ਕਿਲ੍ਹੇ ਤੋਂ ਬਾਹਰੋਂ ਸਰਕਾਰੀ ਦੁਕਾਨ ਤੋਂ ਰਸਦ ਖੋਹ ਲਿਆਉਂਦਾ ਸੀ, ਕਿਲ੍ਹੇ ਦੇ ਅੰਦਰ ਲਿਆ ਸੁੱਟਦਾ ਸੀ ਅਤੇ ਕਿਵੇਂ ਉਹ ਕੰਧਾਂ ਉੱਪਰ ਚੜ੍ਹ ਕੇ ਕਿਲ੍ਹੇ ਦੇ ਅੰਦਰ ਦਾਖ਼ਲ ਹੋ ਜਾਂਦਾ ਸੀ। ਘਿਰੇ ਹੋਏ ਸਿੱਖਾਂ ਨੇ ਸਖ਼ਤ ਤੰਗੀ ਦੀ ਹਾਲਤ ਵਿਚ ਬਾਹਰ ਨਿਕਲ ਆਉਣ ਅਤੇ ਲੜ ਕੇ ਮਰ ਜਾਣ ਦਾ ਫੈਸਲਾ ਕੀਤਾ। ਅਜਿਹਾ ਕਰਨ ਤੋਂ ਪਹਿਲਾਂ ਉਨ੍ਹਾਂ ਨੇ ਅਰਦਾਸ ਕੀਤੀ ਜੋ ਸਿੰਘਾਂ ਦੇ ਨਾਅਰੇ 'ਸਤਿ ਸ੍ਰੀ ਅਕਾਲ' ਨਾਲ ਸਮਾਪਤ ਹੋਈ। ਇਸ ਦੀ ਆਵਾਜ ਜੱਸਾ ਸਿੰਘ ਇਚੋਗਿਲੀਏ ਨੂੰ ਵੀ ਸੁਣੀ ਜੋ ਕਿਲ੍ਹੇ ਤੋਂ ਬਾਹਰ ਅਦੀਨਾ ਬੇਗ਼ ਦੀ ਫ਼ੌਜ ਵਿਚ ਸੀ। ਇਸ ਨਾਲ ਧੁਰ ਉਸ ਦੇ ਦਿਲ ਤਕ ਇਕ ਝਰਨਾਹਟ ਪੁੱਜੀ ਅਤੇ ਉਹ ਇਕ ਜਾਣੇ ਪਛਾਣੇ ਬੋਲ ਵਿਚੋਂ ਨਿਕਲਣ ਵਾਲੀ ਅਪੀਲ ਦੇ ਸਾਹਮਣੇ ਅੜ ਨਾ ਸਕਿਆ। ਉਸ ਨੇ ਇਕ ਸੁਨੇਹਾ ਕਿਲ੍ਹੇ ਦੇ ਅੰਦਰ ਭੇਜਿਆ ਅਤੇ ਆਪਣੇ ਧਰਮ-ਭਰਾਵਾਂ ਨੂੰ ਬੇਨਤੀ ਕੀਤੀ ਕਿ ਉਹ ਉਸ ਨੂੰ ਮਾਫ਼ ਕਰ ਦੇਣ ਅਤੇ ਉਸ ਨੂੰ ਮੁੜ ਆਪਣੇ ਵਿਚ ਸ਼ਾਮਿਲ ਕਰ ਲੈਣ। ਉਨ੍ਹਾਂ ਨੇ ਖੁਲ੍ਹੀਆਂ ਬਾਹਵਾਂ ਨਾਲ ਉਸ ਦਾ ਸਵਾਗਤ ਕੀਤਾ ਅਤੇ ਉਹ 100 ਸਾਥੀਆਂ ਸਮੇਤ ਕਿਲ੍ਹੇ ਦੇ ਅੰਦਰ ਜਾ ਪੁੱਜਾ।[50] ਐਨ ਇਸੇ ਸਮੇਂ ਇਕ ਅਜਿਹੀ ਘਟਨਾ ਵਾਪਰੀ ਜਿਸ ਨੇ ਮੁਗ਼ਲਾਂ ਨੂੰ ਆਪਣਾ ਘੇਰਾ ਚੁੱਕ ਲੈਣ ਅਤੇ ਸਿੱਖਾਂ ਨੂੰ ਛੱਡ ਕੇ ਚਲੇ ਜਾਣ ਲਈ ਮਜਬੂਰ ਕਰ ਦਿੱਤਾ।

### ਦੂਜਾ ਅਫ਼ਗਾਨ ਹਮਲਾ

ਅਹਿਮਦ ਸ਼ਾਹ ਦੁੱਰਾਨੀ ਨੇ ਦੂਜੀ ਵਾਰ ਪੰਜਾਬ ਉੱਤੇ ਹੱਲਾ ਆ ਕੀਤਾ। ਇਹ 1805 ਬਿਕਰਮੀ

49. ਸਿੱਖਾਂ ਵਿਚ ਬੱਚਿਆਂ ਨੂੰ ਮਾਰ ਦੇਣ ਦੀ ਮਨਾਹੀ ਹੈ ਜਿਸ ਲਈ ਬਰਾਦਰੀ ਵਿਚੋਂ ਕੱਢ ਦੇਣ ਦੀ ਸਜ਼ਾ ਦਿੱਤੀ ਜਾਂਦੀ ਹੈ। ਵੇਖੋ ਦੇਸਾ ਸਿੰਘ ਅਤੇ ਪ੍ਰਹਿਲਾਦ ਸਿੰਘ ਦੇ *ਰਹਿਤਨਾਮੇ ; Sikhism*, p. 177.

50. ਰਤਨ ਸਿੰਘ, ਪੰਨੇ 311-315 ; ਖ਼ੁਸ਼ਵਕਤ ਰਾਏ, ਪੰਨਾ 53; ਸੋਹਨ ਲਾਲ, ਪੰਨਾ 129.

ਦਾ ਮੱਘਰ ਦਾ ਮਹੀਨਾ (ਦਸੰਬਰ 1748) ਸੀ ਤੇ ਇਹ ਪਹਿਲੇ ਹਮਲੇ ਤੋਂ 9 ਮਹੀਨੇ ਪਿੱਛੋਂ ਦੀ ਘਟਨਾ ਸੀ। ਕੌੜਾ ਮੱਲ ਨੇ ਮੀਰ ਮਨੂੰ ਨੂੰ ਸਲਾਹ ਦਿੱਤੀ ਕਿ ਉਹ ਸਿੱਖਾਂ ਵਿਰੁੱਧ ਵੈਰ ਦੀਆਂ ਕਾਰਵਾਈਆਂ ਬੰਦ ਕਰ ਦੇਵੇ ਅਤੇ ਦੁੱਰਾਨੀ ਹਮਲਾਵਰ ਵਿਰੁੱਧ ਆਪਣੀਆਂ ਫ਼ੌਜਾਂ ਭੇਜੇ, ਜਦ ਕਿ ਉਸ ਨੇ ਆਪ ਮੁਲਤਾਨ ਉੱਤੇ ਜ਼ਬਰਦਸਤੀ ਕਬਜਾ ਕਰ ਲੈਣ ਵਾਲੇ ਵਿਰੁੱਧ ਮੁਹਿੰਮ ਦੀ ਅਗਵਾਈ ਕਰਨ ਦਾ ਕੰਮ ਆਪਣੇ ਜ਼ਿੰਮੇ ਲਿਆ। ਮੀਰ ਮਨੂੰ ਨੇ ਸਹਾਇਤਾ ਲਈ ਦਿੱਲੀ ਸਰਕਾਰ ਨੂੰ ਬੇਨਤੀ ਕੀਤੀ ਪਰ ਦਿੱਲੀ ਸਰਕਾਰ, ਜਿਸ ਦੀ ਅਗਵਾਈ ਮੀਰ ਮਨੂੰ ਦੇ ਦੁਸ਼ਮਣ ਵਜੀਰ ਸਫ਼ਦਰ ਜੰਗ ਦੇ ਹੱਥ ਵਿਚ ਸੀ, ਕਿਸੇ ਤਰ੍ਹਾਂ ਦੀ ਮਦਦ ਦੇਣ ਨੂੰ ਤਿਆਰ ਨਹੀਂ ਸੀ। ਇਸ ਲਈ ਮੀਰ ਮਨੂੰ ਨੂੰ ਆਪਣੇ ਹੀ ਸਾਧਨਾਂ ਦੁਆਰਾ ਅਫ਼ਗਾਨ ਹਮਲੇ ਦਾ ਮੁਕਾਬਲਾ ਕਰਨਾ ਪਿਆ। ਉਸ ਨੂੰ ਕੇਵਲ ਜਲੰਧਰ ਦੇ ਅਦੀਨਾ ਬੇਗ ਅਤੇ ਸਿਆਲਕੋਟ ਦੇ ਮਹਿਦੀ ਅਲੀ ਖ਼ਾਂ ਤੋਂ ਹੀ ਸਹਾਇਤਾ ਮਿਲੀ।

ਦੁੱਰਾਨੀ ਹਮਲਾਆਵਰ ਨੇ ਆਪਣੀ ਸੈਨਾ ਨੂੰ ਦੋ ਭਾਗਾਂ ਵਿਚ ਵੰਡਿਆ। ਇਕ ਭਾਗ ਨਾਲ, ਜਿਸ ਦੀ ਕਮਾਨ ਉਸ ਦੇ ਆਪਣੇ ਹੱਥਾਂ ਵਿਚ ਸੀ, ਮੀਰ ਮਨੂੰ ਨੂੰ ਦਰਿਆ ਚਨਾਬ ਦੇ ਖੱਬੇ ਕੰਢੇ ਸੋਹਦਰਾ ਦੇ ਅਸਥਾਨ ਤੇ ਰੋਕ ਰੱਖਿਆ ਅਤੇ ਦੂਜੇ ਭਾਗ ਨੂੰ ਜਰਨੈਲ ਜਹਾਨ ਖ਼ਾਂ ਦੀ ਕਮਾਨ ਵਿਚ ਲਾਹੌਰ ਤਕ ਦੇ ਇਲਾਕੇ ਨੂੰ ਬਰਬਾਦ ਕਰ ਦੇਣ ਲਈ ਭੇਜਿਆ। ਦਰਿਆ ਰਾਵੀ ਦੇ ਦੂਜੇ ਪਾਸੇ ਸ਼ਾਹਦਰਾ ਦੇ ਲਾਗੇ ਅਫ਼ਗਾਨ ਜਰਨੈਲ ਦੇ ਆਉਣ ਨੇ ਜੋ ਘਬਰਾਹਟ ਅਤੇ ਰੌਲਾ ਪੈਦਾ ਕਰ ਦਿੱਤਾ ਸੀ, ਉਸ ਤੋਂ ਫਾਇਦਾ ਉਠਾ ਕੇ ਨਵਾਬ ਕਪੂਰ ਸਿੰਘ 20 ਘੋੜ-ਸਵਾਰ ਲੈ ਕੇ ਅਚਾਨਕ ਲਾਹੌਰ ਵਿਚ ਆ ਦਾਖ਼ਲ ਹੋਇਆ ਅਤੇ ਕੋਤਵਾਲੀ ਦੇ ਚਬੂਤਰੇ ਤੇ ਜਾ ਬੈਠਣ ਦੀ ਖ਼ੁਸ਼ੀ ਪ੍ਰਾਪਤ ਕੀਤੀ।[51] ਨਾਇਬ ਗਵਰਨਰ ਇਵਜ਼ ਖ਼ਾਂ ਦੇ ਆਉਣ ਤੇ ਉਹ ਤੁਰੰਤ ਵਾਪਿਸ ਚਲਾ ਗਿਆ ਪਰ ਜ਼ਾਹਰ ਹੈ ਕਿ ਕਪੂਰ ਸਿੰਘ ਦੇ ਪਾਸੇ ਕਿਧਰੇ ਲਾਗੇ ਹੀ ਭਾਰੀ ਫ਼ੌਜ ਸੀ ਕਿਉਂਕਿ ਅਲੀ-ਉਦ-ਦੀਨ ਲਿਖਦਾ ਹੈ ਕਿ ਸਿੱਖਾਂ ਨੇ ਮੀਰ ਮਨੂੰ ਦੀ ਲਾਹੌਰ ਤੋਂ ਗੈਰ-ਹਾਜ਼ਰੀ ਵਿਚ ਲਾਹੌਰ ਸ਼ਹਿਰ ਦੇ ਬਾਹਰਲੇ ਹਿੱਸੇ ਨੂੰ ਉਜਾੜ ਅਤੇ ਸਾੜ ਦਿੱਤਾ।[52]

ਜਹਾਨ ਖ਼ਾਂ ਲਾਹੌਰ ਵਿਚ ਦਾਖਲ ਹੋਣ ਦੇ ਇਕ ਅਸਫ਼ਲ ਯਤਨ ਤੋਂ ਬਾਅਦ ਆਪਣੇ ਮਾਲਕ ਅਬਦਾਲੀ ਵੱਲ ਮੁੜ ਗਿਆ। ਅਹਿਮਦ ਸ਼ਾਹ ਅਤੇ ਮੀਰ ਮਨੂੰ ਵੀ ਬਿਨਾ ਕਿਸੇ ਨਿਰਨਾਜਨਕ ਲੜਾਈ ਦੇ ਲਗਪਗ ਦੋ ਮਹੀਨੇ ਤਕ ਇਕ ਦੂਸਰੇ ਦੇ ਸਾਹਮਣੇ ਡਟੇ ਰਹੇ ਸਨ। ਪਿੱਛੋਂ ਉਨ੍ਹਾਂ ਨੇ ਸਮਝੌਤਾ ਕਰ ਲਿਆ ਜਿਸ ਦੁਆਰਾ ਸ਼ਾਹ ਨੇ ਇਸ ਸ਼ਰਤ ਉੱਤੇ ਵਾਪਸ ਜਾਣਾ ਮੰਨ ਲਿਆ ਕਿ ਦਰਿਆ ਸਿੰਧ ਤੋਂ ਪੱਛਮ ਵੱਲ ਦਾ ਇਲਾਕਾ ਉਸ ਦੇ ਅਫ਼ਗਾਨ ਰਾਜ ਦਾ ਹਿੱਸਾ ਬਣ ਜਾਵੇਗਾ ਅਤੇ ਚਾਰ ਮਹੱਲ ਜਾਂ ਚਾਰ ਜ਼ਿਲਿਆਂ, ਸਿਆਲਕੋਟ, ਔਰੰਗਾਬਾਦ, ਗੁਜਰਾਤ ਅਤੇ ਪਸਰੂਰ ਦਾ ਮਾਲੀਆ, ਜੋ 14 ਲੱਖ ਰੁਪਏ ਸਾਲਾਨਾ ਦਾ ਮਿਥਿਆ ਗਿਆ ਸੀ, ਅਹਿਮਦ ਸ਼ਾਹ ਨੂੰ ਦਿੱਤਾ ਜਾਏਗਾ ਕਿਉਂਕਿ ਇਹ ਜ਼ਿਲ੍ਹੇ 1739 ਵਿਚ ਨਾਦਰਸ਼ਾਹ ਨੂੰ ਦੇ ਦਿੱਤੇ ਗਏ ਸਨ।[53] ਇਸ ਸੰਧੀ ਨਾਲ ਮੀਰ ਮਨੂੰ ਅਫ਼ਗਾਨ ਬਾਦਸ਼ਾਹ ਦਾ ਇਕ ਕਿਸਮ ਦਾ ਬਾਜਗੁਜ਼ਾਰ ਬਣ ਗਿਆ ਅਤੇ ਉਹ ਦਿੱਲੀ ਦੀ ਅਧੀਨਗੀ ਤੋਂ ਬਾਹਰ ਨਿਕਲ ਗਿਆ।

### ਸ਼ਾਹ ਨਿਵਾਜ਼ ਵਿਰੁੱਧ ਮੁਹਿੰਮ

ਜਿਵੇਂ ਸਾਨੂੰ ਪਤਾ ਹੀ ਹੈ ਵਜ਼ੀਰ ਸਫ਼ਦਰ ਜੰਗ ਮੀਰ ਮਨੂੰ ਦੀ ਵਧ ਰਹੀ ਸੱਤਾ ਨਾਲ ਈਰਖਾ

---

51. *ਸ਼ਾਹਨਾਮਾ-ਇ-ਅਹਿਮਦੀਆ*, ਪੰਨੇ 114-118; ਸੋਹਨ ਲਾਲ, ਪੰਨਾ 129; ਖ਼ੁਸ਼ਵਕਤ ਰਾਏ, ਪੰਨਾ 52.
52. *ਇਬਰਤਨਾਮਾ*, ਪੰਨਾ 241.
53. *ਸ਼ਾਹਨਾਮਾ-ਇ-ਅਹਿਮਦੀਆ*, ਪੰਨੇ 125-127; *ਬਿਆਨ-ਇ-ਵਾਕਈ*, ਪੰਨਾ 146; *ਤਹਿਮਾਸਨਾਮਾ* ਬੀ 4; ਅਲੀ-ਉਦ-ਦੀਨ, ਪੰਨਾ 241.

ਰਖਦਾ ਸੀ ਅਤੇ ਮਨੂੰ ਦੇ ਖੰਭ ਕੱਟ ਕੇ ਉਸ ਨੂੰ ਕਮਜ਼ੋਰ ਕਰਨਾ ਚਾਹੁੰਦਾ ਸੀ। ਉਸ ਨੇ ਕਾਬਲ ਦੇ ਪਿਛਲੇ ਗਵਰਨਰ ਨਸੀਰ ਖ਼ਾਂ ਨੂੰ, ਜੋ ਥੋੜ੍ਹੀ ਦੇਰ ਪਹਿਲਾਂ ਹੀ ਚਾਰ ਮਹੱਲਾਂ ਦਾ ਫ਼ੌਜਦਾਰ ਨਿਯੁਕਤ ਕੀਤਾ ਗਿਆ ਸੀ, ਮੀਰ ਮਨੂੰ ਦੇ ਵਿਰੁੱਧ ਭੜਕਾਇਆ ਤਾਂ ਜੋ ਉਸ ਦੀ ਸ਼ਕਤੀ ਘਟਾਈ ਜਾਏ ਪਰ ਉਸ ਨੂੰ ਆਪਣੇ ਇਨ੍ਹਾਂ ਯਤਨਾਂ ਵਿਚ ਸਫ਼ਲਤਾ ਪ੍ਰਾਪਤ ਨਾ ਹੋਈ। ਉਸ ਨੇ ਸ਼ਾਹ ਨਿਵਾਜ਼ ਖ਼ਾਂ ਨੂੰ ਮੁਲਤਾਨ ਦਾ ਗਵਰਨਰ ਨਿਯੁਕਤ ਕਰਵਾ ਦਿੱਤਾ ਜੋ ਲਾਹੌਰ ਤੋਂ ਵੱਖਰਾ ਪ੍ਰਾਂਤ ਸੀ। ਇਸ ਤਰ੍ਹਾਂ ਮੀਰ ਮਨੂੰ ਦੇ ਪ੍ਰਬੰਧਕੀ ਅਧਿਕਾਰ ਨੂੰ ਘਟਾ ਕੇ ਅੱਧਾ ਕਰ ਦਿੱਤਾ ਗਿਆ। ਸ਼ਾਹ ਨਿਵਾਜ਼ ਨੂੰ ਇਸ ਗੱਲ ਲਈ ਵੀ ਉਤਸਾਹ ਦਿੱਤਾ ਗਿਆ ਕਿ ਉਹ ਮੀਰ ਮਨੂੰ ਨੂੰ ਉਸ ਦੀ ਗਵਰਨਰੀ ਤੋਂ ਵੀ ਕੱਢ ਦੇਵੇ। ਇਹ ਆਦਮੀ 15,000 ਘੋੜ-ਸਵਾਰ ਅਤੇ ਪਿਆਦਾ ਸੈਨਾ ਲੈ ਕੇ ਮੁਲਤਾਨ ਪੁੱਜਾ ਅਤੇ ਉਸ (ਸ਼ਾਹ ਨਿਵਾਜ) ਨੇ ਮੀਰ ਮਨੂੰ ਨੂੰ ਲਿਖਿਆ ਕਿ ਉਸ ਨੂੰ ਲਾਹੌਰ ਵਿਚ ਆਪਣੇ ਪਿਤਾ ਦੇ ਮਕਬਰੇ ਦੀ ਯਾਤਰਾ ਕਰਨ ਦੀ ਆਗਿਆ ਦਿੱਤੀ ਜਾਵੇ। ਮਨੂੰ ਉਸ ਦੀ ਚਾਲ ਸਮਝ ਗਿਆ ਅਤੇ ਸ਼ਾਹ ਨਿਵਾਜ਼ ਵਿਰੁੱਧ ਲੜਾਈ ਲਈ ਤਿਆਰ ਹੋ ਗਿਆ।

ਕੌੜਾ ਮਲ ਦੀ ਸਲਾਹ ਤੇ ਮੀਰ ਮਨੂੰ ਨੇ ਸਿੱਖਾਂ ਨਾਲ ਰਜ਼ਾਮੰਦੀ ਕਰ ਲਈ ਅਤੇ ਨਾ ਕੇਵਲ ਉਨ੍ਹਾਂ ਨੂੰ ਰਾਮਰੌਣੀ[54] ਦਾ ਕਿਲ੍ਹਾ ਹੀ ਆਪਣੇ ਪਾਸ ਰਖਣ ਦੀ ਆਗਿਆ ਦੇ ਦਿੱਤੀ ਸਗੋਂ ਪੱਟੀ ਅਤੇ ਝਬਾਲ ਦੇ ਇਲਾਕੇ ਵਿਚ ਬਾਰਾਂ ਪਿੰਡਾਂ ਦੀ ਜਾਗੀਰ ਦੇ ਦਿੱਤੀ ਜਿਸ ਤੋਂ ਸਵਾ ਲੱਖ ਰੁਪਏ ਵਾਰਸ਼ਿਕ ਮਾਲੀਆ ਮਿਲਦਾ ਸੀ।[55]

ਉਸ ਨੇ ਫ਼ੌਜ ਦੇ ਕੇ ਕੌੜਾ ਮਲ ਨੂੰ ਮੁਲਤਾਨ ਵੱਲ ਭੇਜਿਆ। ਉਸ ਦੇ ਨਾਲ ਅਦੀਨਾ ਬੇਗ਼ ਅਤੇ ਖਵਾਜਾ ਇਬਰਾਹੀਮ ਖ਼ਾਂ ਦੀਆਂ ਫ਼ੌਜਾਂ ਵੀ ਸ਼ਾਮਿਲ ਸਨ ਅਤੇ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਥੱਲੇ ਸਿੱਖਾਂ ਦੀ ਨਵੀਂ ਭਰਤੀ ਕੀਤੀ ਫ਼ੌਜ ਵੀ ਸੀ। ਸਿੱਖਾਂ ਦੇ ਪਿਆਦਾ ਸੈਨਿਕਾਂ ਨੂੰ ਅੱਠ ਆਨੇ ਦਿਨ ਦੇ ਹਿਸਾਬ ਨਾਲ ਅਤੇ ਘੋੜ-ਸਵਾਰਾਂ ਨੂੰ ਇਕ ਰੁਪਿਆ ਪ੍ਰਤੀ ਘੋੜ-ਸਵਾਰ ਅਤੇ ਅਫ਼ਸਰ ਨੂੰ ਪੰਜ ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਪੈਸੇ ਦਿੱਤੇ ਜਾਂਦੇ ਸਨ। ਇਸ ਤੋਂ ਇਲਾਵਾ ਜੋ ਕੁਝ ਉਨ੍ਹਾਂ ਨੂੰ ਲੁੱਟ ਵਜੋਂ ਪ੍ਰਾਪਤ ਹੁੰਦਾ ਆਪਣੇ ਪਾਸ ਰਖ ਲੈਣ ਦੀ ਆਗਿਆ ਸੀ। ਸ਼ਾਹ ਨਿਵਾਜ਼ ਕੌੜਾ ਮਲ ਦੀ ਫ਼ੌਜ ਨਾਲ ਮੁਕਾਬਲਾ ਕਰਨ ਲਈ ਮੁਲਤਾਨ ਤੋਂ ਬਾਹਰ ਆਇਆ ਅਤੇ ਲੰਗਾਨਾਂ ਅਤੇ ਦੁੱਰਾਨਾ ਦੇ ਪਿੰਡਾਂ ਦੇ ਨੇੜੇ ਲੜਾਈ ਲੜੀ ਗਈ। ਸ਼ਾਹ ਨਿਵਾਜ਼ ਨੇ ਬਹੁਤ ਬਹਾਦਰੀ ਵਿਖਾਈ ਪਰ ਲੜਾਈ ਵਿਚ ਹਾਰ ਖਾ ਗਿਆ ਅਤੇ ਮਾਰਿਆ ਗਿਆ। ਉਸ ਦੀ ਮ੍ਰਿਤਕ ਦੇਹ ਨੂੰ ਸ਼ਮਸ ਤਬਰੇਜ਼ ਦੇ ਮਕਬਰੇ ਦੇ ਨੇੜੇ ਪੂਰੇ ਸਨਮਾਨਾਂ ਨਾਲ ਦਬਾਇਆ ਗਿਆ।

ਮੀਰ ਮਨੂੰ ਇਸ ਜਿੱਤ ਤੋਂ ਬਹੁਤ ਖ਼ੁਸ਼ ਹੋਇਆ ਅਤੇ ਉਸ ਨੇ ਆਪਣੇ ਜੇਤੂ ਨਾਇਬ ਕੌੜਾ ਮਲ ਦਾ ਬਹੁਤ ਸਨਮਾਨ ਕੀਤਾ। ਉਸ ਨੂੰ *'ਮਹਾਰਾਜਾ ਬਹਾਦਰ'* ਦਾ ਖ਼ਿਤਾਬ ਦਿੱਤਾ ਗਿਆ ਅਤੇ ਮੀਰ ਮਨੂੰ ਨੇ ਆਪਣੇ ਵੱਲੋਂ ਉਸ ਨੂੰ ਮੁਲਤਾਨ ਦਾ ਗਵਰਨਰ ਨਿਯੁਕਤ ਕਰ ਦਿੱਤਾ।[56]

---

54. ਇਸ ਸਮੇਂ ਤੋਂ ਗ਼ੈਰ-ਦਿਖਾਵੇਦਾਰ ਪਿਛੇਤਰ 'ਰੌਣੀ' ਅਰਥਾਤ ਇਹਾਤਾ, ਜੋ ਕੇਵਲ ਖ਼ਿਆਲੀਆ ਹੀ ਸੀ, ਛੱਡ ਦਿੱਤਾ ਗਿਆ ਤੇ ਉਸ ਦੀ ਥਾਂ *ਗੜ੍ਹ* ਦੀ ਵਰਤੋਂ ਕੀਤੀ ਜਾਣ ਲਗ ਪਈ ਜਿਸ ਦਾ ਭਾਵ ਹੈ *ਕਿਲ੍ਹਾ* ਅਤੇ ਉਸ ਥਾਂ ਦਾ ਨਾਂ ਰਾਮਗੜ੍ਹ ਰੱਖ ਦਿੱਤਾ ਗਿਆ।
55. ਰਤਨ ਸਿੰਘ, ਪੰਨਾ 315; *ਸ਼ਮਸ਼ੇਰ ਖਾਲਸਾ*, ਪੰਨਾ 112 ਵੀ ਦੇਖੋ।
56. *ਤਾਰੀਖ-ਇ-ਅਹਿਮਦ ਸ਼ਾਹੀ*, ਪੰਨੇ 23-24; *ਤਾਰੀਖ-ਇ-ਮੁਜ਼ੱਫ਼ਰੀ*, ਪੰਨਾ 457; ਅਲੀ-ਉਦ-ਦੀਨ, ਪੰਨਾ 238; ਰਤਨ ਸਿੰਘ, ਪੰਨਾ 316-317; ਸੋਹਨ ਲਾਲ, ਪੰਨੇ 129-131.

ਸਿੱਖ ਲਿਖਤਾਂ ਅਨੁਸਾਰ ਅਦੀਨਾ ਬੇਗ ਦੇ ਆਦਮੀ ਸਿੱਖਾਂ ਜਿਤਨੇ ਵਫ਼ਾਦਾਰ ਨਹੀਂ ਹੋਏ ਜੋ ਕੌੜਾ ਮੱਲ ਦੀ ਵਿਜੈ ਲਈ ਮੁੱਖ ਤੌਰ ਤੇ ਜ਼ਿੰਮੇਵਾਰ ਹਨ। ਫ਼ਾਰਸੀ ਦੇ ਲੇਖਕ ਇਸ ਜਿੱਤ ਦਾ ਮਾਣ ਕਸੂਰ ਦੇ ਅਫ਼ਗਾਨਾਂ ਨੂੰ ਦਿੰਦੇ ਹਨ। *(ਬਾਕੀ ਅਗਲੇ ਪੰਨੇ ਤੇ)*

## ਸਿੱਖਾਂ ਨੂੰ ਚੈਨ ਮਿਲਣ ਦਾ ਸਮਾਂ

ਸਿੱਖ ਆਪਣੇ ਮਿੱਤਰ ਕੌੜਾ ਮਲ ਤੇ ਖ਼ੁਸ਼ ਸਨ ਜਿਸ ਨੂੰ ਉਨ੍ਹਾਂ ਨੇ ਮਿੱਠਾ ਮਲ ਦੇ ਨਾਂ ਨਾਲ ਸੱਦਣਾ ਸ਼ੁਰੂ ਕਰ ਦਿੱਤਾ। ਉਸ ਨੇ ਦਰਬਾਰ ਸਾਹਿਬ (ਅੰਮ੍ਰਿਤਸਰ) ਨੂੰ ਸ਼ੁਕਰਾਨੇ ਵਜੋਂ 11,000 ਰੁਪਏ ਭੇਟ ਕੀਤੇ। ਪਵਿੱਤਰ ਸਰੋਵਰ, ਜਿਹੜਾ ਲਖਪਤ ਰਾਏ ਦੇ ਹੁਕਮ ਨਾਲ ਪੂਰ ਦਿੱਤਾ ਗਿਆ ਸੀ, ਮੁੜ ਪੁੱਟਿਆ ਅਤੇ ਸਾਫ਼ ਕੀਤਾ ਗਿਆ। ਇਸ ਨਾਲ ਸਿੱਖਾਂ ਨੂੰ ਆਪਣੇ ਹੱਥਾਂ ਨਾਲ ਸਰੋਵਰ ਵਿਚ ਕਾਰ ਸੇਵਾ ਕਰਨ ਦਾ ਮੌਕਾ ਮਿਲਿਆ ਅਤੇ ਉਨ੍ਹਾਂ ਨੇ 1749 ਈ. ਨੂੰ ਬੜੀ ਧੂਮ ਧਾਮ ਨਾਲ ਦੀਵਾਲੀ ਦਾ ਤਿਉਹਾਰ ਮਨਾਇਆ।[57] ਦੀਵਾਨ ਕੌੜਾ ਮੱਲ ਨੇ ਨਨਕਾਣਾ ਸਾਹਿਬ ਵਿਚ, ਜਿੱਥੇ ਗੁਰੂ ਨਾਨਕ ਦੇਵ ਜੀ ਨੇ ਆਪਣੇ ਬਚਪਨ ਦੇ ਦਿਨ ਬੱਚਿਆਂ ਨਾਲ ਖੇਡ ਕੇ ਲੰਘਾਏ ਸਨ, ਤਿੰਨ ਲੱਖ ਰੁਪਏ ਖ਼ਰਚ ਕਰਕੇ ਸਰੋਵਰ ਅਤੇ ਗੁਰਦੁਆਰਾ ਬਣਵਾਇਆ।[58]

ਹੁਣ ਸਿੱਖਾਂ ਲਈ ਅਮਨ-ਸ਼ਾਂਤੀ ਦਾ ਸਮਾਂ ਆ ਗਿਆ ਜਾਪਦਾ ਸੀ। ਲਗਪਗ ਡੇਢ ਵਰ੍ਹੇ ਤਕ ਉਨ੍ਹਾਂ ਨੂੰ ਕਿਸੇ ਨੇ ਨਹੀਂ ਛੇੜਿਆ। ਉਨ੍ਹਾਂ ਨੇ ਇਹ ਸਮਾਂ ਆਪਣੀ ਸ਼ਕਤੀ ਨੂੰ ਬਹਾਲ ਕਰਨ ਅਤੇ ਜੱਥੇਬੰਦੀ ਨੂੰ ਪੱਕੇ ਪੈਰੀਂ ਕਰਨ ਵਿਚ ਬਿਤਾਇਆ। ਹੁਣ ਸਿੱਖੀ ਦਾ ਭਾਵ ਮੌਤ ਨੂੰ ਸੱਦਾ ਦੇਣਾ ਨਹੀਂ ਸੀ ਰਿਹਾ ਸਗੋਂ ਇਹ ਸੁਰੱਖਿਅਤ ਅਤੇ ਚੰਗੇ ਜੀਵਨ ਦਾ ਸਾਧਨ ਸੀ। ਬਹੁਤ ਸਾਰੇ ਦੁਖੀ ਕਿਸਾਨ ਅਤੇ ਲਿਤਾੜੇ ਹੋਏ ਕੰਮੀ ਇਸ ਵਿਚ ਆ ਸ਼ਾਮਿਲ ਹੋਏ। ਅੰਮ੍ਰਿਤਧਾਰੀ ਖ਼ਾਲਸੇ ਦੀ ਗਿਣਤੀ ਵਿਚ ਵਾਧਾ ਹੋ ਗਿਆ ਅਤੇ ਉਹ ਦਲਾਂ ਦੇ ਵੱਖ-ਵੱਖ ਸਰਦਾਰਾਂ ਦੇ ਪਾਸ ਜਾ ਭਰਤੀ ਹੋਏ।

---

*(ਪਿਛਲੇ ਪੰਨੇ ਦਾ ਬਾਕੀ)*

ਇਸ ਘਟਨਾ ਦੀ ਮਿਤੀ, ਨਸੀਰ ਖ਼ਾਂ ਦੀ ਬਗ਼ਾਵਤ ਦੀ ਤਰ੍ਹਾਂ ਤੈ ਕਰਨੀ ਕੁਝ ਔਖੀ ਹੈ ਪਰ ਸਮਕਾਲੀ ਪੁਸਤਕਾਂ ਜਿਵੇਂ *ਤਾਰੀਖ਼-ਏ-ਅਹਿਮਦ ਸ਼ਾਹੀ* ਅਤੇ *ਤਹਿਮਾਸਨਾਮਾ* ਤੋਂ ਘਟਨਾਵਾਂ ਦੀ ਕ੍ਰਮਵਾਰ ਤਰਤੀਬ ਲਭਣੀ ਸੌਖੀ ਹੈ ਜਿਵੇਂ ਦੁੱਰਾਨੀ ਦੇ ਦੂਜੇ ਹਮਲੇ ਤੋਂ ਬਾਅਦ ਨਸੀਰ ਖ਼ਾਂ ਦੀ ਬਗ਼ਾਵਤ ਹੋ ਗਈ ਤੇ ਇਸ ਪਿੱਛੋਂ ਕੌੜਾ ਮੱਲ ਦੀ ਮੁਲਤਾਨ ਦੀ ਮੁਹਿੰਮ ਸੀ। *ਤਾਰੀਖ਼-ਇ-ਅਹਿਮਦ ਸ਼ਾਹੀ* ਵਿਚ ਇਹ ਵੀ ਲਿਖਿਆ ਹੋਇਆ ਹੈ ਕਿ ਦੁੱਰਾਨੀ ਨੇ 1751 ਦੀ ਪਤਝੜ ਦੀ ਰੁੱਤੇ ਭਾਰਤ ਦੇ ਆਪਣੇ ਤੀਜੇ ਹਮਲੇ ਤੇ ਆਉਣ ਤੋਂ ਪਹਿਲਾਂ ਮਨੂੰ ਤੋਂ ਤਿੰਨ ਸਾਲਾਂ ਲਈ ਬਣਦੇ ਬਕਾਏ ਦੇ 24 ਲੱਖ ਰੁਪਿਆਂ ਦੀ ਮੰਗ ਕੀਤੀ ਅਤੇ ਮਨੂੰ ਨੇ ਉੱਤਰ ਦਿੱਤਾ ਕਿ ਨਸੀਰ ਖ਼ਾਂ ਆਪਣਾ ਦੋ ਸਾਲਾਂ ਦਾ ਇੱਕਠਾ ਕੀਤਾ ਮਾਲੀਆ ਲੈ ਕੇ ਭੱਜ ਗਿਆ ਸੀ ਕਿਉਂਕਿ ਉਹ ਚਾਰ ਮਹੱਲਾਂ (ਪ੍ਰਬੰਧਕੀ ਖੰਡਾਂ) ਦਾ ਇਨਚਾਰਜ ਸੀ ਅਤੇ ਉਹ ਆਪਣੇ ਅਧੀਨ ਜਮੀਨ ਦਾ ਮਾਲੀਆ ਵੀ ਕੇਵਲ ਇਕ ਸਾਲ ਦਾ ਹੀ ਅਦਾ ਕਰ ਸਕਿਆ ਸੀ। ਹਰ ਸਾਲ ਲਈ ਮੁਕੱਰਰ ਰਕਮ 14 ਲੱਖ ਰੁਪਏ ਸੀ। ਇਸ ਤਰ੍ਹਾਂ ਤਿੰਨਾ ਸਾਲਾਂ ਲਈ ਬਣੀ ਕੁਲ ਰਕਮ 24 ਲੱਖ ਨਹੀਂ ਸੀ ਹੋ ਸਕਦੀ। ਇਹ ਰਕਮ ਦੋ ਸਾਲਾਂ ਤੋਂ ਘੱਟ ਸਮੇਂ ਲਈ ਬਣਦੀ ਸੀ। ਖ਼ੁਸ਼ਵਕਤ ਰਾਏ ਲਿਖਦਾ ਹੈ ਕਿ ਇਕ ਹੋਰ ਏਲਚੀ ਸੁਖ ਜੀਵਨ (ਜਿਸ ਨੂੰ 1750 ਈ. ਦੇ ਅਖੀਰ ਵਿਚ ਭੇਜਿਆ ਗਿਆ ਹੋਵੇਗਾ-ਭਾਵ ਦੁਰਾਨੀ ਦੇ ਖ਼ੁਰਾਸਾਂ ਵੱਲ ਜਾਣ ਤੋਂ ਪਹਿਲਾਂ) ਨੂੰ ਮਾਲੀਏ ਦਾ ਕੁਝ ਹਿੱਸਾ ਅਦਾ ਕਰ ਦਿੱਤਾ ਗਿਆ ਸੀ। ਇਸ ਤਰ੍ਹਾਂ ਇਹ ਜਾਪਦਾ ਹੈ ਕਿ ਤਿੰਨ ਸਾਲਾਂ ਦੇ ਮਾਲੀਏ ਦੇ ਬਕਾਏ ਦੀ ਮੰਗ ਵਧਾ ਚੜ੍ਹਾ ਕੇ ਦੱਸੀ ਗਈ ਸੀ ਅਤੇ ਇਹ ਅਸਲ ਵਿਚ ਢਾਈ ਸਾਲਾਂ ਲਈ ਹੋ ਸਕਦੀ ਸੀ ਅਰਥਾਤ 1749 ਈਸਵੀ ਦੀ ਬਹਾਰ ਰੁੱਤ (ਦੁਰਾਨੀ ਦੇ ਪੰਜਾਬ ਤੋਂ ਚਲੇ ਜਾਣ ਤੋਂ ਬਾਅਦ ਦੀ ਪਹਿਲੀ ਫ਼ਸਲ) ਤੋਂ ਲੈ ਕੇ 1751 ਈ. ਦੀ ਬਹਾਰ ਰੁੱਤ (ਹਾਰੂੰ ਖ਼ਾਂ ਦੇ ਪੁੱਜਣ ਤੋਂ ਪਹਿਲਾਂ ਜੋ ਆਖ਼ਰੀ ਫਸਲ ਪ੍ਰਾਪਤ ਕੀਤੀ ਗਈ ਸੀ) ਤਕ। ਨਸੀਰ ਖ਼ਾਂ ਨੇ ਅਪ੍ਰੈਲ 1748 ਈ. ਤੋਂ ਛੇਤੀ ਬਾਅਦ, ਜਦੋਂ ਮੀਰ ਮਨੂੰ ਲਾਹੌਰ ਆਇਆ, ਚਾਰਜ ਸੰਭਾਲ ਲਿਆ ਅਤੇ ਉਸ ਨੂੰ 1749 ਦੀ ਗਰਮੀਆਂ ਦੀ ਰੁੱਤ ਵਿਚ ਜ਼ਰੂਰ ਇਥੋਂ ਕੱਢ ਦਿੱਤਾ ਗਿਆ ਹੋਵੇਗਾ ਅਤੇ ਸ਼ਾਹ ਨਿਵਾਜ਼ ਖ਼ਾਂ ਜ਼ਰੂਰ ਹੀ ਉਸੇ ਸਾਲ ਸਤੰਬਰ ਜਾਂ ਅਕਤੂਬਰ ਵਿਚ ਮਾਰਿਆ ਗਿਆ ਹੋਵੇਗਾ। ਰਤਨ ਸਿੰਘ ਵੀ ਉਸੇ ਮਿਤੀ ਨਾਲ ਸਹਿਮਤ ਹੈ। ਗਿਆਨ ਸਿੰਘ ਆਪਣੇ *ਪੰਥ ਪ੍ਰਕਾਸ਼* (ਪੰਨਾ 662) ਵਿਚ ਲਿਖਦਾ ਹੈ, ਕਿ ਪੈਂਤੀ ਲੱਖ ਰੁਪਏ ਦੀ ਰਕਮ ਬਣੀ ਸੀ ਤੇ ਅਤੇ ਮਾਲੀਏ ਦਾ ਬਕਾਇਆ ਢਾਈ ਸਾਲਾਂ ਦਾ ਸੀ।

57. *ਸ਼ਮਸ਼ੇਰ ਖ਼ਾਲਸਾ*, ਪੰਨੇ 111-112.
58. ਰਾਮਜਸ, *ਤਵਾਰੀਖ਼-ਇ-ਰਿਆਸਤ ਕਪੂਰਥਲਾ*, ਪੰਨਾ 14.

## ਅਹਿਮਦ ਸ਼ਾਹ ਦਾ ਤੀਜਾ ਹਮਲਾ

ਅਮਨ ਦਾ ਇਹ ਸਮਾਂ ਛੇਤੀ ਹੀ ਖ਼ਤਮ ਹੋ ਗਿਆ ਜਦੋਂ ਕਿ ਭਾਰਤ ਵਿਚ ਖ਼ਬਰ ਪਹੁੰਚੀ ਕਿ ਦੁੱਰਾਨੀ ਆਪਣੇ ਤੀਜੇ ਹਮਲੇ ਤੇ ਆ ਰਿਹਾ ਸੀ। ਦੁੱਰਾਨੀ ਨੂੰ ਇਹ ਸ਼ਿਕਾਇਤ ਸੀ ਕਿ ਲਾਹੌਰ ਵੱਲੋਂ ਬਣਦੇ ਕਰ ਦੀ ਬਾਕਾਇਦਾ ਅਦਾਇਗੀ ਨਹੀਂ ਸੀ ਕੀਤੀ ਜਾ ਰਹੀ। ਉਸ ਨੇ ਆਪਣੀ ਪ੍ਰਤੀਨਿਧ ਸੁਖ ਜੀਵਨ ਨੂੰ 1751 ਈ. ਦੇ ਆਖੀਰ ਵਿਚ ਲਾਹੌਰ ਭੇਜਿਆ ਪਰ ਮੀਰ ਮਨੂੰ ਨੇ ਉਸ ਨੂੰ ਥੋੜ੍ਹੀ ਜਿਹੀ ਰਕਮ ਦੇ ਕੇ ਟਾਲ ਦਿੱਤਾ। ਹੁਣ ਹਾਰੂੰ ਖ਼ਾਂ ਨੂੰ ਉਸੇ ਮਨੋਰਥ ਲਈ ਭੇਜਿਆ ਗਿਆ। ਉਹ ਅਕਤੂਬਰ 1751 ਦੇ ਪਹਿਲੇ ਹਫ਼ਤੇ ਲਾਹੌਰ ਪੁੱਜਾ ਅਤੇ 24 ਲੱਖ ਰੁਪਏ ਦੇ ਬਕਾਏ ਦੀ ਮੰਗ ਕੀਤੀ। ਮੀਰ ਮਨੂੰ ਨੇ ਦੀਵਾਨ ਕੌੜਾ ਮੱਲ ਦੇ ਪਹੁੰਚਣ ਲਈ ਸਮਾਂ ਪ੍ਰਾਪਤ ਕਰਨ ਦੇ ਮਨੋਰਥ ਨਾਲ ਗੱਲ ਬਾਤ ਲਮਕਾ ਦਿੱਤੀ। ਕੌੜਾ ਮੱਲ ਨੂੰ ਆਪਣੀ ਫ਼ੌਜ ਸਮੇਤ ਤੁਰੰਤ ਲਾਹੌਰ ਪੁੱਜਣ ਲਈ ਆਦੇਸ਼ ਭੇਜਿਆ ਗਿਆ ਸੀ। ਉਸ ਦੇ ਪਹੁੰਚਣ ਤੇ ਮੀਰ ਮਨੂੰ ਨੇ ਆਪਣੀ ਸਥਿਤੀ ਨੂੰ ਕਾਫੀ ਸ਼ਕਤੀਸ਼ਾਲੀ ਅਨੁਭਵ ਕੀਤਾ ਤੇ ਉਸ ਨੇ ਅਫ਼ਗਾਨ ਦੂਤ ਨੂੰ ਇਹ ਦੱਸ ਦਿੱਤਾ ਕਿ ਸ਼ਾਹ ਵੱਲੋਂ ਮੰਗੀ ਰਕਮ ਦੀ ਅਦਾਇਗੀ ਨਹੀਂ ਸੀ ਕੀਤੀ ਜਾ ਸਕਦੀ। ਇਸ ਸੰਬੰਧੀ ਬਹਾਨਾ ਇਹ ਪੇਸ਼ ਕੀਤਾ ਗਿਆ ਕਿ ਨਸੀਰ ਖ਼ਾਂ ਨੇ ਜਦੋਂ ਉਹ ਚਾਰ ਮਹੱਲਾਂ (ਇਲਾਕਿਆਂ) ਦਾ ਇਨਚਾਰਜ ਸੀ ਤਾਂ ਉਸ ਨੇ ਇਕੱਠਾ ਕੀਤਾ ਸਾਰਾ ਮਾਲੀਆ ਫ਼ਜ਼ੂਲ ਖਰਚਾਂ ਵਿਚ ਉਡਾ ਦਿੱਤਾ ਸੀ। ਉਸ ਤੋਂ ਬਾਅਦ ਮੀਰ ਮਨੂੰ ਦੇ ਅਧੀਨ ਕੇਵਲ ਤਿੰਨ ਫ਼ਸਲਾਂ ਹੀ ਇਕੱਠੀਆਂ ਕੀਤੀਆਂ ਗਈਆਂ ਸਨ। ਸੁਖ ਜੀਵਨ ਰਾਹੀਂ ਜੋ ਪਹਿਲਾਂ ਅਦਾਇਗੀ ਕੀਤੀ ਜਾ ਚੁੱਕੀ ਸੀ ਉਸ ਨੂੰ ਕੱਟ ਕੇ ਸਿਰਫ਼ ਇਕ ਸਾਲ ਦਾ ਹੀ ਕਰ ਲਾਹੌਰ ਸਰਕਾਰ ਵੱਲ ਬਣਦਾ ਸੀ। ਜੇ ਇਹ ਪ੍ਰਵਾਨ ਹੋਵੇ ਤਾਂ ਸ਼ਾਹ ਨੂੰ ਇਹ ਕਰ ਭੇਜਿਆ ਜਾ ਸਕਦਾ ਹੈ। ਜੇ ਪ੍ਰਵਾਨ ਨਾ ਹੋਵੇ ਤਾਂ ਇਹ ਮਸਲਾ ਕੇਵਲ ਤਲਵਾਰ ਨਾਲ ਤਹਿ ਹੋ ਸਕਦਾ ਹੈ।[59]

ਮੀਰ ਮਨੂੰ, ਜੋ ਦਿੱਲੀ ਤੋਂ ਪਹਿਲਾਂ ਹੀ ਸੁਤੰਤਰ ਸੀ ਹੁਣ ਕਾਬੁਲ ਦੇ ਅਧਿਕਾਰ ਤੋਂ ਵੀ ਸੁਤੰਤਰ ਹੋਣ ਲਈ ਇਕ ਕਰਾਰੀ ਚੋਟ ਮਾਰਨੀ ਚਾਹੁੰਦਾ ਸੀ। ਉਸ ਨੇ ਹਮਲਾਆਵਰ ਵਿਰੁੱਧ ਲੜਨ ਲਈ ਭਾਰੀ ਸੈਨਾ ਨਿਯੁਕਤ ਕੀਤੀ ਅਤੇ ਇਸ ਕੰਮ ਵਿਚ ਉਸ ਨੇ ਮੁੱਖ ਤੌਰ ਤੇ ਦੀਵਾਨ ਕੌੜਾ ਮਲ ਤੇ ਭਰੋਸਾ ਰਖਿਆ। ਕੌੜਾ ਮਲ ਨੇ ਇਸ ਇਕਰਾਰ ਉੱਤੇ 20,000[60] ਸਿੱਖਾਂ ਨੂੰ ਭਰਤੀ ਕੀਤਾ ਕਿ ਹਮਲਾਆਵਰ ਨੂੰ, ਇਥੋਂ ਬਾਹਰ ਕੱਢ ਦੇਣ ਤੋਂ ਬਾਅਦ ਸਿੱਖਾਂ ਨੂੰ ਪੜ੍ਹੋਲ, ਕਠੂਆ, ਬਸੋਲੀ ਅਤੇ ਆਲੇ ਦੁਆਲੇ ਦੇ ਦੂਨ ਜਾਂ ਵਾਦੀਆਂ ਉੱਤੇ ਕਬਜ਼ਾ ਕਰਨ ਦੀ ਆਗਿਆ ਦੇ ਦਿੱਤੀ ਜਾਏਗੀ। ਮਾੜੀ ਕੰਬੋ ਪਿੰਡ ਦੇ ਸੰਗਤ ਸਿੰਘ ਅਤੇ ਸੁੱਖਾ ਸਿੰਘ ਦੀ ਅਗਵਾਈ ਵਿਚ ਸਿੱਖ ਲਾਹੌਰ ਦੇ ਸ਼ਾਲਾਮਾਰ ਬਾਗ਼ ਦੇ ਲਾਗੇ ਇਕੱਠੇ ਹੋਏ। ਉਥੋਂ ਉਨ੍ਹਾਂ ਨੂੰ ਸ਼ਹਿਰ ਵਿਚ ਲਿਜਾਇਆ ਗਿਆ ਜਿੱਥੇ ਉਨ੍ਹਾਂ ਨੇ ਯੱਕੀ ਦਰਵਾਜੇ ਦੇ ਲਾਗੇ ਆਪਣੇ ਆਪ ਨੂੰ ਮੋਰਚਾਬੰਦ ਕਰ ਲਿਆ। ਦੂਜੇ ਦਰਵਾਜ਼ਿਆਂ ਦੀ ਰੱਖਿਆ ਲਈ ਵੀ ਇਸੇ ਤਰ੍ਹਾਂ ਦੇ ਪ੍ਰਬੰਧ ਕੀਤੇ ਗਏ ਸਨ। ਸ਼ਹਿਰ ਨੂੰ ਨਾਇਬ ਗਵਰਨਰ ਇਵਜ਼ ਖ਼ਾਂ ਦੇ ਚਾਰਜ ਵਿਚ ਛੱਡ ਦਿੱਤਾ ਗਿਆ ਸੀ।[61]

---

59. *S. P. D (Selection from Peshawa Daftars (*Persian), Misc. papers 4-5; *ਤਾਰੀਖ-ਇ-ਅਹਿਮਦ ਸ਼ਾਹੀ*, 29 ਏ; ਸੋਹਨ ਲਾਲ, ਜਿਲਦ ਪਹਿਲੀ, ਪੰਨੇ 132-33. ਪੰਨਾ 141 ਦਾ ਫੁਟਨੋਟ 3 ਵੀ ਵੇਖੋ।
60. ਸ਼ੁਰੂ ਵਿਚ ਗਨੀਏ-ਕੇ ਦੇ ਸਥਾਨ ਤੇ 30,000 ਸਿੱਖ ਇਕੱਠੇ ਹੋਏ ਪਰ ਹਰੀ ਸਿੰਘ ਭੰਗੀ ਦੇ 10,000 ਸਾਥੀਆਂ ਦੇ ਛੱਡ ਜਾਣ ਨਾਲ ਗਿਣਤੀ ਘੱਟ ਗਈ। ਇਸ ਆਦਮੀ ਨੇ ਖ਼ੁਸ਼ਾਲ ਸਿੰਘ ਰਾਮਗੜ੍ਹੀਆ ਨੂੰ ਛਲ ਫਰੇਬ ਨਾਲ ਮਾਰ ਦਿੱਤਾ ਸੀ ਜਿਸ ਤੋਂ ਖਾਲਸੇ ਨੂੰ ਬੜਾ ਰੋਹ ਚੜ੍ਹਿਆ ਸੀ। ਇਸ ਗੱਲ ਤੋਂ ਡਰ ਕੇ, ਕਿ ਉਹ ਉਸ ਉੱਤੇ ਹਮਲਾ ਨਾ ਕਰ ਦੇਣ ਉਹ ਆਪਣੇ ਆਦਮੀਆਂ ਸਮੇਤ ਉਥੋਂ ਚਲਾ ਗਿਆ ਸੀ।
61. ਸੋਹਨ ਲਾਲ, ਜਿਲਦ ਪਹਿਲੀ, ਪੰਨਾ 129; ਰਤਨ ਸਿੰਘ, ਪੰਨੇ 318-320.

ਨਵੰਬਰ 1751 ਦੇ ਮੱਧ ਵਿਚ, ਜਦੋਂ ਕਿ ਸ਼ਾਹ ਪਿਸ਼ਾਵਰ ਵਿਚ ਸੀ, ਸਰਦਾਰ ਜਹਾਨ ਖ਼ਾਂ ਦੀ ਅਗਵਾਈ ਵਿਚ ਆ ਰਹੀ ਅਗਾਊ ਸੈਨਾ ਅਟਕ ਤੋਂ ਚਲ ਕੇ ਰੋਹਤਾਸ ਪੁੱਜ ਗਈ ਸੀ। ਇਸ ਖ਼ਬਰ ਤੋਂ ਪੋਂਡੂ ਇਲਾਕੇ ਵਿਚ ਡਰ ਫੈਲ ਗਿਆ। ਮੀਰ ਮਨੂੰ ਨੇ ਹਮਲਾਆਵਰ ਨੂੰ ਖ਼ੁਸ਼ ਕਰਨ ਲਈ ਕਰ ਦੀ ਅੰਸ਼ਕ ਅਦਾਇਗੀ ਵਜੋਂ ਨੌਂ ਲੱਖ ਰੁਪਏ ਭੇਜ ਦਿੱਤੇ। ਦੁੱਰਾਨੀ ਹਮਲਾਆਵਰ ਨੇ ਉਹ ਰਕਮ ਕਾਬੂ ਕੀਤੀ ਅਤੇ ਅਗਾਂਹ ਵਧਦਾ ਆਇਆ ਅਤੇ 4 ਦਸੰਬਰ, 1751 ਨੂੰ ਵਜ਼ੀਰਾਬਾਦ ਦੇ ਲਾਗੇ ਕੋਟਲਾ ਸਯਦਾਂ ਵਿਚ ਪਹੁੰਚ ਗਿਆ। ਮੀਰ ਮਨੂੰ ਨੇ ਦਰਿਆ ਰਾਵੀ ਨੂੰ ਪਾਰ ਕੀਤਾ ਅਤੇ ਸਰਾਏ ਬਲਖੀਆਂ ਦੇ ਅਸਥਾਨ ਤੇ ਆਪਣੇ ਮੋਰਚੇ ਸੰਭਾਲ ਲਏ। ਇਹ ਥਾਂ ਸ਼ਾਹਦਰੇ ਤੋਂ ਉੱਤਰ-ਪੂਰਬ ਵੱਲ ਚਾਰ ਮੀਲਾਂ ਦੀ ਵਿੱਥ ਤੇ ਸੀ। ਜਹਾਨ ਖ਼ਾਂ ਆਪਣੀਆਂ ਵਿਰਤੂ ਪਾਰਟੀਆਂ ਸਮੇਤ ਅੱਗੇ ਆਇਆ ਅਤੇ ਮੀਰ ਮਨੂੰ ਦੀਆਂ ਫ਼ੌਜਾਂ ਨਾਲ ਛੋਟੀਆਂ ਛੋਟੀਆਂ ਝਪਟਾਂ ਹੋਈਆਂ।[62]

ਇਨ੍ਹਾਂ ਝੜਪਾਂ ਵਿਚੋਂ ਇਕ ਝੜਪ ਵਿਚ ਸਿੱਖ ਫ਼ੌਜ ਦਾ ਆਗੂ ਸੁੱਖਾ ਸਿੰਘ ਮਾਰਿਆ ਗਿਆ। ਉਸ ਨੇ ਨਿਹੰਗਾਂ ਦੇ ਇਕ ਛੋਟੇ ਜੱਥੇ ਦਰਿਆ ਰਾਵੀ ਪਾਰ ਕੀਤਾ ਸੀ ਅਤੇ ਅਚਾਨਕ ਅਫ਼ਗਾਨਾਂ ਦੀ ਇਕ ਭਾਰੀ ਫ਼ੌਜ ਨਾਲ ਉਸ ਦਾ ਟਾਕਰਾ ਹੋ ਗਿਆ। ਉਹ ਆਪਣੇ ਕੁਝ ਮੁੱਠੀ ਭਰ ਆਦਮੀਆਂ ਨਾਲ ਅਫ਼ਗਾਨ ਫ਼ੌਜ ਦਾ ਮੁਕਾਬਲਾ ਨਹੀਂ ਸੀ ਕਰ ਸਕਦਾ ਅਤੇ ਨਾ ਹੀ ਸਿੱਖ ਹੋਣ ਦੇ ਨਾਤੇ ਉਸ ਨੇ ਲੜਾਈ ਤੋਂ ਪਿੱਠ ਮੋੜਨੀ ਪਸੰਦ ਕੀਤੀ। ਉਸ ਨੇ ਦੁਸ਼ਮਣ ਦਾ ਟਾਕਰਾ ਕਰਨ ਅਤੇ ਬਹਾਦਰੀ ਨਾਲ ਹਮਲੇ ਨੂੰ ਆਪਣੇ ਉੱਤੇ ਝੱਲਣ ਦਾ ਫੈਸਲਾ ਕੀਤਾ। ਅਫ਼ਗਾਨਾਂ ਦੀਆਂ ਚਾਰ ਸੈਨਿਕ ਟੁਕੜੀਆਂ ਵਿਚੋਂ, ਜਿਨ੍ਹਾਂ ਨੇ ਉਸ ਉੱਪਰ ਹਮਲਾ ਕੀਤਾ ਸੀ, ਉਹ ਇਕ ਨੂੰ ਪਿੱਛੇ ਧਕਣ ਦੇ ਯੋਗ ਹੋ ਗਿਆ ਅਤੇ ਫਿਰ ਬਾਕੀ ਦੀਆਂ ਟੁੱਕੜੀਆਂ ਤੋਂ ਘਿਰ ਗਿਆ। ਉਹ ਆਪਣੇ ਕੁਝ ਸਾਥੀਆਂ ਸਮੇਤ ਲੜਦਾ ਹੋਇਆ ਮਾਰਿਆ ਗਿਆ। ਬਾਕੀ ਬਚਦੇ ਨਿਹੰਗ ਵਰ੍ਹਦੀ ਅੱਗ ਵਿਚ ਪਿੱਛੇ ਮੁੜੇ ਅਤੇ ਕੁਝ ਗ਼ਲਤ ਫ਼ਹਿਮੀ ਹੋਣ ਕਰਕੇ ਸ਼ਹਿਰ ਦੀਆਂ ਦੀਵਾਰਾਂ ਤੋਂ ਉਨ੍ਹਾਂ ਉੱਤੇ ਗੋਲੀਆਂ ਦਾ ਮੀਂਹ ਵਰ੍ਹਾਇਆ ਗਿਆ। ਉਨ੍ਹਾਂ ਲੋਕਾਂ ਦੇ ਹੱਥੋਂ ਜਿਨ੍ਹਾਂ ਦੇ ਬਚਾਊ ਦੀ ਖ਼ਾਤਰ ਉਨ੍ਹਾਂ ਨੇ ਆਪਣੀਆਂ ਜਾਨਾਂ ਖ਼ਤਰੇ ਵਿਚ ਪਾਈਆਂ ਸਨ ਅਜਿਹੇ ਵਰਤਾਊ ਤੋਂ ਮਾਯੂਸ ਹੋਕੇ ਇਹ ਨਿਹੰਗ ਅਤੇ ਕੁਝ ਹੋਰ ਆਦਮੀ ਸ਼ਹਿਰ ਛੱਡ ਕੇ ਆਪਣੇ ਡੇਰਿਆਂ ਨੂੰ ਚਲੇ ਗਏ।[63]

ਸਿੱਧੇ ਰਸਤੇ ਸ਼ਹਿਰ ਤਕ ਪੁੱਜਣ ਦੀ ਕੋਈ ਸੰਭਾਵਨਾ ਨਾ ਦੇਖ ਕੇ ਦੁੱਰਾਨੀ ਹਮਲਾਆਵਰ ਨੂੰ ਇਕ ਬੜੀ ਸਾਜ਼ਸ਼ੀ ਵਿਉਂਤ ਸੁਝੀ।[64] ਆਪਣੇ ਡੇਰੇ ਨੂੰ ਉਸੇ ਤਰ੍ਹਾਂ ਛੱਡ ਕੇ ਉਸ ਨੇ ਇਕ ਫੇਰ ਘੇਰੇ ਵਾਲਾ ਰਸਤਾ ਧਾਰਨ ਕੀਤਾ ਅਤੇ ਚੁਪ ਚਾਪ ਗਾਜ਼ੀਪੁਰ ਦੇ ਸਥਾਨ ਤੇ ਰਾਵੀਂ ਨੂੰ ਪਾਰ ਕਰਕੇ ਜਨਵਰੀ 1752 ਦੇ ਮੱਧ ਵਿਚ ਸ਼ਾਲਾਮਰ ਦੇ ਉੱਤਰਪੂਰਬ ਵੱਲ ਮਹਿਮੂਦ ਬੂਟੀ ਦੇ ਸਥਾਨ ਤੇ ਅਚਾਨਕ ਆ ਨਿਕਲਿਆ। ਇਸ ਤਰ੍ਹਾਂ ਪਾਸਿਆਂ ਤੋਂ ਘਿਰ ਜਾਣ ਕਾਰਣ ਮੀਰ ਮਨੂੰ ਤੁਰੰਤ ਲਾਹੌਰ ਮੁੜ ਆਇਆ ਤੇ ਜਹਾਨ ਖ਼ਾਂ ਆਪਣੇ ਮਾਲਕ ਅਹਿਮਦ ਸ਼ਾਹ ਨਾਲ ਮਿਲਣ ਲਈ ਸੁਤੰਤਰ ਹੋ ਗਿਆ। ਅਹਿਮਦ ਸ਼ਾਹ ਪਾਸ ਕੋਈ ਭਾਰੀ ਤੋਪਾਂ ਨਹੀਂ ਸਨ। ਉਹ ਸ਼ਹਿਰ ਨੂੰ ਨਾ ਉਡਾ ਸਕਿਆ ਤੇ ਨਾ ਹੀ ਆਮ ਸੈਨਿਕ ਕਾਰਵਾਈ ਦਾ ਖ਼ਤਰਾ ਸਹੇੜ ਸਕਿਆ। ਮੀਰ ਮਨੂੰ ਵੀ ਆਪਣੇ ਆਪ ਨੂੰ ਇਤਨਾ ਤਕੜਾ ਨਹੀਂ ਸੀ ਸਮਝਦਾ ਕਿ ਇਕ ਖੁਲ੍ਹੀ ਲੜਾਈ ਲਈ ਅਗਾਂਹ ਨਿੱਤਰ ਆਉਂਦਾ। ਇਹ ਲਈ ਬਿਨਾਂ ਕਿਸੇ ਨਿਰਨੇ ਦੇ ਲੜਾਈ ਢਿੱਲੀ ਮੱਠੀ ਚਲਦੀ ਰਹੀ। ਅਫ਼ਗਾਨਾਂ ਨੇ ਸਾਰਾ ਦਿਹਾਤੀ ਇਲਾਕਾ ਬਰਬਾਦ ਕਰ ਦਿੱਤਾ

---

62. *ਤਹਿਮਾਸਨਾਮਾ*, ਬੀ 10; *ਤਾਰੀਖ-ਇ-ਅਹਿਮਦ ਸ਼ਾਹੀ*, ਪੰਨਾ 29. S. P. D. (Persian), pp. 12-14.
63. ਰਤਨ ਸਿੰਘ, ਪੰਨੇ 320-321.
64. ਸੋਹਨ ਲਾਲ, ਜਿਲਦ ਪਹਿਲੀ, ਪੰਨਾ 133.

ਅਤੇ ਤਿੰਨ ਮੰਜ਼ਲਾਂ ਦੀ ਦੂਰੀ ਤਕ ਰਾਹ ਵਿਚ ਦੀਵੇ ਵਾਲਾ ਕੋਈ ਘਰ ਨਹੀਂ ਸੀ ਦਿਸਦਾ ਅਤੇ ਅਨਾਜ ਵੀ ਬਹੁਤ ਮਹਿੰਗਾ ਹੋ ਗਿਆ। ਆਟਾ ਦੋ ਰੁਪਏ ਸੇਰ ਦੇ ਹਿਸਾਬ ਨਾਲ ਵਿਕਦਾ ਸੀ ਜਦ ਕਿ ਪਸ਼ੂਆਂ ਲਈ ਚਾਰਾ ਇਸ ਭਾਅ ਵੀ ਨਹੀਂ ਸੀ ਮਿਲਦਾ। ਲੋਕਾਂ ਨੇ ਆਪਣੀਆਂ ਛੱਤਾਂ ਉੱਤੇ ਪਾਏ ਘਾਹ ਫੂਸ ਨੂੰ ਆਪਣੇ ਪਸ਼ੂਆਂ ਦੇ ਚਾਰੇ ਵਜੋਂ ਵਰਤਣ ਲਈ ਆਪਣੇ ਘਰ ਢਾਹ ਸੁੱਟੇ।[65]

ਇਸ ਤਰ੍ਹਾਂ ਦੀ ਸਥਿਤੀ ਬਹੁਤੀ ਦੇਰ ਤਕ ਬਰਦਾਸ਼ਤ ਨਹੀਂ ਸੀ ਕੀਤੀ ਜਾ ਸਕਦੀ ਅਤੇ ਗਵਰਨਰ ਯੁੱਧ-ਸਭਾ ਬੁਲਾਉਣ ਲਈ ਮਜਬੂਰ ਹੋ ਗਿਆ। ਭਿਖਾਰੀ ਖ਼ਾਂ ਵਰਗੇ ਕੁਝ ਲੋਕ ਹਰ ਕੀਮਤ ਤੇ ਅਮਨ ਕਾਇਮ ਰੱਖਣ ਦੇ ਹੱਕ ਵਿਚ ਸਨ। ਅਦੀਨਾ ਬੇਗ਼ ਜੋ ਆਪਣਾ ਹੀ ਮਤਲਬ ਸਿੱਧ ਕਰਨਾ ਚਾਹੁੰਦਾ ਸੀ, ਦੁੱਰਾਨੀ ਉੱਤੇ ਇਕ ਭਾਰੀ ਹਮਲੇ ਦਾ ਹਾਮੀ ਸੀ। ਕੌੜਾ ਮੱਲ ਇਸ ਦੇ ਵਿਰੁੱਧ ਸੀ ਕਿਉਂਕਿ ਉਹ ਸਮਝਦਾ ਸੀ ਕਿ ਲਾਹੌਰ ਦੀਆਂ ਫ਼ੌਜਾਂ ਨਾ-ਤਜਰਬਾਕਾਰ ਸੈਨਿਕ ਟੁਕੜੀਆਂ ਹਨ ਅਤੇ ਉਹ ਸ਼ਾਹ ਦੀਆਂ ਤਜਰਬਾਕਾਰ ਫ਼ੌਜਾਂ ਦਾ ਟਾਕਰਾ ਨਹੀਂ ਕਰ ਸਕਦੀਆਂ। ਉਹ ਗਰਮੀਆਂ ਦੀ ਰੁੱਤ ਤਕ ਉਡੀਕ ਕਰਨ ਦੇ ਹੱਕ ਵਿਚ ਸੀ ਜੋ ਬਹੁਤ ਦੂਰ ਨਹੀਂ ਸੀ ਕਿਉਂਕਿ ਅਫ਼ਗਾਨਾਂ ਲਈ ਜੋ ਠੰਡੀ ਆਬੋ ਹਵਾ ਦੇ ਆਦੀ ਸਨ, ਗਰਮੀਆਂ ਵਿਚ ਮੈਦਾਨਾਂ ਦੀ ਧੁੱਪ ਅਤੇ ਹਵਾ (ਲੂ) ਨੂੰ ਸਹਿ ਨਹੀਂ ਸੀ ਸਕਦੇ ਪਰ ਜੋਸ਼ੀਲੇ ਅਤੇ ਨੌਜਵਾਨ ਗਵਰਨਰ ਨੇ ਇਸ ਸਿਆਣੀ ਸਲਾਹ ਦੀ ਪਰਵਾਹ ਨਾ ਕੀਤੀ ਅਤੇ ਫੌਰੀ ਤੌਰ ਤੇ ਸੈਨਿਕ ਕਾਰਵਾਈ ਕਰਨ ਦਾ ਫੈਸਲਾ ਕੀਤਾ। ਅਗਲੇ ਦਿਨ ਹੀ 6 ਮਾਰਚ, 1752 ਨੂੰ ਉਸ ਨੇ ਮਹਮੂਦ ਬੂਟੀ ਦੇ ਸਥਾਨ ਤੇ ਹਮਲਾ ਕਰ ਦਿੱਤਾ ਅਤੇ ਹਾਰ ਖਾਧੀ। ਲੜਾਈ ਵਿਚ ਦੀਵਾਨ ਕੌੜਾ ਮਲ ਇਕ ਗੋਲੀ ਲਗਣ ਨਾਲ ਮਾਰਿਆ ਗਿਆ ਜੋ ਦੁਸ਼ਮਣਾਂ ਭਾਵ ਦੁੱਰਾਨੀ ਦੇ ਆਦਮੀਆਂ ਵਲੋਂ ਨਹੀਂ ਸੀ ਲੱਗੀ ਸਗੋਂ ਅਦੀਨਾ ਬੇਗ਼ ਦੇ ਹੀ ਇਕ ਏਜੰਟ ਵੱਲੋਂ ਮਾਰੀ ਗਈ ਸੀ ਜੋ ਕਸੂਰ ਦਾ ਇਕ ਪਠਾਣ ਸੀ ਅਤੇ ਜਿਸ ਦਾ ਨਾਂ ਬਾਯਜ਼ੀਦ ਖ਼ਾਂ ਸੀ।[66] ਸਿੱਖ ਸੈਨਿਕ ਟੁਕੜੀ ਦਾ ਆਗੂ ਸੰਗਤ ਸਿੰਘ ਵੀ ਉਸੇ ਵੇਲੇ ਮਾਰਿਆ ਗਿਆ ਸੀ। ਸ਼ਹਿਰ ਨੂੰ ਘੇਰਾ ਪੈ ਗਿਆ ਅਤੇ ਇਸੇ ਦੇ ਬਾਹਰਲੇ ਹਿੱਸੇ ਦੇ ਲੋਕਾਂ ਨੂੰ ਲੁੱਟ ਲਿਆ ਗਿਆ ਪਰ ਮੀਰ ਮਨੂੰ ਹਾਲੇ ਵੀ ਹਥਿਆਰ ਸੁੱਟਣ ਨੂੰ ਤਿਆਰ ਨਹੀਂ ਸੀ। ਦੋਨੀਂ ਪਾਸੀਂ ਮੁਸਲਮਾਨਾਂ ਦਾ ਕਤਲ ਦੇਖ ਕੇ ਸ਼ਾਹ ਨੇ ਉਸ ਨੂੰ ਲਿਖਿਆ ਕਿ ਉਸ ਨੇ ਤਾਂ ਹਿੰਦੂ ਕੌੜਾ ਮਲ ਨਾਲ ਹੀ ਨਜਿਠੱਣਾ ਸੀ ਜੋ ਮਾਰਿਆ ਜਾ ਚੁੱਕਾ ਹੈ। ਹੁਣ ਉਨ੍ਹਾਂ ਲਈ ਮੁਸਲਮਾਨਾਂ ਦਾ ਖ਼ੂਨ ਡੋਲ੍ਹਣ ਦਾ ਕੋਈ ਮਤਲਬ ਨਹੀਂ। ਜੇ ਉਨ੍ਹਾਂ ਵੱਲੋਂ ਮੰਗਿਆ ਗਿਆ ਪੈਸਾ ਮਨੂੰ ਦੇ ਦੇਵੇ ਤਾਂ ਅਮਨ ਹੋ ਸਕਦਾ ਸੀ।[67] ਮੀਰ ਮਨੂੰ ਸ਼ਾਹ ਦੇ ਸਾਹਮਣੇ ਪੇਸ਼ ਹੋਣ ਅਤੇ ਅਧੀਨਗੀ ਪ੍ਰਵਾਨ ਕਰਨ ਲਈ ਰਾਜ਼ੀ ਹੋ ਗਿਆ। ਸ਼ਾਹ ਆਪਣੇ ਬਹਾਦਰ ਦੁਸ਼ਮਣ (ਮੀਰ ਮਨੂੰ) ਦੇ ਨਿਡਰ ਡੀਲ ਡੋਲ ਨੂੰ ਦੇਖ ਕੇ ਬੜਾ ਖ਼ੁਸ਼ ਹੋਇਆ ਅਤੇ ਉਸ ਦੇ ਹੌਸਲੇ[68] ਅਤੇ ਸਾਹਸ ਲਈ ਉਸ ਦੀ ਉਸਤਤ ਕੀਤੀ। ਉਸ ਨੇ ਉਸ ਨੂੰ ਆਪਣਾ ਪੁੱਤਰ

65. *ਤਹਿਮਾਸਨਾਮਾ*, ਬੀ 14; ਅਲੀ-ਉਦ-ਦੀਨ, ਪੰਨਾ 242; ਖ਼ੁਸ਼ਵਕਤ ਰਾਏ, ਪੰਨਾ 55; *ਸ਼ਮਸ਼ੇਰ ਖਾਲਸਾ* ਪੰਨਾ 113; *History of the Panjab* (Allen & Co.), pp. 198-199.

66. ਅਲੀ-ਉਦ-ਦੀਨ, ਪੰਨਾ 242; ਦੇਖੋ *ਅਹਵਾਲ-ਇ-ਅਦੀਨਾ ਬੇਗ਼*, ਪੰਨਾ 8; Elliot and Dowson, *Farhat un-Nazirin* in *History of India as told by its own Historians*, Vol. VIII, p. 168.

67. *ਤਾਰੀਖ-ਇ-ਅਹਿਮਦ ਸ਼ਾਹੀ* ਪੰਨਾ 31; *ਤਹਿਮਾਸਨਾਮਾ* ਪੰਨਾ ਬੀ 16; *ਤਾਰੀਖ-ਇ-ਅਲੀ* ਪੰਨਾ 255।

68. ਮੀਰ ਮਨੂੰ ਅਤੇ ਉਸ ਦੇ ਜੇਤੂ (ਅਹਿਮਦ ਸ਼ਾਹ ਅਬਦਾਲੀ) ਵਿਚਕਾਰ ਇਕ ਦਿਲਚਸਪ ਗੱਲ-ਬਾਤ ਹੋਈ ਦਸੀ ਜਾਂਦੀ ਹੈ।

ਦੁੱਰਾਨੀ : ਤੂੰ ਅਧੀਨਗੀ ਪ੍ਰਵਾਨ ਕਰਨ ਲਈ ਪਹਿਲਾਂ ਕਿਉਂ ਨਹੀਂ ਆਇਆ?

ਮਨੂੰ : ਕਿਉਂਕਿ ਉਸ ਵੇਲੇ ਸੇਵਾ ਕਰਨ ਲਈ ਮੇਰਾ ਇਕ ਹੋਰ ਮਾਲਕ ਸੀ।

*(ਬਾਕੀ ਅਗਲੇ ਪੰਨੇ ਤੇ)*

ਆਖਿਆ ਅਤੇ ਉਸ ਨੂੰ 'ਫਰਜ਼ੰਦ ਖਾਂਨ ਬਹਾਦੁਰ' ਦਾ ਖ਼ਿਤਾਬ ਦਿੱਤਾ। ਇਸ ਦੇ ਨਾਲ ਹੀ ਉਸ ਨੂੰ ਸਰੋਪਾ ਤੇ ਕੁਝ ਹੋਰ ਤੋਹਫੇ ਵੀ ਦਿੱਤੇ। ਅਦੀਨਾ ਬੇਗ ਨੂੰ ਜੋ ਲਾਹੌਰ ਦਾ ਗਵਰਨਰ ਬਣਨ ਦੀਆਂ ਵਿਉਂਤਾਂ ਬਣਾ ਰਿਹਾ ਸੀ, ਕੁਝ ਸਮੇਂ ਲਈ ਪਾਬੰਦੀ ਵਿਚ ਰੱਖਿਆ ਗਿਆ ਅਤੇ ਮੀਰ ਮਨੂੰ ਨੂੰ ਦੁੱਰਾਨੀ ਵੱਲੋਂ ਲਾਹੌਰ ਅਤੇ ਮੁਲਤਾਨ ਦੇ ਵਾਇਸਰਾਏ ਵਜੋਂ ਬਹਾਲ ਕਰ ਦਿੱਤਾ। ਇਸ ਤਰ੍ਹਾਂ ਪੰਜਾਬ ਦਾ ਇਹ ਇਲਾਕਾ ਵਿਦੇਸ਼ੀ ਕਬਜ਼ੇ ਵਿਚ ਜਾਣ ਦੀ ਦਿੱਲੀ ਦੇ ਬਾਦਸ਼ਾਹ ਨੇ 13 ਅਪ੍ਰੈਲ ਨੂੰ ਪੁਸ਼ਟੀ ਕਰ ਦਿੱਤੀ। ਇਸ ਤਰ੍ਹਾਂ ਇਹ ਪ੍ਰਾਂਤ ਸਪਸ਼ਟ ਰੂਪ ਵਿਚ ਮੁਗ਼ਲਾਂ ਦੇ ਹੱਥੋਂ ਨਿਕਲ ਕੇ ਅਫ਼ਗਾਨ ਰਾਜ ਦਾ ਭਾਗ ਬਣ ਗਏ। ਮੀਰ ਮਨੂੰ ਨੇ ਸ਼ਾਹ ਨੂੰ 30 ਲੱਖ ਰੁਪਏ ਦੇਣੇ ਸਨ : 10 ਲੱਖ ਰੁਪਏ ਉਸ ਦੀ ਅਤੇ ਉਸ ਦੇ ਲੋਕਾਂ ਦੀ ਜਾਨ ਬਖਸ਼ੀ ਲਈ, 10 ਲੱਖ ਉਸ ਨੂੰ ਦਿੱਤੇ ਇਲਾਕੇ ਲਈ ਅਤੇ 10 ਲੱਖ ਬਾਕੀ ਭਾਰਤ ਨੂੰ ਛੱਡ ਦੇਣ ਲਈ। ਇਸ ਰਕਮ ਵਿਚੋਂ 26 ਲੱਖ ਦੀ ਰਕਮ ਤੁਰੰਤ ਅਤੇ ਬਾਕੀ ਚਾਰ ਲੱਖ ਦੁੱਰਾਨੀ ਦੇ ਵਾਪਸੀ ਤੇ ਦਰਿਆ ਸਿੰਧ ਪਾਰ ਕਰਨ ਤੋਂ ਪਹਿਲਾਂ ਦਿੱਤੀ ਗਈ।[69] ਉਸੇ ਵੇਲੇ ਹੀ ਉਸ ਨੇ ਅਬਦੁਲਾ ਖ਼ਾਂ ਇਸਹਾਕ-ਅਘਾਸੀ ਅਤੇ ਸੁਖ ਜੀਵਨ ਨੂੰ ਕਸ਼ਮੀਰ ਉੱਤੇ ਕਬਜ਼ਾ ਕਰਨ ਲਈ ਨਿਯੁਕਤ ਕੀਤਾ ਅਤੇ ਉਸ ਪ੍ਰਾਂਤ ਨੂੰ ਦਿੱਲੀ ਦੇ ਬਾਦਸ਼ਾਹ ਦੇ ਪ੍ਰਤੀਨਿਧ ਤੋਂ ਖੋਹ ਕੇ ਆਪਣੇ ਰਾਜ ਵਿਚ ਸ਼ਾਮਿਲ ਕਰ ਲਿਆ।[70]

### ਅਤਿਆਚਾਰ ਮੁੜ ਸ਼ੁਰੂ

ਕਾਬਲ ਜਾਂ ਦਿੱਲੀ ਵੱਲੋਂ ਕਿਸੇ ਵੀ ਕਿਸਮ ਦੇ ਦਖ਼ਲ ਤੋਂ ਸੁਰੱਖਿਅਤ ਮਹਿਸੂਸ ਕਰਕੇ ਮੀਰ ਮਨੂੰ ਨੇ ਅਜਿਹੀਆਂ ਕਾਰਵਾਈਆਂ ਕਰਨੀਆਂ ਸ਼ੁਰੂ ਕੀਤੀਆਂ ਜਿਨ੍ਹਾਂ ਨਾਲ ਮੁਲਕ ਦੇ ਅੰਦਰ ਗੜਬੜ ਦੇ ਕਾਰਣਾਂ ਨੂੰ ਦੂਰ ਕੀਤਾ ਜਾ ਸਕੇ। ਹੁਣ ਉਸ ਨੂੰ ਸਿੱਖਾਂ ਦੀ ਲੋੜ ਨਹੀਂ ਸੀ ਰਹੀ ਜਿਨ੍ਹਾਂ ਦੀ ਦੀਵਾਨ ਕੌੜਾ ਮਲ ਦੀ ਮੌਤ ਨਾਲ ਸਰਕਾਰ ਨਾਲ ਨਾਤੇ ਦੀ ਆਖ਼ਰੀ ਕੜੀ ਵੀ ਟੁੱਟ ਚੁੱਕੀ ਸੀ। ਉਸ ਨੇ ਉਨ੍ਹਾਂ ਵੱਲ ਮੁੜ ਆਪਣਾ ਪੁਰਾਣਾ ਰਵੱਈਆ ਧਾਰਨ ਕਰ ਲਿਆ ਅਤੇ ਉਹ ਜਾਗੀਰ[71] ਜਿਹੜੀ ਉਹ 1749

---

*(ਪਿਛਲੇ ਪੰਨੇ ਦਾ ਬਾਕੀ)*

ਦੁੱਰਾਨੀ : ਉਹ ਮਾਲਕ ਤੇਰੀ ਮਦਦ ਲਈ ਕਿਉਂ ਨਹੀਂ ਆਇਆ?

ਮਨੂੰ : ਕਿਉਂਕਿ ਉਹ ਸਮਝਦਾ ਸੀ ਕਿ ਉਸ ਦਾ ਦਾਸ ਆਪਣਾ ਬਚਾਅ ਆਪ ਕਰਨ ਲਈ ਕਾਫ਼ੀ ਤਕੜਾ ਹੈ।

ਦੁੱਰਾਨੀ : ਜੇ ਮੈਂ ਤੇਰੇ ਕਾਬੂ ਆ ਜਾਂਦਾ ਤਾਂ ਤੂੰ ਕੀ ਕਰਦਾ?

ਮਨੂੰ : ਮੈਂ ਤੇਰਾ ਸਿਰ ਵੱਢ ਕੇ ਆਪਣੇ ਮਾਲਕ ਪਾਸ ਦਿੱਲੀ ਭੇਜਦਾ।

ਦੁੱਰਾਨੀ : ਹੁਣ ਜਦੋਂ ਤੇਰੀ ਜਾਨ ਮੇਰੇ ਹੱਥ ਵਿਚ ਹੈ ਤਾਂ ਤੂੰ ਮੇਰੇ ਕੋਲੋਂ ਕਿਹੋ ਜਿਹੇ ਵਰਤਾਉ ਦੀ ਆਸ ਰਖਦਾ ਹੈਂ?

ਮਨੂੰ : ਜੇ ਤੂੰ ਸੁਦਾਗਰ ਹੈਂ ਤਾਂ ਮੈਨੂੰ ਵੇਚ ਲੈ; ਜੇ ਨਿਰਦਈ ਹੈਂ ਤਾਂ ਮੈਨੂੰ ਮਾਰ ਦੇ; ਜੇ ਤੂੰ ਬਾਦਸ਼ਾਹ ਹੈਂ ਤਾਂ ਮੈਨੂੰ ਮੁਆਫ਼ ਕਰ ਦੇ।

ਦੁੱਰਾਨੀ : ਰੱਬ ਤੇਰੇ ਤੇ ਮਿਹਰ ਕਰੇ; ਮੈਂ ਤੈਨੂੰ ਖ਼ਿਮਾਂ ਕਰਦਾ ਹਾਂ।

(*ਤਹਿਮਾਸਨਾਮਾ*, ਪੰਨਾ ਬੀ 16; ਖ਼ੁਸ਼ਵਕਤ ਰਾਏ, ਪੰਨਾ 56; ਸੋਹਨ ਲਾਲ, ਜਿਲਦ ਪਹਿਲੀ, ਪੰਨਾ 134; ਅਲੀ-ਉਦ-ਦੀਨ, ਪੰਨਾ 242; ਹੁਸੈਨ ਸ਼ਾਹੀ, ਪੰਨਾ 25).

69. *ਤਹਿਮਾਸਨਾਮਾ*, ਬੀ 17; ਖ਼ੁਸ਼ਵਕਤ ਰਾਏ ਪੰਨਾ 56; *ਤਾਰੀਖ-ਇ-ਅਲੀ*, ਪੰਨਾ 227, ਕੁਝ ਲੇਖਕਾਂ ਅਨੁਸਾਰ ਸ਼ਾਹ ਨੂੰ ਦਿੱਤੀ ਰਕਮ 50 ਲੱਖ ਸੀ।

70. ਕਿਰਪਾ ਰਾਮ, *ਗੁਲਜ਼ਾਰ-ਇ-ਕਸ਼ਮੀਰ*, ਪੰਨਾ 232; ਹਰ ਗੋਪਾਲ ਕੌਲ, *ਗੁਲਦਸਤਾ-ਇ-ਕਸ਼ਮੀਰ*, ਜਿਲਦ ਦੂਜੀ, ਪੰਨੇ 149-151; *History of the Panjab* (Aleen & Co. 1846) I. p. 201; Prinsep's *Ranjit Singh*, p. 13,

71. ਗਿਆਨ ਸਿੰਘ, *ਪੰਥ ਪ੍ਰਕਾਸ਼*, ਪੰਨਾ 628.

ਤੋਂ ਮਾਣਦੇ ਆ ਰਹੇ ਸਨ ਵਾਪਿਸ ਲੈ ਲਈ। ਹੁਣ ਸਿੱਖਾਂ ਨੇ ਵੀ ਆਪਣੇ ਪੁਰਾਣੇ ਤਰੀਕਿਆਂ ਵੱਲ ਮੋੜਾ ਪਾਇਆ ਅਤੇ ਆਪਣੀ ਸੁਤੰਤਰਤਾ ਲਈ ਯਤਨ ਕਰਨੇ ਸ਼ੁਰੂ ਕਰ ਦਿੱਤੇ। ਉਨ੍ਹਾਂ ਨੇ ਬਾਰੀ ਅਤੇ ਜਲੰਧਰ ਦੁਆਬ ਦੀ ਹੇਠਲੀ ਉੱਤੇ ਕਰ ਦਿੱਤੀ ਅਤੇ ਤਅੱਸਬੀ ਸੱਯਦਾਂ ਅਤੇ ਪੀਰਜ਼ਾਦਿਆਂ[72] ਤੇ ਭਾਰੀ ਸੱਟਾਂ ਮਾਰਨੀਆਂ ਆਰੰਭ ਦਿੱਤੀਆਂ ਜੋ ਸਿੱਖਾਂ ਤੇ ਅਤਿਆਚਾਰਾਂ ਲਈ ਜ਼ਿੰਮੇਵਾਰ ਸਨ। ਫਿਰ ਉਨ੍ਹਾਂ ਨੇ ਦਰਿਆ ਸਤਲੁਜ ਪਾਰ ਕੀਤਾ ਅਤੇ ਸਰਹਿੰਦ, ਥਾਨੇਸਰ ਤੇ ਜੀਂਦ ਦੇ ਇਲਾਕਿਆਂ ਨੂੰ ਬਰਬਾਦ ਕਰ ਕੇ ਦਸੰਬਰ 1752 ਨੂੰ ਸੋਨੀਪਤ ਅਤੇ ਪਾਨੀਪਤ ਦੇ ਗਵਰਨਰ ਕਾਮਗਾਰ ਖ਼ਾਂ ਨਾਲ ਆ ਟੱਕਰ ਲਈ ਜਿਸ ਨੇ ਉਨ੍ਹਾਂ ਨੂੰ ਅੱਗੇ ਵਧਣ ਤੋਂ ਰੋਕਿਆ ਅਤੇ ਪਿੱਛੇ ਨੂੰ ਧੱਕ ਦਿੱਤਾ।[73] ਉਸ ਸਮੇਂ ਹੀ ਚੜ੍ਹਤ ਸਿੰਘ ਸੁਕਰਚੱਕੀਆ ਦੀ ਅਗਵਾਈ ਵਿਚ ਸਿੱਖਾਂ ਦੀ ਇਕ ਹੋਰ ਫ਼ੌਜ ਉੱਤਰ ਵੱਲ ਜਿਹਲਮ ਤੋਂ ਪਾਰ ਗਈ ਅਤੇ ਸੱਯਦ ਕਸਰਾਂ ਤਕ ਸਾਰੇ ਇਲਾਕੇ ਨੂੰ ਆਪਣੇ ਅਧੀਨ ਕਰ ਲਿਆ। ਗੁਜਰਾਤ ਤੇ ਗੱਖੜ ਸਰਦਾਰ ਮੁਕਰਬ ਖ਼ਾਂ ਨੂੰ ਚਨਾਬ ਤੋਂ ਪਾਰ ਦੇ ਆਪਣੇ ਇਲਾਕੇ ਛੱਡ ਦੇਣ ਲਈ ਮਜਬੂਰ ਕਰ ਦਿੱਤਾ।[74]

ਸਿੱਖਾਂ ਦੀ ਵਧ ਰਹੀ ਸ਼ਕਤੀ ਨੂੰ ਦੇਖ ਕੇ ਮੀਰ ਮਨੂੰ ਨੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈਆਂ ਕਰਨੀਆਂ ਸ਼ੁਰੂ ਕੀਤੀਆਂ। ਮਾਰਚ 1753 ਨੂੰ ਜਦੋਂ ਸਿੱਖਾਂ ਦੀ ਇਕ ਭਾਰੀ ਭੀੜ ਹੋਲੇ ਮੱਹਲੇ ਦਾ ਵਾਰਸ਼ਿਕ ਤਿਉਹਾਰ ਮਨਾਉਣ ਲਈ ਮਾਖੋਵਾਲ (ਆਨੰਦਪੁਰ) ਵਿਚ ਇਕੱਠੀ ਹੋਈ ਸੀ ਤਾਂ ਅਦੀਨਾ ਬੇਗ਼ ਅਵੇਸਲਿਆਂ ਹੀ ਉਨ੍ਹਾਂ ਤੇ ਟੁੱਟ ਪਿਆ ਅਤੇ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਨੂੰ ਮਾਰ ਦਿੱਤਾ। ਪਰ ਇਹ ਹੱਲਾ ਅਤੇ ਕਤਲ ਸਿੱਖਾਂ ਨੂੰ ਆਪਣੇ ਇਰਾਦਿਆਂ ਤੋਂ ਰੋਕ ਨਾ ਸਕੇ ਕਿਉਂਕਿ ਉਹ ਅਜਿਹੇ ਹਮਲਿਆਂ ਦੇ ਆਦੀ ਸਨ। ਇਸ ਨਾਲ ਵੈਰੀਆਂ ਤੋਂ ਆਪਣੇ ਮੁਲਕ ਨੂੰ ਆਜ਼ਾਦ ਕਰਾਉਣ ਦੇ ਸਿੱਖਾਂ ਦੇ ਇਰਾਦੇ ਵਿਚ ਹੋਰ ਪਕਿਆਈ ਆਈ ਅਤੇ ਕੁਝ ਦਿਨਾਂ ਵਿਚ ਹੀ ਉਹ ਜਲੰਧਰ ਅਤੇ ਬਾਕੀ ਦੁਆਬਾਂ ਦੇ ਇਲਾਕਿਆਂ ਉੱਤੇ ਹਮਲੇ ਕਰਨ ਲਈ ਮੁੜ ਤਿਆਰ ਹੋ ਗਏ।[75]

ਗਿਆਨੀ ਗਿਆਨ ਸਿੰਘ ਸਿੱਖਾਂ ਵਿਰੁੱਧ ਭੇਜੀਆਂ ਦੋ ਮੁਹਿੰਮਾ ਦਾ ਹਾਲ ਲਿਖਦਾ ਹੈ ਜੋ ਕਸੂਰ ਦੇ ਅਫ਼ਗਾਨਾਂ ਮੀਰ ਮੋਮਨ ਖ਼ਾਂ ਅਤੇ ਹੁਸੈਨ ਖ਼ਾਂ ਦੀ ਅਗਵਾਈ ਵਿਚ ਭੇਜੀਆਂ ਗਈਆਂ ਸਨ ਪਰ ਸਿੱਖਾਂ ਵਿਰੁੱਧ ਸਭ ਤੋਂ ਸਖ਼ਤ ਕਾਰਵਾਈ ਮੀਰ ਮਨੂੰ ਨੇ ਆਪ ਕੇਂਦਰੀ ਜ਼ਿਲਿਆਂ ਵਿਚ ਕੀਤੀ ਸੀ। ਇਕ ਵਾਰ ਜਦੋਂ ਉਹ ਬਟਾਲੇ ਡੇਰਾ ਪਾਈ ਬੈਠਾ ਸੀ ਤਾਂ ਉਸ ਨੇ ਸੁਣਿਆ ਕਿ ਸਿੱਖਾਂ ਦਾ ਇਕ ਜੱਥਾ ਆਵਾਜਾਈ ਰੋਕ ਕੇ ਔਕੜਾਂ ਪੈਦਾ ਕਰ ਰਿਹਾ ਸੀ। ਉਸ ਦੇ ਹੁਕਮ ਨਾਲ ਸੱਯਦ ਜਮੀਲ-ਉਦ-ਦੀਨ ਖ਼ਾਂ ਅਤੇ ਬਖਸ਼ੀ ਗਾਜ਼ੀ ਬੇਗ਼ ਖ਼ਾਂ ਨੂੰ ਉਨ੍ਹਾਂ ਦੇ ਵਿਰੁੱਧ ਕਾਰਵਾਈ ਲਈ ਭੇਜਿਆ। ਸਖ਼ਤ ਲੜਾਈ ਤੋਂ ਬਾਅਦ ਸਾਰੇ ਦੇ ਸਾਰੇ ਨੌਂ ਸੌ ਸਿੱਖ, ਜਿਨ੍ਹਾਂ ਨੇ ਰਾਮ ਰੌਣੀ ਵਿਚ ਸ਼ਰਨ ਲੈ ਰਖੀ ਸੀ, ਮਾਰ ਦਿੱਤੇ ਗਏ।[76]

ਲਾਹੌਰ ਨੂੰ ਵਾਪਸੀ ਤੇ ਮੀਰ ਮਨੂੰ ਨੇ ਰਾਵੀ ਦੇ ਕੰਢੇ ਤੇ, ਜੋ ਸ਼ਹਿਰ ਤੋਂ ਸੱਤ ਕੋਹਾਂ ਦੀ ਵਿਥ ਤੇ ਸੀ, ਆਪਣਾ ਡੇਰਾ ਲਾਇਆ ਅਤੇ ਖਵਾਜ਼ਾ ਮਿਰਜ਼ਾ ਦੀ ਅਗਵਾਈ ਵਿਚ ਸੈਨਿਕ ਟੁਕੜੀਆਂ ਸਿੱਖਾਂ ਨੂੰ ਦਬਾਉਣ ਲਈ ਉਨ੍ਹਾਂ ਸਭ ਪਾਸਿਆਂ ਨੂੰ ਭੇਜੀਆਂ ਜਿਧਰ ਕਿਧਰੇ ਵੀ ਉਸ਼ ਨੇ ਉਨ੍ਹਾਂ ਦੇ ਸਿਰ ਚੁੱਕਣ ਬਾਰੇ ਸੁਣਿਆ। ਖਵਾਜ਼ਾ ਹਰ ਰੋਜ਼ ਤੀਹ ਮੀਲਾਂ ਤਕ ਦੇ ਇਲਾਕੇ ਦੀ ਛਾਣ-ਬੀਣ ਕਰਦਾ ਅਤੇ ਜਿੱਥੇ

72. ਸੋਹਨ ਲਾਲ, ਜਿਲਦ ਪਹਿਲੀ, ਪੰਨਾ 135.
73. *ਤਾਰੀਖ-ਇ-ਅਹਿਮਦ ਸ਼ਾਹੀ*, ਪੰਨਾ 45; ਸੋਹਨ ਲਾਲ, ਜਿਲਦ ਪਹਿਲੀ ਪੰਨਾ 135; Browne, ii, p. 17.
74. *J. A. S. B.*, Vol. xl, Part I (1871), p. 99.
75. ਬਖਤ ਮਾਲ, ਪੰਨਾ 33; Browne, II, p. 17; Malcolm, p. 92; Cf. Forster I, p. 273.
76. *ਤਹਿਮਾਸਨਾਮਾ*, ਪੰਨਾ 17.

ਵੀ ਉਸ ਨੂੰ ਸਿੱਖਾਂ ਦਾ ਖੁਰਾ ਖੋਜ ਮਿਲਦਾ ਉਹ ਉਨ੍ਹਾਂ ਉੱਤੇ ਝਪਟ ਪੈਂਦਾ ਤੇ ਉਨ੍ਹਾਂ ਨੂੰ ਮਾਰ ਦਿੰਦਾ। ਜਿਹੜੇ ਵੀ ਸਿੱਖਾਂ ਨੂੰ ਜਿਉਂਦਿਆਂ ਫੜ ਕੇ ਲਿਆਉਂਦੇ ਜਾਂ ਉਨ੍ਹਾਂ ਦੇ ਸਿਰ-ਵੱਢ ਕੇ ਜਾਂ ਉਨ੍ਹਾਂ ਦੇ ਘੋੜੇ ਖੋਹ ਕੇ ਲਿਆਉਂਦੇ ਉਨ੍ਹਾਂ ਨੂੰ ਇਨਾਮ ਦਿੱਤੇ ਜਾਂਦੇ। ਇਸ ਤਰ੍ਹਾਂ ਫੜ ਕੇ ਲਿਆਂਦੇ ਸਿੱਖਾਂ ਨੂੰ ਡਾਂਗਾਂ ਮਾਰ ਮਾਰ ਖ਼ਤਮ ਕਰ ਦਿੱਤਾ ਜਾਂਦਾ। ਇਸੇ ਹੋਣੀ ਦਾ ਸਾਹਮਣਾ ਉਨ੍ਹਾਂ ਸਿੱਖਾਂ ਨੂੰ ਕਰਨਾ ਪੈਂਦਾ ਸੀ ਜਿਨ੍ਹਾਂ ਨੂੰ ਚਾਲੀ ਜਾਂ ਪੰਜਾਹ ਦੀਆਂ ਟੋਲੀਆਂ ਵਿਚ ਜਲੰਧਰ ਦੁਆਬ ਦੇ ਇਲਾਕੇ ਵਿਚੋਂ ਫੜ ਕੇ ਅਦੀਨਾ ਬੇਗ਼ ਭੇਜਦਾ ਸੀ।[77]

ਸਿੱਖਾਂ ਦੇ ਘਰਾਂ ਨੂੰ ਆਦਮੀਆਂ ਤੋਂ ਖਾਲੀ ਦੇਖ ਕੇ ਮੀਰ ਮੋਮਨ ਦੀ ਅਗਵਾਈ ਵਿਚ ਮੁਗ਼ਲ ਫ਼ੌਜਾਂ ਸਿੱਖ ਔਰਤਾਂ ਨੂੰ ਫੜ ਕੇ ਮੀਰ ਮਨੂੰ ਦੇ ਪੇਸ਼ ਕਰਦੀਆਂ। ਉਹ ਉਨ੍ਹਾਂ ਨੂੰ ਤਸੀਹੇ ਦੇ ਕੇ ਆਪਣਾ ਧਰਮ ਛੱਡਣ ਲਈ ਮਜਬੂਰ ਕਰਦਾ ਪਰ ਉਹ ਔਰਤਾਂ ਸਭ ਤਰ੍ਹਾਂ ਦੇ ਜ਼ੁਲਮ ਝਲਦੀਆਂ। ਉਨ੍ਹਾਂ ਦੇ ਬੱਚਿਆਂ ਨੂੰ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਹੀ ਟੋਟੇ ਟੋਟੇ ਕਰ ਦਿੱਤਾ ਜਾਂਦਾ ਸੀ ਪਰ ਉਨ੍ਹਾਂ ਇਸਤਰੀਆਂ ਵਿਚੋਂ ਕਿਸੇ ਇਕ ਨੇ ਵੀ ਅਧੀਨਗੀ ਪ੍ਰਵਾਨ ਨਾ ਕੀਤੀ।[78] ਇਸ ਘਟਨਾ ਦਾ ਵਰਣਨ ਅੱਜ ਤਕ ਸਿੱਖਾਂ ਦੀ ਅਰਦਾਸ ਵਿਚ ਹਰ ਰੋਜ਼ ਕੀਤਾ ਜਾਂਦਾ ਹੈ।

ਕਈ ਵਾਰ ਗਵਰਨਰ ਖ਼ੁਦ ਘੋੜੇ ਤੇ ਸਵਾਰ ਹੋ ਕੇ ਸਿੱਖਾਂ ਦਾ ਸ਼ਿਕਾਰ ਕਰਨ ਲਈ ਬਾਹਰ ਨਿਕਲਦਾ ਅਤੇ ਕਈਆਂ ਨੂੰ ਫੜ ਕੇ ਲੈ ਆਉਂਦਾ। ਲਾਹੌਰ ਵਿਚ ਲਿਆ ਕੇ ਦਿੱਲੀ ਦਰਵਾਜ਼ੇ ਦੇ ਬਾਹਰ ਨਖਾਸ (ਘੋੜਿਆਂ ਦੀ ਮੰਡੀ) ਦੇ ਸਥਾਨ ਤੇ ਸੈਂਕੜੇ ਹੀ ਸਿੱਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ ਅਤੇ ਉਨ੍ਹਾਂ ਦੇ ਸਿਰਾਂ ਨਾਲ ਖੂਹ ਭਰ ਦਿੱਤੇ ਜਾਂਦੇ ਸਨ[79] ਪਰ ਇਨ੍ਹਾਂ ਸਖ਼ਤੀਆਂ ਦਾ ਸਿੱਖਾਂ ਉੱਤੇ ਕੋਈ ਅਸਰ ਨਹੀਂ ਸੀ ਹੋਇਆ ਜਾਪਦਾ ਜਿਵੇਂ ਕਿ ਉਦੋਂ ਤੋਂ ਚਲੇ ਆ ਰਹੇ ਬਹਾਦਰ ਸਿੱਖਾਂ ਦੇ ਇਸ ਗੀਤ ਤੋਂ ਪਤਾ ਲਗਦਾ ਹੈ :

*ਮਨੂੰ ਅਸਾਡੀ ਦਾਤਰੀ, ਅਸੀਂ ਮਨੂੰ ਦੇ ਸੋਏ,*
*ਜਿਉਂ ਜਿਉਂ ਮਨੂੰ ਵੱਢਦਾ, ਅਸੀਂ ਦੂਣ ਸਵਾਏ ਹੋਏ।*

ਆਖ਼ਰ ਇਸ ਸ਼ਿਕਾਰੀ ਨੂੰ ਸ਼ਿਕਾਰ ਖੇਡਣ ਦੇ ਵਿਚਕਾਰ ਹੀ ਇਕ ਵਧੇਰੇ ਸ਼ਕਤੀਸ਼ਾਲੀ ਸ਼ਿਕਾਰੀ ਅਰਥਾਤ ਮੌਤ ਨੇ ਆ ਢਾਹਿਆ। ਮੀਰ ਮਨੂੰ 2 ਨਵੰਬਰ, 1753 ਨੂੰ ਮਲਿਕਪੁਰ ਦੇ ਸਥਾਨ ਤੇ ਆਪਣੇ ਡੇਰੇ ਤੋਂ ਘੋੜੇ ਤੇ ਚੜ੍ਹ ਕੇ ਸਿੱਖਾਂ ਦਾ ਸ਼ਿਕਾਰ ਕਰਨ ਲਈ ਨਿਕਲਿਆ। *ਪੋਥੀ ਤਾਰੀਖ਼-ਏ-ਸਿੰਘਾਂ* ਅਨੁਸਾਰ ਸਿੱਖਾਂ ਦੇ ਗੋਲੀ ਚਲਾਉਣ ਦੀ ਆਵਾਜ਼ ਨਾਲ ਅਤੇ ਗਿਆਨ ਸਿੰਘ ਅਨੁਸਾਰ ਇਕ ਗਿੱਧ ਦੇ ਉਡਾਰੀ ਲਾਉਣ ਤੇ ਉਸ ਦਾ ਘੋੜਾ ਡਰਕੇ ਤ੍ਰਬਕਿਆ ਸੀ। ਮੀਰ ਮਨੂੰ ਕਾਠੀ ਤੋਂ ਹੇਠਾਂ ਡਿਗ ਪਿਆ। ਡਿਗਣ ਸਮੇਂ ਉਸ ਦਾ ਇਕ ਪੈਰ ਰਕਾਬ ਵਿਚ ਫਸ ਗਿਆ ਅਤੇ ਉਹ ਕੁਝ ਫਾਸਲੇ ਤਕ ਜ਼ਮੀਨ ਉੱਤੇ ਘਸੀਟ ਹੁੰਦਾ ਗਿਆ। ਇਸ ਘਟਨਾ ਦੇ ਕਾਰਣ 4 ਨਵੰਬਰ ਨੂੰ ਉਸ ਦੀ ਮੌਤ ਹੋ ਗਈ।[81]

---

77. *ਤਹਿਮਾਸਨਾਮਾ*, ਪੰਨਾ 19; *ਹਕੀਕਤ*, ਪੰਨਾ 26.
78. ਗਿਆਨ ਸਿੰਘ, *ਪੰਥ ਪ੍ਰਕਾਸ਼*, ਪੰਨੇ 636-37.
79. ਅਲੀ-ਉਦ-ਦੀਨ, ਪੰਨਾ 240; *ਹਕੀਕਤ*, ਪੰਨਾ 26.
80. ਅਲੀ-ਉਦ-ਦੀਨ, ਪੰਨਾ 240.
81. *ਤਾਰੀਖ਼-ਇ-ਅਹਿਮਦ ਸ਼ਾਹੀ*, ਪੰਨੇ 85-92: *ਖਜ਼ਾਨਾ-ਇ-ਅਮਿਰਾ*, ਪੰਨਾ 98; ਰਤਨ ਸਿੰਘ, ਪੰਨੇ 341-42; *ਪੋਥੀ ਤਾਰੀਖ਼-ਇ-ਸਿੰਘਾਂ*, ਪੰਨਾ 71; ਅਲੀ-ਉਦ-ਦੀਨ, ਪੰਨਾ 244.
ਤਹਿਮਾਸ ਖ਼ਾਂ ਆਪਣੀ ਸਵੈਜੀਵਨੀ, *ਤਹਿਮਾਸਨਾਮਾ*, ਵਿਚ ਵਖਰਾ ਹੀ ਬਿਰਤਾਂਤ ਦਿੰਦਾ ਹੈ ਪਰ ਅਸੀਂ ਉਨ੍ਹਾਂ ਲਿਖਤਾਂ ਨੂੰ ਲਿਆ ਹੈ ਜੋ ਰਤਨ ਸਿੰਘ ਦੇ ਬਿਰਤਾਂਤ ਨਾਲ ਮਿਲਦੀਆਂ ਹਨ। ਖ਼ੁਸ਼ਵਕਤ ਰਾਏ (ਪੰਨਾ 56) ਇਸ ਘਟਨਾ ਨੂੰ ਭਸੀਨ ਦੇ ਸਥਾਨ ਤੇ ਵਾਪਰੀ ਦਸਦਾ ਹੈ, ਜੋ ਲਾਹੌਰ ਤੋਂ 7 ਜਾਂ 8 ਕੋਹ ਦੀ ਵਿਥ ਤੇ ਹੈ ਅਤੇ ਇਤਨੇ ਹੀ ਫ਼ਾਸਲੇ ਦਾ ਜ਼ਿਕਰ *ਤਹਿਮਾਸਨਾਮੇ* ਅਤੇ *ਤਾਰੀਖ਼-ਇ-ਅਹਿਮਦ ਸ਼ਾਹੀ* ਵਿਚ ਵੀ ਆਉਂਦਾ ਹੈ।

## ਲਾਹੌਰ ਸਰਕਾਰ ਦਾ ਕਮਜ਼ੋਰ ਹੋਣਾ

ਮੀਰ ਮਨੂੰ ਦੀ ਮੌਤ ਦੀ ਖ਼ਬਰ ਸੁਣ ਕੇ ਦਿੱਲੀ ਦੇ ਬਾਦਸ਼ਾਹ ਅਹਿਮਦ ਸ਼ਾਹ ਨੇ ਲਾਹੌਰ ਅਤੇ ਮੁਲਤਾਨ ਦੀ ਗਵਰਨਰੀ ਆਪਣੇ ਬਾਲਕ ਪੁੱਤਰ ਮਹਿਮੂਦ ਸ਼ਾਹ ਨੂੰ ਦੇ ਦਿੱਤੀ ਜੋ ਉਸ ਵੇਲੇ ਆਪਣੀ ਉਮਰ ਦੇ ਕੇਵਲ ਤੀਜੇ ਸਾਲ ਵਿਚ ਹੀ ਸੀ। ਇਸ ਦੇ ਅਨੁਕੂਲ ਹੀ ਉਸ ਨੇ ਮੀਰ ਮਨੂੰ ਦੇ ਪੁੱਤਰ ਮੁਹੰਮਦ ਅਮੀਨ ਖ਼ਾਂ ਨੂੰ, ਜੋ ਦੋ ਸਾਲ ਦਾ ਬੱਚਾ ਹੀ ਸੀ, ਨਾਇਬ ਗਵਰਨਰ ਨਿਯੁਕਤ ਕਰ ਦਿੱਤਾ। ਇਹ ਪੁਤਲੀਆਂ ਦਾ ਤਮਾਸ਼ਾ ਕੇਵਲ ਚਾਰ ਦਿਨ ਹੀ ਰਿਹਾ। 17 ਨਵੰਬਰ ਨੂੰ ਮੀਰ ਨਿਜ਼ਾਮੁਦੀਨ 'ਇੰਤਜ਼ਾਮ-ਉਦ-ਦੌਲਾ', ਜੋ ਮੀਰ ਮਨੂੰ ਦਾ ਭਰਾ ਸੀ ਅਤੇ ਜੋ ਸਫ਼ਦਰ ਜੰਗ ਤੋਂ ਬਾਅਦ ਦਿੱਲੀ ਦਾ ਵਜ਼ੀਰ ਬਣਿਆ ਸੀ, ਪੰਜਾਬ ਦਾ ਗਵਰਨਰ ਨਿਯੁਕਤ ਕੀਤਾ ਗਿਆ ਪਰ ਕਿਉਂਕਿ ਉਸ ਨੇ ਪੰਜਾਬ ਤੋਂ ਬਾਹਰ ਹੀ ਰਹਿਣਾ ਸੀ ਇਸ ਲਈ ਅਸਲ ਸੱਤਾ ਕਸੂਰ ਦੇ ਮੀਰ ਮੋਮਨ ਖ਼ਾਂ ਦੇ ਹੱਥ ਵਿਚ ਰਹੀ ਜੋ ਪਿਛਲੇ ਗਵਰਨਰ ਮੀਰ ਮਨੂੰ ਦਾ ਪੁਰਾਣਾ ਮਿੱਤਰ ਸੀ। ਇਕ ਤੁਰਕੀ ਰਈਸ ਭਿਖਾਰੀ ਖ਼ਾਂ ਨੂੰ ਉਸ ਦੇ ਨਾਲ ਇਕ ਭਿਆਲੀ ਹਾਕਮ ਵਜੋਂ ਲਾ ਦਿੱਤਾ। ਅਦੀਨਾ ਬੇਗ਼ ਨੂੰ ਜਲੰਧਰ ਦਾ ਫ਼ੌਜਦਾਰ ਰਹਿਣ ਦਿੱਤਾ ਗਿਆ। ਇਨ੍ਹਾਂ ਪ੍ਰਬੰਧਾਂ ਦੀ ਪੁਸ਼ਟੀ ਅਫ਼ਗਾਨਿਸਤਾਨ ਦੇ ਬਾਦਸ਼ਾਹ ਤੋਂ ਵੀ ਕਰਵਾ ਲਈ ਗਈ ਜਿਹੜਾ ਅਪ੍ਰੈਲ 1752 ਤੋਂ ਪੰਜਾਬ ਦਾ ਮਾਨਤਾ ਪ੍ਰਾਪਤ ਹਾਕਮ ਸੀ।

ਬਾਲ ਗਵਰਨਰ ਮੁਹੰਮਦ ਅਮੀਨ ਖ਼ਾਂ ਦੀ ਮਈ 1754 ਦੇ ਆਖ਼ੀਰ ਵਿਚ ਮੌਤ ਹੋ ਗਈ ਅਤੇ ਰਾਜ ਸੱਤਾ ਉਸ ਦੀ ਮਾਂ ਮੁਰਾਦ ਬੇਗ਼ਮ ਨੇ, ਜੋ ਮੁਗ਼ਲਾਨੀ ਬੇਗ਼ਮ ਦੇ ਨਾਂ ਨਾਲ ਮਸ਼ਹੂਰ ਸੀ, ਸੰਭਾਲ ਲਈ। ਦਿੱਲੀ ਦੇ ਬਾਦਸ਼ਾਹ ਅਹਿਮਦ ਸ਼ਾਹ ਨੂੰ ਜੂਨ ਦੇ ਸ਼ੁਰੂ ਵਿਚ ਗੱਦੀਉਂ ਉਤਾਰ ਕੇ ਆਲਮਗੀਰ ਦੂਜਾ ਬਾਦਸ਼ਾਹ ਬਣ ਗਿਆ ਸੀ। ਆਲਮਗੀਰ ਨੇ ਮੋਮਨ ਖ਼ਾਂ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕਰ ਦਿੱਤਾ। ਮੁਗ਼ਲਾਨੀ ਬੇਗ਼ਮ ਉਸ ਦੇ ਅਧਿਕਾਰਾਂ ਦੀ ਉਲੰਘਣਾ ਕਰਦੀ ਰਹੀ। ਉਹ ਆਪਣੇ ਹੀਜੜੇ ਸੰਗੀਆਂ ਉੱਤੇ ਭਰੋਸਾ ਕਰਦੀ ਸੀ ਅਤੇ ਆਪਣੇ ਪ੍ਰੇਮੀਆਂ ਦੀ ਸੰਗਤ ਵਿਚ ਆਪਣਾ ਸਮਾਂ ਲੰਘਾਉਂਦੀ ਸੀ। ਉਸ ਦੀਆਂ ਬਦਕਾਰੀਆਂ ਨੂੰ ਸ਼ੁਧ ਹਿਰਦੇ ਵਾਲੇ ਰਈਸ ਭੈੜਾ ਸਮਝਦੇ ਸਨ। ਉਨ੍ਹਾਂ ਨੇ ਅਜਿਹੇ ਹਾਲਤ ਦਾ ਅੰਤ ਕਰਨ ਦਾ ਫ਼ੈਸਲਾ ਕਰ ਲਿਆ ਅਤੇ ਉਨ੍ਹਾਂ ਦੀ ਬਗ਼ਾਵਤ ਦੀ ਅਗਵਾਈ ਭਿਖਾਰੀ ਖ਼ਾਂ ਨੇ ਕੀਤੀ ਸੀ ਪਰ ਉਸ ਦੀਆਂ ਇੱਛਾਵਾਂ ਉੱਤੇ ਪਾਣੀ ਫਿਰ ਗਿਆ ਕਿਉਂਕਿ ਪੱਕੀ ਪ੍ਰਵਾਨਗੀ ਸਮੇਂ ਦੁੱਰਾਨੀ ਬਾਦਸ਼ਾਹ ਨੇ ਉਸ ਨੂੰ ਪ੍ਰਵਾਨ ਨਾ ਕੀਤਾ। ਬੇਗ਼ਮ ਨੇ ਉਸ ਨੂੰ ਫੜ ਕੇ ਆਪਣੇ ਮਹੱਲ ਵਿਚ ਕੈਦ ਕਰ ਲਿਆ ਅਤੇ ਪਿੱਛੋਂ ਜੁੱਤੀਆਂ ਅਤੇ ਡੰਡਿਆਂ ਨਾਲ ਕੁੱਟ-ਕੁੱਟ ਕੇ ਉਸ ਨੂੰ ਮਾਰ ਦਿੱਤਾ। ਐਮਨਾਬਾਦ ਦਾ ਖਵਾਜ਼ਾ ਮਿਰਜ਼ਾ ਜਾਨ ਵਧੇਰੇ ਸਫ਼ਲ ਰਿਹਾ। ਉਸ ਨੇ ਲਾਹੌਰ ਉੱਤੇ ਕਬਜ਼ਾ ਕਰ ਲਿਆ ਤੇ ਬੇਗਮ ਨੂੰ ਜੇਲ੍ਹ ਵਿਚ ਸੁੱਟ ਦਿੱਤਾ। ਬੇਗਮ ਨੇ ਆਪਣੇ ਮਾਮੇ ਉਬੈਦ-ਉੱਲਾ-ਖਾਂ ਨੂੰ ਕਾਬਲ ਭੇਜਿਆ ਅਤੇ ਸ਼ਾਹ ਪਾਸ ਸਹਾਇਤਾ ਲਈ ਬੇਨਤੀ ਕੀਤੀ। ਸ਼ਾਹ ਨੇ ਜਹਾਨ ਖ਼ਾਂ ਦੇ ਭਰਾ ਮੁੱਲਾ ਅਮਾਨ ਖ਼ਾਂ ਨੂੰ ਫ਼ੌਜ ਦੇ ਕੇ ਭੇਜਿਆ ਅਤੇ ਬੇਗਮ ਨੂੰ ਅਪ੍ਰੈਲ 1755 ਵਿਚ ਮੁੜ ਸੱਤਾਧਾਰੀ ਬਣਾ ਦਿੱਤਾ। ਜੁਲਾਈ ਵਿਚ ਉਬੈਦ-ਉੱਲਾ-ਖਾਂ ਨੇ ਬੇਗ਼ਮ ਨੂੰ ਉਸ ਦੀ ਮਾਂ ਦੇ ਘਰ ਵਿਚ ਨਜ਼ਰਬੰਦ ਕਰ ਦਿੱਤਾ ਅਤੇ ਰਾਜ ਪ੍ਰਬੰਧ ਦਾ ਕੰਮ ਆਪਣੇ ਹੱਥਾਂ ਵਿਚ ਲੈ ਲਿਆ। ਉਹ ਇਕ ਨਿਰਦਈ ਹਾਕਮ ਸਿੱਧ ਹੋਇਆ ਅਤੇ ਉਸ ਨੇ ਕਈ ਬਹਾਨੇ ਬਣਾ ਕੇ ਆਪਣੀ ਹੀ ਪਰਜਾ, ਵਿਸ਼ੇਸ਼ ਕਰਕੇ ਲਾਹੌਰ ਦੇ ਲੋਕਾਂ ਨੂੰ ਲੁੱਟਿਆ ਪਰ ਉਸ ਦਾ ਰਾਜ ਕੇਵਲ ਕੁਝ ਮਹੀਨੇ ਹੀ ਰਿਹਾ। ਉਸ ਦੀ ਥਾਂ ਪਹਿਲਾਂ ਮੋਮਨ ਖ਼ਾਂ ਨੂੰ ਤੇ ਪਿੱਛੋਂ ਅਦੀਨਾ ਬੇਗ਼ ਨੂੰ ਨਿਯੁਕਤ ਕੀਤਾ ਗਿਆ। ਇਹ ਮਾਰਚ ਤੋਂ ਮਈ 1756 ਤਕ ਦਿੱਲੀ ਦੇ ਵਜ਼ੀਰ ਗਾਜ਼ੀ-ਉਦ-ਦੀਨ ਦੇ ਨਾਮਜ਼ਦ ਕੀਤੇ ਹੋਏ ਹਾਕਮ ਸਨ। ਅਦੀਨਾ ਬੇਗ ਆਪਣੇ ਥਾਂ ਜਮੀਲ-ਉਦ-ਦੀਨ ਨੂੰ ਆਪਣੇ ਨਾਇਬ ਵਜੋਂ ਲਾਹੌਰ ਦਾ ਇਨਚਾਰਜ ਬਣਾ ਕੇ ਆਪ ਆਪਣੇ ਹੈਡਕੁਆਰਟਰ ਨੂੰ ਵਾਪਸ ਚਲਾ ਗਿਆ। ਮੁਗ਼ਲਾਨੀ ਬੇਗਮ ਨੇ, ਜੋ ਵਜ਼ੀਰ ਦੇ ਕਬਜ਼ੇ ਵਿਚ ਸੀ,

ਕਾਬਲ ਦੇ ਸ਼ਾਹ ਅਤੇ ਸਰਦਾਰ ਜਹਾਨ ਖ਼ਾਂ ਨੂੰ ਬੜੀਆਂ ਦੁੱਖ ਭਰੀਆਂ ਚਿੱਠੀਆਂ ਲਿਖੀਆਂ ਅਤੇ ਉਨ੍ਹਾਂ ਪਾਸ ਮਦਦ ਲਈ ਬੇਨਤੀ ਕੀਤੀ। ਜੰਗ ਬਾਜ਼ ਖ਼ਾਂ ਦੀ ਅਗਵਾਈ ਵਿਚ ਅਫ਼ਗਾਨਿਸਤਾਨ ਤੋਂ ਇਕ ਫ਼ੌਜ ਭੇਜੀ ਗਈ ਜਿਸ ਦੇ ਨਾਲ ਖਵਾਜਾ ਮਿਰਜ਼ਾ ਜਾਨ ਵੀ ਆਇਆ ਜੋ ਮੁੱਲਾ ਅਮਾਨ ਨੂੰ ਕੈਦੀ ਬਣਾ ਕੇ ਲੈ ਗਿਆ ਸੀ। ਇਕ ਵੀ ਗੋਲੀ ਚਲਾਉਣ ਤੋਂ ਬਿਨਾਂ 25 ਨਵੰਬਰ, 1756 ਨੂੰ ਲਾਹੌਰ ਉੱਤੇ ਕਬਜ਼ਾ ਕਰ ਲਿਆ ਗਿਆ। ਜਮੀਲ-ਉਦ-ਦੀਨ ਪਹਿਲੇ ਹੀ ਭੱਜ ਗਿਆ ਸੀ ਅਤੇ ਉਸ ਦੀ ਥਾਂ ਖਵਾਜ਼ਾ ਉਬੈਦ-ਉੱਲਾ-ਖਾਂ ਨੇ ਲੈ ਲਈ ਸੀ ਤੇ ਖਵਾਜਾ ਮਿਰਜ਼ਾ ਜਾਨ ਨੂੰ ਆਪਣਾ ਸਹਾਇਕ ਬਣਾ ਲਿਆ ਸੀ।[82]

ਇਨ੍ਹਾਂ ਕਰਾਂਤੀਆਂ ਅਤੇ ਵਿਰੋਧੀ ਕਰਾਂਤੀਆਂ ਨੇ ਮੁਲਕ ਵਿਚ ਸਾਰੇ ਰਾਜ-ਪ੍ਰਬੰਧ ਦਾ ਤਾਣਾ ਬਾਣਾ ਖੇਰੂੰ-ਖੇਰੂੰ ਕਰ ਦਿੱਤਾ। ਮੁਲਤਾਨ ਅਤੇ ਚਾਰ-ਮਹਲ ਸਿੱਧੇ ਅਫ਼ਗਾਨਿਸਤਾਨ ਦੇ ਏਜੰਟਾਂ ਦੇ ਰਾਜਸੀ ਪ੍ਰਬੰਧ ਅਧੀਨ ਸਨ। ਅਦੀਨਾ ਬੇਗ਼ ਲਾਹੌਰ ਸਰਕਾਰ ਵਿਚ ਦਖ਼ਲ ਦੇਣ ਦੀਆਂ ਚਾਲਾਂ ਖੇਡ ਰਿਹਾ ਸੀ। ਇਸ ਉਲਝੀ ਹੋਈ ਸਥਿਤੀ ਤੋਂ ਫਾਇਦਾ ਉਠਾਕੇ ਸਥਾਨਕ ਜ਼ਿਮੀਦਾਰ ਸੱਤਾ ਹਥਿਆ ਰਹੇ ਸਨ। ਅਲਾਵਲਪੁਰ ਦੇ ਅਫ਼ਗਾਨ ਅਤੇ ਤਲਵਣ, ਫਗਵਾੜਾ ਤੇ ਕਪੂਰਥਲਾ ਦੇ ਰਾਜਪੂਤ ਜਲੰਧਰ ਦੁਆਬ ਵਿਚ ਸ਼ਕਤੀ ਫੜ ਰਹੇ ਹਨ। ਬਟਾਲੇ ਦੇ ਰੰਧਾਵੇ ਅਤੇ ਕਸੂਰ ਦੇ ਅਫ਼ਗਾਨ ਬਾਰੀ ਦੁਆਬ ਵਿਚ ਮਹੱਤਤਾ ਧਾਰਨ ਕਰ ਰਹੇ ਸਨ। ਰਚਨਾਂ ਦੁਆਬ ਵਿਚ ਬਾਜਵੇ ਅਤੇ ਚੱਜ ਦੁਆਬ ਵਿਚ ਵੜੈਚ ਪਿੰਡਾਂ ਉੱਤੇ ਕਬਜ਼ੇ ਕਰ ਰਹੇ ਅਤੇ ਕਿਲ੍ਹੇ ਉਸਾਰ ਰਹੇ ਸਨ ਜਦ ਕਿ ਟਿਵਾਣੇ ਤੇ ਗੱਖੜ ਜਿਹਲਮ ਅਤੇ ਸਿੰਧ ਵਿਚਕਾਰ ਫ਼ੌਜਾਂ ਇਕੱਠੀਆਂ ਕਰ ਰਹੇ ਸਨ ਅਤੇ ਆਪਣੇ ਲਈ ਛੋਟੇ ਛੋਟੇ ਰਾਜ ਕਾਇਮ ਕਰ ਰਹੇ ਸਨ। ਲਾਹੌਰ ਸਰਕਾਰ ਪਾਸ ਸਿਰਫ਼ ਰਾਜਧਾਨੀ ਅਤੇ ਕੁਝ ਇਰਦ-ਗਿਰਦ ਦੇ ਜ਼ਿਲ੍ਹੇ ਹੀ ਬਾਕੀ ਰਹਿ ਗਏ ਸਨ। ਇਹ ਆਪਣੀਆਂ ਫੌਜਾਂ ਦੀ ਤਨਖਾਹ ਵੀ ਨਹੀਂ ਸਨ ਦੇ ਸਕਦੇ ਅਤੇ ਇਹ ਅਦੀਨਾ ਬੇਗ਼ ਦੀ ਫ਼ੌਜਦਾਰੀ ਅਧੀਨ ਇਲਾਕੇ ਵਿਚੋਂ ਪ੍ਰਾਪਤ ਹੋਏ ਪੈਸਿਆਂ ਨਾਲ ਅਦਾ ਕੀਤੀ ਜਾਂਦੀ ਸੀ।[83]

### ਦੁੱਰਾਨੀ ਦਾ ਚੌਥਾ ਹਮਲਾ

ਮੁਲਕ ਨੂੰ ਟੁਕੜੇ ਟੁਕੜੇ ਕਰਨ ਦੇ ਕਾਰਜ ਨੂੰ ਪੂਰਾ ਕਰਨ ਲਈ ਅਹਿਮਦ ਸ਼ਾਹ ਦੁੱਰਾਨੀ ਚੌਥੀ ਵਾਰ ਪੰਜਾਬ ਵਿਚ ਆਇਆ। ਮੁਗ਼ਲਾਨੀ ਬੇਗ਼ਮ ਦੀਆਂ ਬੇਨਤੀਆਂ ਤੋਂ ਇਲਾਵਾ, ਜਿਨ੍ਹਾਂ ਦਾ ਪਹਿਲੇ ਜ਼ਿਕਰ ਕੀਤਾ ਜਾ ਚੁੱਕਾ ਹੈ, ਅਹਿਮਦ ਸ਼ਾਹ ਨੂੰ ਰੋਹੀਲਾ ਸਰਦਾਰ ਨਜੀਬ ਖ਼ਾਂ ਅਤੇ ਬਾਦਸ਼ਾਹ ਆਲਮਗੀਰ ਦੂਜੇ ਵੱਲੋਂ ਵੀ ਭਾਰਤ ਵੱਲ ਆਉਣ ਲਈ ਸੱਦੇ ਪੁੱਜੇ ਸਨ।[84] ਬਿਨਾਂ ਕਿਸੇ ਰੋਕ ਟੋਕ ਦੇ ਉਹ ਲਾਹੌਰ ਵਿਚ ਆ ਦਾਖ਼ਿਲ ਹੋਇਆ ਜਿਸ ਉੱਤੇ ਪਹਿਲਾਂ ਹੀ ਉਸ ਦੇ ਆਦਮੀਆਂ ਦਾ ਕਬਜ਼ਾ ਸੀ। ਉਹ ਦਿੱਲੀ ਵੱਲ ਨੂੰ ਅੱਗੇ ਵਧਿਆ ਅਤੇ ਅਗਿਉਂ ਬਿਨਾ ਕਿਸੇ ਵਿਰੋਧ ਦੇ ਉਸ ਨੇ ਦਿੱਲੀ ਉੱਤੇ ਕਬਜ਼ਾ ਕਰ ਲਿਆ। ਗਾਜ਼ੀ-ਉਦ-ਦੀਨ ਦੀ, ਜੋ ਬੜਾ ਵਜ਼ੀਰ ਸੀ, ਅਗਵਾਈ ਵਿਚ ਮੁਗ਼ਲ ਦਰਬਾਰ ਨੇ ਬੜੀ ਨਮੋਸ਼ੀ ਨਾਲ ਅਫ਼ਗਾਨ ਹਮਲਾਆਵਰ ਦੀ ਅਧੀਨਗੀ ਪ੍ਰਵਾਨ ਕਰ ਲਈ ਜੋ 28 ਜਨਵਰੀ, 1757 ਨੂੰ ਸ਼ਾਹੀ ਕਿਲ੍ਹੇ ਵਿਚ ਜਾ ਦਾਖ਼ਲ ਹੋਇਆ। ਉਸ ਨੇ ਐਲਾਨ ਕੀਤਾ ਕਿ ਉਹ ਬਾਦਸ਼ਾਹ ਦੇ ਮਹਿਮਾਨ ਵਜੋਂ ਆਇਆ ਹੈ ਅਤੇ ਉਹ ਸ਼ਾਹੀ ਤਖ਼ਤ ਉੱਤੇ ਕਬਜ਼ਾ ਕਰਨ ਦੀ ਕੋਈ ਨੀਯਤ ਨਹੀਂ

82. *ਤਾਰੀਖ-ਇ-ਅਹਿਮਦ ਸ਼ਾਹੀ*, ਪੰਨੇ 86-106; *ਤਹਿਮਾਸਨਾਮਾ*, ਪੰਨੇ 21-35; *ਤਜ਼ਕਿਰਾ-ਇਮਾਦ-ਉਲ-ਮੁਲਕ*, ਪੰਨੇ 120-17. ਖੁਸ਼ਵਕਤ ਰਾਏ, ਪੰਨਾ 57; *ਖਜ਼ਾਨਾ-ਇ-ਅਮਿਰਾ*, ਪੰਨਾ 99; *ਤਾਰੀਖ-ਇ-ਆਲਮਗੀਰ ਸਾਨੀ*, ਪੰਨੇ 66-81.

83. ਅਹਿਮਦ ਸ਼ਾਹ ਬਟਾਲੀਆ, *ਤਾਰੀਖ-ਏ-ਹਿੰਦ*, ਪੰਨੇ 870-71; ਖੁਸ਼ਵਕਤ ਰਾਏ, ਪੰਨਾ 57.

84. ਅਲੀ-ਉਦ-ਦੀਨ, ਪੰਨਾ, 248; ਨੂਰ-ਉਦ-ਦੀਨ, *ਅਹਵਾਲ-ਇ-ਨਜੀਬ-ਉਲ-ਦੌਲਾ*, ਪੰਨਾ 14; *ਤਾਰੀਖ-ਇ-ਅਲੀ*, ਪੰਨੇ 255-56; Franklin's *Shah Alam*, p. 5.

ਰਖਦਾ। ਉਸ ਨੇ ਇਹ ਵੀ ਐਲਾਨ ਕਰਵਾਇਆ ਕਿ ਉਹ ਦਿੱਲੀ ਦੇ ਨਾਗਰਿਕਾਂ ਨੂੰ ਪੂਰੀ ਸ਼ਾਂਤੀ ਅਤੇ ਸੁਰੱਖਿਆ ਪ੍ਰਦਾਨ ਕਰੇਗਾ। ਅਸਲ ਵਿਚ ਉਸ ਨੇ ਆਪਣੇ ਕੁਝ ਅਜਿਹੇ ਸਿਪਾਹੀਆਂ ਨੂੰ ਸਜ਼ਾ ਵੀ ਦਿੱਤੀ ਜਿਨ੍ਹਾਂ ਨੇ ਦਿੱਲੀ ਦੇ ਕੁਝ ਵਸਨੀਕਾਂ ਦੀ ਜਾਇਦਾਦ ਉਪਰ ਹੱਥ ਮਾਰਿਆ ਸੀ ਪਰ ਉਸ ਨੇ ਰਾਜ ਦੇ ਬਹੁਤ ਵੱਡੇ ਅਮੀਰਾਂ ਨੂੰ ਵੀ, ਜੋ ਗਰੀਬਾਂ ਦਾ ਖ਼ੂਨ ਪੀ ਕੇ ਅਤਿਅੰਤ ਅਮੀਰ ਹੋ ਚੁੱਕੇ ਸਨ, ਮੁਆਫ਼ ਨਹੀਂ ਕੀਤਾ। ਇਕ ਵਿਧੀ ਪੂਰਬਕ ਢੰਗ ਨਾਲ ਉਨ੍ਹਾਂ ਦੇ ਘਰਾਂ ਦੀ ਤਲਾਸ਼ੀ ਲਈ ਗਈ ਅਤੇ ਕਰੋੜਾਂ ਹੀ ਰੁਪਏ ਦੇ ਮੁੱਲ ਦੇ ਹੀਰੇ-ਜਵਾਹਰਾਤ, ਸੋਨੇ ਅਤੇ ਚਾਂਦੀ ਦੇ ਬਰਤਨ ਅਤੇ ਨਕਦੀ ਬਰਾਮਦ ਕੀਤੀ ਗਈ। ਇਸ ਲੁੱਟ ਵਿਚ ਮੁਗਲਾਨੀ ਬੇਗਮ ਨੇ ਅਫ਼ਗਾਨਾਂ ਨੂੰ ਇਹ ਦੱਸਣ ਵਿਚ ਬੜੀ ਸਹਾਇਤਾ ਕੀਤੀ ਕਿ ਹਰ ਰਈਸ ਕਿੰਨਾ ਕੁ ਅਮੀਰ ਹੈ। ਉਸ ਨੇ ਵਿਸ਼ੇਸ਼ ਕਰਕੇ ਆਪਣੇ ਜੇਠ ਇੰਤਜ਼ਾਮ-ਉਦ-ਦੌਲਾ ਦੇ ਘਰ ਨੂੰ ਚੰਗੀ ਤਰ੍ਹਾਂ ਲੁਟਵਾਇਆ। ਇਸ ਲਈ ਉਸ ਨੂੰ 'ਸੁਲਤਾਨ ਮਿਰਜ਼ਾ' ਦਾ ਖ਼ਿਤਾਬ ਦਿੱਤਾ ਗਿਆ। ਰਾਜਧਾਨੀ ਵਿਚ ਹਰ ਘਰ ਤੋਂ ਬਾਕਾਇਦਾ ਕਰ ਵਸੂਲ ਕੀਤਾ ਗਿਆ। ਲਾਹੌਰ ਦੇ ਜ਼ਕਰੀਆ ਖ਼ਾਂ ਦੇ ਜਿਉਂਦੇ ਪੁੱਤਰ ਯਹੀਆ ਖ਼ਾਂ ਨੂੰ ਇਸ ਉਗਰਾਹੀ ਦਾ ਇਨਚਾਰਜ ਬਣਾਇਆ ਗਿਆ। ਇਨ੍ਹਾਂ ਕਾਰਵਾਈਆਂ ਵਿਚ ਬਹੁਤ ਸਾਰੇ ਲੋਕ ਤਸੀਹੇ ਝਲਦੇ ਝਲਦੇ ਮਰ ਗਏ ਅਤੇ ਕਈਆਂ ਨੇ ਇਨ੍ਹਾਂ ਸ਼ਖਤੀਆਂ ਤੋਂ ਬਚਣ ਲਈ ਜ਼ਹਿਰ ਖਾ ਲਈ।

ਸ਼ਾਹ ਦੇ ਕਹਿਣ ਤੇ ਆਲਮਗੀਰ ਦੀ ਧੀ ਦਾ ਸ਼ਾਹ ਦੇ ਪੁੱਤਰ ਸ਼ਹਿਜ਼ਾਦਾ ਤੈਮੂਰ ਨਾਲ ਵਿਆਹ ਕਰ ਦਿੱਤਾ ਗਿਆ। ਸ਼ਾਹ ਨੇ ਖ਼ੁਦ ਪਿਛਲੇ ਬਾਦਸ਼ਾਹ ਮੁਹੰਮਦ ਸ਼ਾਹ ਦੀ 16 ਸਾਲਾ ਧੀ ਹਜ਼ਰਤ ਬੇਗਮ ਨਾਲ ਵਿਆਹ ਕਰ ਲਿਆ ਅਤੇ ਉਸ ਨੇ ਉਸ ਲੜਕੀ ਦੀ ਵਿਧਵਾ ਮਾਂ ਦੇ ਰੋ ਰੋ ਕੇ ਕੀਤੇ ਇਤਰਾਜ਼ ਦੀ ਕੋਈ ਪਰਵਾਹ ਨਾ ਕੀਤੀ। ਇਨ੍ਹਾਂ ਤੋਂ ਇਲਾਵਾ ਸ਼ਾਹ ਮੁਗ਼ਲ ਹਰਮ ਦੀਆਂ 16 ਹੋਰ ਔਰਤਾਂ ਅਤੇ ਉਨ੍ਹਾਂ ਦੀਆਂ 400 ਨੌਕਰਾਣੀਆਂ ਨੂੰ ਆਪਣੇ ਨਾਲ ਲੈ ਗਿਆ।

ਮਥਰਾ ਨੂੰ ਵੀ ਬੜੀ ਬੇਰਹਿਮੀ ਨਾਲ ਲੁੱਟਿਆ ਗਿਆ। ਜਹਾਨ ਖ਼ਾਂ ਨੇ ਹੋਲੀ ਦੇ ਮੌਕੇ ਉੱਤੇ ਇਕੱਠੇ ਹੋਏ ਹੋਏ ਬਹੁਤ ਸਾਰੇ ਹਿੰਦੂਆਂ ਨੂੰ ਅਨ੍ਹੇਵਾਹ ਕਤਲ ਕਰ ਦੇਣ ਦਾ ਹੁਕਮ ਦਿੱਤਾ। ਸਮੀਨ ਦੀ ਲਿਖਤ ਅਨੁਸਾਰ ਬੈਰਾਗੀ ਅਤੇ ਸੰਨਿਆਸੀ ਸਾਧੂਆਂ ਨੂੰ ਉਨ੍ਹਾਂ ਦੀਆਂ ਝੁੱਗੀਆਂ ਵਿਚ ਹੀ ਕਤਲ ਕਰ ਦਿੱਤਾ ਗਿਆ। ਇਨ੍ਹਾਂ ਵਿਚੋਂ ਹਰ ਝੌਂਪੜੀ ਵਿਚ ਇਕ ਇਕ ਵੱਢਿਆ ਹੋਇਆ ਸਿਰ ਸੀ ਜਿਸ ਦੇ ਮੂੰਹ ਨਾਲ ਮਰੀ ਹੋਈ ਗਊ ਦਾ ਸਿਰ ਲਾਇਆ ਗਿਆ ਸੀ ਅਤੇ ਉਸ ਦੀ ਧੌਣ ਦੇ ਦੁਆਲੇ ਰੱਸੇ ਨਾਲ ਉਸ ਨੂੰ ਬੰਨ੍ਹਿਆਂ ਹੋਇਆ ਸੀ। ਕੁਝ ਮੁਸਲਮਾਨਾਂ ਨੂੰ ਵੀ ਆਪਣੀ ਦੌਲਤ ਲਈ ਕਸ਼ਟ ਭੁਗਤਣੇ ਪਏ ਸਨ। ਉਹ ਕਈ ਸਾਰੀਆਂ ਔਰਤਾਂ ਨੂੰ ਕੈਦੀ ਬਣਾ ਕੇ ਲੈ ਗਏ ਅਤੇ ਸ਼ਹਿਰ ਨੂੰ ਅੱਗ ਲਾ ਕੇ ਜਲਦਾ ਛੱਡ ਗਏ। ਭਗਵਾਨ ਕ੍ਰਿਸ਼ਨ ਜੀ ਦੇ ਸ਼ਹਿਰ ਬ੍ਰਿੰਦਾਬਨ ਦੀ ਵੀ ਇਹੀ ਦਸ਼ਾ ਕੀਤੀ ਗਈ।

ਨਿਹੱਥੇ ਲੋਕਾਂ ਦੀ ਸਹਾਇਤਾ ਲਈ ਜੇ ਕੁਦਰਤ ਸਹਾਇਤਾ ਨਾ ਕਰਦੀ ਤਾਂ ਹਮਲਾਆਵਰ ਭਰਤਪੁਰ ਤੇ ਸੂਰਜ ਮਲ ਦੇ ਇਲਾਕੇ ਉੱਤੇ ਵੀ ਹਮਲਾ ਕਰ ਦਿੰਦਾ ਅਤੇ ਉਥੇ ਦੀ ਬੇਰੋਕ ਲੁੱਟ-ਖਸੁੱਟ ਜਾਰੀ ਰਹਿੰਦੀ। ਦੁੱਰਾਨੀ ਬ੍ਰਿੰਦਾਬਨ ਤੋਂ 13 ਮੀਲ ਥੱਲੇ ਵੱਲ ਦਰਿਆ ਦੇ ਲਾਗੇ ਮਹਾਬਨ ਸਥਾਨ ਤੇ ਡੇਰਾ ਪਾਈ ਬੈਠਾ ਸੀ। ਜਮਨਾ ਦਾ ਪਾਣੀ ਨੀਵੇਂ ਪੱਧਰ ਤੇ ਵਗ ਰਿਹਾ ਸੀ ਅਤੇ ਕਤਲ ਹੋਏ ਹੋਏ ਲੋਕਾਂ ਦੀਆਂ ਲਾਸ਼ਾਂ ਦਰਿਆ ਵਿਚ ਰੁੜ੍ਹੀਆਂ ਆ ਰਹੀਆਂ ਸਨ। ਅਫ਼ਗਾਨਾਂ ਦੁਆਰਾ ਇਸ ਤਰ੍ਹਾਂ ਗੰਦਾ ਹੋਇਆ ਪਾਣੀ ਪੀਣ ਨਾਲ ਉਨ੍ਹਾਂ ਵਿਚ ਹੈਜ਼ੇ ਦੀ ਬਿਮਾਰੀ ਫੈਲ ਗਈ ਜਿਸ ਨਾਲ ਲਗਪਗ 150 ਆਦਮੀ ਰੋਜ਼ ਮਰਦੇ ਸਨ। ਦੁੱਰਾਨੀ ਹਮਲਾਆਵਰ ਆਪਣਾ ਡੇਰਾ ਚੁੱਕ ਕੇ ਕਾਹਲੀ ਕਾਹਲੀ ਆਪਣੇ ਮੁਲਕ ਨੂੰ ਵਾਪਸ ਮੁੜ ਜਾਣ ਲਈ ਮਜਬੂਰ ਹੋ ਗਿਆ। ਉਸ ਨੇ ਦਿੱਲੀ ਵਿਚ ਗਾਜ਼ੀ-ਉਦ-ਦੀਨ ਨੂੰ ਆਪਣਾ ਵਜ਼ੀਰ ਅਤੇ ਨਜੀਬ-ਉਦ-ਦੌਲਾ ਨੂੰ ਆਪਣਾ ਏਜੰਟ ਸਥਾਪਿਤ ਕਰ ਦਿੱਤਾ। ਅਹਿਮਦ ਸ਼ਾਹ ਨੇ ਲਾਹੌਰ, ਸਰਹਿੰਦ, ਕਸ਼ਮੀਰ, ਠੱਟਾ ਅਤੇ ਮੁਲਤਾਨ ਦੇ ਪ੍ਰਾਂਤ ਆਪਣੇ ਪੁੱਤਰ ਤੈਮੂਰ ਦੇ ਹਵਾਲੇ ਕਰ

ਦਿੱਤੇ ਅਤੇ ਉਸ ਨੂੰ ਸ਼ਾਹ ਦਾ ਖਿਤਾਬ ਦੇ ਕੇ ਵਾਇਸਰਾਏ ਅਤੇ ਜਹਾਨ ਖ਼ਾਂ ਨੂੰ ਉਸ ਦਾ ਨਾਇਬ ਨਿਯੁਕਤ ਕਰ ਦਿੱਤਾ। ਉਹ ਇਥੋਂ ਲੁੱਟ ਦਾ ਅਥਾਹ ਮਾਲ 28,000 ਹਾਥੀਆਂ, ਊਠਾਂ, ਖੱਚਰਾਂ, ਬੈਲਾਂ ਅਤੇ ਬੈਲ-ਗੱਡੀਆਂ ਉੱਤੇ ਲੱਦ ਕੇ ਲੈ ਗਿਆ। ਇਸ ਤੋਂ ਇਲਾਵਾ 80,000 ਘੋੜੇ ਅਤੇ ਆਦਮੀ ਲੁੱਟ ਦਾ ਮਾਲ, ਜੋ ਇਕੱਲੇ ਇਕੱਲੇ ਦੇ ਹੱਥ ਲਗਾ ਸੀ, ਆਪਣੇ ਨਾਲ ਲਿਜਾ ਰਹੇ ਸਨ।[85]

**ਸਿੱਖ ਆਪਣਾ ਹੱਕ ਜਿਤਲਾਉਣ ਲਗੇ**

ਸਿੱਖਾਂ ਨੇ ਲਾਹੌਰ ਸਰਕਾਰ ਦੀ ਕਮਜ਼ੋਰੀ ਅਤੇ ਅਹਿਮਦ ਸ਼ਾਹ ਦੁੱਰਾਨੀ ਦੇ ਹਮਲੇ ਤੋਂ ਪੂਰਾ ਲਾਭ ਉਠਾਇਆ। ਉਨ੍ਹਾਂ ਨੇ ਇਕ ਸੁਰੱਖਿਆ ਪ੍ਰਬੰਧ ਨਿਰਧਾਰਿਤ ਕੀਤਾ ਜਿਸ ਨੂੰ 'ਰਾਖੀ' ਕਿਹਾ ਗਿਆ। ਇਸ ਅਨੁਸਾਰ ਸਿੱਖ ਹਿੰਦੂ ਅਤੇ ਮੁਸਲਮਾਨ ਜ਼ਿਮੀਦਾਰਾਂ ਨੂੰ ਸਭ ਹਮਲਿਆਂ ਅਤੇ ਗੜਬੜ ਦੇ ਵਿਰੁੱਧ ਪੂਰੀ ਰੱਖਿਆ ਦਿੰਦੇ ਸਨ ਅਤੇ ਉਸ ਦੇ ਬਦਲੇ ਉਨ੍ਹਾਂ ਤੋਂ ਉਨ੍ਹਾਂ ਦੇ ਸਰਕਾਰੀ ਵਾਰਸ਼ਿਕ ਕਰ ਦਾ ਪੰਜਵਾਂ ਹਿੱਸਾ ਲੈਂਦੇ ਸਨ। ਇਸ ਨਾਲ ਉਨ੍ਹਾਂ ਵਸਨੀਕਾਂ ਦੀ ਜਾਨ ਤੇ ਮਾਲ ਨੂੰ ਅਮਨ ਸ਼ਾਂਤੀ ਤੇ ਸੁਰੱਖਿਆ ਮਿਲੀ ਤੇ ਉਹ ਖ਼ੁਸ਼ ਤੇ ਸੰਤੁਸ਼ਟ ਹੋ ਗਏ। ਕੁਝ ਮੁਗ਼ਲ ਅਤੇ ਮੁਸਲਮਾਨ ਰਾਜਪੂਤਾਂ, ਜਿਨ੍ਹਾਂ ਨੇ ਆਪਣੇ ਧਾਰਮਿਕ ਤਅੱਸਬ ਕਰਕੇ ਰਾਖੀ ਦੀ ਪੇਸ਼ਕਸ਼ ਤੋਂ ਫਾਇਦਾ ਨਾ ਉਠਾਇਆ ਜਾਂ ਕਿਸੇ ਹੋਰ ਤਰ੍ਹਾਂ ਆਪ ਗੜਬੜ ਪੈਦਾ ਕੀਤੀ, ਨੂੰ ਉਨ੍ਹਾਂ ਦੇ ਘਰਾਂ ਤੋਂ ਕੱਢ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਹੋਰ ਥਾਂ ਜਾ ਕੇ ਆਪਣਾ ਠਿਕਾਣਾ ਲੱਭਣਾ ਪਿਆ।[86] ਬਦਅਮਨੀ ਵਾਲੇ ਇਲਾਕਿਆਂ ਦੇ ਲੋਕਾਂ ਨੇ ਰਾਖੀ ਪ੍ਰਣਾਲੀ ਨੂੰ ਪ੍ਰਵਾਨ ਕਰ ਲਿਆ ਅਤੇ ਉਹ ਇਲਾਕੇ ਸਿੱਖ ਸਰਦਾਰਾਂ ਦੇ ਅਧਿਕਾਰ ਵਿਚ ਚਲੇ ਗਏ। ਇਨ੍ਹਾਂ ਆਗੂਆਂ ਨੇ ਆਪਣੇ ਆਪਣੇ ਇਲਾਕਿਆਂ ਵਿਚ ਕਿਲ੍ਹੇ ਕਾਇਮ ਕਰ ਲਏ ਅਤੇ ਕਿਸੇ ਨਾ ਕਿਸੇ ਕਿਸਮ ਦੀ ਸਰਕਾਰ ਕਾਇਮ ਕਰਨ ਦਾ ਕੰਮ ਵੀ ਸ਼ੁਰੂ ਕਰ ਦਿੱਤਾ। ਇਹੀ ਸਰਕਾਰ ਉਸ ਰਾਜ ਪ੍ਰਬੰਧ ਦਾ ਆਧਾਰ ਬਣੀ ਜਿਸ ਨੂੰ ਮਿਸਲਦਾਰੀ ਕਿਹਾ ਜਾਂਦਾ ਹੈ। ਜੱਸਾ ਸਿੰਘ ਆਹਲੂਵਾਲੀਆਂ ਨੇ ਪਹਿਲਾਂ ਹੀ ਆਪਣੇ ਲਈ ਜਲੰਧਰ ਦੁਆਬ ਵਿਚ ਇਕ ਰਾਜ ਕਾਇਮ ਕਰ ਲਿਆ ਸੀ ਅਤੇ ਇਹ ਰਾਜ ਅਦੀਨਾ ਬੇਗ ਵਰਗੇ ਬੜੇ ਮੀਣੇ ਆਦਮੀ ਦੇ ਇਲਾਕੇ ਦੇ ਬਿਲਕੁਲ ਲਾਗੇ ਕਾਇਮ ਹੋਇਆ ਸੀ। ਜੈ ਸਿੰਘ ਘਨਈਆ ਅਤੇ ਜੱਸਾ ਸਿੰਘ ਰਾਮਗੜ੍ਹੀਆਂ ਨੇ ਬਟਾਲੇ ਦਾ ਆਲਾ-ਦੁਆਲਾ, ਜਿਸ ਨੂੰ ਰਿਆੜਕੀ ਕਹਿੰਦੇ ਸਨ, ਆਪਣੇ ਅਧਿਕਾਰ ਖੇਤਰ ਵਿਚ ਲੈ ਲਿਆ। ਹਰੀ ਸਿੰਘ, ਝੰਡਾ ਸਿੰਘ, ਲਹਿਣਾ ਸਿੰਘ ਅਤੇ ਗੁੱਜਰ ਸਿੰਘ ਵਰਗੇ ਭੰਗੀ ਸਰਦਾਰਾਂ ਨੇ ਬਾਰੀ ਅਤੇ ਦੁਆਬ ਅਤੇ ਰਚਨਾ ਦੁਆਬ ਦੇ ਇਲਾਕਿਆਂ ਵਿਚ ਆਪਣਾ ਰਾਜ ਕਾਇਮ ਕਰ ਲਿਆ। ਦਰਿਆ ਰਾਵੀ ਅਤੇ ਘੱਗਰਾ ਦੇ ਵਿਚਕਾਰ ਦਾ ਇਲਾਕਾ, ਜਿਸ ਨੂੰ ਨੱਕਾ ਕਹਿੰਦੇ ਸਨ, ਨਕਈ ਸਰਦਾਰਾਂ ਦੇ ਕਬਜ਼ੇ ਵਿਚ ਆ ਗਿਆ। ਸੁਕਰਚਕੀਆ ਦੇ ਆਗੂ ਸਰਦਾਰ ਚੜ੍ਹਤ ਸਿੰਘ ਨੇ ਗੁੱਜਰਾਂਵਾਲੇ ਦੇ ਆਲੇ-ਦੁਆਲੇ ਦੇ ਇਲਾਕੇ ਉੱਤੇ ਕਬਜ਼ਾ ਕਰ ਲਿਆ ਅਤੇ ਕਦੇ ਕਦੇ ਉਸ ਦੀ ਫ਼ੌਜ ਜਿਹਲਮ ਦਰਿਆ ਤੋਂ ਪਾਰ ਵੀ ਚਲੀ ਜਾਂਦੀ ਸੀ।[87]

ਮਾਰਚ 1757 ਦੇ ਆਖ਼ੀਰ ਵਿਚ ਸਰਦਾਰ ਆਲਾ ਸਿੰਘ ਅਤੇ ਦੂਜਿਆਂ ਦੀ ਅਗਵਾਈ ਵਿਚ ਸਿੱਖ ਸਰਹਿੰਦ ਦੇ ਸਥਾਨ ਤੇ ਇਕੱਠੇ ਹੋਏ ਅਤੇ ਤੈਮੂਰ ਅਤੇ ਜਹਾਨ ਖ਼ਾਂ ਦੀ ਫ਼ੌਜ ਦੇ ਅਗਲੇ ਹਿੱਸੇ ਉੱਤੇ ਟੁੱਟ ਕੇ ਪੈ ਗਏ ਜੋ ਆਪਣੀ ਸਰਕਾਰ ਦੇ ਨਵੇਂ ਹੈਡਕੁਆਰਟਰ ਲਾਹੌਰ ਵੱਲ ਨੂੰ ਜਾ ਰਹੇ ਸਨ।

---

85. *ਤਾਰੀਖ-ਇ-ਆਲਮਗੀਰ ਸਾਨੀ*, ਪੰਨੇ 89-115; *ਤਜ਼ਕਿਰਾ-ਇ-ਇਮਾਦ-ਉਲ-ਮੁਲਕ*, ਪੰਨੇ 208-55, *ਤਾਰੀਖ-ਇ-ਅਹਿਮਦ ਸ਼ਾਹ ਅਬਦਾਲੀ*, ਪੰਨੇ 14-23; *ਖਜਾਨਾ-ਇ-ਅਮਿਰਾ*, ਪੰਨੇ 53-54, 100; *ਹੁਸੈਨ ਸ਼ਾਹੀ*, ਪੰਨਾ 30; ਗੁਲਾਮ ਅਲੀ, *ਸ਼ਾਹ ਆਲਮ ਨਾਮਾ*, ਪੰਨਾ 28; *ਸ਼ਾਹਨਾਮਾ-ਇ-ਅਮਾਦੀਆ*, ਪੰਨੇ 201-202, ਨੂਰ ਉਦ-ਦੀਨ, *ਅਹਵਾਲ-ਇ-ਨਜੀਬ-ਉਦ-ਦੌਲਾ*, ਪੰਨਾ 15; S. P. D, ii. 71; xxi, pp. 96, 98, 100.
86. ਬੂਟੇ ਸ਼ਾਹ, ਜਿਲਦ ਪਹਿਲੀ, ਪੰਨਾ 371; ਅਲੀ-ਉਦ-ਦੀਨ, ਪੰਨਾ 371; Browne, viii.
87. ਸੋਹਨ ਲਾਲ, ਜਿਲਦ ਪਹਿਲੀ, ਪੰਨਾ 5; ਬੂਟੇ ਸ਼ਾਹ, ਅਲੀ-ਉਦ-ਦੀਨ, ਅਹਿਮਦ ਸ਼ਾਹ ਬਟਾਲੀਆ ਅਤੇ ਗਿਆਨ ਸਿੰਘ ਦੀਆ ਪੁਸਤਕਾਂ ਵਿਚੋ ਹੋਰ ਵਿਕੋਲਿਤਰੇ ਹਵਾਲੇ ਵੀ ਵੇਖੋ।

ਸਿੱਖਾਂ ਨੇ ਉਨ੍ਹਾਂ ਤੋਂ ਉਸ ਖਜਾਨੇ ਦਾ ਬਹੁਤ ਸਾਰਾ ਹਿੱਸਾ ਵੀ ਜੋ ਉਹ ਮੁਗ਼ਲ ਰਾਜਧਾਨੀ (ਦਿੱਲੀ) ਤੋਂ ਲੁੱਟ ਕੇ ਲਿਆਏ ਸਨ, ਖੋਹ ਲਿਆ। ਸਿੱਖਾਂ ਨੇ ਇਕ ਹੋਰ ਹਮਲਾ ਮੇਵਾੜਕੋਟ (?) ਦੇ ਸਥਾਨ ਤੇ ਕੀਤਾ ਅਤੇ ਅਫ਼ਗਾਨ ਸੈਨਾ ਨੂੰ ਜਾ ਲੁੱਟਿਆ। ਇਸ ਹਮਲੇ ਨੇ ਇਤਨਾ ਭੈਅ ਪੈਦਾ ਕਰ ਦਿੱਤਾ ਕਿ ਇਹ ਵੀ ਅਫ਼ਵਾਹਾਂ ਉਡ ਗਈਆਂ ਕਿ ਸ਼ਹਿਜ਼ਾਦਾ ਤੈਮੂਰ ਨੂੰ ਸਿੱਖਾਂ ਨੇ ਫੜ ਕੇ ਮਾਰ ਦਿੱਤਾ ਹੈ।[88]

ਸਿੱਖਾਂ ਤੋਂ ਬਦਲਾ ਲੈਣ ਲਈ ਪਹਿਲੀ ਗੱਲ ਜੋ ਅਫ਼ਗਾਨਾਂ ਨੇ ਜਲੰਧਰ ਦੁਆਬ ਵਿਚ ਪੁੱਜ ਕੇ ਕੀਤੀ ਉਹ ਕਰਤਾਰਪੁਰ ਦੇ ਨਗਰ ਨੂੰ ਬਰਬਾਦ ਕਰ ਦੇਣ ਦੀ ਸੀ। ਇਹ ਕਸਬਾ ਗੁਰੂ ਅਰਜਨ ਸਾਹਿਬ ਦੀ ਯਾਦ ਵਿਚ ਪਵਿੱਤਰ ਅਸਥਾਨ ਮੰਨਿਆ ਜਾਂਦਾ ਸੀ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਗੁਰਦੁਆਰੇ ਵਿਚ ਸੰਭਾਲ ਦੇ ਰੱਖੀ ਹੋਈ ਹੈ। ਉਸ ਵੇਲੇ ਕਰਤਾਰਪੁਰ ਦਾ ਮਾਲਕ ਸੋਢੀ ਵਡਭਾਗ ਸਿੰਘ ਸੀ ਜੋ ਸ਼ਿਵਾਲਕ ਦੀਆਂ ਪਹਾੜੀਆਂ ਵੱਲ ਗਿਆ ਹੋਇਆ ਸੀ। ਰੱਖਿਆ ਦਾ ਪ੍ਰਬੰਧ ਨਾ ਹੋਣ ਕਰਕੇ ਗੁਰਦੁਆਰੇ ਨੂੰ ਅੱਗ ਲਾ ਦਿੱਤੀ ਗਈ ਅਤੇ ਇਤਿਹਾਸਕ ਸਤੰਭ ਜਿਸ ਨੂੰ ਥੰਮ ਸਾਹਿਬ ਕਹਿੰਦੇ ਸਨ, ਸਾੜ ਕੇ ਸੁਆਹ ਕਰ ਦਿੱਤਾ। ਗੁਰਦੁਆਰੇ ਦੇ ਸਥਾਨ ਨੂੰ ਕਤਲ ਕੀਤੀਆਂ ਹੋਈਆਂ ਗਊਆਂ ਦੇ ਖ਼ੂਨ ਨਾਲ ਅਪਵਿੱਤਰ ਕੀਤਾ ਗਿਆ। ਅਵੇਸਲੇ ਫੜੇ ਗਏ ਉਥੋਂ ਦੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਅਤੇ ਸਾਰੇ ਸ਼ਹਿਰ ਨੂੰ ਬੜੀ ਨਿਰਦਇਤਾ ਨਾਲ ਲੁੱਟਿਆ ਗਿਆ।[89] ਅਹਿਮਦ ਸ਼ਾਹ ਦਿੱਲੀ ਮੁੜਦਾ ਹੋਇਆ ਕੁਝ ਸਮਾਂ ਲਾਹੌਰ ਠਹਿਰਿਆ ਅਤੇ ਉਸ ਨੇ ਅੰਮ੍ਰਿਤਸਰ ਦੇ ਸਥਾਨ ਤੇ ਸਿੱਖਾਂ ਨੂੰ ਖ਼ੁਆਰ ਕਰਨ ਲਈ ਇਕ ਸੈਨਿਕ ਟੁਕੜੀ ਭੇਜੀ। ਉਨ੍ਹਾਂ ਨੇ ਸ਼ਹਿਰ ਨੂੰ ਲੁੱਟ ਲਿਆ ਅਤੇ ਪਵਿੱਤਰ ਇਮਾਰਤਾਂ ਤੇ ਸਰੋਵਰ ਨੂੰ ਢਾਹ ਢੇਰੀ ਕਰ ਦਿੱਤਾ।[90]

ਅਹਿਮਦ ਸ਼ਾਹ ਨੇ ਰਸਮੀ ਤੌਰ ਤੇ ਆਪਣੇ ਪੁੱਤਰ ਨੂੰ ਆਪਣੇ ਅਧੀਨ ਸਾਰੇ ਭਾਰਤੀ ਇਲਾਕਿਆਂ ਉੱਤੇ ਵਾਇਸਰਾਏ ਨਿਯੁਕਤ ਕਰ ਦਿੱਤਾ ਅਤੇ ਉੱਤਰ ਵੱਲ ਇਕ ਮਿੱਤਰ ਸਾਥੀ ਬਣਾਉਣ ਲਈ ਉਸ ਨੇ ਜੰਮੂ ਦੇ ਰਣਜੀਤ ਦੇਵ ਨੂੰ ਜ਼ਫ਼ਰਵਾਲ, ਸਾਖਤਰਾ ਅਤੇ ਔਰੰਗਾਬਾਦ ਦੇ ਪਰਗਣੇ ਦੇ ਦਿੱਤੇ।[91] ਇਹ ਪ੍ਰਬੰਧ ਕਰਨ ਦੇ ਬਾਅਦ ਸ਼ਾਹ ਕੰਧਾਰ ਨੂੰ ਜਾਂਦਾ ਹੋਇਆ ਪਿਸ਼ਾਵਰ ਲਈ ਰਵਾਨਾ ਹੋ ਗਿਆ। ਇਸ ਸਫ਼ਰ ਸਮੇਂ ਨਿਰਭੈ ਸਰਦਾਰ ਚੜ੍ਹਤ ਸਿੰਘ ਨੇ ਗੋਲਾਬਾਰੀ ਨਾਲ ਉਸ ਨੂੰ ਬਹੁਤ ਤੰਗ ਕੀਤਾ। ਚੜ੍ਹਤ ਸਿੰਘ ਨੇ ਅਫ਼ਗਾਨਾਂ ਨੂੰ ਇਕ ਥਾਂ ਜੰਮ ਕੇ ਲੜਾਈ ਕਰਨ ਦਾ ਮੌਕਾ ਨਾ ਦਿੱਤਾ ਪਰ ਅਫ਼ਗਾਨਾਂ ਉੱਤੇ ਝਪਟਾਂ ਮਾਰ ਮਾਰ ਕੇ ਉਹ ਉਨ੍ਹਾਂ ਨੂੰ ਲਗਾਤਾਰ ਪ੍ਰੇਸ਼ਾਨ ਕਰਦਾ ਰਿਹਾ, ਵਿਸ਼ੇਸ਼ ਕਰਕੇ ਉਸ ਵੇਲੇ ਜਦੋਂ ਸ਼ਾਮ ਨੂੰ ਆਪਣੇ ਤੰਬੂ ਲਾਉਣ ਵਿਚ ਲੱਗੇ ਹੋਏ ਹੁੰਦੇ ਜਾਂ ਸਵੇਰ ਨੂੰ ਆਪਣੇ ਤੰਬੂ ਸਮੇਟਣ ਅਤੇ ਆਪਣਾ ਸਾਮਾਨ ਲੱਦਣ ਵਿਚ ਰੁਝੇ ਹੋਏ ਹੁੰਦੇ। ਚੜ੍ਹਤ ਸਿੰਘ ਦੀਆਂ ਇਹ ਝਪਟਾਂ ਤੇ ਹੱਲੇ ਉਦੋਂ ਤਕ ਜਾਰੀ ਰਹੇ ਜਦ ਤਕ ਕਿ ਅਹਿਮਦ ਸ਼ਾਹ ਦਰਿਆ ਸਿੰਧ ਪਾਰ ਨਹੀਂ ਕਰ ਗਿਆ।

**ਤੈਮੂਰ ਸ਼ਾਹ ਅਤੇ ਸਿੱਖ**

ਤੈਮੂਰ ਦੇ ਸਾਹਮਣੇ ਸਿੱਖਾਂ ਨੂੰ ਮਾਰ ਮੁਕਾਉਣ ਦਾ ਇਕ ਮੁੱਖ ਕੰਮ ਸੀ ਕਿਉਂਕਿ ਉਹ ਉਸ ਨੂੰ ਅਮਨ ਸ਼ਾਂਤੀ ਨਾਲ ਰਾਜ ਨਹੀਂ ਸੀ ਕਰਨ ਦੇਣਾ ਚਾਹੁੰਦੇ। ਇਹ ਸੁਣ ਕੇ ਕਿ ਸਿੱਖ ਆਪਣਾ ਵਾਰਸ਼ਿਕ ਮੇਲਾ ਮਨਾਉਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਅੰਮ੍ਰਿਤਸਰ ਵਿਚ ਇਕੱਠੇ ਹੋਣ ਵਾਲੇ ਹਨ, ਜਹਾਨ ਖ਼ਾਂ ਨੇ ਹਾਜੀ ਅਤਾਈ ਖ਼ਾਂ ਨੂੰ, ਜੋ ਇਕ ਭਾਰੀ ਫ਼ੌਜ ਲੈ ਕੇ ਪੇਂਡੂ ਇਲਾਕੇ ਅਧੀਨ ਕਰਨ ਲਈ ਇਧਰ ਉਧਰ ਘੁੰਮ ਰਿਹਾ ਸੀ, ਹੁਕਮ ਦਿੱਤਾ ਕਿ ਉਹ ਸ਼ਹਿਰ ਉੱਤੇ ਧਾਵਾ ਬੋਲੇ ਅਤੇ ਸਿੱਖਾਂ ਨੂੰ ਸਜ਼ਾ ਦੇਵੇ।

88. *S. P. D.*, xxi, p. 116 (April 23, 1757); xxvii. 148 (April 5, 1757).
89. ਨਿਜ਼ਾਮੁਦੀਨ : *ਸ਼ਾਹਨਾਮਾ-ਇ-ਅਹਿਮਦੀਆਂ*, ਪੰਨੇ 210-223; ਬੂਟੇ ਸ਼ਾਹ, ਪੰਨਾ 477; ਰਤਨ ਸਿੰਘ ਪੰਨਾ 323; *ਸ਼ਮਸ਼ੇਰ ਖ਼ਾਲਸਾ*, ਪੰਨਾ 121; Purser, *Jullundur Settlement Report*, p. 29.
90. *ਹੁਸੈਨ ਸ਼ਾਹੀ*, ਪੰਨਾ 32; *ਤਾਰੀਖ਼-ਇ-ਅਹਿਮਦ*, ਪੰਨਾ 23; ਬੁਧ ਸਿੰਘ, ਪੰਨਾ 37.
91. *Sialkot District Gazetteer*, p. 16.

ਜਹਾਦ ਛੇੜਨ ਦੀ ਮੁਨਾਦੀ ਕੀਤੀ ਗਈ ਅਤੇ ਸਭ ਮੁਸਲਮਾਨਾਂ ਨੂੰ ਸਿੱਖਾਂ ਵਿਰੁੱਧ ਜਹਾਦ ਕਰਨ ਲਈ ਤਿਆਰ ਰਹਿਣ ਦਾ ਆਦੇਸ਼ ਦਿੱਤਾ ਗਿਆ। ਸਿੱਖਾਂ ਨੇ ਵੀ ਆਪਣੇ ਪਵਿੱਤਰ ਸਥਾਨ ਦੀ ਰੱਖਿਆ ਦੀ ਲੋੜ ਨੂੰ ਅਨੁਭਵ ਕੀਤਾ ਅਤੇ ਹਮਲੇ ਦੇ ਮੁਕਾਬਲੇ ਲਈ ਬਾਬਾ ਦੀਪ ਸਿੰਘ[92] ਦੀ ਅਗਵਾਈ ਵਿਚ ਸਭ ਪਾਸਿਆਂ ਤੋਂ ਸਿੱਖਾਂ ਨੂੰ ਇਕੱਠਿਆਂ ਕੀਤਾ। ਸਿੱਖ ਲਾੜਿਆਂ ਵਾਲੇ ਭੜਕੀਲੇ ਲਿਬਾਸ ਪਹਿਨ ਕੇ ਤਰਨ ਤਾਰਨ ਤੋਂ ਰਵਾਨਾ ਹੋਏ। ਉਨ੍ਹਾਂ ਨੇ ਆਪਣੇ ਗੁੱਟਾਂ ਉੱਤੇ ਸ਼ਗਨਾਂ ਦੇ ਗਾਨੇ ਬੰਨ੍ਹੇ ਹੋਏ ਸਨ ਅਤੇ ਆਪਣੇ ਕਪੜਿਆਂ ਉੱਤੇ ਕੇਸਰ ਛਿੜਕਿਆ ਹੋਇਆ ਸੀ।

ਅਤਾਈ ਖ਼ਾਂ ਨੂੰ ਆਉਣ ਲਗਿਆਂ ਕੁਝ ਸਮਾਂ ਲਗ ਗਿਆ ਪਰ ਜਹਾਨ ਖ਼ਾਂ ਨੇ ਲਗਪਗ 2,000 ਘੋੜ ਸਵਾਰ ਇਕੱਠੇ ਕਰਕੇ ਅੰਮ੍ਰਿਤਸਰ ਦੇ ਲਾਗੇ ਗੋਹਰਵਾਲ ਦੇ ਸਥਾਨ ਦੇ ਨੇੜੇ ਆ ਸਿੱਖਾਂ ਨਾਲ ਟੱਕਰ ਲਈ ਪਰ ਅਫ਼ਗਾਨ ਸਥਿਤੀ ਦਾ ਮੁਕਾਬਲਾ ਨਾ ਕਰ ਸਕੇ ਅਤੇ ਸਭ ਪਾਸਿਆਂ ਨੂੰ ਭੱਜ ਨਿਕਲੇ। ਜਹਾਨ ਖ਼ਾਂ ਨੇ ਡਰਾ ਧਮਕਾ ਕੇ ਉਨ੍ਹਾਂ ਨੂੰ ਇਕੱਠਿਆਂ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸ ਦਾ ਕੋਈ ਅਸਰ ਨਾ ਹੋਇਆ। ਅਤਾਈ ਖ਼ਾਂ ਦੇ ਆਦਮੀਆਂ ਅਤੇ ਤੋਪਖਾਨੇ ਦੀ ਕੁਮਕ ਪੁੱਜਣ ਤੇ ਅਫ਼ਗਾਨਾਂ ਦਾ ਪਾਸਾ ਭਾਰੀ ਹੋ ਗਿਆ ਅਤੇ ਸਿੱਖਾਂ ਦਾ ਪਾਸਾ ਪਲਟ ਗਿਆ। ਜੇਤੂ ਅਫ਼ਗਾਨਾਂ ਨੇ ਅੰਮ੍ਰਿਤਸਰ ਸ਼ਹਿਰ ਤਕ ਸਿੱਖਾਂ ਦਾ ਪਿੱਛਾ ਕੀਤਾ ਅਤੇ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿਚ ਆ ਦਾਖ਼ਲ ਹੋਏ। ਉਨ੍ਹਾਂ ਨੇ ਦਰਵਾਜ਼ੇ ਉੱਤੇ ਪਹਿਰੇ ਤੇ ਖੜੇ ਪੰਜ ਸੇਵਾਦਾਰਾਂ ਨੂੰ ਮਾਰ ਦਿੱਤਾ ਅਤੇ ਪਵਿੱਤਰ ਸਰੋਵਰ ਨੂੰ ਦੂਸ਼ਿਤ ਕਰ ਦਿੱਤਾ। ਕੁਝ ਦਿਨਾਂ ਤੋਂ ਬਾਅਦ ਜਹਾਨ ਖ਼ਾਂ ਇਹ ਸਮਝਕੇ, ਕਿ ਉਸ ਨੇ ਸਿੱਖਾਂ ਵੱਲੋਂ ਹੋ ਰਹੀ ਗੜਬੜ ਨੂੰ ਖਤਮ ਕਰ ਦਿੱਤਾ ਹੈ, ਲਾਹੌਰ ਨੂੰ ਵਾਪਿਸ ਮੁੜ ਗਿਆ।[93]

ਪਰ ਸਿੱਖਾਂ ਨਾਲ ਝਗੜਾ ਖ਼ਤਮ ਨਹੀਂ ਸੀ ਹੋਇਆ। ਇਹ ਝਗੜਾ ਇਕ ਹੋਰ ਘਟਨਾ ਨਾਲ ਵਧੇਰੇ ਵਿਗੜ ਗਿਆ। ਦੋ ਅਫ਼ਗਾਨ ਸਿਪਾਹੀ ਜੋ ਸਰਹਿੰਦ ਤੋਂ ਆ ਰਹੇ ਸਨ ਕੋਟ ਬੁੱਢਾ ਰਾਮਦਾਸ ਦੇ ਸਿੱਖ ਚੌਧਰੀ ਦੇ ਇਲਾਕੇ ਵਿਚ ਅਚਾਨਕ ਮਾਰੇ ਗਏ। ਜਹਾਨ ਖ਼ਾਂ ਨੇ ਕੁਝ ਘੋੜ-ਸਵਾਰ ਦੋਸ਼ੀਆਂ ਨੂੰ ਫੜਨ ਲਈ ਭੇਜੇ ਅਤੇ ਚੌਧਰੀ ਨੂੰ ਤਸੀਹੇ ਦੇ ਕੇ ਮੌਤ ਤਕ ਪਹੁੰਚਾ ਦਿੱਤਾ। ਚੌਧਰੀ ਉੱਤੇ, ਜੋ ਬੜਾ ਹਰਮਨ ਪਿਆਰਾ ਸੀ, ਇਸ ਸਖ਼ਤੀ ਕਰਕੇ ਸਿੱਖਾਂ ਨੂੰ ਬੜਾ ਗੁੱਸਾ ਚੜ੍ਹਿਆ ਉਨ੍ਹਾਂ ਨੇ ਇਸ ਨੂੰ ਸਿੱਖ ਕੌਮ

92. ਸਰੂਪ ਲਾਲ, *ਦਸਤੂਰ-ਅਲ-ਅਮਲ*, ਪੰਨੇ 85; *ਪੰਥ ਪ੍ਰਕਾਸ਼*, ਪੰਨੇ 698-706.
ਤਲਵੰਡੀ ਸਾਬੋ, ਜਿਸ ਨੂੰ ਦਮਦਮਾ ਸਾਹਿਬ ਕਹਿੰਦੇ ਹਨ, ਦੇ ਗੁਰਦੁਆਰੇ ਦਾ ਇਨਚਾਰਜ ਦੀਪ ਸਿੰਘ ਸੀ। ਉਹ ਜ਼ਿਲ੍ਹਾ ਲਾਹੌਰ ਦੇ ਪਿੰਡ ਪਾਹੂਵਿੰਡ ਦਾ ਵਸਨੀਕ ਸੀ ਅਤੇ ਉਸਨੇ ਖ਼ੁਦ ਗੁਰੂ ਗੋਬਿੰਦ ਸਿੰਘ ਜੀ ਦੇ ਹੱਥਾਂ ਤੋਂ ਅੰਮ੍ਰਿਤ ਛਕਿਆ ਸੀ। ਉਹ ਆਪਣੇ ਸਮੇਂ ਦੇ ਸਭ ਤੋਂ ਵੱਧ ਵਿਦਵਾਨਾਂ ਵਿਚੋਂ ਇਕ ਸੀ। ਉਸ ਨੇ ਭਾਈ ਮਨੀ ਸਿੰਘ ਨਾਲ ਮਿਲ ਕੇ 'ਆਦਿ ਗੁਰੂ ਗ੍ਰੰਥ ਸਾਹਿਬ' ਦੀ ਅੰਤਿਮ ਬੀੜ ਤਿਆਰ ਕਰਨ ਵਿਚ ਦਸਵੇਂ ਗੁਰੂ ਸਾਹਿਬ ਦੀ ਸਹਾਇਤਾ ਕੀਤੀ ਸੀ। ਉਸ ਦੇ ਹੱਥ ਦੀਆਂ ਲਿਖੀਆਂ ਹੋਈਆਂ ਜਾਂ ਪ੍ਰਚਲਿਤ ਕੀਤੀਆਂ ਹੋਈਆਂ ਬੀੜਾਂ ਸਭ ਤੋਂ ਵੱਧ ਭਰੋਸੇ ਯੋਗ ਮੰਨੀਆਂ ਗਈਆਂ ਸਨ, ਵਿਸ਼ੇਸ਼ ਕਰਕੇ ਉਹ ਚਾਰ ਬੀੜਾਂ ਜੋ ਚਾਰ ਤਖਤਾਂ ਤੇ ਰਖੀਆਂ ਗਈਆਂ ਸਨ। ਦਮਦਮਾ ਸਾਹਿਬ ਵਿਚ ਜਦੋਂ ਦੀਪ ਸਿੰਘ ਨੇ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦੀ ਨਿਰਾਦਰੀ ਦੀ ਖ਼ਬਰ ਸੁਣੀ ਤਾਂ ਉਹ ਤੁਰੰਤ ਉਸ ਦਾ ਬਦਲਾ ਲੈਣ ਲਈ ਉਥੋਂ ਚਲ ਪਿਆ। ਜਦੋਂ ਉਹ ਮਾਝੇ ਵੱਲ ਨੂੰ ਆਇਆ ਤਾਂ ਉਸ ਦੇ ਨਾਲ ਸਿੱਖ ਜੁੜਦੇ ਗਏ ਅਤੇ ਉਸ ਨੇ ਤਰਨ ਤਾਰਨ ਪੁੱਜਣ ਸਮੇਂ ਤਕ ਉਸ ਨਾਲ 5000 ਆਦਮੀ ਇੱਕਠੇ ਹੋ ਚੁੱਕੇ ਸਨ। ਗੋਹਰਵਾਲ ਦੀ ਲੜਾਈ ਵਿਚ ਉਸ ਨੂੰ ਇਕ ਮਾਰੂ ਜ਼ਖ਼ਮ ਲਗਾ ਪਰ ਆਪਣੇ ਜ਼ਖ਼ਮੀ ਸਿਰ ਨੂੰ ਸਹਾਰਾ ਦੇ ਕੇ ਉਹ ਉਦੋਂ ਤਕ ਲੜਦਾ ਗਿਆ ਜਦ ਤਕ ਕਿ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿਚ ਡਿਗ ਕੇ ਆਪਣੇ ਸੁਆਸ ਨਹੀਂ ਤਿਆਗ ਗਿਆ। ਉਸ ਥਾਂ ਤੇ ਉਸ ਦੀ ਯਾਦ ਵਿਚ ਸਮਾਧ ਬਣੀ ਹੋਈ ਹੈ। ਰਾਮਸਰ ਤੋਂ ਬਾਹਰ, ਜਿੱਥੇ ਉਹ ਜ਼ਖ਼ਮੀ ਹੋਇਆ ਸੀ, ਉਸ ਦੀ ਯਾਦ ਵਿਚ ਗੁਰਦੁਆਰਾ ਬਣਿਆ ਹੋਇਆ ਹੈ।

93. *ਤਹਿਮਾਸਨਾਮਾ*, ਪੰਨੇ 76-77; ਬਚਤ ਮਲ, ਪੰਨੇ 39-40. ਗੁਰਦੁਆਰਾ ਸਾਹਿਬ ਦੀ ਬੇਹੁਰਮਤੀ ਦੇ ਸਬੰਧ ਵਿਚ ਪੜੋ Browne, ii, p. 19; Malcolm, p. 94.

ਦੀ ਨਿਰਾਦਰੀ ਸਮਝਿਆ ਅਤੇ ਉਨ੍ਹਾਂ ਨੇ ਸਾਰੇ ਪਾਸਿਆਂ ਤੋਂ ਬਗ਼ਾਵਤ ਕਰ ਦਿੱਤੀ।[94]

### ਸਿੱਖਾਂ ਦਾ ਅਦੀਨਾ ਬੇਗ਼ ਨਾਲ ਗੱਠ-ਜੋੜ

ਸਿੱਖਾਂ ਨੇ ਦੇਖਿਆ ਕਿ ਅਦੀਨਾ ਬੇਗ਼ ਖ਼ੁਸ਼ੀ ਨਾਲ ਉਨ੍ਹਾਂ ਦਾ ਦਿਲੋਂ ਸਾਥੀ ਹੈ। ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਸਮੇਂ ਉਹ ਸ਼ਿਵਾਲਕ ਦੀਆਂ ਪਹਾੜੀਆਂ ਵੱਲ ਭੱਜ ਗਿਆ ਸੀ ਅਤੇ ਮੈਦਾਨਾਂ ਵਿਚ ਆ ਕੇ ਆਪਣੀ ਸੱਤਾ ਨੂੰ ਮੁੜ ਸੰਭਾਲਣ ਲਈ ਸਮੇਂ ਦੀ ਉਡੀਕ ਕਰ ਰਿਹਾ ਸੀ। ਤੈਮੂਰ ਉਸ ਨੂੰ ਆਪਣੇ ਨਾਲ ਮਿਲਾਉਣਾ ਚਾਹੁੰਦਾ ਸੀ ਅਤੇ ਅਦੀਨਾ ਬੇਗ਼ ਦੇ ਉਸ ਵੱਲ ਨਾ ਆਉਣ ਦੀ ਹਾਲਤ ਵਿਚ ਉਸ ਨੂੰ ਕੁਚਲ ਦੇਣਾ ਚਾਹੁੰਦਾ ਸੀ ਅਤੇ ਉਸ ਪਾਸ ਜਮ੍ਹਾਂ ਸਾਰੇ ਧਨ ਨੂੰ ਆਪਣੇ ਕਬਜੇ ਵਿਚ ਲੈ ਲੈਣਾ ਚਾਹੁੰਦਾ ਸੀ। 36 ਲੱਖ ਰੁਪਇਆ ਵਾਰਸ਼ਿਕ ਕਰ ਭਰਨ ਦੀ ਸ਼ਰਤ ਉੱਤੇ ਉਸ ਨੂੰ ਜਲੰਧਰ ਦਾ ਗਵਰਨਰ ਨਿਯੁਕਤ ਕੀਤਾ ਹੋਇਆ ਸੀ। ਅਦੀਨਾ ਬੇਗ਼ ਨੇ ਇਹ ਓਹਦਾ ਇਸ ਸ਼ਰਤ ਉੱਤੇ ਪ੍ਰਵਾਨ ਕੀਤਾ ਸੀ ਕਿ ਉਸ ਨੂੰ ਨਿਜੀ ਤੌਰ ਤੇ ਦਰਬਾਰ ਵਿਚ ਹਾਜ਼ਰ ਹੋਣ ਤੋਂ ਛੋਟ ਰਹੇਗੀ ਪਰ ਇਸ ਸ਼ਰਤ ਤੇ ਅਮਲ ਨਾ ਹੋਇਆ ਅਤੇ ਅਦੀਨਾ ਬੇਗ਼ ਦੇ ਲਾਹੌਰ ਹਾਜ਼ਰ ਹੋਣ ਲਈ ਬਹੁਤ ਜੋਰ ਦਿੱਤਾ ਗਿਆ। ਉਸ ਨੇ ਇਨਕਾਰ ਕਰ ਦਿੱਤਾ ਅਤੇ ਲੜਾਈ ਸ਼ੁਰੂ ਹੋ ਗਈ।[95]

ਅਦੀਨਾ ਬੇਗ਼ ਨੇ ਇਸ ਸੰਕਟ ਕਾਲ ਵਿਚ ਸਿੱਖਾਂ ਤੋਂ ਮਦਦ ਮੰਗੀ। ਉਸ ਨੇ ਸੋਢੀ ਵਡਭਾਗ ਸਿੰਘ ਅਤੇ ਜੱਸਾ ਸਿੰਘ ਆਹਲੂਵਾਲੀਆ ਨਾਲ ਸੰਪਰਕ ਕਾਇਮ ਕੀਤਾ ਜੋ ਪਹਿਲਾਂ ਹੀ ਅਫ਼ਗਾਨਾਂ ਵਿਰੁੱਧ ਗੁੱਸੇ ਨਾਲ ਭਰੇ ਹੋਏ ਸਨ। ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮੈੜੀ ਦੇ ਸਥਾਨ ਤੇ ਇਕ ਸਮਝੌਤਾ ਕੀਤਾ ਗਿਆ ਜਿਸ ਦੁਆਰਾ ਸਿੱਖ ਅਫ਼ਗਾਨਾਂ ਵਿਰੁੱਧ ਅਦੀਨਾ ਬੇਗ਼ ਦੀ ਸਹਾਇਤਾ ਲਈ ਇਸ ਸ਼ਰਤ ਤੇ ਰਾਜ਼ੀ ਹੋ ਗਏ ਕਿ ਉਹ ਇਨ੍ਹਾਂ ਨੂੰ ਰੁਪਇਆ ਅਤੇ ਲੜਾਈ ਦਾ ਹੋਰ ਲੋੜੀਂਦਾ ਸਾਮਾਨ ਦੇਵੇਗਾ। ਸਿੱਖਾਂ ਦੇ ਸਾਥੀਆਂ ਵਜੋਂ ਲੜਨ ਵਾਲੇ ਮੁਸਲਮਾਨਾਂ ਅਤੇ ਅਫ਼ਗਾਨਾਂ ਦੇ ਪਾਸੇ ਲੜਨ ਵਾਲੇ ਮੁਸਲਮਾਨਾਂ ਦੇ ਵਿਚਕਾਰ ਭੁਲੇਖੇ ਤੋਂ ਬਚਣ ਲਈ ਇਹ ਪ੍ਰਬੰਧ ਕੀਤਾ ਗਿਆ ਕਿ ਅਦੀਨਾ ਬੇਗ਼ ਦੇ ਸਿਪਾਹੀ ਆਪਣੀਆਂ ਪਗੜੀਆਂ ਵਿਚ ਕਣਕ ਦੇ ਹਰੇ ਸਿੱਟੇ ਟੰਗ ਲੈਣਗੇ।[96]

ਪੰਝੀ ਹਜ਼ਾਰ ਘੋੜ-ਸਵਾਰਾਂ ਦੀ ਸਾਂਝੀ ਫ਼ੌਜ ਅਫ਼ਗਾਨਾਂ ਦਾ ਮੁਕਾਬਲਾ ਕਰਨ ਲਈ ਪਹਾੜੀ ਇਲਾਕੇ ਤੋਂ ਥੱਲੇ ਉੱਤਰੀ। ਅਫ਼ਗ਼ਾਨ ਫ਼ੌਜ ਮੁਲਤਾਨ ਦੇ ਗਵਰਨਰ ਮੁਰਾਦ ਖ਼ਾਂ ਦੀ ਅਗਵਾਈ ਵਿਚ ਰਵਾਨਾ ਹੋਈ ਜੋ ਅਫ਼ਗਾਨ ਸੈਨਾ ਦਾ ਪ੍ਰਮੁੱਖ ਕਮਾਂਡਰ ਸੀ। ਅਦੀਨਾ ਬੇਗ਼ ਦੇ ਵਿਰੁੱਧ ਰਵਾਨਾ ਹੋਈ ਫ਼ੌਜ ਦੇ ਨਾਲ ਜਲੰਧਰ ਦੁਆਬ ਦਾ ਨਵਾਂ ਟਿੱਕਿਆ ਫ਼ੌਜਦਾਰ ਸਰਫਰਾਜ਼ ਖ਼ਾਂ ਅਤੇ ਉਸ ਦਾ ਨਾਇਬ ਬੁਲੰਦ ਖ਼ਾਂ ਵੀ ਸ਼ਾਮਿਲ ਸਨ। ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮਾਹਲਪੁਰ ਦੇ ਲਾਗੇ ਦਸੰਬਰ 1757 ਨੂੰ ਇਕ ਖ਼ੂਨੀ ਲੜਾਈ ਲੜੀ ਗਈ। ਅਫ਼ਗਾਨ ਹੋਰ ਹਥਿਆਰਾਂ ਤੋਂ ਇਲਾਵਾ ਛੋਟੀਆਂ ਤੋਪਾਂ ਨਾਲ ਵੀ ਲੈਸ ਸਨ ਪਰ ਉਹ ਸਿੱਖਾਂ ਦੇ ਰੋਹ ਵਿਚ ਆ ਕੇ ਕੀਤੇ ਹਮਲਿਆਂ ਦੇ ਸਾਹਮਣੇ ਖੜੇ ਨਾ ਸਕੇ। ਸਿੱਖਾਂ ਪਾਸ ਭਾਵੇਂ ਤੋੜੇਦਾਰ ਬੰਦੂਕਾਂ, ਕਮਾਨਾਂ ਅਤੇ ਤਲਵਾਰਾਂ ਹੀ ਸਨ ਪਰ ਉਨ੍ਹਾਂ ਦੇ ਅੰਦਰ ਬਦਲੇ ਦੀ ਭਾਵਨਾ ਭੜਕੀ ਹੋਈ ਸੀ। ਪੈਜਗੜ੍ਹ ਦੇ ਕਰਮ ਸਿੰਘ ਨੇ ਇਸ ਲੜਾਈ ਵਿਚ ਆਪਣੀ ਬਹਾਦਰੀ ਦੇ ਵਿਸ਼ੇਸ਼ ਜੌਹਰ ਦਿਖਾਏ। ਬੁਲੰਦ ਖ਼ਾਂ ਮਾਰਿਆ ਗਿਆ ਅਤੇ ਮੁਰਾਦ ਖ਼ਾਂ ਭੈ-ਭੀਤ ਹੋ ਕੇ ਲਾਹੌਰ ਨੂੰ ਭੱਜ ਗਿਆ ਅਤੇ ਆਪਣਾ ਸਾਰਾ ਸਾਜ਼ੋ-ਸਾਮਾਨ ਪਿੱਛੇ ਹੀ ਛੱਡ ਗਿਆ ਜੋ ਸਿੱਖਾਂ ਦੇ ਹੱਥ ਆਇਆ।

ਜੇਤੂ ਜਲੰਧਰ ਸ਼ਹਿਰ ਉਪਰ ਟੁੱਟ ਪਏ ਅਤੇ ਉਨ੍ਹਾਂ ਨੇ ਕਰਤਾਰਪੁਰ ਵਿਚ ਕੀਤੀਆਂ ਨਾਸਰ ਅਲੀ

---

94. *ਤਹਿਮਾਸਨਾਮਾ*, ਪੰਨੇ 77-78.
95. *ਤਹਿਮਾਸਨਾਮਾ*, ਪੰਨਾ 78; ਅਲੀ-ਉਦ-ਦੀਨ, ਪੰਨੇ 253-254.
96. *ਸ਼ਾਹ ਆਲਮ ਨਾਮਾ*, ਪੰਨੇ 55-56; *ਸ਼ਾਹਨਾਮਾ-ਇ-ਅਹਿਮਦੀਆ*, ਪੰਨਾ 237; ਰਤਨ ਸਿੰਘ, ਪੰਨੇ 323-326; *ਪੰਥ ਪ੍ਰਕਾਸ਼*, ਪੰਨੇ 647-648.

ਦੀਆਂ ਕਰਤੂਤਾਂ ਦਾ ਭਿਆਨਕ ਬਦਲਾ ਲਿਆ। ਸੋਢੀ ਵਡਭਾਗ ਸਿੰਘ ਨੇ ਸ਼ਹਿਰ ਨੂੰ ਲੁੱਟ ਲੈਣ ਦਾ ਹੁਕਮ ਦੇ ਦਿੱਤਾ। ਕੇਵਲ ਉਨ੍ਹਾਂ ਨੂੰ ਹੀ ਮੁਆਫ ਕੀਤਾ ਗਿਆ ਜੋ ਆਪਣੇ ਸਿਰਾਂ ਉੱਤੇ ਹਿੰਦੂ ਧਰਮ ਦੇ ਚਿੰਨ੍ਹ ਵਜੋਂ ਆਪਣੀਆਂ ਬੋਦੀਆਂ ਦਿਖਲਾ ਸਕੇ। ਉਹ ਇਸ ਤੋਂ ਬਾਅਦ ਕਰਤਾਰਪੁਰ ਨੂੰ ਵਾਪਿਸ ਚਲਾ ਗਿਆ ਅਤੇ ਗੁਰਦੁਆਰਿਆਂ ਦੀਆਂ ਪਹਿਲਾਂ ਢਾਈਆਂ ਹੋਈਆਂ ਇਮਾਰਤਾਂ ਨੂੰ ਮੁੜ ਬਣਵਾਇਆ।[97]

ਸਿੱਖਾਂ ਦੀ ਮਦਦ ਲਈ ਉਨ੍ਹਾਂ ਨੂੰ ਇਨਾਮ ਦੇਣ ਵਜੋਂ ਅਦੀਨਾ ਬੇਗ਼ ਨੇ 1,25,000 ਰੁਪਇਆ ਜਲੰਧਰ ਦੁਆਬ ਦੀ 'ਰਾਖੀ' ਵਜੋਂ ਦਿੱਤਾ। ਸਿੱਖਾਂ ਨਾਲ ਹੋਰ ਸਾਂਝ ਪੈਦਾ ਕਰਨ ਲਈ ਉਸ ਨੇ ਆਪਣੇ ਆਪ ਨੂੰ ਇਕ ਕਿਸਮ ਦਾ ਮੋਨਾ ਸਿੱਖ ਕਿਹਾ ਅਤੇ 1000 ਰੁਪਏ ਦਾ ਕੜਾਹ ਪ੍ਰਸ਼ਾਦ ਸਿੱਖਾਂ ਵਿਚ ਵੰਡਿਆ।

ਸਿੱਖ ਆਪਣੀ ਜਿੱਤ ਤੋਂ ਉਤਸਾਹਿਤ ਹੋ ਕੇ ਵਧੇਰੇ ਦਲੇਰ ਹੋ ਗਏ ਅਤੇ ਉਨ੍ਹਾਂ ਨੇ ਲਾਹੌਰ ਦੇ ਲਾਗੇ ਤਕ ਸਾਰੇ ਪ੍ਰਾਂਤ ਨੂੰ ਜਾ ਦੱਬਿਆ। ਉਨ੍ਹਾਂ ਦੀ ਵੱਧ ਰਹੀ ਲਹਿਰ ਨੂੰ ਰੋਕਣ ਦਾ ਯਤਨ ਕੀਤਾ ਗਿਆ। ਇਕ ਮਰਾਠਾ ਚਿੱਠੀ ਅਨੁਸਾਰ, ਜੋ 6 ਜਨਵਰੀ 1758 ਦੀ ਲਿਖੀ ਹੋਈ ਹੈ, ਖਵਾਜਾ ਉਬੈਦ-ਉੱਲਾ ਨੂੰ ਤੈਮੂਰ ਨੇ 20,000 ਘੋੜ-ਸਵਾਰ ਅਤੇ ਪਿਆਦਾ ਫ਼ੌਜ ਦੇ ਕੇ ਭੇਜਿਆ ਪਰ ਉਸ ਨੂੰ ਲੜਾਈ ਵਿਚ ਹਾਰ ਹੋਈ ਅਤੇ ਉਸ ਦੇ ਬਹੁਤ ਸਾਰੇ ਸੈਨਿਕ ਅਫ਼ਸਰ ਮਾਰੇ ਗਏ ਅਤੇ ਉਸ ਦੇ ਡੇਰੇ ਅਤੇ ਬਹੁਤ ਸਾਰੇ ਜੰਗੀ ਸਾਮਾਨ ਨੂੰ ਲੁੱਟ ਲਿਆ ਗਿਆ। ਅਹਿਮਦਸ਼ਾਹ ਅਬਦਾਲੀ ਦੇ ਪਿੱਛੇ ਛੱਡੇ ਤੋਪਖਾਨੇ ਉੱਤੇ ਵੀ ਕਬਜ਼ਾ ਕਰ ਲਿਆ ਗਿਆ।[98] ਹੋਰ ਫ਼ੌਜਾਂ ਦਾ ਵੀ, ਜੋ ਸਿੱਖਾਂ ਵਿਰੁੱਧ ਭੇਜੀਆਂ ਗਈਆਂ ਸਨ, ਇਹੀ ਹਾਲ ਹੋਇਆ। ਲਾਹੌਰ ਦਾ ਆਲਾ-ਦੁਆਲਾ ਵੀ ਸੁਰੱਖਿਅਤ ਨਹੀਂ ਸੀ। ਹਜ਼ਾਰਾਂ ਸਿੱਖ ਹਰ ਰਾਤ ਲਾਹੌਰ ਸ਼ਹਿਰ ਉੱਤੇ ਹਮਲਾ ਕਰਦੇ ਅਤੇ ਇਸ ਦੇ ਨਾਲ ਲਗਦੇ ਬਾਹਰਲੇ ਭਾਗਾਂ ਨੂੰ ਲੁੱਟ ਲੈ ਜਾਂਦੇ ਪਰ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਬਾਹਰ ਆਉਣ ਦੀ ਕੋਈ ਦਲੇਰੀ ਨਾ ਕਰਦਾ। ਰਾਤ ਪੈਣ ਦੇ ਛੇਤੀ ਹੀ ਬਾਅਦ ਸਭ ਦਰਵਾਜ਼ੇ ਬੰਦ ਕਰ ਦਿੱਤੇ ਜਾਂਦੇ। ਦਿਨ-ਬ-ਦਿਨ ਸਥਿਤੀ ਬਿਗੜਦੀ ਗਈ ਅਤੇ ਸਾਰਾ ਸਰਕਾਰੀ ਪ੍ਰਬੰਧ ਖੇਰੂੰ-ਖੇਰੂੰ ਹੋ ਗਿਆ।[99]

### ਅਦੀਨਾ ਬੇਗ਼ ਨੇ ਮਰਾਠਿਆਂ ਨੂੰ ਬੁਲਾਇਆ

ਅਦੀਨਾ ਬੇਗ਼ ਨੇ ਅਫ਼ਗ਼ਾਨਾਂ ਦੀ ਸ਼ਕਤੀ ਨੂੰ ਕਮਜ਼ੋਰ ਕਰਨ ਤੋਂ ਬਾਅਦ ਵਧੇਰੇ ਦਲੇਰੀ ਵਾਲਾ ਕਦਮ ਪੁੱਟਣ ਅਤੇ ਵਿਦੇਸ਼ੀ ਅਫ਼ਗ਼ਾਨਾਂ ਨੂੰ ਪੰਜਾਬ ਤੋਂ ਬਾਹਰ ਕੱਢਣ ਦਾ ਦ੍ਰਿੜ੍ਹ ਨਿਸ਼ਚਾ ਕਰ ਲਿਆ। ਉਹ ਜਾਣਦਾ ਸੀ ਕਿ ਅਹਿਮਦ ਸ਼ਾਹ ਦੁੱਰਾਨੀ ਆਪਣੇ ਪੁੱਤਰ ਤੈਮੂਰ ਸ਼ਾਹ ਦੀ ਹੋਈ ਮੁਖ਼ਾਲਫ਼ਤ ਨੂੰ ਸੁਣਕੇ ਬਦਲਾ ਲੈਣ ਲਈ ਨਿਸ਼ਚੇ ਹੀ ਪੰਜਾਬ ਤੇ ਹੱਲਾ ਕਰੇਗਾ। ਅਦੀਨਾ ਬੇਗ਼ ਆਪਣੇ ਸਿੱਖ ਸਾਥੀਆਂ ਤੇ ਭਰੋਸਾ ਨਹੀਂ ਸੀ ਕਰ ਸਕਦਾ ਜਿਹੜੇ ਖੁਦ ਆਪਣਾ ਰਾਜ ਕਾਇਮ ਕਰਨਾ ਚਾਹੁੰਦੇ ਸਨ। ਇਸ ਲਈ ਉਸ ਨੇ ਸੋਚਿਆ ਕਿ ਉਸ ਨੂੰ ਕਿਸੇ ਹੋਰ ਪਾਸਿਉਂ ਸਹਾਇਤਾ ਭਾਲਣੀ ਚਾਹੀਦੀ ਹੈ। ਉਸ ਨੇ ਮਰਾਠਿਆਂ ਦੇ ਆਗੂ ਸਰਦਾਰ ਰਘੂਨਾਥ ਰਾਉ ਨਾਲ ਗੱਲ ਬਾਤ ਛੇੜੀ। ਇਸ ਵੇਲੇ ਰਘੂਨਾਥ ਰਾਉ ਮਲਹਾਰ ਰਾਉ ਹੁਲਕਰ ਅਤੇ ਦੂਜੇ ਆਗੂਆਂ ਨਾਲ ਇਕ ਭਾਰੀ ਫ਼ੌਜ ਲੈ ਕੇ ਦਿੱਲੀ ਦੇ ਲਾਗੇ ਡੇਰਾ ਪਾਈ ਬੈਠਾ ਸੀ। ਅਦੀਨਾ ਬੇਗ਼ ਨੇ ਰਘੂਨਾਥ ਰਾਉ ਨੂੰ ਪੰਜਾਬ ਵਿਚ ਬੁਲਾਇਆ ਅਤੇ ਉਸ ਨਾਲ ਇਕਰਾਰ ਕੀਤਾ ਕਿ ਜਿਸ ਦਿਨ ਉਨ੍ਹਾਂ ਦੀ ਫ਼ੌਜ ਮਾਰਚ ਕਰੇਗੀ ਉਸ ਦਿਨ ਇਕ ਲੱਖ ਰੁਪਇਆ ਦਿੱਤਾ

97. *ਖਜ਼ਾਨਾ-ਇ-ਆਮਿਰਾ*, ਪੰਨਾ 100; *ਤਹਿਮਾਸਨਾਮਾ*, ਪੰਨਾ 78, *ਅਹਿਵਾਲ-ਇ-ਅਦੀਨਾ ਬੇਗ਼*, ਪੰਨਾ 19; *ਤਾਰੀਖ-ਇ-ਮੁਜ਼ੱਫਰੀ*, ਪੰਨੇ 546-547; *ਸੀਅਰ-ਉਲ-ਮੁਤਾਖਰੀਨ*, ਪੰਨੇ 908-909, ਰਤਨ ਸਿੰਘ, ਪੰਨੇ 327-329; *ਪੰਥ ਪ੍ਰਕਾਸ਼*, ਪੰਨੇ 648-653.

98. *S.P.D.*, ii., p. 83.

99. *ਤਹਿਮਾਸਨਾਮਾ*, ਪੰਨਾ 78; ਅਹਿਮਦ ਸ਼ਾਹ ਬਟਾਲੀਆ, ਪੰਨਾ 326.

ਜਾਏਗਾ ਅਤੇ ਜਿਸ ਦਿਨ ਆਰਾਮ ਕਰੇਗੀ ਉਸ ਦਿਨ 50,000 ਰੁਪਏ ਦਿੱਤੇ ਜਾਣਗੇ। ਮਰਾਠਾ ਸਰਦਾਰ ਨੇ ਇਹ ਪੇਸ਼ਕਸ਼ ਇਕ ਦਮ ਪਰਵਾਨ ਕਰ ਲਈ ਅਤੇ ਉੱਤਰ ਵੱਲ ਨੂੰ ਰਵਾਨਾ ਹੋ ਗਿਆ। 9 ਮਾਰਚ, 1758 ਨੂੰ ਉਹ ਸਰਹਿੰਦ ਪੁੱਜਾ, ਜਿੱਥੇ ਅਦੀਨਾ ਬੇਗ਼ ਅਤੇ ਉਸ ਦੇ ਸਿੱਖ ਸਾਥੀ ਉਸ ਨੂੰ ਮਿਲੇ। ਅਬਦੁਸ-ਸਮਦ ਖ਼ਾਂ ਨੇ, ਜੋ ਸਰਹਿੰਦ ਵਿਚ ਅਬਦਾਲੀ ਦਾ ਗਵਰਨਰ ਸੀ, ਆਪਣੀ ਰਾਜਧਾਨੀ ਨੂੰ ਕਿਲ੍ਹਾ-ਬੰਦ ਕੀਤਾ ਹੋਇਆ ਸੀ ਪਰ ਉਹ ਹਮਲੇ ਦੀ ਝਾਲ ਨਾ ਝੱਲ ਸਕਿਆ ਅਤੇ ਭੱਜ ਜਾਣ ਲਈ ਮਜਬੂਰ ਹੋ ਗਿਆ। ਸਰਹਿੰਦ ਵਿਚ ਦਾਖ਼ਲ ਹੋਣ ਵਾਲਿਆਂ ਵਿਚ ਸਿੱਖ ਸਭ ਤੋਂ ਪਹਿਲੇ ਸਨ। ਉਨ੍ਹਾਂ ਨੇ ਸਰਹਿੰਦ ਦੇ ਘ੍ਰਿਣਤ ਸ਼ਹਿਰ ਨੂੰ ਸਮੁੱਚੇ ਰੂਪ ਵਿਚ ਲੁੱਟ ਲਿਆ, ਮਕਾਨ ਢਾਹ ਦਿੱਤੇ ਅਤੇ ਛੁਪਾਏ ਹੋਏ ਖਜਾਨਿਆਂ ਦੀ ਭਾਲ ਵਿਚ ਫਰਸ਼ ਪੁੱਟ ਦਿੱਤੇ।[100]

ਸਿੱਖਾਂ ਦੇ ਸਰਹਿੰਦ ਦੀ ਲੁੱਟ ਮਾਰ ਵਿਚ ਪਹਿਲ ਕਰ ਜਾਣ ਤੇ ਮਰਾਠੇ ਬੜੇ ਕ੍ਰੋਧਤ ਹੋਏ ਪਰ ਸਿੱਖਾਂ ਨੇ ਇਸ ਸ਼ਹਿਰ ਦੇ ਵਿਰੁੱਧ ਪੁਰਾਣੀ ਦੁਸ਼ਮਣੀ ਕਰਕੇ ਅਤੇ ਅਦੀਨਾ ਬੇਗ਼ ਨਾਲ ਇਸ ਲੁੱਟ ਨੂੰ ਇਕ ਸ਼ਰਤ ਵਜੋਂ ਤਹਿ ਕਰਨ ਕਰਕੇ ਸਿੱਖਾਂ ਨੇ ਇਸ ਪਹਿਲ ਦਾ ਦਾਅਵਾ ਕੀਤਾ। ਥੋੜ੍ਹੀ ਜਿਹੀ ਲੜਾਈ ਕਰਨ ਤੋਂ ਬਾਅਦ ਇਕ ਸਮਝੌਤੇ ਰਾਹੀਂ ਝਗੜਾ ਤਹਿ ਕਰ ਲਿਆ ਗਿਆ ਕਿ ਸਿੱਖ ਸ਼ਹਿਰ ਨੂੰ ਖਾਲੀ ਕਰ ਦੇਣਗੇ ਅਤੇ ਅੱਗੇ ਨੂੰ ਮਾਰਚ ਸਮੇਂ ਉਹ ਹਮੇਸ਼ਾਂ ਮਰਾਠਿਆਂ ਨਾਲੋਂ ਦੋ ਮੰਜ਼ਿਲਾਂ ਅੱਗੇ ਰਹਿਣਗੇ।[101] ਇਨ੍ਹਾਂ ਇਕੱਠੀਆਂ ਫ਼ੌਜਾਂ ਨੇ ਬਿਨਾਂ ਕਿਸੇ ਵਿਰੋਧ ਦੇ ਦਰਿਆ ਸਤਲੁਜ ਪਾਰ ਕੀਤਾ। ਜਹਾਨ ਖ਼ਾਂ ਦੁਆਬ ਵਿਚ ਉਨ੍ਹਾਂ ਦਾ ਟਾਕਰਾ ਕਰਨ ਲਈ ਬੇ-ਦਿਲੀ ਨਾਲ ਅਗਾਂਹ ਆਇਆ ਪਰ ਬਿਆਸ ਦੇ ਲਾਗੇ ਜੰਗੀ ਚਾਲਾਂ ਵਿਚ ਹੀ ਕਈ ਦਿਨ ਜ਼ਾਇਆ ਕਰਨ ਤੋਂ ਬਾਅਦ ਉਸ ਨੇ ਲਾਹੌਰ ਨੂੰ ਮੁੜ ਜਾਣ ਵਿਚ ਹੀ ਆਪਣਾ ਬਚਾਅ ਸਮਝਿਆ। ਉਥੇ ਵੀ ਉਸ ਨੂੰ ਯਕੀਨ ਨਹੀਂ ਸੀ ਕਿ ਉਹ ਘੇਰੇ ਦਾ ਮੁਕਾਬਲਾ ਕਰਨ ਲਈ ਕਾਫੀ ਮਾਤਰਾ ਵਿਚ ਰਸਦ ਅਤੇ ਜੰਗੀ ਸਾਮਾਨ ਪ੍ਰਾਪਤ ਕਰ ਸਕੇਗਾ। ਇਸ ਲਈ ਤੈਮੂਰ ਨੂੰ ਨਾਲ ਲੈ ਕੇ ਉਹ 18 ਅਪ੍ਰੈਲ ਨੂੰ ਸ਼ਾਹਦਰੇ ਵੱਲ ਚਲਾ ਗਿਆ ਅਤੇ ਅਗਲੇ ਦਿਨ ਸਰਹੱਦੀ ਇਲਾਕੇ ਵੱਲ ਰਵਾਨਾ ਹੋ ਗਿਆ। 19 ਅਪ੍ਰੈਲ, 1758 ਨੂੰ ਸਿੱਖ ਅਤੇ ਮਰਾਠੇ ਲਾਹੌਰ ਵਿਚ ਦਾਖ਼ਲ ਹੋਏ ਅਤੇ ਉਨ੍ਹਾਂ ਨੇ ਉਹ ਸਭ ਉਜ਼ਬਕ, ਕਿਜ਼ਲਬਾਸ਼ ਅਤੇ ਹੋਰ ਅਫ਼ਗਾਨ ਸਿਪਾਹੀਆਂ ਨੂੰ, ਜਿਨ੍ਹਾਂ ਨੂੰ ਤੈਮੂਰ ਪਿੱਛੇ ਛੱਡ ਗਿਆ ਸੀ, ਮਾਰ ਦਿੱਤਾ ਜਾਂ ਗਰਿਫ਼ਤਾਰ ਕਰ ਲਿਆ। ਕੈਦੀਆਂ ਨੂੰ ਅੰਮ੍ਰਿਤਸਰ ਲਿਜਾਇਆ ਗਿਆ ਜਿੱਥੇ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ ਨੂੰ, ਜੋ ਅਹਿਮਦ ਸ਼ਾਹ ਅਤੇ ਜਹਾਨ ਖ਼ਾਂ ਨੇ ਪੂਰ ਦਿੱਤਾ ਸੀ ਅਤੇ ਅਪਵਿੱਤਰ ਕੀਤਾ ਗਿਆ ਸੀ, ਮੁੜ ਪੁੱਟਣ ਅਤੇ ਸਾਫ ਕਰਨ ਲਈ ਮਜਬੂਰ ਕੀਤਾ ਗਿਆ।[102] ਅਲੀ-ਉਦ-ਦੀਨ ਲਿਖਦਾ ਹੈ ਕਿ ਅੰਮ੍ਰਿਤਸਰ ਜਾਣ ਵਾਲਿਆਂ ਵਿਚ ਮਰਾਠੇ ਸਰਦਾਰ ਵੀ ਸ਼ਾਮਿਲ ਸਨ ਜੋ ਸਿੱਖ ਸਰਦਾਰਾਂ ਦੇ ਨਾਲ ਹੀ ਹਰਿਮੰਦਰ ਸਾਹਿਬ ਗਏ ਅਤੇ ਉਥੇ ਆਪਣੀ ਸ਼ਰਧਾ ਭੇਟ ਕੀਤੀ ਅਤੇ ਉਨ੍ਹਾਂ ਨੂੰ ਸਨਮਾਨਿਆ ਗਿਆ।[103]

ਮੁੱਖੀ ਸਿੱਖ[104] ਜਿਨ੍ਹਾਂ ਨੇ ਇਸ ਮੁਹਿੰਮ ਵਿਚ 10 ਤੋਂ 15 ਹਜ਼ਾਰ ਘੋੜ-ਸਵਾਰਾਂ ਨਾਲ ਭਾਗ

---

100. *ਤਹਿਮਾਸਨਾਮਾ*, ਪੰਨੇ 78-79; *ਖਜ਼ਾਨਾ-ਇ-ਆਮਿਰਾ*, ਪੰਨਾ 100; *ਸੀਅਰ-ਉਲ-ਮੁਤਾਖਰੀਨ*, ਪੰਨਾ 909; *ਅਹਵਾਲ-ਇ-ਅਦੀਨਾ ਬੇਗ਼*, ਪੰਨਾ 11; *ਤਾਰੀਖ-ਇ-ਆਲਮਗੀਰ ਸਾਨੀ*, ਪੰਨੇ 164-165; ਬਖਤ ਮੱਲ, ਪੰਨਾ 140.
101. ਰਤਨ ਸਿੰਘ, ਪੰਨੇ 330-331; *ਤਜ਼ਕਿਰਾ-ਇ-ਇਮਾਦ*, ਪੰਨੇ 379-80; Cf. Malcolm, p. 95.
102. *ਤਹਿਮਾਸਨਾਮਾ*, ਪੰਨੇ 81-83; *ਹੁਸੈਨ ਸ਼ਾਹੀ*, ਪੰਨਾ 35; *ਤਾਰੀਖ-ਇ-ਸੁਲਤਾਨੀ*, ਪੰਨਾ 134, ਬੁਧ ਸਿੰਘ, ਪੰਨਾ 37; *ਹਕੀਕਤ*, ਪੰਨਾ 37; *S.P.D*, xxvii, p. 218.
103. *ਇਬਰਤਨਾਮਾ*, ਪੰਨਾ 255.
104. *ਹਕੀਕਤ*, ਪੰਨੇ 36-37; ਬੁਧ ਸਿੰਘ, ਪੰਨੇ 36-37.

ਲਿਆ ਸੀ ਉਹ ਚੜ੍ਹਤ ਸਿੰਘ ਸੁਕਰਚਕੀਆ, ਤਾਰਾ ਸਿੰਘ ਗੈਬਾ, ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਹਰੀ ਸਿੰਘ, ਲਹਿਣਾ ਸਿੰਘ, ਗੁੱਜਰ ਸਿੰਘ ਅਤੇ ਝੰਡਾ ਸਿੰਘ ਭੰਗੀ ਸਨ।

## 4. ਸਿੱਖ ਰਾਜ-ਸੱਤਾਧਾਰੀ ਬਣ ਗਏ (1758-1765)

### ਸਿੱਖਾਂ ਨੇ ਪੰਜਾਬ ਵਿਚ ਦੂਜਿਆਂ ਲਈ ਰਾਜ ਕਰਨਾ ਅਸੰਭਵ ਬਣਾ ਦਿੱਤਾ

ਸਿੱਖਾਂ ਨੇ ਮਰਾਠਿਆਂ ਅਤੇ ਅਦੀਨਾ ਬੇਗ਼ ਨਾਲ ਮਿਲ ਕੇ ਪੰਜਾਬ ਨੂੰ ਜਿੱਤ ਲਿਆ ਪਰ ਉਨ੍ਹਾਂ ਨੇ ਛੇਤੀ ਹੀ ਅਸਲ ਮਾਲਕ ਬਣ ਜਾਣਾ ਸੀ। ਕੁਝ ਸਮੇਂ ਲਈ ਤਾਂ ਮਰਾਠਿਆਂ ਨੇ ਅਜਿਹਾ ਪ੍ਰਭਾਵ ਪ੍ਰਗਟ ਕੀਤਾ ਕਿ ਉਹ ਇਸ ਦੇਸ਼ ਵਿਚ ਸਾਰੀ ਸੱਤਾ ਤੇ ਪਾਣੀ ਫੇਰ ਦੇਣ ਵਾਲੇ ਹਨ। ਅਦੀਨਾ ਬੇਗ਼ ਨੇ ਉਨ੍ਹਾਂ ਦੀ ਪੰਜਾਬ ਵਿਚ ਹਾਜ਼ਰੀ ਤੋਂ ਬਹੁਤ ਲਾਭ ਉਠਾਉਣ ਦੀ ਕੋਸ਼ਿਸ਼ ਕੀਤੀ। ਗੁਲਾਬ ਦੇ ਪਾਣੀ ਨਾਲ ਚਲ ਰਹੇ ਫੁਆਰਿਆਂ ਦੇ ਵਿਚਕਾਰ ਉਸ ਨੇ ਇਕ ਲੱਖ ਰੁਪਏ ਦੀ ਲਾਗਤ ਨਾਲ ਇਕ ਚਬੂਤਰਾ ਬਣਵਾਇਆ ਅਤੇ ਰਸਮੀ ਢੰਗ ਨਾਲ ਰਘੂਨਾਥ ਰਾਉ ਨੂੰ ਉਸ ਉੱਤੇ ਬਿਠਾ ਕੇ ਉਸ ਦਾ ਖੁਲ੍ਹਮ ਖੁਲ੍ਹਾ ਸਵਾਗਤ ਕੀਤਾ। ਮਰਾਠਿਆਂ ਦੀਆਂ ਕੁਝ ਸੈਨਿਕ ਟੁਕੜੀਆਂ ਸਿੰਧ[105] ਤੋਂ ਪਾਰ ਉੱਤਰ-ਪੱਛਮੀ ਇਲਾਕੇ ਵੱਲ ਅਤੇ ਦੱਖਣ-ਪੱਛਮ ਵਿਚ ਮੁਲਤਾਨ ਤਕ ਪੁੱਜ ਗਈਆਂ ਪਰ ਉਨ੍ਹਾਂ ਨੂੰ ਛੇਤੀ ਹੀ ਪੰਜਾਬ ਛੱਡਣਾ ਪਿਆ। ਉਨ੍ਹਾਂ ਦੇ ਆਗੂ ਰਘੂਨਾਥ ਰਾਉ ਨੇ ਲਾਹੌਰ ਵਿਚ ਕੋਈ ਇਕ ਮਹੀਨੇ ਤੋਂ ਵੀ ਥੋੜ੍ਹਾ ਸਮਾਂ ਰਹਿਣ ਤੋਂ ਬਾਅਦ ਮਹਿਸੂਸ ਕੀਤਾ ਕਿ ਕੁਝ ਬਾਹਰਲੀ ਸੈਨਾ ਦੀ ਤਾਕਤ ਤੇ ਪੰਜਾਬ ਤੇ ਕਬਜ਼ਾ ਕਰਨਾ ਅਸੰਭਵ ਹੈ ਜਦ ਕਿ ਪੰਜਾਬ ਵਿਚ ਸਿੱਖਾਂ ਦੀ ਤਾਕਤ ਵੱਧ ਰਹੀ ਸੀ ਜੋ ਆਪਣੇ ਪਹਾੜੀ ਠਿਕਾਣਿਆਂ ਤੋਂ ਬਾਹਰ ਨਿਕਲ ਰਹੇ ਸਨ ਅਤੇ ਪੰਜਾਬ ਵਿਚ ਸਭ ਪਾਸੀਂ ਫੈਲਦੇ ਜਾ ਰਹੇ ਸਨ। ਮਰਾਠਿਆਂ ਦੀ ਪੂਨੇ ਵਿਚ ਕੇਂਦਰੀ ਸਰਕਾਰ ਦੀ ਆਰਥਿਕ ਸਥਿਤੀ ਵਿਚ ਇਤਨੀ ਤਕੜੀ ਨਹੀਂ ਸੀ ਜੋ ਪੰਜਾਬ ਵਰਗੀ ਦੁਰਾਡੀ ਥਾਂ ਤੇ ਆਪਣੀਆਂ ਫ਼ੌਜਾਂ ਅਤੇ ਉਨ੍ਹਾਂ ਦੀ ਆਵਾਜਾਈ ਨੂੰ ਕਾਇਮ ਰੱਖਣ ਦੇ ਯੋਗ ਹੁੰਦੀ। ਇਸ ਲਈ ਉਨ੍ਹਾਂ ਨੇ ਸਰਕਾਰ ਚਲਾਉਣ ਦਾ ਕੰਮ ਅਦੀਨਾ ਬੇਗ਼ ਦੇ ਹੱਥਾਂ ਵਿਚ ਦੇਣ ਅਤੇ ਇਸ ਦੇ ਬਦਲੇ 75 ਲੱਖ ਰੁਪਏ ਸਾਲਾਨਾ ਖਿਰਾਜ ਲੈਣ ਦਾ ਫ਼ੈਸਲਾ ਕੀਤਾ। 10 ਮਈ, 1758 ਨੂੰ ਰਘੂਨਾਥ ਰਾਉ ਦੀ ਅਗਵਾਈ ਵਿਚ ਮਰਾਠਿਆਂ ਦੀ ਮੁੱਖ ਸੈਨਾ ਲਾਹੌਰ ਤੋਂ ਚਲੀ ਗਈ ਅਤੇ ਕੇਵਲ ਕੁਝ ਹੀ ਸੈਨਿਕ ਟੁਕੜੀਆਂ ਮੁਲਤਾਨ ਅਤੇ ਅਟਕ ਵਿਚ ਰਹਿਣ ਦਿੱਤੀਆਂ ਗਈਆਂ। ਉਹ ਵੀ ਅਗਲੇ ਸਾਲ ਅਹਿਮਦ ਸ਼ਾਹ ਅਬਦਾਲੀ ਨੇ ਇਥੋਂ ਕੱਢ ਦਿੱਤੀਆਂ।[106]

ਅਦੀਨਾ ਬੇਗ਼ ਨੂੰ ਲਾਹੌਰ ਦੀ ਗਵਰਨਰੀ ਮਾਣਨ ਦਾ ਕੇਵਲ 4 ਮਹੀਨੇ ਤਕ ਹੀ ਮੌਕਾ ਮਿਲਿਆ। ਇਸ ਥੋੜ੍ਹੇ ਸਮੇਂ ਵਿਚ ਉਸ ਨੇ ਪੰਜਾਬ ਵਿਚ ਆਪਣੀ ਪਕੜ ਨੂੰ ਹੋਰ ਮਜ਼ਬੂਤ ਕਰਨ ਲਈ ਬੜੇ ਭਰਪੂਰ ਯਤਨ ਕੀਤੇ। ਉਹ ਆਪਣੇ ਸਾਥੀ ਸਿੱਖਾਂ ਨੂੰ ਖ਼ਤਮ ਕਰਕੇ ਹੀ ਆਪਣੇ ਯਤਨਾਂ ਵਿਚ ਸਫ਼ਲ ਹੋ ਸਕਦਾ ਸੀ ਪਰ ਸਿੱਖ ਹਰ ਰੋਜ਼ ਅਦੀਨਾ ਬੇਗ਼ ਦੇ ਵਿਰੁੱਧ ਤਕੜੇ ਹੁੰਦੇ ਜਾ ਰਹੇ ਸਨ।

---

105. ਕਈ ਲਿਖਾਰੀਆਂ ਨੇ ਇਸ ਗੱਲ ਤੋਂ ਇਨਕਾਰ ਕੀਤਾ ਹੈ ਕਿ ਮਰਾਠੇ ਕਦੇ ਚਨਾਬ ਤੋਂ ਅੱਗੇ ਵਧੇ ਸਨ। *ਖ਼ਜ਼ਾਨਾ-ਇ-ਆਮਿਰਾ* (ਪੰਨਾ 101) ਅਤੇ *ਜਾਮ-ਇ-ਜਹਾਨਨੁਮਾ* (ਪੰਨਾ 120) ਵਿਚ ਲਿਖਿਆ ਹੈ ਕਿ ਮਰਾਠਿਆਂ ਨੇ ਜਿਹਲਮ ਤਕ ਅਫ਼ਗਾਨਾਂ ਦਾ ਪਿੱਛਾ ਕੀਤਾ ਸੀ। ਮਰਾਠਿਆਂ ਦਾ ਦਰਿਆ ਸਿੰਧ ਤਕ ਵਧਣ ਦਾ ਜ਼ਿਕਰ ਨਿਮਨ ਲਿਖਤਾਂ *ਹੁਸੈਨ ਸ਼ਾਹੀ* (ਪੰਨਾ 35); *ਤਾਰੀਖ-ਇ-ਸੁਲਤਾਨੀ* (ਪੰਨਾ 134); *ਇਬਰਤਨਾਮਾ* (ਪੰਨਾ 255); *ਅਹਵਾਲ-ਇ-ਅਦੀਨਾ ਬੇਗ਼* (ਪੰਨਾ 12); *ਖਾਲਸਾਨਾਮਾ* (ਪੰਨਾ 41), *ਇਮਾਦੁਸ ਸਾਦਾਤ* (ਪੰਨਾ 74); ਖ਼ੁਸ਼ਵਕਤ ਰਾਏ ਦੀ *ਤਾਰੀਖ-ਇ-ਸਿੱਖਾਂ*, (ਪੰਨਾ 58); ਆਦਿ ਵਿਚ ਮਿਲਦਾ ਹੈ। ਕੁਝ ਮਰਾਠੇ ਤਕੋਜੀ ਹੁਲਕਰ, ਨਰਸੋਜੀ ਪੰਡਿਤ ਅਤੇ ਸਾਬਾਜੀ ਪਟੇਲ ਦੀ ਅਗਵਾਈ ਵਿਚ ਪਿਸ਼ਾਵਰ ਦੇ ਇਲਾਕੇ ਤਕ ਵੀ ਗਏ। ਇਸ ਦੀ ਪੁਸ਼ਟੀ B. I. S. Mandal Quarterly, Poona, xxiv-1 (93), July 1943, p. 6, ਵਿਚ ਛਪੀ ਖਤੋ-ਕਿਤਾਬਤ ਤੋਂ ਹੁੰਦੀ ਹੈ।

106. *ਖ਼ਜ਼ਾਨਾ-ਇ-ਆਮਿਰਾ*, ਪੰਨਾ 101; *ਤਾਰੀਖ-ਇ-ਮੁਜ਼ੱਫ਼ਰੀ*, ਪੰਨਾ 547; *Delhi Chronicle.*

### ਅਦੀਨਾ ਬੇਗ ਨਾਲ ਅੰਤਮ ਸੰਘਰਸ਼

ਅਦੀਨਾ ਬੇਗ ਨੇ ਆਪਣਾ ਹੈਡਕੁਆਰਟਰ ਲਾਹੌਰ ਤੋਂ ਅਦੀਨਾਨਗਰ ਵਿਚ ਬਦਲ ਲਿਆ। ਇਹ ਨਗਰ ਉਸ ਨੇ ਆਪ ਬਟਾਲੇ ਦੇ ਇਕ ਕੁਸ਼ਲ ਇਲਾਕੇ ਵਿਚ ਕਾਇਮ ਕੀਤਾ ਸੀ। ਉਥੇ ਉਸ ਨੇ ਪੰਜ ਹਜਾਰ ਘੋੜ-ਸਵਾਰਾਂ ਅਤੇ ਨੌ ਹਜਾਰ ਪਿਆਦਾ ਸੈਨਿਕਾਂ ਦੀ ਇਕ ਭਾਰੀ ਫ਼ੌਜ ਜਮ੍ਹਾ ਕਰ ਲਈ। ਇਨ੍ਹਾਂ ਵਿਚ ਵੱਖ-ਵੱਖ ਪਹਾੜੀ ਰਾਜਿਆਂ ਵੱਲੋਂ ਦਿੱਤੀ ਗਈ ਦਸ ਹਜ਼ਾਰ ਸੈਨਿਕਾਂ ਦੀ ਜਾਗੀਰਦਾਰੀ ਫ਼ੌਜ ਵੀ ਸ਼ਾਮਿਲ ਕੀਤੀ ਗਈ।[107] ਉਸ ਨੇ ਪੰਜਾਬ ਦੇ ਸਾਰੇ ਜਿਮੀਦਾਰਾਂ ਨੂੰ ਹੁਕਮ ਦਿੱਤਾ ਕਿ ਉਹ ਸਿੱਖਾਂ ਨੂੰ ਜਿੱਥੇ ਵੀ ਮਿਲਣ ਨਸ਼ਟ ਕਰਨ ਦੇ ਉਪਰਾਲੇ ਕਰਨ। ਰੰਧਾਵੇ ਜਿਮੀਦਾਰਾਂ ਨੇ ਸਿੱਖਾਂ ਨੂੰ ਮਾਰਨ ਵਿਚ ਸਭ ਤੋਂ ਵੱਧ ਜੋਸ਼ ਦਿਖਾਇਆ। ਮਿਰਜ਼ਾ ਅਜੀਜ ਬਖ਼ਸ਼ੀ ਨੂੰ, ਜੋ ਇਕ ਇਤਬਾਰੀ ਰਈਸ ਸੀ, ਇਸ ਮੁਹਿੰਮ ਦਾ ਆਗੂ ਨਿਯੁਕਤ ਕੀਤਾ ਗਿਆ। ਉਸਦੇ ਪਾਸ ਇਕ ਹਜਾਰ ਤਰਖਾਣਾਂ ਦੀ ਵੀ ਇਕ ਸੈਨਿਕ ਟੁਕੜੀ ਸੀ ਜਿਸ ਨੂੰ ਜੰਗਲ ਦੇ ਉਨ੍ਹਾਂ ਦਰਖਤਾਂ ਨੂੰ ਕੱਟਣ ਦਾ ਕੰਮ ਸੌਂਪਿਆ ਗਿਆ ਸੀ ਜਿੱਥੇ ਬਾਗ਼ੀ ਪਨਾਹ ਲੈਂਦੇ ਸਨ। ਰਾਮਰੌਣੀ ਦੇ ਕੱਚੇ ਕਿਲ੍ਹੇ ਦਾ ਘੇਰਾ ਪਾਇਆ ਗਿਆ ਜਿੱਥੇ ਬਹੁਤ ਸਾਰੇ ਸਿੱਖਾਂ ਨੇ ਸ਼ਰਨ ਲੈ ਰੱਖੀ ਸੀ। ਉਨ੍ਹਾਂ ਦੇ ਆਗੂ ਸਰਦਾਰ ਨੰਦ ਸਿੰਘ ਸਾਂਘਣੀਆਂ ਨੇ ਜੱਸਾ ਸਿੰਘ ਰਾਮਗੜ੍ਹੀਆ, ਜੈ ਸਿੰਘ ਘਨੱਈਆ ਅਤੇ ਅਮਰ ਸਿੰਘ ਕਿੰਗਰਾ ਨਾਲ ਮਿਲਕੇ ਬੜੇ ਭਿਆਨਕ ਹਾਲਾਤ ਦੇ ਸਨਮੁਖ ਬੜੀ ਬਹਾਦਰੀ ਦਾ ਪ੍ਰਗਟਾਵਾ ਕੀਤਾ। ਉਹ ਕਿਲ੍ਹੇ ਦੀ ਇਕ ਦੀਵਾਰ ਵਿਚ ਸੁਰਾਖ ਕਰਨ ਵਿਚ ਸਫ਼ਲ ਹੋ ਗਏ ਅਤੇ ਇਸ ਤਰ੍ਹਾਂ ਵੈਰੀਆਂ ਦੇ ਹੱਥਾਂ ਵਿਚੋਂ ਬਚ ਕੇ ਨਿਕਲ ਗਏ। ਉਨ੍ਹਾਂ ਵਿਚੋਂ ਕੁਝ ਮਾਰੇ ਗਏ ਜਾਂ ਫੜੇ ਗਏ।[108]

ਦੀਵਾਨ ਹੀਰਾ ਮਲ ਅਤੇ ਜੰਡਿਆਲੇ ਦੇ ਮਹੰਤ ਆਕਿਲ ਦਾਸ ਨਿਰਜੰਣੀਏ ਦੀ ਕਮਾਨ ਥੱਲੇ ਇਕ ਹੋਰ ਮੁਹਿੰਮ ਸਿੱਖਾਂ ਦੇ ਵਿਰੁੱਧ ਭੇਜੀ ਗਈ। ਇਸ ਨੂੰ ਕਾਦੀਆਂ ਦੇ ਲਾਗੇ ਬੜੀ ਭਾਰੀ ਹਾਰ ਹੋਈ, ਜਿੱਥੇ ਹੀਰਾ ਲਾਲ ਮਾਰਿਆ ਗਿਆ ਅਤੇ ਉਹ ਆਪਣੇ ਪਿੱਛੇ ਜੇਤੂਆਂ ਦੇ ਹੱਥ ਲਗਣ ਲਈ ਬਹੁਤ ਸਾਰਾ ਸਾਮਾਨ ਛੱਡ ਗਿਆ।[109]

ਸਿੱਖਾਂ ਉੱਤੇ ਸਖ਼ਤੀ ਦੀ ਇਹ ਵਿਧਿਆ ਅਗਾਂਹ ਚਲਦੀ ਰਹਿੰਦੀ ਪਰ 15 ਸਤੰਬਰ, 1758 ਨੂੰ ਅਦੀਨਾ ਬੇਗ਼ ਦੀ ਮੌਤ ਨਾਲ ਇਸ ਸਖ਼ਤੀ ਦਾ ਖਾਤਮਾ ਹੋ ਗਿਆ। ਇਹ ਬੁੱਢਾ ਲੂੰਬੜ ਉਨ੍ਹਾਂ ਦਾ ਗੁਪਤ ਸਾਥੀ ਸੀ ਜੋ ਆਪਣੇ ਹਮ-ਧਰਮੀਆਂ ਵਿਰੁੱਧ ਆਪਣੀਆਂ ਲਾਲਸਾ ਦੀਆਂ ਵਿਉਂਤਾਂ ਨੂੰ ਬੜ੍ਹਾਵਾ ਦੇਣ ਲਈ ਅਚੇਤ ਹੀ ਸਿੱਖਾਂ ਦੇ ਕਾਰਜ ਵਿਚ ਉਨ੍ਹਾਂ ਦੀ ਮਦਦ ਕਰਦਾ ਰਿਹਾ। ਆਪਣੀ ਜ਼ਿੰਦਗੀ ਦੇ ਅੰਤਿਮ ਸਮੇਂ ਜਦੋਂ ਉਸ ਨੇ ਇਹ ਸਮਝਿਆ ਕਿ ਉਸ ਨੇ ਆਪਣੇ ਰਾਹ ਵਿਚੋਂ ਅਫ਼ਗਾਨਾਂ ਅਤੇ ਮਰਾਠਿਆਂ ਦੀਆਂ ਸਭ ਰੁਕਾਵਟਾਂ ਨੂੰ ਦੂਰ ਕਰ ਦਿੱਤਾ ਹੈ ਤਾਂ ਉਸ ਨੇ ਸਿੱਖਾਂ ਨੂੰ ਵੀ ਖ਼ਤਮ ਕਰਨ ਦਾ ਬੀੜਾ ਚੁੱਕਿਆ ਜਿਨ੍ਹਾਂ ਦੀ ਮਦਦ ਨਾਲ ਉਸ ਨੇ ਆਪਣੀ ਸਥਿਤੀ ਨੂੰ ਚੰਗੇਰਾ ਬਣਾਇਆ ਸੀ ਪਰ ਉਹ ਆਪਣੀ ਇਸ ਵਿਉਂਤ ਵਿਚ ਕਾਫ਼ੀ ਪਛੜ ਚੁੱਕਾ ਸੀ। ਸਿੱਖ ਹੁਣ ਨਿਰੇ ਸ਼ਰਨਾਰਥੀ ਹੀ ਨਹੀਂ ਸਨ ਰਹੇ ਜਿਨ੍ਹਾਂ ਦਾ ਹਾਕਮ ਲੋਕ ਆਪਣੀ ਮਨਮਰਜ਼ੀ ਨਾਲ ਥਾਂ ਥਾਂ ਸ਼ਿਕਾਰ ਖੇਡ ਸਕਦੇ। ਉਹ ਇਸ ਧਰਤੀ ਤੇ ਇਕ ਅਸਲ ਸੱਤਾ ਬਣ ਗਏ ਸਨ ਜਿਨ੍ਹਾਂ ਦੇ ਮਿਲਵਰਤਣ ਤੋਂ ਬਿਨਾਂ ਇਥੇ ਕੋਈ ਰਾਜ ਸਥਾਪਿਤ ਨਹੀਂ ਸੀ ਕਰ ਸਕਦਾ। ਖਵਾਜਾ ਮਿਰਜਾ ਜਾਨ ਨੇ ਜਿਸ ਨੂੰ ਅਦੀਨਾ ਬੇਗ਼ ਨੇ ਲਾਹੌਰ ਦਾ ਇਨਚਾਰਜ ਬਣਾਇਆ ਹੋਇਆ ਸੀ, ਸਤੰਬਰ ਅਤੇ ਅਕਤੂਬਰ 1758 ਵਿਚ ਅਫ਼ਗਾਨਾਂ ਅਤੇ ਗੱਖੜਾਂ ਵਿਰੁੱਧ ਸਿੱਖਾਂ ਤੋਂ ਸਹਾਇਤਾ ਮੰਗੀ। ਇਹ ਅਫ਼ਗਾਨ ਅਤੇ ਗੱਖੜ ਦੁੱਰਾਨੀ ਜਰਨੈਲ ਨੂਰ-ਦੀਨ ਬਾਮੇਜਈ ਦੀ

107. *ਅਹਵਾਲ-ਇ-ਅਦੀਨਾ ਬੇਗ,*

108. *ਅਹਿਮਦ ਸ਼ਾਹ ਬਟਾਲੀਆ,* ਪੰਨਾ 416.

109. *ਅਲੀ-ਉਦ-ਦੀਨ,* ਪੰਨਾ 257.

ਕਮਾਨ ਥੱਲੇ ਸਨ। ਇਨ੍ਹਾਂ ਨੂੰ ਗੁਜਰਾਤ ਦੇ ਪਰਗਣੇ ਵਿਚੋਂ ਬਾਹਰ ਕੱਢ ਦਿੱਤਾ ਗਿਆ।[110] ਇਸ ਪਿੱਛੋਂ ਜਨਕੋ ਜੀ ਸ਼ਿੰਦੇ ਦੀ ਅਗਵਾਈ ਵਿਚ ਮਰਾਠੇ ਪੰਜਾਬ ਵੱਲ ਆਏ। ਉਨ੍ਹਾਂ ਨੂੰ ਲਾਹੌਰ ਉੱਤੇ ਕਬਜਾ ਕਰਨ ਅਤੇ ਪੰਜਾਬ ਵਿਚ ਅਮਨ ਅਮਾਨ ਕਾਇਮ ਕਰਨ ਲਈ ਦਿੱਲੀ ਵੱਲੋਂ ਅਧਿਕਾਰ ਮਿਲੇ ਹੋਏ ਸਨ। ਮਾਰਚ 1759 ਵਿਚ ਜਨਕੋ ਜੀ ਨੇ ਸਾਬਾਜੀ ਪਾਟਿਲ ਨੂੰ ਅਗਾਊਂ ਲਾਹੌਰ ਭੇਜਿਆ ਅਤੇ ਉਸ ਨੇ ਆਪ ਵੀ ਸੈਨਿਕ ਟੁਕੜੀ ਨੂੰ ਮਾਛੀਵਾੜਾ ਦੇ ਸਥਾਨ ਤੇ ਸਹਾਇਕ-ਸੈਨਾ ਵਜੋਂ ਕਾਇਮ ਰਖਿਆ ਜਿੱਥੇ ਅਦੀਨਾ ਬੇਗ਼ ਦੇ ਪਰਿਵਾਰ ਦੇ ਮੈਂਬਰਾਂ ਵੱਲੋਂ ਉਸ ਨੂੰ ਆਦਰ ਮਿਲਿਆ। ਉਸ ਦੀ ਪੰਜਾਬ ਦੀ ਰਾਜਧਾਨੀ ਵੱਲ ਵਧਣ ਦੀ ਝਿਜਕ ਦਾ ਅਸਲ ਕਾਰਣ *ਤਾਰੀਖ-ਏ-ਆਲਮਗੀਰ ਸਾਨੀ* ਅਨੁਸਾਰ ਇਹ ਸੀ ਕਿ ਸਿੱਖਾਂ ਨੇ ਲਾਹੌਰ ਅਤੇ ਇਸ ਦੇ ਆਲੇ-ਦੁਆਲੇ ਆਪਣੇ ਆਪ ਨੂੰ ਬੜੀ ਤਕੜੀ ਸਥਿਤੀ ਵਿਚ ਕਾਇਮ ਕੀਤਾ ਹੋਇਆ ਸੀ। ਇਸ ਲਈ ਉਹ ਦਿੱਲੀ ਨੂੰ ਵਾਪਿਸ ਚਲਾ ਗਿਆ ਪਰ ਉਸ ਦਾ ਨਾਇਬ ਸਾਬਾਜੀ ਲਾਹੌਰ ਪੁੱਜਣ ਅਤੇ ਕੁਝ ਨਾ ਕੁਝ ਸਮਝੌਤਾ, ਜਿਵੇਂ ਮਿਰਜਾ ਜ਼ਾਨ ਨੂੰ ਨੌਕਰੀ ਤੋਂ ਕਢਵਾ ਦੇਣ ਅਤੇ ਉਸ ਦੀ ਥਾਂ ਇਕ ਅਫ਼ਗਾਨ ਕੈਦੀ ਮਿਰਜ਼ਾ ਅਹਿਮਦ ਖ਼ਾਂ ਨੂੰ ਨਿਯੁਕਤ ਕਰਵਾਉਣ ਵਿਚ ਸਫ਼ਲ ਹੋ ਗਿਆ ਪਰ ਉਸ ਦਾ ਵੀ ਸਿੱਖਾਂ ਦੀ ਸਹਾਇਤਾ ਤੋਂ ਬਿਨਾਂ ਗੁਜਾਰਾ ਨਹੀਂ ਸੀ। ਜਦੋਂ ਜਹਾਨ ਖ਼ਾਂ ਦੀ ਫ਼ੌਜ ਨੇ ਲਾਹੌਰ ਵੱਲ ਆਉਂਦਿਆਂ ਦਰਿਆ ਸਿੰਧ ਪਾਰ ਕੀਤਾ ਤਾਂ ਸਾਬਾਜੀ ਨੇ ਸਿੱਖਾਂ ਦੀ ਮਦਦ ਨਾਲ ਉਨ੍ਹਾਂ ਨੂੰ ਹਾਰ ਦਿੱਤੀ ਅਤੇ ਪਿੱਛੇ ਨੂੰ ਧੱਕ ਦਿੱਤਾ। ਪਰ ਸਿੱਖਾਂ ਦੀ ਸ਼ਕਤੀ ਦੀ ਅਸਲ ਪ੍ਰਭਾਵਸ਼ੀਲਤਾ ਇਤਿਹਾਸ ਦੀਆਂ ਆਉਣ ਵਾਲੀਆਂ ਘਟਨਾਵਾਂ ਤੋਂ ਪ੍ਰਗਟ ਹੋਈ।[111]

**ਦੁਰਾਨੀ ਦਾ ਪੰਜਵਾਂ ਹਮਲਾ**

ਆਪਣੇ ਪੁੱਤਰ ਦੀ ਹੋਈ ਬਦਨਾਮੀ ਦਾ ਬਦਲਾ ਲੈਣ ਲਈ ਅਹਿਮਦਸ਼ਾਹ ਦੁੱਰਾਨੀ ਭਾਰਤ ਵਿਚ ਪੰਜਵੀਂ ਵਾਰ ਦਾਖ਼ਲ ਹੋਇਆ। ਉਸ ਦਾ ਮੁੱਖ ਮਨੋਰਥ ਮਰਾਠਿਆਂ ਨੂੰ ਸਜ਼ਾ ਦੇਣਾ ਸੀ ਜਿਨ੍ਹਾਂ ਦੇ ਵਿਰੁੱਧ ਉਸ ਨੂੰ ਸ਼ਿਕਾਇਤਾਂ ਮਿਲ ਰਹੀਆਂ ਸਨ ਵਿਸ਼ੇਸ਼ ਕਰਕੇ ਭਾਰਤ ਵਿਚ ਉਸ ਦੇ ਆਪਣੇ ਨੁਮਾਇੰਦੇ ਨਜੀਬ-ਉੱਦ-ਦੌਲਾ ਤੋਂ ਜਿਸ ਨੂੰ ਮਰਾਠਿਆਂ ਨੇ ਦਿੱਲੀ ਵਿਚੋਂ ਬਾਹਰ ਕੱਢ ਦਿੱਤਾ ਸੀ ਅਤੇ ਪਿੱਛੋਂ ਪਾਨੀਪਤ ਦੇ ਪੂਰਬ ਵੱਲ 70 ਮੀਲਾਂ ਦੀ ਵਿੱਥ ਤੇ ਸੁਕਰਤਾਲ ਦੇ ਅਸਥਾਨ ਤੇ ਪ੍ਰੇਸ਼ਾਨ ਕੀਤਾ ਸੀ। ਉਸ ਨੂੰ ਜੈਪੁਰ ਦੇ ਮਾਧੋ ਸਿੰਘ ਅਤੇ ਮਾਰਵਾੜ ਦੇ ਵਿਜੈ ਸਿੰਘ ਵਰਗੇ ਕੁਝ ਰਾਜਪੂਤ ਹਾਕਮਾਂ ਵੱਲੋਂ ਆਉਣ ਲਈ ਸੱਦਾ ਮਿਲਿਆ ਸੀ ਜਿਨ੍ਹਾਂ ਨੂੰ ਉਨ੍ਹਾਂ ਦੇ ਇਲਾਕਿਆਂ ਵਿਚ ਮਰਾਠਿਆਂ ਦੇ ਹਮਲਿਆਂ ਵਿਰੁੱਧ ਸ਼ਿਕਾਇਤਾਂ ਸਨ। ਦਿੱਲੀ ਦੇ ਬਾਦਸ਼ਾਹ ਆਲਮਗੀਰ ਸਾਨੀ ਨੇ ਵੀ ਗੁਪਤ ਰੂਪ ਵਿਚ ਉਸ ਉੱਤੇ ਜੋਰ ਪਾਇਆ ਸੀ ਕਿ ਉਹ ਭਾਰਤ ਵਿਚ ਆਏ ਅਤੇ ਇਸ ਦੇ ਵਜੀਰ ਗਾਜੀ-ਉਦ-ਦੀਨ ਦੀ ਚੁਭਵੀਂ ਗੁਲਾਮੀ ਤੋਂ ਉਸ ਨੂੰ ਬਚਾਏ।[112]

ਅਹਿਮਦਸ਼ਾਹ ਨੇ ਸੱਠ ਹਜ਼ਾਰ ਸੈਨਿਕਾਂ ਸਮੇਤ 25 ਅਕਤੂਬਰ, 1759 ਨੂੰ ਦਰਿਆ ਸਿੰਧ ਪਾਰ ਕੀਤਾ। ਜਹਾਨ ਖ਼ਾਂ ਦੀ ਕਮਾਨ ਵਿਚ ਵਧੀ ਆ ਰਹੀ ਹਮਲਾਵਰ ਫ਼ੌਜ ਦੇ ਸਾਹਮਣੇ ਮਰਾਠਾ ਫ਼ੌਜ ਇਕ ਦਮ ਖੇਰੂੰ ਖੇਰੂੰ ਹੋ ਗਈ। ਬਿਨਾਂ ਕੋਈ ਵਾਰ ਕਰਨ ਦੇ ਸਾਬਾਜੀ ਲਾਹੌਰ ਤੋਂ ਪਿੱਛੇ ਹਟ ਗਿਆ ਅਤੇ ਸੁਕਰਤਾਲ ਦੇ ਪਾਸੇ ਨੂੰ ਦੌੜ ਗਿਆ। ਮਾਲਕੋਂ ਸੱਖਣੀ ਪੰਜਾਬ ਦੀ ਰਾਜਧਾਨੀ ਲਾਹੌਰ ਉੱਤੇ ਅਫ਼ਗਾਨਾਂ ਦਾ ਕਬਜ਼ਾ ਹੋ ਗਿਆ ਅਤੇ ਸੂਰਤ ਸਿੰਘ ਖੱਤਰੀ ਨੂੰ ਕਿਹਾ ਗਿਆ ਕਿ ਉਹ ਸ਼ਹਿਜ਼ਾਦਾ ਤੈਮੂਰ ਦੇ ਨਾਂ

110. *ਤਾਰੀਖ-ਇ-ਆਲਮਗੀਰ ਸਾਨੀ*, ਪੰਨਾ 191.

111. *ਤਾਰੀਖ-ਇ-ਆਲਮਗੀਰ ਸਾਨੀ*, ਪੰਨੇ 192, 205; Rajwade, vi, p. 378.

112. *ਅਹਵਾਲ-ਇ-ਨਜੀਬ-ਉਦ ਦੌਲਾ*, ਪੰਨਾ 19; *ਖਜਾਨਾ-ਇ-ਆਮਿਰਾ*, ਪੰਨਾ 101; *ਹੁਸੈਨ ਸ਼ਾਹੀ*, ਪੰਨਾ 38; *ਤਾਰੀਖ-ਇ-ਮੁਜ਼ੱਫਰੀ*, ਪੰਨਾ 589; Rajwade, i, p. 138; *S. P. D.*, pp. 84, 106 and xxi. 176.

ਦਾ ਖੁਤਬਾ ਪੜ੍ਹਵਾਏ ਅਤੇ ਉਸੇ ਦੇ ਨਾਂ ਦਾ ਸਿੱਕਾ ਚਲਵਾਏ। ਸਾਬਾਜੀ ਦੀ ਸੈਨਿਕ ਟੁਕੜੀ ਸਮੇ ਸਿਰ ਪਿੱਛੇ ਨਹੀ ਸੀ ਹਟਾਈ ਜਾ ਸਕੀ। ਇਕ ਜਰਨੈਲ ਅਤੇ ਬਹੁਤ ਸਾਰੇ ਸਿਪਾਹੀਆਂ ਨੂੰ, ਜੋ ਲਾਹੌਰ ਦੇ ਲਾਗੇ ਹੀ ਘੁੰਮ ਰਹੇ ਸਨ, ਅਫ਼ਗਾਨਾਂ ਦੇ ਅਗਲੇਰੇ ਦਸਤੇ ਨੇ ਫੜਕੇ ਟੁੱਕੜੇ ਟੁੱਕੜੇ ਕਰ ਦਿੱਤਾ। ਮਰਾਠਿਆਂ ਦੀ ਇਕ ਹੋਰ ਸੈਨਾ ਉੱਤੇ, ਜਦੋਂ ਉਹ ਸਤਲੁਜ ਪਾਰ ਕਰ ਰਹੀ ਸੀ, ਦੁਆਬ ਦੇ ਪੇਂਡੂਆਂ ਨੇ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਤੋਂ ਚਾਰ ਹਜਾਰ ਊਠ, ਉਨ੍ਹਾਂ ਦੇ ਬਹੁਤ ਸਾਰੇ ਘੋੜੇ, ਖਜਾਨਾ ਅਤੇ ਮਾਲ ਅਸਬਾਬ ਖੋਹ ਲਿਆ ਗਿਆ।[113]

ਮਰਾਠਿਆਂ ਨੇ ਭਾਵੇਂ ਕੋਈ ਚੋਟ ਨਹੀਂ ਸੀ ਮਾਰੀ ਪਰ ਸਿੱਖਾਂ ਨੇ ਆਪਣਾ ਫ਼ਰਜ ਨਹੀਂ ਭੁਲਿਆ। ਉਨ੍ਹਾਂ ਨੇ ਹਮਲਾਵਰਾਂ ਦੇ ਅੱਗੇ ਵੱਧਣ ਨੂੰ ਰੋਕਿਆ ਅਤੇ ਸਖ਼ਤ ਲੜਾਈ ਕੀਤੀ ਜਿਸ ਵਿਚ ਦੋ ਹਜਾਰ ਅਫ਼ਗਾਨ ਮਾਰੇ ਗਏ ਅਤੇ ਉਨ੍ਹਾਂ ਦਾ ਜਰਨੈਲ ਜਹਾਨ ਖ਼ਾਂ ਜ਼ਖ਼ਮੀ ਹੋ ਗਿਆ[114] ਪਰ ਅਹਿਮਦ ਸ਼ਾਹ ਨੇ ਆਪਣਾ ਅੱਗੇ ਵਧਣਾ ਜਾਰੀ ਰਖਿਆ ਅਤੇ ਸਰਹਿੰਦ, ਅੰਬਾਲਾ ਅਤੇ ਤਰਾਵੜੀ ਵਿਚੋਂ ਦੀ ਲੰਘ ਕੇ, ਜਿੱਥੇ ਉਸ ਨੇ ਦੱਤਾਜੀ ਸ਼ਿੰਦੇ ਨੂੰ ਹਾਰ ਦਿੱਤੀ, ਉਹ ਸਹਾਰਨਪੁਰ ਜਾ ਪੁੱਜਾ ਜਿੱਥੇ ਰੁਹੇਲਾ ਸਰਦਾਰ ਨਜੀਬ-ਉਦ-ਦੌਲਾ ਉਸ ਨਾਲ ਸ਼ਾਮਿਲ ਹੋ ਗਿਆ। 19 ਜਨਵਰੀ, 1760 ਨੂੰ ਬਰਾੜੀ ਘਾਟ ਤੇ ਲੜਾਈ ਹੋਈ ਜਿੱਥੇ ਮਰਾਠਿਆਂ ਨੂੰ ਇਕ ਹੋਰ ਹਾਰ ਹੋਈ ਅਤੇ ਇਸ ਲੜਾਈ ਵਿਚ ਦੱਤਾਜੀ ਮਾਰਿਆ ਗਿਆ। ਅਹਿਮਦ ਸ਼ਾਹ ਨੇ ਦਿੱਲੀ ਦੇ ਲਾਗੇ ਇਕ ਵਰ੍ਹਾ ਲੰਘਾਇਆ ਅਤੇ ਕੁਝ ਥੋੜ੍ਹੀਆਂ ਬਹੁਤ ਝੜਪਾਂ ਵੀ ਹੋਈਆਂ। ਉਹ ਮਰਾਠਿਆਂ ਨਾਲ ਅੰਤਿਮ ਸੰਘਰਸ਼ ਦੀ ਉਡੀਕ ਕਰ ਰਿਹਾ ਸੀ।

ਪਾਨੀਪਤ ਦੀ ਇਤਿਹਾਸ ਪ੍ਰਸਿੱਧ ਲੜਾਈ 14 ਜਨਵਰੀ, 1761 ਨੂੰ ਲੜੀ ਗਈ। ਇਸ ਲੜਾਈ ਨੇ ਭਾਰਤ ਦੇ ਉੱਤਰ ਵਿਚ ਮਰਾਠਾ ਸਾਮਰਾਜ ਦੀ ਕਿਸਮਤ ਠੱਪ ਦਿੱਤੀ। ਇਹ ਲੜਾਈ ਮੁਸਲਮਾਨੀ ਗ਼ਲਬੇ ਅਤੇ ਜ਼ਮਾਨੇ ਦੇ ਸਭ ਤੋਂ ਬੜੇ ਹਿੰਦੂ ਰਾਜ ਦੇ ਵਿਚਕਾਰ ਸ਼ਕਤੀ ਦਾ ਇਕ ਕਰੜਾ ਮੁਕਾਬਲਾ ਸੀ। ਉੱਤਰੀ ਭਾਰਤ ਦੇ ਸਾਰੇ ਮੁਸਲਮਾਨੀ ਰਾਜ ਅਫ਼ਗਾਨ ਹਮਲਾਵਰ ਨਾਲ ਰਲ ਗਏ ਜਦ ਕਿ ਮਰਾਠਿਆਂ ਨੂੰ ਨਿਰੋਲ ਆਪਣੇ ਸਾਧਨਾਂ ਉਪਰ ਹੀ ਨਿਰਭਰ ਕਰਨਾ ਪਿਆ। ਰਾਜਪੂਤ ਵੱਖਰੇ ਹੀ ਰਹੇ ਅਤੇ ਸਿੱਖਾਂ ਨੂੰ ਇਸ ਲੜਾਈ ਵਿਚ ਭਾਗ ਲੈਣ ਲਈ ਮਰਾਠਿਆਂ ਨੇ ਸੱਦਾ ਹੀ ਨਹੀਂ ਸੀ ਦਿੱਤਾ। ਇਸ ਲੜਾਈ ਨਾਲ ਸਿੱਖਾਂ ਦਾ ਕੇਵਲ ਇਤਨਾਂ ਹੀ ਵਾਸਤਾ ਸੀ ਕਿ ਪਾਨੀਪਤ ਦੇ ਅਸਥਾਨ ਤੇ ਮਰਾਠਿਆਂ ਦੇ ਪੱਕੇ ਘੇਰੇ ਸਮੇਂ ਨਵੰਬਰ 1760 ਵਿਚ ਪਟਿਆਲੇ ਦੇ ਸਰਦਾਰ ਬਾਬਾ ਆਲਾ ਸਿੰਘ ਨੇ ਪਿਛਲੇ ਪਾਸਿਉਂ ਦੀ ਰਸਦ ਪਾਣੀ ਪਹੁੰਚਾ ਕੇ ਮਰਾਠਿਆਂ ਦੀ ਸਹਾਇਤਾ ਕੀਤੀ ਸੀ।[115] ਦੁੱਰਾਨੀ ਦੀ ਜਿੱਤ ਤੋਂ ਬਾਅਦ ਇਹ ਡਰ ਸੀ ਕਿ ਉਹ ਪਟਿਆਲੇ ਵਿਰੁੱਧ ਕੋਈ ਸਖ਼ਤ ਕਾਰਵਾਈ ਕਰੇਗਾ। ਪਠਾਣਾਂ ਨੇ ਸੱਚਮੁਚ ਹੀ ਬਰਨਾਲੇ ਨੂੰ ਲੁੱਟ ਲਿਆ। ਆਲਾ ਸਿੰਘ ਹਮਲਾਵਰਾਂ ਦੇ ਆ ਰਹੇ ਤੂਫਾਨ ਨੂੰ ਦੇਖਕੇ ਕੁਝ ਸਮੇਂ ਲਈ ਮੂਨਕ ਵੱਲ ਚਲਾ ਗਿਆ ਜੋ ਵੱਡੀ ਸੜਕ ਤੋਂ ਕਾਫ਼ੀ ਦੂਰ ਸੀ ਪਰ ਉਸ ਦੀ ਸਿਆਣੀ ਪਤਨੀ ਮਾਈ ਫਤੋ ਨੇ ਸਥਿਤੀ ਉੱਤੇ ਕਾਬੂ ਪਾ ਲਿਆ। ਮਾਈ ਫਤੋ ਦਾ ਏਜੰਟ ਬੀਰਮ ਢਿੱਲੋਂ ਚਾਰ ਲੱਖ ਰੁਪਏ ਦੇ ਕੇ ਅਹਿਮਦ ਸ਼ਾਹ ਦੀ ਸਦਭਾਵਨਾ ਪ੍ਰਾਪਤ ਕਰਨ ਵਿਚ ਸਫ਼ਲ ਹੋ ਗਿਆ। ਮਾਰਚ 1761 ਵਿਚ ਜਾਰੀ ਕੀਤੇ ਇਕ ਸ਼ਾਹੀ ਫ਼ਰਮਾਨ ਦੁਆਰਾ ਆਲਾ ਸਿੰਘ ਨੂੰ ਉਸ ਦੇ ਆਪਣੇ ਇਲਾਕੇ ਵਿਚ ਪੱਕਿਆਂ ਕਰ ਦਿੱਤਾ। ਹਾਕਮ ਵਜੋਂ ਉਹ ਸਰਹਿੰਦ ਦੇ ਰਾਜ ਤੋਂ ਸੁਤੰਤਰ ਸੀ ਅਤੇ ਇਸ ਦੇ ਬਦਲੇ ਵਿਚ ਮਿਰਜ਼ਾ

113. *ਤਾਰੀਖ਼-ਇ-ਆਲਮਗੀਰ ਸਾਨੀ*, ਪੰਨਾ 211; ਅਲੀ-ਉਦ-ਦੀਨ, ਪੰਨਾ 259; ਸੋਹਨ ਲਾਲ ਜਿਲਦ ਪਹਿਲੀ, ਪੰਨਾ 147; *ਸ਼ਮਸ਼ੀਰ ਖਾਲਸਾ*, ਪੰਨਾ 130; Rajwade i, pp. 139, 141-43, 146.

114. Rajwade, i, p. 146.

115. *ਖਜ਼ਾਨਾ-ਇ-ਆਮਿਰਾ*, ਪੰਨਾ 107; *ਤਾਰੀਖ-ਇ-ਮੁਜ਼ੱਫਰੀ*, ਪੰਨਾ 598; *ਸੀਅਰ-ਉਲ- ਮੁਤਾਖਰੀਨ*, ਪੰਨਾ 913.

ਮੁਹੰਮਦ ਤਕੀ ਦੁਆਰਾ ਪੰਜ ਲੱਖ ਰੁਪਏ ਵਾਰਸ਼ਿਕ ਕਰ ਭਰਨ ਦੀ ਸ਼ਰਤ ਰੱਖੀ ਗਈ ਸੀ। ਮੁਹੰਮਦ ਤਕੀ ਨੂੰ ਕਰ ਦੀ ਵਸੂਲੀ ਦੇ ਮਨੋਰਥ ਨਾਲ ਪਟਿਆਲੇ ਵਿਚ ਹੀ ਰਹਿਣ ਦਿੱਤਾ ਗਿਆ ਸੀ। ਇਕ ਵਿਦੇਸ਼ੀ ਵੱਲ ਅਧੀਨਗੀ ਦੀ ਇਸ ਕਾਰਵਾਈ ਕਰਕੇ ਦਲ ਖਾਲਸਾ ਨੇ ਆਲਾ ਸਿੰਘ ਨੂੰ ਨਿੰਦਿਆ ਅਤੇ ਉਸ ਨੂੰ ਦੰਡ ਲਾਇਆ।[116]

ਖਾਲਸੇ ਨੂੰ ਪੂਰਨ ਰਾਜ ਅਧਿਕਾਰਾਂ ਤੋਂ ਘੱਟ ਕੋਈ ਗੱਲ ਪ੍ਰਵਾਨ ਨਹੀਂ ਸੀ। ਅਫ਼ਗਾਨਾਂ ਦੇ ਹਮਲੇ ਕਾਰਣ ਪੰਜਾਬ ਵਿਚ ਬਦਅਮਨੀ ਦੀ ਸਥਿਤੀ ਨੇ ਜੋ ਮੌਕਾ ਦਿੱਤਾ ਸੀ ਸਿੱਖਾਂ ਨੇ ਉਸ ਤੋਂ ਪੂਰਾ ਪੂਰਾ ਫਾਇਦਾ ਉਠਾਇਆ। ਅਹਿਮਦ ਸ਼ਾਹ ਦਿੱਲੀ ਨੂੰ ਜਾਂਦਿਆਂ ਹੋਇਆਂ ਆਪਣੇ ਪਿੱਛੇ ਕਰੀਮ ਦਾਦ ਖ਼ਾਂ ਨੂੰ ਲਾਹੌਰ ਦਾ ਰਾਜਪਾਲ ਬਣਾਕੇ ਛੱਡ ਗਿਆ ਸੀ। ਉਸ ਨੂੰ ਛੇਤੀ ਹੀ ਬੁਲਾ ਲਿਆ ਗਿਆ ਅਤੇ ਉਸ ਦੀ ਥਾਂ ਸਰਬੁਲੰਦ ਖ਼ਾਂ ਨੂੰ ਭੇਜਿਆ ਗਿਆ। ਇਹ ਆਦਮੀ ਸਿੱਖਾਂ ਤੋਂ ਡਰਦੇ ਮਾਰੇ ਲਾਹੌਰ ਤੋਂ ਦੂਰ ਹੀ ਰਿਹਾ ਅਤੇ ਉਸ ਨੇ ਜਲੰਧਰ ਨੂੰ ਆਪਣੀ ਰਾਜਧਾਨੀ ਬਣਾਇਆ। ਉਸ ਨੇ ਸਾਦਾਤ ਯਾਰ ਖ਼ਾਂ ਨੂੰ ਆਪਣਾ ਨਾਇਬ ਨਾਮਜ਼ਦ ਕਰਕੇ ਲਾਹੌਰ ਭੇਜ ਦਿੱਤਾ। ਛੇਤੀ ਛੇਤੀ ਦੋ ਹੋਰ ਗਵਰਨਰ ਬਦਲੇ ਗਏ। ਉਨ੍ਹਾਂ ਵਿਚੋਂ ਇਕ ਦੀਵਾਨ ਸੂਰਤ ਸਿੰਘ ਸੀ ਜੋ ਰਾਜ ਦਾ ਇਕ ਪੁਰਾਣਾ ਉੱਚ ਅਧਿਕਾਰੀ ਸੀ ਅਤੇ ਦੂਜਾ ਕਸੂਰ ਦੇ ਮੀਰ ਮੋਮਨ ਖ਼ਾਂ ਦਾ ਪੁਤਰ ਮੀਰ ਮੁਹੰਮਦ ਖ਼ਾਂ ਸੀ। ਉਨ੍ਹਾਂ ਵਿਚੋਂ ਕੋਈ ਵੀ ਸਿੱਖਾਂ ਦੀ ਨਿਤਾ ਪ੍ਰਤੀ ਵਧ ਰਹੀ ਸ਼ਕਤੀ ਨੂੰ ਰੋਕ ਨਾ ਸਕਿਆ। ਸਾਰੇ ਕੇਂਦਰੀ ਪੰਜਾਬ ਦੇ ਜ਼ਿਮੀਦਾਰਾਂ ਨੇ ਵਿਦੇਸ਼ੀ ਹਾਕਮਾਂ ਦਾ ਸਾਥ ਦੇਣਾ ਬੰਦ ਕਰ ਦਿੱਤਾ ਅਤੇ ਇਸ ਤਰ੍ਹਾਂ ਉਹ ਦੇਸ਼ ਦੇ ਹਰਮਨ ਪਿਆਰੇ ਅਤੇ ਸ਼ਕਤੀਸ਼ਾਲੀ ਆਗੂਆਂ ਦੇ ਝੰਡੇ ਥੱਲੇ ਇਕੱਠੇ ਹੋਣ ਲਗ ਪਏ। 1760 ਦੀ ਦੀਵਾਲੀ ਦੇ ਮੌਕੇ ਤੇ, ਜੋ 7 ਨਵੰਬਰ ਨੂੰ ਸੀ, ਸਰਬਤ ਖਾਲਸਾ ਅੰਮ੍ਰਿਤਸਰ ਵਿਚ ਇਕੱਤ੍ਰ ਹੋਇਆ ਅਤੇ ਉਸ ਨੇ ਇਕ ਗੁਰਮਤੇ ਦੁਆਰਾ ਲਾਹੌਰ ਉੱਤੇ ਕਬਜ਼ਾ ਕਰ ਲੈਣ ਦਾ ਫ਼ੈਸਲਾ ਕਰ ਲਿਆ। ਜੱਸਾ ਸਿੰਘ ਆਹਲੂਵਾਲੀਆ, ਚੜ੍ਹਤ ਸਿੰਘ ਸੁਕਰਚੱਕੀਆ, ਜੈ ਸਿੰਘ ਘਨੱਈਆ, ਹਰੀ ਸਿੰਘ ਭੰਗੀ, ਗੁਜਰ ਸਿੰਘ, ਲਹਿਣਾ ਸਿੰਘ ਆਦਿ ਦੀ ਅਗਵਾਈ ਵਿਚ ਦਸ ਹਜ਼ਾਰ ਘੋੜ-ਸਵਾਰ ਲਾਹੌਰ ਉੱਤੇ ਹਮਲਾ ਕਰਨ ਲਈ ਨਿਕਲ ਤੁਰੇ। ਆਵਾਜਾਈ ਦੇ ਸਭ ਸਾਧਨਾਂ ਦੀ ਨਾਕਾਬੰਦੀ ਕਰਨ ਤੋਂ ਬਾਅਦ ਉਨ੍ਹਾਂ ਨੇ ਲਾਹੌਰ ਦਾ ਆਲਾ-ਦੁਆਲਾ ਜਾ ਲੁੱਟਿਆ ਅਤੇ ਸਭ ਰੋਕਾਂ ਹਟਾ ਕੇ ਸ਼ਹਿਰ ਵਿਚ ਦਾਖ਼ਿਲ ਹੋਣ ਵਾਲੇ ਹੀ ਸਨ ਜਦੋਂ ਸ਼ਹਿਰ ਦੇ ਉੱਘੇ ਨਾਗਰਿਕਾਂ ਨੇ ਲਾਹੌਰ ਦੇ ਗਵਰਨਰ ਮੁਹੰਮਦ ਖ਼ਾਂ ਉੱਤੇ ਜੋਰ ਪਾ ਕੇ ਇਸ ਗੱਲ ਲਈ ਮਨਾ ਲਿਆ ਕਿ ਇਸ ਮੁਸੀਬਤ ਨੂੰ ਦੂਰ ਰੱਖਣ ਲਈ ਕੜਾਹ ਪ੍ਰਸ਼ਾਦਿ ਵਾਸਤੇ ਉਹ ਸਿੱਖਾਂ ਨੂੰ ਤੀਹ ਹਜ਼ਾਰ ਰੁਪਏ ਭੇਟ ਕਰੇ। ਸਿੱਖਾਂ ਨੇ ਇਕ ਰਕਮ ਪ੍ਰਵਾਨ ਕਰ ਲਈ ਅਤੇ ਉਹ ਵਾਪਸ ਚਲੇ ਗਏ।[117]

ਲਾਹੌਰ ਦੇ ਹਾਕਮਾਂ ਦੇ ਗੋਡੇ ਲਵਾ ਕੇ ਅਤੇ ਸਰਕਾਰ ਦਾ ਸਾਰਾ ਢਾਂਚਾ ਖੇਰੂੰ ਖੇਰੂੰ ਹੋਇਆ ਦੇਖ ਕੇ ਹਰ ਥਾਂ ਕੱਚੇ ਕਿਲ੍ਹੇ ਉਸਾਰਨ ਅਤੇ ਇਰਦ-ਗਿਰਦ ਦੇ ਇਲਾਕਿਆਂ ਉੱਤੇ ਕਬਜ਼ੇ ਕਰਨ ਲਈ ਸਿੱਖਾਂ ਦੇ ਹੌਸਲੇ ਵੱਧ ਗਏ। ਸਥਾਨਕ ਅਧਿਕਾਰੀਆਂ ਨੇ ਆਪਣੇ ਆਪ ਨੂੰ ਲਾਚਾਰੀ ਦੀ ਸਥਿਤੀ ਵਿਚ ਵੇਖਿਆ। ਉਦਾਹਰਣ ਵਜੋਂ ਚਹਾਰ ਮਹਲ ਦਾ ਗਵਰਨਰ ਅਤੇ 'ਤਹਿਮਾਸਨਾਮਾ' ਦਾ ਕਰਤਾ ਤਹਿਮਾਸ ਖ਼ਾਂ, ਜੋ ਸਿਆਲਕੋਟ ਦੇ ਹਾਕਮ ਵਜੋਂ ਕੰਮ ਕਰ ਰਿਹਾ ਸੀ, ਸਿੱਖਾਂ ਦੇ ਹੱਥ ਆ ਗਏ ਅਤੇ ਆਪਣਾ ਛੁਟਕਾਰਾ ਕਰਾਉਣ ਤੋਂ ਪਹਿਲਾਂ ਉਨ੍ਹਾਂ ਨੂੰ ਭਾਰੀ ਰਕਮ ਭਰਨੀ ਪਈ।[118]

ਸਿੱਖਾਂ ਨੇ ਜੇਤੂ ਹਮਲਾਆਵਰ ਨੂੰ ਵੀ ਮਾਫ਼ ਨਹੀਂ ਕੀਤਾ ਜਦੋਂ ਦਿੱਲੀ ਤੋਂ ਵਾਪਸੀ ਸਮੇਂ ਉਸਦੇ ਸਿਪਾਹੀ ਗੋਇੰਦਵਾਲ ਦੇ ਪੱਤਣ ਤੋਂ ਸਤਲੁਜ ਪਾਰ ਕਰ ਰਹੇ ਸਨ ਤਾਂ ਸਿੱਖਾਂ ਦੀ ਇਕ ਸੈਨਿਕ ਟੁੱਕੜੀ

---

116. ਕਰਮ ਸਿੰਘ, *ਆਲਾ ਸਿੰਘ*, ਪੰਨੇ 20-2713.

117. ਸੋਹਨ ਲਾਲ, ਪੰਨਾ 150; 'ਅਲੀ-ਉਦ-ਦੀਨ', ਪੰਨੇ 262-63.

118. *ਤਹਿਮਾਸਨਾਮਾ*, ਪੰਨੇ 103-106.

ਨੇ ਉਨ੍ਹਾਂ ਉਪਰ ਹਮਲਾ ਬੋਲ ਦਿੱਤਾ ਅਤੇ ਉਨ੍ਹਾਂ ਤੋਂ ਬਹੁਤ ਸਾਰਾ ਲੁੱਟ ਦਾ ਮਾਲ ਖੋਹ ਲਿਆ। ਤਕਰੀਬਨ ਬਾਈ ਸੋ ਹਿੰਦੂ ਇਸਤਰੀਆਂ ਨੂੰ ਵੀ, ਜਿਨ੍ਹਾਂ ਨੂੰ ਅਫ਼ਗਾਨ ਕੈਦੀ ਬਣਾ ਕੇ ਲਿਜਾ ਰਹੇ ਸਨ, ਛੁੜਾ ਲਿਆ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਤਕ ਉਨ੍ਹਾਂ ਦੇ ਘਰੀਂ ਪਹੁੰਚਾ ਦਿੱਤਾ।[119] ਵਾਪਿਸ ਜਾ ਰਹੇ ਅਫ਼ਗਾਨਾਂ ਨੂੰ ਸਿੱਖਾਂ ਨੇ ਆਰਾਮ ਨਹੀਂ ਲੈਣ ਦਿੱਤਾ। ਸਿੱਖ, ਅਫਗਾਨਾਂ ਦੇ ਮਾਰਚ ਕਰਨ ਸਮੇਂ ਉਨ੍ਹਾਂ ਉਪਰ ਮੰਡਲਾਉਂਦੇ ਰਹੇ। ਉਹ ਉਨ੍ਹਾਂ ਦੀ ਰਸਦ ਰੋਕਦੇ ਅਤੇ ਜੋ ਕੁਝ ਵੀ ਹਾਨੀ ਉਨ੍ਹਾਂ ਨੂੰ ਪਹੁੰਚਾਈ ਜਾ ਸਕਦੀ ਸੀ, ਉਹ ਪਹੁੰਚਾਉਂਦੇ ਪਰ ਉਨ੍ਹਾਂ ਉੱਤੇ ਸਿਧਿਆਂ ਹਮਲਾ ਕਦੇ ਨਾ ਕਰਦੇ।[120] ਹਰ ਰਾਤ ਅਹਿਮਦ ਸ਼ਾਹ ਨੂੰ ਆਪਣੇ ਡੇਰੇ ਦੇ ਦੁਆਲੇ ਸਿੱਖਾਂ ਦੇ ਸਿੱਧੇ ਹਮਲੇ ਤੋਂ ਬਚਣ ਲਈ ਪ੍ਰਬੰਧ ਕਰਨਾ ਪੈਂਦਾ ਸੀ। ਇਸ ਤਰ੍ਹੀਕੇ ਨਾਲ ਉਹ ਸਿੰਧ ਤਕ ਗਿਆ ਅਤੇ ਸਾਰੇ ਰਸਤੇ ਵਿਚ ਸਿੱਖ ਉਸ ਦਾ ਪਿੱਛਾ ਕਰਦੇ ਰਹੇ।[121]

**ਸਿੱਖ ਸੱਤਾ ਲਈ ਯਤਨਸ਼ੀਲ**

ਮਈ 1761 ਵਿਚ ਦਰਿਆ ਸਿੰਧ ਤੋਂ ਵਾਪਿਸ ਮੁੜਨ ਤੇ ਸਿੱਖ ਪੰਜਾਬ ਦੇ ਬਹੁਤ ਸਾਰੇ ਭਾਗਾਂ ਵਿਚ ਫੈਲ ਗਏ ਅਤੇ ਉਹ ਮਾਝੇ ਤੇ ਦੁਆਬੇ ਉੱਤੇ ਕਾਬਜ਼ ਹੋ ਗਏ ਅਤੇ ਇਸ ਤੋਂ ਵੀ ਅਗਾਂਹ ਸ਼ਿਵਾਲਕ ਦੀਆਂ ਪਹਾੜੀਆਂ ਵਿਚ ਨਾਦੌਣ ਤਕ ਪੁੱਜ ਗਏ। ਜਦੋਂ ਉਹ ਚਹਾਰ ਮਹਲ ਦੇ ਇਲਾਕੇ ਵਿਚੋਂ ਦੀ ਲੰਘ ਰਹੇ ਸਨ ਤਾਂ ਉਥੋਂ ਦੇ ਫੌਜਦਾਰ ਖਵਾਜਾ ਮਿਰਜ਼ਾ ਜਾਨ ਨਾਲ ਉਨ੍ਹਾਂ ਦੀ ਟੱਕਰ ਹੋ ਪਈ ਜਿਸ ਵਿਚ ਉਸ ਨੂੰ ਹਾਰ ਹੋ ਗਈ ਅਤੇ ਉਹ ਮਾਰਿਆ ਗਿਆ।[122]

ਸਿੱਖਾਂ ਨੇ ਅਫ਼ਗਾਨਾਂ ਦੇ ਰਾਜਨੀਤਕ ਪ੍ਰਬੰਧ ਨੂੰ ਉਲਟ ਪੁਲਟ ਕਰ ਦਿੱਤਾ ਜਿਸ ਕਰਕੇ ਅਹਿਮਦ ਸ਼ਾਹ ਨੇ ਆਪਣੇ ਜਰਨੈਲ ਨੂਰ-ਉਦ-ਦੀਨ ਬਾਮਜ਼ਈ ਨੂੰ ਬਾਗ਼ੀ ਲੋਕਾਂ ਨੂੰ ਸਜ਼ਾ ਦੇਣ ਲਈ ਨਿਯੁਕਤ ਕੀਤਾ। ਪੰਜਾਬ ਦੇ ਕਰਮਚਾਰੀਆਂ ਨੂੰ ਹਿਦਾਇਤ ਕੀਤੀ ਗਈ ਕਿ ਉਹ ਉਸ ਨੂੰ ਮਿਲਵਰਤਣ ਦੇਣ। ਦਰਿਆ ਚਨਾਬ ਨੂੰ ਪਾਰ ਕਰਨ ਤੇ ਚੜ੍ਹਤ ਸਿੰਘ ਨਾਲ ਉਸ ਦਾ ਟਾਕਰਾ ਹੋ ਗਿਆ, ਜਿਸ ਨੇ ਬਾਮਜ਼ਈ ਨੂੰ ਹਰਾ ਕੇ ਉਸ ਨੂੰ ਆਪਣੇ ਬਾਰਾਂ ਹਜ਼ਾਰ ਆਦਮੀਆਂ ਸਮੇਤ ਸਿਆਲਕੋਟ ਦੇ ਕਿਲ੍ਹੇ ਵਿਚ ਜਾ ਕੇ ਸ਼ਰਨ ਲੈਣ ਲਈ ਮਜਬੂਰ ਕਰ ਦਿੱਤਾ। ਉਥੋਂ ਵੀ ਉਸ ਨੂੰ ਇਕ ਲੰਮੇ ਘੇਰੇ ਤੋਂ ਬਾਅਦ ਭੱਜ ਜਾਣ ਲਈ ਬੇਬੱਸ ਕਰ ਦਿੱਤਾ ਅਤੇ ਅਧੀਨਗੀ ਪ੍ਰਵਾਨ ਕਰਨ ਤੋਂ ਬਾਅਦ ਉਸ ਦੇ ਸੈਨਿਕ ਦਸਤੇ ਨੂੰ ਉਥੋਂ ਚਲੇ ਜਾਣ ਦਿੱਤਾ ਗਿਆ।[123]

ਦੁੱਰਾਨੀ ਜਰਨੈਲ ਦੀ ਹਾਰ ਦੀ ਖ਼ਬਰ ਸੁਣ ਕੇ ਖਵਾਜਾ ਉਬੈਦ ਖ਼ਾਂ (ਜੋ ਲਾਹੌਰ ਵਿਚ ਸਰਬੁਲੰਦ ਖ਼ਾਂ ਦੀ ਥਾਂ ਵਾਇਸਰਾਏ ਬਣਿਆ ਸੀ) ਨੇ ਇਕ ਭਾਰੀ ਸੈਨਾ ਇਕੱਠੀ ਕੀਤੀ ਅਤੇ ਆਪਣੇ ਦਰਬਾਰੀਆਂ ਦੀ ਸਲਾਹ ਦੇ ਖਿਲਕੁਲ ਉਲਟ ਉਸ ਨੇ ਚੜ੍ਹਤ ਸਿੰਘ ਦੀ ਰਾਜਧਾਨੀ ਗੁੱਜਰਾਂਵਾਲਾ ਉੱਤੇ ਹੱਲਾ ਕਰ ਦਿੱਤਾ। ਘੇਰੇ ਵਿਚ ਆਇਆਂ ਸਰਦਾਰ ਕਦੇ ਕਦੇ ਕਿਲ੍ਹੇ ਵਿਚੋਂ ਬਾਹਰ ਨਿਕਲਦਾ ਅਤੇ ਵੈਰੀਆਂ ਦਾ ਭਾਰੀ ਨੁਕਸਾਨ ਕਰਕੇ ਮੁੜ ਕਿਲ੍ਹੇ ਦੇ ਅੰਦਰ ਚਲਾ ਜਾਂਦਾ। ਬਹੁਤ ਸਾਰੇ ਸਿੱਖ ਸਰਦਾਰ ਜਿਵੇਂ ਜੱਸਾ ਸਿੰਘ ਆਹਲੂਵਾਲੀਆ, ਹਰੀ ਸਿੰਘ ਭੰਗੀ, ਜੈ ਸਿੰਘ ਘਨੱਈਆ, ਲਹਿਣਾ ਸਿੰਘ, ਸੋਭਾ ਸਿੰਘ ਅਤੇ ਗੁੱਜਰ ਸਿੰਘ ਆਪਣੇ ਘਿਰੇ ਹੋਏ ਸਾਥੀ ਦੀ ਮਦਦ ਲਈ ਬੜੀ ਕਾਹਲੀ ਨਾਲ ਪੁੱਜੇ ਅਤੇ ਘੇਰਾ ਪਾਉਣ

119. ਕਨ੍ਹਈਆ ਲਾਲ, *ਤਾਰੀਖ-ਇ-ਪੰਜਾਬ*, ਪੰਨੇ 102-103; *ਸ਼ਮਸ਼ੀਰ ਖਾਲਸਾ*, ਪੰਨਾ 145, Browne, ii, p. 22.

120. *Rajas of the Panjab,* p. 230.

121. ਬਖਤ ਮਲ, ਪੰਨਾ 47; ਬੁਧ ਸਿੰਘ, ਪੰਨਾ 47; Browne, ii, p. 22.

122. *ਤਹਿਮਾਸਨਾਮਾ*, ਪੰਨਾ 108.

123. ਸੋਹਨ ਲਾਲ, ਜਿਲਦ ਦੂਜੀ, ਪੰਨੇ 6-7; *ਪੰਥ ਪ੍ਰਕਾਸ਼*, ਪੰਨਾ 62; *ਮਖਜ਼ਨ-ਇ ਪੰਜਾਬ*, ਪੰਨਾ 417.

ਵਾਲਿਆਂ ਤੇ ਰਾਤ ਵੇਲੇ ਹਮਲਾ ਕਰ ਦਿੱਤਾ। ਕੁਝ ਸਿੱਖ, ਜੋ ਉਬੈਦ ਖ਼ਾਂ ਦੀ ਨੌਕਰੀ ਕਰਦੇ ਸਨ, ਇਸ ਸਮੇਂ ਆਪਣੇ ਹਮਧਰਮ ਸਿੱਖਾਂ ਨਾਲ ਜਾ ਰਲੇ। ਅਜਿਹੀ ਹਾਲਤ ਵਿਚ ਉਬੈਦ ਖ਼ਾਂ ਨੂੰ ਉਥੋਂ ਭੱਜ ਜਾਣ ਵਿਚ ਹੀ ਆਪਣਾ ਬਚਾਅ ਦਿਸਿਆ। ਉਸ ਦੀਆਂ ਨਿਰ-ਆਗੂ ਫ਼ੌਜਾਂ ਨੂੰ ਵੀ ਛੇਤੀ ਹੀ ਭਾਂਜ ਹੋ ਗਈ ਅਤੇ ਬਹੁਤ ਸਾਰੀਆਂ ਤੋਪਾਂ, ਘੋੜੇ, ਊਠ ਅਤੇ ਤਰਾਂ ਤਰਾਂ ਦੇ ਸਟੋਰ ਇਨ੍ਹਾਂ ਜੇਤੂਆਂ ਦੇ ਹੱਥ ਲਗੇ। ਖਵਾਜਾ ਉਬੈਦ ਬੜੀ ਮੁਸ਼ਕਲ ਨਾਲ ਵਾਪਸ ਲਾਹੌਰ ਪੁੱਜਾ।[124]

**ਲਾਹੌਰ ਉੱਤੇ ਸਿੱਖਾਂ ਦਾ ਕਬਜ਼ਾ**

ਸਿੱਖ ਬੜੀ ਛੇਤੀ ਛੇਤੀ ਜਿੱਤਾਂ ਪ੍ਰਾਪਤ ਕਰਦੇ ਗਏ ਅਤੇ ਲਾਹੌਰ ਦੀਆਂ ਦੀਵਾਰਾਂ ਦੇ ਸਾਹਮਣੇ ਆ ਖਲੋਤੇ। ਲਾਹੌਰ ਦੇ ਉੱਘੇ ਨਾਗਰਿਕਾਂ ਨੇ ਜੇਤੂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਲਈ ਸ਼ਹਿਰ ਦੇ ਦਰਵਾਜ਼ੇ ਖੋਲ੍ਹ ਦਿੱਤੇ ਅਤੇ ਉਹ ਰਾਜਧਾਨੀ ਵਿਚ ਦਾਖ਼ਿਲ ਹੋ ਗਏ। ਉਨ੍ਹਾਂ ਨੇ ਜੱਸਾ ਸਿੰਘ ਆਹਲੂਵਾਲੀਆ ਦੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿੱਤਾ ਅਤੇ ਉਸ ਨੂੰ ਸੁਲਤਾਨ-ਉਲ-ਕੌਮ ਦਾ ਖ਼ਿਤਾਬ ਦੇ ਦਿੱਤਾ। ਉਸ ਨੇ ਗੁਰੂ ਦੇ ਨਾਂ ਤੇ ਸਿੱਕੇ ਚਲਾਏ ਅਤੇ ਉਨ੍ਹਾਂ ਸਿੱਕਿਆਂ ਉੱਤੇ ਹੇਠ ਲਿਖੇ ਸ਼ਬਦ ਅੰਕਿਤ ਕੀਤੇ[125] :

*ਦੇਗ ਓ ਤੇਗ ਓ ਫਤਹਿ ਓ ਨੁਸਰਤ ਬੇ-ਦਰੰਗ*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।*

ਸ਼ਹਿਰ ਵਿਚ ਆਪਣੇ ਆਪ ਨੂੰ ਪੂਰੀ ਤਰ੍ਹਾਂ ਪੱਕੇ ਪੈਰੀਂ ਕਰਨ ਤੋਂ ਬਿਨਾਂ ਹੀ ਸਿੱਖ ਬੜੀ ਤੇਜ਼ੀ ਨਾਲ ਜਲੰਧਰ ਦੁਆਬ ਵੱਲ ਆਏ। ਲਾਹੌਰ ਦਾ ਕਿਲ੍ਹਾ ਹਾਲੇ ਤਕ ਖਵਾਜਾ ਉਬੈਦ ਖਾਂ ਦੇ ਹੱਥਾਂ ਵਿਚ ਹੀ ਸੀ। ਜਲੰਧਰ ਦੁਆਬ ਵਿਚ ਦੁੱਰਾਨੀ ਫ਼ੌਜਦਾਰ ਸਾਦਾਤ ਖ਼ਾਂ ਅਤੇ ਸਦੀਕ ਖ਼ਾਂ ਅਫ਼ਰੀਦੀ ਨੂੰ ਸਿੱਖਾਂ ਨੇ ਭਾਂਜ ਦਿੱਤੀ ਜਦ ਕਿ ਹਿੰਦੂ ਰਾਜਾ ਘੁਮੰਡ ਚੰਦ ਕਟੋਚ, ਜੋ ਜਲੰਧਰ ਦਾ ਗਵਰਨਰ ਸੀ, ਸਿੱਖਾਂ ਦੇ ਆਉਣ ਤੇ ਪਹਾੜੀ ਇਲਾਕੇ ਵੱਲ ਚਲਾ ਗਿਆ। ਇਸ ਤਰ੍ਹਾਂ ਦਰਿਆ ਸਤਲੁਜ ਤਕ ਦਾ ਸਾਰਾ ਇਲਾਕਾ ਸਿੱਖਾਂ ਦੇ ਹੱਥ ਆ ਗਿਆ ਅਤੇ ਕੁਝ ਥੋੜ੍ਹੇ ਜਿਹੇ ਬਾਗ਼ੀ ਮੁਸਲਮਾਨ ਅਫ਼ਗਾਨਿਸਤਾਨ ਦੇ ਬਾਦਸ਼ਾਹ ਦੇ ਨਾਂ ਤੇ ਅੜੇ ਰਹੇ। ਸਰਹੱਦੀ ਇਲਾਕੇ ਅਤੇ ਪੂਰਬੀ ਇਲਾਕਿਆਂ ਵਿਚਕਾਰ ਤਾਲ ਮੇਲ ਘਟ ਗਿਆ ਅਤੇ ਪੰਜਾਬ ਨੂੰ ਪਾਰ ਕਰਨ ਦਾ ਇਰਾਦਾ ਰਖਣ ਵਾਲੇ ਲੋਕਾਂ ਨੂੰ ਉੱਤਰੀ ਪਹਾੜੀਆਂ ਦੇ ਨਾਲ ਨਾਲ ਇਕ ਲੰਮਾ ਸਫ਼ਰ ਕਰਨਾ ਪੈਂਦਾ ਸੀ।[126]

---

124. ਸੋਹਨ ਲਾਲ, ਜਿਲਦ ਪਹਿਲੀ, ਪੰਨਾ 153; ਜਿਲਦ ਦੂਜੀ, ਪੰਨੇ 7-8; *ਅਲੀ-ਉਦ-ਦੀਨ*, ਪੰਨੇ 264-66; *ਤਹਿਮਾਸਨਾਮਾ*, ਪੰਨੇ 108-9; ਖ਼ੁਸ਼ਵਕਤ ਰਾਏ, ਪੰਨਾ 60; *ਅਹਿਮਦ ਸ਼ਾਹ ਬਟਾਲੀਆ*, ਪੰਨੇ 340-41; ਬੂਟੇ ਸ਼ਾਹ, ਜਿਲਦ ਦੂਜੀ, ਪੰਨਾ 5; ਰਤਨ ਸਿੰਘ, ਪੰਨੇ 387-88.

125. ਬਹੁਤ ਸਾਰੇ ਇਤਿਹਾਸਕਾਰਾਂ ਨੇ ਵੱਖਰਾ ਹੀ ਮੁਦ੍ਰਾ ਲੇਖ ਦਿੱਤਾ ਹੈ ਜਿਸ ਵਿਚ ਆਕੜ ਦੇ ਇਹ ਸ਼ਬਦ ਦਿੱਤੇ ਹਨ :

*ਸਿੱਕਾ ਜ਼ਦ ਦਰ ਜਹਾਨ ਬ-ਫਜ਼ਲ-ਇ ਅਕਾਲ*
*ਮੁਲਕ-ਇ-ਅਹਿਮਦ ਗ੍ਰਿਫ਼ਤ ਜੱਸਾ ਕਲਾਲ।*

ਇਹ ਬਿਲਕੁਲ ਅਣਹੋਣੀ ਗੱਲ ਹੈ ਕਿ ਕਿਸੇ ਸਿੱਖ ਹਾਕਮ ਨੇ, ਜੱਸਾ ਸਿੰਘ ਵਰਗੇ ਕੱਟੜ ਸਿੰਘ ਨੂੰ ਤਾਂ ਇਕ ਪਾਸੇ ਛੱਡੋ, ਆਪਣੇ ਨਾਂ ਦਾ ਸਿੱਕਾ ਅਤੇ ਉਹ ਵੀ ਅੱਧੇ ਨਾਂ ਤੇ ਅਰਥਾਤ ਜੱਸਾ ਸਿੰਘ ਦੀ ਥਾਂ ਕੇਵਲ 'ਜੱਸਾ' ਦੇ ਨਾਂ ਤੇ ਹੀ ਚਲਾਇਆ ਹੋਵੇ। ਅਸਲ ਗੱਲ ਇਉਂ ਜਾਪਦੀ ਹੈ ਜਿਵੇਂ ਕਿ ਗਣੇਸ਼ ਦਾਸ ਵਡੇਹਰਾ ਨੇ ਆਪਣੇ 'ਚਹਾਰ ਗੁਲਸ਼ਨ-ਏ-ਪੰਜਾਬ' ਦੇ ਪੰਨਾ 178 ਉੱਤੇ ਲਿਖਿਆ ਹੈ ਕਿ ਕੁਝ ਤਅੱਸਬੀ ਮੁਸਲਮਾਨਾਂ ਨੇ ਕੁਝ ਜਾਅਲੀ ਸਿੱਕੇ ਬਣਾਏ ਜਿਨ੍ਹਾਂ ਉੱਤੇ ਇਹ ਭੜਕਾਊ ਲਿਖਤ ਅੰਕਿਤ ਸੀ ਅਤੇ ਉਹ ਸਿੱਕੇ ਕਾਬਲ ਨੂੰ ਲੈ ਗਏ ਤਾਂ ਜੋ ਸ਼ਾਹ ਦੇ ਜਜ਼ਬਾਤ ਨੂੰ ਸਿੱਖਾਂ ਦੇ ਵਿਰੁੱਧ ਭੜਕਾਇਆ ਜਾਏ।

126. *ਤਹਿਮਾਸਨਾਮਾ*, ਪੰਨਾ 109; *ਪੰਥ ਪ੍ਰਕਾਸ਼*, ਪੰਨਾ 724; *Kapurthala Past and Present.*

ਦੀਵਾਲੀ ਦੇ ਆਪਣੇ ਵਾਰਸ਼ਿਕ ਉਤਸਵ ਨੂੰ ਮਨਾਉਣ ਲਈ ਸਰਬਤ ਖਾਲਸਾ 27 ਅਕਤੂਬਰ, 1761 ਨੂੰ ਸਭ ਪਾਸਿਆਂ ਤੋਂ ਅੰਮ੍ਰਿਤਸਰ ਵਿਚ ਇਕੱਠਾ ਹੋਇਆ। ਉਨ੍ਹਾਂ ਨੇ ਗੁਰਮਤਾ ਪਾਸ ਕੀਤਾ ਕਿ ਅਹਿਮਦ ਸ਼ਾਹ ਦੇ ਸਾਰੇ ਸਾਥੀਆਂ ਅਤੇ ਸਮਰਥਕਾਂ ਦੇ ਅੱਡਿਆਂ ਉੱਤੇ ਜੋ ਮੁਲਕ ਦੀ ਆਜਾਦੀ ਦੇ ਰਾਹ ਵਿਚ ਰੁਕਾਵਟ ਸਿੱਧ ਹੋ ਰਹੇ ਸਨ, ਕਬਜਾ ਕਰ ਲਿਆ ਜਾਏ। ਸਭ ਤੋਂ ਲਾਗੇ ਆਕਲ ਦਾਸ ਦਾ ਜੰਡਿਆਲੇ ਦਾ ਅੱਡਾ ਸੀ ਜੋ ਨਿਰੰਜਣੀਆਂ ਦੇ ਸਿੱਖ-ਵਿਰੋਧੀ ਫ਼ਿਰਕੇ ਦਾ ਆਗੂ ਸੀ ਅਤੇ ਜੋ ਸਦਾ ਹੀ ਸਿੱਖਾਂ ਦੇ ਵੈਰੀਆਂ ਦੀ ਸਹਾਇਤਾ ਕਰਦਾ ਸੀ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਉਸ ਨੂੰ ਖਾਲਸੇ ਦੇ ਫੈਸਲੇ ਤੋਂ ਜਾਣੂ ਕਰਾ ਦਿੱਤਾ ਸੀ। ਇਹ ਸ਼ਾਇਦ ਇਸ ਲਈ ਕੀਤਾ ਸੀ ਕਿ ਉਹ ਸਿੱਖਾਂ ਦੀ ਅਧੀਨਗੀ ਪ੍ਰਵਾਨ ਕਰ ਲਵੇ ਪਰ ਉਸ ਨੇ ਸਿੱਖਾਂ ਨਾਲ ਸਮਝੌਤਾ ਕਰਨ ਦੀ ਥਾਂ ਤੁਰੰਤ ਅਹਿਮਦ ਸ਼ਾਹ ਵੱਲ ਚਿੱਠੀ ਲਿਖੀ ਅਤੇ ਉਸ ਨੂੰ ਆਪਣੀ ਸਹਾਇਤਾ ਲਈ ਸੱਦਿਆ।[127]

### ਦੁੱਰਾਨੀ ਦਾ ਛੇਵਾਂ ਹਮਲਾ ਅਤੇ ਦੂਜਾ ਘੱਲੂਘਾਰਾ

ਅਹਿਮਦ ਸ਼ਾਹ, ਜੋ ਪਹਿਲੇ ਹੀ ਭਾਰਤ ਵੱਲ ਨੂੰ ਆ ਰਿਹਾ ਸੀ, ਆਕਲ ਦਾਸ ਦੇ ਏਲਚੀਆਂ ਨੂੰ ਰੋਹਤਾਸ ਦੇ ਅਸਥਾਨ ਤੇ ਮਿਲਿਆ। ਉਹ ਬੜੀ ਕਾਹਲੀ ਕਾਹਲੀ ਜੰਡਿਆਲੇ ਪੁੱਜਾ ਅਤੇ ਉਸ ਨੂੰ ਪਤਾ ਲੱਗਾ ਕਿ ਸਿੱਖ ਜੰਡਿਆਲੇ ਦਾ ਘੇਰਾ ਛੱਡ ਕੇ ਸਰਹਿੰਦ ਵੱਲ ਨੂੰ ਚਲੇ ਗਏ ਸਨ। ਸਿੱਖਾਂ ਦੇ ਛੇਤੀ ਹੀ ਵਾਪਿਸ ਮੁੜ ਜਾਣ ਦਾ ਕਾਰਣ 'ਹੁਸੈਨ ਸ਼ਾਹੀ' ਪੁਸਤਕ ਦੇ ਕਰਤਾ ਅਨੁਸਾਰ ਇਹ ਸੀ ਕਿ ਆਕਲ ਦਾਸ ਦੇ ਪੈਰੋਕਾਰਾਂ ਨੇ ਗਊਆਂ ਦੀਆਂ ਹੇਠਲੀਆਂ ਲੱਤਾਂ ਕਿਲ੍ਹੇ ਦੀਆਂ ਦੀਵਾਰਾਂ ਨਾਲ ਲਟਕਾਈਆਂ ਹੋਈਆਂ ਸਨ ਪਰ ਸਿੱਖਾਂ ਦੇ ਛੇਤੀ ਵਾਪਿਸ ਮੁੜ ਜਾਣ ਦਾ ਅਸਲ ਕਾਰਣ ਇਹ ਸੀ ਕਿ ਉਹ ਆਪਣੇ ਨਾਲ ਆਪਣੇ ਪਰਿਵਾਰਾਂ ਨੂੰ ਹਮਲਾਆਵਰ ਦੀ ਪਹੁੰਚ ਤੋਂ ਦੂਰ ਕਿਸੇ ਥਾਂ ਤੇ ਲਿਜਾਣਾ ਅਤੇ ਛੱਡ ਆਉਣਾ ਚਾਹੁੰਦੇ ਸਨ ਜਾਂ ਉਹ ਉਨ੍ਹਾਂ ਨੂੰ ਦੱਖਣ-ਪੱਛਮੀ ਇਲਾਕੇ ਵਿਚ ਰਹਿ ਰਹੇ ਆਪਣੇ ਮਿੱਤਰਾਂ ਜਾਂ ਦੱਖਣ ਵਿਚ ਰਾਇਪੁਰ ਅਤੇ ਗੁੱਜਰਵਾਲ ਦੇ ਨੇੜੇ ਪੁਚਾਉਣਾ ਚਾਹੁੰਦੇ ਸਨ। ਸਿੱਖ ਸਰਦਾਰ ਦਿਆਲ ਸਿੰਘ ਬਰਾੜ ਦੀ ਮੌਤ ਦਾ ਵੀ ਬਦਲਾ ਲੈਣਾ ਚਾਹੁੰਦੇ ਸਨ ਜਿਸ ਨੂੰ ਥੋੜ੍ਹੀ ਦੇਰ ਪਹਿਲਾ ਸਰਹਿੰਦ ਦੇ ਗਵਰਨਰ ਜ਼ੈਨ ਖ਼ਾਂ ਨੇ ਮਰਵਾਇਆ ਸੀ। ਇਹ ਖ਼ਬਰ ਸੁਣ ਕੇ, ਕਿ ਸਿੱਖ ਮਲੇਰਕੋਟਲੇ ਦੇ ਲਾਗੇ ਦੇ ਪਿੰਡਾਂ ਵਿਚ ਇਕੱਠੇ ਹੋ ਰਹੇ ਹਨ, ਉਥੋਂ ਦੇ ਅਫ਼ਗਾਨ ਹਾਕਮ ਭੀਖਨ ਖ਼ਾਂ ਨੇ ਜ਼ੈਨ ਖ਼ਾਂ ਤੋਂ ਮਦਦ ਮੰਗੀ ਅਤੇ ਅਹਿਮਦ ਸ਼ਾਹ ਨੂੰ ਸਿੱਖਾਂ ਵੱਲੋਂ ਖ਼ਤਰੇ ਤੋਂ ਜਾਣੂ ਕਰਵਾਇਆ।[128]

ਇਹ ਖ਼ਬਰ ਸੁਣ ਕੇ ਅਹਿਮਦਸ਼ਾਹ 3 ਫਰਵਰੀ, 1762 ਨੂੰ ਲਾਹੌਰ ਤੋਂ ਚਲਿਆ ਅਤੇ ਬੜੀ ਤੇਜ਼ੀ ਨਾਲ ਮਾਲਵੇ ਦੇ ਇਲਾਕੇ ਵਿਚ ਆ ਪੁੱਜਾ। 5 ਫਰਵਰੀ ਦੀ ਸਵੇਰ ਤਕ ਉਹ ਮਲੇਰਕੋਟਲੇ ਦੇ ਲਾਗੇ ਕੁੱਪ ਪਿੰਡ ਵਿਚ ਪੁੱਜ ਗਿਆ ਜਿੱਥੇ ਲਗਪਗ ਤੀਹ ਹਜਾਰ ਸਿੱਖ ਆਪਣੇ ਪਰਿਵਾਰਾਂ ਅਤੇ ਸਾਮਾਨ ਸਮੇਤ ਡੇਰਾ ਲਾਈ ਬੈਠੇ ਸਨ। ਉਸ ਨੇ ਜ਼ੈਨ ਖ਼ਾਂ ਨੂੰ ਪਹਿਲੇ ਹੀ ਹਿਦਾਇਤਾਂ ਭੇਜ ਦਿੱਤੀਆਂ ਸਨ ਕਿ ਉਹ ਆਪਣੀਆਂ ਸਭ ਫ਼ੌਜਾਂ ਸਮੇਤ ਕੂਚ ਕਰੇ ਅਤੇ ਸਿੱਖਾਂ ਦੇ ਅਗਲੇ ਹਿੱਸੇ ਉੱਤੇ ਹਮਲਾ ਕਰੇ ਜਦ ਕਿ ਉਹ ਆਪ ਉਨ੍ਹਾਂ ਦੇ ਪਿਛਲੇ ਪਾਸਿਉਂ ਹਮਲਾ ਕਰੇਗਾ। ਉਸ ਨੇ ਆਪਣੇ ਸਿਪਾਹੀਆਂ ਨੂੰ ਹੁਕਮ ਦੇ ਰਖਿਆ ਸੀ ਕਿ ਜਿਸ ਕਿਸੇ ਨੂੰ ਵੀ ਉਹ ਭਾਰਤੀ ਲਿਬਾਸ ਵਿਚ ਦੇਖਣ ਉਸ ਨੂੰ ਮਾਰ ਦੇਣ। ਜ਼ੈਨ ਖ਼ਾਂ ਦੀਆਂ ਭਾਰਤੀ ਫ਼ੌਜਾਂ ਨੂੰ ਸਿੱਖਾਂ ਦੀਆਂ ਫ਼ੌਜਾਂ ਤੋਂ ਭਿੰਨ ਰਖਣ ਲਈ ਉਨ੍ਹਾਂ ਦੀਆਂ ਪਗੜੀਆਂ ਵਿਚ ਹਰੇ

127. *ਅਲੀ-ਉਦ-ਦੀਨ*, ਪੰਨਾ 267; ਕਨ੍ਹਈਆ ਲਾਲ, ਪੰਨਾ 85; *Gazetteer of Amritsar District*, p. 175.

128. *ਹੁਸੈਨ ਸ਼ਾਹੀ*, ਪੰਨਾ 61; ਬੁਧ ਸਿੰਘ, ਪੰਨਾ 47; ਬਖ਼ਤ ਮਲ, ਪੰਨਾ 48; *ਪੰਥ ਪ੍ਰਕਾਸ਼*, ਪੰਨੇ 729-30 ਅਤੇ ਰਤਨ ਸਿੰਘ ਪੰਨੇ 347-48 ਵੇਖੋ।

ਪੱਤੇ ਟੰਗਣ ਦੀ ਹਿਦਾਇਤ ਕੀਤੀ ਗਈ ਸੀ।[129] ਇਥੇ ਕਈ ਹਜ਼ਾਰ ਸਿੱਖ, ਜਿਨ੍ਹਾਂ ਵਿਚ ਵਧੇਰੇ ਕਰਕੇ ਔਰਤਾਂ ਤੇ ਬੱਚੇ ਸਨ, ਮਾਰੇ ਗਏ ਸਨ।

ਸਿੱਖਾਂ ਨੂੰ ਅਚਨਚੇਤ ਘੇਰ ਲਿਆ ਗਿਆ ਸੀ। ਉਨ੍ਹਾਂ ਨੇ ਇਕ ਦਮ ਸਲਾਹ ਮਸ਼ਵਰਾ ਕਰ ਕੇ ਫ਼ੈਸਲਾ ਕੀਤਾ ਕਿ ਉਨ੍ਹਾਂ ਨੂੰ ਲੜ ਕੇ ਮਰਨਾ ਚਾਹੀਦਾ ਹੈ। ਉਨ੍ਹਾਂ ਨੇ ਆਪਣੀਆਂ ਇਸਤਰੀਆਂ ਅਤੇ ਬੱਚਿਆਂ ਦੁਆਲੇ ਇਕ ਘੇਰਾ ਬੰਨ੍ਹ ਲਿਆ ਅਤੇ ਲੜਦੇ ਹੋਏ ਅਗਾਂਹ ਵਧਦੇ ਗਏ। ਕਦੇ ਕਦੇ ਉਹ ਆਪਣੇ ਹਮਲਾਆਵਰਾਂ ਉੱਤੇ ਭੌਂ ਕੇ ਵਾਰ ਕਰਦੇ ਅਤੇ ਉਨ੍ਹਾਂ ਦਾ ਕਾਫ਼ੀ ਨੁਕਸਾਨ ਕਰ ਦਿੰਦੇ। ਸ਼ਾਮ ਸਿੰਘ ਕਰੋੜ ਸਿੰਘੀਆ, ਜੱਸਾ ਸਿੰਘ ਆਹਲੂਵਾਲੀਆ ਅਤੇ ਚੜ੍ਹਤ ਸਿੰਘ ਸੁਕਰਚੱਕੀਆ ਆਪਣੀ ਮੁਖ ਸੈਨਾ ਦੀ ਅਗਵਾਈ ਕਰ ਰਹੇ ਸਨ ਅਤੇ ਆਪਣੀ ਰੱਖਿਆ ਵਿਚ ਲਏ ਗੈਰ-ਲੜਾਕੂ ਬੰਦਿਆਂ (ਭਾਵ ਸਿੱਖ ਔਰਤਾਂ, ਬੱਚਿਆਂ ਅਤੇ ਬੁੱਢਿਆਂ) ਦੇ ਕੂਚ ਦੀ ਨਿਗਰਾਨੀ ਕਰ ਰਹੇ ਸਨ। ਅਹਿਮਦ ਸ਼ਾਹ ਸਿੱਖਾਂ ਨਾਲ ਕਿਸੇ ਥਾਂ ਜੰਮ ਕੇ ਲੜਾਈ ਕਰਨਾ ਚਾਹੁੰਦਾ ਸੀ ਪਰ ਉਹ ਉਸ ਨੂੰ ਮੌਕਾ ਨਹੀਂ ਸਨ ਦੇ ਰਹੇ। ਉਹ ਅਗਾਂਹ ਅਤੇ ਅਗਾਂਹ ਤੁਰਦੇ ਜਾ ਰਹੇ ਸਨ ਅਤੇ ਪਿੰਡੋਂ ਪਿੰਡ ਉਨ੍ਹਾਂ ਨਾਲ ਲੜਾਈ ਹੁੰਦੀ ਜਾ ਰਹੀ ਸੀ। ਕੁਤਬ-ਬਾਹਮਣੀ, ਗਾਹਲ ਅਤੇ ਹੋਰ ਥਾਂਵਾਂ ਦੇ ਲੋਕਾਂ ਨੇ, ਜਿਥੋਂ ਦੀ ਇਹ ਸਿੱਖ ਲੰਘੇ ਸਨ, ਹਮਲਾਆਵਰ ਦੇ ਬਦਲੇ ਦੇ ਡਰ ਕਰਕੇ ਸਿੱਖਾਂ ਨੂੰ ਸ਼ਰਨ ਨਹੀਂ ਦਿੱਤੀ ਸਗੋਂ ਉਨ੍ਹਾਂ ਨੇ ਸਿੱਖਾਂ ਉੱਤੇ ਹਮਲਾ ਕਰਕੇ ਉਨ੍ਹਾਂ ਵਿਚੋਂ ਕਈਆਂ ਨੂੰ ਮਾਰ ਦਿੱਤਾ। ਸਿੱਖ ਹੋਰ ਅਗਾਂਹ ਜਾਣ ਲਈ ਹੀ ਮਜਬੂਰ ਸਨ। ਉਹ ਬਰਨਾਲੇ ਪੁੱਜਣਾ ਚਾਹੁੰਦੇ ਸਨ ਜਿੱਥੇ ਉਹ ਬਾਬਾ ਆਲਾ ਸਿੰਘ ਦੀ ਸਹਾਇਤਾ ਨਾਲ ਕੁਝ ਬਚਾਅ ਦੀ ਆਸ ਰਖਦੇ ਸਨ ਅਤੇ ਆਲਾ ਸਿੰਘ ਵੱਲੋਂ ਮਦਦ ਨਾ ਮਿਲਣ ਦੀ ਹਾਲਤ ਵਿਚ ਉਹ ਬਠਿੰਡੇ ਦੇ ਪਾਣੀ ਤੋਂ ਖਾਲੀ ਰੇਗਿਸਤਾਨ ਵਿਚ ਚਲੇ ਜਾਣਾ ਚਾਹੁੰਦੇ ਸਨ।

ਉਨ੍ਹਾਂ ਦੇ ਬਰਨਾਲੇ ਪੁੱਜਣ ਤੋਂ ਪਹਿਲਾਂ ਹੀ ਅਫ਼ਗਾਨਾਂ ਨੇ ਉਸ ਘੇਰੇ ਨੂੰ ਤੋੜ ਦਿੱਤਾ ਜੋ ਸਿੱਖਾਂ ਨੇ ਆਪਣੀਆਂ ਔਰਤਾਂ ਅਤੇ ਬੱਚਿਆਂ ਦੁਆਲੇ ਪਾਇਆ ਹੋਇਆ ਸੀ ਅਤੇ ਇਸ ਤਰ੍ਹਾਂ ਸਿੱਖਾਂ ਦਾ ਕਤਲੇਆਮ ਸ਼ੁਰੂ ਹੋ ਗਿਆ। ਇਸ ਲੜਾਈ ਵਿਚ ਘੱਟ ਤੋਂ ਘੱਟ ਅਨੁਮਾਨ ਅਨੁਸਾਰ ਵੀ ਲਗਪਗ 10,000 ਬੰਦੇ ਮਾਰੇ ਗਏ ਦਸੇ ਜਾਂਦੇ ਹਨ। ਇਸ ਡਰਾਉਣੇ ਕਤਲੇਆਮ ਨੂੰ, ਜੋ 5 ਫਰਵਰੀ, 1762 ਨੂੰ ਹੋਇਆ ਸੀ, ਸਿੱਖ ਇਤਿਹਾਸ ਵਿਚ ਵੱਡਾ ਘੱਲੂਘਾਰਾ ਜਾਂ ਦੂਜਾ ਮਹਾਨ ਘੱਲੂਘਾਰਾ ਕਿਹਾ ਜਾਂਦਾ ਹੈ। ਪਹਿਲਾ ਘੱਲੂਘਾਰਾ 1746 ਈ. ਵਿਚ ਹੋਇਆ ਸੀ।[130] ਗੁਰੂ ਗ੍ਰੰਥ ਸਾਹਿਬ ਦੀ ਉਹ ਮਹਾਨ ਬੀੜ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਿਚ ਸੰਪੂਰਨ ਕੀਤੀ ਸੀ ਅਤੇ ਜੋ ਸਿੱਖ ਫ਼ੌਜਾਂ ਆਪਣੇ ਕੂਚ ਸਮੇਂ ਆਪਣੇ ਅੱਗੇ ਅੱਗੇ ਲਿਜਾ ਰਹੀਆਂ ਸਨ, ਇਸ ਲੜਾਈ ਵਿਚ ਗੁੰਮ ਹੋ ਗਈ।[131]

ਮਾਲਵੇ ਦੇ ਸਿੱਖ ਮੁਕਾਬਲਤਨ ਵਧੇਰੇ ਅਮਨ ਪਸੰਦ ਸਨ ਅਤੇ ਉਨ੍ਹਾਂ ਨੇ ਹਮਲਾਆਵਰ ਨੂੰ ਕੋਈ ਦੁੱਖ ਨਹੀਂ ਸੀ ਦਿੱਤਾ। ਮਾਲਵੇ ਦੇ ਸਿੱਖਾਂ ਦਾ ਆਗੂ ਪਟਿਆਲੇ ਦਾ ਸਰਦਾਰ ਆਲਾ ਸਿੰਘ ਸੀ, ਜੋ ਇਕ ਨਿਰਪੱਖ ਨੀਤੀ ਤੇ ਚਲ ਰਿਹਾ ਸੀ ਅਤੇ ਉਸ ਨੇ ਮੁਸੀਬਤ ਵਿਚ ਫਸੇ ਆਪਣੇ ਹਮਧਰਮੀਆਂ ਦੀ ਕੋਈ ਸਹਾਇਤਾ ਨਹੀਂ ਸੀ ਕੀਤੀ। ਇਸ ਲਈ ਉਸ ਵਿਰੁੱਧ ਕਾਰਵਾਈ ਕਰਨ ਲਈ ਅਹਿਮਦ ਸ਼ਾਹ ਦੁੱਰਾਨੀ ਪਾਸ ਕੋਈ ਕਾਰਣ ਨਹੀਂ ਸੀ ਪਰ ਉਸ ਦੇ ਲਾਗਲੇ ਵਿਰੋਧੀ ਸਰਹਿੰਦ ਅਤੇ ਮਲੇਰਕੋਟਲੇ

129. *ਖਜ਼ਾਨਾ-ਇ-ਆਮਿਰਾ*, ਪੰਨਾ 114; *ਤਹਿਮਾਸਨਾਮਾ*, ਪੰਨਾ 110; *ਹੁਸੈਨ ਸ਼ਾਹੀ*, ਪੰਨਾ 65.

130. *ਤਹਿਮਾਸਨਾਮਾ*, ਪੰਨੇ 110-111; *ਖਜ਼ਾਨਾ-ਇ-ਆਮਿਰ*, ਬਖਤ ਮਲ, ਪੰਨਾ 48; ਖੁਸ਼ਵਕਤ ਰਾਏ, ਪੰਨੇ 60-61; *ਤਾਰੀਖ-ਇ-ਸਲਾਤੀਨ-ਇ ਅਫਗਾਨਾਂ*, ਪੰਨਾ 125; ਅਲੀ-ਉਦ-ਦੀਨ, ਪੰਨੇ 267-268; *ਹੁਸੈਨ ਸ਼ਾਹੀ*, ਪੰਨੇ 41-44; *ਤਾਰੀਖ-ਇ-ਮੁਜ਼ੱਫਰੀ*; ਰਤਨ ਸਿੰਘ, ਪੰਨੇ 346-58; *ਪੰਥ ਪ੍ਰਕਾਸ਼*, ਪੰਨੇ 730-41; Rajwade, vi, p. 465; Browne ii, p. 23; Malcolm, p. 98.

131. *ਪੰਥ ਪ੍ਰਕਾਸ਼*, ਪੰਨਾ 40.

ਦੇ ਨਵਾਬਾਂ ਨੇ ਇਹ ਕਹਿ ਕੇ ਅਹਿਮਦ ਸ਼ਾਹ ਦੇ ਕੰਨ ਭਰ ਦਿੱਤੇ ਕਿ ਆਲਾ ਸਿੰਘ ਗੁਪਤ ਰੂਪ ਵਿਚ ਮਾਝੇ ਦੇ ਸਿੱਖਾਂ ਦਾ ਸਾਥੀ ਸੀ ਅਤੇ ਜੇ ਉਸ ਨੂੰ ਫੜ ਲਿਆ ਜਾਵੇ ਤਾਂ ਸੌਖਿਆਂ ਹੀ ਪੰਜਾਹ ਲੱਖ ਰੁਪਏ ਮੁਆਵਜ਼ੇ ਵਜੋਂ ਉਗਰਾਹੇ ਜਾ ਸਕਦੇ ਹਨ।

ਜਦੋਂ ਅਹਿਮਦ ਸ਼ਾਹ ਬਰਨਾਲੇ ਵਿਚ ਦਾਖ਼ਲ ਹੋਇਆ, ਜੋ ਆਲਾ ਸਿੰਘ ਦੇ ਇਲਾਕੇ ਵਿਚ ਸੀ, ਤਾਂ ਇਹ ਆਸ ਕੀਤੀ ਜਾਂਦੀ ਸੀ ਕਿ ਆਲਾ ਸਿੰਘ ਇਕ ਜਾਗੀਰਦਾਰ ਸਰਦਾਰ ਵਜੋਂ ਆਪਣੇ ਆਪ ਨੂੰ ਅਹਿਮਦ ਸ਼ਾਹ ਦੇ ਪੇਸ਼ ਕਰੇਗਾ ਅਤੇ ਉਸ ਦੀ ਅਧੀਨਗੀ ਪ੍ਰਵਾਨ ਕਰੇਗਾ ਪਰ ਆਲਾ ਸਿੰਘ ਅਹਿਮਦ ਸ਼ਾਹ ਦੇ ਆਉਣ ਤੋਂ ਪਹਿਲਾਂ ਹੀ ਬਰਨਾਲੇ ਵਿਚੋਂ ਨਿਕਲ ਕੇ ਭਵਾਨੀਗੜ੍ਹ ਦੇ ਕਿਲ੍ਹੇ ਵਿਚ ਚਲਾ ਗਿਆ। ਸ਼ਾਹ ਨੇ ਆਲਾ ਸਿੰਘ ਦੀ ਗ਼ੈਰਹਾਜ਼ਰੀ ਵਿਚ ਬਰਨਾਲੇ ਦੇ ਕਸਬੇ ਨੂੰ ਸਾੜ ਦਿੱਤਾ ਅਤੇ ਭਵਾਨੀਗੜ੍ਹ ਵੱਲ ਕੂਚ ਕੀਤਾ। ਇਸ ਅਰੋਕ ਹੋਣੀ ਤੋਂ ਬਚਣ ਦਾ ਕੋਈ ਰਾਹ ਨਾ ਦੇਖ ਕੇ ਆਲਾ ਸਿੰਘ ਨੇ ਨਜੀਬ-ਉਦ-ਦੌਲਾ ਦੇ ਵਸੀਲੇ ਨਾਲ ਅਹਿਮਦ ਸ਼ਾਹ ਦੇ ਪੇਸ਼ ਹੋਣ ਦਾ ਯਤਨ ਕੀਤਾ ਅਤੇ ਪੰਜ ਲੱਖ ਰੁਪਇਆ ਭੇਟਾ ਦੇ ਤੌਰ ਤੇ ਸ਼ਾਹ ਨੂੰ ਅਦਾ ਕਰਕੇ ਉਸ ਨੂੰ ਠੰਡਿਆਂ ਕੀਤਾ। ਇਸ ਤੋਂ ਇਲਾਵਾ ਸਵਾ ਲੱਖ ਰੁਪਇਆ ਇਸ ਗੱਲ ਦੀ ਪ੍ਰਵਾਨਗੀ ਲਈ ਦਿੱਤਾ ਕਿ ਉਹ ਆਪਣੇ ਕੇਸਾਂ ਅਤੇ ਦਾੜ੍ਹੀ ਸਮੇਤ ਬਾਦਸ਼ਾਹ ਦੇ ਪੇਸ਼ ਹੋ ਸਕੇ।[132] ਕੁਝ ਸਮੇਂ ਲਈ ਉਸ ਨੂੰ ਨਜ਼ਰਬੰਦ ਕਰਕੇ ਫਿਰ ਛੱਡ ਦਿੱਤਾ ਗਿਆ ਅਤੇ ਉਸ ਨੂੰ ਆਪਣੇ ਇਲਾਕੇ ਦੇ ਹਾਕਮ ਵਜੋਂ ਇਸ ਇਕਰਾਰ ਉੱਤੇ ਪੱਕਿਆਂ ਕਰ ਦਿੱਤਾ ਕਿ ਉਹ ਸਾਲਾਨਾ ਰਕਮ ਭਰਦਾ ਰਹੇਗਾ।[133]

ਅਹਿਮਦ ਸ਼ਾਹ 3 ਮਾਰਚ ਨੂੰ ਲਾਹੌਰ ਵਾਪਿਸ ਚਲਾ ਗਿਆ ਅਤੇ ਸਿੱਖ ਵਸੋਂ ਉੱਤੇ ਆਪਣੀ ਪ੍ਰਮੁਖਤਾ ਦਾ ਪ੍ਰਭਾਵ ਪਾਉਣ ਲਈ ਉਹ ਆਪਣੇ ਨਾਲ ਇਸ ਲੜਾਈ ਵਿਚ ਮਾਰੇ ਗਏ ਸਿੱਖਾਂ ਦੇ ਸਿਰਾਂ ਦੇ 50 ਗੱਡੇ ਲੱਦ ਕੇ ਲਾਹੌਰ ਲੈ ਗਿਆ ਅਤੇ ਬਹੁਤ ਸਾਰੇ ਲੋਕਾਂ ਨੂੰ ਕੈਦੀ ਬਣਾ ਕੇ ਵੀ ਆਪਣੇ ਨਾਲ ਲੈ ਗਿਆ। "ਕਤਲ ਹੋਏ ਸਿੱਖਾਂ ਦੇ ਸਿਰਾਂ ਨਾਲ ਮੀਨਾਰ ਉਸਾਰੇ ਗਏ ਅਤੇ ਕਿਹਾ ਜਾਂਦਾ ਹੈ ਕਿ ਅਹਿਮਦ ਸ਼ਾਹ ਦੁਆਰਾ ਉਨ੍ਹਾਂ ਮਸਜਿਦਾਂ ਦੀਆਂ ਦੀਵਾਰਾਂ ਨੂੰ, ਜਿਨ੍ਹਾਂ ਨੂੰ ਸਿੱਖਾਂ ਨੇ ਅਪਵਿੱਤਰ ਕੀਤਾ ਸੀ, ਉਨ੍ਹਾਂ ਦੇ ਖ਼ੂਨ ਨਾਲ ਧੋਤਾ ਗਿਆ।"[34]

## ਦਰਬਾਰ ਸਾਹਿਬ (ਅੰਮ੍ਰਿਤਸਰ) ਦਾ ਅਪਮਾਨ

ਸਿੱਖਾਂ ਨੂੰ ਹੋਰ ਵਧੇਰੇ ਸਜ਼ਾ ਦੇਣ ਲਈ ਅਹਿਮਦ ਸ਼ਾਹ ਨੇ 10 ਅਪ੍ਰੈਲ, 1762 ਨੂੰ ਵਿਸਾਖੀ ਦੇ ਉਤਸਵ ਸਮੇਂ ਅੰਮ੍ਰਿਤਸਰ ਦੇ ਸਿੱਖਾਂ ਉੱਤੇ ਹਮਲਾ ਕੀਤਾ। ਇਸ ਸਮੇਂ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਨ ਲਈ ਹਜ਼ਾਰਾਂ ਸਿੱਖ ਉਥੇ ਇਕੱਠੇ ਹੋਏ ਹੋਏ ਸਨ ਪਰ ਉਸ ਦੇ ਹਮਲਾ ਕਰਨ ਸਮੇਂ ਸਿੱਖ ਖਿੰਡ ਪੁੰਡ ਗਏ ਅਤੇ ਉਸ ਨੂੰ ਸਿੱਖਾਂ ਦੇ ਪਵਿੱਤਰ ਹਰਿਮੰਦਰ ਸਾਹਿਬ ਨੂੰ ਬਾਰੂਦ ਨਾਲ ਉਡਾਉਣ ਦਾ ਮੌਕਾ ਮਿਲ ਗਿਆ। ਯਾਤਰੀਆਂ ਲਈ ਬਣੇ ਹੋਏ ਬੁੰਗੇ ਵੀ ਬਰਬਾਦ ਕਰ ਦਿੱਤੇ ਗਏ ਅਤੇ ਸਰੋਵਰ ਨੂੰ ਗਊਆਂ ਦੇ ਖ਼ੂਨ ਨਾਲ ਅਪਵਿੱਤਰ ਕਰਕੇ ਕੂੜਾ ਕਰਕਟ ਅਤੇ ਮਲਬੇ ਨਾਲ ਭਰ ਦਿੱਤਾ। ਕਿਹਾ ਜਾਂਦਾ ਹੈ ਕਿ ਜਿਸ ਵੇਲੇ ਇਹ ਇਮਾਰਤਾਂ ਉਡਾਈਆਂ ਜਾ ਰਹੀਆਂ ਸਨ ਤਾਂ ਇਕ ਉਡਦਾ ਹੋਇਆ ਰੋੜਾ

---

132. ਅਹਿਮਦ ਯਾਦਗਾਰ ਦੀ ਪੁਸਤਕ *ਤਾਰੀਖ-ਇ-ਸਲਾਤੀਨ-ਇ-ਅਫ਼ਗਾਨਾਂ*, ਪੰਨਾ 125 ਅਨੁਸਾਰ ਅਹਿਮਦ ਸ਼ਾਹ ਚਾਹੁੰਦਾ ਸੀ ਕਿ ਆਲਾ ਸਿੰਘ ਆਪਣੇ ਬਾਲ ਕਟਵਾ ਕੇ ਉਸ ਦੇ ਪੇਸ਼ ਹੋਏ ਪਰ ਆਲਾ ਸਿੰਘ ਨੇ ਉੱਤਰ ਦਿੱਤਾ ਕਿ ਉਹ ਬਾਲ ਰੱਖਣ ਦੇ ਹੱਕ ਦਾ ਮੁੱਲ ਤਾਰਨ ਲਈ ਤਿਆਰ ਹੈ। ਸ਼ਾਹ ਨੇ ਪੁਛਿਆ ਕਿ ਉਹ ਕਿਤਨੇ ਪੈਸੇ ਦੇਵੇਗਾ। ਉਸਨੂੰ ਇਕ ਲੱਖ ਰੁਪਏ ਦਾ ਜਵਾਬ ਮਿਲਿਆ। ਸ਼ਾਹ ਨੇ ਇਹ ਪੇਸ਼ਕਸ਼ ਪ੍ਰਵਾਨ ਕਰ ਲਈ। 'ਅਲੀ-ਉਦ-ਦੀਨ' ਅਨੁਸਾਰ ਇਹ ਰਕਮ ਸਵਾ ਲੱਖ ਸੀ।
133. ਅਲੀ-ਉਦ-ਦੀਨ, ਪੰਨਾ 268; ਬੂਟੇ ਸ਼ਾਹ, ਜਿਲਦ ਪਹਿਲੀ ਪੰਨਾ 627; ਘਨੱਈਆ ਲਾਲ, *ਤਾਰੀਖ-ਇ-ਪੰਜਾਬ*, ਪੰਨਾ 85.
134. Forster, I, p. 279.

ਅਹਿਮਦ ਸ਼ਾਹ ਦੇ ਨੱਕ ਉਪਰ ਜਾ ਵੱਜਾ ਅਤੇ ਉਥੇ ਅਜਿਹਾ ਜ਼ਖ਼ਮ ਹੋ ਗਿਆ ਜੋ ਕਦੇ ਰਾਜ਼ੀ ਨਾ ਹੋਇਆ।[135]

ਉੱਤਰੀ ਭਾਰਤ ਵਿਚ ਅਮਨ ਕਾਇਮ ਕਰਨ ਲਈ ਅਹਿਮਦ ਸ਼ਾਹ ਲਈ ਹਾਲੇ ਬਹੁਤ ਕੁਝ ਕਰਨਾ ਬਾਕੀ ਸੀ। ਗਰਮੀਆਂ ਦੀ ਗਰਮ ਰੁੱਤ ਆ ਰਹੀ ਸੀ। ਪਰ ਇਸ ਦੇ ਬਾਵਜੂਦ ਵੀ ਉਸ ਨੇ ਇਥੇ ਹੀ ਰੁਕੇ ਰਹਿਣ ਦਾ ਫੈਸਲਾ ਕੀਤਾ। ਉਸ ਨੇ ਮਰਾਠਿਆਂ ਦੇ ਮਾਮਲਿਆਂ ਨੂੰ ਵੀ, ਪੇਸ਼ਵਾ ਦੇ ਅਧਿਕਾਰ ਨੂੰ ਪ੍ਰਵਾਨਗੀ ਦੇ ਕੇ, ਮਿੱਤਰਤਾ ਪੂਰਵਕ ਢੰਗ ਨਾਲ ਨਜਿੱਠਣ ਦਾ ਫ਼ੈਸਲਾ ਕੀਤਾ।[136] ਉਸ ਨੇ ਕਸ਼ਮੀਰ ਨੂੰ ਮੁੜ ਜਿੱਤ ਕੇ ਅਤੇ ਸੁਖ ਜੀਵਨ ਨੂੰ ਹਟਾ ਕੇ ਨਵਾਬ ਸਰਬੁਲੰਦ ਖ਼ਾਂ ਨੂੰ ਉਥੋਂ ਦਾ ਗਵਰਨਰ ਬਣਾਉਣ ਦਾ ਵੀ ਫ਼ੈਸਲਾ ਕੀਤਾ।[137] ਇਨ੍ਹਾਂ ਸਭ ਫ਼ੈਸਲਿਆਂ ਤੋਂ ਬਾਅਦ ਉਸ ਨੇ ਸਿੱਖਾਂ ਵੱਲ ਧਿਆਨ ਮੋੜਿਆ ਪਰ ਕੁਝ ਸਮੇਂ ਲਈ ਮੈਦਾਨਾਂ ਦੀ ਸਖ਼ਤ ਗਰਮੀ ਦੇ ਕਾਰਣ ਉਹ ਸਿੱਖਾਂ ਦੇ ਵਿਰੁੱਧ ਕੋਈ ਕਾਰਵਾਈ ਨਾ ਕਰ ਸਕਿਆ। ਇਸ ਸਮੇਂ ਉਸ ਨੇ ਵੱਖ ਵੱਖ ਹਾਕਮਾਂ ਅਤੇ ਜ਼ਿਮੀਦਾਰਾਂ ਨੂੰ ਸਿੱਖਾਂ ਦੇ ਦਬਾਉਣ ਲਈ ਸਹਿਯੋਗ ਦੇਣ ਵਾਸਤੇ ਵੀ ਕਿਹਾ। ਉਹ ਆਪ ਕਲਾਨੌਰ ਨੂੰ ਚਲਾ ਗਿਆ ਜੋ ਅਪਰ ਬਾਰੀ ਦੁਆਬ ਵਿਚ ਮੁਕਾਬਲਤਨ ਠੰਡੀ ਥਾਂ ਸੀ। ਉਸ ਵੱਲੋਂ ਕਿਸੇ ਵੀ ਸਹਾਇਤਾ ਤੋਂ ਬਿਨਾਂ ਉਨ੍ਹਾਂ ਹਾਕਮਾਂ ਅਤੇ ਜ਼ਿਮੀਦਾਰਾਂ ਨੂੰ ਸਿੱਖਾਂ ਦੇ ਹਮਲੇ ਦੀ ਝਾਲ ਝਲਣੀ ਪਈ।

**ਸਿੱਖਾਂ ਨੇ ਬਦਲਾ ਲਿਆ ਅਤੇ ਦੁੱਰਾਨੀ ਨੂੰ ਹਾਰ ਦਿੱਤੀ**

ਇਸ ਵਾਰ ਸਿੱਖ ਸਚ ਮੁਚ ਹੀ ਬਹੁਤ ਕ੍ਰੋਧ ਵਿਚ ਸਨ। 5 ਫਰਵਰੀ ਦੇ ਵੱਡੇ ਘੱਲੂਘਾਰੇ ਦੇ ਬੇ-ਮਿਸਾਲ ਖ਼ੂਨ ਖਰਾਬੇ ਤੋਂ ਪਿੱਛੋਂ ਉਨ੍ਹਾਂ ਦੀਆਂ ਆਦਰਯੋਗ ਧਾਰਮਿਕ ਥਾਵਾਂ ਨੂੰ ਪਲੀਤ ਕਰਨ ਕਾਰਣ ਉਨ੍ਹਾਂ ਨੂੰ ਬਹੁਤ ਗੁੱਸਾ ਚੜ੍ਹਿਆ। ਚਾਰ ਮਹੀਨਿਆਂ ਦੇ ਅੰਦਰ ਅੰਦਰ, ਜਦ ਕਿ ਅਹਿਮਦ ਸ਼ਾਹ ਹਾਲੇ ਲਾਹੌਰ ਵਿਚ ਹੀ ਸੀ, ਉਹ (ਸਿੱਖ) ਇਕ ਵਾਰ ਜ਼ੈਨ ਖ਼ਾਂ ਦੀ ਧੌਣ ਤੇ ਆ ਸਵਾਰ ਹੋਏ। ਜ਼ੈਨ ਖ਼ਾਂ ਆਪਣੇ ਅਫ਼ਗਾਨ ਮਾਲਕ ਵੱਲੋਂ ਸਹਾਇਤਾ ਦੀ ਉਡੀਕ ਤੋਂ ਨਿਰਾਸ਼ ਹੋ ਕੇ ਸਿੱਖਾਂ ਨਾਲ ਸਮਝੌਤਾ ਕਰਨ ਲਈ ਮਜਬੂਰ ਹੋ ਗਿਆ। ਇਸ ਸਮਝੌਤੇ ਲਈ ਉਸ ਨੂੰ ਪੰਜਾਹ ਹਜ਼ਾਰ ਰੁਪਏ ਕਰ ਵਜੋਂ ਭਰਨੇ ਪਏ ਪਰ ਉਹ ਕਰ ਭਰਨ ਲਈ ਦਿਲੋਂ ਰਾਜ਼ੀ ਨਹੀਂ ਸੀ। ਸਿੱਖ ਹਾਲੇ ਸਰਹਿੰਦ ਤੋਂ ਥੋੜ੍ਹੇ ਮੀਲਾਂ ਦੀ ਵਿਥ ਤੇ ਹੀ ਗਏ ਸਨ ਕਿ ਧੋਖੇਬਾਜ਼ ਨਵਾਬ ਸਿੱਖਾਂ ਦੀ ਸੈਨਾ ਦੇ ਪਿਛਲੇ ਹਿੱਸੇ ਤੇ ਟੁੱਟ ਪਿਆ ਅਤੇ ਉਨ੍ਹਾਂ ਦਾ ਸਾਮਾਨ ਲੁੱਟ ਲਿਆ। ਇਸ ਤੇ ਸਿੱਖਾਂ ਨੇ ਭੌਂ ਕੇ ਜ਼ੈਨ ਖ਼ਾਂ ਨਾਲ ਹਰਨੌਲਗੜ੍ਹ ਦੇ ਸਥਾਨ ਤੇ ਜੰਮ ਕੇ ਲੜਾਈ ਕੀਤੀ। ਜ਼ੈਨ ਖ਼ਾਂ ਤੇ ਉਸ ਦੇ ਹਿੰਦੂ ਦੀਵਾਨ ਲਛਮੀ ਨਾਰਾਇਣ ਨੂੰ ਹਾਰ ਦਿੱਤੀ ਅਤੇ ਉਨ੍ਹਾਂ ਪਾਸੋਂ ਸਭ ਕੁਝ ਖੋਹ ਲਿਆ ਗਿਆ।[138]

ਇਸ ਸਫਲਤਾ ਤੋਂ ਦਲੇਰ ਹੋ ਕੇ ਸਿੱਖਾਂ ਨੇ ਜੁਦੇ ਜੁਦੇ ਪਾਸਿਆਂ ਵੱਲ ਵੱਧਣਾ ਸ਼ੁਰੂ ਕਰ ਦਿੱਤਾ। ਜੱਸਾ ਸਿੰਘ ਆਹਲੂਵਾਲੀਆ ਅਤੇ ਤਾਰਾ ਸਿੰਘ ਗ਼ੈਬਾ ਨੇ ਜਲੰਧਰ ਦੁਆਬ ਉੱਤੇ ਕਬਜ਼ਾ ਕਰ ਲਿਆ। ਚੜ੍ਹਤ ਸਿੰਘ ਤੇ ਭੰਗੀ ਸਰਦਾਰ ਲਾਹੌਰ ਦੇ ਉੱਤਰ ਅਤੇ ਉੱਤਰ-ਪੱਛਮ ਦੇ ਇਲਾਕੇ ਉੱਤੇ ਕਾਬਜ਼ ਹੋ ਗਏ। 25 ਅਗਸਤ ਤੋਂ 24 ਸਤੰਬਰ, 1762 ਤਕ ਪੂਰੇ ਇਕ ਮਹੀਨੇ ਲਈ ਉਨ੍ਹਾਂ ਦੀ ਇਕ ਭਾਰੀ ਫ਼ੌਜ ਪਾਨੀਪਤ ਅਤੇ ਕਰਨਾਲ ਦੇ ਇਲਾਕਿਆਂ, ਜੋ ਦਿੱਲੀ ਦੇ ਬਿਲਕੁਲ ਲਾਗੇ ਹਨ, ਵਿਚ ਡੇਰੇ ਲਾ ਕੇ

135. *ਤਾਰੀਖ਼-ਇ-ਸੁਲਤਾਨੀ*, ਪੰਨਾ 132; ਅਲੀ-ਉਦ-ਦੀਨ, ਪੰਨਾ 270; ਖ਼ੁਸ਼ਵਕਤ ਰਾਏ, ਪੰਨਾ 61; *ਹੁਸੈਨ ਸ਼ਾਹੀ*, *ਚਹਾਰ ਗੁਲਸ਼ਨ*; ਪੰਨਾ 171; ਸੋਹਨ ਲਾਲ, *ਦਫ਼ਤਰ ਪਹਿਲਾ*, ਪੰਨਾ 155; *ਪੰਥ ਪ੍ਰਕਾਸ਼*, ਪੰਨਾ 742; Malcolm, p. 98.

136. Rajwade, vi, pp. 382, 384, 423, 425.

137. *ਖ਼ਜ਼ਾਨਾ-ਇ-ਆਮਿਰਾ*, ਪੰਨੇ 115-116; ਅਲੀ-ਉਦ-ਦੀਨ, ਪੰਨੇ 269-70; *ਸੀਅਰ*, ਪੰਨਾ 929; *ਗੁਲਜ਼ਾਰ-ਇ-ਕਸ਼ਮੀਰ*, ਪੰਨੇ 232-330; Rajwade, vi, p. 384.

138. Rajwade, vi. p. 384.

ਬੈਠੀ ਰਹੀ ਅਤੇ ਉਨ੍ਹਾਂ ਦੀ ਹੋਂਦ ਦਾ ਇਤਨਾ ਭੈ ਛਾਇਆ ਹੋਇਆ ਸੀ ਕਿ ਦਿੱਲੀ ਬਾਦਸ਼ਾਹ ਦੇ ਰਾਜਦੂਤ ਲਾਹੌਰ ਵੱਲ ਨੂੰ ਨਹੀਂ ਸਨ ਵਧ ਸਕੇ ਅਤੇ ਉਨ੍ਹਾਂ ਨੂੰ ਪਾਨੀਪਤ ਤੋਂ ਹੀ ਵਾਪਿਸ ਮੁੜਨਾ ਪਿਆ ਸੀ।[139] ਸਿੱਖ ਬਿਨਾਂ ਕਿਸੇ ਡਰ ਕੇ ਅਹਿਮਦ ਸ਼ਾਹ ਦੇ ਡੇਰੇ ਦੇ ਆਲੇ-ਦੁਆਲੇ ਘੁੰਮਿਆ ਕਰਦੇ ਸਨ ਅਤੇ ਸ਼ਾਹ ਉਨ੍ਹਾਂ ਦੀ ਦਲੇਰੀ ਅਤੇ ਮੁੜ ਸ਼ਕਤੀ ਪ੍ਰਾਪਤ ਕਰ ਲੈਣ ਉੱਤੇ, ਜਿਸ ਨਾਲ ਉਹ ਅਜਿੱਤ ਹੋ ਗਏ ਸਨ, ਹੈਰਾਨ ਹੁੰਦਾ ਸੀ।

17 ਅਕਤੂਬਰ, 1762 ਨੂੰ ਦੀਵਾਲੀ ਦਾ ਤਿਉਹਾਰ ਸੀ ਅਤੇ ਲਗਪਗ ਸੱਠ ਹਜ਼ਾਰ ਸਿੱਖ ਇਸ ਮੌਕੇ ਤੇ ਅੰਮ੍ਰਿਤਸਰ ਵਿਚ ਇਕੱਠੇ ਹੋਏ ਸਨ। ਉਥੇ ਉਨ੍ਹਾਂ ਨੇ ਆਪਣੇ ਪਵਿੱਤਰ ਅਸਥਾਨ ਹਰਿਮੰਦਰ ਸਾਹਿਬ ਦੀ ਹੋਈ ਬੇਇਜਤੀ ਦਾ ਬਦਲਾ ਲੈਣ ਲਈ ਦ੍ਰਿੜ੍ਹ ਨਿਸਚਾ ਕੀਤਾ ਹੋਇਆ ਸੀ ਅਤੇ ਉਹ ਵੱਡੇ ਘੱਲੂਘਾਰੇ ਸਮੇਂ ਆਪਣੇ ਕੌਮੀ ਮਾਣ ਨੂੰ ਪੁੱਜੀ ਹਾਨੀ ਨੂੰ ਪੂਰਾ ਕਰਨਾ ਚਾਹੁੰਦੇ ਸਨ। ਇਸ ਇਕੱਠ ਦੀ ਖ਼ਬਰ ਸੁਣ ਕੇ ਅਹਮਿਦ ਸ਼ਾਹ ਨੇ, ਜੋ ਕਲਾਨੌਰ ਤੋਂ ਲਾਹੌਰ ਆ ਗਿਆ ਸੀ ਅਤੇ ਜਿਸ ਪਾਸ ਬਹੁਤ ਫ਼ੌਜ ਵੀ ਨਹੀਂ ਸੀ ਇਕ ਰਾਜਨੀਤਕ ਚਾਲ ਚਲਕੇ ਸਿੱਖਾਂ ਨਾਲ ਟਾਕਰੇ ਤੋਂ ਬਚਣ ਬਾਰੇ ਸੋਚਿਆ। ਉਸ ਨੇ ਆਪਣਾ ਇਕ ਏਲਚੀ ਖਾਲਸੇ ਪਾਸ ਭੇਜਿਆ, ਤਾਂ ਜੋ ਉਨ੍ਹਾਂ ਨਾਲ ਸਮਝੌਤੇ ਦੀ ਗੱਲ ਕਰੇ ਅਤੇ ਉਸ ਖ਼ੂਨ ਖਰਾਬੇ ਨੂੰ ਰੋਕੇ ਜੋ ਸਿੱਖਾਂ ਦੇ ਦ੍ਰਿੜ੍ਹ ਫ਼ੈਸਲੇ ਦੁਆਰਾ ਕੀਤੇ ਜਾਣ ਦਾ ਡਰ ਸੀ ਪਰ ਇਸ ਏਲਚੀ ਦੇ ਖਾਲਸੇ ਦੇ ਡੇਰੇ ਵਿਚ ਪਹੁੰਚਣ ਅਤੇ ਉਸ ਦੀਆਂ ਤਜਵੀਜ਼ਾਂ ਨੂੰ ਸੁਣਨ ਦੀ ਥਾਂ ਉਨ੍ਹਾਂ ਨੇ ਉਸ ਦੇ ਸਾਥੀਆਂ ਨੂੰ ਲੁੱਟ ਲਿਆ ਅਤੇ ਬਾਹਰ ਕੱਢ ਦਿੱਤਾ।"[140] ਸਮਝੌਤੇ ਦੀਆਂ ਸਭ ਕੋਸ਼ਿਸ਼ਾਂ ਨੂੰ ਵਿਅਰਥ ਸਮਝ ਕੇ ਅਹਿਮਦ ਸ਼ਾਹ ਲਾਹੌਰ ਤੋਂ ਰਵਾਨਾ ਹੋਇਆ ਅਤੇ ਦੀਵਾਲੀ ਤੋਂ ਇਕ ਦਿਨ ਪਹਿਲਾਂ 16 ਅਕਤੂਬਰ ਨੂੰ ਅੰਮ੍ਰਿਤਸਰ ਆ ਪੁੱਜਾ। ਅਗਲੇ ਦਿਨ ਸਵੇਰੇ ਹੀ ਸਿੱਖਾਂ ਨੇ ਆਪਣੀਆਂ ਫ਼ੌਜਾਂ ਨੂੰ ਤਿਆਰੀ ਦਾ ਹੁਕਮ ਦਿੱਤਾ ਅਤੇ ਦੁਸ਼ਮਣ ਉੱਤੇ ਇਕ ਭਿਆਨਕ ਹਮਲਾ ਕਰ ਦਿੱਤਾ। ਅਮਾਵਸ ਵਾਲੇ ਦਿਨ ਅਫ਼ਗਾਨ ਆਪਣੀ ਪੂਰੀ ਤਾਕਤ ਨਾਲ ਸਿੱਖਾਂ ਵਿਰੁੱਧ ਲੜਦੇ ਰਹੇ। ਇਸ ਦਿਨ ਪੂਰਾ ਸੂਰਜ ਗ੍ਰਹਿਣ ਹੋਣ ਕਰਕੇ ਹਨੇਰਾ ਹੋ ਗਿਆ ਸੀ। ਅਫ਼ਗਾਨਾਂ ਦੀ ਲੜਾਈ ਦਾ ਸਿੱਖਾਂ ਉੱਤੇ ਕੋਈ ਅਸਰ ਨਹੀਂ ਹੋਇਆ। ਏਸ਼ੀਆ ਦੇ ਆਪਣੇ ਸਮੇਂ ਦੇ ਸਭ ਤੋਂ ਮਹਾਨ ਸੈਨਿਕ ਆਗੂ (ਅਹਿਮਦ ਸ਼ਾਹ) ਦੀ ਯੁੱਧ ਨੀਤੀ ਅਤੇ ਯੁੱਧ ਕਲਾ ਨੂੰ ਸਿੱਖਾਂ ਦੀ ਦ੍ਰਿੜ੍ਹਤਾ ਦੇ ਸਾਹਮਣੇ ਜੋ ਉਨ੍ਹਾਂ ਦੇ ਧਾਰਮਿਕ ਜੋਸ਼ ਅਤੇ ਕੁਰਬਾਨੀ ਵਿਚੋਂ ਪੈਦਾ ਹੋਈ ਸੀ, ਝੁਕ ਜਾਣਾ ਪਿਆ। ਸ਼ਾਹ ਆਪਣੀਆਂ ਫ਼ੌਜਾਂ ਵਾਪਿਸ ਹਟਾਉਣ ਅਤੇ ਰਾਤ ਦੇ ਹਨੇਰੇ ਵਿਚ ਬਚ ਕੇ ਲਾਹੌਰ ਨੂੰ ਭੱਜ ਜਾਣ ਲਈ ਮਜਬੂਰ ਹੋ ਗਿਆ।[141]

ਸਿੱਖਾਂ ਨੇ ਦੁੱਰਾਨੀ ਨੂੰ ਇਕ ਸਪਸ਼ਟ ਹਾਰ ਦਿੱਤੀ ਪਰ ਉਨ੍ਹਾਂ ਨੂੰ ਪਤਾ ਸੀ ਕਿ ਉਹ ਇਸ ਨਿਰਾਦਰੀ ਨੂੰ ਸੌਖਿਆਂ ਹੀ ਝੱਲਣ ਲਈ ਤਿਆਰ ਨਹੀਂ ਹੋਵੇਗਾ ਅਤੇ ਉਹ ਵਡੇਰੀ ਫ਼ੌਜ ਲੈ ਕੇ ਮੁੜ ਪੰਜਾਬ ਵੱਲ ਜ਼ਰੂਰ ਆਏਗਾ। ਇਸ ਲਈ ਸਿੱਖ ਆਪਣੇ ਪ੍ਰਸਿੱਧ ਲੁਕਣ ਅਸਥਾਨ ਲੱਖੀ ਜੰਗਲ ਵੱਲ ਚਲੇ ਗਏ। ਕੁਝ ਮਾਮੂਲੀ ਜਿਹੀਆਂ ਝੜਪਾਂ ਵੀ ਹੋਈਆਂ ਜਿਨ੍ਹਾਂ ਦਾ ਵਿਸਤਾਰ ਪੂਰਬਕ ਹਾਲ ਅਹਿਮਦ ਯਾਦਗਾਰ ਨੇ ਦਿੱਤਾ ਹੈ।[142]

ਹਾਲ ਦੀ ਘੜੀ ਅਹਿਮਦ ਸ਼ਾਹ ਨੇ ਸਿੱਖਾਂ ਵੱਲੋਂ ਚੋਖਾ ਮਜ਼ਾ ਚਖ ਲਿਆ ਸੀ। ਅਫ਼ਗਾਨਿਸਤਾਨ ਵਿਚ ਕੁਝ ਗੜਬੜ ਹੋਣ ਦੀ ਖ਼ਬਰ ਸੁਣ ਕੇ ਸ਼ਾਹ ਨੇ ਵਾਪਿਸ ਜਾਣ ਦਾ ਫ਼ੈਸਲਾ ਕੀਤਾ। ਆਪਣੀ ਰਵਾਨਗੀ ਤੋਂ ਪਹਿਲਾਂ ਉਸ ਨੇ ਸਾਰੇ ਸੂਬੇ ਦੀ ਕਮਾਨ ਰਾਜਾ ਕਾਬਲੀ ਮਲ ਨੂੰ ਦੇ ਦਿੱਤੀ। ਉਸ ਨੇ

139. *Delhi Chronicle,* pp. 192-93.

140. Browne, ii, p. 25.

141. Browne. ii, pp. 25-26; Forster. pp. 100-101.

142. *ਸਲਾਤੀਨ-ਇ-ਅਫ਼ਗਾਨਾਂ*, ਪੰਨੇ 172-173.

ਸਰਹਿੰਦ ਜ਼ੈਨ ਖ਼ਾਂ ਦੇ ਅਤੇ ਜਲੰਧਰ ਸਾਦਾਤ ਯਾਰ ਖ਼ਾਂ ਦੇ ਸਪੁਰਦ ਕਰ ਦਿੱਤਾ। ਸਤਲੁਜ ਅਤੇ ਬਿਆਸ ਦੇ ਦਰਮਿਆਨ ਦਾ ਪਹਾੜੀ ਇਲਾਕਾ ਕਾਂਗੜਾ ਦੇ ਰਾਜਾ ਘੁਮੰਡ ਚੰਦ ਕਟੋਚ ਅਤੇ ਕਲਾਨੌਰ ਉਬੈਦ ਖ਼ਾਂ ਦੇ ਹਵਾਲੇ ਕਰ ਦਿੱਤਾ ਗਿਆ। ਬਾਰੀ ਦੁਆਬ ਮੁਰਾਦ ਖ਼ਾਂ ਅਤੇ ਰਚਨਾ ਤੇ ਸਿੰਧ ਸਾਗਰ ਦੇ ਦੁਆਬ ਜਹਾਨ ਖ਼ਾਂ ਦੀ ਨਿਗਰਾਨੀ ਵਿਚ ਦੇ ਦਿੱਤੇ ਗਏ। ਜਹਾਨ ਖ਼ਾਂ ਪਾਸ ਪਿਸ਼ਾਵਰ ਦਾ ਸੂਬਾ ਵੀ ਸੀ। ਕਸ਼ਮੀਰ ਨੂਰ-ਉਦ-ਦੀਨ ਬਾਮਜ਼ਈ ਦੇ ਸਪੁਰਦ ਕੀਤਾ ਗਿਆ। 12 ਦਸੰਬਰ, 1762 ਨੂੰ ਅਹਿਮਦ ਸ਼ਾਹ ਲਾਹੌਰ ਤੋਂ ਅਫ਼ਗਾਨਿਸਤਾਨ ਲਈ ਰਵਾਨਾ ਹੋ ਗਿਆ।[143]

**ਸਿੱਖਾਂ ਦੀਆਂ ਜਿੱਤਾਂ**

ਅਹਿਮਦ ਸ਼ਾਹ ਦੁੱਰਾਨੀ ਦੇ ਪੰਜਾਬ ਵਿਚੋਂ ਜਾਣ ਦੀ ਦੇਰ ਸੀ ਕਿ ਸਿੱਖ ਲੱਖੀ ਜੰਗਲ ਅਤੇ ਹੋਰ ਥਾਵਾਂ ਤੋਂ ਬਾਹਰ ਆ ਗਏ ਅਤੇ ਪੰਜਾਬ ਦੀ ਸਰਕਾਰ ਨੂੰ ਉਲਟਾ ਦੇਣ ਦਾ ਕੰਮ ਸ਼ੁਰੂ ਕਰ ਦਿੱਤਾ। ਬੁੱਢਾ ਦਲ ਜੋ ਤਜਰਬੇਕਾਰ ਸੈਨਿਕਾਂ ਦੀ ਫ਼ੌਜ ਸੀ, ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਮੁਲਕ ਵਿਚ ਘੁੰਮਣ ਲਗਾ। ਉਨ੍ਹਾਂ ਨੇ ਆਪਣੇ ਥਾਣੇ ਸਥਾਪਿਤ ਕਰ ਲਏ ਅਤੇ ਵੈਰੀਆਂ ਨੂੰ ਸਜ਼ਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਜਦ ਕਿ ਤਰੁਣਾ ਦਲ ਨੇ ਸਰਦਾਰ ਚੜ੍ਹਤ ਸਿੰਘ ਸੁਕਰਚਕੀਆ ਵਰਗੇ ਨੌਜਵਾਨ ਆਗੂਆਂ ਦੀ ਅਗਵਾਈ ਵਿਚ ਆਪਣੇ ਆਪ ਨੂੰ ਅੰਮ੍ਰਿਤਸਰ ਵਿਚ ਪੱਕੇ ਪੈਰੀਂ ਕਰ ਲਿਆ ਅਤੇ ਉਨ੍ਹਾਂ ਦਰਬਾਰ ਸਾਹਿਬ ਦੇ ਸਰੋਵਰ ਨੂੰ ਸਾਫ਼ ਕਰਨ ਅਤੇ ਢਹਿ ਢੇਰੀ ਹੋਏ ਹਰਿਮੰਦਰ ਸਾਹਿਬ ਨੂੰ ਮੁੜ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ।[144] ਜਦੋਂ ਕਦੀ ਮੌਕਾ ਮਿਲਦਾ ਉਹ ਇਲਾਕੇ ਜਿੱਤਣ ਲਈ ਬਾਹਰ ਵੀ ਹੋ ਨਿਕਲਦੇ।

ਇਸ ਵੇਲੇ ਤਕ ਮੁਲਕ ਦੇ ਦਬਾਏ ਹੋਏ ਲੋਕਾਂ ਦੇ ਰੱਖਿਅਕਾਂ ਵਜੋਂ ਸਿੱਖਾਂ ਨੇ ਪੂਰੀ ਤਰ੍ਹਾਂ ਆਪਣੀ ਸ਼ੁਹਰਤ ਕਾਇਮ ਕਰ ਲਈ ਸੀ ਜੋ ਨਿਮਨ ਲਿਖਤ ਘਟਨਾ ਤੋਂ ਸਪਸ਼ਟ ਹੁੰਦੀ ਹੈ। ਜਦੋਂ ਸਰਬਤ ਖਾਲਸਾ 10 ਅਪ੍ਰੈਲ, 1763 ਨੂੰ ਵਿਸਾਖੀ ਦੇ ਮੌਕੇ ਤੇ ਅਕਾਲ ਤਖਤ ਦੇ ਅਸਥਾਨ ਤੇ ਇਕੱਠਾ ਹੋ ਰਿਹਾ ਸੀ ਤਾਂ ਕਸੂਰ ਦੇ ਕੁਝ ਬ੍ਰਾਹਮਣ ਉਨ੍ਹਾਂ ਪਾਸ ਆਏ ਅਤੇ ਉਨ੍ਹਾਂ ਨੇ ਆਪਣੇ ਸ਼ਹਿਰ ਦੇ ਅਫ਼ਗ਼ਾਨਾਂ ਵਿਰੁੱਧ, ਵਿਸੇਸ਼ ਕਰਕੇ ਉਸਮਾਨ ਖ਼ਾਂ ਦੇ ਖਿਲਾਫ ਜੋ ਉਨ੍ਹਾਂ ਵਿਚੋਂ ਇਕ ਦੀ ਪਤਨੀ ਨੂੰ ਜ਼ਬਰਦਸਤੀ ਚੁੱਕ ਕੇ ਲੈ ਗਿਆ ਸੀ ਤੇ ਉਸ ਨੂੰ ਮੁਸਲਮਾਨ ਬਣਾ ਲਿਆ ਸੀ, ਸ਼ਿਕਾਇਤ ਕੀਤੀ। ਤਰੁਣਾ ਦਲ ਦੇ ਹਰੀ ਸਿੰਘ ਭੰਗੀ ਨੇ ਦੁਖੀ ਬ੍ਰਾਹਮਣਾਂ ਦੀ ਸਹਾਇਤਾ ਲਈ ਆਪਣੇ ਆਪ ਨੂੰ ਪੇਸ਼ ਕੀਤਾ ਅਤੇ ਚੜ੍ਹਤ ਸਿੰਘ ਦੀ ਮਦਦ ਨਾਲ ਕਸੂਰ ਦੇ ਵਿਰੁੱਧ ਚੜ੍ਹਾਈ ਕਰ ਦਿੱਤੀ। ਉਸਮਾਨ ਖ਼ਾਂ ਆਪਣੇ ਪੰਜ ਸੌ ਆਦਮੀਆਂ ਸਮੇਤ ਮਾਰਿਆ ਗਿਆ ਅਤੇ ਬ੍ਰਾਹਮਣ ਇਸਤਰੀ ਮੁੜ ਉਸ ਦੇ ਪਤੀ ਨੂੰ ਲਿਆ ਦਿੱਤੀ ਗਈ। ਸ਼ਹਿਰ ਨੂੰ ਲੁੱਟ ਲਿਆ ਗਿਆ ਅਤੇ ਬਹੁਤ ਸਾਰਾ ਖਜ਼ਾਨਾ ਜੇਤੂਆਂ ਦੇ ਹੱਥ ਲਗਾ।[145]

ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਬੁੱਢਾ ਦੱਲ ਜਲੰਧਰ ਦੁਆਬ ਵਿਚ ਦਾਖਿਲ ਹੋਇਆ ਅਤੇ ਉਨ੍ਹਾਂ ਨੇ ਲਸਾੜਾ ਦੇ ਬਿਸ਼ੰਭਰ ਦਾਸ ਨੂੰ ਉੜਮੜ ਟਾਂਡਾ ਦੀ ਲੜਾਈ ਵਿਚ ਹਰਾ ਕੇ ਬਹੁਤ ਸਾਰੇ ਪਿੰਡਾਂ ਉਪਰ ਕਬਜ਼ਾ ਕਰ ਲਿਆ ਅਤੇ ਆਪਣੇ ਪੁਰਾਣੇ ਇਲਾਕੇ ਨੂੰ ਮੁੜ ਪ੍ਰਾਪਤ ਕਰ ਲਿਆ।[146]

---

143. ਅਲੀ-ਉਦ-ਦੀਨ, ਪੰਨਾ 271; ਸੋਹਨ ਲਾਲ ਦਫਤਰ ਪਹਿਲਾ, ਪੰਨਾ 159; ਖੁਸ਼ਵਕਤ ਰਾਏ, ਪੰਨਾ 61; ਬੁਧ ਸਿੰਘ, ਪੰਨਾ 48; *ਗੁਲਜ਼ਾਰ-ਇ-ਕਸ਼ਮੀਰ*, ਪੰਨਾ 233; Forster, i, p. 320; *Delhi Chronicle.*
144. *ਤਹਿਮਾਸਨਾਮਾ*, ਪੰਨਾ 113; ਸੋਹਨ ਲਾਲ, ਦਫਤਰ ਪਹਿਲਾ, ਪੰਨਾ 160.
145. ਬੂਟੇ ਸ਼ਾਹ, ਪੰਨੇ 534-35; ਅਹਿਮਦ ਸ਼ਾਹ ਬਟਾਲੀਆ, ਪੰਨੇ 491-92; ਰਤਨ ਸਿੰਘ, ਪੰਨੇ 371-77.
146. ਸੋਹਨ ਲਾਲ, *ਜਿਲਦ ਪਹਿਲੀ*, ਪੰਨਾ 160.

ਸਿੱਖਾਂ ਦੀਆਂ ਇਨ੍ਹਾਂ ਕਾਰਵਾਈਆਂ ਦਾ ਪਤਾ ਲੱਗਣ ਤੇ ਅਹਿਮਦ ਸ਼ਾਹ ਨੇ ਜਹਾਨ ਖ਼ਾਂ ਨੂੰ ਉਨ੍ਹਾਂ ਵਿਰੁੱਧ ਕੂਚ ਕਰਨ ਲਈ ਹੁਕਮ ਦਿੱਤਾ। ਸਿੱਖਾਂ ਨੇ 4 ਨਵੰਬਰ, 1763 ਨੂੰ ਜਹਾਨ ਖ਼ਾਂ ਦੇ ਆਉਣ ਦੀ ਖ਼ਬਰ ਸੁਣੀ ਜਦੋਂ ਕਿ ਉਹ ਦੀਵਾਲੀ ਮਨਾਉਣ ਲਈ ਅੰਮ੍ਰਿਤਸਰ ਵਿਚ ਇਕੱਠੇ ਹੋਏ ਹੋਏ ਸਨ। ਉਨ੍ਹਾਂ ਨੇ ਹਰਿਮੰਦਰ ਸਾਹਿਬ ਦੀ ਉਸਾਰੀ ਦਾ ਕੰਮ ਮੁਲਤਵੀ ਕਰ ਦਿੱਤਾ ਅਤੇ ਉਹ ਜਹਾਨ ਖ਼ਾਂ ਨਾਲ, ਜੋ ਸਿਆਲਕੋਟ ਵੱਲ ਨੂੰ ਜਾ ਰਿਹਾ ਸੀ, ਨਜਿੱਠਣ ਲਈ ਬਾਹਰ ਨਿਕਲ ਆਏ। ਚੜ੍ਹਤ ਸਿੰਘ ਦੀ ਅਗਵਾਈ ਵਿਚ, ਜਿਸ ਦੀ ਸਹਾਇਤਾ ਲਈ ਭੰਗੀ ਸਰਦਾਰ ਝੰਡਾ ਸਿੰਘ ਅਤੇ ਗੁੱਜਰ ਸਿੰਘ ਉਸ ਦੇ ਨਾਲ ਸਨ, ਸਿੱਖ ਫ਼ੌਜਾਂ ਨੇ ਸਿਆਲਕੋਟ ਦੇ ਅਸਥਾਨ ਤੇ ਦੁੱਰਾਨੀ ਦੇ ਜਰਨੈਲ ਨੂੰ ਕਰਾਰੀ ਹਾਰ ਦਿੱਤੀ ਅਤੇ ਉਸ ਨੂੰ ਕਾਹਲੀ ਕਾਹਲੀ ਪਿਸ਼ਾਵਰ ਵੱਲ ਭੱਜ ਜਾਣ ਲਈ ਮਜਬੂਰ ਕਰ ਦਿੱਤਾ। ਇਸਤਰੀਆਂ ਸਮੇਤ ਉਸ ਦੇ ਸਭ ਰਿਸ਼ਤੇਦਾਰ ਅਤੇ ਸਬੰਧੀ ਸਿੱਖਾਂ ਦੇ ਹੱਥ ਆ ਗਏ ਪਰ ਸਿੱਖਾਂ ਨੇ ਉਨ੍ਹਾਂ ਸਭ ਨੂੰ ਸਹੀ ਸਲਾਮਤ ਜੰਮੂ ਭੇਜ ਦਿੱਤਾ।[147]

ਜੱਸਾ ਸਿੰਘ ਦੀ ਅਗਵਾਈ ਅਧੀਨ ਹੁਣ ਸਿੱਖਾਂ ਨੇ ਮਲੇਰਕੋਟਲੇ ਵੱਲ ਆਪਣਾ ਧਿਆਨ ਮੋੜਿਆ ਤਾਂ ਜੋ ਭੀਖਣ ਖ਼ਾਂ ਨਾਲ ਵੱਡੇ ਘੱਲੂਘਾਰੇ ਸਮੇਂ ਉਸ ਦੀ ਕਾਰਵਾਈ ਲਈ ਹਿਸਾਬ ਚੁੱਕਾ ਲੈਣ। ਭੀਖਣ ਖ਼ਾਂ ਮੁਕਾਬਲੇ ਲਈ ਸ਼ਹਿਰ ਵਿਚੋਂ ਬਾਹਰ ਨਿਕਲਿਆ ਪਰ ਸਿੱਖਾਂ ਨੇ ਉਸ ਉੱਤੇ ਹਾਵੀ ਹੋ ਕੇ ਉਸ ਨੂੰ ਲੜਾਈ ਵਿਚ ਹੀ ਮਾਰ ਦਿੱਤਾ।[148] ਇਸ ਲੜਾਈ ਵਿਚ ਆਲਾ ਸਿੰਘ ਨੇ ਵੀ ਪਟਿਆਲੇ ਤੋਂ ਆਪਣੀ ਸੈਨਾ ਬੁੱਢਾ ਦਲ ਦੀ ਸਹਾਇਤਾ ਲਈ ਭੇਜੀ ਸੀ।[149]

ਦਲ ਉੱਤਰ-ਪੂਰਬੀ ਦਿਸ਼ਾ ਵਿਚ ਵਧਦਾ ਗਿਆ ਅਤੇ ਸਰਹਿੰਦ ਦੇ ਇਲਾਕੇ ਵਿਚ ਦਾਖ਼ਿਲ ਹੋ ਕੇ ਮੁਰਿੰਡੇ ਤੇ ਜਾ ਹਮਲਾ ਕੀਤਾ ਜਿਥੋਂ ਦੇ ਵਸਨੀਕਾਂ ਜਾਨੀ ਖ਼ਾਂ ਅਤੇ ਮਾਨੀ ਖ਼ਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ ਨੂੰ ਫੜ ਕੇ 1704 ਵਿਚ ਸਰਹਿੰਦ ਦੇ ਨਵਾਬ ਦੇ ਸਪੁਰਦ ਕਰ ਦਿੱਤਾ ਸੀ। ਇਨ੍ਹਾਂ ਦੋਨਾਂ ਦੇ ਪੁੱਤਰਾਂ, ਪੋਤਰਿਆਂ ਅਤੇ ਕੁਝ ਹੋਰ ਰੰਘੜਾਂ ਨੂੰ ਫੜ ਕੇ ਕੁੱਟ ਕੁੱਟ ਕੇ ਮਾਰ ਦਿੱਤਾ ਗਿਆ।[150]

ਅਗਲੀ ਵਾਰੀ ਸਰਹਿੰਦ ਦੀ ਸੀ। ਇਥੋਂ ਦਾ ਫ਼ੌਜਦਾਰ ਜੈਨ ਖ਼ਾਂ ਆਪਣੇ ਨਿਰਦਈ ਰਵੱਈਏ ਕਰਕੇ ਬੜਾ ਬਦਨਾਮ ਹੋ ਗਿਆ ਸੀ। ਤਹਿਮਾਸ ਖ਼ਾਂ ਉਸ ਬਾਰੇ ਲਿਖਦਾ ਹੈ, "ਮੈਂ ਦੇਖਿਆ ਕਿ ਜ਼ੈਨ ਖ਼ਾਂ ਨੇ ਆਪਣੇ ਵਿਹਾਰ ਦੇ ਪਿਛਲੇ ਸਭ ਦਸਤੂਰ ਬਦਲ ਦਿੱਤੇ ਸਨ। ਉਹ ਆਪਣੇ ਸੈਨਿਕਾਂ ਅਤੇ ਕਰਮਚਾਰੀਆਂ ਨੂੰ ਤਨਖਾਹਾਂ ਨਹੀਂ ਸੀ ਦਿੰਦਾ ਅਤੇ ਆਪਣੇ ਸੂਬੇ ਦੇ ਲੋਕਾਂ ਨੂੰ ਅੰਨ੍ਹੇਵਾਹ ਲੁੱਟਦਾ ਸੀ। ਲੁੱਟਿਆ ਹੋਇਆ ਅਨਾਜ ਤਨਖਾਹ ਦੇ ਬਦਲੇ ਆਪਣੇ ਸਿਪਾਹੀ ਵਿਚ ਵੰਡ ਦਿੰਦਾ ਸੀ ਅਤੇ ਇਸ ਤਰ੍ਹਾਂ ਵੀ ਉਨ੍ਹਾਂ ਦੇ ਬਣਦੇ ਹੱਕ ਦਾ ਕੇਵਲ ਚੋਥਾ ਕੁ ਹਿੱਸਾ ਹੀ ਉਨ੍ਹਾਂ ਨੂੰ ਮਿਲਦਾ ਸੀ। ਉਸ ਨੇ ਪੈਸਾ ਬਟੋਰਨ ਦੇ ਮਨੋਰਥ ਨਾਲ ਆਪਣੇ ਆਪ ਨੂੰ ਪਹਾੜੀ ਰਾਜਿਆਂ ਦੇ ਨਾਲ ਮਿਲਾ ਲਿਆ ਸੀ।"[151] ਉਸ ਦੇ ਭੈੜੇ ਰਾਜ-ਪ੍ਰਬੰਧ ਤੋਂ ਇਲਾਵਾ, ਜਿਸ ਨਾਲ ਅਸੰਤੁਸ਼ਟਤਾ ਫ਼ੈਲ ਗਈ ਸੀ, ਕਈ ਹੋਰ ਗੱਲਾਂ ਵੀ ਸਨ ਜੋ ਉਸ ਦੀਆਂ ਕਮਜ਼ੋਰੀਆਂ ਦਾ ਕਾਰਨ ਬਣੀਆਂ। ਉਸ ਦਾ ਬਾਦਸ਼ਾਹ ਅਹਿਮਦ ਸ਼ਾਹ ਅਫ਼ਗ਼ਾਨਿਸਤਾਨ ਵਿਚ ਸੀ ਅਤੇ ਉਹ ਛੇਤੀ ਛੇਤੀ ਇਥੇ ਨਹੀਂ ਸੀ ਪੁੱਜ ਸਕਦਾ। ਜਲੰਧਰ ਦਾ ਸਾਦਾਤ ਖ਼ਾਂ ਭੈ-ਭੀਤ ਹੋਇਆ ਹੋਇਆ ਸੀ। ਲਾਹੌਰ ਦੇ ਕਾਬਲੀ ਮੱਲ ਪਾਸ ਕੋਈ ਬਹੁਤੀ ਤਕੜੀ ਫ਼ੌਜ ਨਹੀਂ

---

147. ਸੋਹਨ ਲਾਲ, *ਜਿਲਦ ਦੂਜੀ*, ਪੰਨਾ 11; ਅਹਿਮਦ ਸ਼ਾਹ ਬਟਾਲੀਆ, ਪੰਨੇ 964-65; ਅਲੀ-ਉਦ-ਦੀਨ ਪੰਨੇ 174-75, 358; *Delhi Chronicle*, dated December, 11. 1763.

148. ਸੋਹਨ ਲਾਲ, *ਦਫ਼ਤਰ ਪਹਿਲਾ*, ਪੰਨਾ 160, Browne, ii p. 24.

149. *ਤਾਰੀਖ-ਇ-ਖਾਨਦਾਨ-ਇ-ਫੂਲਕੀਆਂ*, ਪੰਨਾ 16.

150. ਰਤਨ ਸਿੰਘ, ਪੰਨੇ 369-70.

151. *ਤਹਿਮਾਸਨਾਮਾ*, ਪੰਨੇ 113-14.

ਸੀ। ਮਲੇਰਕੋਟਲੇ ਦਾ ਭੀਖਨ ਖ਼ਾਂ ਜੋ ਉਸ ਦਾ ਮਿਤਰ ਅਤੇ ਸਾਥੀ ਸੀ, ਮਰ ਚੁੱਕਾ ਸੀ। ਮੁਰਤਜ਼ਾ ਖ਼ਾਂ ਅਤੇ ਕਾਸਮ ਖ਼ਾਂ ਵਰਗੇ ਉਸਦੇ ਆਪਣੇ ਅਫ਼ਸਰ ਉਸ ਨੂੰ ਪ੍ਰੇਸ਼ਾਨੀ ਵਿਚ ਛੱਡ ਗਏ ਸਨ। ਇਸ ਲਈ ਉਸ ਨੂੰ ਆਪਣੇ ਹੀ ਕਮਜ਼ੋਰ ਸਾਧਨਾਂ ਨਾਲ ਸਿੱਖਾਂ ਦਾ ਟਾਕਰਾ ਕਰਨਾ ਪਿਆ।

ਦੂਜੇ ਪਾਸੇ ਸਿੱਖ ਆਪਣੀ ਸ਼ਕਤੀ ਦੀ ਸਿਖਰ ਤੇ ਸਨ। ਦੋਨਾਂ ਦਲਾਂ ਦੀਆਂ ਸਾਰੀਆਂ ਫ਼ੌਜਾਂ ਇਕੱਠੀਆਂ ਹੋ ਗਈਆਂ ਸਨ। ਪਟਿਆਲਾ ਦੇ ਆਲਾ ਸਿੰਘ ਦੀ ਫ਼ੌਜ ਵੀ ਹਿੰਮਤ ਸਿੰਘ ਅਤੇ ਚੈਨ ਸਿੰਘ ਦੀ ਕਮਾਨ ਥੱਲੇ ਸਿੱਖਾਂ ਦੇ ਨਾਲ ਸ਼ਾਮਿਲ ਹੋ ਗਈ ਸੀ। ਗਿਆਨੀ ਗਿਆਨ ਸਿੰਘ ਦੀ ਲਿਖਤ ਅਨੁਸਾਰ ਘੇਰੇ ਤੇ ਹਾਜ਼ਰ ਸਾਰੀ ਖਾਲਸਾ ਫ਼ੌਜ ਦੀ ਗਿਣਤੀ ਪੰਜਾਹ ਹਜ਼ਾਰ ਸੀ।

14 ਜਨਵਰੀ, 1764 ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਝੰਡੇ ਹੇਠ ਇਕੱਠੇ ਹੋਏ ਸਿੱਖਾਂ ਨੇ ਸਰਹਿੰਦ ਉਪਰ ਸੁਦ੍ਰਿੜ ਹਮਲਾ ਕੀਤਾ। ਜ਼ੈਨ ਖ਼ਾਂ ਬਚ ਨਿਕਲਣ ਦੀ ਕੋਸ਼ਿਸ਼ ਵਿਚ ਗੋਲੀ ਲੱਗਣ ਨਾਲ ਮਾਰਿਆ ਗਿਆ ਅਤੇ ਉਸ ਦੇ ਅਫ਼ਗਾਨ ਸੈਨਿਕ ਡਰਦੇ ਮਾਰਿਆਂ ਸਭ ਪਾਸਿਆਂ ਨੂੰ ਭੱਜ ਨਿਕਲੇ। ਉਨ੍ਹਾਂ ਦਾ ਪਿੱਛਾ ਕੀਤਾ ਗਿਆ ਅਤੇ ਉਹ ਕਤਲ ਕਰ ਦਿੱਤੇ ਗਏ। ਸ਼ਹਿਰ ਨੂੰ ਬੁਰੀ ਤਰ੍ਹਾਂ ਲੁੱਟਿਆ ਗਿਆ ਅਤੇ ਇਸ ਥਾਂ ਦੀਆਂ ਇਮਾਰਤਾਂ ਢਾਹ ਢੇਰੀ ਕਰ ਦਿੱਤੀਆਂ ਗਈਆਂ। ਪਿੱਛੋਂ ਇਕ ਪ੍ਰਸਿੱਧ ਭਵਿਸ਼ਬਾਣੀ ਦੀ ਪੂਰਤੀ ਵਜੋਂ ਇਸ ਸ਼ਹਿਰ ਵਿਚ ਗਧਿਆਂ ਨਾਲ ਹਲ ਵਾਹ ਦਿੱਤਾ ਗਿਆ। ਉਹ ਥਾਂ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ ਨੂੰ ਸ਼ਹੀਦ ਕੀਤਾ ਗਿਆ ਸੀ, ਲਭ ਲਈ ਗਈ ਅਤੇ ਉਥੇ ਫਤਹਗੜ੍ਹ ਸਾਹਿਬ ਦੇ ਨਾਂ ਦਾ ਗੁਰਦੁਆਰਾ ਬਣਾਇਆ ਗਿਆ। ਇਸ ਜਿੱਤ ਨਾਲ ਸਰਹਿੰਦ ਦਾ ਸਾਰਾ ਸੂਬਾ, ਜੋ 220 ਮੀਲ ਲੰਮਾ ਅਤੇ 160 ਮੀਲ ਚੌੜਾ ਸੀ, ਸਿੱਖਾਂ ਦੇ ਕਬਜ਼ੇ ਵਿਚ ਆ ਗਿਆ। ਇਹ ਸੂਬਾ ਉੱਤਰ ਵਿਚ ਸਤਲੁਜ ਤਕ ਅਤੇ ਦੱਖਣ ਵਿਚ ਕਰਨਾਲ ਤੇ ਰੋਹਤਕ ਦੇ ਜ਼ਿਲ੍ਹਿਆਂ ਤਕ ਅਤੇ ਪੱਛਮ ਵਿਚ ਬਹਾਵਲਪੁਰ ਦੀ ਰਿਆਸਤ ਅਤੇ ਪੂਰਬ ਵਿਚ ਜਮਨਾ ਤਕ ਫੈਲਿਆ ਹੋਇਆ ਸੀ ਅਤੇ ਇਸ ਵਿਚੋਂ ਸੱਠ ਲੱਖ ਰੁਪਏ ਸਾਲਾਨਾ ਆਮਦਨ ਹੁੰਦੀ ਸੀ।[152]

ਵੱਖ ਵੱਖ ਆਗੂਆਂ ਵਿਚਕਾਰ ਇਲਾਕੇ ਵੰਡਣ ਦਾ ਢੰਗ ਨਿਰਾਲਾ ਹੀ ਸੀ। ਕਨਿੰਘਮ ਲਿਖਦਾ ਹੈ ਕਿ, "ਹਾਲੇ ਵੀ ਰਿਵਾਇਤਾਂ ਵਿਚ ਆਉਂਦਾ ਹੈ ਕਿ ਕਿਸ ਤਰ੍ਹਾਂ ਲੜਾਈ ਮੁੱਕਦਿਆਂ ਹੀ ਸਿੱਖ ਖਿੰਡ-ਪੁੰਡ ਜਾਂਦੇ ਸਨ ਅਤੇ ਕਿਸ ਤਰ੍ਹਾਂ ਦਿਨ ਰਾਤ ਘੋੜਿਆਂ ਤੇ ਚੜ੍ਹੇ ਫਿਰਦੇ ਸਨ। ਹਰ ਘੋੜ-ਸਵਾਰ ਆਪਣੀ ਪੇਟੀ ਅਤੇ ਤਲਵਾਰ ਦਾ ਮਿਆਨ ਅਤੇ ਆਪਣੇ ਲਿਬਾਸ ਤੇ ਪਹਿਰਾਵੇ ਦੀਆਂ ਚੀਜ਼ਾਂ ਇਕ ਇਕ ਕਰਕੇ ਸੁੱਟਦਾ ਜਾਂਦਾ ਜਦ ਤਕ ਕਿ ਉਹ ਸਭ ਕੁਝ ਸੁੱਟ ਕੇ ਖਾਲੀ ਨਹੀਂ ਸੀ ਹੋ ਜਾਂਦਾ। ਜਿਨ੍ਹਾਂ ਪਿੰਡਾਂ ਵਿਚ ਉਹ ਆਪਣੀਆਂ ਨਿਸ਼ਾਨੀਆਂ ਸੁੱਟਦਾ ਜਾਂਦਾ ਉਨ੍ਹਾਂ ਨੂੰ ਉਹ ਆਪਣੇ ਅਧੀਨ ਗਿਣਦਾ।[153] ਪਰ ਕੋਈ ਵੀ ਸਰਾਪੇ ਸ਼ਹਿਰ ਸਰਹਿੰਦ ਨੂੰ ਲੈਣ ਨੂੰ ਤਿਆਰ ਨਹੀਂ ਸੀ ਹੁੰਦਾ। ਇਹ ਸ਼ਹਿਰ ਦੇ ਮੁਖੀ ਵਸਨੀਕਾਂ ਨੂੰ ਆਪਣਾ ਮਾਲਕ ਆਪ ਚੁਣਨ ਲਈ ਕਿਹਾ ਗਿਆ। ਉਨ੍ਹਾਂ ਨੇ ਭਾਈ ਬੁੱਢਾ ਸਿੰਘ ਦੇ ਹੱਕ ਵਿਚ ਫੈਸਲਾ ਕੀਤਾ ਜਿਸ ਪਾਸੋਂ ਬਾਬਾ ਆਲਾ ਸਿੰਘ ਨੇ ਪੰਝੀ ਹਜ਼ਾਰ ਰੁਪਏ ਦੇ ਕੇ ਸਰਹਿੰਦ ਖਰੀਦ ਲਿਆ।[154]

ਜਦੋਂ ਬੁੱਢਾ ਦਲ ਜਿੱਤ ਦੇ ਜੋਸ਼ ਨਾਲ ਹੁਲਾਰੇ ਵਿਚ ਆ ਗਿਆ ਤਾਂ ਉਸ ਨੇ ਬੂੜੀਆ ਦੇ ਸਥਾਨ ਤੋਂ ਦਰਿਆ ਜਮਨਾ ਪਾਰ ਕੀਤਾ ਅਤੇ ਗੰਗਾ ਦੇ ਦੁਆਬ ਵਿਚ ਕੁਝ ਜਿੱਤਾਂ ਕੀਤੀਆਂ[155] ਤਾਂ ਤਰੁਣਾ

152. *ਤਹਿਮਾਸਨਾਮਾ*, ਪੰਨਾ 119; ਅਲੀ-ਉਦ-ਦੀਨ, ਪੰਨਾ 271; ਸੋਹਨ ਲਾਲ, ਦਫਤਰ ਦੂਜਾ, ਪੰਨਾ 112; ਬੂਟੇ ਸ਼ਾਹ, ਪੰਨੇ 522, 584; Browne, ii, p. 24.

153. *History of the Sikhs*, p. 110.

154. *ਮੁਕੱਦਮਾ-ਇ-ਚਹਾਰਮੀਆਂ*, ਪੰਨੇ ਸੀ 4-8, 17-20.

155. Browne, ii, p. 24; *S.P.D.* xxix, p. 55; *Calcutta Review*, vol. 50 (1875) p. 26.

ਦਲ ਜਲੰਧਰ ਦੁਆਬ ਵਿਚ ਆ ਧਮਕਿਆ ਅਤੇ ਸਾਦਾਤ ਖ਼ਾਂ ਨੂੰ ਉਥੋਂ ਕੱਢ ਕੇ ਇਸ ਇਲਾਕੇ ਨੂੰ ਆਪਸ ਵਿਚ ਵੰਡ ਲਿਆ।

ਉਹ ਲਾਹੌਰ ਵੱਲ ਨੂੰ ਵਧਦੇ ਗਏ। ਉਨ੍ਹਾਂ ਨੇ ਫਰਵਰੀ 1764 ਵਿਚ ਲਾਹੌਰ ਦੇ ਆਲੇ ਦੁਆਲੇ ਤੇ ਕਬਜ਼ਾ ਕਰ ਲਿਆ ਅਤੇ ਸ਼ਹਿਰ ਨੂੰ ਵੀ ਜਾ ਧਮਕਾਇਆ। ਉਨ੍ਹਾਂ ਨੇ ਕਾਬਲੀ ਮਲ ਤੋਂ ਉਨ੍ਹਾਂ ਸਾਰੇ ਝਟਕਈਆਂ ਦੀ ਮੰਗ ਕੀਤੀ ਜਿਨਾਂ ਬਾਰੇ ਖ਼ਬਰ ਸੀ ਕਿ ਉਨ੍ਹਾਂ ਨੇ ਸ਼ਹਿਰ ਵਿਚ ਖੁਲਮ-ਖੁਲ੍ਹਾ ਤੀਹ ਗਊਆਂ ਨੂੰ ਕਤਲ ਕੀਤਾ ਸੀ। ਉਨ੍ਹਾਂ ਨੇ ਇਹ ਵੀ ਮੰਗ ਕੀਤੀ ਕਿ ਅਗਾਂਹ ਲਈ ਗਊ-ਹੱਤਿਆ ਤੇ ਪੂਰੀ ਤਰ੍ਹਾਂ ਰੋਕ ਲਾ ਦਿੱਤੀ ਜਾਏ। ਹਿੰਦੂ ਗਵਰਨਰ ਨੇ ਕਿਹਾ ਕਿ ਉਹ ਮੁਸਲਮਾਨ ਬਾਦਸ਼ਾਹ ਦਾ ਨੌਕਰ ਹੋਣ ਕਰਕੇ ਆਪਣੇ ਮਾਲਕ (ਅਹਿਮਦ ਸ਼ਾਹ ਦੁੱਰਾਨੀ) ਵੱਲੋਂ ਕੋਈ ਮੁਸੀਬਤ ਸਹੇੜਨ ਤੋਂ ਬਿਨਾਂ ਗਊ-ਹੱਤਿਆ ਦੀ ਮਨਾਹੀ ਦਾ ਹੁਕਮ ਨਹੀਂ ਸੀ ਦੇ ਸਕਦਾ ਪਰ ਜਿਸ ਵੇਲੇ ਸਿੱਖ ਦਿੱਲੀ ਦਰਵਾਜ਼ੇ ਨੂੰ ਤੋੜ ਕੇ ਸ਼ਹਿਰ ਦੇ ਅੰਦਰ ਦਾਖ਼ਿਲ ਹੋ ਗਏ ਤਾਂ ਉਸ (ਗਵਰਨਰ) ਨੇ ਅਧੀਨਗੀ ਪ੍ਰਵਾਨ ਕਰ ਲਈ ਅਤੇ ਸ਼ਹਿਰ ਦੇ ਕੁਝ ਉੱਘੇ ਨਾਗਿਰਕਾਂ ਦੀ ਸਲਾਹ ਨਾਲ ਕੁਝ ਝਟਕਈਆਂ ਦੇ ਹੱਥ ਅਤੇ ਨੱਕ ਕੱਟ ਦਿੱਤੇ ਅਤੇ ਉਸ ਨੇ ਸਿੱਖਾਂ ਨੂੰ ਇਕ ਭਾਰੀ ਰਕਮ ਭੇਟਾ ਕੀਤੀ। ਉਸ ਨੇ ਸਰਦਾਰ ਹਰੀ ਸਿੰਘ ਭੰਗੀ ਦੇ ਇਕ ਆਦਮੀ ਟੇਕ ਚੰਦ ਨੂੰ ਆਪਣੇ ਪਾਸ ਰਖਣਾ ਮੰਨ ਲਿਆ। ਇਸ ਦਾ ਕੰਮ ਸਰਕਾਰੀ ਕੰਮ ਕਾਜ ਵਿਚ ਕਾਬਲੀ ਮਲ ਨੂੰ ਸਲਾਹ ਮਸ਼ਵਰਾ ਦੇਣਾ ਸੀ ਅਤੇ ਉਸ ਨੂੰ ਉਸ ਦੇ ਭੱਤੇ ਵਜੋਂ ਦਸ ਰੁਪਏ ਰੋਜ਼ ਦੇ ਮਿਲਣੇ ਸਨ।[156]

ਹੁਣ ਤਰੁਨਾ ਦਲ ਦੋ ਭਾਗਾਂ ਵਿਚ ਵੰਡਿਆ ਹੋਇਆ ਸੀ। ਇਕ ਭਾਗ ਸਰਦਾਰ ਹਰੀ ਸਿੰਘ ਭੰਗੀ ਦੀ ਅਗਵਾਈ ਵਿਚ ਸੀ ਜਿਸ ਨੇ ਦੱਖਣ-ਪੱਛਮ ਵੱਲ ਨੂੰ ਕੂਚ ਕੀਤਾ ਅਤੇ ਦੂਜਾ ਸਰਦਾਰ ਚੜ੍ਹਤ ਸਿੰਘ ਅਧੀਨ ਸੀ ਜੋ ਉੱਤਰ-ਪੱਛਮ ਵੱਲ ਗਿਆ। ਹਰੀ ਸਿੰਘ ਆਪਣੇ ਪੁੱਤਰਾਂ ਝੰਡਾ ਸਿੰਘ ਤੇ ਗੰਡਾ ਸਿੰਘ ਅਤੇ ਨਕੱਈ ਆਗੂ ਹੀਰਾ ਸਿੰਘ ਸਮੇਤ ਉਸ ਸਾਰੇ ਇਲਾਕੇ ਵਿਚ ਫਿਰਿਆ ਜਿਸ ਨੂੰ ਲੰਮਾ ਜਾਂ ਨੱਕਾ ਕਹਿੰਦੇ ਸਨ। ਇਹ ਇਲਾਕਾ ਨਕੱਈ ਸਰਦਾਰ ਦੇ ਹੱਥ ਲਗਾ। ਉਹ ਚਲਦੇ ਚਲਦੇ ਮੁਲਤਾਨ ਤਕ ਪੁੱਜ ਗਏ ਜਿਸ ਉੱਤੇ ਭੰਗੀਆਂ ਨੇ ਕਬਜ਼ਾ ਕਰ ਲਿਆ। ਫਿਰ ਉਨ੍ਹਾਂ ਨੇ ਦਰਿਆ ਸਿੰਧ ਪਾਰ ਕੀਤਾ ਤੇ ਡੇਰਾਜਾਤ ਦੇ ਇਲਾਕੇ ਨੂੰ ਲਿਤਾੜ ਸੁੱਟਿਆ। ਝੰਗ, ਖੁਸ਼ਾਬ, ਅਤੇ ਚਿਨਉਟ ਉੱਤੇ ਹਰੀ ਸਿੰਘ ਦੇ ਪੁੱਤਰ ਝੰਡਾ ਸਿੰਘ ਨੇ ਕਬਜ਼ਾ ਕਰ ਲਿਆ।[157]

ਸਰਦਾਰ ਚੜ੍ਹਤ ਸਿੰਘ ਅਧੀਨ ਫ਼ੌਜ ਨੇ ਗਰਮੀਆਂ ਦੇ ਸ਼ੁਰੂ ਵਿਚ ਹੀ ਰਚਨਾ ਅਤੇ ਚੱਜ ਦੁਆਬਾਂ ਨੂੰ ਪਾਰ ਕੀਤਾ। ਉਹ ਰਾਹ ਵਿਚ ਅਫ਼ਗਾਨਾਂ ਦੇ ਵਿਰੋਧ ਨੂੰ ਪਾਸੇ ਸੁੱਟਦੇ ਹੋਏ ਜਿਹਲਮ ਤੋਂ ਪਰੇ ਰੁਹਤਾਸ ਦੇ ਪ੍ਰਸਿੱਧ ਕਿਲ੍ਹੇ ਤੇ ਪੁੱਜ ਗਏ। ਇਹ ਕਿਲ੍ਹਾ ਸਰਬੁਲੰਦ ਖ਼ਾਂ ਦੇ ਕਬਜ਼ੇ ਵਿਚ ਸੀ, ਜਿਸ ਨੇ ਚਾਰ ਮਹੀਨਿਆਂ ਤਕ ਡੱਟ ਕੇ ਘੇਰੇ ਦਾ ਮੁਕਾਬਲਾ ਕੀਤਾ ਅਤੇ ਉਹ ਹਥਿਆਰ ਸੁੱਟਣ ਲਈ ਬਿਲਕੁਲ ਤਿਆਰ ਨਹੀਂ ਸੀ। ਚੜ੍ਹਤ ਸਿੰਘ ਨੇ ਇਕ ਦਿਖਾਵੇ ਦੀ ਚਾਲ ਚਲੀ ਜਿਸ ਵਿਚ ਸ਼ਾਨਦਾਰ ਸਫ਼ਲਤਾ ਪ੍ਰਾਪਤ ਹੋਈ। ਉਸ ਨੇ ਘੇਰਾ ਹਟਾ ਕੇ ਚਲੇ ਜਾਣ ਦਾ ਬਹਾਨਾ ਕੀਤਾ। ਸਰਬੁਲੰਦ ਖ਼ਾਂ ਸਿੱਖਾਂ ਦਾ ਪਿੱਛਾ ਕਰਨ ਲਈ ਕਿਲ੍ਹੇ ਵਿਚੋਂ ਬਾਹਰ ਆਇਆ। ਸਿੱਖ ਪਿਛਾਂਹ ਨੂੰ ਮੁੜ ਪਏ ਅਤੇ ਉਨ੍ਹਾਂ ਨੇ ਬੜੀ ਤੇਜ਼ੀ ਨਾਲ ਕਿਲ੍ਹੇ ਉੱਤੇ ਹੱਲਾ ਬੋਲ ਦਿੱਤਾ ਤੇ ਇਸ ਉੱਤੇ ਅਵੇਸਲਿਆਂ ਹੀ ਕਬਜ਼ਾ ਕਰ ਲਿਆ। ਸਰਬੁਲੰਦ ਖ਼ਾਂ ਫੜਿਆ ਗਿਆ ਅਤੇ ਉਸ ਨੂੰ ਯਰਗ਼ਮਾਲ ਬਣਾ ਕੇ ਆਪਣੇ ਪਾਸ ਰੋਕ ਰਖਿਆ। ਉਹ ਸਰਦਾਰ ਚੜ੍ਹਤ ਸਿੰਘ ਦੇ ਦਇਆ ਭਰਪੂਰ ਰਵੱਈਏ ਤੋਂ ਇਤਨਾ ਖ਼ੁਸ਼ ਹੋਇਆ ਕਿ ਉਸ ਨੇ ਉਸ ਅਧੀਨ

---

156. ਅਲੀ-ਉਦ-ਦੀਨ, ਪੰਨੇ 273-74; ਘਨੱਈਆ ਲਾਲ, ਪੰਨਾ 87.

157. ਨੂਰ ਮੁਹੰਮਦ ਦਾ *ਜੰਗਨਾਮਾ*, ਪੰਨੇ 38, 40-41; *Imperial Gazetteer of India*, Punjab, ii, pp. 208, 217.

ਗਵਰਨਰ ਵਜੋਂ ਨੌਕਰੀ ਕਰਨ ਦੀ ਪੇਸ਼ਕਸ਼ ਕੀਤੀ ਜੇਕਰ ਸਿੱਖ ਸਰਦਾਰ ਆਪਣੇ ਆਪ ਦੇ ਬਾਦਸ਼ਾਹ ਹੋਣ ਦਾ ਐਲਾਨ ਕਰ ਦੇਵੇ। ਚੜ੍ਹਤ ਸਿੰਘ ਨੇ ਕਿਹਾ ਕਿ "ਗੁਰੂ ਸਾਹਿਬ ਨੇ ਬਾਦਸ਼ਾਹੀ ਪਹਿਲਾਂ ਹੀ ਸਾਨੂੰ ਸਿੱਖਾਂ ਨੂੰ ਬਖਸ਼ੀ ਹੋਈ ਹੈ।"[158]

ਇਸ ਤੋਂ ਬਾਅਦ ਧੰਨੀ, ਪੋਠੋਹਾਰ, ਚੱਕਵਾਲ ਅਤੇ ਪਿੰਡ ਦਾਦਨ ਖ਼ਾਂ ਦੇ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ ਗਿਆ। ਚੜ੍ਹਤ ਸਿੰਘ ਨੇ ਇਥੇ ਕਿਲ੍ਹੇ ਬਣਵਾਏ ਅਤੇ ਉਨ੍ਹਾਂ ਵਿਚ ਆਪਣੀਆਂ ਫ਼ੌਜਾਂ ਲਿਆ ਰੱਖੀਆਂ।[159]

**ਦੁੱਰਾਨੀ ਦਾ ਸੱਤਵਾਂ ਹਮਲਾ**[160]

ਪੰਜਾਬ ਵਿਚ ਸਿੱਖਾਂ ਦੇ ਉਭਾਰ ਅਤੇ ਸਰਦਾਰ ਜਹਾਨ ਖ਼ਾਂ ਤੇ ਸਰਦਾਰ ਸਰਬੁਲੰਦ ਖ਼ਾਂ ਦੇ ਮੁਕਾਬਲਾ ਕਰਨ ਵਿਚ ਅਸਫ਼ਲਤਾ ਦੀਆਂ ਖ਼ਬਰਾਂ ਸੁਣ ਕੇ ਅਹਿਮਦ ਸ਼ਾਹ ਦੁੱਰਾਨੀ ਨੇ ਭਾਰਤ ਉੱਤੇ ਹੱਲਾ ਕਰਨ ਦਾ ਮੁੜ ਫੈਸਲਾ ਕੀਤਾ। ਉਸ ਨੇ ਆਪਣੇ ਬਲੋਚ ਸਾਥੀ ਕਲਾਤ ਦੇ ਮੀਰ ਨਸੀਰ ਖ਼ਾਂ ਨੂੰ ਸਿੱਖਾਂ ਦੇ ਵਿਰੁੱਧ ਜਹਾਦ ਵਿਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ। ਉਸ ਨੇ ਲਿਖਿਆ, "ਤੂੰ ਮੱਕੇ ਜਾਣ ਬਾਰੇ ਕਿਦਾਂ ਸੋਚ ਸਕਦਾ ਹੈਂ ਜਦ ਕਿ ਦੋਖੀ ਫਿਰਕਾ ਇਤਨੀ ਬਰਬਾਦੀ ਕਰ ਰਿਹਾ ਹੋਵੇ? ਤੈਨੂੰ ਉਸ ਪਾਸੇ ਤੋਂ ਕੂਚ ਕਰਨਾ ਚਾਹੀਦਾ ਹੈ ਜਦ ਕਿ ਮੈਂ ਇਸ ਪਾਸੇ ਤੋਂ ਹੱਲਾ ਕਰਾਂਗਾ ਤਾਂ ਜੋ ਅਸੀਂ ਇਨ੍ਹਾਂ ਲੋਕਾਂ ਦਾ ਖੁਰਾ ਖੋਜ ਮਿਟਾ ਦਈਏ। ਯਾਦ ਰਖੋ ਇਨ੍ਹਾਂ ਕਾਫ਼ਰਾਂ ਵਿਰੁੱਧ ਜਹਾਦ ਮੱਕੇ ਦੇ ਹੱਜ ਕਰਨ ਨਾਲੋਂ ਵੀ ਵਧੇਰੇ ਮਹੱਤਵਪੂਰਣ ਹੈ। ਤੂੰ ਮੇਰੇ ਲਈ ਪੁੱਤਰ ਸਮਾਨ ਅਤੇ ਹਮ-ਧਰਮੀ ਹੈਂ। ਆਉ ਅਸੀਂ ਇਨ੍ਹਾਂ ਕਾਫ਼ਰਾਂ ਨੂੰ ਨਸ਼ਟ ਕਰ ਦਈਏ ਅਤੇ ਇਨ੍ਹਾਂ ਦੀਆਂ ਇਸਤਰੀਆਂ ਅਤੇ ਬੱਚਿਆਂ ਨੂੰ ਗ਼ੁਲਾਮ ਬਣਾ ਲਈਏ।" ਨਸੀਰ ਖ਼ਾਂ ਨੇ, ਜਿਸ ਨੇ ਸਿੱਖਾਂ ਵੱਲੋਂ ਮੁਲਤਾਨ ਅਤੇ ਡੇਰਾਜਾਤ ਉੱਤੇ ਹਮਲਿਆਂ ਬਾਰੇ ਪਹਿਲਾਂ ਹੀ ਸੁਣਿਆ ਹੋਇਆ ਸੀ, ਆਪਣੇ ਧਾਰਮਿਕ ਆਗੂਆਂ ਤੋਂ ਸਿੱਖਾਂ ਵਿਰੁੱਧ ਜਹਾਦ ਕਰਨ ਲਈ ਫ਼ਤਵਾ ਲੈ ਲਿਆ।

ਅਕਤੂਬਰ 1764 ਵਿਚ ਸ਼ਾਹ ਨੇ ਅਠਾਰਾਂ ਹਜ਼ਾਰ ਅਫ਼ਗਾਨ ਨਾਲ ਲੈ ਕੇ ਸਿੰਧ ਨੂੰ ਪਾਰ ਕੀਤਾ ਅਤੇ ਐਮਨਾਬਾਦ ਦੇ ਸਥਾਨ ਤੇ ਨਸੀਰ ਖ਼ਾਂ ਵੀ ਆਪਣੇ ਬਾਰਾਂ ਹਜ਼ਾਰ ਬਲੋਚ ਸੈਨਿਕ ਨਾਲ ਲੈ ਕੇ ਆ ਸ਼ਾਮਿਲ ਹੋਇਆ। ਲਾਹੌਰ ਵਿਚ ਕਾਬਲੀ ਮਲ ਉਸ ਦੇ ਲਸ਼ਕਰ ਨਾਲ ਸ਼ਾਮਿਲ ਹੋ ਗਿਆ ਅਤੇ ਸਾਰੀ ਮੁਹਿੰਮ ਵਿਚ ਉਸ ਦੇ ਨਾਲ ਰਿਹਾ।

ਇਸ ਸਮੇਂ ਸਿੱਖਾਂ ਨੇ ਜਰਨੈਲੀ ਸੜਕ ਤੇ ਆਪਣੀਆਂ ਥਾਵਾਂ ਛੱਡ ਦਿੱਤੀਆਂ ਅਤੇ ਨਜ਼ਰੋਂ ਓਹਲੇ ਹੋ ਗਏ। ਅਹਿਮਦ ਸ਼ਾਹ ਨੇ ਆਪਣੀ ਯੁੱਧ-ਮੰਡਲੀ ਦਾ ਇਕ ਜਲਸਾ ਕੀਤਾ ਤਾਂ ਜੋ ਇਹ ਤਹਿ ਕੀਤਾ ਜਾਏ ਕਿ ਖਰੂਦੀ ਸਿੱਖਾਂ ਨੂੰ ਕਿਵੇਂ ਚੰਗੀ ਤਰ੍ਹਾਂ ਨਸ਼ਟ ਕੀਤਾ ਜਾਏ। ਉਨ੍ਹਾਂ ਨੂੰ ਇਹ ਪਤਾ ਲਗਾ ਕਿ ਸਿੱਖਾਂ ਦੀ ਵੱਡੀ ਗਿਣਤੀ ਲੱਖੀ ਜੰਗਲ ਵਿਚ ਚਲੀ ਗਈ ਹੈ, ਜੋ ਲਾਹੌਰ ਤੋਂ ਡੇਢ ਸੌ ਮੀਲਾਂ ਤੇ ਸੀ। ਉਨ੍ਹਾਂ ਦੀ ਪੰਦਰਾਂ ਹਜਾਰ ਦੇ ਕਰੀਬ ਭਾਰੀ ਗਿਣਤੀ ਭਰਤਪੁਰ ਦੇ ਮਹਾਨ ਦੇਸ਼-ਭਗਤ ਰਾਜਾ ਸੂਰਜ ਮੱਲ ਦੇ ਪੁੱਤਰ ਜਵਾਹਰ ਸਿੰਘ ਦੀ ਸਹਾਇਤਾ ਲਈ ਗਈ ਹੋਈ ਸੀ ਜੋ ਰੋਹੇਲਾ ਸਰਦਾਰ

---

158. ਸੋਹਨ ਲਾਲ, *ਦਫਤਰ ਦੂਜਾ*, ਪੰਨੇ 11-12; *ਚਹਾਰ ਗੁਲਸ਼ਨ-ਇ-ਪੰਜਾਬ*, ਪੰਨੇ 178-179. ਸੋਹਨ ਲਾਲ ਅਨੁਸਾਰ, ਜਿਸ ਦੀ ਕੁਝ ਲਿਖਾਰੀਆਂ ਨੇ ਨਕਲ ਕੀਤੀ ਹੈ, ਸਰਬੁਲੰਦ ਖ਼ਾਂ ਆਪਣੇ ਕਸ਼ਮੀਰ ਦੇ ਰਾਜ ਤੋਂ ਸ਼ਾਹ ਦੇ ਹੁਕਮ ਅਧੀਨ ਵਾਪਿਸ ਮੁੜ ਰਿਹਾ ਸੀ। ਕੁਝ ਹੋਰ ਸਰੋਤਾਂ ਅਨੁਸਾਰ, ਜਿਨ੍ਹਾਂ ਦੀ ਪੁਸ਼ਟੀ ਕਸ਼ਮੀਰ ਦੇ ਇਤਿਹਾਸਾਂ ਤੋਂ ਹੁੰਦੀ ਹੈ, ਨੂਰ-ਉਦ-ਦੀਨ ਬਾਮਜ਼ਈ ਵਿਚ ਉਸ ਸੂਬੇ ਦਾ ਗਵਰਨਰ ਸੀ ਅਤੇ ਸਰਬੁਲੰਦ ਖ਼ਾਂ ਨੂੰ ਹਾਲੇ ਤਕ ਉਥੇ ਭੇਜਿਆ ਨਹੀਂ ਗਿਆ ਸੀ। ਵੇਖੋ ਕਿਰਪਾ ਰਾਮ ਦਾ *ਗੁਲਜ਼ਾਰ-ਇ-ਕਸ਼ਮੀਰ*, ਪੰਨਾ 234; *ਗੁਲਾਬਨਾਮਾ*।
159. ਸੋਹਨ ਲਾਲ, *ਦਫਤਰ ਦੂਜਾ*, ਪੰਨੇ 9-10.
160. ਇਸ ਹਮਲੇ ਦਾ ਵਧੇਰੇ ਬਿਰਤਾਂਤ ਕਾਜ਼ੀ ਨੂਰ ਮੁਹੰਮਦ ਦੇ *ਜੰਗਨਾਮੇ* ਵਿਚੋਂ ਲਿਆ ਗਿਆ ਹੈ।

ਨਜੀਬ-ਉਦ-ਦੌਲਾ[161] ਵਿਰੁੱਧ ਲੜ ਰਿਹਾ ਸੀ ਅਤੇ ਬਾਕੀ ਇਧਰ ਉਧਰ ਪਿੰਡਾਂ ਵਿਚ ਤੁਰੇ ਫਿਰਦੇ ਸਨ ਅਤੇ ਆਪਣਾ ਸਮਾਂ ਲੰਘਾ ਰਹੇ ਸਨ।

ਅਗਲੇ ਦਿਨ ਹੀ ਇਸ ਗੱਲ ਦਾ ਸਬੂਤ ਮਿਲ ਗਿਆ ਕਿ ਉਹ ਪੂਰੀ ਤਰ੍ਹਾਂ ਕੇਂਦਰੀ ਜ਼ਿਲ੍ਹਿਆਂ ਵਿਚੋਂ ਗ਼ੈਰ-ਹਜ਼ਾਰ ਨਹੀਂ ਹਨ। ਇਕ ਘੋੜ-ਸਵਾਰ ਸੁਨੇਹਾ ਲੈ ਕੇ ਅਹਿਮਦ ਸ਼ਾਹ ਪਾਸ ਆਇਆ ਕਿ 'ਸਿੱਖਾਂ ਦਾ ਅਣਗਿਣਤ ਲਸ਼ਕਰ ਇਕ ਸੂਹੀਆ ਟੋਲੀ ਉਪਰ ਟੁੱਟ ਪਿਆ ਸੀ ਅਤੇ ਜੇ ਸ਼ਾਹ ਉਨ੍ਹਾਂ ਦੀ ਸਹਾਇਤਾ ਲਈ ਤੁਰੰਤ ਨਾ ਪੁੱਜਾ ਤਾਂ ਗੜਬੜ ਮਚ ਜਾਏਗੀ।' ਸੂਹੀਆਂ ਦੀ ਸਹਾਇਤਾ ਲਈ ਸਾਰੀ ਦੀ ਸਾਰੀ ਇਕੱਠੀ ਹੋਈ ਸੈਨਾ ਨਸੀਰ ਖ਼ਾਂ ਦੀ ਕਮਾਨ ਥੱਲੇ ਭੇਜੀ ਗਈ। ਸਿੱਖਾਂ ਨੇ ਪਹਿਲੀ ਝੜਪ ਵਿਚ ਹੀ ਮੂਹਰਲਾ ਸਰਕਾਰੀ ਸੈਨਿਕ ਦਸਤਾ ਮਾਰ ਮੁਕਾਇਆ। ਇਸ ਤੋਂ ਬਾਅਦ ਦੋਨੋਂ ਮੁਖ ਫ਼ੌਜਾਂ, ਜਿਨ੍ਹਾਂ ਵਿਚੋਂ ਇਕ ਦੀ ਅਗਵਾਈ ਨਸੀਰ ਖ਼ਾਂ ਕਰ ਰਿਹਾ ਸੀ ਅਤੇ ਦੂਜੇ ਪਾਸੇ ਦੀ ਫ਼ੌਜ ਦੀ ਕਮਾਨ ਚੜ੍ਹਤ ਸਿੰਘ ਦੇ ਹੱਥਾਂ ਵਿਚ ਸੀ, ਆਪਸ ਵਿਚ ਆ ਟਕਰਾਈਆਂ। ਸਿੱਖਾਂ ਨੇ ਆਪਣੀਆਂ ਆਮ ਜੰਗੀ ਚਾਲਾਂ ਚਲੀਆਂ ਜਿਨ੍ਹਾਂ ਅਨੁਸਾਰ ਉਹ ਦੂਰੋਂ ਗੋਲੀ ਚਲਾਉਂਦੇ ਅਤੇ ਫਿਰ ਆਪਣੀਆਂ ਬੰਦੂਕਾਂ ਵਿਚ ਮੁੜ ਸਿੱਕਾ ਬਾਰੂਦ ਪਾਉਣ ਲਈ ਦੂਰ ਪਿੱਛੇ ਹੱਟ ਜਾਂਦੇ ਜਦ ਕਿ ਉਨ੍ਹਾਂ ਦੀ ਇਕ ਹੋਰ ਟੋਲੀ ਹੋਰ ਪਾਸਿਉਂ ਦੀ ਹਮਲਾ ਕਰਨ ਦੀ ਅਗਾਂਹ ਵਧਦੀ ਅਤੇ ਆਪਣੀ ਕਾਰਵਾਈ ਕਰਕੇ ਪਿੱਛੇ ਭੱਜ ਜਾਂਦੀ। ਸਾਡਾ ਮੁੱਖ ਸਰੋਤ ਨੂਰ ਮੁਹੰਮਦ, ਜੋ ਖ਼ੁਦ ਲੜਾਈ ਵਿਚ ਹਾਜ਼ਰ ਸੀ, ਲਿਖਦਾ ਹੈ ਕਿ, "ਕਿਨੀ ਤਰਸਯੋਗ ਗੱਲ ਹੈ ਕਿ ਕਾਫ਼ਰ ਲੋਕ ਗਾਜ਼ੀਆਂ ਨੂੰ ਦੂਰੋਂ ਮਾਰ ਜਾਣ। ਜੇ ਹੱਥੋਂ ਹੱਥ ਲੜਾਈ ਹੁੰਦੀ ਤਾਂ ਦੁਨੀਆਂ ਕੁਝ ਤਮਾਸ਼ਾ ਦੇਖਦੀ।" ਸਾਰਾ ਦਿਨ ਲੜਾਈ ਹੁੰਦੀ ਰਹੀ ਅਤੇ ਰਾਤ ਪੈਣ ਤੇ ਇਹ ਬੰਦ ਹੋ ਗਈ। ਅਗਲੀ ਸਵੇਰ ਨੂੰ ਕੋਈ ਸਿੱਖ ਕਿਧਰੇ ਨਹੀਂ ਸੀ ਦਿਸਿਆ।

ਅਹਿਮਦ ਸ਼ਾਹ ਨੇ ਸੁਣਿਆ ਕਿ ਸਿੱਖ ਚੱਕ ਗੁਰੂ (ਅੰਮ੍ਰਿਤਸਰ) ਨੂੰ ਚਲੇ ਗਏ ਹਨ। ਉਸ ਨੇ ਉਨ੍ਹਾਂ ਦਾ ਉਥੇ ਪਿੱਛਾ ਕਰਨ, ਉਨ੍ਹਾਂ ਦਾ ਕਤਲ ਕਰਨ ਅਤੇ ਚੱਕ ਨੂੰ ਢਾਹ ਕੇ ਜ਼ਮੀਨ ਨਾਲ ਪਧਰਾ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਦਾ ਕਤਲ ਕਰਨ ਅਤੇ ਚੱਕ ਨੂੰ ਢਾਹ ਕੇ ਜ਼ਮੀਨ ਨਾਲ ਪਧਰਾ ਕਰਨ ਦਾ ਫੈਸਲਾ ਕੀਤਾ। ਉਸ ਨੇ ਇਸ ਤੋਂ ਪਹਿਲਾਂ ਵੀ ਕਈ ਵਾਰ ਅਜਿਹਾ ਕੀਤਾ ਸੀ ਪਰ ਉਤਨੀ ਵਾਰ ਹੀ ਸਿੱਖ ਮੁੜ ਉਠ ਖੜੇ ਸਨ ਅਤੇ ਉਨ੍ਹਾਂ ਨੇ ਆਪਣੇ ਸਥਾਨ ਮੁੜ ਉਸਾਰ ਲਏ ਸਨ। ਇਸ ਵਾਰ ਸ਼ਾਹ ਹਲਕੀ ਸੈਨਾ ਲੈ ਕੇ ਚਲਿਆ ਸੀ ਜਿਸ ਪਾਰ ਭਾਰੀ ਸਾਮਾਨ ਨਹੀਂ ਸੀ ਫਿਰ ਵੀ ਉਸ ਨੂੰ ਲਾਹੌਰ ਤੋਂ ਅੰਮ੍ਰਿਤਸਰ ਤਕ ਦਾ 32 ਮੀਲਾਂ ਦਾ ਸਫ਼ਰ ਤੈ ਕਰਨ ਲਈ ਚਾਰ ਦਿਨ ਲਗ ਗਏ। ਜਦੋਂ ਉਹ ਪਹਿਲੀ ਦਸੰਬਰ, 1764 ਨੂੰ ਚੱਕ ਗੁਰੂ ਪਹੁੰਚਾ ਤਾਂ ਉਸ ਨੂੰ ਉਥੇ ਕੋਈ ਸਿੱਖ ਸੈਨਿਕ ਨਾ ਮਿਲੇ। ਉਥੇ ਕੇਵਲ ਕੁੱਝ ਸਿੱਖ ਹੀ ਸਨ ਜੋ ਅਕਾਲ ਤਖ਼ਤ ਦੀ ਦੇਖ ਭਾਲ ਲਈ ਸਨ। ਉਨ੍ਹਾਂ ਦੀ ਗਿਣਤੀ ਕੇਵਲ ਤੀਹ ਸੀ ਪਰ ਉਨ੍ਹਾਂ ਨੂੰ ਆਪਣੇ ਬਾਰੇ ਰਤਾ ਜਿਨਾਂ ਵੀ ਕੋਈ ਭੈ ਨਹੀਂ ਸੀ। ਉਹ ਉਥੇ ਆਪਣੇ ਗੁਰੂ ਦੀ ਖ਼ਾਤਰ ਆਪਣੀਆਂ ਜਾਨਾਂ ਵਾਰ ਦੇਣ ਲਈ ਸਨ।[162] ਉਨ੍ਹਾਂ ਨੇ ਬੜੇ ਸ਼ਾਨਦਾਰ ਤਰੀਕੇ ਨਾਲ ਆਪਣੀਆਂ ਕੁਰਬਾਨੀਆਂ ਦਿੱਤੀਆਂ। ਉਹ ਗਾਜ਼ੀਆਂ ਨਾਲ, ਜੋ ਗਿਣਤੀ ਵਿਚ ਕਿਤੇ ਵੱਧ ਸਨ, ਉਲਝ ਪਏ। ਉਨ੍ਹਾਂ ਵਿਚੋਂ ਹਰ ਕੋਈ ਸ਼ਹੀਦ ਦੀ ਮੌਤ ਮਰਿਆ। ਲੀਹਲ ਪਿੰਡ ਦਾ ਗੁਰਬਖਸ਼ ਸਿੰਘ ਸ਼ਹੀਦ ਉਨ੍ਹਾਂ ਦਾ ਆਗੂ ਸੀ, ਜਿਸ ਦੀ ਸਮਾਧ, ਜਿਸ ਨੂੰ ਸ਼ਹੀਦ ਗੰਜ ਕਹਿੰਦੇ ਹਨ, ਅਕਾਲ ਤਖ਼ਤ ਦੇ ਪਿੱਛੇ ਬਣੀ ਹੋਈ ਹੈ। ਹੋਰ ਸਿੱਖਾਂ ਦੀ ਭਾਲ ਵਿਚ ਉਹ ਮੁਸਲਮਾਨ ਸੈਨਿਕ ਇਧਰ ਉਧਰ ਟੋਲਦੇ ਰਹੇ ਪਰ ਹੋਰ ਸਿੱਖ ਨਾ ਲਭਣ ਤੇ ਉਨ੍ਹਾਂ ਨੇ ਪਵਿੱਤਰ ਇਮਾਰਤਾਂ ਬਰਬਾਦ ਕਰ ਦਿੱਤੀਆਂ ਅਤੇ ਲਾਹੌਰ ਨੂੰ ਪਰਤ ਗਏ।

---

161. Qanungo—*History of the Jats*, pp. 174-176; Nur-ud-Din's *Najib-ud-Daula* (translated by J. N. Sarkar); *Islamic Culture*, October, 1933, pp. 632-39.

162. *ਜੰਗਨਾਮਾ*, ਪੰਨਾ 100.

ਅਹਿਮਦ ਸ਼ਾਹ ਨੇ ਫਿਰ ਆਪਣੇ ਸਰਦਾਰਾਂ ਦਾ ਇਕ ਇਜਲਾਸ ਬੁਲਾਇਆ ਅਤੇ ਉਨ੍ਹਾਂ ਦੀ ਸਲਾਹ ਨਾਲ ਆਪਣੀਆਂ ਫ਼ੌਜਾਂ ਨੂੰ ਸਰਹਿੰਦ ਵੱਲ ਲੈ ਤੁਰਿਆ। ਉਧਰ ਜਾਂਦਿਆਂ ਉਸ ਨੇ ਰਿਆੜਕੀ ਅਤੇ ਦੁਆਬੇ ਵਿਚੋਂ ਦੀ ਲੰਘਣ ਦਾ ਫ਼ੈਸਲਾ ਕੀਤਾ ਜੋ ਸਿੱਖਾਂ ਦੇ ਆਪਣੇ ਇਲਾਕੇ ਸਨ ਅਤੇ ਜਿਥੋਂ ਬਹੁਤ ਸਾਰੀ ਲੁੱਟ ਦੀ ਵੀ ਆਸ ਸੀ। ਉਸ ਨੇ ਆਪਣੇ ਧਰਮ-ਯੁਧ ਕਰਨ ਵਾਲੇ ਸੈਨਿਕਾਂ ਨੂੰ ਉਹ ਇਲਾਕੇ ਲੁੱਟ ਲੈਣ ਦੀ ਆਗਿਆ ਦੇ ਦਿੱਤੀ ਕਿਉਂਕਿ ਇਹ ਇਲਾਕਾ ਇਸਲਾਮ ਦਾ ਵਿਰੋਧੀ ਸੀ। ਉਹ ਹੌਲੀ ਹੌਲੀ ਤੁਰਦੇ ਗਏ ਅਤੇ ਦਿਨ ਵਿਚ ਲਗਪਗ ਚਾਰ ਮੀਲ ਦੀ ਯਾਤਰਾ ਕਰਦੇ ਸਨ ਅਤੇ ਪੰਦਰਾਂ ਦਿਨਾਂ ਵਿਚ 56 ਮੀਲਾਂ ਦਾ ਸਫਰ ਤੈ ਕਰਕੇ ਬਟਾਲੇ ਪੁੱਜੇ। ਸਾਰਾ ਇਲਾਕਾ ਲੁੱਟ ਲਿਆ ਗਿਆ। ਉਸ ਵੇਲੇ ਦੀ ਪ੍ਰਚਲਿਤ ਕਹਾਵਤ ਨੂੰ ਲੋਕ ਅਜ ਤਕ ਦੁਹਰਾਉਂਦੇ ਹਨ :

*ਖਾਧਾ ਪੀਤਾ ਲਾਹੇ ਦਾ,*
*ਰਹਿੰਦਾ ਅਹਿਮਦ ਸ਼ਾਹੇ ਦਾ।*

'ਜਿਧਰ ਵੀ ਫ਼ੌਜ ਗਈ ਲੋਕਾਂ ਨੂੰ ਦਿਨ ਦਿਹਾੜੇ ਕਤਲ ਕੀਤਾ ਗਿਆ। ਸਿੱਖਾਂ ਅਤੇ ਗ਼ੈਰਸਿੱਖਾਂ ਵਿਚ ਕੋਈ ਅੰਤਰ ਨਾ ਕੀਤਾ ਗਿਆ। ਲੋਕ ਆਪਣੇ ਘਰ ਘਾਟ ਛੱਡ ਕੇ ਭੱਜ ਗਏ ਅਤੇ ਜਿੱਥੇ ਵੀ ਛੁਪ ਸਕੇ ਛੁਪ ਗਏ। ਜਿਹੜੀਆਂ ਚੀਜ਼ਾਂ ਇਨ੍ਹਾਂ ਗਾਜ਼ੀਆਂ ਦੇ ਹੱਥ ਲਗੀਆਂ ਉਨ੍ਹਾਂ ਦਾ ਕੋਈ ਆਦਮੀ ਵੀ ਹਿਸਾਬ ਨਹੀਂ ਲਾ ਸਕਦਾ। ਆਦਮੀ ਜਾਂ ਪਸ਼ੂ ਕਿਸੇ ਨੂੰ ਵੀ ਗੰਨੇ ਅਤੇ ਮਿਸਰੀ ਦੇ ਸਿਵਾਏ ਖਾਣ ਨੂੰ ਕੁਝ ਨਹੀਂ ਸੀ ਮਿਲਦਾ। ਭਾਵੇਂ ਕੋਈ ਵੱਡਾ ਸੀ ਤੇ ਭਾਵੇਂ ਛੋਟਾ, ਗੁਲਾਮ ਆਦਮੀ ਸੀ ਜਾਂ ਗੁਲਾਮ ਇਸਤ੍ਰੀ, ਸਭ ਲੋਕ ਚਾਰ ਚੀਜ਼ਾਂ ਨਾਲ ਆਪਣਾ ਢਿੱਡ ਭਰਦੇ ਸਨ। ਉਹ ਚਾਰ ਚੀਜ਼ਾਂ ਪਸ਼ੂਆਂ ਦਾ ਮਾਸ, ਗੰਨਾ, ਮਿਸਰੀ ਅਤੇ ਤਿਲ ਸਨ। ਇਸ ਤਰ੍ਹਾਂ ਉਜਾੜਦੀ ਅਤੇ ਲੁੱਟਦੀ ਹੋਈ ਅਫ਼ਗਾਨ ਸੈਨਾ ਨੇ ਦਰਿਆ ਬਿਆਸ ਪਾਰ ਕੀਤਾ। ਜਦੋਂ ਸਿੱਖਾਂ ਨਾਲ ਇਕ ਛੋਟੀ ਜਹੀ ਝੜਪ ਹੋਈ ਤਾਂ ਉਨ੍ਹਾਂ ਦਾ ਛੇ ਮੀਲ ਦੂਰ ਇਕ ਉਜੜੇ ਹੋਏ ਪਿੰਡ ਤਕ ਪਿੱਛਾ ਕੀਤਾ ਗਿਆ, ਜਿਥੋਂ ਉਹ ਰਾਤੋ ਰਾਤ ਗਾਇਬ ਹੋ ਗਏ। ਹੋਰ ਤਿੰਨ ਦਿਨਾਂ ਵਿਚ ਅਹਿਮਦ ਸ਼ਾਹ ਦੀ ਫ਼ੌਜ ਨੇ ਦਰਿਆ ਸਤਲੁਜ ਪਾਰ ਕੀਤਾ ਅਤੇ ਇੱਥੇ ਵੀ ਸਿੱਖਾਂ ਨਾਲ ਛੋਟੀ ਜਿਹੀ ਝੜਪ ਹੋਈ। ਸਿੱਖਾਂ ਨੂੰ ਇਸ ਝੜਪ ਵਿਚ ਕੁਝ ਪ੍ਰਾਪਤ ਨਾ ਹੋਇਆ ਅਤੇ ਉਹ ਮਾਯੂਸ ਹੋ ਚਲੇ ਗਏ।

ਸਰਹਿੰਦ ਨੂੰ ਜਾਣ ਜਾਂ ਸਿੱਖਾਂ ਦਾ ਪਿੱਛਾ ਕਰਨ ਦਾ ਖ਼ਿਆਲ ਛੱਡ ਦਿੱਤਾ ਗਿਆ ਅਤੇ ਸ਼ਾਹ ਮੁਲਕ ਦੀ ਹਾਲਤ ਤੋਂ ਇਤਨਾ ਖ਼ੁਸ਼ ਹੋਇਆ ਕਿ ਉਸ ਨੇ ਪੰਜੌਰ ਤੇ ਦੂਜੀਆਂ ਥਾਵਾਂ ਤੇ ਸ਼ਿਕਾਰ ਖੇਡਣ ਅਤੇ ਜੀ ਪਰਚਾਵੇ ਵਿਚ ਹੀ ਦੋ ਮਹੀਨੇ ਲੰਘਾ ਦਿੱਤੇ। ਫਰਵਰੀ 1765 ਦੇ ਆਖ਼ੀਰ ਵਿਚ ਉਹ ਕੁੰਜਪੁਰੇ ਪਹੁੰਚਿਆ। ਉਥੇ ਅਗਲੇ ਪ੍ਰੋਗਰਾਮ ਤੇ ਵਿਚਾਰ ਕਰਨ ਲਈ ਉਸ ਨੇ ਆਪਣੇ ਆਦਮੀਆਂ ਦੀ ਮੀਟਿੰਗ ਕੀਤੀ। ਨਸੀਰ ਖ਼ਾਂ ਦਿੱਲੀ ਵੱਲ ਵਧਣ ਦੇ ਹੱਕ ਵਿਚ ਸੀ ਜਿੱਥੇ ਉਹ ਨਜੀਬ-ਉਦ-ਦੌਲਾ, (ਜੋ ਉਸ ਵੇਲੇ ਜਵਾਹਰ ਸਿੰਘ ਦੇ ਹਮਲਿਆਂ ਤੋਂ ਮੁਕਤ ਹੋ ਚੁੱਕਾ ਸੀ), ਸ਼ੁਜਾਹ-ਉਦ-ਦੌਲਾ, ਦਿੱਲੀ ਦੇ ਰਈਸਾਂ, ਜਾਟਾਂ ਅਤੇ ਮਰਾਠਿਆਂ ਦੀਆਂ ਸਾਰੀਆਂ ਫ਼ੌਜਾਂ ਸਿੱਖਾਂ ਨੂੰ ਕਰਾਰੀ ਹਾਰ ਦੇਣ ਲਈ ਇਕੱਠੀਆਂ ਕਰ ਸਕਦਾ ਸੀ।[163] ਉਸ ਦੀ ਰਾਏ ਵਿਚ 'ਕਿਸੇ ਮੁਲਕ ਦੇ ਸਹੇ ਨੂੰ ਉਸ ਮੁਲਕ ਦਾ ਕੁੱਤਾ ਹੀ ਫੜ ਸਕਦਾ ਸੀ। ਇਸ ਸਲਾਹ ਤੋਂ ਪਤਾ ਲਗਦਾ ਹੈ ਕਿ ਹਮਲਾਆਵਰਾਂ ਦੇ ਸਾਧਨ ਸਮਾਪਤ ਹੋ ਚੁੱਕੇ ਸਨ ਅਤੇ ਉਹ ਸਿੱਖਾਂ ਨੂੰ ਦਬਾਉਣ ਦੇ ਕਾਰਜ ਲਈ ਆਪਣੇ ਆਪ ਨੂੰ ਅਯੋਗ ਸਮਝਦੇ ਸਨ। ਉਹ ਦੁੱਰਾਨੀ ਅਫ਼ਸਰ, ਜੋ ਇਹ ਸਮਝਦੇ ਸਨ ਕਿ ਆ ਰਹੇ ਮੌਸਮ ਦੀ ਗਰਮੀ ਅਤੇ ਸੂਰਜ ਦੀ ਚਮਕ ਉਹ ਝਲ ਨਹੀਂ ਸਕਣਗੇ, ਬਲੋਚੀ ਸਰਦਾਰ ਦੇ ਸੁਝਾ ਨਾਲ ਸਹਿਮਤ ਨਾ ਹੋਏ। ਉਨ੍ਹਾਂ ਨੇ ਸ਼ਾਹ ਨੂੰ ਸਲਾਹ ਦਿੱਤੀ ਕਿ ਉਸ ਵੇਲੇ ਉਨ੍ਹਾਂ ਨੂੰ ਕਾਬਲ ਨੂੰ ਮੁੜ ਜਾਣਾ ਚਾਹੀਦਾ ਹੈ ਅਤੇ ਚਾਰ ਮਹੀਨੇ ਪਿਛੋਂ

163. *ਜੰਗਨਾਮਾ*, ਪੰਨਾ 120.

ਵਾਪਸ ਆਉਣਾ ਚਾਹੀਦਾ ਹੈ। ਅਹਿਮਦ ਸ਼ਾਹ ਦੁੱਰਾਨੀ ਇਨ੍ਹਾਂ ਅਫ਼ਸਰਾਂ ਨਾਲ ਸਹਿਮਤ ਹੋ ਗਿਆ ਅਤੇ ਉਸ ਨੇ ਆਪਣੇ ਮੁਲਕ ਵੱਲ ਨੂੰ ਕੂਚ ਕਰਨ ਦਾ ਹੁਕਮ ਦੇ ਦਿੱਤਾ। ਇਕ ਹੋਰ ਗੱਲ, ਜੋ ਇਸ ਫ਼ੈਸਲੇ ਨੂੰ ਪ੍ਰਭਾਵਿਤ ਕਰ ਸਕਦੀ ਸੀ, ਇਹ ਸੀ ਕਿ ਪੰਦਰਾਂ ਹਜ਼ਾਰ ਸਿੱਖ ਦਿੱਲੀ ਤੋਂ ਵਾਪਿਸ ਆ ਗਏ ਸਨ ਜਿੱਥੇ ਉਹ ਨਜੀਬ-ਉਦ-ਦੌਲਾ ਦੇ ਵਿਰੁੱਧ ਜਾਟਾਂ ਦੇ ਪਾਸੇ ਹੋ ਕੇ ਲੜਦੇ ਰਹੇ ਸਨ ਅਤੇ ਦੋਨਾਂ ਪਾਰਟੀਆਂ ਦੇ ਵਿਚਕਾਰ ਸਮਝੌਤਾ ਹੋ ਜਾਣ ਉਪਰੰਤ ਸਿੱਖ ਆਪਣੇ ਇਲਾਕੇ ਨੂੰ ਮੁੜਨ ਲਈ ਵਿਹਲੇ ਹੋ ਗਏ ਸਨ।[164]

ਕੁੰਜਪੁਰੇ ਤੋਂ ਅਹਿਮਦ ਸ਼ਾਹ ਤਿੰਨ ਜਾਂ ਚਾਰ ਦਿਨਾਂ ਵਿਚ ਸਰਹਿੰਦ ਆ ਪੁੱਜਾ। ਇਹ ਸ਼ਹਿਰ, ਜਿਸ ਬਾਰੇ ਕਾਜ਼ੀ ਨੂਰ ਮੁਹੰਮਦ ਬਿਆਨ ਕਰਦਾ ਹੈ, ਉਸ ਵੇਲੇ ਉੱਜੜਿਆ ਪਿਆ ਸੀ ਪਰ ਪਟਿਆਲੇ ਦੇ ਇਲਾਕੇ ਵਿਚ ਹੋਣ ਕਰਕੇ ਇਹ ਆਲਾ ਸਿੰਘ ਅਤੇ ਅਹਿਮਦ ਸ਼ਾਹ ਵਿਚਕਾਰ ਮੁਲਾਕਾਤ ਦਾ ਸਥਾਨ ਚੁਣਿਆ ਗਿਆ। ਦੁੱਰਾਨੀ ਹਾਕਮ ਨੇ, ਜੋ ਬਰਬਾਦੀ ਦੀ ਝਾਕੀ ਦੇਖ ਕੇ ਬਹੁਤ ਦੁੱਖੀ ਹੋਇਆ ਸੀ, ਆਲਾ ਸਿੰਘ ਤੋਂ ਪੁੱਛਿਆ ਕਿ ਕਿਸੇ ਵੇਲੇ ਦਾ ਇਹ ਸ਼ਾਨਦਾਰ ਸ਼ਹਿਰ ਬਰਬਾਦੀ ਦੀ ਦਸ਼ਾ ਵਿਚ ਕਿਵੇਂ ਆ ਡਿਗਿਆ। ਆਲਾ ਸਿੰਘ ਨੇ ਉਸ ਨੂੰ ਦੱਸਿਆ ਕਿ ਇਸ ਨੂੰ ਸਿੱਖਾਂ ਨੇ ਬਰਬਾਦ ਕੀਤਾ ਸੀ ਜੋ ਆਪਣੀ ਆਈ ਤੋਂ ਟਲਣ ਵਾਲੇ ਨਹੀਂ ਸਨ। ਉਸ ਨੇ ਉਨ੍ਹਾਂ ਨਾਲ ਲੜ ਕੇ ਅਤੇ ਉਨ੍ਹਾਂ ਨੂੰ ਸਜ਼ਾ ਦੇ ਕੇ ਵੀ ਕਈ ਵਾਰ ਅਜਿਹੀਆਂ ਕਾਰਵਾਈਆਂ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਸੀ ਪਰ ਉਨ੍ਹਾਂ ਨੇ ਕੋਈ ਪ੍ਰਵਾਹ ਨਹੀਂ ਕੀਤੀ। ਲੋਕ ਨਿਤ ਵਧ ਰਹੀ ਗਿਣਤੀ ਵਿਚ ਉਨ੍ਹਾਂ ਨਾਲ ਸ਼ਾਮਿਲ ਹੁੰਦੇ ਰਹੇ। 'ਜੇ ਉਨ੍ਹਾਂ ਵਿਚੋਂ ਇਕ ਮਰ ਜਾਂਦਾ ਤਾਂ ਉਸ ਦੀ ਥਾਂ ਲੈਣ ਲਈ ਦੋ ਆਦਮੀ ਅਗਾਂਹ ਆਉਂਦੇ। ਅਜਿਹੀ ਬਖ਼ਸ਼ਿਸ਼ ਉਨ੍ਹਾਂ ਨੂੰ ਆਪਣੇ ਗੁਰੂ ਤੋਂ ਪ੍ਰਾਪਤ ਹੋਈ ਹੈ। 'ਜੇ ਤੁਸੀਂ ਸਰਹਿੰਦ ਦਾ ਇਲਾਕਾ ਮੇਰੇ ਸਪੁਰਦ ਕਰ ਦਿਉ ਤਾਂ ਮੈਂ ਛੇਤੀ ਹੀ ਇਸ ਨੂੰ ਪਹਿਲਾਂ ਨਾਲੋਂ ਚੰਗੇਰੇ ਢੰਗ ਨਾਲ ਆਬਾਦ ਕਰਾ ਦਿਆਂਗਾ। ਪਰ ਉਸ ਲਈ ਮੈਨੂੰ ਇਕ ਸਾਲ ਦੇ ਮਾਮਲੇ ਦੀ ਅਦਾਇਗੀ ਦੀ ਛੋਟ ਦੇ ਦਿੱਤੀ ਜਾਵੇ'।

ਅਹਿਮਦ ਸ਼ਾਹ ਜਾਣਦਾ ਸੀ ਕਿ ਸਿੱਖ ਤੋਂ ਬਿਨਾਂ ਕੋਈ ਵੀ ਹੋਰ ਹਾਕਮ ਇਸ ਇਲਾਕੇ ਉੱਤੇ ਕਬਜ਼ਾ ਨਹੀਂ ਸੀ ਰੱਖ ਸਕਦਾ ਅਤੇ ਉਸ ਨੂੰ ਇਤਨਾ ਵਧੇਰੇ ਮਾਲੀਆ ਅਦਾ ਨਹੀਂ ਸੀ ਕਰ ਸਕਦਾ। ਆਲਾ ਸਿੰਘ ਨੇ ਆਪਣੇ ਆਪ ਨੂੰ ਸੁਯੋਗ ਸਿੱਧ ਕੀਤਾ ਸੀ। ਉਹ ਇਕ ਵੱਡਾ ਜ਼ਿਮੀਦਾਰ, ਇਕ ਚੰਗਾ ਹਾਕਮ, ਸ਼ਕਤੀਸ਼ਾਲੀ ਅਤੇ ਹੁਸ਼ਿਆਰ ਜਰਨੈਲ ਸੀ। ਅਹਿਮਦਸ਼ਾਹ ਨੇ ਉਸ ਨੂੰ ਸਨਮਾਨ ਦਿੱਤਾ ਅਤੇ ਰਾਜਾ ਦਾ ਖ਼ਿਤਾਬ ਤੇ ਖਿਲਅਤ (ਸਰੋਪੇ) ਦੀ ਬਖ਼ਸ਼ਿਸ਼ ਕੀਤੀ। ਉਸ ਨੂੰ ਝੰਡੇ ਅਤੇ ਨਗਾਰੇ ਨਾਲ ਵੀ ਨਿਵਾਜ਼ਿਆ ਗਿਆ ਜੋ ਬਾਦਸ਼ਾਹੀ ਦੇ ਚਿੰਨ੍ਹ ਸਨ। ਰਾਜਾ ਆਲਾ ਸਿੰਘ ਨੇ ਬਦਲੇ ਵਿਚ ਸਾਢੇ ਤਿੰਨ ਲੱਖ ਰੁਪਏ ਸਾਲਾਨਾ ਮੁਆਮਲੇ ਵਜੋਂ ਦੇਣੇ ਪ੍ਰਵਾਨ ਕਰ ਲਏ।[165]

ਜੇ ਦੂਜੇ ਸਿੱਖ ਸਰਦਾਰ ਵੀ ਦੁੱਰਾਨੀ ਦੀ ਅਧੀਨਗੀ ਪ੍ਰਵਾਨ ਕਰ ਲੈਂਦੇ ਤਾਂ ਉਨ੍ਹਾਂ ਨੇ ਵੀ ਇਸੇ ਤਰ੍ਹਾਂ ਨਿਵਾਜੇ ਜਾਣਾ ਸੀ ਪਰ ਸਿੱਖ ਇਕ ਵਿਦੇਸ਼ੀ ਦੇ ਹੱਥੋਂ ਰਾਜ ਪ੍ਰਵਾਨ ਕਰਨ ਨੂੰ ਤਿਆਰ ਨਹੀਂ ਸਨ, ਖਾਸ ਕਰਕੇ ਇਕ ਅਜਿਹੇ ਆਦਮੀ ਦੇ ਹੱਥੋਂ ਜਿਸ ਨੇ ਉਨ੍ਹਾਂ ਦੇ ਗੁਰਦੁਆਰਿਆਂ ਦੀ ਨਿਰਾਦਰੀ ਕੀਤੀ ਹੋਈ ਹੋਵੇ ਅਤੇ ਜਿਸ ਦੇ ਹੱਥ ਉਨ੍ਹਾਂ ਦੀਆਂ ਔਰਤਾਂ ਤੇ ਬੱਚਿਆਂ ਦੇ ਲਹੂ ਨਾਲ ਲਿਬੜੇ ਹੋਏ ਹੋਣ। ਸਿੱਖਾਂ ਨੇ ਵਧੇਰੇ ਸੰਪੂਰਨ ਸੁਤੰਤਰਤਾ ਲਈ ਆਪਣੇ ਸੰਘਰਸ਼ ਨੂੰ ਜਾਰੀ ਰਖਣ ਨੂੰ ਤਰਜੀਹ ਦਿੱਤੀ ਅਤੇ ਉਨ੍ਹਾਂ ਨੇ ਇਕ ਵਿਅਰਥ ਜਿਹੇ ਸਨਮਾਨ ਦੀ ਖ਼ਾਤਰ ਅਧੀਨਗੀ ਪ੍ਰਵਾਣ ਨਾ ਕੀਤੀ।[166] ਉਨ੍ਹਾਂ ਨੇ ਇਕ

---

164. Qanungo : *History of the Jats,* pp. 176-78; J. N. Sarkar, *Fall of the Mughal Empire,* vol. II, pp. 389-91, 466-68.

165. *ਜੰਗਨਾਮਾ*, 4 ਪੰਨੇ 125-28; *ਰਸਾਲਾ-ਇ-ਨਾਨਕਸ਼ਾਹ*, ਪੰਨਾ 135; *ਤਾਰੀਖ-ਇ-ਪਟਿਆਲਾ*, ਪੰਨਾ 62; ਕਰਮ ਸਿੰਘ : *ਆਲਾ ਸਿੰਘ*, ਪੰਨਾ 241.

166. *ਜੰਗਨਾਮਾ*, ਪੰਨਾ 127; *ਆਲਾ ਸਿੰਘ*, ਪੰਨੇ 240-41.

ਵਿਦੇਸ਼ੀ ਦੀ ਅਧੀਨਗੀ ਪ੍ਰਵਾਨ ਕਰਨ ਲਈ ਆਲਾ ਸਿੰਘ ਨੂੰ ਵੀ ਦੰਡ ਲਾਇਆ।[167]

ਅਹਿਮਦ ਸ਼ਾਹ ਨੇ ਰੋਪੜ ਦੇ ਸਥਾਨ ਤੇ ਸਤਲੁਜ ਨੂੰ ਮੁੜ ਪਾਰ ਕੀਤਾ ਅਤੇ ਦੁਆਬੇ ਵਿਚ ਦਾਖ਼ਲ ਹੋਇਆ। ਉਹ ਮੁਸ਼ਕਲ ਨਾਲ ਹੀ ਇਕ ਮੀਲ ਗਿਆ ਸੀ ਜਦੋਂ ਉਸ ਦੀ ਅਗਲੇਰੀ ਫ਼ੌਜ ਉੱਤੇ ਸਿੱਖਾਂ ਨੇ ਹੱਲਾ ਕਰ ਦਿੱਤਾ। ਆਪਣੀਆਂ ਫ਼ੌਜਾਂ ਨੂੰ ਉਸ ਨੇ ਲੜਾਈ ਲਈ ਤਿਆਰ ਰਹਿਣ ਦਾ ਤੁਰੰਤ ਹੁਕਮ ਦਿੱਤਾ। ਉਹ ਆਪ ਆਪਣੀ ਸੈਨਾ ਦੇ ਕੇਂਦਰੀ ਭਾਗ ਵਿਚ ਸੀ। ਉਸ ਨੇ ਸ਼ਾਹ ਵਲੀ ਖ਼ਾਂ, ਜਹਾਨ ਖ਼ਾਂ ਅਤੇ ਦੂਜਿਆਂ ਨੂੰ ਬਾਰਾਂ ਹਜਾਰ ਆਦਮੀਆਂ ਸਮੇਤ ਆਪਣੇ ਖੱਬੇ ਪਾਸੇ ਲਾ ਲਿਆ। ਦੂਜੇ ਪਾਸੇ ਸਿੱਖਾਂ ਨੇ ਵੀ ਆਪਣੇ ਆਪ ਨੂੰ ਬਾਕਾਇਦਾ ਲੜਾਈ ਕਰਨ ਲਈ ਤਿਆਰ ਕਰ ਲਿਆ। ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਆਪਣੀ ਸੈਨਾ ਦੇ ਕੇਂਦਰ ਵਿਚ ਜਦ ਕਿ ਚੜ੍ਹਤ ਸਿੰਘ ਸੁਕਰਚਕੀਆ, ਝੰਡਾ ਸਿੰਘ ਅਤੇ ਲਹਿਣਾ ਸਿੰਘ ਭੰਗੀ ਸਮੇਤ ਸੱਜੇ ਪਾਸੇ ਦੀ ਕਮਾਨ ਕਰ ਰਿਹਾ ਸੀ ਅਤੇ ਜੈ ਸਿੰਘ ਕਨੱਈਆ, ਹਰੀ ਸਿੰਘ ਭੰਗੀ, ਰਾਮ ਦਾਸ, ਗੁਲਾਬ ਸਿੰਘ ਤੇ ਗੁੱਜਰ ਸਿੰਘ ਖੱਬੇ ਪਾਸੇ ਸਨ। ਉਨ੍ਹਾਂ ਨੇ ਆਪਣੇ ਆਮ ਢੰਗ ਤਰੀਕਿਆਂ ਦੀ ਵਰਤੋਂ ਕੀਤੀ। ਉਹ ਦੂਰੋਂ ਆਪਣੀਆਂ ਬੰਦੂਕਾਂ ਚਲਾਉਂਦੇ ਅਤੇ ਆਪਣੇ ਪਿੱਛੇ ਆਪਣੇ ਵੈਰੀਆਂ ਨੂੰ ਖਿਚ ਲਿਆਉਣ ਲਈ ਆਪ ਪਿੱਛੇ ਹੱਟਦੇ ਜਾਂਦੇ ਅਤੇ ਫਿਰ ਭੌਂ ਕੇ ਆਪਣਾ ਪਿੱਛਾ ਕਰਨ ਵਾਲਿਆਂ ਉੱਤੇ ਟੁੱਟ ਪੈਂਦੇ।[168]

ਸੱਤ ਦਿਨਾਂ ਤਕ ਇਹ ਝੜਪਾਂ ਹੁੰਦੀਆਂ ਰਹੀਆਂ ਜਦੋਂ ਕਿ ਅਹਿਮਦ ਸ਼ਾਹ ਦੁੱਰਾਨੀ ਬਿਆਸ ਵੱਲ ਨੂੰ ਵੱਧ ਰਿਹਾ ਸੀ ਅਤੇ ਫਿਰ ਇਸ ਦਰਿਆ ਦੇ ਕੰਢੇ ਆਖ਼ਰੀ ਲੜਾਈ ਲੜੀ ਗਈ ਜਿਸ ਪਿੱਛੋਂ ਸਿੱਖ ਪਿੱਛੇ ਹੱਟ ਆਏ ਜਦੋਂ ਕਿ ਉਹ ਆਪਣੇ ਆਪ ਨੂੰ ਦੁੱਰਾਨੀ ਦੇ ਲਾਹੌਰ ਉੱਪਰ ਹੱਲੇ ਲਈ ਤਿਆਰ ਕਰ ਰਹੇ ਸਨ। ਪਰ ਦੁੱਰਾਨੀ ਹਾਕਮ ਲਾਹੌਰ ਵਿਚ ਨਹੀਂ ਰੁਕਿਆ। ਉਹ ਸਿੱਧਾ ਸਰਹੱਦ ਵੱਲ ਚਲਾ ਗਿਆ। ਦਰਿਆ ਚਨਾਬ ਅਤੇ ਜਿਹਲਮ ਨੂੰ ਪਾਰ ਕਰਕੇ ਉਹ ਰੁਹਤਾਸ ਪੁੱਜ ਗਿਆ, ਜਿਥੋਂ ਉਸ ਨੇ ਕਾਬਲੀ ਮਲ ਨੂੰ ਲਾਹੌਰ ਨੂੰ ਮੁੜ ਆਉਣ ਦੀ ਆਗਿਆ ਦੇ ਦਿੱਤੀ ਆਪਣੇ ਬਹਾਦਰ ਸਾਥੀ ਨਸੀਰ ਖ਼ਾਂ ਤੋਂ ਵਿਦਾਇਗੀ ਲਈ। ਉਸ ਦੇ ਅਮੁੱਲੇ ਮਿਲਵਰਤਣ ਲਈ ਉਸ ਦਾ ਧੰਨਵਾਦ ਕੀਤਾ ਅਤੇ ਉਸ ਨੂੰ ਸ਼ਾਲ ਦੇ ਇਲਾਕੇ ਦੀ, ਜਿਸ ਨੂੰ ਹੁਣ ਕੋਇਟਾ ਕਹਿੰਦੇ ਹਨ, ਬਖਸ਼ਿਸ਼ ਕੀਤੀ। ਉਹ ਝੰਗ, ਮੁਲਤਾਨ ਅਤੇ ਚਨਾਬ ਤੋਂ ਪੱਛਮ ਵਿਚ ਦੇ ਡੇਰਾਜਾਤ ਦੇ ਸਾਰੇ ਇਲਾਕੇ ਉਸ ਨੂੰ ਸਪੁਰਦ ਕਰ ਦੇਣਾ ਚਾਹੁੰਦਾ ਸੀ ਪਰ ਨਸੀਰ ਖ਼ਾਂ ਨੇ ਬੜੇ ਆਦਰ ਨਾਲ ਉਸ ਭੇਟਾ ਨੂੰ ਅਪ੍ਰਵਾਨ ਕਰ ਦਿੱਤਾ। ਸ਼ਾਇਦ ਉਸ ਨੇ ਇਹ ਇਸ ਲਈ ਕੀਤਾ ਸੀ ਕਿ ਸਿੱਖਾਂ ਦੀ ਵਧ ਰਹੀ ਸ਼ਕਤੀ ਦੇ ਸਾਹਮਣੇ ਉਸ ਇਲਾਕੇ ਨੂੰ ਆਪਣੇ ਅਧੀਨ ਰਖਣ ਦਾ ਉਸ ਅੰਦਰ ਜਿਗਰਾ ਨਹੀਂ ਸੀ। ਜਦੋਂ ਬਲੋਚੀ ਆਪਣੇ ਇਲਾਕੇ ਨੂੰ ਚਲੇ ਗਏ ਤਾਂ ਅਹਿਮਦ ਸ਼ਾਹ ਅਫ਼ਗਾਨਿਸਤਾਨ ਵੱਲ ਨੂੰ ਹੋ ਤੁਰਿਆ।[169]

---

167. *ਤਾਰੀਖ-ਇ-ਪਟਿਆਲਾ*, ਪੰਨੇ 57-59; *ਆਲਾ ਸਿੰਘ*, ਪੰਨੇ 246-47.

168. ਜੰਗਨਾਮਾ ਦੇ ਲੇਖਕ ਨੂੰ ਸਿੱਖਾਂ ਵਿਚ ਇਤਨੀ ਬਹਾਦਰੀ ਦਿਸੀ ਕਿ ਉਹਆਪਣੇ ਆਪ ਇਕਦਮ ਹੀ ਸਿੱਖਾਂ ਨੂੰ ਅਪਮਾਨਜਨਕ ਨਾਵਾਂ ਨਾਲ ਸੰਬੋਧਨ ਕਰਨ ਜਾ ਪੁਕਾਰਨ ਤੋਂ ਰੋਕ ਲੈਂਦਾ ਹੈ ਅਤੇ ਨਿਰਸੰਕੋਚ ਉਨ੍ਹਾਂ ਦੀ ਉਸਤਤ ਕਰਦਾ ਹੈ। ਉਹ ਲਿਖਦਾ ਹੈ, "ਉਨ੍ਹਾਂ ਨੂੰ ਕੁੱਤੇ ਨਾ ਕਹੋ, ਕਿਉਂਕਿ ਉਹ ਸ਼ੇਰ ਹਨ ਅਤੇ ਮੈਦਾਨ (ਜੰਗ) ਵਿਚ ਸ਼ੇਰਾਂ ਦੀ ਤਰ੍ਹਾਂ ਬਹਾਦਰੀ ਦਿਖਾਉਂਦੇ ਹਨ। ਜੇ ਤੁਸੀਂ ਯੁੱਧ ਵਿਧੀ ਸਿਖਣਾ ਚਾਹੁੰਦੇ ਹੋ ਤਾਂ ਮੈਦਾਨ ਵਿਚ ਉਨ੍ਹਾਂ ਦੇ ਸਾਹਮਣੇ ਆਉ। ਉਨ੍ਹਾਂ ਵਿਚੋਂ ਹਰ ਕਿਸੇ ਦਾ ਸਰੀਰ ਚੱਟਾਨ ਦੇ ਇੱਕ ਟੁੱਕੜੇ ਦੀ ਤਰ੍ਹਾ ਹੈ ਅਤੇ ਸਰੀਰਕ ਰੋਅਬਦਾਬ ਵਿਚ ਉਨ੍ਹਾ ਵਿਚੋਂ ਹਰ ਇਕ ਪੰਜਾਹ ਤੋਂ ਵੱਧ ਆਦਮੀਆਂ ਦੇ ਬਰਾਬਰ ਹੈ। ਜੋ ਉਨ੍ਹਾਂ ਦੀਆਂ ਫ਼ੋਜਾ ਭੱਜ ਤੁਰਨ ਤਾਂ ਇਹ ਨਾ ਸਮਝੋ ਕਿ ਉਹ ਮੈਦਾਨ ਛੱਡ ਕੇ ਭੱਜ ਰਹੀਆਂ ਹਨ। ਵਾਸਤਵ ਵਿਚ ਇਹ ਉਨ੍ਹਾਂ ਦੀ ਇਕ ਜੰਗੀ ਚਾਲ ਹੈ।" *ਜੰਗਨਾਮਾ*, ਪੰਨਾ 158.

169 *ਜੰਗਨਾਮਾ*, ਪੰਨੇ 129-176; *ਅਵੀ-ਉਦ-ਦੀਨ*, ਪੰਨਾ 276; ਖ਼ੁਸ਼ਵਕਤ ਰਾਏ, ਪੰਨੇ 80-81.

## ਸਿੱਖਾਂ ਦਾ ਲਾਹੌਰ ਉੱਪਰ ਕਬਜ਼ਾ

ਮਾਰਚ 1765 ਦੇ ਆਖ਼ੀਰ ਵਿਚ ਅਹਿਮਦ ਸ਼ਾਹ ਦੇ ਤੁਰ ਜਾਣ ਤੇ ਬਾਅਦ ਸਿੱਖ ਅੰਮ੍ਰਿਤਸਰ ਵਿਚ ਇਕੱਠੇ ਹੋਏ, ਅਤੇ ਉਨ੍ਹਾਂ ਨੇ 10 ਅਪ੍ਰੈਲ, 1765 ਨੂੰ ਵਿਸਾਖੀ ਵਾਲੇ ਦਿਨ ਇਕ ਗੁਰਮਤਾ ਪਾਸ ਕਰਕੇ ਲਾਹੌਰ ਉਪਰ ਕਬਜਾ ਕਰਨ ਦਾ ਫੈਸਲਾ ਕੀਤਾ। ਜਦੋਂ ਕਾਬਲੀ ਮਲ ਡੋਗਰਿਆਂ ਦੀ ਫ਼ੌਜ ਦੀ ਭਰਤੀ ਕਰਨ ਲਈ ਜੰਮੂ ਗਿਆ ਹੋਇਆ ਸੀ ਤਾਂ ਭੰਗੀ ਸਰਦਾਰ ਲਹਿਣਾ ਸਿੰਘ ਅਤੇ ਗੁੱਜਰ ਸਿੰਘ ਦੋ ਹਜਾਰ ਸੈਨਿਕਾਂ ਸਮੇਤ ਲਾਹੌਰ ਦੇ ਸਾਹਮਣੇ ਆ ਪੁੱਜੇ। ਉਨ੍ਹਾਂ ਨੇ ਬਾਗਬਾਨਪੁਰਾ ਦੇ ਕੁਝ ਅਰਾਈਆ ਨੂੰ, ਜੋ ਕਿਲ੍ਹੇ ਦੇ ਅੰਦਰ ਮਾਲੀਆਂ ਵਜੋਂ ਕੰਮ ਕਰ ਰਹੇ ਸਨ, ਆਪਣੇ ਵੱਲ ਕਰ ਲਿਆ ਅਤੇ ਉਨ੍ਹਾਂ ਦੀ ਸਹਾਇਤਾ ਨਾਲ ਉਹ 16 ਅਪ੍ਰੈਲ ਦੀ ਰਾਤ ਨੂੰ ਇਕ ਮੋਰੀ ਰਾਹੀਂ ਅੰਦਰ ਦਾਖ਼ਿਲ ਹੋ ਗਏ। ਗੁੱਜਰ ਸਿੰਘ ਸਭ ਤੋਂ ਪਹਿਲਾਂ ਤੇ ਉਸ ਪਿੱਛੋਂ ਲਹਿਣਾ ਸਿੰਘ ਅੰਦਰ ਦਾਖਿਲ ਹੋਇਆ। ਮੁਜ਼ੰਗ ਦਾ ਤਾਰਾ ਸਿੰਘ ਪੰਝੀ ਆਦਮੀਆਂ ਦੀ ਇਕ ਟੋਲੀ ਲੈ ਕੇ ਬਾਹਰ ਨਿਕਲਿਆ ਅਤੇ ਕਾਬਲੀ ਮਲ ਦੇ ਭਤੀਜੇ ਅਮੀਰ ਸਿੰਘ ਦੇ ਦੁਚਿੱਤੇ ਸਾਥੀਆਂ ਨੂੰ ਖਿੰਡਾ ਕੇ ਉਸ ਨੂੰ ਆਪਣੇ ਕਬਜੇ ਵਿਚ ਕਰ ਲਿਆ। ਕੁਝ ਲੋਕ ਕਹਿੰਦੇ ਹਨ ਕਿ ਉਹ ਉਦੋਂ ਫੜਿਆ ਗਿਆ ਜਦੋਂ ਉਹ ਨਾਚ ਕਰਨ ਵਾਲੀਆਂ ਕੁੜੀਆ ਨਾਲ ਰੰਗਰਲੀਆਂ ਮਨਾਉਣ ਵਿਚ ਰੁੱਝਾ ਹੋਇਆ ਸੀ। ਅਗਲੇ ਦਿਨ ਸਵੇਰੇ ਹੀ ਪਿੰਡ ਨਿਆਜਬੇਗ ਦਾ ਸੋਭਾ ਸਿੰਘ ਕਨ੍ਹੱਈਆ ਵੀ ਭੰਗੀ ਸਰਦਾਰਾਂ ਨਾਲ ਆ ਸ਼ਾਮਿਲ ਹੋਇਆ ਅਤੇ ਉਨ੍ਹਾਂ ਨੇ ਲਾਹੌਰ ਸ਼ਹਿਰ ਅਤੇ ਇਸ ਦੇ ਆਲੇ ਦੁਆਲੇ ਦੇ ਇਲਾਕੇ ਨੂੰ ਆਪਣੇ ਵਿਚਕਾਰ ਵੰਡ ਲਿਆ।

ਥੋੜ੍ਹੇ ਹੀ ਸਮੇਂ ਵਿਚ ਸਾਰਾ ਇਲਾਕਾ, ਜੋ ਵਿਦੇਸ਼ੀ ਰਾਜ ਤੋਂ ਮੁਕਤ ਕਰਵਾਇਆ ਗਿਆ ਸੀ ਸਿੱਖਾਂ ਦੇ ਹੱਥਾਂ ਵਿਚ ਆ ਗਿਆ।

ਖਾਲਸੇ ਨੇ ਇਸ ਪ੍ਰਾਪਤੀ ਨੂੰ ਗੁਰੂ ਦੀ ਖਾਸ ਕਿਰਪਾ ਦਾ ਸਦਕਾ ਸਮਝਿਆ ਅਤੇ ਜਦੋਂ ਉਨ੍ਹਾਂ ਨੇ ਆਪਣੇ ਸਿੱਕੇ ਜਾਰੀ ਕੀਤੇ ਤਾਂ ਉਨ੍ਹਾਂ ਨੇ ਸਿੱਕਿਆ ਦੀ ਹੇਠ ਲਿਖੀ ਉਸੇ ਲਿਖਤ ਨੂੰ ਅਪਣਾਇਆ ਜੋ ਪਹਿਲਾਂ ਬੰਦਾ ਸਿੰਘ ਦੀਆਂ ਮੋਹਰਾਂ ਅਤੇ ਜੱਸਾ ਸਿੰਘ ਦੇ ਸਿੱਕਿਆਂ ਤੇ ਅੰਕਤ ਹੋ ਚੁੱਕੀ ਸੀ ਜਿਵੇਂ ਕਿ :

*ਦੇਗ਼ ਓ ਤੇਗ਼ ਓ ਫਤਹਿ ਓ ਨੁਸਰਤ ਬੇ-ਦਰੰਗ*
*ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ*

ਅਰਥਾਤ : ਦੇਗ਼ ਤੇਗ਼ ਜਿਤ ਸੇਵ ਨਿਰਾਲਮ
ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਤੋਂ ਪਾਈ।

# ਪੁਸਤਕ ਸੂਚੀ

## ਪੰਜਾਬੀ


ਅਰਜਨ ਦੇਵ (ਗੁਰੂ) — *ਗੁਰੂ ਗ੍ਰੰਥ ਸਾਹਿਬ*। ਸਿੱਖ ਦਾ ਇਹ ਪਵਿੱਤਰ ਗ੍ਰੰਥ 1604 ਈ. ਵਿਚ ਸੰਪਾਦਿਤ ਕੀਤਾ ਗਿਆ। ਇਸ ਦੀ ਪਹਿਲੀ ਬੀੜ ਜਲੰਧਰ ਦੇ ਲਾਗੇ ਕਰਤਾਰਪੁਰ ਦੇ ਗੁਰਦੁਆਰੇ ਵਿਚ ਰਖੀ ਗਈ ਸੀ। ਇਹ ਗ੍ਰੰਥ ਗੁਰਮੁਖੀ, ਦੇਵਨਾਗਰੀ ਅਤੇ ਫਾਰਸੀ ਲਿਪੀਆਂ ਵਿਚ ਛਪ ਚੁੱਕਾ ਹੈ। ਇਸ ਦੇ ਕੁਝ ਭਾਗਾਂ ਦੇ ਅੰਗ੍ਰੇਜ਼ੀ ਅਨੁਵਾਦ 1877 ਵਿਚ ਲੰਡਨ ਵਿਚ ਅਰਨਿਸਟ ਟਰੰਪ ਨੇ ਅਤੇ 1909 ਵਿਚ ਐਮ. ਏ. ਮੈਕਾਲਿਫ ਨੇ ਆਕਸਫੋਰਡ ਵਿਚ ਛਾਪੇ ਸਨ। ਹੁਣ ਥੋੜ੍ਹਾ ਸਮਾਂ ਹੋਇਆ ਇਸ ਦੇ ਮੁਕੰਮਲ ਅੰਗ੍ਰੇਜ਼ੀ ਅਨੁਵਾਦ ਡਾ. ਗੋਪਾਲ ਸਿੰਘ ਅਤੇ ਸ੍ਰੀ ਮਨਮੋਹਨ ਸਿੰਘ ਨੇ ਵੀ ਛਾਪੇ ਹਨ। ਜਪੁਜੀ, ਆਸਾ ਦੀ ਵਾਰ ਅਤੇ ਸੁਖਮਨੀ ਦਾ ਤੇਜਾ ਸਿੰਘ ਨੇ ਅਨੁਵਾਦ ਕੀਤਾ ਸੀ।

ਸਰੂਪ ਦਾਸ ਭੱਲਾ — *ਮਹਿਮਾ ਪ੍ਰਕਾਸ਼*। ਇਹ ਪੁਸਤਕ ਵਾਰਤਕ ਅਤੇ ਕਵਿਤਾ ਦੋਨਾਂ ਵਿਚ ਹੈ। ਇਹ ਪੁਸਤਕ 1830 ਬਿਕਰਮੀ (1773 ਈ.) ਵਿਚ ਲਿਖੀ ਗਈ ਸੀ।

ਸੁਖਾ ਸਿੰਘ (ਭਾਈ) — *ਗੁਰਬਿਲਾਸ ਦਸਵੀਂ ਪਾਤਸ਼ਾਹੀ*। ਇਹ ਪੁਸਤਕ ਲਗਪਗ 1854 ਬਿਕਰਮੀ (1767 ਈ.) ਵਿਚ ਤਿਆਰ ਕੀਤੀ ਗਈ ਸੀ। ਇਹ ਲਾਹੌਰ ਵਿਚ ਛਪੀ ਸੀ। ਇਸ ਪੁਸਤਕ ਵਿਚ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਵ੍ਰਿਤਾਂਤ ਕਵਿਤਾ ਵਿਚ ਦਿੱਤਾ ਹੋਇਆ ਹੈ।

ਸੇਵਾ ਦਾਸ — 'ਪਰਚੀਆਂ'। ਸਿੱਖ ਗੁਰੂ ਸਾਹਿਬਾਨ ਦੇ ਜੀਵਨ ਨਾਲ ਸੰਬੰਧਿਤ ਸਾਖੀਆਂ ਇਸ ਪੁਸਤਕ ਵਿਚ ਅੰਕਿਤ ਹਨ। ਇਸ ਦਾ ਹੱਥ ਲਿਖਤੀ ਖਰੜਾ ਖਾਲਸਾ ਕਾਲਜ, ਅੰਮ੍ਰਿਤਸਰ, ਵਿਚ ਹੈ ਜਿਸ ਉਪਰ ਕੋਈ ਮਿਤੀ ਨਹੀਂ ਹੈ।

ਸੈਨਾਪਤੀ — *ਸ੍ਰੀ ਗੁਰ ਸੋਭਾ*। ਸੈਨਾਪਤੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਕਾਲੀ ਅਤੇ ਦਰਬਾਰੀ ਕਵੀ ਸੀ। ਇਸ ਪੁਸਤਕ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਅੰਤਿਮ ਅੱਠ ਸਾਲਾਂ ਦਾ ਹਾਲ ਕਵਿਤਾ ਵਿਚ ਅੰਕਿਤ ਕੀਤਾ ਗਿਆ ਹੈ। ਇਹ ਪੁਸਤਕ 1925 ਈ. ਵਿਚ ਅੰਮ੍ਰਿਤਸਰ ਦੇ ਨਾਨਕ ਸਿੰਘ ਅਤੇ ਕਿਰਪਾਲ ਸਿੰਘ ਨੇ ਛਾਪੀ ਸੀ।

ਸੰਤੋਖ ਸਿੰਘ (ਭਾਈ) — *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*। ਇਹ ਗ੍ਰੰਥ 'ਸੂਰਜ ਪ੍ਰਕਾਸ਼,' ਜਿਸ ਵਿਚ 'ਨਾਨਕ ਪ੍ਰਕਾਸ਼' ਵੀ ਸ਼ਾਮਿਲ ਹੈ, ਦੇ ਨਾਂ ਨਾਲ ਮਸ਼ਹੂਰ ਹੈ, ਜੋ 1843 ਈ. ਵਿਚ ਸੰਪੂਰਨ ਹੋਇਆ ਸੀ। ਇਹ ਕੈਖਸਟਨ ਪ੍ਰੈਸ, ਲਾਹੌਰ ਵਿਚ ਛਪਿਆ ਸੀ। ਇਸ ਉਪਰ ਛਪਣ ਦੀ ਮਿਤੀ ਨਹੀਂ ਹੈ। ਇਸ ਦਾ ਟਿੱਪਣੀਆਂ ਅਤੇ ਵਿਆਖਿਆ ਸਹਿਤ ਐਡੀਸ਼ਨ ਅੰਮ੍ਰਿਤਸਰ ਵਿਚ 1926-34 ਵਿਚ (ਭਾਈ ਵੀਰ ਸਿੰਘ ਜੀ ਵੱਲੋਂ) ਖਾਲਸਾ ਸਮਾਚਾਰ ਪ੍ਰੈਸ ਨੇ ਛਾਪਿਆ ਸੀ।

ਕਰਮ ਸਿੰਘ — *ਮਹਾਰਾਜਾ ਆਲਾ ਸਿੰਘ*। ਇਹ ਪੁਸਤਕ ਖਾਲਸਾ ਪ੍ਰਚਾਰਕ ਵਿਦਿਆਲਾ, ਤਰਨ ਤਾਰਨ, ਨੇ 1875 ਬਿਕਰਮੀ ਅਰਥਾਤ 1819 ਈ. ਨੂੰ ਛਾਪਿਆ ਸੀ।

— *ਬੰਦਾ ਬਹਾਦਰ*। ਇਹ ਪੁਸਤਕ ਚੀਫ਼ ਖਾਲਸਾ ਦੀਵਾਨ, ਅੰਮ੍ਰਿਤਸਰ, ਨੇ ਛਾਪੀ ਸੀ।

— *ਗੁਰਪੁਰਬ ਨਿਰਣਯ*। ਇਹ ਸਿੱਖ ਗੁਰੂਆਂ ਦੀ ਤਿਥਾਵਲੀ ਹੈ।

ਕਾਹਨ ਸਿੰਘ (ਭਾਈ) — *ਗੁਰ ਸ਼ਬਦ ਰਤਨਾਕਰ ਮਹਾਨਕੋਸ਼*। ਇਹ ਸਿੱਖ ਸਾਹਿਤ ਦਾ ਇਨਸਾਈਕਲੋਪੀਡੀਆ ਹੈ ਜੋ ਪਟਿਆਲਾ ਸਰਕਾਰ ਨੇ 1931 ਈ. ਵਿਚ ਚਾਰ ਜਿਲਦਾਂ ਵਿਚ ਛਾਪਿਆ ਸੀ।

ਕੇਸਰ ਸਿੰਘ ਛਿੱਬਰ — *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ*। ਹੱਥ ਲਿਖਤ 1836 ਬਿਕਰਮੀ (1780 ਈ.)। ਇਸ ਦਾ ਖਰੜਾ ਖਾਲਸਾ ਕਾਲਜ, ਅੰਮ੍ਰਿਤਸਰ, ਵਿਚ ਸੰਭਾਲਿਆ ਹੋਇਆ ਹੈ। ਇਹ ਪੁਸਤਕ ਸਿੱਧ ਪਧਰੀ ਤੁਕਬੰਦੀ ਵਿਚ ਹੈ। ਇਸ ਪੁਸਤਕ ਦਾ ਲੇਖਕ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਦਾ ਸਮਕਾਲੀ ਸੀ ਅਤੇ ਅਠਾਰਵੀਂ ਸਦੀ ਦੀਆਂ ਬਹੁਤ ਸਾਰੀਆਂ ਘਟਨਾਵਾਂ ਦਾ ਇਸ ਨੂੰ ਅੱਖੀਂ-ਡਿੱਠਾ ਗਿਆਨ ਸੀ।

ਗਿਆਨ ਸਿੰਘ — *ਪੰਥ ਪ੍ਰਕਾਸ਼*। ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ, ਨੇ ਇਹ ਪੁਸਤਕ ਛਾਪੀ ਤੇ ਇਸ ਦੀ ਪੰਜਵੀਂ ਛਾਪ ਵਰਤੀ ਗਈ ਹੈ। ਇਸ ਵਿਚ ਕਵਿਤਾ ਦੇ ਰੂਪ ਵਿਚ ਸਿੱਖਾਂ ਦੇ ਇਤਿਹਾਸ ਦੇ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਨਾਮਧਾਰੀ ਲਹਿਰ ਨੂੰ ਦਬਾਉਣ ਤਕ ਦੇ ਹਾਲਾਤ ਦਰਜ ਹਨ।

— *ਤਵਾਰੀਖ ਗੁਰੂ ਖਾਲਸਾ*। ਇਸ ਵਿਚ ਸ਼ਮਸ਼ੇਰ ਖਾਲਸਾ ਵੀ ਸ਼ਾਮਿਲ ਹੈ। ਇਹ ਖਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ, ਵੱਲੋਂ ਪੰਜਾਬੀ ਅਤੇ ਉਰਦੂ ਵਿਚ ਛੇ ਜਿਲਦਾਂ ਵਿਚ ਛਪੀ ਸੀ। ਇਸ ਵਿਚ ਗੁਰੂ ਨਾਨਕ ਜੀ ਤੋਂ ਲੈ ਕੇ ਸਿੱਖ ਰਾਜ ਦੇ ਸਮਾਪਤ ਹੋਣ ਤਕ ਦਾ ਵਿਸਤਾਰ-ਪੂਰਵਕ ਇਤਿਹਾਸ ਹੈ। ਇਸ ਦੀਆਂ ਮਿਤੀਆਂ ਸਦਾ ਭਰੋਸੇਯੋਗ ਨਹੀਂ ਹੁੰਦੀਆਂ।

— *ਨਿਰਮਲ ਪੰਥ ਪ੍ਰਦੀਪਕਾ*। ਇਹ ਪੁਸਤਕ ਸਿੱਖਾਂ ਵਿਚ ਨਿਰਮਲੇ ਮਤ ਦਾ ਇਤਿਹਾਸ ਹੈ।

ਗੁਰਦਾਸ (ਭਾਈ) — *ਵਾਰਾਂ*। ਭਾਈ ਗੁਰਦਾਸ ਤੀਸਰੇ, ਚੌਥੇ, ਪੰਜਵੇਂ ਅਤੇ ਛੇਵੇਂ ਗੁਰੂ ਸਾਹਿਬਾਨ ਦਾ ਸਮਕਾਲੀ ਸੀ। ਵਾਰਾਂ ਗੁਰਮੁਖੀ ਵਿਚ ਛਪੀਆਂ ਹਨ। ਇਹ ਪੁਸਤਕ ਸੰਪੂਰਨ ਪੰਜਾਬੀ ਕਵਿਤਾ ਵਿਚ ਹੈ। ਇਸ ਵਿਚ ਪਹਿਲੇ ਛੇ ਗੁਰੂਆਂ ਦਾ ਸੰਖੇਪ ਬਿਰਤਾਂਤ ਹੈ ਅਤੇ ਭਾਰਤ ਤੇ ਵਿਦੇਸ਼ਾਂ ਵਿਚ ਵੱਖ-ਵੱਖ ਸਿੱਖ ਕੇਂਦਰਾਂ ਵਿਚ ਰਹਿੰਦੇ ਪ੍ਰਸਿੱਧ ਸਿੱਖਾਂ ਦਾ ਹਾਲ ਵੀ ਹੈ।

'ਗੁਰਬਿਲਾਸ ਛੇਵੀਂ ਪਾਤਸ਼ਾਹੀ' — ਇਹ ਪੁਸਤਕ ਛੇਵੇਂ ਗੁਰੂ ਸਾਹਿਬ ਦੀ ਜੀਵਨੀ ਹੈ।

ਗੋਬਿੰਦ ਸਿੰਘ (ਗੁਰੂ) — *ਦਸਮ ਗ੍ਰੰਥ ਜਾਂ ਦਸਵੇਂ ਪਾਤਸ਼ਾਹ ਕਾ ਗ੍ਰੰਥ*। ਇਸ ਵਿਚ ਹੀ ਵਚਿਤ੍ਰ ਨਾਟਕ ਹੈ ਜਿਸ ਤੋਂ ਗੁਰੂ ਸਾਹਿਬ ਜੀ ਦੀ ਮੁੱਢਲੀ ਜ਼ਿੰਦਗੀ ਅਤੇ ਉਨ੍ਹਾਂ ਦੀਆਂ ਪਹਾੜੀ ਰਾਜਿਆਂ ਅਤੇ ਮੁਗ਼ਲ ਫ਼ੌਜਾਂ ਨਾਲ ਹੋਈਆਂ ਕੁਝ ਲੜਾਈਆਂ ਦਾ ਵਿਸਤਾਰ-ਪੂਰਵਕ ਹਾਲ ਦਰਜ ਹੈ।

ਸਰਵ-ਲੋਹ ਨਾਂ ਦੀ ਹੱਥ-ਲਿਖਤ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਰਚਨਾ ਮੰਨੀ ਜਾਂਦੀ ਹੈ। ਉਨ੍ਹਾਂ ਨੇ ਕੁਝ ਹੁਕਮਨਾਮੇ ਵੱਖ-ਵੱਖ ਸਿੱਖਾਂ ਅਤੇ ਸਿੱਖ-ਸੰਗਤਾਂ ਨੂੰ ਭੇਜੇ ਸਨ।

| | |
|---|---|
| *ਚਤਰਯੁਗੀ* | ਇਹ ਹੱਥ-ਲਿਖਤ ਅੰਮ੍ਰਿਤਸਰ ਦੇ ਭਾਈ ਸਾਹਿਬ ਡਾ. ਵੀਰ ਸਿੰਘ ਜੀ ਪਾਸ ਸੀ। |
| ਤੇਗ਼ ਬਹਾਦਰ (ਗੁਰੂ) | *ਹੁਕਮਨਾਮੇ।* ਇਹ ਪਟਨੇ ਦੇ ਸਿੱਖਾਂ ਵੱਲ ਲਿਖੀਆਂ ਗਈਆਂ ਚਿੱਠੀਆ ਹਨ ਜੋ ਪਟਨਾ ਦੇ ਤਖਤ ਹਰਿਮੰਦਰ ਸਾਹਿਬ ਵਿਚ ਸੰਭਾਲ ਕੇ ਰਖੀਆਂ ਹੋਈਆਂ ਹਨ। |
| ਨੰਦ ਲਾਲ (ਭਾਈ) | *ਤਨਖਾਹਨਾਮਾ।* ਇਹ ਪੁਸਤਕ ਸਿੱਖ ਰਹਿਤ ਸੰਬੰਧੀ ਹੈ। ਭਾਈ ਨੰਦ ਲਾਲ ਦੀਆਂ ਕਿਰਤਾਂ ਵਿਚ ਸਿੱਖ ਹਿਸਟੋਰੀਕਲ ਸੁਸਾਇਟੀ, ਅੰਮ੍ਰਿਤਸਰ, ਵੱਲੋਂ 1949 ਵਿਚ ਛਪੀ ਸੀ। |
| *ਪੁਰਾਤਨ ਜਨਮ ਸਾਖੀ* | ਇਸ ਨੂੰ ਵਲਾਇਤ ਵਾਲੀ ਜਨਮ ਸਾਖੀ ਵੀ ਕਿਹਾ ਜਾਂਦਾ ਹੈ। ਇਸ ਦੇ ਕਰਤਾ ਦੇ ਨਾਂਉਂ ਦਾ ਪਤਾ ਨਹੀਂ। ਐਚ. ਟੀ. ਕੋਲਬਰੁਕ ਨੇ ਇਹ ਜਨਮ ਸਾਖੀ ਈਸਟ ਇੰਡੀਆ ਕੰਪਨੀ ਦੇ ਇੰਡੀਆ ਆਫ਼ਿਸ (ਲੰਡਨ) ਨੂੰ ਭੇਂਟ ਕੀਤੀ ਸੀ। ਹੱਥ-ਲਿਖਤ ਦੀ ਫੋਟੋ ਕਾਪੀ ਲਿਆ ਕੇ ਪੰਜਾਬ ਸਰਕਾਰ ਨੇ 1885 ਵਿਚ ਡੇਹਰਾਦੂਨ ਦੇ ਸਥਾਨ ਤੇ ਛਾਪੀ ਸੀ। 'ਪੁਰਾਤਨ ਜਨਮ ਸਾਖੀ' ਦੇ ਨਾਂ ਥੱਲੇ ਇਹ ਵਜੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਨੇ ਵੀ ਛਾਪੀ ਸੀ। |
| *ਪ੍ਰੇਮ ਸੁਮਾਰਗ* | ਇਹ ਸਿੱਖ ਰਹਿਤ ਸੰਬੰਧੀ ਇਕ ਪੁਸਤਕ ਹੈ। ਇਹ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਿਖੀ ਗਈ ਸਮਝੀ ਜਾਂਦੀ ਹੈ। |
| ਬੁਧ ਸਿੰਘ (ਪੁੰਛ ਵਾਲੇ) | *ਗੁੱਝੇ ਹੀਰੇ।* ਇਹ ਪੁਸਤਕ 1927 ਵਿਚ ਛਪੀ ਸੀ ਜਿਸ ਵਿਚ ਕਸ਼ਮੀਰ ਦੇ ਪ੍ਰਮੁੱਖ ਸਿੱਖ ਪ੍ਰਚਾਰਕਾਂ ਦਾ ਹਾਲ ਦਰਜ ਹੈ। |
| ਮਨੀ ਸਿੰਘ (ਭਾਈ) | *ਜਨਮ ਸਾਖੀ ਗੁਰੂ ਨਾਨਕ ਜੀ ਦੀ।* ਇਹ ਸੰਸਕ੍ਰਿਤ ਬੁਕ ਡਿਪੋ, ਲਾਹੌਰ, ਦੁਆਰਾ 1894 ਵਿਚ ਛਪੀ ਸੀ। ਇਸ ਵਿਚ ਗੁਰੂ ਨਾਨਕ ਦੇਵ ਜੀ ਦਾ ਜੀਵਨ-ਵ੍ਰਿਤਾਂਤ ਹੈ ਅਤੇ ਇਸ ਪੁਸਤਕ ਦੇ ਅੰਤਿਮ ਅਧਿਆਇ ਵਿਚ ਗੁਰੂ ਨਾਨਕ ਦੇਵ ਜੀ ਦੇ ਉੱਤਰਾਧਿਕਾਰੀਆਂ ਦਾ ਗੁਰੂ ਹਰਿ ਗੋਬਿੰਦ ਸਾਹਿਬ ਦੇ ਗੱਦੀ ਤੇ ਬੈਠਣ ਸਮੇਂ ਤਕ ਦਾ ਹਾਲ ਹੈ। |
| | *ਭਗਤ ਰਤਨਾਵਲੀ।* ਇਹ ਭਾਈ ਗੁਰਦਾਸ ਦੀ ਗਿਆਰਵੀਂ ਵਾਰ ਦਾ ਵਿਸਤਾਰ ਹੈ। ਇਸ ਵਿਚ ਪਹਿਲੇ ਛੇ ਗੁਰੂਆਂ ਦੇ ਸਮੇਂ ਦੇ ਪ੍ਰਸਿੱਧ ਸਿੱਖਾਂ ਦੇ ਹਾਲ ਦਿੱਤੇ ਗਏ ਹਨ। |
| ਮੇਹਰਬਾਨ (ਪ੍ਰਿਥੀ ਚੰਦ ਦਾ ਪੁੱਤਰ) | *ਜਨਮ ਸਾਖੀ* ਜਾਂ ਗੁਰੂ ਨਾਨਕ ਸਾਹਿਬ ਦੀ ਜੀਵਨ-ਕਥਾ ਹੈ। ਇਸ ਹੱਥ-ਲਿਖਤ ਦਾ ਖਰੜਾ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਹੈ। |
| *ਰਹਿਤਨਾਮੇ* | ਭਾਈ ਦੇਸਾ ਸਿੰਘ, ਪ੍ਰਹਿਲਾਦ ਸਿੰਘ, ਆਦਿ ਦੇ ਰਹਿਤਨਾਮੇਂ ਛਪੇ ਹੋਏ ਮਿਲਦੇ ਹਨ। |
| ਰਤਨ ਸਿੰਘ ਭੰਗੂ (ਸ਼ਹੀਦ) | *ਪ੍ਰਾਚੀਨ ਪੰਥ ਪ੍ਰਕਾਸ਼।* ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸਿੱਖ ਮਿਸਲਾਂ ਤਕ ਕਵਿਤਾ ਵਿਚ ਲਿਖਿਆ ਇਹ ਸਿੱਖ ਇਤਿਹਾਸ ਹੈ। ਇਹ ਵਜੀਰ ਹਿੰਦ ਪ੍ਰੈਸ, ਅੰਮ੍ਰਿਤਸਰ, ਵਿਚ ਛਪਿਆ ਸੀ। ਆਰੰਭ ਵਿਚ ਇਹ ਕਰਨਰ ਅਖ਼ਤਰਲੋਨੀ ਦੀ ਬੇਨਤੀ ਤੇ ਲਿਖਿਆ ਗਿਆ ਸੀ। ਇਹ ਸੰਬੰਧਿਤ ਸਮੇਂ ਬਾਰੇ ਖ਼ੁਸ਼ਵਕਤ ਰਾਏ, ਬੂਟੇ ਸ਼ਾਹ ਅਤੇ ਦੂਜਿਆਂ ਨਾਲੋਂ ਵਧੇਰੇ ਭਰੋਸੇਯੋਗ ਅਤੇ ਵਧੇਰੇ ਸੁਤੰਤਰ ਵ੍ਰਿਤਾਂਤ ਹੈ। |
| ਰਾਮਸੁਖ ਰਾਉ | *ਜੱਸਾ ਸਿੰਘ ਬਿਨੋਦ।* ਇਹ ਵਾਰਤਕ ਵਿਚ ਰਚੀ ਇਕ ਹੱਥਲਿਖਤ ਹੈ ਜੋ ਕਪੂਰਥਲਾ ਸਟੇਟ ਦੀ ਲਾਇਬ੍ਰੇਰੀ ਵਿਚ ਸੰਭਾਲੀ ਪਈ ਹੈ। ਇਸ ਦੀ ਇਕ ਕਾਪੀ ਪੰਜਾਬ ਸਟੇਟ ਆਰਕਾਈਵਜ, ਪਟਿਆਲਾ ਵਿਚ ਵੀ ਹੈ। ਇਹ ਕਪੂਰਥਲਾ ਰਾਜ ਦੇ ਮੋਢੀ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਜੀਵਨੀ ਹੈ। |

ਫ਼ਾਰਸੀ

ਅਹਿਮਦ ਸ਼ਾਹ ਬਟਾਲੀਆ *ਤਵਾਰੀਖ-ਇ-ਹਿੰਦ।* ਇਹ ਹੱਥ-ਲਿਖਤ 1233 ਹਿਜਰੀ (1818 ਈ.) ਵਿਚ ਤਿਆਰ ਹੋਈ ਸੀ। ਇਸ ਵਿਚ ਪੰਜਾਬ ਦਾ ਇਤਿਹਾਸ ਹੈ।

— 'ਜ਼ਿਕਰ ਗੁਰੂਆਂ ਵਾ ਇਬਤਦਾ-ਇ-ਸਿੰਘਾਂ ਵਾ ਮਜ਼ਹਬ-ਇ-ਏਸ਼ਾਂ'। ਇਹ ਉਪਰ ਦਸੀ 'ਤਵਾਰੀਖ-ਇ-ਹਿੰਦ' ਦਾ ਹੀ ਭਾਗ ਹੈ। ਇਹ ਭਾਗ ਸੋਹਨ ਲਾਲ ਦੀ ਪੁਸਤਕ 'ਉਮਦਾਤੁ-ਤਵਾਰੀਖ' ਦੀ ਪਹਿਲੀ ਜਿਲਦ ਤੇ ਅੰਤਿਕਾ ਵਜੋਂ ਵੀ ਛਪਿਆ ਸੀ।

ਅਹਿਮਦ ਯਾਦਗਾਰ *ਤਾਰੀਖ-ਸਲਾਤੀਨ-ਇ-ਅਫ਼ਾਗਿਨਾਂ।* ਇਸ ਹੱਥ-ਲਿਖਤ ਉਪਰ ਲਿਖਣ ਦੀ ਮਿਤੀ ਦਰਜ ਨਹੀਂ ਹੈ। ਇਹ ਪੁਸਤਕ ਅਫਗਾਨ ਬਾਦਸ਼ਾਹਾਂ ਦਾ ਇਤਿਹਾਸ ਹੈ।

*ਅਹਿਵਾਲ-ਇ-ਅਦੀਨਾ ਬੇਗ।* ਇਹ ਹੱਥ-ਲਿਖ਼ਤੀ ਰੂਪ ਵਿਚ ਹੀ ਹੈ। ਇਹ ਪੁਸਤਕ ਕਰਤਾਰਪੁਰ ਦੇ ਇਕ ਸੋਢੀ ਨੇ ਰਚੀ ਸੀ।

*ਅਖ਼ਬਾਰ-ਇ-ਦਰਬਾਰ-ਇ-ਮੁਅੱਲਾ।* ਇਹ ਹੱਥ-ਲਖਤ ਜੈਪੁਰ ਦੇ ਪੁਰਾਣੇ ਇਤਿਹਾਸਕ ਰਿਕਾਰਡ ਵਿਭਾਗ ਵਿਚ ਸੰਭਾਲੀ ਹੋਈ ਹੈ।

ਅਨੰਦ ਰਾਮ ਮੁਖਲਿਸ *ਤਜ਼ਕਿਰਾ।* ਇਸ ਹੱਥ-ਲਿਖਤ ਵਿਚ ਜੀਵਨੀਆਂ ਅੰਕਿਤ ਕੀਤੀਆਂ ਗਈਆਂ ਹਨ ਅਤੇ ਇਸ ਵਿਚ ਜ਼ਕਰੀਆ ਖ਼ਾਂ ਅਤੇ ਉਸ ਦੇ ਪੁੱਤਰਾਂ ਸਮੇਂ ਲਾਹੌਰ ਦੀ ਸਰਕਾਰ ਸੰਬੰਧੀ ਕਈ ਹਵਾਲੇ ਸ਼ਾਮਿਲ ਹਨ।

ਅਬਦੁਲ ਕਰੀਮ *ਬਿਆਨ-ਇ-ਵਾਕਈ।* ਇਹ ਹੱਥ-ਲਿਖਤ 1199 ਹਿਜਰੀ (1785 ਈ.) ਵਿਚ ਤਿਆਰ ਕੀਤੀ ਗਈ ਸੀ। ਇਹ ਨਾਦਰ ਸ਼ਾਹ ਦਾ ਇਤਿਹਾਸ ਹੈ ਜੋ 1738-39 ਈ. ਵਿਚ ਉਸ ਦੇ ਭਾਰਤ ਉੱਤੇ ਕੀਤੇ ਹਮਲੇ ਤੋਂ ਲੈਕੇ 1747 ਈ. ਵਿਚ ਹੋਈ ਉਸ ਦੀ ਮੌਤ ਤਕ ਹੈ।

ਅਬੁਲ ਫਜਲ *ਅਕਬਰਨਾਮਾ।* ਇਹ ਪੁਸਤਕ ਨਵਲ ਕਿਸ਼ੋਰ ਪ੍ਰੈਸ, ਲਖਨਊ, ਵਿਚ 1883 ਈ. ਵਿਚ ਛਪੀ ਸੀ।

ਅਮੀਨ-ਉਦ-ਦੌਲਾ *ਰੁਕਾਤਿ-ਇ-ਅਮੀਨ-ਉਦ-ਦੌਲਾ।* ਇਹ ਹੱਥ-ਲਿਖਤ 1124-1131 ਹਿਜਰੀ (1712-1719 ਈ.), ਵਿਚ ਤਿਆਰ ਹੋਈ ਸੀ। ਇਸ ਹੱਥ-ਲਿਖਤ ਨੂੰ ਯਾਰ ਮੁਹੰਮਦ ਦਾ 'ਦਸਤੂਰ-ਉਲ-ਇਨਸ਼ਾ' ਵੀ ਕਿਹਾ ਜਾਂਦਾ ਹੈ।

ਅਲੀ-ਉਦ-ਦੀਨ ਮੁਫ਼ਤੀ *ਇਬਰਤਨਾਮਾ।* ਇਹ ਹੱਥ-ਲਿਖਤ 1854, ਵਿਚ ਤਿਆਰ ਕੀਤੀ ਗਈ ਸੀ। ਇਹ ਪੁਸਤਕ ਪਹਿਲੇ ਅੰਗ੍ਰੇਜ਼-ਸਿੱਖ ਯੁੱਧ ਤਕ ਲਿਖੀ ਹੋਈ ਪੰਜਾਬ ਦੀ ਤਵਾਰੀਖ ਹੈ। ਇਹ ਪੁਸਤਕ ਪੰਜਾਬੀ ਅਦਬੀ ਅਕੈਡਮੀ, ਲਾਹੌਰ, (1961) ਨੇ ਛਾਪੀ ਸੀ।

*ਐਸ. ਪੀ. ਡੀ.* (ਪੇਸ਼ਵਾ ਦਫ਼ਤਰਾਂ ਵਿਚੋਂ ਚੁਣੀਆਂ ਹੋਈਆਂ ਘਟਨਾਵਾਂ), ਇਹ ਫ਼ਾਰਸੀ ਦੀ ਪੁਸਤਕ ਹੈ ਜਿਸ ਨੂੰ ਜੀ. ਐਸ. ਸਰਦੇਸਾਈ ਨੇ ਸੰਪਾਦਿਤ ਕੀਤਾ ਸੀ।

ਇਨਾਇਤੁੱਲਾ ਇਸਮੀ *ਅਹਿਕਾਮ-ਇ-ਆਲਮਗੀਰੀ।* ਇਸ ਹੱਥ-ਲਿਖਤ ਵਿਚ ਔਰੰਗਜ਼ੇਬ ਦੀਆਂ ਉਹ ਚਿੱਠੀਆਂ ਦਰਜ ਹਨ ਜਿਨ੍ਹਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੀਆਂ ਪੰਜਾਬ ਵਿਚ ਕਾਰਵਾਈਆਂ ਵੱਲ ਇਕੇ ਦੁਕੇ ਹਵਾਲੇ ਹਨ।

ਇਮਾਮ-ਉਦ-ਦੀਨ ਹੁਸੈਨੀ *ਤਾਰੀਖ-ਇ-ਹੁਸ਼ੈਨ ਸ਼ਾਹੀ।* ਇਹ ਹੱਥ-ਲਿਖਤ 1803, ਈ. ਵਿਚ ਲਿਖੀ ਗਈ ਸੀ। ਇਸ ਵਿਚ ਅਹਿਮਦ ਸ਼ਾਹ ਦੁੱਰਾਨੀ ਦਾ ਜੀਵਨ-ਵ੍ਰਿਤਾਂਤ ਦਰਜ ਹੈ।

ਇਰਾਦਤ ਖ਼ਾਂ *ਤਾਰੀਖ-ਇ-ਇਰਾਦਤ ਖ਼ਾਂ।* ਇਹ ਹੱਥ-ਲਿਖਤ 1126 ਹਿਜਰੀ (1714 ਈ.) ਵਿਚ ਲਿਖੀ ਗਈ ਸੀ। ਇਸ ਵਿਚ ਔਰੰਗਜ਼ੇਬ ਦੇ ਉਤਰਾਧਿਕਾਰੀਆਂ ਦੇ ਹਾਲਾਤ ਦਰਜ ਹਨ।

ਸੱਯਦ ਮੁਹੰਮਦ — *ਤਬਸਿਰਾਤ-ਉਲ-ਨਾਜ਼ਰੀਨ।* ਇਹ ਹੱਥ-ਲਿਖਤ 1182 ਹਿਜਰੀ (1768 ਈ.), ਵਿਚ ਤਿਆਰ ਹੋਈ ਸੀ। ਇਸ ਪੁਸਤਕ ਵਿਚ ਭਾਰਤ ਵਿਚਲੇ ਮੁਸਲਮਾਨਾਂ ਦਾ ਇਸ ਦੇ ਛਪਣ ਸਮੇਂ ਤਕ ਦਾ ਇਤਿਹਾਸ ਹੈ।

ਸ਼ਾਹ ਨਵਾਜ ਖ਼ਾਂ ਸ਼ੱਮਸ-ਉਦ-ਦੌਲਾ — *ਮੁਆਸਿਰ-ਉਲ-ਉਮਰਾ।* ਇਹ ਪੁਸਤਕ 1888-90 ਈ. ਵਿਚ ਏਸ਼ਿਆਟਕ ਸੁਸਾਇਟੀ ਆਫ਼ ਬੰਗਾਲ ਨੇ ਛਾਪੀ ਸੀ। ਇਸ ਵਿਚ ਮੁਗ਼ਲ ਕਾਲ ਦੇ ਸ਼ਾਹੀ ਰਈਸਾਂ ਅਤੇ ਕਰਮਚਾਰੀਆਂ ਦੇ ਜੀਵਨ-ਵ੍ਰਿਤਾਂਤ ਦਿੱਤੇ ਹੋਏ ਸਨ।

ਸ਼ਿਵਦਾਸ — *ਮੁਨੱਵਰ-ਉਲ-ਕਲਾਮ।* ਇਹ ਹੱਥ-ਲਿਖਤ 1134 ਹਿਜਰੀ (1722 ਈ.), ਵਿਚ ਤਿਆਰ ਹੋਈ ਸੀ। ਇਸ ਵਿਚ ਫਰੁਖ ਸੀਅਰ ਦੇ ਰਾਜ-ਕਾਲ ਅਤੇ ਮੁਹੰਮਦ ਸ਼ਾਹ ਦੇ ਪਹਿਲੇ ਚਾਰ ਸਾਲਾਂ ਨਾਲ ਸੰਬੰਧਿਤ ਇਤਿਹਾਸਕ ਗੱਲਾਂ ਹਨ।

ਸੁਜਾਨ ਰਾਏ ਭੰਡਾਰੀ — *ਖ਼ੁਲਾਸਤੁਤ-ਤਵਾਰੀਖ।* ਇਹ ਪੁਸਤਕ 1696 ਈ. ਵਿਚ ਲਿਖੀ ਗਈ ਸੀ ਜੋ ਜੀ. ਐਂਡ ਸੰਨਜ਼, ਦਿੱਲੀ, ਨੇ 1918 ਵਿਚ ਛਾਪੀ ਸੀ।

ਸੋਹਨ ਲਾਲ ਸੂਰੀ — *ਉਮਦਾਤੁ-ਤਵਾਰੀਖ।* ਇਹ ਸਿੱਖਾਂ ਦਾ ਇਕ ਵਿਸਤਾਰ-ਪੂਰਵਕ ਇਤਿਹਾਸ ਹੈ ਜੋ ਪੰਜ ਜਿਲਦਾਂ (ਭਾਗਾਂ) ਵਿਚ ਲਿਖਿਆ ਗਿਆ ਹੈ।
ਇਹ ਪੁਸਤਕ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਉੱਤਰਾਧਿਕਾਰੀਆਂ ਦੇ ਇਕ ਇਤਿਹਾਸਕਾਰ ਨੇ ਲਿਖੀ ਸੀ ਜੋ ਲਾਹੌਰ ਵਿਚ 1885-89 ਵਿਚ ਛਪੀ।

*ਹਕੀਕਤ-ਇ-ਬਿਨਾ-ਓ-ਅਰੂਜ-ਇ-ਫਿਰਕਾ-ਇ-ਸਿੱਖਾਂ।* ਇਹ ਹੱਥ-ਲਿਖਤ ਵਿਚ ਸਿੱਖਾਂ ਦੇ ਮੁੱਢ ਅਤੇ ਵਿਕਾਸ ਤੋਂ ਲੈ ਕੇ ਤੈਮੂਰ ਸ਼ਾਹ ਦੁਆਰਾ ਮੁਲਤਾਨ ਦੀ ਜਿੱਤ ਤਕ ਦੇ ਹਾਲ ਦਰਜ ਹਨ।

ਹਰਸੁਖ ਰਾਏ — *ਮਜ਼ਮਾ-ਉਲ-ਅਖਬਾਰ।* ਇਹ ਹੱਥ-ਲਿਖਤ 1220 ਹਿਜਰੀ (1805 ਈ.) ਵਿਚ ਲਿਖੀ ਗਈ ਸੀ। ਇਸ ਵਿਚ ਪੁਰਾਤਨ ਕਾਲ ਤੋਂ ਲੈ ਕੇ 1805 ਈ. ਤਕ ਦੇ ਆਮ ਇਤਿਹਾਸਕ ਹਾਲਾਤ ਦਿੱਤੇ ਗਏ ਹਨ।

ਕਾਮਵਰ ਖ਼ਾਂ — *ਤਜ਼ਕਿਰਾਤ-ਅਸ-ਸਲਾਤੀਨ-ਇ-ਚੁਘਤਈ।* ਇਹ ਹੱਥ-ਲਿਖਤ, 1723 ਈ. ਵਿਚ ਲਿਖੀ ਗਈ ਸੀ। ਇਹ ਮੁਗ਼ਲਾਂ ਦਾ ਇਤਿਹਾਸ ਮੁਹੰਮਦ ਸ਼ਾਹ ਦੇ ਰਾਜ ਦੇ ਛੇਵੇਂ ਵਰ੍ਹੇ ਤਕ ਜਾਂਦਾ ਹੈ।

ਕਿਰਪਾ ਰਾਮ — *ਗੁਲਜ਼ਾਰ-ਇ-ਕਸ਼ਮੀਰ।* ਇਸ ਵਿਚ ਕਸ਼ਮੀਰ ਦੇ ਇਤਿਹਾਸ ਅਤੇ ਉਥੋਂ ਦੀ ਭੂਗੋਲਿਕ ਸਥਿਤੀ ਦਾ ਹਾਲ ਹੈ। ਇਹ 1870 ਵਿਚ ਕੋਹਿ-ਨੂਰ ਪ੍ਰੈਸ, ਲਾਹੌਰ, ਵਿਚ ਛਪੀ ਸੀ।

ਖਾਫੀ ਖ਼ਾਂ, ਮੁਹੰਮਦ ਹਾਸ਼ਮ — *ਮੁੰਤਖਿਬੁ-ਉਲ-ਲੁਬਾਬ।* ਇਹ ਪੁਸਤਕ 1134 ਹਿਜਰੀ (1722 ਈ.), ਵਿਚ ਮੁਕੰਮਲ ਹੋਈ ਸੀ। ਇਹ 1874 ਈ. ਵਿਚ ਦੋ ਜਿਲਦਾਂ, ਵਿਚ ਏਸ਼ੀਆਟਿਕ ਸੁਸਾਇਟੀ ਆਫ਼ ਬੰਗਾਲ ਬਿਬਲੀਉਥੀਕਾ ਇੰਡੀਕਾ ਵੱਲੋਂ ਛਪੀ। ਇਹ ਮੁਗ਼ਲਾਂ ਦਾ ਇਤਿਹਾਸ ਹੈ ਜੋ ਮੁਹੰਮਦ ਸ਼ਾਹ ਦੇ ਮੁੱਢਲੇ ਸਾਲਾਂ ਤਕ ਲਿਖਿਆ ਗਿਆ ਸੀ। ਇਸ ਵਿਚ ਗੁਰੂ ਗੋਬਿੰਦ ਸਿੰਘ ਅਤੇ ਬੰਦਾ ਸਿੰਘ ਬਹਾਦਰ ਦਾ ਵੀ ਸੰਖਿਪਤ ਹਾਲ ਆਉਂਦਾ ਹੈ।

ਖੁਸ਼ਵਕਤ ਰਾਏ — *ਤਾਰੀਖ-ਇ-ਸਿੱਖਾਂ।* ਇਹ ਹੱਥ-ਲਿਖਤ ਰੂਪ ਵਿਚ ਹੀ ਹੈ, ਤੇ ਇਸ ਵਿਚ ਸਿੱਖਾਂ ਦਾ ਇਤਿਹਾਸ ਉਨ੍ਹਾਂ ਦੇ ਮੁੱਢ ਤੋਂ ਲੈ ਕੇ 1811 ਤਕ ਹੈ। ਇਹ ਕਰਨਲ ਡੇਵਡ ਅਖਤਰਲੋਨੀ ਦੇ ਕਹਿਣ ਤੇ ਲਿਖੀ ਗਈ ਸੀ।

ਖੁਸ਼ਾਲ ਚੰਦ — *ਤਾਰੀਖ-ਇ-ਮੁਹੰਮਦ ਸ਼ਾਹੀ ਨਾਦਿਰ-ਉਜ਼ ਜ਼ਮਾਨੀ।* ਇਸ ਨੂੰ 'ਤਾਰੀਖ-ਇ-ਬਹਾਦਰ ਸ਼ਾਹੀ' ਵੀ ਕਹਿੰਦੇ ਹਨ। ਇਹ 1161 ਹਿਜਰੀ (1748 ਈ.) ਵਿਚ ਤਿਆਰ ਹੋਈ ਸੀ। ਇਹ ਔਰੰਗਜ਼ੇਬ ਦੇ ਉੱਤਰਾਧਿਕਾਰੀਆਂ ਦਾ ਇਤਿਹਾਸ ਹੈ। ਇਹ ਬਹਾਦਰ ਸ਼ਾਹ ਤੋਂ ਸ਼ਾਹ ਜਹਾਨ ਸਾਨੀ ਦੀ ਮੌਤ ਤਕ ਦੇ ਸਮੇਂ ਸੰਬੰਧੀ ਹੈ।

ਗਣੇਸ਼ ਦਾਸ ਬਡੇਹਰਾ — *ਰਸਾਲਾ-ਇ-ਸਾਹਿਬ ਨੁਮਾ, ਤਾਰੀਖ-ਇ-ਪੰਜਾਬ* ਜਾਂ *ਚਹਾਰ ਬਾਗ਼-ਇ-ਪੰਜਾਬ।* ਇਹ ਹੱਥ-ਲਿਖਤ 1854 ਈ. ਵਿਚ ਮੁਕੰਮਲ ਹੋਈ ਸੀ। ਇਸ ਵਿਚ ਮੁੱਢਲੇ ਸਮੇਂ ਤੋਂ 1847 ਤਕ ਦਾ ਪੰਜਾਬ ਦਾ ਇਤਿਹਾਸ ਅੰਕਤ ਹੈ। 1965 ਈ. ਵਿਚ ਖਾਲਸਾ ਕਾਲਜ, ਅੰਮ੍ਰਿਤਸਰ, ਵੱਲੋਂ ਇਹ ਪੁਸਤਕ ਛਾਪੀ ਗਈ ਸੀ।

ਗੁਲਾਮ ਅਲੀ ਆਜ਼ਾਦ ਮੀਰ — *ਖਜਾਨਾ-ਇ-ਆਮਿਰਾ।* ਇਹ ਪੁਸਤਕ ਨਵਲ ਕਿਸ਼ੋਰ ਪ੍ਰੈਸ, ਕਾਨਪੁਰ ਵਿਚ 1871 ਅਤੇ 1900 ਵਿਚ ਛਪੀ ਸੀ। ਇਸ ਵਿਚ ਕਵੀਆਂ ਅਤੇ ਸਮਕਾਲੀ ਇਤਿਹਾਸਕ ਜੀਵਨੀਆਂ ਦਾ ਵਰਣਨ ਹੈ।

ਗੁਲਾਮ ਅਲੀ, ਸੱਯਦ — *ਇਮਾਦੁਸ ਸਾਦਾਤ।* ਇਹ ਪੁਸਤਕ ਨਵਰ ਕਿਸ਼ੋਰ ਪ੍ਰੈਸ, ਕਾਨਪੁਰ, ਵਿਚ 1864 ਵਿਚ ਛਪੀ ਸੀ।

ਗੁਲਾਮ ਅਲੀ ਖ਼ਾਂ — *ਸ਼ਾਹ-ਆਲਮ ਨਾਮਾ।* ਇਹ ਪੁਸਤਕ ਏਸ਼ੀਆਟਿਕ ਸੁਸਾਇਟੀ ਆਫ ਬੰਗਾਲ, ਕਲਕੱਤਾ, ਦੁਆਰਾ 1912-14 ਵਿਚ ਛਪੀ ਸੀ।

ਗੁਲਾਮ ਹੁਸੈਨ ਸਾਮੀਨ — *ਹਾਲਤ-ਇ-ਆਮਦਨ-ਇ-ਅਹਿਮਦ ਸ਼ਾਹ ਦੁੱਰਾਨੀ।* ਇਹ 1169 ਹਿਜਰੀ (1756 ਈ.) ਵਿਚ ਲਿਖੀ ਗਈ ਸੀ। ਇਸ ਵਿਚ ਅਹਿਮਦ ਸ਼ਾਹ ਦੁਰਾਨੀ ਦੇ ਹਮਲੇ ਦਾ ਅੱਖੀਂ-ਡਿੱਠਾ ਹਾਲ ਦਰਜ ਹੈ।

ਗੁਲਾਮ ਹੁਸੈਨ ਖ਼ਾਂ — *ਸੀਅਰ-ਉਲ-ਮੁਤਾਖਰੀਨ।* ਇਹ ਪੁਸਤਕ ਨਵਲ ਕਿਸ਼ੋਰ ਪ੍ਰੈਸ, ਕਾਨਪੁਰ, ਵਿਚ 1897 ਵਿਚ ਛਪੀ ਸੀ। 1706 ਤੋਂ 1782 ਈ. ਤਕ ਦੇ ਸਮੇਂ ਦੀ ਇਹ ਇਕ ਵਿਸਤਾਰ-ਪੂਰਵਕ ਤਾਰੀਖ ਹੈ ਜੋ 1785 ਈ. ਵਿਚ ਲਿਖੀ ਗਈ ਸੀ। ਰੇਮੋਂ ਅਤੇ ਬਰਿਗਜ ਨੇ ਇਸ ਪੁਸਤਕ ਦਾ ਅੰਗ੍ਰੇਜ਼ੀ ਵਿਚ ਅਨੁਵਾਦ ਕੀਤਾ ਸੀ।

ਗੋਬਿੰਦ ਸਿੰਘ (ਗੁਰੂ) — *ਜ਼ਫਰਨਾਮਾ।* ਇਹ ਬਾਦਸ਼ਾਹ ਔਰੰਗਜ਼ੇਬ ਵੱਲ ਲਿਖੀ ਗਈ ਇਕ ਚਿੱਠੀ ਹੈ ਜੋ ਦਸਮ ਗ੍ਰੰਥ ਵਿਚ ਅੰਕਤ ਹੈ।

ਗੰਡਾ ਸਿੰਘ — *ਨਾਨਕ ਪੰਥੀ।* ਇਸ ਪੁਸਤਕ ਵਿਚ ਸਤਾਰਵੀਂ ਸਦੀ ਦੇ ਸਿੱਖਾਂ ਅਤੇ ਸਿੱਖੀ ਦਾ ਹਾਲ ਦਰਜ ਹੈ। 'ਦਬਿਸਤਾਨ-ਇ-ਮਜਾਹਿਬ' ਵਿਚੋਂ ਇਸ ਦਾ ਅਨੁਵਾਦ ਅਤੇ ਵਿਆਖਿਆ ਕੀਤੀ ਗਈ ਸੀ (1939 ਈ.)।

— ਕਾਜ਼ੀ ਨੂਰ ਮੁਹੰਮਦ ਦਾ *ਜੰਗਨਾਮਾ* 1178 ਹਿਜਰੀ (1765 ਈ.) ਵਿਚ ਰਚਿਆ ਗਿਆ ਸੀ। ਇਸ ਵਿਚ ਅਹਮਿਦ ਸ਼ਾਹ ਦੁੱਰਾਨੀ ਦੇ ਸਤਵੇਂ ਹਮਲੇ ਦਾ ਹਾਲ ਦਰਜ ਹੈ। ਇਸ ਦਾ ਅੰਗ੍ਰੇਜ਼ੀ ਅਨੁਵਾਦ 1939 ਵਿਚ ਕੀਤਾ ਗਿਆ ਸੀ।

ਚਤਰਮਨ (ਰਾਏ) — *ਚਹਾਰ ਗੁਲਸ਼ਨ* ਜਿਸ ਨੂੰ ਅਖ਼ਬਾਰ-ਉਨ-ਨਵਾਦਰ ਵੀ ਕਹਿੰਦੇ ਹਨ। ਇਹ ਹੱਥ-ਲਿਖਤ 1759 ਈ. ਵਿਚ ਪੂਰੀ ਕੀਤੀ ਸੀ।

ਜਹਾਂਗੀਰ, ਨੂਰ-ਉਦ-ਦੀਨ (ਬਾਦਸ਼ਾਹ) — *ਤੁਜ਼ਕ-ਇ-ਜਹਾਂਗੀਰੀ।* ਇਹ ਨਵਲ ਕਿਸ਼ੋਰ ਪ੍ਰੈਸ, ਲਖਨਊ, ਵਿਚ ਛਪੀ ਸੀ। ਇਸ ਉਪਰ ਛਪਣ ਦੀ ਮਿਤੀ ਨਹੀਂ ਹੈ। ਇਹ ਪੁਸਤਕ ਜਹਾਂਗੀਰ ਬਾਦਸ਼ਾਹ ਦੀ ਸਵੈ-ਜੀਵਨੀ ਹੈ।

ਤਹਿਮਾਸ ਖ਼ਾਂ — *ਤਹਿਮਾਸਨਾਮਾ।* ਇਸ ਨੂੰ 'ਤਾਰੀਖ-ਇ-ਤਹਿਮਾਸ' ਵੀ ਕਹਿੰਦੇ ਹਨ। ਇਹ ਹੱਥ-ਲਿਖਤ ਹੈ, ਜੋ 1779 ਵਿਚ ਤਿਆਰ ਹੋਈ ਸੀ।
ਇਸ ਵਿਚ ਤਹਿਮਾਸ ਖ਼ਾਂ ਮਸਕੀਨ ਅਤੇ ਉਸ ਦੇ ਸਮੇਂ ਦੇ ਵ੍ਰਿਤਾਂਤ ਹਨ।

*ਤਜ਼ਕਿਰਾ-ਇ-ਖਾਨਦਾਨ-ਇ-ਰਾਜਾਹਾਇ ਫੂਲਕੀਆਂ।* ਇਹ ਹੱਥ ਲਿਖਤੀ ਰੂਪ ਵਿਚ ਹੈ। ਇਸ ਉੱਤੇ ਲਿਖਣ ਦੀ ਮਿਤੀ ਨਹੀਂ ਹੈ। ਇਹ ਫੂਲਕੀਆਂ ਰਾਜਿਆਂ ਅਤੇ ਸਰਦਾਰਾਂ ਦਾ ਇਤਿਹਾਸ ਹੈ।

*ਤਜ਼ਕਿਰਾ-ਇ-ਅਹਿਮਦ ਸ਼ਾਹ।* ਇਹ ਹੱਥ-ਲਿਖਤ ਹੈ, ਜੋ 1167 ਹਿਜਰੀ (1754 ਈ.), ਵਿਚ ਲਿਖੀ ਗਈ ਸੀ। ਇਹ ਅਹਿਮਦ ਸ਼ਾਹ ਦੇ ਰਾਜ ਦਾ ਇਤਿਹਾਸ ਹੈ।

*ਤਾਰੀਖ-ਇ-ਆਲਮਗੀਰ ਸਾਨੀ।* ਇਹ ਹੱਥ-ਲਿਖਤੀ ਰੂਪ ਵਿਚ ਹੈ ਜੋ 1174 ਹਿਜਰੀ (1761 ਈ.) ਵਿਚ ਤਿਆਰ ਹੋਈ ਸੀ। ਇਹ ਆਲਮਗੀਰ ਦੂਜੇ ਦੇ ਰਾਜ ਦਾ ਇਤਿਹਾਸ ਹੈ।

*ਤਾਰੀਖ-ਇ-ਇਮਾਦੁਲ ਮੁਲਕ ਗਾਜ਼ੀ-ਉਦ-ਦੀਨ ਖ਼ਾਂ।* ਇਹ ਹੱਥ-ਲਿਖਤੀ ਰੂਪ ਵਿਚ ਹੈ। ਇਸ ਵਿਚ ਦਿੱਲੀ ਵਿਚ ਮੁਗ਼ਲ ਰਾਜ ਦਾ ਸਮਕਾਲੀ ਵ੍ਰਿਤਾਂਤ ਹੈ ਜੋ 1167-71 ਹਿਜਰੀ (1754-58 ਈ.) ਵਿਚ ਤਿਆਰ ਕੀਤਾ ਗਿਆ ਸੀ।

ਨਿਜਾਮੁ-ਉਦ-ਦੀਨ ਇਸ਼ਰਤ *ਸ਼ਾਹਨਾਮਾ-ਇ-ਅਹਿਮਦੀਆ।* ਇਹ ਹੱਥ-ਲਿਖਤੀ ਰੂਪ ਵਿਚ ਹੈ। ਇਸ ਵਿਚ ਅਹਿਮਦ ਸ਼ਾਹ ਅਬਦਾਲੀ ਦੇ ਹਾਲਾਤ ਉਸ ਦੇ ਹੁਕਮ ਅਧੀਨ ਕਵਿਤਾ ਵਿਚ ਲਿਖੇ ਗਏ ਹਨ। ਇਹ ਪੁਸਤਕ ਅਹਿਮਦ ਸ਼ਾਹ ਦੀ ਮੌਤ ਅਤੇ ਉਸ ਦੇ ਪੁੱਤਰ ਦੀ ਗੱਦੀ-ਨਸ਼ੀਨੀ ਨਾਲ ਸਮਾਪਤ ਹੁੰਦੀ ਹੈ। ਇਹ ਪੁਸਤਕ 1186 ਹਿਜਰੀ (1772 ਈ.) ਵਿਚ ਲਿਖੀ ਗਈ ਸੀ।

ਨੂਰ ਮਹੰਮਦ (ਕਾਜੀ) *ਜੰਗਨਾਮਾ।* ਵੇਖੋ ਡਾ. ਗੰਡਾ ਸਿੰਘ।

ਨੰਦ ਲਾਲ ਗੋਇਆ (ਭਾਈ) *ਜੋਤ ਬਿਕਾਸ।* ਭਾਈ ਨੰਦ ਲਾਲ ਦੀਆਂ ਫ਼ਾਰਸੀ ਦੀਆਂ ਰਚਨਾਵਾਂ ਦਾ ਇਹ ਇਕ ਹਿੱਸਾ ਹੈ, ਜੋ ਡਾ. ਗੰਡਾ ਸਿੰਘ ਜੀ ਨੇ ਸੰਪਾਦਿਤ ਕੀਤਾ ਅਤੇ ਜਿਸ ਨੂੰ ਖਾਲਸਾ ਕਾਲਜ, ਅੰਮ੍ਰਿਤਸਰ, ਦੀ ਧਾਰਮਿਕ ਕਮੇਟੀ, ਨੇ 1949 ਵਿਚ ਛਾਪਿਆ ਸੀ।

*ਬਹਾਦੁਰ ਸ਼ਾਹ ਨਾਮਾ।* ਇਸ ਹੱਥ ਲਿਖਤ ਦਾ ਈਲੀਅਟ ਅਤੇ ਡੋਸਨ ਨੇ ਆਪਣੀ ਪੁਸਤਕ 'History of India as Told by its own Historians, ਵਿਚ ਅੰਗ੍ਰੇਜ਼ੀ ਅਨੁਵਾਦ ਕੀਤਾ ਹੈ।

ਬਖਤ ਮਲ *ਖਾਲਸਾਨਾਮਾ।* ਇਹ ਹੱਥ-ਲਿਖਤ 1810-14 ਵਿਚ ਤਿਆਰ ਕੀਤੀ ਗਈ ਸੀ। ਇਹ ਸਿੱਖਾਂ ਦਾ ਇਤਿਹਾਸ ਹੈ, ਜੋ ਕੈਥਲ ਦੇ ਭਾਈ ਲਾਲ ਸਿੰਘ ਦੀ ਸਰਪ੍ਰਸਤੀ ਹੇਠ ਲਿਖਿਆ ਗਿਆ ਸੀ। ਮੈਲਕਮ ਨੇ ਆਪਣੀ ਪੁਸਤਕ *Sketch of the Sikhs* ਲਈ ਇਸ ਪੁਸਤਕ ਨੂੰ ਆਪਣਾ ਆਧਾਰ ਬਣਾਇਆ ਸੀ।

ਬਾਬਰ, ਜਹੀਰ-ਉਦ ਮੁਹੰਮਦ *ਤੋਜ਼ਕ-ਇ-ਬਾਬਰੀ।* ਇਹ ਬਾਬਰ ਦੀ ਸਰਗੁਜਸ਼ਤ ਹੈ ਜਿਸ ਦਾ ਲੇਡਨ ਦੀਨ ਅਤੇ ਅਰਸਕਿਨ, ਨੇ 1921 ਈ. ਵਿਚ ਅੰਗ੍ਰੇਜ਼ੀ ਵਿਚ ਅਨੁਵਾਦ ਕੀਤਾ ਸੀ।

ਬੀਲ, ਟੀ. ਡਵਲਯੂ. ਮੁਨਸ਼ੀ ਦਾਨਸ਼ਵਰ *ਮਿਫ਼ਤਾਹ-ਉਤ-ਤਵਾਰੀਖ।* ਇਹ ਪੁਸਤਕ ਕਾਨਪੁਰ ਵਿਚ 1867-68 ਅਤੇ ਵਿਚ ਨਵਲ ਕਿਸ਼ੋਰ ਪ੍ਰੈਸ ਵਿਖੇ ਛਪੀ ਸੀ।

ਬੁਧ ਸਿੰਘ ਅਰੋੜਾ *ਰਸਾਲਾ-ਇ-ਨਾਨਕ ਸ਼ਾਹ।* ਇਹ ਹੱਥ-ਲਿਖਤ 1178 ਹਿਜਰੀ (1765 ਈ.) ਵਿਚ ਲਿਖੀ ਗਈ ਸੀ। ਇਸ ਵਿਚ ਸਿੱਖਾਂ ਦੇ ਮੁੱਢ ਤੋਂ ਲੈ ਕੇ 1178 ਹਿਜਰੀ ਤਕ ਦੇ ਹਾਲਾਤ ਦਿੱਤੇ ਹੋਏ ਹਨ।

ਬੂਟੇ ਸ਼ਾਹ (ਗੁਲਾਮ ਮੁਹੱਈ-ਉਦ-ਦੀਨ) *ਤਵਾਰੀਖ-ਇ-ਪੰਜਾਬ।* ਇਹ ਹੱਥ-ਲਿਖਤ 1848 ਈ. ਵਿਚ ਤਿਆਰ ਹੋਈ ਸੀ। ਇਹ ਸਿੱਖਾਂ ਦਾ ਵਿਸਤਾਰ-ਪੂਰਵਕ ਇਤਿਹਾਸ ਹੈ ਜੋ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤਕ ਦੇ ਸਮੇਂ ਤਕ ਦਾ ਹੈ।

ਮੁਹੰਮਦ ਅਸਲਮ ਬਿਨ ਹਾਵਿਜ਼ *ਫਰਹਤ-ਉਨ-ਨਾਜ਼ਰੀਨ।* ਇਹ ਹੱਥ-ਲਿਖਤ ਹੈ, ਜੋ 1184 ਹਿਜਰੀ ਮੁਹੰਮਦ (1772 ਈ.) ਨੂੰ ਸੰਪੂਰਨ ਹੋਈ ਸੀ। ਇਹ ਭਾਰਤ ਦਾ ਆਮ ਇਤਿਹਾਸ ਹੈ।

ਮੁਹੰਮਦ ਅਲੀ ਅਨਸਾਰੀ *ਤਾਰੀਖ-ਇ-ਮੁਜ਼ੱਫਰੀ।* ਇਹ ਹੱਥ-ਲਿਖਤ ਰੂਪ ਵਿਚ ਹੈ ਜੋ 1225 ਹਿਜਰੀ (1850 ਈ.), ਨੂੰ ਤਿਆਰ ਹੋਈ ਸੀ। ਇਸ ਵਿਚ ਤਿਮੂਰ ਖ਼ਾਨਦਾਨ ਦਾ ਬਾਬਰ ਤੋਂ ਅਕਬਰ ਸ਼ਾਹ ਦੂਜਾ ਤਕ ਦਾ ਹਾਲ ਲਿਖਿਆ ਗਿਆ ਹੈ।

— *ਬਹਿਰ-ਉਲ-ਮਾਵਾਜ।* ਇਹ ਹੱਥ ਲਿਖਤ ਹੈ। ਇਹ ਭਾਰਤ ਵਿਚ ਵਸਦੇ ਮੁਸਲਮਾਨਾਂ ਦਾ ਇਤਿਹਾਸ ਹੈ ਜੋ ਬਾਦਸ਼ਾਹ ਮੁਹੰਮਦ ਸ਼ਾਹ ਦੀ ਮੌਤ ਤਕ ਲਿਖਿਆ ਗਿਆ ਹੈ।

| | |
|---|---|
| ਮੁੰਹਮਦ ਸ਼ਫੀ ਵਾਰਿਦ | *ਮਿਰਾਤ-ਇ-ਵਾਰਦਾਤ।* ਇਹ ਪੁਸਤਕ ਹੱਥ-ਲਿਖਤ ਰੂਪ ਵਿਚ ਹੈ ਜੋ 1148 ਹਿਜਰੀ (1736 ਈ.) ਵਿਚ ਮੁਕੰਮਲ ਹੋਈ ਸੀ। ਇਸ ਵਿਚ ਮੁਗ਼ਲਾਂ ਦਾ ਇਤਿਹਾਸ ਹੈ ਜੋ ਮੁਹੰਮਦ ਸ਼ਾਹ ਦੇ ਸਮੇਂ ਤਕ ਦਾ ਹੈ। |
| ਮੁੰਹਮਦ ਸਲਹ ਕੁਦਰਤ | *ਤਾਰੀਖ-ਇ-ਅਲੀ।* ਇਸ ਹੱਥ-ਲਿਖਤ ਵਿਚ ਔਰੰਗਜੇਬ ਦੇ ਉੱਤਰਾਧਿਕਾਰੀਆਂ ਦਾ ਹਾਲ ਹੈ ਜੋ ਸ਼ਾਹ ਆਲਮ ਦੂਜੇ ਤਕ ਜਾਂਦਾ ਹੈ (1760 ਈ. ਤਕ)। |
| ਮੁਹੰਮਦ ਸਾਕੀ ਮੁਸਤਦ ਖ਼ਾਂ | *ਮੁਆਸਰ-ਇ-ਆਲਮਗੀਰੀ।* ਇਹ ਹੱਥ-ਲਿਖਤ 1122 ਹਿਜਰੀ (1710 ਈ.) ਵਿਚ ਸੰਪੂਰਨ ਹੋਈ ਸੀ। ਇਸ ਵਿਚ ਔਰੰਗਜੇਬ ਦੇ ਸਮੇਂ ਦੇ ਹਾਲਾਤ ਦਰਜ ਹਨ। |
| ਮੁਹੰਮਦ ਹਰੀਸੀ ਮਿਰਜਾ | *ਇਬਰਤਨਾਮਾ।* ਇਹ ਪੁਸਤਕ ਹੱਥ-ਲਿਖਤੀ ਰੂਪ ਵਿਚ ਹੈ ਜੋ 1131 ਹਿਜਰੀ (1719 ਈ.) ਵਿਚ ਸੰਪੂਰਨ ਹੋਈ ਸੀ। ਇਸ ਵਿਚ ਔਰੰਗਜੇਬ ਦੇ ਉੱਤਰਾਧਿਕਾਰੀਆਂ ਦਾ ਹਾਲ ਬਹਾਦਰ ਸ਼ਾਹ ਤੋਂ ਲੈ ਕੇ ਮੁਹੰਮਦ ਸ਼ਾਹ ਤਕ ਹੈ। |
| ਮੁਹੰਮਦ ਯੂਸਫ ਗਰਦੇਜ਼ੀ | *ਹਾਲਾਤ-ਇ-ਮੁਲਤਾਨ।* ਹੱਥ-ਲਿਖਤ ਹੈ। |
| ਮਰਤਜਾ ਹੁਸੈਨ ਅਲਾ | *ਹਕੀਕਤ ਉਲ ਅਕਲੀਮ।* ਇਹ ਪੁਸਤਕ 1879 ਵਿਚ ਛਪੀ। |
| ਯਾਰ ਉਸਮਾਨੀ ਬਲਗਰਾਮੀ | ਇਹ ਭਾਰਤ ਵਿਚ ਮੁਸਲਮਾਨਾਂ ਦਾ ਇਤਿਹਾਸ ਹੈ। |
| ਮੋਹਸਿਨ ਫ਼ਾਨੀ | *ਦਬਿਸਤਾਨ-ਇ-ਮਜ਼ਾਹਿਬ।* ਇਹ ਪੁਸਤਕ 1055 ਹਿਜਰੀ (1645 ਈ.) ਨੂੰ ਤਿਆਰ ਹੋਈ ਅਤੇ 1904 ਵਿਚ ਨਵਲ ਕਿਸ਼ੋਰ ਪ੍ਰੈਸ, ਕਾਨਪੁਰ, ਵਿਚ ਛਪੀ। ਇਸ ਵਿਚ ਉਸ ਵੇਲੇ ਦੇ ਭਾਰਤ ਵਿਚ ਪ੍ਰਚਲਿਤ ਮੁੱਖ ਧਰਮਾਂ ਦਾ ਸੰਖੇਪ ਹਾਲ ਹੈ। ਇਸ ਪੁਸਤਕ ਦਾ ਲੇਖਕ ਛੇਵੇਂ ਗੁਰੂ ਦਾ ਸਮਕਾਲੀ ਸੀ ਜਿਨ੍ਹਾਂ ਨਾਲ ਉਸ ਦੀ ਖਤੋ-ਕਿਤਾਬਤ ਸੀ। ਇਸ ਦੇ ਸਿੱਖਾਂ ਨਾਲ ਸੰਬੰਧਿਤ ਹਿੱਸੇ ਦਾ ਡਾ. ਗੰਡਾ ਸਿੰਘ ਨੇ ਅੰਗ੍ਰੇਜ਼ੀ ਵਿਚ ਅਨੁਵਾਦ ਕੀਤਾ ਹੋਇਆ ਹੈ ਤੇ ਲੋੜੀਂਦੀਆਂ ਥਾਵਾਂ ਤੇ ਵਿਆਖਿਆ ਕੀਤੀ ਹੈ। ਡੇਵਡ ਸ਼ੀਆ ਅਤੇ ਐਨਟਨੀ ਟਰੋਇਰ ਦਾ ਕੀਤਾ ਅਨੁਵਾਦ ਵੀ ਮਿਲਦਾ ਹੈ ਜੋ 1843 ਵਿਚ ਲੰਡਨ ਵਿਚ ਛਪਿਆ ਸੀ। ਇਹ ਅਨੁਵਾਦ ਭਰੋਸੇਯੋਗ ਨਹੀਂ ਹੈ। |

## ਉਰਦੂ

| | |
|---|---|
| ਸਰੂਪ ਲਾਲ | *ਤਾਰੀਖ-ਇ-ਸਿੱਖਾਂ ਵਾ ਦਸਤੂਰ ਉਲ ਅਮਲ।* ਇਹ ਪੁਸਤਕ ਹੱਥ-ਲਿਖਤ ਰੂਪ ਵਿਚ ਹੈ ਜੋ 1855 ਵਿਚ ਲਿਖੀ ਗਈ ਸੀ। |
| ਸਾਦਕ ਅਲੀ ਖ਼ਾਂ | *ਸਰਮਾਇਆ-ਇ-ਇਸ਼ਰਤ, ਕਾਨੂੰਨ-ਇ-ਮੌਸੀਕੀ।* ਇਹ ਪੁਸਤਕ 1874 ਵਿਚ ਛਪੀ ਸੀ। |
| ਹਰਗੋਪਾਲ ਕੌਲ | *ਗੁਲਦਸਤਾ-ਇ-ਕਸ਼ਮੀਰ।* ਇਹ ਪੁਸਤਕ ਲਾਹੌਰ, ਵਿਚ 1883 ਵਿਚ ਛਪੀ ਸੀ। |
| ਹੁਕਮ ਚੰਦ | *ਤਾਰੀਖ-ਇ-ਜਿਲਾ-ਇ-ਮੁਲਤਾਨ।* ਇਹ ਪੁਸਤਕ ਲਾਹੌਰ ਵਿਚ 1884 ਵਿਚ ਛਪੀ ਸੀ। |
| ਕਨ੍ਹਈਆ ਲਾਲ, ਰਾਏ ਬਹਾਦਰ | *ਤਾਰੀਖ-ਇ-ਪੰਜਾਬ।* ਇਹ ਪੁਸਤਕ 1881 ਵਿਚ ਲਾਹੌਰ ਵਿਚ ਛਪੀ ਸੀ। |

| | |
|---|---|
| ਗ਼ੁਲਾਮ ਸਰਵਰ, | *ਤਾਰਖੀ-ਇ-ਮੇਖਜ਼ਨ-ਇ-ਪੰਜਾਬ।* ਇਹ ਪੁਸਤਕ 1877 ਵਿਚ ਮੁਫ਼ਤੀ, ਲਾਹੌਰੀ ਨਵਲ ਕਿਸ਼ੋਰ ਪ੍ਰੈਸ, ਵਿਚ ਛਪੀ ਸੀ। |
| *ਚਹਾਰਮੀਆਂ* | ਜਾਂ *ਮੁਕੱਦਮਾ-ਇ-ਚਹਾਰਮੀਆਂ ਸਰਕਾਰ ਪਟਿਆਲਾ।* ਇਸ ਹੱਥ-ਲਿਖਤ ਵਿਚ ਦਰਿਆ ਸਤਲੁਜ ਦੇ ਦੱਖਣ ਵੱਲ ਦੇ ਸਿੱਖ ਸਰਦਾਰਾਂ ਦੇ ਇਲਾਕਿਆਂ ਸੰਬੰਧੀ ਬਿਰਤਾਂਤ ਹੈ। |
| ਮੁਹੰਮਦ ਹਸਨ ਖ਼ਾਂ, ਖਲੀਫਾ, ਸਯਦ | *ਤਾਰੀਖ-ਇ-ਪਟਿਆਲਾ।* ਇਹ ਪੁਸਤਕ ਅੰਮ੍ਰਿਤਸਰ ਵਿਚ 1878 ਵਿਚ ਛਪੀ ਸੀ। |
| ਰਾਮਜਸ | *ਤਵਾਰੀਖ-ਇ-ਕਪੂਰਥਲਾ।* ਇਹ ਪੁਸਤਕ ਲਾਹੌਰ ਵਿਚ 1897 ਵਿਚ ਛਪੀ ਸੀ। |


## ENGLISH


| | |
|---|---|
| Attar Singh, Sardar | : *Sakhi Book*, Benares, 1873. |
| — | : *Travels of Guru Tegh Bahadur and Guru Govind Singh,* Allahabad, 1876. The Punjabi manuscript of it is preserved in the Research Department of Khalsa College, Amritsar. |
| Banerjee, Indubhusan | : *The Evolution of the Khalsa,* 2 volumes, Calcutta, 1936 and 1947. |
| — | : *Sikh Masands,* Calcutta Review, April, 1935. |
| Briggs, G. W. | : *Gorakhnath and Kanphata Yogis.* |
| Briggs, John | : *Siyar-ul-Mutaakhirin,* translated by, London, 1832, Allahabad, 1924. |
| Browne, James | : *History of the Origin and Progress of the Sikhs,* London, 1788 (*India Tracts*). |
| Burnes, Alexander | : *Travels into Bukhara,* London, 1834. |
| Cunningham, Joseph Davy | : *A History of the Sikhs,* London, 1849. |
| Cust, R.N. | : *Linguistic and Oriental Essays,* 7 series written from 1840 to 1903, London. |
| Elliot, H. M. and | : *History of India as Told by Its Own Historians,* Downson, J. London, 1867-77, in 8 volumes. |
| Elphinstone, M. | : *History of India,* Hindu and Mohammedan periods, London, 1874. |
| Forster, G. | : *A Journey from Bengal to England,* popularly called *Travels*, London, 1798. |
| Francklin, W. | : *The History of the Reign of Shah Allum,* London, 1798. |
| Ganda Singh | : *Life of Banda Singh Bahadur,* Amritsar, 1935. |
| — | : *Nanakpanthis,* an account of the Sikhs and Sikhism of the 17th century as given in Mohsin Fani's *Dabistan,* Amritsar, 1940. |
| *Gazetteer of India* | : Imperial, Provincial Volume, *Panjab,* 1888-89. |
| *Gazetteer District* | : Amritsar (1883), Phulkian States (1904) Sialkot (1894-95). |
| Griffin, L. | : *Rajas of the Panjab,* London, 1870. |
| *History of the Panjab,* | Allen & Co., London, 1846. |

*History of the Sikhs,* Calcutta, 1846.

Inayat Ali Khan : *A Description of the Principal Kotla Afghans,* Lahore, 1882

Irvine, W. : *Later Mughals,* Calcutta, London, 1922.

Latif, Sayyed Mohammed : *History of the Panjab,* Calcutta, 1891.

Macauliffe, M. A. : *The Sikh Religion, Its Gurus, Sacred Writings and Authors,* 6 volumes, Oxford, 1909.

Malcolm, John : *Sketch of the Sikhs,* London, 1812.

Mill, James : *History of India,* 10 volumes, London, 1848.

Narang, G. C. : *Transformation of Sikhism,* Lahore, revised and enlarged, 1945.

Neville, H. R. : *Muazffarnagar,* volume 3 of the District Gazetteer of the U.P., Allahabad, 1903.

Orme, R. : *Fragment.*

Payne, C.H. : *A Short History of the Sikhs,* London.

— : *Jahangir and the Jesuits,* London, 1930.

Prinsep, H.T. : *Ranjit Singh,* Calcutta, 1834.

Purser, W.E. : *Final Report of the Revised Settlement of the Jullundur District,* Lahore, 1892.

Qanungo, K. R. : *History of the Jats,* Calcutta, 1925.

Rose, H. H. Edited by : *A Glossary of the Castes and Tribes of the Panjab,* etc., 3 volumes, London, 1919.

Sarkar, Sir Jadu Nath : *History of Aurangzeb,* 5 vols., Calcutta, 1916.

— : *Fall of the Mughal Empire,* 3 vols.

— : *Delhi Chronicle,* 1738-1798, translated from Persian.

Sewaram Singh : *The Divine Master,* Life of Guru Nanak, Lahore, 1930.

Sharma, Sri Ram : *Religious Policy of the Mughal Emperors.*

Singh, G.B. : *Sikh Relics in Eastern Bengal,* Dacca Review, 1915-16, and Sikh Review, 1915.

Smith, Vincent, A. : *Akbar,* London.

Teja Singh : *Growth of Responsibility in Sikhism,* 1942.

— : *Gurdwara Reform Movement,* 1922.

— : *Sikhism, Its Ideals and Institutions,* Longmans, 1937.

*Psalm of Peace,* or Guru Arjun's *Sukhmani,* Oxford University Press, 1937.

— : *Japji,* or Guru Nanak's Meditations, 1930.

— : *Asa-di-var,* an Ode of Guru Nanak in the *Asa* measure, 1924.

Vaswani, T.L. : *In the Sikh Sanctuary,* Madras, 1922.

Wheeler, J.T. : *Early Records of British India,* London, 1878.

Williams, G. R.C. : *The Sikhs in the Upper Doab,* Calcutta Review, vols. lx and lxi.

Wilson, C.R. : *The Early Annals of the English in Bengal,* Calcutta, 1900.

Wilson, H.H. : *Asiatic Researches,* vol. xvii.